ਆਤਮ ਮਾਰਗ ਪ੍ਰਕਾਸ਼ਨ

# ਸੰਤ ਤੁਮਾਰੇ ਤੁਮਰੇ ਪ੍ਰੀਤਮ



ਪਹਿਲੀ ਵਾਰ - ਨਵੰਬਰ 2002 - 2000

ਲੇਖਕ - ਪ੍ਰੋ. ਗੁਰਦੇਵ ਸਿੰਘ

ਪ੍ਰਕਾਸ਼ਕ - ਭਾਈ ਸਾਹਿਬ ਲਖਬੀਰ ਸਿੰਘ ਜੀ,
ਚੇਅਰਮੈਨ
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ, ਚੈਰੀਟੇਬਲ ਟਰੱਸਟ
ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ,
ਤਹਿਸੀਲ - ਖਰੜ, ਜ਼ਿਲਾ-ਰੋਪੜ (ਪੰਜਾਬ)

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

ਭੇਟਾ - ਪ੍ਰਤੀ ਕਾਪੀ 50/-

STD - 01888-255002, 255009
Local - 918-255002, 255009

# ਦੋ ਲਫਜ਼

ਮਹਾਂਪੁਰਖ ਸੰਸਾਰ ਦੇ ਭਲੇ ਲਈ, ਇਸ ਸੰਸਾਰ ਤੇ ਮਨੁੱਖੀ ਜਾਮਾ ਧਾਰ ਕੇ ਆਇਆ ਕਰਦੇ ਹਨ। ਧਾਰਮਿਕ ਕੋਸ਼ਾਂ ਵਿਚ ਪੁਰਖ ਦੇ ਅਰਥ ਹਨ ਜੋ ਮਨੁੱਖ ਆਪਣੇ ਲਈ, ਆਪਣੇ ਪਰਿਵਾਰ ਲਈ, ਆਪਣੇ ਰਿਸ਼ਤੇਦਾਰਾਂ ਲਈ ਸੋਚਦਾ ਹੈ। ਮਹਾਂਪੁਰਖ ਬਿਨਾਂ ਕਿਸੇ ਜਾਤ ਵਰਨ ਭੇਦ ਦੇ ਮਨੁੱਖਤਾ ਦੇ ਭਲੇ ਲਈ ਸੋਚਿਆ ਕਰਦੇ ਹਨ। ਉਨ੍ਹਾਂ ਦਾ ਜੀਵਨ, ਜੀਵ ਮਾਤਰ ਦੀ ਭਲਾਈ ਲਈ ਸਮਰਪਿਤ ਹੋਇਆ ਕਰਦਾ ਹੈ। ਉਹ –

***ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ॥***
***ਪੰਨਾ – 816***

ਅਜਿਹੀਆਂ ਸ਼ਖਸ਼ੀਅਤਾਂ ਦਾ ਇਸ ਮਾਤ ਲੋਕ ਤੇ ਆਗਮਨ ਵੀ ਹੁੰਦਾ ਹੈ, ਉਹ ਇਸ ਸੰਸਾਰ ਵਿਚ ਦੁਨੀਆਂਦਾਰਾਂ ਵਾਂਗ ਵਿਚਰਦੀਆਂ ਵੀ ਹਨ, ਇਸ ਮਾਤ ਲੋਕ ਤੋਂ ਰੁਖਸਤ ਵੀ ਹੋ ਜਾਇਆ ਕਰਦੀਆਂ ਹਨ ਪਰ ਉਨ੍ਹਾਂ ਦੇ ਜੀਵਨ ਦਾ ਇਕ ਖਾਸ ਮਨੋਰਥ ਹੋਇਆ ਕਰਦਾ ਹੈ – ਆਮ ਦੁਨੀਆਂਦਾਰਾਂ ਤੋਂ ਵੱਖਰਾ –

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥***
***ਜੀਅ ਦਾਨੁ ਦੇ ਭਗਤੀ ਲਾਇਨਿ***
***ਹਰਿ ਸਿਉ ਲੈਨਿ ਮਿਲਾਏ॥***

***ਪੰਨਾ – 749***

ਆਮ ਮਨੁੱਖ ਤਾਂ ਆਪਣੇ ਦੁਨੀਆਦਾਰੀ ਦੇ ਧੰਧਿਆਂ ਵਿਚ ਹੀ ਉਲਝਿਆ ਹੋਇਆ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਜਿਹੇ ਵਿਕਾਰਾਂ ਵਿਚ ਗ੍ਰਸਿਆ ਰਹਿੰਦਾ ਹੈ।

***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ***
***ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥***
***ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ***
***ਕੋਇ ਨ ਸੁਣੈ ਪੂਕਾਰਾ॥***

***ਪੰਨਾ – 600***

ਪਰ ਮਹਾਂਪੁਰਖ ਇਨ੍ਹਾਂ ਸੰਸਾਰੀ ਜੀਵਾਂ ਦੇ ਉਧਾਰ ਲਈ ਹੀ ਸੰਸਾਰ ਤੇ ਆਇਆ ਕਰਦੇ ਹਨ। ਇਨ੍ਹਾਂ ਵਿਕਾਰਾਂ ਤੋਂ ਨਿਜਾਤ, ਸਤਿ ਪੁਰਸ਼ ਹੀ ਦਿਲਵਾ ਸਕਦੇ ਹਨ।

***ਜਿਉ ਜਲ ਦੁਧ ਭਿੰਨ ਭਿੰਨ ਕਾਢੈ ਚੁਣਿ ਹੰਸੁਲਾ॥***
***ਤਿਉ ਦੇਹੀ ਤੇ ਚੁਣਿ ਕਾਢੈ ਸਾਧੂ ਹਉਮੈ ਤਾਤਿ॥***
***ਪੰਨਾ – 1264***

ਅਜਿਹੇ ਮਹਾਂਪੁਰਖਾਂ ਵਿਚੋਂ ਹੀ ਇਕ ਮਹਾਂਪੁਰਖ ਹੋਏ ਹਨ – ਪਰਮ ਪੂਜਯ ਸਤਿਕਾਰਯੋਗ ਸੰਤ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲੇ,

ਜਿਨ੍ਹਾਂ ਦੇ ਜੀਵਨ ਸਬੰਧੀ ਲਿਖਣ ਦਾ ਉਪਰਾਲਾ ਕੀਤਾ ਹੈ – ਪ੍ਰੋ. ਗੁਰਦੇਵ ਸਿੰਘ ਜੀ ਨੇ। ਮਹਾਂਪੁਰਖਾਂ ਦਾ ਸਾਰਾ ਜੀਵਨ ਹੀ ਤਪ, ਸਾਧਨਾ, ਧਰਮ ਕਰਮ ਅਤੇ ਪਰਉਪਕਾਰ ਵਾਲਾ ਜੀਵਨ ਰਿਹਾ ਹੈ। ਇਕ ਇਕ ਪਲ ਉਨ੍ਹਾਂ ਨੇ ਸਿਮਰਨ, ਸਾਧਨਾ ਅਤੇ ਮਨੁਖਤਾ ਦੇ ਭਲੇ ਲਈ ਲਾਇਆ ਹੈ। ਉਨ੍ਹਾਂ ਆਪ ਨਾਮ ਜਪਿਆ ਹੈ ਅਤੇ ਜਪਾਇਆ ਹੈ। ਗੁਰੂ-ਮਤਿ ਗਾਡੀ ਰਾਹ ਛੱਡ ਚੁਕੇ ਭੁਲੇ ਭਟਕਿਆਂ ਨੂੰ ਗੁਰੂ-ਮਤਿ ਦਾ ਮਹਾਤਮ ਦੱਸ ਕੇ ਮੁੜ ਨਾਮ ਬਾਣੀ ਨਾਲ ਜੋੜਿਆ ਹੈ। ਉਨ੍ਹਾਂ ਦੱਸਿਆ ਕਿ –

***ਗੁਰ ਕੀ ਮਤਿ ਤੂੰ ਲੇਹਿ ਇਆਨੇ॥***
***ਭਗਤਿ ਬਿਨਾ ਬਹੁ ਡੂਬੈ ਸਿਆਨੇ॥***

***ਪੰਨਾ – 288***

ਮਹਾਂਪੁਰਖਾਂ ਦਾ ਜੀਵਨ ਬੜਾ ਉਚਾ ਸੁੱਚਾ ਅਤੇ ਦੂਸਰਿਆਂ ਲਈ ਪ੍ਰੇਰਨਾਦਾਇਕ ਸੀ।

***ਮਹਾਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ॥***
***ਓਇ ਅੰਮ੍ਰਿਤ ਭਰੇ ਭਰਪੂਰ ਹਹਿ ਓਨਾ ਤਿਲੁ ਨ ਤਮਾਇ॥***
***ਗੁਣਕਾਰੀ ਗੁਣ ਸੰਘਰੈ ਉਪਦੇਸੇਨਿ॥***
***ਸੇ ਵਡਭਾਗੀ ਜਿ ਓਨਾ ਮਿਲਿ***
***ਰਹੇ ਅਨਦਿਨੁ ਨਾਮੁ ਲਏਨਿ॥***

***ਪੰਨਾ – 755***

ਪ੍ਰੋ. ਗੁਰਦੇਵ ਸਿੰਘ ਜੀ, ਆਪ ਮਹਾਂਪੁਰਖਾਂ ਦੀ ਸੰਗਤ ਕਰਦਿਆਂ ਉਨ੍ਹਾਂ ਦੇ ਰੰਗ ਵਿਚ ਹੀ ਰੰਗੇ ਹੋਏ ਹਨ। ਮਨ, ਤਨ, ਆਤਮਾ ਤੇ ਇਸ ਰੱਬੀ ਰੰਗਤ ਦਾ ਮਜੀਠੀ ਰੰਗ ਚੜ੍ਹਿਆ ਹੋਇਆ ਹੈ। ਅਜਿਹਾ ਸਭ ਕੁਝ ਭਲੀ ਭਾਂਤ ਮਹਿਸੂਸ ਹੋਣ ਲਗਦਾ ਹੈ ਜਦੋਂ ਅਸੀਂ ਸਤਿਕਾਰਯੋਗ ਪਰਮ ਪੂਜਯ ਸੰਤ ਵਰਿਆਮ ਸਿੰਘ ਜੀ ਦੇ ਜੀਵਨ ਬਾਰੇ ਪ੍ਰੋਫ਼ੈਸਰ ਸਾਹਿਬ ਦੀ ਲਿਖਤ **'ਸੰਤ ਤੁਮਾਰੇ ਤੁਮਰੇ ਪ੍ਰੀਤਮ'** ਪੜ੍ਹਦੇ ਹਾਂ। ਬਚਪਨ ਤੋਂ ਹੀ ਮਹਾਂਪੁਰਖਾਂ ਦਾ ਜੀਵਨ ਸਾਦਗੀ ਭਰਪੂਰ ਵੀ ਸੀ ਅਤੇ ਘੋਰ ਤਪੱਸਿਆ ਵਾਲਾ ਵੀ। ਜਿਵੇਂ ਜਿਵੇਂ ਇਸ ਲਿਖਤ ਵਿਚ ਅਸੀਂ ਮਹਾਂਪੁਰਖਾਂ ਦੇ ਜੀਵਨ ਬਾਰੇ ਪੜ੍ਹਦੇ ਹਾਂ, ਨਾਲ ਨਾਲ ਹੀ ਗੁਰਮਤਿ ਦੀ ਵੀ ਭਰਪੂਰ ਜਾਣਕਾਰੀ ਮਿਲਦੀ ਹੈ। ਇਹ ਆਪਣੀ ਲਿਖਤ ਵਿਚ, ਜੇ ਮਹਾਂਪੁਰਖਾਂ ਦੇ ਜੀਵਨ ਨਾਲ ਸਬੰਧਤ ਇਕ ਘਟਨਾ ਦਾ ਜ਼ਿਕਰ ਕਰਦੇ ਹਨ ਤਾਂ ਉਸ ਲਈ ਅਨੇਕਾਂ ਪ੍ਰਮਾਣ ਉਨ੍ਹਾਂ ਕੋਲ ਗੁਰਬਾਣੀ ਵਿਚੋਂ ਹਨ ਜਿਸ ਨਾਲ ਪਾਠਕ ਜਿਥੇ ਮਹਾਂਪੁਰਖਾਂ ਦੀ ਨਿੱਜੀ ਜ਼ਿੰਦਗੀ ਸਬੰਧੀ ਜਾਣਕਾਰੀ ਪ੍ਰਾਪਤ ਕਰਦੇ ਹਨ, ਉਥੇ ਉਨ੍ਹਾਂ ਨੂੰ ਗੁਰਮਤਿ ਦੀ ਵੀ ਭਰਪੂਰ ਜਾਣਕਾਰੀ ਮਿਲਦੀ ਹੈ। ਇਸ ਦੇ ਨਾਲ ਨਾਲ ਗੁਰਬਾਣੀ ਵਿਚੋਂ ਦਿਤੇ ਤੁਕਾਂ ਦੇ ਪ੍ਰਮਾਣ ਵੀ ਗੁਰਮਤਿ ਗਾਡੀ ਰਾਹ ਦੇ ਪਾਂਧੀਆਂ ਲਈ ਬਹੁਤ ਲਾਹੇਵੰਦ ਹਨ।

ਪ੍ਰੋ. ਗੁਰਦੇਵ ਸਿੰਘ ਹੁਰਾਂ, ਆਮ ਤੌਰ ਤੇ ਧਾਰਮਿਕ ਸਖਸ਼ੀਅਤਾਂ ਦੀਆਂ

ਲਿਖੀਆਂ ਜਾਂਦੀਆਂ ਜੀਵਨੀਆਂ ਤੋਂ ਵੱਖਰੀ ਵਿਧਾ ਅਪਣਾਈ ਹੈ। ਸ਼ਰਧਾ ਦਾ ਪੱਲੂ ਫੜੀ ਰੱਖਦਿਆਂ ਵੀ ਉਨ੍ਹਾਂ ਨੇ ਯਥਾਰਥ ਦੀ ਕੰਨੀ ਹੱਥੋਂ ਛੁਟਣ ਨਹੀਂ ਦਿਤੀ। ਹਰ ਘਟਨਾ ਨੂੰ, ਹਰ ਵਾਕਿਆ ਨੂੰ ਨਾਲ ਨਾਲ ਹੀ ਗੁਰਬਾਣੀ ਦੀ ਕਸਵੱਟੀ ਤੇ ਪਰਖਦਿਆਂ ਪਾਠਕਾਂ ਦੇ ਅੰਤਹਕਰਣ ਵਿਚ ਡੂੰਘੀ ਛਾਪ ਛੱਡਣ ਵਿਚ ਕਾਮਯਾਬ ਹੋਏ ਹਨ। ਮਹਾਂਪੁਰਖਾਂ ਦੇ ਜੀਵਨ ਸਬੰਧੀ ਵਾਕਿਆਤਾਂ ਦੇ ਨਾਲ ਗੁਰਬਾਣੀ ਦੇ ਪ੍ਰਮਾਣ ਦੇ ਕੇ ਇਨ੍ਹਾਂ ਨੇ ਬਹੁਤ ਹੀ ਨਵੇਕਲੀ, ਭਾਵਪੂਰਤ ਅਤੇ ਪ੍ਰੇਰਨਾਦਾਇਕ ਵਿਧੀ ਅਪਣਾਈ ਹੈ।

ਇਹ ਸਭ ਮਹਾਂਪੁਰਖਾਂ ਦੀ ਸੰਗਤ ਦਾ ਫਲ ਹੈ ਕਿ ਉਨ੍ਹਾਂ ਦੀ ਲਿਖਤ ਦੀ ਸ਼ੈਲੀ ਬੜੀ ਸਰਲ, ਰਵਾਨੀ ਭਰਪੂਰ ਅਤੇ ਹਰ ਆਦਮੀ ਦੇ ਸਮਝ ਆਉਣ ਵਾਲੀ ਹੈ। ਜਟਿਲ ਹੋਣਾ ਸੌਖਾ ਹੈ ਪਰ ਸਰਲ ਹੋਣਾ ਔਖਾ ਹੈ। ਆਪਣੇ ਆਪ ਨੂੰ ਗਿਆਨੀ ਸਮਝਣ ਵਾਲੇ ਔਖੀ ਭਾਸ਼ਾ ਵਰਤਦਿਆਂ ਜਟਿਲਤਾ ਦਾ ਪ੍ਰਭਾਵ ਸਿਰਜਦੇ ਹਨ ਜਦੋਂ ਕਿ ਅਸਲ ਗਿਆਨੀ ਪੁਰਸ਼ ਹਮੇਸ਼ਾ ਸਰਲ ਹੋਇਆ ਕਰਦੇ ਹਨ। ਗਿਆਨੀ ਹੋਣਾ, ਫਿਰ ਸਰਲ ਹੋਣਾ ਇਹ ਹਰ ਇਕ ਦੇ ਹਿੱਸੇ ਨਹੀਂ ਆਉਂਦਾ। ਪ੍ਰੋਫੈਸਰ ਗੁਰਦੇਵ ਸਿੰਘ ਜੀ ਖੁਸ਼ਨਸੀਬ ਹਨ ਕਿ ਉਨ੍ਹਾਂ ਨੇ ਮਹਾਂਪੁਰਖਾਂ ਦੀ ਸੰਗਤ ਦਾ ਅਨੰਦ ਮਾਣਿਆ ਹੈ ਜਿਸ ਦਾ ਅਸਰ ਉਨ੍ਹਾਂ ਦੀ ਲਿਖਤ 'ਚੋਂ ਸਪਸ਼ਟ ਵਿਖਾਈ ਦਿੰਦਾ ਹੈ।

***ਗੁਣਿ ਵੀਚਾਰੇ ਗਿਆਨੀ ਸੋਇ॥***
***ਗੁਣ ਮਹਿ ਗਿਆਨੁ ਪਰਾਪਤਿ ਹੋਇ॥***
***ਗੁਣਦਾਤਾ ਵਿਰਲਾ ਸੰਸਾਰਿ॥ ਸਾਚੀ ਕਰਣੀ ਗੁਰ ਵੀਚਾਰਿ॥***

***ਪੰਨਾ - 931***

ਮੈਂ ਅਜਿਹੀ ਉਤਮ, ਪ੍ਰਭਾਵਸ਼ਾਲੀ, ਪ੍ਰੇਰਨਾਦਾਇਕ ਅਤੇ ਗੁਰਮਤਿ ਨਾਲ ਲਬਾ-ਲਬ ਭਰੀ ਲਿਖਤ ਲਿਖਣ ਲਈ ਉਨ੍ਹਾਂ ਨੂੰ ਮੁਬਾਰਕਵਾਦ ਦਿੰਦਾ ਹਾਂ। ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਵਲੋਂ ਇਹ ਪੁਸਤਕ ਛਾਪਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਇਹ ਇਕ ਹੋਰ ਬਹੁਤ ਚੰਗੀ ਗੱਲ ਹੈ ਕਿਉਂਕਿ ਅਜਿਹੇ ਮਿਸ਼ਨ ਹੀ ਅਜਿਹੇ ਉਪਰਾਲੇ ਕਰ ਸਕਦੇ ਹਨ ਕਿ ਗੁਰਮਤਿ ਸਾਹਿਤ ਬਹੁਤੇ ਪਾਠਕਾਂ ਦੇ ਹੱਥ ਵਿਚ ਪਹੁੰਚ ਸਕੇ, ਤਾਂ ਕਿ ਅਜਿਹੀ ਲਿਖਤ ਪੜ੍ਹ ਕੇ ਪਾਠਕ ਆਪਣਾ ਜੀਵਨ ਸਫਲ ਕਰ ਸਕਣ।

***ਕਾਇਆ ਕਾਗਦੁ ਜੇ ਥੀਐ***
***ਪਿਆਰੇ ਮਨੁ ਮਸਵਾਣੀ ਧਾਰਿ।।***
***ਲਲਤਾ ਲੇਖਣਿ ਸਚ ਕੀ ਪਿਆਰੇ***
***ਹਰਿ ਗੁਣ ਲਿਖਹੁ ਵੀਚਾਰਿ॥***
***ਧਨੁ ਲਿਖਾਰੀ ਨਾਨਕਾ ਪਿਆਰੇ ਸਾਚੁ ਲਿਖੈ ਉਰਧਾਰਿ॥***
***ਪੰਨਾ - 636***

***ਅਜੀਤ ਸਿੰਘ ਲਾਇਲ***

# ਦੋ ਸ਼ਬਦ

ਸੰਤ ਮਹਾਰਾਜ ਜੀ ਨੂੰ ਸਰੀਰਕ ਵਿਛੋੜਾ ਦਿਤਿਆਂ ਅੱਜ ਪੂਰਾ ਇਕ ਸਾਲ ਹੋਣ ਲੱਗਾ ਹੈ। ਭਾਵੇਂ ਆਪ ਆਤਮਿਕ ਤੌਰ ਤੇ ਹਰ ਵੇਲੇ ਹਾਜ਼ਰ ਨਾਜ਼ਰ ਹਨ ਅਤੇ ਆਪ ਵਲੋਂ ਚਲਾਏ ਗਏ ਕਾਰਜ ਸੰਗਤਾਂ ਨੂੰ ਪ੍ਰੇਰਨਾ ਦੇ ਕੇ ਆਪ ਹੀ ਕਰਵਾ ਰਹੇ ਹਨ ਪਰੰਤੂ ਉਹਨਾਂ ਦਾ ਸਰੀਰਕ ਵਿਛੋੜਾ ਐਸਾ ਅਸਹਿ ਵਿਛੋੜਾ ਹੈ ਜੋ ਸਹਿਨ ਨਹੀਂ ਹੁੰਦਾ, ਉਸ ਪਿਆਰੇ ਪ੍ਰੀਤਮ ਦੇ ਵਿਛੋੜੇ ਵਿਚ ਹੀ ਜੀਅ ਰਹੇ ਹਾਂ ਅਤੇ ਇਸ ਤੋਂ ਬਾਹਰ ਆਉਣ ਦੇ ਲੱਖ ਯਤਨ ਕਰਦੇ ਹੋਏ ਵੀ, ਇਸ ਵੈਰਾਗਮਈ ਬਿਰਤੀ ਵਿਚੋਂ ਨਿਕਲਣਾ ਮੁਸ਼ਕਲ ਹੋ ਰਿਹਾ ਹੈ। ਸਾਰੀ ਸੰਗਤ ਪਿਆਰ ਵਾਲੀ ਹੈ ਅਤੇ ਜਿਹੜੇ ਜਿਹੜੇ ਕਾਰਜ ਉਹ ਜ਼ਿੰਮੇ ਲਾ ਕੇ ਗਏ ਹਨ, ਸਾਰੇ ਹੀ ਉਨ੍ਹਾਂ ਦੇ ਪਿਆਰ ਵਿਚ ਦਿਨ ਰਾਤ ਮਿਸ਼ਨ ਦੀ ਤਰੱਕੀ ਲਈ ਵੱਧ ਚੜ੍ਹ ਕੇ ਯੋਗਦਾਨ ਪਾ ਰਹੇ ਹਨ। ਆਪ ਜੀ ਪਿਆਰ ਦਾ ਮੁਜੱਸਮਾ ਸਨ ਅਤੇ ਉਸੇ ਲਗਨ ਤੇ ਉਤਸ਼ਾਹ ਨਾਲ ਸਾਰੇ ਕਾਰਜ ਕਰਤਾ, ਵਲੰਟੀਅਰ ਤੇ ਗੁਰੂ ਪਿਆਰੀ ਸੰਗਤ ਉਸੇ ਸਪਿਰਟ ਨੂੰ ਕਾਇਮ ਰੱਖਦੇ ਹੋਏ ਸੇਵਾ ਵਿਚ ਜੁੱਟੇ ਹੋਏ ਹਨ।

ਸੰਤ ਮਹਾਰਾਜ ਜੀ ਨੇ ਕਿਤੇ-ਕਿਤੇ ਇਕਾ-ਦੁਕਾ ਘਟਨਾਵਾਂ ਆਪਣੇ ਨਿਜੀ ਜੀਵਨ ਬਾਰੇ ਲਿਖਤੀ ਰੂਪ ਵਿਚ ਮੈਗਜ਼ੀਨ ਦੇ ਲੇਖਾਂ ਤੇ ਪੁਸਤਕਾਂ ਵਿਚ ਦਿਤੀਆਂ ਹਨ ਪਰੰਤੂ ਆਪ ਦੇ ਜੀਵਨ ਬਾਰੇ ਲੜੀਵਾਰ ਘਟਨਾਵਾਂ ਦਾ ਪਤਾ ਲਗਾਉਣਾ ਤੇ ਜਾਨਣਾ ਮੁਸ਼ਕਲ ਹੈ। ਸਾਰੀ ਸੰਗਤ ਦੀ ਇਹ ਦਿਲੀ ਇੱਛਾ ਸੀ ਕਿ ਮਹਾਂਪੁਰਸ਼ਾਂ ਦੇ ਜੀਵਨ ਬਾਰੇ ਲਿਖਤੀ ਰੂਪ ਵਿਚ ਕਿਤਾਬ ਛਾਪੀ ਜਾਵੇ, ਇਸ ਬਾਰੇ ਬਹੁਤ ਸਾਰੇ ਪ੍ਰੇਮੀਆਂ ਨੇ ਆਪਣੇ ਵਿਚਾਰ ਦੱਸੇ ਸਨ। ਆਪ ਦਾ ਲੜੀਵਾਰ ਜੀਵਨ ਪ੍ਰੋ. ਗੁਰਦੇਵ ਸਿੰਘ ਜੀ ਦੇ ਉਦਮ ਨਾਲ ਮਾਰਚ ਮਹੀਨੇ ਤੋਂ ਆਤਮ ਮਾਰਗ ਮੈਗਜ਼ੀਨ ਵਿਚ ਛਪਣਾ ਸ਼ੁਰੂ ਹੋਇਆ, ਇਸ ਨੂੰ ਪੜ੍ਹ ਕੇ ਸੰਗਤਾਂ ਦੇ ਮਨ ਵਿਚ ਉਤਸ਼ਾਹ, ਪ੍ਰੇਰਨਾ ਤੇ ਉਤਸੁਕਤਾ ਵੱਧਣ ਲੱਗੀ ਅਤੇ ਕਈ ਪ੍ਰੇਮੀਆਂ ਨੇ ਦੇਸ਼ ਵਿਦੇਸ਼ ਤੋਂ ਟੈਲੀਫੋਨਾਂ ਰਾਹੀਂ ਇਸ ਉਦਮ ਦੀ ਸਰਾਹਣਾ ਕੀਤੀ ਹੈ। ਇਸ ਉਦੇਸ਼ ਨੂੰ ਮੁਖ ਰੱਖ ਕੇ ਇਸ ਪੁਸਤਕ ਦਾ ਪਹਿਲਾ ਭਾਗ 'ਸੰਤ ਤੁਮਾਰੇ ਤੁਮਰੇ ਪ੍ਰੀਤਮ' ਦੇ ਰੂਪ ਵਿਚ ਪਾਠਕ ਸੰਗਤਾਂ ਦੀ ਭੇਟਾ ਕੀਤਾ ਜਾ ਰਿਹਾ ਹੈ। ਉਮੀਦ ਹੈ ਸੰਗਤਾਂ ਮਹਾਂਪੁਰਸ਼ਾਂ ਦਾ ਸਚਿਤਰ ਜੀਵਨ ਪੜ੍ਹ ਕੇ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨਗੀਆਂ। ਇਹ ਪੁਸਤਕ ਪਾਠਕਾਂ ਲਈ ਪ੍ਰੇਰਨਾ ਦਾ ਸਰੋਤ ਸਿੱਧ ਹੋਵੇਗੀ ਕਿਉਂਕਿ ਆਮ ਜੀਵਨੀਆਂ ਵਿਚ ਜ਼ਿਆਦਾਤਰ ਇਹ ਜਿਕਰ ਕੀਤਾ ਹੁੰਦਾ ਹੈ ਕਿ ਮਹਾਂਪੁਰਸ਼ ਕਿਥੇ ਰਹੇ, ਕਿਥੇ ਕਿਥੇ ਗਏ, ਕਿਸ ਕਿਸ ਨੂੰ ਮਿਲੇ ਪ੍ਰੰਤੂ ਇਹ ਸਚਿਤਰ ਜੀਵਨ ਦੀ ਲਿਖਤ ਥੋੜ੍ਹਾ ਹੱਟ ਕੇ ਹੈ। ਇਸ ਵਿਚ ਇਹ ਵਰਨਣ ਥੋੜ੍ਹਾ ਹੈ ਪਰੰਤੂ ਮਹਾਂਪੁਰਸ਼ਾਂ ਦੇ ਰੂਹਾਨੀ ਜੀਵਨ ਪੱਖ ਤੇ ਵਧੇਰੇ ਜ਼ੋਰ ਦਿਤਾ ਗਿਆ ਹੈ ਤਾਂ ਕਿ ਜਗਿਆਸੂ, ਮਹਾਂਪੁਰਸ਼ਾਂ ਦੇ ਜੀਵਨ ਢੰਗ ਨੂੰ ਅਪਣਾਅ ਕੇ, ਉਸ ਮੁਤਾਬਕ ਆਪਣਾ ਜੀਵਨ ਢਾਲਣ ਦਾ ਯਤਨ ਕਰ

ਸਕੇ ਅਤੇ ਨੇਕ ਕ੍ਰਿਤ ਕਮਾਈ, ਸੱਚੇ ਸੁੱਚੇ ਆਦਰਸ਼ਾਂ ਦੀਆਂ ਕਦਰਾਂ ਕੀਮਤਾਂ ਨੂੰ ਸਮਝ ਕੇ ਆਤਮ ਮਾਰਗ ਤੈਅ ਕਰਦਾ ਹੋਇਆ, ਗੁਰਮਤਿ ਦੇ ਦਾਇਰੇ ਅੰਦਰ ਰਹਿ ਕੇ ਆਪਣੀ ਮੰਜਲੇ ਮਕਸੂਦ ਤੇ ਪਹੁੰਚ ਸਕੇ। ਮਹਾਂਪੁਰਸ਼ ਬਚਨ ਕਰਿਆ ਕਰਦੇ ਸੀ ਕਿ ਸੇਵਾ, ਸਿਮਰਨ ਦੋ ਪਹੀਆਂ ਦੀ ਤਰ੍ਹਾਂ ਹਨ ਅਤੇ ਪ੍ਰੇਮ ਉਸ ਮੰਜ਼ਲ ਤਕ ਪਹੁੰਚਣ ਲਈ ਰਾਕਟ ਦਾ ਕੰਮ ਕਰਦਾ ਹੈ।

ਜਿਸ ਤਰ੍ਹਾਂ ਨਾਲ ਮਹਾਂਪੁਰਸ਼ਾਂ ਦੁਆਰਾ ਵੀਡੀਓ, ਆਡੀਓ, ਸੀ.ਡੀ ਅਤੇ ਲਿਟਰੇਚਰ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਨੂੰ ਲੱਖਾਂ ਜਗਿਆਸੂਆਂ ਤਕ ਪਹੁੰਚਾਣ ਦਾ ਯਤਨ ਸ਼ੁਰੂ ਕੀਤਾ ਗਿਆ ਸੀ, ਮੈਨੂੰ ਪੂਰਨ ਭਰੋਸਾ ਹੈ ਕਿ ਸਤਿਗੁਰ ਸੱਚੇ ਪਾਤਸ਼ਾਹ ਦੀ ਅਪਾਰ ਕ੍ਰਿਪਾ ਸਦਕਾ ਅਤੇ ਸਤਿਕਾਰਯੋਗ ਬੀਜੀ ਦੀ ਅਸ਼ੀਰਵਾਦ ਨਾਲ ਇਹ ਮਿਸ਼ਨ ਦਿਨ ਦੁਗਣੀ ਤੇ ਰਾਤ ਚੌਗਣੀ ਤਰੱਕੀ ਕਰਦਾ ਹੋਇਆ ਅੱਗੇ ਹੀ ਵਧਦਾ ਰਹੇਗਾ।

ਪ੍ਰੋ. ਗੁਰਦੇਵ ਸਿੰਘ ਜੀ ਵਧਾਈ ਦੇ ਪਾਤਰ ਹਨ ਕਿ ਉਨ੍ਹਾਂ ਆਪਣੇ ਕੀਮਤੀ ਸਮੇਂ ਵਿਚੋਂ ਸਮਾਂ ਕੱਢ ਕੇ ਉਦਮ ਉਪਰਾਲਾ ਕਰਕੇ ਮਹਾਂਪੁਰਸ਼ਾਂ ਦੇ ਜੀਵਨ ਉਪਦੇਸ਼ ਰੂਪੀ ਇਸ ਪੁਸਤਕ ਨੂੰ ਅੱਖਰਾਂ ਰਾਹੀਂ ਰੂਪਮਾਨ ਕੀਤਾ ਹੈ ਜੋ ਕਿ ਆਉਣ ਵਾਲੀ ਪੀੜ੍ਹੀ ਲਈ ਗੁਰਮਤਿ ਦੀ ਸੇਧ ਪ੍ਰਦਾਨ ਕਰਦੀ ਰਹੇਗੀ ਅਤੇ ਅਗਿਆਨ ਦੇ ਅੰਧਕਾਰ ਵਿਚੋਂ ਕੱਢ ਕੇ ਸੱਚ ਦੇ ਪ੍ਰਕਾਸ਼ ਵਿਚ ਲੈ ਜਾਵੇਗੀ। ਆਸ ਕਰਦਾ ਹਾਂ ਕਿ ਇਸ ਦਾ ਦੂਜਾ ਭਾਗ ਵੀ ਤਿਆਰ ਕਰਕੇ ਜਲਦੀ ਸੰਗਤਾਂ ਦੇ ਰੂਬਰੂ ਕਰਨ ਦਾ ਯਤਨ ਕਰਨਗੇ।

*ਲਖਬੀਰ ਸਿੰਘ*

*ਚੇਅਰਮੈਨ*

*ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ*

# ਕੁਝ ਜਾਨਣ ਲਈ

ਦਾਸ 1966 ਤੋਂ ਲਗਾਤਾਰ ਚੰਡੀਗੜ੍ਹ ਵਿਖੇ ਰਹਿ ਰਿਹਾ ਹੈ ਤੇ ਇਹ ਸੰਨ 1970 ਦੇ ਲਾਗੇ ਦੀ ਗੱਲ ਹੈ ਕਿ ਸ਼ਾਮ ਦੀ ਰਹਿਰਾਸ ਤੋਂ ਬਾਅਦ 19 ਸੈਕਟਰ ਗੁਰਦੁਆਰਾ ਸਾਹਿਬ ਜਦੋਂ ਕੀਰਤਨ ਸ਼ੁਰੂ ਹੋਇਆ ਤੇ ਮੈਂ ਦੇਖਿਆ ਕਿ ਇਕ ਸੂਟਡ ਸਰਦਾਰ ਸਾਹਿਬ ਕੀਰਤਨ ਕਰ ਰਹੇ ਹਨ ਅਤੇ ਮੈਂ ਕੀਰਤਨ ਸੁਣ ਕੇ ਅਰਦਾਸ ਤੋਂ ਬਾਅਦ ਘਰ ਪਹੁੰਚਿਆ ਤਾਂ ਆਪਣੀ ਸੁਪਤਨੀ ਨੂੰ ਦੱਸਿਆ ਕਿ ਅੱਜ ਗੁਰਦਆਰਾ ਸਾਹਿਬ ਵਿਚ ਸਰਦਾਰ ਸਾਹਿਬ ਰਾੜੇ ਵਾਲੇ ਸੰਤ ਮਹਾਰਾਜ ਜੀ ਵਰਗਾ ਕੀਰਤਨ ਕਰ ਰਹੇ ਸੀ ਤੇ ਮੈਨੂੰ ਬਹੁਤ ਚੰਗੇ ਲੱਗੇ ਕਿਉਂਕਿ ਮੈਂ ਸੰਤ ਮਹਾਰਾਜ ਜੀ ਦਾ ਕੀਰਤਨ 19 ਸੈਕਟਰ, 22 ਸੈਕਟਰ ਤੇ 27 ਸੈਕਟਰ ਦੇ ਗੁਰਦੁਆਰਿਆਂ ਵਿਚ ਪਹਿਲਾਂ ਸਰਵਨ ਕੀਤਾ ਹੋਇਆ ਸੀ ਤੇ ਉਹਨਾਂ ਦੀ ਚੁੰਬਕੀ ਖਿਚ ਲਿਵਤਾਰ ਦੀ ਤਰ੍ਹਾਂ ਅੰਦਰ ਮਹਿਸੂਸ ਹੁੰਦੀ ਰਹਿੰਦੀ ਸੀ, ਇਸੇ ਤਰ੍ਹਾਂ ਨਾਲ ਮੈਨੂੰ ਇਹਨਾਂ ਦੇ ਦਰਸ਼ਨ ਕਰਕੇ ਮਹਿਸੂਸ ਹੋਇਆ। ਸਮਾਂ ਲੰਘਦਾ ਗਿਆ ਫੇਰ ਮੁੜ ਕੇ ਮੈਨੂੰ ਸੰਨ 1980 ਤਕ ਦਰਸ਼ਨ ਨਹੀਂ ਹੋਏ, ਦਸ ਸਾਲ ਦਾ ਸਮਾਂ ਬੀਤ ਗਿਆ।

ਮੇਰੀ ਰਿਹਾਇਸ਼ ਉਸ ਵੇਲੇ 30 ਸੈਕਟਰ ਸੀ.ਐਸ.ਆਈ.ਓ. ਕਾਲੋਨੀ ਵਿਚ ਸੀ ਤੇ ਉਥੋਂ 20 ਸੈਕਟਰ ਖੇੜੀ ਗੁਰਦੁਆਰਾ ਸਾਹਿਬ ਦੇ ਲਾਊਡ ਸਪੀਕਰ ਰਾਹੀਂ ਆਵਾਜ਼ ਚੰਗੀ ਤਰ੍ਹਾਂ ਸੁਣ ਸਕਦੇ ਸਾਂ। ਇਸ ਵਾਰ ਫੇਰ ਮੈਂ ਇਸ ਗੁਰਦੁਆਰੇ ਵਿਚ ਇਨ੍ਹਾਂ ਦੇ ਕੀਰਤਨ ਦੀ ਆਵਾਜ਼ ਸੁਣੀ ਤੇ ਅਸੀਂ ਸਾਰਾ ਪਰਿਵਾਰ ਉਥੇ ਪਹੁੰਚੇ ਤਾਂ ਆਪ ਕੀਰਤਨ ਕਰ ਰਹੇ ਸਨ – ਬਿਲਕੁਲ ਉਸੇ ਤਰ੍ਹਾਂ ਜਿਵੇਂ ਮੈਂ 19 ਸੈਕਟਰ ਵੇਖਿਆ ਸੀ। ਉਥੇ ਸੱਤ ਦਿਨਾਂ ਦੇ ਦੀਵਾਨ ਸਨ, ਅਸੀਂ ਇਕ ਹਫਤਾ ਹਰ ਰੋਜ਼ ਗੁਰਦੁਆਰਾ ਸਾਹਿਬ ਆਪ ਦੇ ਪ੍ਰਵਚਨ ਤੇ ਕੀਰਤਨ ਸੁਣਨ ਵਾਸਤੇ ਜਾਂਦੇ ਰਹੇ ਤੇ ਆਖਰੀ ਦਿਨ ਜਦੋਂ ਇਹ ਸਰਦਾਰ ਸਾਹਿਬ ਫੀਏਟ ਕਾਰ ਵਿਚ ਬੈਠਣ ਲਗੇ, ਹੋਰ ਸੰਗਤ ਵੀ ਇਰਦ ਗਿਰਦ ਸੀ ਪਰ ਮੈਂ ਨਿਰਮਲ ਭਉ ਵਿਚ ਨੇੜੇ ਹੋ ਗਿਆ ਕਿ ਮੈਂ ਆਪ ਜੀ ਨੂੰ ਮਿਲਣਾ ਚਾਹੁੰਦਾ ਹਾਂ। ਕਹਿਣ ਲੱਗੇ, 34 ਸੈਕਟਰ ਕੋਠੀ ਆ ਜਾਇਓ। ਅਸੀਂ ਕੋਠੀ ਗਏ ਤੇ ਬੀਜੀ ਤੇ ਬਾਬਾ ਜੀ ਨੇ ਐਨਾ ਪਿਆਰ ਕੀਤਾ ਤੇ ਘੰਟਾ ਭਰ ਬਚਨ ਕਰਦੇ ਰਹੇ। ਗਲਬਾਤ ਕਰਨ ਤੋਂ ਬਾਅਦ ਮੈਂ ਬੇਨਤੀ ਕੀਤੀ ਕਿ ਬਾਬਾ ਜੀ! ਮੇਰੀ ਇਛਾ ਹੈ ਕਿ ਆਪ ਜੀ ਸਾਡੇ ਘਰ ਚਰਨ ਪਾ ਦਿਓ। ਕਹਿਣ ਲੱਗੇ, ਮੈਂ ਆ ਜਾਵਾਂਗਾ। ਆਪ ਆਪਣੇ ਆਪ ਹੀ ਕਾਰ ਡਰਾਈਵ ਕਰਕੇ ਪਹੁੰਚ ਗਏ ਤੇ ਦੋ ਘੰਟੇ ਦਾਸ ਦੇ ਘਰ ਬੈਠੇ ਰਹੇ। ਮੇਰੇ ਕੋਲ ਉਸ ਵੇਲੇ ਕੈਮਰਾ ਸੀ, ਉਸ ਦਿਨ ਦੀ ਫੋਟੋ ਮੈਂ ਖਿਚ ਲਈ ਸੀ ਜੋ ਪਾਠਕਾਂ ਵਾਸਤੇ ਇਸ ਪੁਸਤਕ ਵਿਚ ਵੀ ਲਾ ਰਿਹਾ ਹਾਂ।

ਉਸ ਮਿਲਣੀ ਤੋਂ ਬਾਅਦ ਮੇਰੇ ਵਿਚ ਕੀ ਬਦਲਾਵ ਆਇਆ ਤੇ ਮੈਂ ਨਿਜੀ ਤੌਰ ਤੇ ਉਹਨਾਂ ਦੇ ਕੀ ਕੀ ਕੌਤਕ ਦੇਖੇ, ਇਹ ਪੁਸਤਕ ਦਾ ਵਿਸ਼ਾ ਨਹੀਂ ਹੈ, ਉਹ ਜੇ ਸਮਾਂ ਮਿਲਿਆ ਤਾਂ ਉਸ ਲੇਖ ਵਿਚ ਲਿਖਾਂਗਾ ਕਿ 'ਮੇਰਾ

ਸੰਤ ਮਹਾਰਾਜ ਨਾਲ ਮਿਲਾਪ ਕਿਵੇਂ ਹੋਇਆ?' ਪਰ ਮੈਂ ਇੰਨਾਂ ਜ਼ਰੂਰ ਦੱਸਣਾ ਚਾਹੁੰਦਾ ਹਾਂ ਕਿ ਉਸ ਦਿਨ ਤੋਂ ਬਾਅਦ ਪਿਆਰ ਦੀ ਖਿਚ ਵੱਧਦੀ ਹੀ ਚਲੀ ਗਈ ਅਤੇ ਜਿਥੇ ਵੀ ਚੰਡੀਗੜ੍ਹ ਜਾਂ ਆਲੇ ਦੁਆਲੇ ਦੇ ਪਿੰਡਾਂ ਵਿਚ ਦੀਵਾਨ ਲਗਦੇ, ਅਸੀਂ ਸ਼ਾਇਦ ਹੀ ਕੋਈ ਦੀਵਾਨ ਛੱਡਿਆ ਹੋਵੇ ਜੋ ਨਾ attend ਕੀਤਾ ਹੋਵੇ। ਬਾਬਾ ਜੀ ਨੂੰ ਬਹੁਤ ਨੇੜੇ ਹੋ ਕੇ ਦੇਖਣ ਦਾ ਮੌਕਾ ਮਿਲਿਆ। ਜਿਥੇ ਉਨ੍ਹਾਂ ਵਿਚ ਪੂਰਨ ਗੁਰਮੁਖਾਂ ਤੇ ਸੰਤਾਂ ਵਾਲੇ ਗੁਣ ਸਨ, ਉਥੇ ਉਹ ਪਿਤਾ ਦੀ ਤਰ੍ਹਾਂ ਪਿਆਰ ਵੀ ਕਰਦੇ ਸਨ। ਇਸੇ ਤਰ੍ਹਾਂ ਨਾਲ ਬੀਜੀ ਵੀ ਆਪਣੇ ਪੁੱਤਰਾਂ ਵਾਂਗ ਮਾਂ ਦਾ ਪਿਆਰ ਦੇ ਕੇ ਕ੍ਰਿਤਾਰਥ ਕਰਦੇ ਰਹੇ। ਉਹਨਾਂ ਦੀ ਕਰੜੀ ਘਾਲ ਕਮਾਈ ਮੈਂ ਅੱਖਾਂ ਨਾਲ ਦੇਖੀ ਹੈ ਕਿ ਕਿਸ ਤਰ੍ਹਾਂ ਨਾਲ ਉਨ੍ਹਾਂ ਨੇ ਰੋਪੜ ਜਿਲੇ ਦੇ ਅੰਦਰ ਪ੍ਰਚਾਰ ਕੀਤਾ, ਹਰ ਰੋਜ਼ ਤਿੰਨ-ਤਿੰਨ ਦੀਵਾਨ ਲਾ ਕੇ ਰਾਤ ਨੂੰ 12, 1 ਵਜੇ ਤੋਂ ਪਹਿਲਾਂ ਘਰ ਨਹੀਂ ਸਨ ਪਰਤਦੇ। ਗੁਰੂ ਦਸ਼ਮੇਸ਼ ਪਿਤਾ ਜੀ ਦੀ ਸਿਖੀ ਨੂੰ ਫੈਲਾਉਣ ਦਾ ਉਨ੍ਹਾਂ ਦੇ ਮਨ ਵਿਚ ਬਹੁਤ ਉਮਾਹ ਤੇ ਚਾਅ ਸੀ ਅਤੇ ਹਰ ਵੇਲੇ ਲੋਚਦੇ ਰਹਿੰਦੇ ਸਨ ਕਿ ਇਹ ਲੋਕ ਸੁਖੀ ਹੋ ਜਾਣ ਤੇ ਇਹਨਾਂ ਦਾ ਲੋਕ ਪ੍ਰਲੋਕ ਸੰਵਰ ਜਾਵੇ, ਇਸ ਕਰਕੇ ਉਨ੍ਹਾਂ ਨੇ ਆਪਣੇ ਸੁਖ ਤੇ ਆਰਾਮ ਦੀ ਕਦੀ ਵੀ ਪਰਵਾਹ ਨਹੀਂ ਕੀਤੀ। ਦਿਨ ਰਾਤ ਇਸੇ ਲਗਨ ਵਿਚ ਤੁਰੇ ਰਹਿੰਦੇ ਸਨ, ਥਾਂ ਥਾਂ ਤੇ ਜਾ ਕੇ ਹਨ੍ਹੇਰੀਆਂ ਨੁਕਰਾਂ ਤਕ ਪਹੁੰਚੇ ਜਿਥੇ ਕਦੀ ਵੀ ਕੋਈ ਵੀ ਪ੍ਰਚਾਰ ਕਰਨ ਵਾਸਤੇ ਨਹੀਂ ਸੀ ਪਹੁੰਚਿਆ।

1981 ਤੋਂ ਲੈ ਕੇ 2001 ਤਕ, ਵੀਹ ਸਾਲ ਦੇ ਇਸ ਲੰਮੇ ਸਮੇਂ ਲਈ ਦਾਸ ਨੂੰ ਉਹਨਾਂ ਦੀ ਸੰਗਤ ਮਾਨਣ ਦਾ ਅਨੰਦ ਪ੍ਰਾਪਤ ਹੁੰਦਾ ਰਿਹਾ। ਉਨ੍ਹਾਂ ਦੇ ਗੁਣਾਂ ਦਾ, ਪਰਉਪਕਾਰਾਂ ਤੇ ਪ੍ਰਾਪਤੀਆਂ ਦਾ ਵਰਨਣ ਕੀਤਾ ਜਾਵੇ ਤਾਂ ਲਿਖਣਾ ਤੇ ਵਰਨਣ ਕਰਨਾ ਮੇਰੇ ਵਰਗੇ ਅਨਜਾਣ ਤੇ ਨਾਦਾਨ ਲਈ ਅਤੀ ਕਠਿਨ ਹੀ ਨਹੀਂ ਸਗੋਂ ਅਸੰਭਵ ਹੈ। ਉਹ ਹਰ ਖੇਤਰ ਵਿਚ ਪੂਰੇ ਸਨ। ਆਪ ਇਕ ਸਫਲ ਗ੍ਰਿਹਸਤੀ ਤੇ ਸਫਲ ਪਿਤਾ ਸਨ ਜਿਨ੍ਹਾਂ ਨੇ ਬੱਚਿਆਂ ਨੂੰ ਉਚ ਦਰਜੇ ਦੀ ਸਿਖਿਆ ਦਿਵਾ ਕੇ ਇਸ ਤਰ੍ਹਾਂ ਦਾ ਯੋਗ ਬਣਾਇਆ ਕਿ ਚਾਰੇ ਬੱਚੇ ਅਮਰੀਕਾ ਤੇ ਇੰਗਲੈਂਡ ਵਿਚ ਪੂਰਨ ਤੌਰ ਤੇ ਸੈਟਲ ਤੇ ਕਾਮਯਾਬ ਹਨ।

ਉਹ ਸਫਲ ਸੈਨਿਕ ਤੇ ਸਫਲ ਸਰਕਾਰੀ ਮੁਲਾਜ਼ਮ ਵੀ ਸਨ ਜਿਨ੍ਹਾਂ ਨੇ ਆਪਣੀ ਡਿਊਟੀ ਨੂੰ ਇਸ ਤਰ੍ਹਾਂ ਨਿਭਾਇਆ ਜੋ ਕਿ ਦੂਜੇ ਵਾਸਤੇ ਅਤੇ ਅਫਸਰਾਂ ਵਾਸਤੇ ਇਕ ਮਿਸਾਲ ਬਣ ਗਈ। ਆਪਣੇ ਕੰਮ ਵਿਤ ਤੋਂ ਵੱਧ ਕਰਕੇ ਪੂਰੀ ਇਮਾਨਦਾਰੀ ਤੇ ਨਿਸ਼ਟਾ ਨਾਲ ਨਿਭਾਏ। ਉਹ ਸਫਲ ਕਿਸਾਨ ਸਨ ਜਿਨ੍ਹਾਂ ਨੇ ਯੂ.ਪੀ. ਵਿਚ ਜ਼ਮੀਨ ਆਬਾਦ ਕਰਕੇ ਫਸਲ ਦਾ ਵੱਧ ਤੋਂ ਵੱਧ ਝਾੜ ਹੀ ਨਹੀਂ ਪ੍ਰਾਪਤ ਕੀਤਾ ਸਗੋਂ ਬੀਜਾਂ ਦੀ ਕਾਸ਼ਤ ਕਰਕੇ ਯੂ.ਪੀ. ਪੰਤ ਖੇਤੀ ਯੂਨੀਵਰਸਿਟੀ ਵਿਚੋਂ ਵੀ ਮਾਣ ਪ੍ਰਾਪਤ ਕੀਤਾ ਸੀ। ਇਸ ਤੋਂ ਇਲਾਵਾ ਉਨ੍ਹਾਂ ਨੂੰ ਹਰ ਕਿੱਤੇ ਦਾ ਅਤੇ ਹਰ ਕੰਮ ਦਾ ਗਿਆਨ ਸੀ, ਹਰ ਇਕ ਨੂੰ ਐਸੀ ਸਲਾਹ ਦੇਣੀ ਕਿ ਹੈਰਾਨ ਰਹਿ ਜਾਈਦਾ ਸੀ। ਇਹ ਤਾਂ

ਦੁਨਿਆਵੀ ਗਿਆਨ ਦੀ ਗੱਲ ਹੈ। ਉਹ ਇਕ ਸਫਲ ਮੈਨੇਜਰ ਤੇ ਉਚ ਕੋਟੀ ਦੇ ਲਿਖਾਰੀ ਵੀ ਸਨ ਜਿਨ੍ਹਾਂ ਦੀ ਲਿਖਤ ਵਿਚ ਅਤਿ ਦਰਜੇ ਦੀ ਸਾਦਗੀ, ਸਰਲਤਾ ਤੇ ਰਵਾਨੀ ਹੈ ਕਿ ਜਿਸ ਨੂੰ ਇਕ ਵਾਰ ਪੜ੍ਹਨ ਲੱਗ ਜਾਈਏ ਤਾਂ ਹਟਣ ਨੂੰ ਜੀਅ ਨਹੀਂ ਕਰਦਾ।

ਅਧਿਆਤਮ ਗਿਆਨ ਦੇ ਤਾਂ ਉਹ ਪੂਰਨ ਭੰਡਾਰ ਸਨ, ਇਸੇ ਲਈ ਜਗਤ ਪ੍ਰਸਿਧ ਯੋਗੀ ਡਾ. ਸਵਾਮੀ ਰਾਮ ਜੀ ਨੂੰ ਲੱਖਾਂ ਦੀ ਸੰਗਤ ਵਿਚ ਇਹ ਕਹਿਣਾ ਪਿਆ ਕਿ 'ਸੰਤ ਜੀ ਤੋ ਗਿਆਨ ਕਾ ਸੂਰਜ ਹੈਂ, ਪਿਆਰ ਕਾ ਸਾਗਰ ਹੈਂ ਔਰ ਬਹੁਤ ਸਰਲ ਹੈਂ।' ਆਪ ਜੀ ਜਦੋਂ ਵਖਿਆਨ ਕਰਦੇ ਸੀ ਤਾਂ ਸਤਿਜੁਗ, ਦੁਆਪਰ, ਤ੍ਰੇਤਾ ਸਾਰੇ ਜੁਗਾਂ ਦੇ ਵਿਰਤਾਂਤ, ਰਹੱਸਯ, ਫਿਲਾਸਫੀ ਅਤੇ ਸ਼ਾਸ਼ਤਰਾਂ ਬਾਰੇ ਬੜੇ ਸਿਧੇ ਸਾਦੇ ਅੱਖਰਾਂ ਵਿਚ ਦੱਸ ਦਿਆ ਕਰਦੇ ਸੀ ਜਿਵੇਂ ਕਿ ਵੇਦਾਂ, ਸ਼ਾਸਤਰਾਂ ਦਾ ਗਿਆਨ ਆਪ ਪਹਿਲਾਂ ਹੀ ਲੈ ਕੇ ਆਏ ਹੁੰਦੇ ਹਨ। ਆਪ ਜੀ ਬਚਨ ਕਰਿਆ ਕਰਦੇ ਸੀ ਕਿ ਜਦ ਤਕ ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਵੇਦਾਂ ਸਾਸ਼ਤਰਾਂ ਦਾ ਅਧਿਐਨ ਨਾ ਹੋਵੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅਥਾਹ ਤੇ ਅਗੰਮ ਸਮੁੰਦਰ ਵਿਚ ਟੁਭੀ ਲਾਉਣੀ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਹੈ।

ਐਸੇ ਬ੍ਰਹਮਵੇਤਾ ਮਹਾਂਪੁਰਸ਼ਾਂ ਬਾਰੇ ਕੁਝ ਲਿਖਣਾ ਮੇਰੇ ਵਰਗੇ ਤੁਛ ਬੁਧੀ ਵਾਲੇ ਜੀਵ ਲਈ ਕਿਤਨਾ ਮੁਸ਼ਕਲ ਤੇ ਅਸੰਭਵ ਹੈ ਪਰੰਤੂ ਉਨ੍ਹਾਂ ਦੇ ਪੈੜ ਚਿਤਰਾਂ ਨੂੰ ਕਲਮਬੰਦ ਕਰਨਹਿਤ, ਸੰਗਤਾਂ ਦੀ ਜਾਣਕਾਰੀ ਤੇ ਪ੍ਰੇਰਨਾ-ਵਸ ਇਹ ਉਪਰਾਲਾ ਉਨ੍ਹਾਂ ਨੇ ਆਪ ਹੀ ਸਿਰ ਤੇ ਹੱਥ ਰੱਖ ਕੇ ਕਰਵਾਇਆ ਹੈ, ਵਰਨਾ ਮੇਰੇ ਵਰਗੇ ਬੰਦੇ ਵਿਚ ਐਨੀ ਸਮਰੱਥਾ ਨਹੀਂ ਕਿ ਇਸ ਕਾਰਜ ਨੂੰ ਕਰ ਸਕਣ ਦੇ ਯੋਗ ਬਣ ਸਕਾਂ। ਇਸ ਪੁਸਤਕ ਵਿਚ ਜਿਹੜੀਆਂ ਵੀ ਉਨ੍ਹਾਂ ਦੇ ਜੀਵਨ ਦੀਆਂ ਘਟਨਾਵਾਂ ਤੇ ਕੌਤਕਾਂ ਦਾ ਵਰਨਣ ਹੈ, ਉਸ ਵਿਚ ਬਚਪਨ ਦਾ ਹਿਸਾ ਸਤਿਕਾਰਯੋਗ ਮਾਤਾ ਜਸਵੰਤ ਕੌਰ ਜੀ, ਜਿਨ੍ਹਾਂ ਨੂੰ ਮੈਂ ਭੂਆ ਜੀ ਕਹਿ ਕੇ ਸਤਿਕਾਰਦਾ ਸੀ, ਉਹਨਾਂ ਦੀਆਂ ਲਿਖੀਆਂ ਹੋਈਆਂ ਚਿਠੀਆਂ ਤੇ ਅਧਾਰਤ ਹੈ ਜੋ ਉਨ੍ਹਾਂ ਨੇ ਦਾਸ ਨੂੰ ਲਿਖੀਆਂ ਸਨ। ਸਿੰਧ ਦੇ ਹਾਲਾਤ ਬਾਰੇ ਸਰਦਾਰ ਚੰਦਾ ਸਿੰਘ ਦੀ ਸਪੁਤਰੀ ਮਾਤਾ ਪਿਆਰ ਕੌਰ, ਜੋ ਹੁਣ ਕਾਫੀ ਬਿਰਧ ਹਨ, ਉਨ੍ਹਾਂ ਕੋਲੋਂ ਪੁਛੇ ਤੇ ਲਿਖੇ ਹਨ। ਬਹੁਤ ਸਾਰੇ ਵੇਰਵੇ ਤਾਂ ਬੀਜੀ ਵੀ ਦੱਸ ਦਿਆ ਕਰਦੇ ਸਨ ਅਤੇ ਸੰਤ ਮਹਾਰਾਜ ਜੀ ਕੋਠੀ ਵਿਖੇ ਜਦੋਂ ਦੀਵਾਨ ਤੋਂ ਬਾਅਦ ਜ਼ਿਆਦਾ ਦੇਰ ਤਕ, ਕਈ ਵੇਰਾਂ ਰਾਤ ਦੇ 12 ਵਜੇ ਤਕ ਬਚਨ ਕਰਦੇ ਰਹਿੰਦੇ ਸਨ ਤਾਂ ਉਥੇ ਗਿਣਵੇਂ ਹੀ ਪ੍ਰੇਮੀ ਹੁੰਦੇ ਸਨ ਉਸ ਵੇਲੇ ਆਪਣੀ ਮੌਜ ਵਿਚ ਆ ਕੇ ਕਈ ਬਚਨ ਕਰ ਦਿਆ ਕਰਦੇ ਸਨ। ਬੀਜੀ ਅਕਸਰ ਮੈਨੂੰ ਕਹਿੰਦੇ ਹੁੰਦੇ ਸੀ, "ਬੇਟਾ! ਬਾਬਾ ਜੀ ਦੀਆਂ ਇਹ ਗੱਲਾਂ ਨੋਟ ਕਰ ਲਿਆ ਕਰ, ਤੇਰੇ ਲਿਖਣ ਦੇ ਕੰਮ ਆਉਣਗੀਆਂ।" ਉਸ ਵੇਲੇ ਅਸੀਂ ਸਾਰੇ ਲਾਡਲੇ ਘੋਲ ਵਿਚ ਰਹਿੰਦੇ ਸੀ ਤੇ ਇਨ੍ਹਾਂ ਗੱਲਾਂ ਦੀ ਡੂੰਘਾਈ ਦਾ ਧਿਆਨ ਨਹੀਂ ਸਾਂ ਦਿੰਦੇ ਕਿਉਂਕਿ ਨਾ ਹੀ ਮੈਨੂੰ ਤੇ ਨਾ ਹੀ ਹੋਰ ਪ੍ਰੇਮੀ ਜਿਹੜੇ ਬੈਠੇ ਹੁੰਦੇ ਸੀ, ਨੂੰ ਇਹ ਵਿਸ਼ਵਾਸ

ਸੀ ਕਿ ਸੰਤ ਮਹਾਰਾਜ ਸਾਨੂੰ ਇੰਨੀ ਛੇਤੀ ਸਰੀਰਕ ਵਿਛੋੜਾ ਦੇ ਜਾਣਗੇ ਅਤੇ ਅਸੀਂ ਸਾਰਾ ਜੀਵਨ ਭਰ ਉਨ੍ਹਾਂ ਦੇ ਵਿਛੋੜੇ ਦਾ ਸੱਲ੍ਹ ਸਹਿੰਦੇ ਰਹਾਂਗੇ। ਉਨ੍ਹਾਂ ਦਾ ਸਰੀਰਕ ਵਿਛੋੜਾ ਮੇਰੇ ਲਈ ਹੀ ਨਹੀਂ ਸਗੋਂ ਸਾਰੀ ਸੰਗਤ ਲਈ ਅਸਹਿ ਹੋ ਰਿਹਾ ਹੈ। ਅੱਜ ਪੂਰਾ ਇਕ ਸਾਲ ਹੋਣ ਵਾਲਾ ਹੈ ਅਤੇ ਉਹਨਾਂ ਦੀ ਯਾਦ ਪਹਿਲਾਂ ਨਾਲੋਂ ਵੀ ਵੱਧ ਹੋ ਕੇ ਦਿਲ ਵਿਚ ਸਮਾਈ ਜਾ ਰਹੀ ਹੈ ਅਤੇ ਜਿਉਂ ਜਿਉਂ ਸਮਾਂ ਬੀਤਦਾ ਜਾਵੇਗਾ ਇਹ ਵਧਦੀ ਹੀ ਚਲੀ ਜਾਵੇਗੀ। ਇਸੇ ਤਰ੍ਹਾਂ ਨਾਲ ਸਾਰੀ ਸੰਗਤ ਦਾ ਤੇ ਉਹਨਾਂ ਦੇ ਪਿਆਰਿਆਂ ਦਾ ਹਾਲ ਹੈ ਜਿਨ੍ਹਾਂ ਨੇ ਉਹਨਾਂ ਦੇ ਪਿਆਰ ਨੂੰ ਨੇੜੇ ਹੋ ਕੇ ਮਾਣਿਆਂ ਹੈ।

ਇਹ ਬੜੀ ਮਾਣ ਵਾਲੀ ਗੱਲ ਹੈ ਕਿ ਉਨ੍ਹਾਂ ਨੇ ਲੱਖਾਂ ਦੀ ਤਾਦਾਦ ਵਿਚ ਸੰਗਤਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ, ਦਸ਼ਮੇਸ਼ ਪਿਤਾ ਜੀ ਦੇ ਸਿੰਘ ਸਜਾਇਆ ਹੈ ਅਤੇ ਗੁਰੂ ਗ੍ਰੰਥ ਸਾਹਿਬ ਨਾਲ ਜੋੜਿਆ ਹੈ ਅਤੇ ਕਦੀ ਵੀ ਆਪਣੇ ਨਾਲ ਨਹੀਂ ਜੋੜਿਆ, ਹਮੇਸ਼ਾ ਗੁਰੂ ਨਾਲ ਜੋੜਿਆ ਹੈ। ਕਈ ਪ੍ਰੇਮੀ ਭੁਲੇਖਾ ਖਾ ਜਾਂਦੇ ਹਨ ਕਿ ਸੰਤ ਆਪਣੇ ਨਾਲ ਜੋੜਦੇ ਹਨ, ਪਰ ਇਹ ਗੱਲ ਨਹੀਂ, ਜਿਹੜਾ ਸਾਨੂੰ ਗੁਰੂ ਪ੍ਰਮੇਸ਼ਰ ਨਾਲ ਜੋੜਦਾ ਹੈ ਉਸ ਦੇ ਬਾਰੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਕੋਈ ਜਨੁ ਹਰਿ ਸਿਉ ਦੇਵੈ ਜੋਰਿ॥***
***ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ॥***
***ਪੰਨਾ – 701***

ਇਸ ਕਰਕੇ ਜੋ ਗੁਰੂ ਪ੍ਰਮੇਸ਼ਰ ਨਾਲ ਜੋੜਦੇ ਹਨ, ਉਹਨਾਂ ਦੀ ਵਡਿਆਈ ਮਹਾਰਾਜ ਨੂੰ ਭਾਉਂਦੀ ਹੈ। ਉਹ ਵੀ ਸਾਰਿਆਂ ਦੇ ਪਿਆਰੇ ਹੋਇਆ ਕਰਦੇ ਹਨ ਅਤੇ ਉਹ ਕਾਲ ਮੰਡਲ ਦੀ ਹੱਦ ਤੋਂ ਉਪਰ ਹੋਇਆ ਕਰਦੇ ਹਨ। ਉਹਨਾਂ ਦਾ ਜੀਵਨ ਸਦਾ ਦਾ ਹੋਇਆ ਕਰਦਾ ਹੈ ਅਤੇ ਹਰ ਵਕਤ ਦਿਲਾਂ ਤੇ ਬੈਠ ਕੇ ਰਾਜ ਕਰਦੇ ਹਨ ਅਤੇ ਹਮੇਸ਼ਾ ਹਮੇਸ਼ਾ ਲਈ ਸ਼ੁਭ ਪ੍ਰੇਰਨਾ ਦਾ ਸਰੋਤ ਬਣੇ ਰਹਿੰਦੇ ਹਨ। ਉਨ੍ਹਾਂ ਦੀ ਮਹਿਮਾਂ ਵਰਨਣ ਕਰਨੀ ਔਖੀ ਹੈ, ਉਹਨਾਂ ਦੇ ਅੰਦਰੂਨੀ ਜੀਵਨ ਨੂੰ ਕੋਈ ਵੀ ਲਿਖ ਨਹੀਂ ਸਕਦਾ ਕਿ ਉਨ੍ਹਾਂ ਨੇ ਅੰਤਰੀਵ ਰੂਹਾਨੀ ਅਵਸਥਾਵਾਂ ਦਾ ਅਨੰਦ ਕਿਵੇਂ ਮਾਣਿਆ ਕਿਉਂਕਿ ਉਹ ਅਨੰਦ ਤਾਂ ਉਹ ਖੁਦ ਹੀ ਜਾਣਦੇ ਹਨ ਜਾਂ ਉਹਨਾਂ ਦੇ ਕੋਟੀ ਵਾਲੇ ਜਾਣ ਸਕਦੇ ਹਨ ਕਿਉਂਕਿ –

***ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ॥ ਪੰਨਾ – 273***

ਅਸੀਂ ਪ੍ਰੇਮ ਦੇ ਪੂਜਾਰੀ ਹਾਂ, ਪ੍ਰਮੇਸ਼ਰ ਤੇ ਗੁਰੂ ਦੇ ਪਿਆਰਿਆਂ ਨੂੰ ਪਿਆਰ ਕਰਨਾ ਹੀ ਸਾਡੀ ਰੂਹਾਨੀ ਸੇਧ ਦੀ ਪਉੜੀ ਹੈ ਜਿਸ ਦੇ ਡੰਡਿਆਂ ਤੇ ਇਸ ਪ੍ਰੇਮ ਦੀ ਲਗਨ ਨਾਲ ਸਹਿਜੇ ਸਹਿਜੇ ਪੈਰ ਰੱਖਦੇ ਹੋਏ ਉਸ ਗੁਰੂ ਅਖੰਡ ਜੋਤ ਵਿਚ ਸਮਾਉਣ ਦਾ ਯਤਨ ਕਰਨਾ ਹੈ ਕਿਉਂਕਿ ਰੂਹਾਨੀ ਪੰਧ ਦਾ ਸਭ ਤੋਂ ਆਸਾਨ ਤੇ ਸੌਖਾ ਤਰੀਕਾ ਪ੍ਰੇਮ ਹੈ। ਪ੍ਰੇਮ ਨਾਲ ਹੀ ਬਿਰਤੀ

ਗੜੂੰਦ ਹੁੰਦੀ ਹੈ, ਪ੍ਰੇਮ ਨਾਲ ਭਜਨ ਕਰਨ ਵਿਚ ਮਨ ਲਗਦਾ ਹੈ, ਪ੍ਰੇਮ ਨਾਲ ਹੀ ਰੂਹਾਨੀ ਸਫਰ ਸਹਿਜੇ ਤੈਅ ਕੀਤਾ ਜਾ ਸਕਦਾ ਹੈ। ਇਸ ਕਰਕੇ ਅਸੀਂ ਉਸ ਪ੍ਰਭੂ ਦੇ ਪਿਆਰਿਆਂ ਨਾਲ ਪ੍ਰੇਮ ਪਾਈਏ ਤੇ ਉਹਨਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਉਸ ਅਮਰ ਜੋਤ ਵਿਚ ਇਕ-ਮਿਕ ਹੋ ਜਾਈਏ ਜੋ ਕਿ ਇਹ ਪੁਸਤਕ ਲਿਖਣ ਦਾ ਦਾਸ ਦਾ ਆਸ਼ਾ ਹੈ। ਸੋ ਇਹ ਪਹਿਲਾ ਭਾਗ ਆਪ ਦੀ ਭੇਟਾ ਹੈ ਤੇ ਦੂਜਾ ਭਾਗ ਵੀ ਆਪ ਸਭ ਦੇ ਸਹਿਯੋਗ ਤੇ ਬੀਜੀ ਦੇ ਅਸ਼ੀਰਵਾਦ ਨਾਲ ਪੂਰਾ ਕਰਨ ਦਾ ਯਤਨ ਕੀਤਾ ਜਾਵੇਗਾ ਜੋ ਯੂ.ਪੀ. ਤੋਂ ਰਤਵਾੜਾ ਸਾਹਿਬ ਤਕ ਦਾ ਹੋਵੇਗਾ।

ਗੁਰੂ ਪਿਆਰੇ ਹਮੇਸ਼ਾ ਹੀ ਅਮਰ ਹਨ, ਉਹ ਅਟੱਲ ਪਦਵੀ ਦੇ ਮਾਲਕ ਹਨ ਤੇ ਕਾਲ ਦੀ ਹੱਦ ਤੋਂ ਪਰੇ ਹਨ, ਜਿਨ੍ਹਾਂ ਦੇ ਜੀਵਨ ਤੋਂ ਨਵਾਂ ਨਰੋਆ ਅਧਿਆਤਮੀ ਰੰਗ ਵਾਲਾ ਸਾਫ ਸੁਥਰਾ ਜੀਵਨ ਜੀਊਣ ਦੀ ਪ੍ਰੇਰਨਾ ਮਿਲਦੀ ਹੈ।

***ਸੰਤ ਤੁਮਾਰੇ ਤੁਮਰੇ ਪ੍ਰੀਤਮ ਤਿਨ ਕਉ ਕਾਲ ਨ ਖਾਤੇ॥***
***ਪੰਨਾ - 529***

***ਪ੍ਰੋ. ਗੁਰਦੇਵ ਸਿੰਘ***

***ਜਨਰਲ ਸਕੱਤਰ***

***ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ, ਚੈਰੀਟੇਬਲ ਟਰੱਸਟ***

ਰਤਵਾੜਾ ਸਾਹਿਬ
01-10-2002

ਰਤਵਾੜਾ ਸਾਹਿਬ 01-10-2002

# ਪ੍ਰਾਕੱਥਨ

ਗੁਰੂ ਅਰਜਨ ਦੇਵ ਜੀ ਦਾ ਪਵਿੱਤਰ ਵਾਕ ਹੈ -

***ਹਰਿ ਪ੍ਰਾਨ ਪ੍ਰਭੂ ਸੁਖਦਾਤੇ॥ ਗੁਰ ਪ੍ਰਸਾਦਿ ਕਾਹੂ ਜਾਤੇ॥***
***ਸੰਤ ਤੁਮਾਰੇ ਤੁਮਰੇ ਪ੍ਰੀਤਮ ਤਿਨ ਕਉ ਕਾਲ ਨ ਖਾਤੇ॥***
***ਰੰਗਿ ਤੁਮਾਰੈ ਲਾਲ ਭਏ ਹੈ ਰਾਮ ਨਾਮ ਰਸਿ ਮਾਤੇ॥***
***ਪੰਨਾ - 529***

ਅਰਥਾਤ ਹੇ ਪ੍ਰਭੂ, ਤੂੰ ਸਾਡੀ ਜਿੰਦ ਦਾ ਮਾਲਕ ਹੈਂ, ਸਾਰੇ ਸੁਖ ਦੇਣ ਵਾਲਾ ਹੈਂ। ਕੋਈ ਵਿਰਲਾ ਮਨੁੱਖ ਹੀ ਗੁਰੂ ਕ੍ਰਿਪਾ ਸਦਕਾ ਤੇਰੇ ਨਾਲ ਡੂੰਘੀ

ਸਾਂਝ ਪਾਉਂਦਾ ਹੈ, ਤੇਰੀ ਅਰਾਧਨਾ ਕਰਦਾ ਕਰਦਾ ਤੇਰੇ ਵਿਚ ਹੀ ਸਮਾਅ ਜਾਂਦਾ ਹੈ। ਹੇ ਪ੍ਰਭੂ ਪ੍ਰੀਤਮ! ਤੇਰੇ ਸੰਤ ਐਸੀ ਅਵਸਥਾ ਦੇ ਮਾਲਕ ਹੁੰਦੇ ਹਨ। ਉਹ ਸਦਾ ਤੇਰੇ ਹੀ ਬਣੇ ਰਹਿੰਦੇ ਹਨ। ਤੇਰੇ ਬਿਨਾਂ ਉਨ੍ਹਾਂ ਦਾ ਕੋਈ ਹੋਰ ਓਟ, ਆਸਰਾ, ਨਿਸ਼ਚਾ, ਦੁਨਿਆਵੀ ਸਬੰਧ ਕਿਸੇ ਤਰ੍ਹਾਂ ਦਾ ਕਿਸੇ ਨਾਲ ਨਹੀਂ ਹੁੰਦਾ। ਸਦਾ ਤੇਰੇ ਵਿਚ ਸਮਾਇ ਰਹਿਣਾ ਹੀ ਉਨ੍ਹਾਂ ਦਾ ਜੀਵਨ ਲਕਸ਼ ਹੁੰਦਾ ਹੈ। ਸਰੀਰਕ ਮੌਤ ਉਨ੍ਹਾਂ ਦੇ ਸੁੱਚੇ ਜੀਵਨ ਨੂੰ ਮੁਕਾ ਨਹੀਂ ਸਕਦੀ। ਉਨ੍ਹਾਂ ਦੀ ਆਤਮਕ ਹਸਤੀ ਸਦੀਵ ਕਾਲ ਲਈ ਕਾਇਮ ਰਹਿੰਦੀ ਹੈ। ਉਹ ਸਦਾ ਹੀ ਪ੍ਰਭੂ-ਪਿਆਰ ਵਿਚ ਲਾਲੋ ਲਾਲ ਰੰਗੇ ਹੁੰਦੇ ਹਨ ਅਤੇ ਉਹ ਨਾਮ ਰਸ ਵਿਚ ਸਦਾ ਮਸਤ ਰਹਿੰਦੇ ਹਨ।

ਏਸੇ ਸ਼ਬਦ ਦੀਆਂ ਆਖਰੀ ਪੰਗਤੀਆਂ ਵਿਚ ਫੁਰਮਾਨ ਕਰਦੇ ਹਨ -

> ***ਮਹਾ ਕਿਲਵਿਖ ਕੋਟਿ ਦੋਖ ਰੋਗਾ***
> ***ਪ੍ਰਭ ਦ੍ਰਿਸਟਿ ਤੁਹਾਰੀ ਹਾਤੇ॥***
> ***ਸੋਵਤ ਜਾਗਿ ਹਰਿ ਹਰਿ ਹਰਿ ਗਾਇਆ***
> ***ਨਾਨਕ ਗੁਰ ਚਰਨ ਪਰਾਤੇ॥***

***ਪੰਨਾ - 529***

ਅਰਥਾਤ ਉਨ੍ਹਾਂ ਸੰਤ ਜਨਾ ਦੀ ਐਸੇ ਸਰਬ ਸਮਰੱਥ ਪ੍ਰਭੂ ਨਾਲ ਸਾਂਝ ਹੁੰਦੀ ਹੈ ਜਿਸ ਦੀ ਮਿਹਰ ਦੀ ਇਕ ਨਿਗ੍ਹਾ ਨਾਲ ਜੀਵਾਂ ਦੇ ਕੀਤੇ ਹੋਏ ਵੱਡੇ ਵੱਡੇ ਪਾਪ, ਕ੍ਰੋੜਾਂ ਐਬ ਤੇ ਰੋਗ ਖਿਨ ਵਿਚ ਨਸ਼ਟ ਹੋ ਜਾਂਦੇ ਹਨ। ਇਸ ਸਾਂਝ ਸਦਕਾ ਉਨ੍ਹਾਂ ਵਿਚ ਵੀ ਇਹ ਵਡਿਆਈਆਂ ਸੁਤੇ ਸਿਧ ਆ ਜਾਂਦੀਆਂ ਹਨ ਪਰ ਉਹ ਪ੍ਰਭੂ ਪਿਆਰੇ, ਕਦੀ ਵੀ ਇਨ੍ਹਾਂ ਸ਼ਕਤੀਆਂ ਵਲ ਰੁਝਾਨ ਨਹੀਂ ਰਖਦੇ ਸਗੋਂ ਸਦਾ ਹੀ ਗੁਰੂ ਦੇ ਚਰਨਾਂ ਨਾਲ ਜੁੜੇ ਰਹਿੰਦੇ ਹਨ ਅਤੇ ਸੁਤਿਆਂ ਜਾਗਦਿਆਂ ਅੱਠੇ ਪਹਿਰ ਪ੍ਰਭੂ ਦੀ ਸਿਫਤਿ ਸਾਲਾਹ ਦੇ ਗੀਤ ਗਾਂਦੇ ਰਹਿੰਦੇ ਹਨ।

ਐਸੀ ਹੀ ਦ੍ਰਿਸ਼ਟੀ ਦੇ ਮਾਲਕ ਸਨ ਰਤਵਾੜਾ ਸਾਹਿਬ ਦੇ ਮਹਾਂਪੁਰਸ਼ ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ, ਜੋ 83 ਸਾਲਾਂ ਦੀ ਸਫਲ ਜੀਵਨ ਯਾਤਰਾ ਸੰਪੰਨ ਕਰਦੇ ਹੋਏ 31 ਅਕਤੂਬਰ 2001 ਨੂੰ ਬ੍ਰਹਮਲੀਨ ਹੋ ਗਏ। ਗੁਰੂ ਮਹਾਰਾਜ ਨੇ ਗੁਰਬਾਣੀ ਵਿਚ ਐਸੇ ਗੁਰੂ ਪਿਆਰਿਆਂ, ਸੰਤ ਜਨਾ, ਨਾਮ ਅਭਿਆਸੀਆਂ ਦੀ ਬਹੁਤ ਉਸਤਤਿ ਕੀਤੀ ਹੈ। ਉਪਰੋਕਤ ਸ਼ਬਦਾਂ ਵਿਚ ਵੀ ਕਿਹਾ ਹੈ 'ਤਿਨ ਕਉ ਕਾਲ ਨ ਖਾਤੇ' ਸਮਾਂ ਉਨ੍ਹਾਂ ਨੂੰ ਖਤਮ ਨਹੀਂ ਕਰ ਸਕਦਾ। ਦਰਅਸਲ ਕਾਲ ਤਾਂ ਸਰੀਰ ਨੂੰ ਖੈਅ ਕਰਦਾ ਹੈ ਅਤੇ ਜੋ ਮਨੁੱਖ ਸਰੀਰਕ ਜੀਵਨ ਤਕ ਹੀ ਸੀਮਤ ਹੁੰਦੇ ਹਨ, ਉਹ ਸਮੇਂ ਨਾਲ ਖਤਮ ਹੋ ਜਾਂਦੇ ਹਨ। ਆਤਮਾ ਤਾਂ ਸਭ ਦੀ ਅਮਰ ਹੈ ਪਰ ਅਗਿਆਨਤਾ ਕਾਰਨ ਲੋਕ ਹਰਦਮ ਜਨਮ ਵੀ ਲੈ ਰਹੇ ਹਨ, ਮਰ ਵੀ ਰਹੇ ਹਨ। ਪਰ ਕੋਈ ਕੋਈ ਵਿਰਲਾ (ਹੈਨ ਵਿਰਲੇ ਨਾਹੀ ਘਣੇ) ਗੁਰੂ ਸ਼ਰਨ ਵਿਚ ਜਾ ਕੇ ਸਰੀਰ ਤੋਂ ਉਪਰ ਉਠ ਜਾਂਦਾ ਹੈ, ਅਤੇ ਆਤਮਾ ਦੀ ਪਹਿਚਾਣ ਪ੍ਰਾਪਤ ਕਰਕੇ ਗੁਰ ਦੀਕਸ਼ਾ ਤੋਂ ਪ੍ਰਾਪਤ ਨਾਮ-ਜਪ-ਸਿਮਰਨ ਰਾਹੀਂ ਦ੍ਵੈ ਤੋਂ ਇਕ ਰੂਪ ਹੋ

ਜਾਂਦਾ ਹੈ। ਐਸੇ ਮਹਾਂਪੁਰਸ਼ ਜਨਮ ਮਰਨ ਤੋਂ ਮੁਕਤ ਹੁੰਦੇ ਹਨ –

***ਜਨਮ ਮਰਣ ਦੋਹਹੂ ਮੈ ਨਾਹੀ ਜਨ ਪਰਉਪਕਾਰੀ ਆਏ।।***

***ਪੰਨਾ – 749***

ਐਸੇ ਮਹਾਂਪੁਰਸ਼ਾਂ ਦੇ ਕਈ ਜੀਵਨ ਚਿੰਨ੍ਹ ਹੁੰਦੇ ਹਨ ਜਿਨ੍ਹਾਂ ਦੀ ਸੋਝੀ ਗੁਰਬਾਣੀ ਤੋਂ ਪ੍ਰਾਪਤ ਹੁੰਦੀ ਹੈ। ਇਕ ਚਿੰਨ੍ਹ ਇਹ ਹੈ ਕਿ ਉਹ ਸ੍ਵਾਸ ਸ੍ਵਾਸ ਨਾਮ ਜਪਦੇ ਹਨ –

***ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥ ਪੰਨਾ – 319***

ਇਕ ਚਿੰਨ੍ਹ ਇਹ ਹੈ ਕਿ ਉਨ੍ਹਾਂ ਦੀ ਸੰਗਤ ਵਿਚ ਬੈਠਿਆਂ ਜਗਿਆਸੂ ਦੀ ਦੁਰਮਤਿ ਨਾਸ ਹੁੰਦੀ ਹੈ, ਭਗਤੀ ਕਰਨ ਨੂੰ ਮਨ ਕਰਦਾ ਹੈ। ਸੰਤ ਜਨ ਭਗਤੀ ਵਿਚ ਜੋੜਦੇ ਹਨ, ਪ੍ਰਭੂ ਨਾਲ ਮਿਲਾਪ ਬਖਸ਼ਿਸ਼ ਕਰਦੇ ਹਨ –

***ਜੀਅ ਦਾਨੁ ਦੇ ਭਗਤੀ ਲਾਇਨਿ***
***ਹਰਿ ਸਿਉ ਲੈਨਿ ਮਿਲਾਏ॥***

***ਪੰਨਾ – 749***

ਐਸੇ ਮਹਾਂਪੁਰਸ਼ ਨਿੱਜ ਲਈ ਨਹੀਂ ਜੀਉਂਦੇ, ਆਪਣੇ ਅਤੇ ਆਪਣੇ ਪਰਿਵਾਰ ਦੇ ਸੁਖ ਆਰਾਮ ਤਕ ਹੀ ਸੀਮਤ ਨਹੀਂ ਰਹਿੰਦੇ, ਸਗੋਂ ਉਨ੍ਹਾਂ ਦਾ ਸਾਰਾ ਜੀਵਨ ਪਰਉਪਕਾਰੀ ਜੀਵਨ ਹੋ ਨਿਬੜਦਾ ਹੈ।

ਰਤਵਾੜਾ ਸਾਹਿਬ ਦੇ ਮਹਾਂਪੁਰਸ਼ਾਂ ਵਿਚ ਅਨੇਕਾਂ ਐਸੇ ਗੁਣ ਪ੍ਰਤੱਖ ਹੁੰਦੇ ਰਹੇ ਹਨ। ਉਨ੍ਹਾਂ ਨੇ ਸਾਰਾ ਜੀਵਨ ਆਪ ਗੁਰੂ ਆਸ਼ੇ ਅਨੁਸਾਰ ਨਾਮ-ਜਪੁ-ਸਿਮਰਨ ਵਿਚ ਬਤਾਇਆ ਅਤੇ ਦੀਵਾਨਾਂ ਰਾਹੀਂ, ਕੈਸਟਾਂ ਰਾਹੀਂ, ਆਤਮ ਮਾਰਗ ਰਾਹੀਂ, ਪੁਸਤਕਾਂ ਰਾਹੀਂ ਹਰ ਤਰ੍ਹਾਂ ਗੁਰੂ ਘਰ ਤੋਂ ਪ੍ਰਾਪਤ ਨਾਮ-ਜਪ-ਸਿਮਰਨ ਦੀ ਦਾਤ ਨੂੰ ਵੰਡਿਆ। ਆਪ ਮਹਾਨ ਭਗਤ, ਗਿਆਨ ਦੇ ਸੂਰਜ, ਪਰਉਪਕਾਰ ਦੇ ਮੁਜੱਸਮਾ ਅਤੇ ਪਿਆਰ ਦੇ ਸਾਗਰ ਸਨ। ਪਰਉਪਕਾਰੀ ਬਿਰਤੀ ਅਧੀਨ ਘਰ ਘਰ, ਪਿੰਡ ਪਿੰਡ, ਸ਼ਹਿਰ ਸ਼ਹਿਰ, ਬਿਖੜੇ ਪੈਂਡੇ ਝਾਕ ਗੁਰੂ ਉਪਦੇਸ਼ ਵੰਡਦੇ ਰਹੇ। ਹੜ੍ਹਾਂ ਵਿਚ, ਭੁਚਾਲ ਵਿਚ ਦੁਖੀਆਂ ਦਾ ਦਰਦ ਵੰਡਣ ਪੁੱਜੇ। ਪਿੰਡਾਂ ਦੇ ਲੋਕਾਂ ਲਈ ਸਕੂਲ ਕਾਲਜ, ਡਿਸਪੈਂਸਰੀਆਂ ਖੋਲ੍ਹੀਆਂ। ਐਸਾ ਪਰਉਪਕਾਰੀ ਜੀਵਨ ਹਰਮਨ ਪਿਆਰਾ ਹੋ ਨਿਬੜਿਆ। ਆਪ ਨੇ ਲੱਖਾਂ ਲੋਕਾਂ ਨੂੰ ਪਿਆਰ ਕੀਤਾ, ਦੁਖ ਵੰਡੇ, ਸੋਹਣੇ ਸੁਚੱਜੇ ਗੁਰਮੁਖਿ ਜੀਵਨ ਦੀ ਅਗਵਾਈ ਕੀਤੀ ਅਤੇ ਲੱਖਾਂ ਨੇ ਆਪ ਨੂੰ ਆਪਣਾ ਪਿਆਰਾ ਮਹਿਬੂਬ ਮੰਨਿਆ। ਗੁਰੂ ਪਿਆਰੇ ਮਹਾਂਪੁਰਸ਼ ਸਦੀਵ ਕਾਲ ਜੀਉਂਦੇ ਰਹਿੰਦੇ ਹਨ।

ਪੁਸਤਕ 'ਸੰਤ ਤੁਮਾਰੇ ਤੁਮਰੇ ਪ੍ਰੀਤਮ' ਵਿਚ ਐਸੇ ਮਹਾਂਪੁਰਸ਼ਾਂ ਦਾ

ਅਨੁਭਵੀ ਜੀਵਨ ਹੀ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਪ੍ਰੋ. ਗੁਰਦੇਵ ਸਿੰਘ ਜੀ ਨੂੰ ਬਹੁਤ ਅਰਸੇ ਤੋਂ ਮਹਾਂਪੁਰਸ਼ਾਂ ਦੀ ਨਿਕਟ ਸੰਗਤ ਪ੍ਰਾਪਤ ਹੈ। ਦੀਵਾਨਾਂ ਦੀ ਸਮਾਪਤੀ ਉਪਰੰਤ ਕੁਝ ਵਿਸ਼ੇਸ਼ ਜਗਿਆਸੂ ਮਹਾਂਪੁਰਸ਼ਾਂ ਦੀ ਕੋਠੀ ਉਨ੍ਹਾਂ ਪਾਸ ਆ ਬੈਠਦੇ ਸੀ। ਉਹ ਕਈ ਕਈ ਘੰਟੇ ਅਧਿਆਤਮਵਾਦ ਦੀਆਂ ਡੂੰਘੀਆਂ ਰਮਜ਼ਾਂ ਖੋਲ੍ਹਦੇ ਰਹਿੰਦੇ ਅਤੇ ਨਾਲ ਨਾਲ ਆਪਣੇ ਜੀਵਨ ਵਿਚੋਂ ਪ੍ਰਸੰਗ ਵੀ ਸੁਣਾਉਂਦੇ ਰਹਿੰਦੇ ਸੀ। ਪ੍ਰੋ. ਗੁਰਦੇਵ ਸਿੰਘ ਇਸ ਸੰਗਤ ਸਮੇਂ ਬਹੁਤ ਕੁਝ ਆਪਣੀ ਡਾਇਰੀ ਵਿਚ ਨੋਟ ਕਰ ਲੈਂਦੇ ਸਨ। ਜੀਵਨ ਦੇ ਕੁਝ ਵਿਸ਼ੇਸ਼ ਬਿਰਤਾਂਤ ਉਨ੍ਹਾਂ ਨੇ ਸਤਿਕਾਰਯੋਗ ਬੀਜੀ ਤੋਂ ਅਤੇ ਹੋਰ ਸੰਬੰਧੀਆਂ ਅਤੇ ਨਿਕਟ ਰਿਸ਼ਤੇਦਾਰਾਂ ਤੋਂ ਪ੍ਰਾਪਤ ਕੀਤੇ। ਇਸ ਸਭ ਕੁਝ ਦੇ ਆਧਾਰ ਤੇ ਪ੍ਰੋਫੈਸਰ ਸਾਹਿਬ ਨੇ ਆਪ ਜੀ ਦਾ ਅਨੁਭਵੀ ਜੀਵਨ ਲਿਖਣ ਦੀ ਕੋਸ਼ਿਸ਼ ਕੀਤੀ ਹੈ ਜਿਸ ਵਿਚ ਆਪ ਕਾਫੀ ਹਦ ਤਕ ਸਫਲ ਹਨ। ਅਧਿਆਤਮਕ ਅਨੁਭਵੀ ਜੀਵਨ ਨਾ ਪੂਰੀ ਤਰ੍ਹਾਂ ਦੱਸਿਆ ਜਾ ਸਕਦਾ ਹੈ ਨਾ ਲਿਖਿਆ ਜਾ ਸਕਦਾ ਹੈ। ਫਿਰ ਵੀ ਇਹ ਜੀਵਨੀ ਇਕ ਉਤਮ ਲਿਖਤ ਹੋ ਨਿਬੜੀ ਹੈ ਜੋ ਆਪਣੇ ਪਿਆਰੇ ਨਾਲ ਜੋੜਦੀ ਹੈ, ਨਿਕਟਤਾ ਬਖਸ਼ਦੀ ਹੈ, ਉਤਸ਼ਾਹਤ ਕਰਦੀ ਹੈ ਅਤੇ ਪ੍ਰੇਰਨਾਦਾਇਕ ਹੈ। ਆਸ ਹੈ ਪ੍ਰੇਮੀ ਪਾਠਕ ਇਸ ਦਾ ਹਾਰਦਿਕ ਸਵਾਗਤ ਕਰਨਗੇ।

***ਡਾ. ਜਗਜੀਤ ਸਿੰਘ***
***ਚੀਫ ਐਡੀਟਰ 'ਆਤਮ ਮਾਰਗ'***

# ਸੰਤ ਤੁਮਾਰੇ ਤੁਮਰੇ ਪ੍ਰੀਤਮ

## ਭੂਮਿਕਾ

ਘੁੱਗ ਵਸਦੇ ਸੰਸਾਰ ਦੇ ਅੰਦਰ ਵਾਹਿਗੁਰੂ ਦੀ ਨੇਤ ਅਨੁਸਾਰ ਇਕ ਪਰਵਾਹ ਚਲ ਰਿਹਾ ਹੈ। ਬਾਬਾ ਜੀ (ਮਹਾਂਪੁਰਸ਼ ਸੰਤ ਵਰਿਆਮ ਸਿੰਘ ਜੀ) ਬਚਨ ਕਰਿਆ ਕਰਦੇ ਸਨ ਕਿ ਜਿਵੇਂ ਗੰਨੇ ਪੀੜਨ ਵਾਲੀ ਮਸ਼ੀਨ ਦੇ ਪਟੇ (conveyor) ਉਤੇ ਗੰਨੇ ਆਪਣੀ ਵਾਰੀ ਅਨੁਸਾਰ ਪੀੜੇ ਜਾਂਦੇ ਹਨ, ਇਸ ਤਰ੍ਹਾਂ ਨਾਲ ਹਰ ਇਕ ਜੀਵ ਨੇ ਆਪਣੀ ਵਾਰੀ ਅਨੁਸਾਰ ਇਸ ਨਾਸ਼ਵਾਨ ਸੰਸਾਰ ਤੋਂ ਚਲੇ ਜਾਣਾ ਹੈ। ਉਨ੍ਹਾਂ ਦੀ ਥਾਂ ਨਵੇਂ ਲੈਂਦੇ ਆ ਰਹੇ ਹਨ, ਮਾਨੋ ਪੂਰਾਂ ਦੇ ਪੂਰ ਆ ਰਹੇ ਹਨ, ਪੂਰਾਂ ਦੇ ਪੂਰ ਜਾ ਰਹੇ ਹਨ ਕਿਉਂਕਿ ਇਹ ਕਾਲ ਦਾ ਚੱਕਰ ਹੈ। ਪਵਿੱਤਰ ਫੁਰਮਾਨ ਹੈ –

***ਭੈ ਵਿਚਿ ਆਵਹਿ ਜਾਵਹਿ ਪੂਰ॥***
***ਸਗਲਿਆ ਭਉ ਲਿਖਿਆ ਸਿਰਿ ਲੇਖੁ॥***
***ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥*** ***ਪੰਨਾ – 464***

ਸਭਨਾਂ ਨੇ ਮੱਥੇ ਉਤੇ ਲਿਖੇ ਲੇਖ ਅਨੁਸਾਰ ਜੀਵਨ ਦੇ ਰੰਗ ਮੰਚ ਤੇ ਆ ਕੇ ਆਪਣਾ ਨਾਟਕ ਕਰਕੇ ਚਲੇ ਜਾਣਾ ਹੈ ਪਰੰਤੂ ਉਹ ਪਾਰਬ੍ਰਹਮ ਪ੍ਰਮੇਸ਼ਰ ਜੋ ਨਿਰਭਉ ਤੇ ਨਿਰਵੈਰ ਹੈ, ਆਪ ਹੀ ਆਪਣੀ ਖੇਡ ਨੂੰ ਦੇਖ ਰਿਹਾ ਹੈ। ਉਸ ਨੇ ਆਪਣੀ ਮਾਇਆ ਆਪ ਹੀ ਪਸਾਰੀ ਹੈ ਤੇ ਆਪਣੇ ਆਪ ਹੀ ਸਾਰੇ ਰੂਪ ਪਰਗਟ ਕੀਤੇ ਹੋਏ ਹਨ ਜੋ ਕਿ ਇਕ ਦੂਜੇ ਤੋਂ ਭਿੰਨ ਹਨ, ਕੋਈ ਵੀ ਆਕਾਰ ਦੂਜੇ ਨਾਲ ਨਹੀਂ ਮਿਲਦਾ। ਸਾਇੰਸਦਾਨਾਂ ਨੇ ਵੀ ਇਹ ਸਿਧ ਕੀਤਾ ਹੈ ਕਿ ਸ੍ਰਿਸ਼ਟੀ ਦਾ ਕੋਈ ਵੀ ਆਕਾਰ ਦੂਸਰੇ ਨਾਲ ਨਹੀਂ ਮਿਲਦਾ ਭਾਵੇਂ ਦਰਖਤ ਦੇ ਪੱਤੇ ਲੈ ਲਵੋ, ਫਲ ਲੈ ਲਵੋ, ਸਭ ਦਾ ਆਕਾਰ ਭਿੰਨ ਭਿੰਨ ਹੋਵੇਗਾ। ਉਹ ਪ੍ਰਭੂ ਸਭ ਦੇ ਵਿਚ ਹੁੰਦਿਆਂ ਹੋਇਆਂ ਵੀ ਸਭ ਤੋਂ ਨਿਆਰਾ ਹੈ। ਇਹੀ ਉਸ ਦੀ ਵਡਿਆਈ ਹੈ।

***ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥***
***ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥***
***ਪੰਨਾ – 537***

ਉਸ ਦੀ ਮਾਇਆ ਵਿਚ ਓਤ ਪੋਤ ਹੋਇਆ ਇਹ ਜੀਵ ਮੋਹ ਦੇ ਜਾਲ ਵਿਚ ਫਸ ਕੇ ਆਪਣੇ ਸੰਬੰਧੀਆਂ ਰਿਸ਼ਤੇਦਾਰਾਂ ਦੇ ਸੰਯੋਗ ਵਿਯੋਗ ਵਿਚ ਬੱਝਾ ਹੋਇਆ ਕਦੀ ਕਦੀ ਤਾਂ ਬਹੁਤ ਖੁਸ਼ ਹੁੰਦਾ ਹੈ ਅਤੇ ਕਦੀ-ਕਦੀ ਧਾਹਾਂ ਮਾਰ ਮਾਰ ਕੇ ਰੋਂਦਾ ਹੈ, ਵਿਰਲਾਪ ਕਰਦਾ ਹੈ ਕਿਉਂਕਿ ਉਸਦੀ ਜਾਣਕਾਰੀ ਕੇਵਲ ਆਪਣੇ ਦਾਇਰੇ ਅੰਦਰ ਹੀ ਸੀਮਤ ਹੁੰਦੀ ਹੈ। ਇਸ ਜੀਵ ਨੂੰ ਮਾਇਆ ਦੇ ਜਾਲ ਵਿਚੋਂ ਕੱਢਣ ਲਈ ਪ੍ਰਭੂ ਕਦੀ ਕਦੀ ਕੋਈ ਬਖਸ਼ੀ ਹੋਈ ਰੂਹ ਸੰਸਾਰ ਤੇ ਭੇਜਦਾ ਰਹਿੰਦਾ ਹੈ, ਇਹ ਪ੍ਰਭੂ ਦੀ ਦਿਆਲਤਾ ਹੈ ਤੇ ਪ੍ਰਭੂ ਦਾ ਆਪਣਾ

ਇੰਤਜ਼ਾਮ ਹੈ ਤੇ ਜੀਵ ਦੇ ਸ਼ੁਭ ਕਰਮਾਂ ਦਾ ਫਲ ਹੁੰਦਾ ਹੈ ਕਿ ਐਸੀ ਬਖਸ਼ੀ ਹੋਈ ਰੂਹ ਨਾਲ ਉਸ ਦਾ ਸੰਪਰਕ ਕਾਇਮ ਹੋ ਜਾਂਦਾ ਹੈ, ਪਵਿੱਤਰ ਫੁਰਮਾਨ ਹੈ –

*ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥*

*ਪੰਨਾ – 204*

ਐਸੀ ਬਖਸ਼ੀ ਹੋਈ ਰੂਹ, ਐਸਾ ਗੁਰਮੁਖ ਪਿਆਰਾ ਉਸ ਮਨੁਖ ਦੇ ਜੀਵਨ ਵਿਚ ਆਪਣੀ ਸੰਗਤ ਬਖਸ਼ ਕੇ ਅਹਿਸਾਸ ਦਿਵਾਉਂਦਾ ਹੈ ਕਿ ਤੇਰੇ ਜੀਵਨ ਦਾ ਕੀ ਮਨੋਰਥ ਹੈ। ਸਹਿਜੇ ਸਹਿਜੇ ਆਪਣੇ ਪ੍ਰੇਮ ਭਰੇ ਬਚਨਾਂ ਦੁਆਰਾ ਉਸ ਦਾ ਪ੍ਰਵੇਸ਼ ਅਧਿਆਤਮਵਾਦ ਵਿਚ ਕਰਵਾ ਦਿੰਦਾ ਹੈ ਤਾਕਿ ਉਸ ਨੂੰ ਗਿਆਨ ਹੋ ਜਾਵੇ ਕਿ ਉਹ ਕੌਣ ਹੈ। ਜੇ ਕੋਈ ਇੰਞ ਕਹਿਣ ਦਾ ਦਾਅਵਾ ਕਰੇ ਕਿ ਉਹ ਆਪਣੇ ਆਪ ਹੀ ਐਸੀ ਸੂਝ ਪ੍ਰਾਪਤ ਕਰ ਲਵੇਗਾ, ਇਹ ਨਾ-ਮੁਮਕਿਨ ਹੈ ਕਿਉਂਕਿ ਗੁਰਮੁਖ ਧੁਰ ਦਰਗਾਹ ਤੋਂ ਬਖਸ਼ਿਆ ਹੁੰਦਾ ਹੈ। ਆਪਣੇ ਆਪ ਹੀ ਕੋਈ 'ਗੁਰਮੁਖ' ਨਹੀਂ ਅਖਵਾ ਸਕਦਾ।

*ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ ॥*

*ਪੰਨਾ – 920*

ਵਾਹਿਗੁਰੂ ਜਿਸ ਤੇ ਦਇਆਲ ਹੁੰਦਾ ਹੈ, ਜਿਸ ਤੇ ਬਖਸ਼ਿਸ਼ ਕਰਦਾ ਹੈ, ਉਸ ਨੂੰ ਹੀ ਆਪਣੀ ਸੋਝੀ ਬਖਸ਼ਦਾ ਹੈ, ਆਪਣੇ ਆਪ ਕੋਈ ਜਿੰਨਾ ਮਰਜ਼ੀ ਜ਼ੋਰ ਲਾ ਲਵੇ, ਇਹ ਪਦਵੀ ਨਹੀਂ ਮਿਲ ਸਕਿਆ ਕਰਦੀ, ਜ਼ੋਰ ਨਾਲ ਸੁਰਤੀ ਇਕ ਵਿਚ ਲੀਨ ਨਹੀਂ ਹੋ ਸਕਦੀ ਤੇ ਨਾ ਹੀ ਬ੍ਰਹਿਮੰਡੀ ਤੇ ਪਿੰਡੀ ਦੇ ਭੇਦ ਦਾ ਗਿਆਨ ਹੋਇਆ ਕਰਦਾ ਹੈ। ਇਸੇ ਕਰਕੇ ਉਸ ਦੀ ਇਕ ਵਿਚ ਅਭੇਦਤਾ ਨਹੀਂ ਹੋ ਸਕਦੀ, ਨਾ ਹੀ ਲਿਵ ਜੁੜ ਸਕਦੀ ਹੈ। ਫੁਰਮਾਨ ਹੈ –

*ਜੋਰੁ ਨਾ ਸੁਰਤੀ ਗਿਆਨਿ ਵੀਚਾਰਿ ॥ ਪੰਨਾ – 4*

ਬਖਸ਼ੀਆਂ ਹੋਈਆਂ ਰੂਹਾਂ ਸੰਸਾਰ ਦੇ ਰੰਗ ਮੰਚ ਤੋਂ ਜਦੋਂ ਅਲੋਪ ਹੁੰਦੀਆਂ ਹਨ ਤਾਂ ਇਹ ਖਬਰ ਰੋਸ਼ਨੀ ਦੀ ਰਫਤਾਰ ਵਾਂਗੂੰ ਸਾਰੇ ਸੰਸਾਰ ਵਿਚ ਫੈਲ ਜਾਂਦੀ ਹੈ। ਕੋਈ ਵੀ ਇਨਸਾਨ ਐਸਾ ਨਹੀਂ ਹੁੰਦਾ ਜਿਹੜਾ ਉਸ ਦਾ ਵਿਛੋੜਾ ਹੋਣ ਤੇ ਠੰਢੀ ਆਹ ਨਾ ਭਰੇ ਕਿਉਂਕਿ ਮਹਾਂਪੁਰਸ਼ਾਂ ਨੇ ਆਪਣੇ ਪਿਆਰ ਨਾਲ ਸਾਰੀ ਦੁਨੀਆਂ ਨੂੰ ਕਲਾਵੇ ਵਿਚ ਲਿਆ ਹੁੰਦਾ ਹੈ। ਉਨ੍ਹਾਂ ਵਾਸਤੇ ਕੋਈ ਆਪਣਾ ਤੇ ਬੇਗਾਨਾ ਨਹੀਂ ਹੁੰਦਾ। ਸਾਰਿਆਂ ਵਿਚ ਪ੍ਰਭੂ ਦੀ ਜਾਗਤ ਜੋਤ ਨੂੰ ਪਰੀਪੂਰਨ ਦੇਖਣ ਦੀ ਉਨ੍ਹਾਂ ਅੰਦਰ ਦ੍ਰਿਸ਼ਟੀ ਹੁੰਦੀ ਹੈ। ਬਾਬਾ ਜੀ ਸਾਰਿਆਂ ਨੂੰ ਪਿਆਰ ਹੀ ਵੰਡਦੇ ਰਹੇ, ਜਿਥੇ ਵੀ ਜਿਸ ਹਾਲਤ ਵਿਚ ਉਨ੍ਹਾਂ ਨੂੰ ਕੋਈ ਮਿਲਿਆ, ਪਹਿਲੀ ਨਜ਼ਰੇ ਹੀ ਉਨ੍ਹਾਂ ਦਾ ਹੋ ਕੇ ਰਹਿ

ਗਿਆ, ਭਾਵੇਂ ਉਹ ਕਿਸੇ ਮਜ੍ਹਬ ਜਾਂ ਕਿਸੇ ਵੀ ਸੰਪਰਦਾਇ ਨਾਲ ਸੰਬੰਧ ਰੱਖਦਾ ਸੀ। ਉਨ੍ਹਾਂ ਦੇ ਮਨ ਵਿਚ ਇਹੀ ਰਹਿੰਦਾ ਸੀ ਕਿ ਜਿਹੜਾ ਵੀ ਸੰਸਾਰ ਤੇ ਆਇਆ ਹੈ, ਉਸ ਦਾ ਉਧਾਰ ਹੋ ਜਾਵੇ, ਉਹ ਸੁਖੀ ਹੋ ਜਾਵੇ, ਜਨਮ ਮਰਨ ਦੇ ਚੱਕਰ ਵਿਚੋਂ ਨਿਕਲ ਕੇ ਪਰਮਸ਼ਾਂਤੀ ਪ੍ਰਾਪਤ ਕਰ ਲਵੇ।

ਸੋ ਐਸੇ ਪਰਉਪਕਾਰੀ ਮਹਾਂਪੁਰਸ਼ ਜਦੋਂ ਸੰਸਾਰ ਤੋਂ ਓਝਲ (ਸਰੀਰ ਕਰਕੇ ਅਲੋਪ ਹੋ ਜਾਣਾ) ਹੋ ਜਾਣ ਤਾਂ ਅਚਨਚੇਤ ਹੀ ਬਹੁਤ ਵੱਡਾ ਧੱਕਾ ਲਗਦਾ ਹੈ ਕਿਉਂਕਿ ਜਦੋਂ ਧੇਅ ਅੱਖਾਂ ਤੋਂ ਉਹਲੇ ਹੋ ਜਾਵੇ ਤਾਂ ਬਹੁਤ ਉਥੱਲ-ਪੁੱਥਲ ਹੋ ਜਾਇਆ ਕਰਦੀ ਹੈ, ਜੀਵਨ ਦਾ ਸੰਤੁਲਨ ਵਿਗੜਨ ਦਾ ਡਰ ਹੋ ਜਾਂਦਾ ਹੈ, ਜ਼ਿੰਦਗੀ ਨੂੰ ਢਾਰਸ ਬਨ੍ਹਾਉਣੀ ਔਖੀ ਹੋ ਜਾਂਦੀ ਹੈ। ਮਹਾਂਪੁਰਸ਼ਾਂ ਦੇ ਧਰਮੀ ਜੀਵਨ ਹੋਣ ਕਰਕੇ ਸੰਸਾਰ ਵੀ ਖੜ੍ਹਾ ਹੈ। ਉਨ੍ਹਾਂ ਦੇ ਪਰਮ ਸ਼ਾਂਤੀ ਦੇਣ ਵਾਲੇ ਪ੍ਰਵਚਨਾਂ ਤੇ ਕੀਰਤਨਾਂ 'ਚੋਂ ਨਿਕਲੇ ਰੂਹਾਨੀ ਪ੍ਰਮਾਣੂ, ਸੰਸਾਰ ਵਿਚੋਂ ਵੈਰ ਵਿਰੋਧ ਤੇ ਨਫਰਤ ਫੈਲਾਉਣ ਵਾਲੇ ਦੂਸ਼ਤ ਪ੍ਰਮਾਣੂਆਂ ਨੂੰ ਹਮੇਸ਼ਾ ਕੱਟਦੇ ਰਹਿੰਦੇ ਹਨ ਜਿਸ ਨਾਲ ਆਪਸੀ ਭਾਈਚਾਰੇ ਤੇ ਪਿਆਰ ਦਾ ਵਾਤਾਵਰਣ ਬਣਿਆ ਰਹਿੰਦਾ ਹੈ।

ਇਹੀ ਕਾਰਨ ਹੈ ਕਿ ਸੰਸਾਰ ਨੂੰ ਹਮੇਸ਼ਾ ਹੀ ਐਸੇ ਮਹਾਂਪੁਰਸ਼ਾਂ ਦੀ ਰਹਿਨੁਮਾਈ ਦੀ ਲੋੜ ਬਣੀ ਰਹਿੰਦੀ ਹੈ। ਇਸੇ ਕਰਕੇ ਉਨ੍ਹਾਂ ਦੇ ਨਿਧਨ ਤੇ ਸੰਸਾਰ ਵਿਚ ਉਦਾਸੀ ਛਾ ਜਾਂਦੀ ਹੈ ਤੇ ਅਚਾਨਕ ਅਸਥਿਰਤਾ ਵਾਪਰ ਜਾਂਦੀ ਹੈ। ਪਰ ਵਾਹਿਗੁਰੂ ਦਾ ਇੰਤਜ਼ਾਮ ਬਹੁਤ ਮਜ਼ਬੂਤ ਹੈ, ਇਹ ਪ੍ਰਵਚਨ ਉਹ ਆਪ ਹੀ ਕਰਿਆ ਕਰਦੇ ਸਨ ਕਿ ਮੈਂ ਸਰੀਰ ਕਰਕੇ ਤੁਹਾਡੇ ਤੋਂ ਪਰੇ ਹੋਵਾਂਗਾ ਪਰ ਆਤਮਕ ਤੌਰ ਤੇ ਹਮੇਸ਼ਾ ਤੁਹਾਡੇ ਅੰਗ ਸੰਗ ਰਹਾਂਗਾ। ਮਹਾਂਪੁਰਸ਼ਾਂ ਦੇ ਬਚਨ ਹਨ ਕਿ ਸਾਨੂੰ ਦਸਮ ਪਾਤਸ਼ਾਹ ਜੀ ਨੇ ਸਮਰੱਥ ਗੁਰੂ ਗਰੰਥ ਸਾਹਿਬ ਜੀ ਦੇ ਲੜ ਲਾਇਆ ਹੈ। ਇਸ ਕਰਕੇ ਗੁਰ ਸਿਖ ਸੰਗਤਾਂ ਕਦੇ ਨਿਆਸਰੀਆਂ ਨਹੀਂ ਹੁੰਦੀਆਂ।

ਮਹਾਂਪੁਰਖਾਂ ਦਾ ਸੰਸਾਰ ਤੋਂ ਜਾਣਾ ਵੀ ਨਿਰਾਲਾ ਹੁੰਦਾ ਹੈ। ਉਹ ਆਪਣੇ ਸਰੀਰ ਰੂਪੀ ਚੋਲੇ ਨੂੰ ਤਿਆਗ ਕੇ ਖੁਸ਼ ਹੁੰਦੇ ਹਨ ਪਰੰਤੂ ਸੰਸਾਰ ਉਨ੍ਹਾਂ ਨੂੰ ਯਾਦ ਕਰਦਾ ਹੈ ਕਿ ਐਸੇ ਪਿਆਰੇ ਮਹਾਂਪੁਰਸ਼ ਕਿਥੇ ਚਲੇ ਗਏ, ਉਨ੍ਹਾਂ ਦੇ ਪਰਉਪਕਾਰਾਂ, ਉਨ੍ਹਾਂ ਦੇ ਪਿਆਰ ਤੇ ਅਪੱਣਤ ਨੂੰ, ਉਹਨਾਂ ਦੇ ਢਾਰਸ ਦੇਣ ਵਾਲੇ ਬਚਨਾਂ ਨੂੰ, ਅਤੇ ਉਨ੍ਹਾਂ ਦੀ ਮਹਾਨ ਉਚੀ ਸ਼ਖਸ਼ੀਅਤ ਤੇ ਰੂਹਾਨੀ ਰਹਿਨੁਮਾਈ ਨੂੰ ਯਾਦ ਕਰਦੇ ਰਹਿੰਦੇ ਹਨ ਅਤੇ ਉਨ੍ਹਾਂ ਦੀਆਂ ਗੱਲਾਂ ਕਰਦੇ ਥੱਕਦੇ ਨਹੀਂ ਹਨ। ਉਨ੍ਹਾਂ ਤੇ ਇਹ ਫੁਰਮਾਨ ਬਿਲਕੁਲ ਢੁਕਦਾ ਹੈ –

***ਕਬੀਰ ਜਾ ਤੂੰ ਜਨਮਿਆ ਜਗਤ ਮੈ ਜੱਗ ਹੱਸੇ ਤੂੰ ਰੋਇ॥***
***ਐਸੀ ਕਰਣੀ ਕਰ ਚਲੋ ਪਿਆਰੇ ਤੂੰ ਹਸੇ ਜਗ ਰੋਇ॥***

ਉਨ੍ਹਾਂ ਦੀ ਗੱਲ ਸੁਣ ਕੇ ਉਨ੍ਹਾਂ ਨੂੰ ਪਿਆਰ ਕਰਨ ਵਾਲਿਆਂ ਦੇ ਨੇਤਰਾਂ ਵਿਚੋਂ ਹੰਝੂਆਂ ਦੀ ਝੜੀ ਆਪ ਮੁਹਾਰੇ ਲਗ ਜਾਂਦੀ ਹੈ, ਪਿਆਰ ਨਾਲ ਹਿਰਦਾ ਉਛਲਦਾ ਹੈ ਤੇ ਕਲੇਜਾ ਮੂੰਹ ਨੂੰ ਪੈਂਦਾ ਹੈ ਕਿ ਉਸ ਮਨਮੋਹਣੀ ਸੂਰਤ ਅਤੇ

ਪਿਆਰ ਦੇ ਮੁਜੱਸਮੇ ਨੂੰ ਕਿਥੋਂ ਲੱਭੀਏ, ਹੁਣ ਉਨ੍ਹਾਂ ਦਾ ਮੇਲ ਕਦੋਂ ਹੋਵੇਗਾ? ਇਹ ਵੈਰਾਗਮਈ ਦਸ਼ਾ ਉਨ੍ਹਾਂ ਨੂੰ ਪਿਆਰ ਕਰਨ ਵਾਲਿਆਂ ਦੀ ਹੈ –

***ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ***
***ਮੈ ਨੀਰੁ ਵਹੇ ਵਹਿ ਚਲੈ ਜੀਉ॥*** ***ਪੰਨਾ – 94***

ਜਦੋਂ ਉਹ ਸੰਸਾਰ ਤੋਂ ਅਲੋਪ ਹੁੰਦੇ ਹਨ ਤਾਂ ਉਨ੍ਹਾਂ ਦੀ ਯਾਦ, ਵੈਰਾਗੀ ਜਗਿਆਸੂਆਂ ਨੂੰ ਇਕ ਨਵੀਂ ਜਾਗਰਤ ਸੂਝ ਪਰਦਾਨ ਕਰਦੀ ਹੈ ਜੋ ਹਰ ਵੇਲੇ ਉਸ ਵਿਚ ਲੀਨ ਹੋਣ ਲਈ ਤੇ ਉਸ ਦੇ ਦੱਸੇ ਹੋਏ ਆਤਮ ਮਾਰਗ ਤੇ ਚਲਣ ਲਈ ਪ੍ਰੇਰਿਤ ਕਰਦੀ ਰਹਿੰਦੀ ਹੈ। ਜੋ ਸੰਤ ਮਹਾਤਮਾ ਜਾਗੀਆਂ ਰੂਹਾਂ ਹੁੰਦੀਆਂ ਹਨ, ਇਨ੍ਹਾਂ ਨੂੰ ਪਿਆਰ ਕੀਤਾ ਕਦੀ ਵੀ ਬਿਰਥਾ ਨਹੀਂ ਜਾਇਆ ਕਰਦਾ, ਇਹ ਹਮੇਸ਼ਾ ਕਿਸੇ ਨਾ ਕਿਸੇ ਰੂਪ ਵਿਚ ਜਗਿਆਸੂ ਦਾ ਮਾਰਗ ਦਰਸ਼ਨ ਕਰਦੀਆਂ ਰਹਿੰਦੀਆਂ ਹਨ ਜਿਸ ਨਾਲ ਇਸ ਦਾ ਆਤਮ ਕਲਿਆਣ ਹੋ ਜਾਵੇ ਤੇ ਇਹ ਆਪਣੀ ਮੰਜ਼ਲ ਤੱਕ ਪਹੁੰਚ ਜਾਵੇ। ਸੰਸਾਰ ਤਾਂ ਜਿਊਂਦਿਆਂ ਦਾ ਸਾਥ ਛੱਡ ਦਿੰਦਾ ਹੈ ਪਰੰਤੂ ਉਹ ਮੋਇਆਂ ਬਾਅਦ ਵੀ ਸਾਥ ਨਿਭਾਇਆ ਕਰਦੇ ਹਨ ਅਤੇ ਦਰਗਾਹ ਵਿਚ ਜਗਿਆਸੂ ਦੀ ਬਾਂਹ ਪਕੜ ਕੇ ਪਾਰ ਲੰਘਾਅ ਦਿਆ ਕਰਦੇ ਹਨ। ਇਸੇ ਲਈ ਫੁਰਮਾਨ ਹੈ –

***ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥***
***ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥***
***ਪੰਨਾ – 1102***

ਜਿਸ ਤਰ੍ਹਾਂ ਉਪਰ ਬੇਨਤੀ ਕੀਤੀ ਹੈ ਕਿ ਜਾਣ ਵਾਲੇ ਪੂਰਾਂ ਦੇ ਪੂਰਾਂ ਵਿਚੋਂ ਕੋਈ ਵਿਰਲਾ ਹੀ ਅਜਿਹਾ ਹੁੰਦਾ ਹੈ ਜੋ ਨਾ ਕੇਵਲ ਆਪਣਾ ਹੀ ਜਨਮ ਸਵਾਰ ਕੇ ਜਾਂਦਾ ਹੈ, ਸਗੋਂ ਆਪਣੀਆਂ 21 ਕੁਲਾਂ ਦਾ ਉਧਾਰ ਕਰਕੇ ਜਾਂਦਾ ਹੈ। ਉਹ ਸੰਸਾਰ ਦੇ ਜਗਿਆਸੂਆਂ ਨੂੰ ਵੀ ਤਾਰਦਾ ਹੈ ਅਤੇ ਦਰਗਾਹ ਵਿਚ ਉਸ ਨੂੰ ਧੰਨ ਧੰਨ ਕਿਹਾ ਜਾਂਦਾ ਹੈ –

***ਧੰਨਿ ਧੰਨਿ ਕਹੈ ਸਭੁ ਕੋਇ॥***
***ਮੁਖ ਊਜਲ ਹਰਿ ਦਰਗਹ ਸੋਇ॥*** ***ਪੰਨਾ – 283***

ਅਜਿਹੇ ਮਹਾਂਪੁਰਸ਼ ਕਦੀ ਕਦੀ ਸੰਸਾਰ ਦੇ ਰੰਗ ਮੰਚ ਉਤੇ ਆਉਂਦੇ ਹਨ ਜਿਨ੍ਹਾਂ ਦੇ ਆਉਣ ਨਾਲ ਸੰਸਾਰ ਦੀ ਰੂਹਾਨੀ ਰਹਿਨੁਮਾਈ ਕਰਨ ਵਾਲੀ ਪ੍ਰਕਾਸ਼ ਦੀ ਨਵੀਂ ਕਿਰਨ ਦ੍ਰਿਸ਼ਟਮਾਨ ਹੋਣੀ ਸ਼ੁਰੂ ਹੋ ਜਾਂਦੀ ਹੈ। ਉਹਨਾਂ ਦੇ ਆਉਣ ਦੀਆਂ ਇਲਾਮਤਾਂ ਤੇ ਘਟਨਾਵਾਂ ਤੋਂ ਇਹ ਪਰਤੱਖ ਭਾਸਣ ਲੱਗ ਪੈਂਦਾ ਹੈ ਕਿ ਇਹ ਪਵਿੱਤਰ ਆਤਮਾ ਸੰਸਾਰ ਦੇ ਭੁਲੇ ਭਟਕੇ ਜੀਵਾਂ ਨੂੰ ਨਵੇਂ ਨਰੋਏ ਆਤਮਿਕ ਜੀਵਨ ਜੀਊਣ ਦੀ ਜਾਚ ਸਿਖਾਏਗੀ। ਸਿਆਣਿਆਂ ਨੇ ਸੱਚ ਕਿਹਾ ਹੈ –

***ਹੋਨਹਾਰ ਬਿਰਵਾਨ ਕੇ ਚਿਕਨੇ ਚਿਕਨੇ ਪਾਤ॥***

ਹੋਣਹਾਰ ਤੇ ਕਰਨੀ ਕਮਾਈ ਵਾਲੀ ਰੂਹ ਆਪਣੇ ਬਚਪਨ ਵਿਚ ਹੀ ਅਨਹੋਣੇ ਤੇ ਨਿਰਾਲੇ ਕੌਤਕ ਕਰ ਦਿਆ ਕਰਦੀ ਹੈ ਜਿਸ ਤੋਂ ਪਰਤੱਖ ਭਾਸਣ ਲੱਗ ਪੈਂਦਾ ਹੈ ਕਿ ਇਹ ਸਚਮੁਚ ਬਖਸ਼ੀ ਹੋਈ ਰੂਹ ਹੈ। ਇਹ ਸਭ ਕੁਝ ਇਨ੍ਹਾਂ ਦੇ ਪਿਛਲੇ ਜਨਮਾਂ ਦੀ ਕਮਾਈ ਹੋਣ ਕਰਕੇ ਵਾਪਰ ਰਿਹਾ ਹੁੰਦਾ ਹੈ।

ਮਹਾਂਪੁਰਸ਼ਾਂ ਦੇ ਦੋ ਜਨਮ ਪਹਿਲਾਂ ਦੀ ਕਥਾ ਇਨ੍ਹਾਂ ਦੇ ਵੱਡੇ ਭੈਣ ਸਵਰਗਵਾਸੀ ਬੀਬੀ ਜਸਵੰਤ ਕੌਰ ਜੀ ਨੇ ਦਾਸ ਨੂੰ ਸੁਣਾਈ ਸੀ ਜੋ ਕਿ ਸਤਿਕਾਰਯੋਗ ਮਾਤਾ ਇੰਦ ਕੌਰ ਦੇ ਮੁਖ ਤੋਂ ਉਨ੍ਹਾਂ ਨੇ ਸੁਣੀ ਹੋਈ ਸੀ।

## ਪੂਰਬਲੇ ਜਨਮ

ਉਹ ਇਸ ਤਰ੍ਹਾਂ ਹੈ ਕਿ ਬਾਬਾ ਜੀ ਪਿਛਲੇ ਜਨਮ ਵਿਚ ਇਕ ਵਿਰੱਕਤ ਸਾਧੂ ਸਨ, ਸਰੀਰ ਤੇ ਕੋਈ ਕਪੜਾ ਨਹੀਂ ਰੱਖਦੇ ਸਨ, ਕੇਵਲ ਤੇੜ ਕੱਪੜਾ ਬੰਨ੍ਹਦੇ ਸਨ। ਰੰਗ ਲਾਲ ਸੁਰਖ ਤੇ ਸਰੀਰ ਭਾਰੀ ਤੇ ਰਿਸ਼ਟ ਪੁਸ਼ਟ ਸੀ। ਉਸ ਜਨਮ ਵਿਚ ਇਹ ਲੰਮੀ ਸਮਾਧੀ ਲਾ ਕੇ ਇਕ ਚੌਂਤਰੇ ਉਤੇ ਅੱਗ ਦੇ ਧੂਣੇ ਦੇ ਸਾਮ੍ਹਣੇ ਬੈਠਦੇ ਸਨ ਅਤੇ ਅੱਠ ਪਹਿਰਾਂ ਬਾਅਦ ਥੋੜ੍ਹਾ ਬਹੁਤ ਛਕਦੇ ਛਕਾਉਂਦੇ ਸਨ। ਇਨ੍ਹਾਂ ਦੀ ਸੇਵਾ ਇਕ ਦੇਵੀ ਰੂਪ ਬੀਬੀ ਕਰਿਆ ਕਰਦੀ ਸੀ ਜੋ ਇਨ੍ਹਾਂ ਦੇ ਭਗਤੀ ਸਥਾਨ ਦੀ ਸਫਾਈ ਆਦਿ ਵੀ ਕਰਿਆ ਕਰਦੀ ਸੀ ਤੇ ਪਰਸ਼ਾਦ ਪਾਣੀ ਦੇ ਕੇ ਜਾਇਆ ਕਰਦੀ ਸੀ। ਉਸ ਇਲਾਕੇ ਵਿਚ ਇਨ੍ਹਾਂ ਦੀ ਬਹੁਤ ਮਾਨਤਾ ਸੀ ਤੇ ਦੂਰ ਦੁਰਾਡਿਓਂ ਸਾਧੂ ਸੰਤਾਂ ਦੀਆਂ ਮੰਡਲੀਆਂ ਜੁੜਦੀਆਂ ਰਹਿੰਦੀਆਂ ਸਨ ਤੇ ਗਿਆਨ ਚਰਚਾ ਹੁੰਦੀ ਰਹਿੰਦੀ ਸੀ ਤੇ ਇਹ ਆਪਣੇ ਤਪ ਤੇਜ, ਗਿਆਨ ਪ੍ਰਕਾਸ਼ ਨਾਲ ਸਭ ਨੂੰ ਪ੍ਰਭਾਵਿਤ ਕਰਿਆ ਕਰਦੇ ਸਨ। ਉਸ ਜਨਮ ਵਿਚ ਹੀ ਇਨ੍ਹਾਂ ਦੇ ਮਨ ਵਿਚ ਫੁਰਨਾ ਆਇਆ ਸੀ ਕਿ ਜੇਕਰ ਗ੍ਰਹਿਸਤੀ ਹੋਵੇ ਤਾਂ ਉਹ ਵੀ ਚੰਗੀ ਤਰ੍ਹਾਂ ਨਾਮ ਜਪ ਸਕਦਾ ਹੈ। ਉਸ ਵਿਚ ਖਾਣ ਪੀਣ ਪਕਾਉਣ ਦਾ ਕੋਈ ਝੰਜਟ ਨਹੀਂ ਹੁੰਦਾ ਕਿਉਂਕਿ ਇਹ ਕੰਮ ਗ੍ਰਹਿਣੀ ਆਪਣੀ ਜ਼ਿੰਮੇਵਾਰੀ ਨਾਲ ਨਿਭਾ ਸਕਦੀ ਹੈ। ਇਸ ਦਾ ਸਪਸ਼ਟੀਕਰਣ ਸ੍ਰੀ 108 ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਨੇ ਕਰ ਦਿਤਾ ਸੀ ਜਦੋਂ ਕਿ ਬਾਬਾ ਜੀ ਨੇ ਗ੍ਰਿਹਸਤੀ ਜੀਵਨ ਤੋਂ ਕਿਨਾਰਾ ਕਰਨ ਵਾਸਤੇ ਘਰ ਤੋਂ ਬਾਹਰ ਦੂਰ ਦੁਰਾਡੇ ਜੰਗਲਾਂ, ਬੇਲਿਆਂ ਵਿਚ ਰਹਿ ਕੇ ਬੰਦਗੀ ਕਰਨੀ ਸ਼ੁਰੂ ਕਰ ਦਿਤੀ ਸੀ। ਸ਼ਾਦੀ ਤਾਂ ਬਚਪਨ ਵਿਚ ਹੀ ਹੋ ਗਈ ਸੀ ਜੋ ਕਿ ਉਨ੍ਹਾਂ ਸਮਿਆਂ ਦਾ ਰਿਵਾਜ ਸੀ।

ਇਕ ਵਾਰੀ ਜਦੋਂ ਆਪ ਦੇ ਪਿੰਡ ਦੀਵਾਨ ਲਾਉਣ ਵੱਡੇ ਸੰਤ ਮਹਾਰਾਜ (ਸੰਤ ਈਸ਼ਰ ਸਿੰਘ ਜੀ) ਆਏ ਹੋਏ ਸੀ ਤਾਂ ਉਨ੍ਹਾਂ ਨੇ ਬਾਬਾ ਜੀ ਨੂੰ ਇਸ ਤਰ੍ਹਾਂ ਨਾਲ ਬਚਨ ਕੀਤੇ ਸੀ। ਕਹਿਣ ਲੱਗੇ, "ਦੇਖੋ, ਕੋਈ ਪਿਤਾ ਆਪਣੇ ਪੁੱਤਰ ਨੂੰ ਕਦੀ ਅੱਗ ਵਿਚ ਸੁਟਿਆ ਕਰਦਾ ਹੈ?" ਤਾਂ ਬਾਬਾ ਜੀ ਨੇ ਕਿਹਾ ਕਿ ਨਹੀਂ ਮਹਾਰਾਜ। ਅੱਗੇ ਬਚਨ ਕੀਤਾ, "ਇਹ ਤੁਹਾਡਾ ਪਿਛਲੇ ਜਨਮ ਦਾ ਫੁਰਨਾ ਹੈ ਜਦੋਂ ਤੁਸੀਂ ਵਿਰਕਤ ਸਾਧੂ ਹੁੰਦੇ ਸੀ ਤੇ ਇਹ ਬੀਬੀ ਜੋ ਹੁਣ ਤੁਹਾਡੇ ਘਰੋਂ ਹੈ (ਬੀਬੀ ਰਣਜੀਤ ਕੌਰ), ਤੁਹਾਡੀ ਸੇਵਾ ਕਰਿਆ

ਕਰਦੀ ਸੀ ਤੇ ਤੁਹਾਡੇ ਮਨ ਵਿਚ ਫੁਰਨਾ ਆ ਗਿਆ ਸੀ ਕਿ ਗ੍ਰਿਹਸਤੀ ਵੀ ਭਗਤੀ ਕਰ ਸਕਦਾ ਹੈ। ਸੋ ਹੁਣ ਤੁਹਾਡਾ ਸੰਯੋਗ ਹੈ, ਇਸ ਜਨਮ ਵਿਚ ਇਸ ਕਰਮ ਨੂੰ ਭੋਗ ਲਵੋ, ਗ੍ਰਿਹਸਤ ਵਿਚ ਬਾਲ ਬੱਚਿਆਂ ਨਾਲ, ਨਿਰਲੇਪ ਰਹਿੰਦਿਆਂ ਹੋਇਆਂ ਨਾਮ ਜਪਦੇ ਰਹੋ; ਨਾਲ ਦੀ ਨਾਲ ਆਪਣੇ ਗਿਆਨ ਉਪਦੇਸ਼ ਦੁਆਰਾ ਸੰਸਾਰ ਦਾ ਵੀ ਉਧਾਰ ਕਰਦੇ ਰਿਹੋ ਕਿਉਂਕਿ ਤੁਹਾਡੇ ਸਰੀਰ ਤੋਂ ਅਸੀਂ ਹੋਰ ਵੀ ਬਹੁਤ ਕੰਮ ਲੈਣਾ ਹੈ।"

ਆਪ ਜੀ ਦੇ ਪਿਛਲੇ ਜਨਮ ਦਾ ਨਾਮ ਹਰਨਾਮ ਸੀ। ਆਪ ਦੇ ਵੱਡੇ ਭੈਣ ਜੀ ਜਸਵੰਤ ਕੌਰ ਜੀ ਨੇ ਦੱਸਿਆ ਕਿ ਆਪ ਪਿਛਲੇ ਜਨਮ ਵਿਚ ਵੀ ਅਮੋਲਕ ਬਚਨ ਕਰਿਆ ਕਰਦੇ ਸੀ। ਬਾਪੂ ਜੀ ਨੇ ਖੂਹ ਉਤੇ ਚਾਰ ਖਣਾਂ ਦਾ ਕੋਠਾ ਪਾਇਆ ਹੋਇਆ ਸੀ ਤੇ ਉਥੇ ਇਕ ਜਟਾਵਾਂ ਵਾਲੇ ਸੰਤ ਆਇਆ ਕਰਦੇ ਸੀ ਜਿਹੜੇ ਇਨ੍ਹਾਂ ਦੇ ਘਰਾਂ ਵਿਚ ਇਕ ਮਾਈ ਰੂੜੀ ਸੀ, ਉਸ ਦੇ ਉਪਦੇਸ਼ ਗੁਰੂ ਸੀ ਤੇ ਸਾਰਾ ਪਰਿਵਾਰ ਇਨ੍ਹਾਂ ਸੰਤਾਂ ਦਾ ਸਤਿਕਾਰ ਕਰਿਆ ਕਰਦਾ ਸੀ। ਖੂਹ ਉਤੇ ਦੋ-ਦੋ ਮਹੀਨੇ ਲਗਾਤਾਰ ਰਹਿ ਕੇ ਜਾਇਆ ਕਰਦੇ ਸੀ। ਇਸ ਤਰ੍ਹਾਂ ਮਸਤੂਆਣੇ ਵਾਲੇ ਸੰਤ ਮਹਾਰਾਜ ਅਤਰ ਸਿੰਘ ਜੀ ਵੀ ਤਿੰਨ ਵੇਰਾਂ ਆਏ ਸਨ ਤੇ ਖੂਹ ਉਤੇ ਹੀ ਰਿਹਾ ਕਰਦੇ ਸੀ। ਜਦੋਂ ਆਪ ਨਿਕੇ ਜਿਹੇ ਸੀ, ਖੇਡਦੇ ਖੇਡਦੇ ਸੰਤਾਂ ਦੀ ਗੋਦੀ ਵਿਚ ਜਾ ਕੇ ਬੈਠ ਗਏ। ਸੰਤਾਂ ਨੇ ਜਦੋਂ ਇਨ੍ਹਾਂ ਦੇ ਚਰਨਾਂ ਵੱਲ ਨਜ਼ਰ ਮਾਰੀ ਤਾਂ ਇਨ੍ਹਾਂ ਦੇ ਦਾਦਾ ਜੀ ਨੂੰ ਕਹਿਣ ਲੱਗੇ ਕਿ ਤੁਸੀਂ ਬਹੁਤ ਭਾਗਾਂ ਵਾਲੇ ਹੋ, ਆਪ ਦੇ ਘਰ ਇਹ ਬਾਲਕ ਬਹੁਤ ਤਪੱਸਵੀ ਆਇਆ ਹੈ, ਤੁਸੀਂ ਇਸ ਦਾ ਕਦੀ ਵੀ ਮੂੰਹ ਨਾ ਫਿਟਕਾਰਿਓ। ਇਸਦੇ ਚਰਨਾਂ ਵਿਚ ਪਦਮ ਰੇਖਾ ਹੈ। ਇਹ ਤਪੱਸਵੀ ਸੰਤ ਬਣੇਗਾ ਤੇ ਇਸ ਦਾ ਵੱਡਾ ਪਰਤਾਪ ਹੋਵੇਗਾ। ਇਸ ਜਨਮ ਵਿਚ ਆਪ ਦੀ ਡੀਲ ਡੌਲ ਤੇ ਰੰਗ ਰੂਪ ਬਹੁਤ ਸੁੰਦਰ ਸੀ। ਭਾਵੇਂ ਸਾਢੇ ਤਿੰਨ ਸਾਲ ਦੀ ਉਮਰ ਸੀ ਪਰ ਕੱਦ ਉਚਾ ਤੇ ਚੇਹਰਾ ਸੁੰਦਰ ਤੇ ਸਰੀਰ ਭਰਵਾਂ ਹੋਣ ਕਰਕੇ ਸੱਤ ਸਾਲ ਦੇ ਬੱਚੇ ਜਿਡੇ ਲਗਿਆ ਕਰਦੇ ਸੀ। ਜਿਧਰੋਂ ਦੀ ਲੰਘਦੇ ਸੀ, ਦੇਖਣ ਵਾਲੇ ਲੋਕੀ ਰੁਕ ਕੇ ਦੇਖਣ ਲੱਗ ਜਾਇਆ ਕਰਦੇ ਸੀ। ਜਦੋਂ ਕਿਸੇ ਨੇ ਪੁਛਣਾ ਕਿ ਕਾਕਾ ਕਿੰਨੇ ਸਾਲ ਦਾ ਹੈ ਤਾਂ ਦਾਦਾ ਜੀ ਨੇ ਦੱਸਣਾ ਕਿ ਛੇ ਸਾਲ ਦਾ ਹੈ। ਆਮ ਬੱਚਿਆਂ ਨਾਲੋਂ ਇਹਨਾਂ ਦੀਆਂ ਖੇਡਾਂ, ਤੱਕਣੀ, ਉਠਣੀ ਬੈਠਣੀ ਨਿਰਾਲੀ ਸੀ।

ਇਕ ਵਾਰ ਦੀ ਗੱਲ ਹੈ ਕਿ ਸੰਤ ਮਹਾਰਾਜ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੇ ਸਿੱਧਸਰ-ਸਿਹੌੜੇ ਆਉਣਾ ਸੀ। ਉਹਨਾਂ ਦੇ ਦਰਸ਼ਨਾਂ ਵਾਸਤੇ ਲਾਗੇ ਦੇ ਪਿੰਡਾਂ ਦੇ ਪਿੰਡ ਪਹੁੰਚੇ ਹੋਏ ਸੀ। ਇਕ ਪਾਸੇ ਭੈਣ ਜਸਵੰਤ ਕੌਰ ਅਤੇ ਇਨ੍ਹਾਂ ਦੇ ਮਾਤਾ ਜੀ, ਬਾਬਾ ਜੀ ਦੀ ਉਂਗਲ ਪਕੜ ਕੇ ਖੜ੍ਹੇ ਸੀ ਤੇ ਦੂਜੇ ਪਾਸੇ ਇਨ੍ਹਾਂ ਦੇ ਪਿਤਾ ਜੀ ਤੇ ਚਾਚਾ ਜੀ ਖੜ੍ਹੇ ਹੋਏ ਸੀ। ਭੈਣ ਜਸਵੰਤ ਕੌਰ ਤੇ ਮਾਤਾ ਜੀ ਉਸ ਕਮਰੇ ਦੇ ਅੱਗੇ ਵਿਚਕਾਰ ਜਿਹੇ ਖੜ੍ਹੇ ਸੀ ਜਿਹੜੇ ਕਮਰੇ ਵਿਚੋਂ ਸੰਤ ਮਹਾਰਾਜ ਨੇ ਬਾਹਰ ਆ ਕੇ ਸਰੋਵਰ ਦਾ ਨੀਂਹ ਪੱਥਰ ਰੱਖਣਾ ਸੀ। ਜਦੋਂ ਸੰਤ ਮਹਾਰਾਜ ਅੰਦਰੋਂ

ਬਾਹਰ ਆਏ ਤਾਂ ਉਹ ਸਤਿਨਾਮ-ਵਾਹਿਗੁਰੂ ਦਾ ਉਚਾਰਨ ਕਰਦੇ ਬਾਹਰ ਆਏ ਤੇ ਉਨ੍ਹਾਂ ਦੇ ਪਿਛੇ ਸੰਗਤ ਵੀ ਸਤਿਨਾਮ ਵਾਹਿਗੁਰੂ ਦਾ ਉਚਾਰਨ ਕਰਦੀ ਸੀ। ਉਨ੍ਹਾਂ ਨੇ ਵਾਹਿਗੁਰੂ ਵਾਹਿਗੁਰੂ ਕਰਦੇ ਪਹਿਲਾਂ ਭੈਣ ਜਸਵੰਤ ਕੌਰ ਵੱਲ ਦੇਖਿਆ ਤੇ ਜਦੋਂ ਕੋਲ ਦੀ ਲੰਘੇ, ਸਿਰ ਤੇ ਹੱਥ ਰੱਖ ਕੇ ਅਸ਼ੀਰਵਾਦ ਦਿਤਾ। ਇਸ ਤਰ੍ਹਾਂ ਸਾਰੀਆਂ ਸੰਗਤਾਂ ਨੂੰ ਅਸ਼ੀਰਵਾਦ ਦਿੰਦੇ ਹੋਏ ਨੀਂਹ ਪੱਥਰ ਰੱਖਣ ਵਾਲੀ ਥਾਂ ਤੇ ਚਲੇ ਗਏ। ਇਨ੍ਹਾਂ ਦੇ ਭੈਣ ਜਸਵੰਤ ਕੌਰ ਜੀ ਨੇ ਦਾਸ ਨੂੰ ਦੱਸਿਆ ਸੀ ਕਿ ਮੇਰੇ ਉਤੇ ਤਾਂ ਉਸੇ ਵੇਲੇ ਐਨੀ ਕਿਰਪਾ ਹੋ ਗਈ ਸੀ ਕਿ ਵਾਹਿਗੁਰੂ ਦਾ ਨਾਮ ਮੇਰੇ ਅੰਦਰ ਰੱਚ ਗਿਆ। ਜਦੋਂ ਚੇਤਾ ਆਵੇ ਤੇ ਵਾਹਿਗੁਰੂ ਵਾਹਿਗੁਰੂ ਨਾਮ ਆਪਣੇ ਆਪ ਚਲ ਪੈਂਦਾ ਸੀ। ਸ਼ਬਦ ਦੀ ਗੂੰਜ ਇਸ ਤਰ੍ਹਾਂ ਪੈਂਦੀ ਸੀ ਜਿਵੇਂ ਬੱਦਲ ਦੀ ਗਰਜ਼ ਸੁਣਿਆ ਕਰਦੀ ਹੈ। ਇਨ੍ਹਾਂ ਵੱਲ ਵੀ ਸੰਤ ਮਹਾਰਾਜ ਨੇ ਬੜੀਆਂ ਗਹਿਰੀਆਂ ਤੇ ਭਰੀਆਂ ਨਜ਼ਰਾਂ ਨਾਲ ਤੱਕਿਆ ਸੀ ਜਿਵੇਂ ਕੋਈ ਜੌਹਰੀ ਕੀਮਤੀ ਹੀਰੇ ਵੱਲ ਇਕ ਟੱਕ ਦੇਖਿਆ ਕਰਦੇ ਹਨ। ਭੈਣ ਜੀ ਦੱਸਿਆ ਕਰਦੇ ਸਨ ਕਿ ਆਪ ਜੀ ਦਾ ਨਾਮ ਉਸ ਜਨਮ ਵਿਚ ਵੀ ਇਸੇ ਤਰ੍ਹਾਂ ਵਾਹਿਗੁਰੂ ਵਾਹਿਗੁਰੂ ਆਪਣੇ ਆਪ ਚਲਦਾ ਹੁੰਦਾ ਸੀ। ਜਦੋਂ ਆਪ ਨੇ ਚੋਲਾ ਛੱਡਣਾ ਸੀ ਤਾਂ ਦਸ ਦਿਨ ਪਹਿਲਾਂ ਇਸ਼ਾਰਾ ਕਰ ਦਿਤਾ ਸੀ ਕਿ ਬੇਬੇ ਜੀ! ਜੇ ਤੁਸੀਂ ਮੈਨੂੰ ਝਿੜਕ ਮਾਰੋਗੇ ਜਾਂ ਗੁੱਸੇ ਹੋਵੋਗੇ ਤਾਂ ਮੈਂ ਛੋਟੀ ਮਾਮੀ ਦੇ ਚਲਿਆ ਜਾਵਾਂਗਾ। ਪਰ ਬੇਬੇ ਵਿਚਾਰੀ ਨੂੰ ਕੀ ਪਤਾ ਸੀ ਕਿ ਮੇਰਾ ਪੁੱਤਰ ਜਮਾਂਦਰੂ ਸੰਤ ਹੈ ਅਤੇ ਸਾਰੀਆਂ ਸੱਚੀਆਂ ਗੱਲਾਂ ਕਰਦਾ ਹੈ। ਇਨ੍ਹਾਂ ਨੇ ਆਪਣੇ ਕੱਪੜੇ, ਜਿਨ੍ਹਾਂ ਵਿਚ ਚੂੜੀਦਾਰ ਚਿਟਾ ਪਜਾਮਾ, ਧਾਰੀਆਂ ਵਾਲੀ ਬੋਸਕੀ ਦੀ ਕਮੀਜ਼, ਇਕ ਬਨੈਨ ਤੇ ਕਾਲੇ ਚਮੜੇ ਦੇ ਬੂਟ ਸਨ, ਚੁੱਕ ਕੇ ਸੰਦੂਕ ਵਿਚ ਲੁਕੋ ਦਿਤੇ ਅਤੇ ਖਾਕੀ ਰੰਗ ਦੇ ਬੂਟ ਪਹਿਨ ਲਏ ਤੇ ਜਦੋਂ ਮਾਤਾ ਜੀ ਨੇ ਪੁਛਣਾ, ਹੱਸ ਕੇ ਗੱਲ ਟਾਲ ਦਿੰਦੇ ਸੀ ਕਿ ਮੈਂ ਰੱਖੇ ਹੋਏ ਹਨ। ਭੈਣ ਜਸਵੰਤ ਕੌਰ ਸੋਚ ਵਿਚ ਪੈ ਜਾਂਦੀ ਸੀ ਕਿ ਵੀਰ ਕੀ ਕੌਤਕ ਕਰਦਾ ਹੈ। ਇਕ ਦਿਨ ਬੇਬੇ ਜੀ ਜਦੋਂ ਨਵੇਂ ਖੂਹ ਵੱਲ ਕਪਾਹ ਚੁਗਣ ਵਾਸਤੇ ਜਾ ਰਹੇ ਸੀ ਤਾਂ ਇਹ ਜ਼ਿੱਦ ਕਰਨ ਲੱਗ ਪਏ ਕਿ ਮੈਂ ਨਵੇਂ ਖੂਹ ਤੇ ਨਹੀਂ ਜਾਣਾ ਤੇ ਬੇਬੇ ਜੀ ਨੇ ਜ਼ਬਰਦਸਤੀ ਖਿਚ ਕੇ ਤੋਰ ਲਏ। ਆਪ ਕਹਿਣ ਲੱਗੇ ਬੇਬੇ ਜੀ! ਮੈਂ ਤਾਂ ਉਧਰ ਟੋਭੇ ਤੇ ਬੇਰੀਆਂ ਵੱਲ ਨੂੰ ਜਾਣਾ ਹੈ। ਹੁਣ ਤਾਂ ਤੁਸੀਂ ਮੈਨੂੰ ਉਧਰ ਟੋਭੇ ਵੱਲ ਨਹੀਂ ਜਾਣ ਦਿੰਦੇ ਪਰ ਕੱਲ੍ਹ ਨੂੰ ਤਾਂ ਮੈਂ ਚਲੇ ਹੀ ਜਾਣਾ ਹੈ, ਮੈਨੂੰ ਤੁਸੀਂ ਨਹੀਂ ਰੋਕ ਸਕਦੇ। ਮਾਤਾ ਜੀ ਨੇ ਖੂਹ ਦੇ ਲਾਗੇ ਕਪੜਾ ਵਿਛਾਅ ਦਿਤਾ ਤੇ ਛੋਟਾ ਕਾਕਾ ਗੁਰਨਾਮ ਉਥੇ ਸੁਆ ਦਿਤਾ ਤੇ ਇਹ ਵੀ (ਹਰਨਾਮ ਸਿੰਘ) ਨਾਲ ਮੂਧਾ ਪੈ ਕੇ ਦੇਖਣ ਲੱਗ ਪਿਆ ਤੇ ਭੈਣ ਜਸਵੰਤ ਕੌਰ ਕੋਲ ਬੈਠੀ ਸੀ। ਭੈਣ ਨੂੰ ਕਹਿਣ ਲੱਗੇ, ਬੀਬੀ! ਔਹ ਦੇਖ ਮੈਨੂੰ ਲੈਣ ਲਈ ਭਗਵੇਂ ਕਪੜਿਆਂ ਵਾਲੇ ਸੰਤ ਆ ਰਹੇ ਹਨ, ਔਹ ਦੇਖ ਬੇਰੀਆਂ ਵਾਲੇ ਪਾਸੇ ਖੜ੍ਹੇ ਮੈਨੂੰ ਬੁਲਾ ਰਹੇ ਹਨ। ਭੈਣ ਨੇ ਆਖਿਆ, ਹਰਨਾਮ! ਮੈਨੂੰ ਤਾਂ ਨਜ਼ਰ ਨਹੀਂ ਆਉਂਦੇ। ਇੰਨੇ ਨੂੰ ਬੇਬੇ ਜੀ ਨੇ ਦੇਖਿਆ ਕਿ ਗਰਮੀ ਹੈ, ਇਸ ਨੂੰ ਨਵ੍ਹਾ ਦੇਵਾਂ। ਇਹਨਾਂ ਨੂੰ ਖੂਹ ਉਤੇ ਇਸ਼ਨਾਨ

ਕਰਵਾ ਦਿਤਾ ਤੇ ਕਪੜੇ ਪਾ ਦਿਤੇ। ਇਨ੍ਹਾਂ ਨੂੰ ਇਕ ਦਮ ਬਹੁਤ ਤੇਜ਼ ਬੁਖਾਰ ਚੜ੍ਹ ਗਿਆ। ਇਹ ਲਗਾਤਾਰ ਮਾਤਾ ਨਾਲ ਗੱਲਾਂ ਕਰੀ ਜਾ ਰਹੇ ਸਨ ਕਿ ਮੈਂ ਮਾਮੀ ਰਾਮ ਕੌਰ ਦੇ ਚਲਿਆ ਜਾਣਾ ਹੈ, ਪਰ ਮੈਂ ਉਥੇ ਰਹਿਣਾ ਨਹੀਂ, ਬੇਬੇ ਮੈਂ ਫੇਰ ਤੁਹਾਡੇ ਕੋਲ ਵਾਪਸ ਆ ਜਾਊਂਗਾ। ਮਾਤਾ ਜੀ ਆਪ ਨੂੰ ਗੋਦੀ ਚੁੱਕ ਕੇ ਘਰ ਪਹੁੰਚੇ। ਦਾਦਾ ਜੀ ਨੂੰ ਦਸਿਆ, ਉਹ ਕਹਿੰਦੇ, ਬੇਟਾ! ਇਸ ਨੂੰ ਗਰਮ ਦੁਧ ਪਿਆਵੋ। ਆਪ ਕਹਿਣ ਲੱਗੇ ਕਿ ਮੈਂ ਨਹੀਂ ਪੀਣਾ। ਦਾਦਾ ਜੀ ਨੇ ਕਿਹਾ ਕਿ ਪ੍ਰਸ਼ਾਦਾ ਛਕ ਲੈ। ਕਹਿੰਦੇ ਮੈਂ ਨਹੀਂ ਛਕਣਾ।

ਇਹ ਹਮੇਸ਼ਾ ਦਾਦਾ ਜੀ ਨਾਲ ਸੌਂਦੇ ਹੁੰਦੇ ਸੀ। ਅੱਧੀ ਰਾਤ ਨੂੰ ਮੰਜੇ ਤੋਂ ਉਤਰ ਕੇ ਭੁੰਜੇ (ਹੇਠਾਂ) ਲੇਟ ਗਏ ਤੇ ਮਾਤਾ ਜੀ ਨੂੰ ਆਵਾਜ਼ ਮਾਰੀ। ਮਾਤਾ ਜੀ ਝੱਟ ਹੇਠਾਂ ਪਹੁੰਚੇ। ਕਹਿੰਦੇ, ਬੇਬੇ ਜੀ! ਮੈਂ ਚਲਿਆ ਹਾਂ, ਹੁਣ ਫੇਰ ਆਵਾਂਗਾ। ਤੇ ਇੰਨਾਂ ਕਹਿ ਕੇ ਸਰੀਰ ਛੱਡ ਗਏ। ਡਾਕਟਰ ਹਕੀਮ ਲਿਆਂਦੇ ਪਰ ਹਰਨਾਮ ਸਿੰਘ 'ਹੀਰਾ' ਮਾਤਾ ਦੀ ਕੁਖ ਸੁੰਞੀਂ ਕਰ ਗਿਆ। ਉਸ ਵੇਲੇ ਕਤਕ ਦਾ ਮਹੀਨਾ ਸੀ ਅਤੇ ਇਨ੍ਹਾਂ ਤੋਂ ਛੋਟਾ ਗੁਰਨਾਮ ਵਿਸਾਖ ਵਿਚ ਚਲਾ ਗਿਆ। ਦਾਦਾ ਜੀ ਨੇ ਘਰ ਵਿਚ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਸਹਿਜ ਪਾਠ ਰੱਖ ਦਿਤਾ ਕਿ ਘਰ ਵਿਚ ਸ਼ਾਂਤੀ ਆਵੇਗੀ ਤੇ ਮਾਤਾ ਜੀ ਦੇ ਮਨ ਨੂੰ ਧੀਰਜ ਬਝੇਗੀ। ਦੋ ਪੁਤਰਾਂ ਦੇ ਵਿਯੋਗ ਨੇ ਮਾਤਾ ਜੀ ਨੂੰ ਬਹੁਤ ਸਦਮਾ ਦਿਤਾ ਤੇ ਉਹਨਾਂ ਨੇ ਤੀਰਥਾਂ ਤੇ ਘੁੰਮਣਾ ਸ਼ੁਰੂ ਕਰ ਦਿਤਾ। ਇਹਨਾਂ ਨੇ ਮਾਤਾ ਜੀ ਨੂੰ ਸੁਪਨੇ ਵਿਚ ਬਚਨ ਕੀਤਾ ਸੀ ਕਿ ਮੈਂ ਮਾਮੀ ਕੋਲ ਤਾਂ ਥੋੜ੍ਹੇ ਦਿਨ ਹੀ ਰਹਿਣਾ ਹੈ, ਫੇਰ ਤੁਹਾਡੇ ਘਰ ਆਵਾਂਗਾ। ਤਾਂ ਮਾਤਾ ਜੀ ਨੇ ਪੁਛਿਆ ਕਿ ਕੀ ਨਿਸ਼ਾਨੀ ਹੋਵੇਗੀ? ਮੈਨੂੰ ਕਿਵੇਂ ਪਤਾ ਲਗੂ ਕਿ ਤੂੰ ਹੀ ਮੇਰੇ ਆਇਆ ਹੈਂ? ਮਾਤਾ ਜੀ ਨੂੰ ਕਹਿਣ ਲੱਗੇ ਕਿ ਇਕ ਤਾਂ ਮੇਰਾ ਰੰਗ ਅੱਗੇ ਵਰਗਾ ਗੋਰਾ ਨਹੀਂ ਹੋਵੇਗਾ, ਥੋੜ੍ਹਾ ਜਿਹਾ ਕਾਲਾ ਹੋਵੇਗਾ, ਮੋਢਿਆਂ ਤੇ ਚਿਟੇ ਦਾਗ ਹੋਣਗੇ।

## ਜਨਮ ਲੈਣ ਦਾ ਦ੍ਰਿਸ਼ਟਾਂਤ/ਕੌਤਕ

ਇਸੇ ਤਰ੍ਹਾਂ ਨਾਲ ਇਨ੍ਹਾਂ ਦੇ ਦਾਦਾ ਜੀ ਨੂੰ ਵੀ ਦ੍ਰਿਸ਼ਟਾਂਤ ਹੋਇਆ ਸੀ। ਉਹਨਾਂ ਨੇ ਦੱਸਿਆ ਸੀ ਕਿ ਹਰਨਾਮ ਸਿੰਘ ਨੇ ਭਗਵੇਂ ਕੱਪੜੇ ਪਾਏ ਹੋਏ ਸਨ, ਭਗਵੇਂ ਕੱਪੜੇ ਦੀ ਗਿਲਟੀ ਮਾਰੀ ਹੋਈ ਸੀ, ਸਿਰ ਤੇ ਭਗਵੇਂ ਰੰਗ ਦਾ ਪਟਕਾ ਬੰਨ੍ਹਿਆਂ ਹੋਇਆ ਸੀ, ਹੱਥ ਵਿਚ ਭਗਵੇਂ ਰੰਗ ਦਾ ਝੋਲਾ ਸੀ। ਉਸ ਨੇ ਝੋਲੇ ਵਿਚ ਹੱਥ ਪਾ ਕੇ ਚਾਂਦੀ ਦਾ ਰੁਪਈਆ ਕੱਢਿਆ ਤੇ ਆਪਣੇ ਘਰ ਗੁਰੂ ਗਰੰਥ ਸਾਹਿਬ ਜੀ, ਜੋ ਸਹਿਜ ਪਾਠ ਲਈ ਪ੍ਰਕਾਸ਼ ਕੀਤੇ ਸਨ, ਅੱਗੇ ਮੱਥਾ ਟੇਕ ਕੇ ਬੈਠ ਗਿਆ। ਚਾਚਾ ਜੀ ਨੇ ਕਿਹਾ ਕਿ ਅਸੀਂ ਤੇਰੇ ਬਿਨਾਂ ਬਹੁਤ ਉਦਾਸ ਹਾਂ। ਕਹਿਣ ਲੱਗਿਆ, ਮੈਂ ਆ ਰਿਹਾ ਹਾਂ, ਤੇ ਫੇਰ ਚਾਂਦੀ ਦਾ ਰੁਪਿਆ ਰੁਮਾਲੇ ਦੀ ਪੱਟੀ ਦੇ ਲੜ ਹੇਠਾਂ ਰੱਖ ਦਿਤਾ। ਉਨ੍ਹਾਂ ਦੀ ਜਾਗ ਖੁਲ੍ਹ ਗਈ ਤੇ ਇਨ੍ਹਾਂ ਨੇ ਪਿਤਾ ਜੀ ਨੂੰ ਜਗਾਇਆ। ਸਾਰੀ ਵਾਰਤਾ ਦੱਸੀ ਕਿ ਬਾਈ ਜੀ! ਇਸ ਤਰ੍ਹਾਂ ਹਰਨਾਮ ਸਿੰਘ ਛੋਟੇ ਜਿਹੇ ਸਾਧੂ

ਦੇ ਰੂਪ ਵਿਚ ਆਇਆ ਸੀ, ਗੁਰੂ ਗਰੰਥ ਸਾਹਿਬ ਅੱਗੇ ਚਾਂਦੀ ਦਾ ਰੁਪਿਆ ਰੱਖ ਕੇ ਮੱਥਾ ਟੇਕ ਕੇ ਗਿਆ ਹੈ। ਜਦੋਂ ਇਨ੍ਹਾਂ ਦੇ ਚਾਚਾ ਜੀ ਤੇ ਪਿਤਾ ਜੀ ਉਥੇ ਪਹੁੰਚੇ ਜਿਥੇ ਗੁਰੂ ਗ੍ਰੰਥ ਸਾਹਿਬ ਦਾ ਸੁਖ ਆਸਨ ਸੀ, ਦੇਖ ਕੇ ਹੈਰਾਨ ਹੋ ਗਏ ਕਿ ਸਚਮੁਚ ਉਸੇ ਤਰ੍ਹਾਂ ਪੱਟੀ ਦੇ ਹੇਠਾਂ ਚਾਂਦੀ ਦਾ ਰੁਪਿਆ ਪਿਆ ਹੈ ਤੇ ਉਧਰ ਆਪ ਨੇ ਉਸੇ ਵੇਲੇ ਮਾਤਾ ਜੀ ਦੇ ਪੇਟ ਵਿਚ ਪਰਵੇਸ਼ ਕੀਤਾ ਤੇ ਮਾਤਾ ਜੀ ਨੂੰ ਦ੍ਰਿਸ਼ਟਾਂਤ ਦੇ ਕੇ ਦੱਸ ਦਿਤਾ ਕਿ ਮੈਂ ਆ ਗਿਆ ਹਾਂ। ਦ੍ਰਿਸ਼ਟਾਂਤ ਇਹ ਸੀ ਕਿ ਆਪ ਜੀ ਉਸੇ ਤਰ੍ਹਾਂ ਮਾਤਾ ਦੇ ਸੁਪਨੇ ਵਿਚ ਆ ਕੇ ਸਾਧੂ ਬੱਚੇ ਦੇ ਰੂਪ ਵਿਚ ਨਾਲ ਲੇਟ ਗਏ ਤੇ ਨਾਲੇ ਦੱਸ ਦਿਤਾ ਕਿ ਬੇਬੇ! ਮੈਂ ਆ ਗਿਆ ਹਾਂ, ਹੁਣ ਮੈਂ ਛੇਤੀ ਨਹੀਂ ਜਾਵਾਂਗਾ।

ਇਨ੍ਹਾਂ ਦੀ ਭੈਣ ਤੇ ਦਾਈ ਉਤਮੀ ਨੇ ਘਲੋਟੀ ਜਾਣਾ ਸੀ। ਮਾਤਾ ਜੀ ਨੂੰ ਆਪ ਨੇ ਸੁਪਨੇ ਵਿਚ ਇਹ ਵੀ ਦੱਸ ਦਿਤਾ ਸੀ ਕਿ ਇਹਨਾਂ ਨੂੰ ਜਾਣ ਨਾ ਦਿਓ, ਮੈਂ ਦਸ ਵਜੇ ਜਨਮ ਲੈਣਾ ਹੈ। ਇਨ੍ਹਾਂ ਦੀ ਭੈਣ ਜਸਵੰਤ ਕੌਰ ਜੀ ਨੇ ਦੱਸਿਆ ਕਿ ਠੀਕ ਦਸ ਵਜੇ ਮੇਰੇ ਸੰਤ ਵੀਰ ਦਾ ਜਨਮ ਹੋਇਆ ਸੀ। ਉਸ ਦਿਨ ਮਿਤੀ 17 ਜੂਨ, ਸੰਨ 1918 ਸੀ। ਘਰ ਵਿਚ ਖੁਸ਼ੀਆਂ ਦੀ ਲਹਿਰ ਦੌੜ ਗਈ ਤੇ ਧਰਤੀ ਤੇ ਕੰਧਾਂ ਨੂੰ ਮੁੜ ਕੇ ਭਾਗ ਲੱਗ ਗਏ, ਵਿਹੜੇ ਵਿਚ ਖੁਸ਼ੀਆਂ, ਨਗਰ ਵਿਚ ਖੁਸ਼ੀਆਂ ਤੇ ਸਾਰੇ ਇਲਾਕੇ ਨੇ ਵਧਾਈਆਂ ਦਿਤੀਆਂ ਤੇ ਪਿਤਾ ਜੀ ਨੇ ਗਰੀਬ ਗੁਰਬਿਆਂ ਨੂੰ ਬਹੁਤ ਪੁੰਨ ਦਾਨ ਕੀਤਾ। ਇਨ੍ਹਾਂ ਦੇ ਭੈਣ ਜੀ ਜਸਵੰਤ ਕੌਰ ਜੀ ਨੇ ਦੱਸਿਆ ਸੀ ਕਿ ਇਨ੍ਹਾਂ ਦੇ ਮਾਤਾ ਜੀ, ਜਿਨ੍ਹਾਂ ਨੂੰ ਆਮ ਤੌਰ ਤੇ ਜਿਲਾ ਲੁਧਿਆਣਾ ਦੇ ਰਿਵਾਜ ਅਨੁਸਾਰ 'ਬੇਬੇ' ਕਿਹਾ ਜਾਂਦਾ ਹੈ, ਨੂੰ ਇੰਨਾ ਭਰੋਸਾ ਸੀ ਕਿ ਜੇ ਕਦੀ ਬਚਪਨ ਵਿਚ ਥੋੜ੍ਹੇ ਬਹੁਤ ਢਿਲੇ ਹੋ ਜਾਣਾ, ਬੀਮਾਰ ਹੋ ਜਾਣਾ ਤਾਂ ਕਹਿਣਾ, ਹੁਣ ਇਹਨੇ ਕਿਤੇ ਨਹੀਂ ਜਾਣਾ। ਜਨਮ ਲੈਣ ਤੋਂ ਪਹਿਲਾਂ ਮੇਰੇ ਨਾਲ ਵਾਅਦਾ ਕੀਤਾ ਹੋਇਐ ਕਿ ਮੈਂ ਹੁਣ ਨਹੀਂ ਜਾਵਾਂਗਾ। ਬੇਬੇ ਜੀ ਨੂੰ ਪਤਾ ਸੀ ਕਿ ਇਸ ਦੇ ਪਿਛਲੇ ਜਨਮ ਵਿਚ ਮੈਨੂੰ ਪਛਾਣ ਨਹੀਂ ਸੀ ਆਈ ਪਰ ਹੁਣ ਤਾਂ ਪਤਾ ਲਗ ਗਿਆ ਕਿ ਇਹ ਪੂਰਾ ਸੰਤ ਹੈ, ਇਸ ਦੇ ਬਚਨ ਅਟੱਲ ਹਨ, ਹੁਣ ਇਹ ਮੈਨੂੰ ਧੋਖਾ ਨਹੀਂ ਦੇਵੇਗਾ, ਛੱਡ ਕੇ ਨਹੀਂ ਜਾਵੇਗਾ।

ਸੋ ਇਸ ਤਰ੍ਹਾਂ ਬਚਪਨ ਦੀਆਂ ਖੇਡਾਂ ਤੇ ਚੋਜ ਕਰਦੇ ਹੋਏ ਹੌਲੀ ਹੌਲੀ ਵੱਡੇ ਹੁੰਦੇ ਗਏ ਤੇ ਜਦੋਂ ਢਾਈ ਕੁ ਸਾਲ ਦੇ ਹੋਏ ਤਾਂ ਉਸ ਵੇਲੇ ਇਨ੍ਹਾਂ ਨੂੰ, ਆਪਣੇ ਪਿਛਲੇ ਜਨਮ ਦੇ ਕਪੜੇ ਜੋ ਸੰਦੂਕ ਵਿਚ ਰੱਖੇ ਹੋਏ ਸਨ, ਪਤਾ ਸੀ ਕਿ ਇਸ ਸੰਦੂਕ ਵਿਚ ਪਏ ਹਨ। ਬੇਬੇ ਜੀ ਨੇ ਜਦੋਂ ਵੀ ਸੰਦੂਕ ਖੋਲ੍ਹਣਾ ਤਾਂ ਇਹ ਅੱਡੀਆਂ ਚੁਕ ਚੁਕ ਕੇ ਦੇਖਣ ਲੱਗ ਜਾਂਦੇ। ਇਕ ਦਿਨ ਇਨ੍ਹਾਂ ਦੇ ਭੂਆ ਜੀ ਇਨ੍ਹਾਂ ਦੇ ਮਾਤਾ ਜੀ ਨੂੰ ਕਹਿਣ ਲੱਗੇ ਕਿ ਭਾਬੀ

ਜੀ! ਕਾਕਾ ਵਰਿਆਮ ਸਿੰਘ (ਆਪਣੇ ਪਿਛਲੇ ਜਨਮ ਦੇ ਹਰਨਾਮ ਸਿੰਘ) ਨੇ ਜੋ ਕੱਪੜੇ ਸੰਦੂਕ ਵਿਚ ਲੁਕੋ ਕੇ ਰੱਖੇ ਸਨ, ਇਹ ਅੱਡੀਆਂ ਚੁਕ ਚੁਕ ਕੇ ਦੇਖ ਰਿਹਾ ਹੈ। ਇਨ੍ਹਾਂ ਦੇ ਭੂਆ ਜੀ ਨੇ, ਕੱਪੜੇ ਇਕ ਇਕ ਕਰਕੇ ਬਾਹਰ ਰੱਖਣੇ ਸ਼ੁਰੂ ਕਰ ਦਿੱਤੇ। ਆਪ ਨੇ ਕੱਪੜੇ ਚੁਕੇ ਤੇ ਪਛਾਣ ਕੇ ਖੁਸ਼ ਹੋਏ ਤੇ ਕਹਿਣ ਲੱਗੇ ਕਿ ਇਹ ਮੇਰਾ 'ਘੱਘਾ' (ਝੱਗਾ) ਭਾਵ ਕਮੀਜ਼ ਹੈ। ਇਸੇ ਤਰ੍ਹਾਂ ਇਕ ਲਕੜ ਦਾ ਗੱਡਾ (ਖਿਡੌਣਾ) ਸੀ ਜੋ ਇਨ੍ਹਾਂ ਨੇ ਭੈਣ ਜਸਵੰਤ ਕੌਰ ਤੋਂ ਅੱਖ ਬਚਾਅ ਕੇ ਦਾਣਿਆਂ ਵਾਲੀ ਕੋਠੀ ਹੇਠਾਂ ਲੁਕੋ ਦਿਤਾ ਸੀ। ਇਸੇ ਤਰ੍ਹਾਂ ਕੋਠੀ ਦੇ ਹੇਠਾਂ ਵਲ ਨੂੰ ਰਿੜ੍ਹਦੇ ਰਿੜ੍ਹਦੇ ਗਏ ਤੇ ਆਪਣਾ ਗੱਡਾ ਵੀ ਕੱਢ ਲਿਆਏ। ਸੋ ਇਸ ਤਰ੍ਹਾਂ ਪਿਛਲੇ ਜਨਮ ਦੀ ਸੁਰਤ ਵੀ ਕਾਇਮ ਸੀ।

ਆਪ ਜੀ ਦੀਵਾਨਾਂ ਵਿਚ ਵੀ ਤੇ ਸੰਗਤ ਵਿਚ ਵੀ ਐਸੇ ਬਚਨ ਕਰਿਆ ਕਰਦੇ ਸੀ ਕਿ ਜਿਵੇਂ ਮਾਂ ਦੇ ਪੇਟ ਵਿਚ ਬੱਚੇ ਨੂੰ 100 ਜਨਮਾਂ ਦਾ ਗਿਆਨ ਹੁੰਦਾ ਹੈ, ਇਸੇ ਤਰ੍ਹਾਂ ਕਈਆਂ ਬੱਚਿਆਂ ਦੀ ਸੁਰਤ ਕੋਮਲ ਤੇ ਨਿਰਛਲ ਹਿਰਦਾ ਹੋਣ ਕਰਕੇ ਅਤੇ ਪਿਛਲੇ ਜਨਮਾਂ ਦੇ ਸੰਸਕਾਰਾਂ ਕਰਕੇ ਕਾਇਮ ਰਹਿ ਜਾਇਆ ਕਰਦੀ ਹੈ ਕਿਉਂਕਿ ਬੱਚੇ ਦਾ ਮਨ ਰਾਗ ਤੇ ਦ੍ਵੈਸ਼ ਤੋਂ ਰਹਿਤ ਹੁੰਦਾ ਹੈ ਤੇ ਹਿਰਦੇ ਦੀ ਫੱਟੀ ਬਿਲਕੁਲ ਸਾਫ ਹੁੰਦੀ ਹੈ ਭਾਵ ਅੰਤਸ਼ਕਰਣ ਨਿਰਮਲ ਤੇ ਸਾਫ ਸੁਥਰਾ ਹੁੰਦਾ ਹੈ, ਕੋਈ ਕਿਸੇ ਤਰ੍ਹਾਂ ਦੀ ਮੈਲ ਨਹੀਂ ਹੋਇਆ ਕਰਦੀ। ਇਸ ਕਰਕੇ ਬੱਚੇ ਨੂੰ ਭਗਵਾਨ ਦਾ ਸਰੂਪ ਕਿਹਾ ਜਾਂਦਾ ਹੈ। ਆਪ ਜੀ ਇਹ ਵੀ ਬਚਨ ਕਰਿਆ ਕਰਦੇ ਸਨ ਕਿ ਜਿਸ ਨੇ ਜਿੰਨੀ ਭਗਤੀ ਪਿਛਲੇ ਜਨਮ ਵਿਚ ਕੀਤੀ ਹੋਵੇ ਤਾਂ ਵਾਹਿਗੁਰੂ ਜੀ ਦਾ ਇੰਤਜ਼ਾਮ ਹੁੰਦਾ ਹੈ ਕਿ ਉਸ ਨੂੰ ਉਸੇ ਤਰ੍ਹਾਂ ਦਾ ਨਾਮ ਜਪਣ ਵਾਲਾ ਪਰਿਵਾਰ ਤੇ ਉਸੇ ਤਰ੍ਹਾਂ ਦਾ ਵਾਤਾਵਰਣ ਮਿਲ ਜਾਂਦਾ ਹੈ ਅਤੇ ਜਿਥੋਂ ਨਾਮ ਛੱਡਿਆ ਹੋਵੇ, ਉਸੇ ਅਵਸਥਾ ਤੋਂ ਸ਼ੁਰੂ ਕਰ ਦਿਆ ਕਰਦਾ ਹੈ। ਇਸੇ ਤਰ੍ਹਾਂ ਜਿਸ ਨੇ ਗੁਰੂ ਦੀ ਸਿਖੀ ਧਾਰਨ ਕੀਤੀ ਹੋਈ ਹੋਵੇ, ਉਸ ਨੂੰ ਵੀ ਗੁਰਸਿਖ ਪਰਿਵਾਰ ਵਿਚ ਜਨਮ ਮਿਲ ਜਾਇਆ ਕਰਦਾ ਹੈ।

## ਗੁਰਮੁਖ ਪਰਿਵਾਰ

ਇਸੇ ਤਰ੍ਹਾਂ ਇਨ੍ਹਾਂ ਦੇ ਪਰਿਵਾਰ ਦਾ ਵਾਤਾਵਰਣ ਬਹੁਤ ਸ਼ੁਧ, ਸਾਫ ਤੇ ਅਧਿਆਤਮੀ ਕਰਮਾਂ ਨਾਲ ਭਰਪੂਰ ਸੀ। ਘਰ ਵਿਚ ਸਾਰਾ ਪਰਿਵਾਰ ਅੰਮ੍ਰਿਤਧਾਰੀ ਸੀ। ਇਨ੍ਹਾਂ ਦੇ ਪਿਤਾ ਜੀ ਸਰਦਾਰ ਕਰਤਾਰ ਸਿੰਘ ਜੀ, ਜਿਨ੍ਹਾਂ ਨੂੰ ਸਾਰੇ ਇਲਾਕੇ ਵਿਚ 'ਜਥੇਦਾਰ' ਦਾ ਮਾਣ ਤੇ ਸਤਿਕਾਰ ਪ੍ਰਾਪਤ ਸੀ, ਬਹੁਤ ਹੀ ਸਿਧੇ-ਸਾਦੇ, ਨਰਮ ਤੇ ਮਿਠੜੇ ਸੁਭਾਅ ਵਾਲੇ ਗੁਰਮੁਖ ਪਿਆਰੇ ਸਨ ਜੋ ਸੇਵਾ ਦੇ ਪੁੰਜ, ਸੰਤ ਸੇਵੀ ਤੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ, ਮੋਰਚੇ ਵਿਚ ਸਭ ਤੋਂ ਅੱਗੇ ਹੋ ਕੇ ਜਾਇਆ ਕਰਦੇ ਸਨ। ਇਸੇ ਤਰ੍ਹਾਂ ਸੱਚੀ ਸੁੱਚੀ ਕਿਰਤ ਕਰਕੇ ਪਰਿਵਾਰ ਦਾ ਨਿਰਬਾਹ ਕਰਦੇ ਸੀ। ਬਹੁਤ ਨਿਰਮਾਣ ਰਹਿ

ਕੇ ਗੁਰੂ ਘਰ ਵਿਚ ਸੇਵਾ ਕਰਿਆ ਕਰਦੇ ਸੀ। ਜਦੋਂ ਜਥੇਦਾਰੀ ਦੀ ਦਸਤਾਰ ਬਨ੍ਹਾਈ ਗਈ ਤਾਂ ਉਸ ਵੇਲੇ ਬਾਰਾਂ ਪਿੰਡਾਂ ਦੀਆਂ ਪੰਚਾਇਤਾਂ ਜਥੇਦਾਰ ਬਾਬਾ ਸੁੰਦਰ ਸਿੰਘ ਜੀ ਦੇ ਦੁਸਹਿਰੇ ਤੇ ਪਹੁੰਚੀਆਂ ਹੋਈਆਂ ਸਨ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਸਮੇਂ ਸੰਤ ਮਹਾਰਾਜ ਸ੍ਰੀ 108 ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ ਵੀ ਪਹੁੰਚੇ ਹੋਏ ਸੀ। ਇਹ ਦਸਤਾਰ-ਬੰਦੀ ਦੀ ਰਸਮ ਸੰਤ ਮਹਾਰਾਜ ਰੇਰੂ ਸਾਹਿਬ ਵਾਲਿਆਂ ਦੇ ਕਰ ਕਮਲਾਂ ਦੁਆਰਾ ਕੀਤੀ ਜਾਣੀ ਸੀ। ਬਾਰਾਂ ਪਿੰਡਾਂ ਦੀ ਸੰਗਤ ਵਿਚੋਂ 70 ਸਿੰਘ ਚੁਣੇ ਗਏ ਸਨ ਅਤੇ ਇਨ੍ਹਾਂ 70 ਸਿੰਘਾਂ ਵਿਚੋਂ ਫੇਰ ਪੰਜ ਸਿੰਘ ਚੁਣੇ ਗਏ ਅਤੇ ਇਨ੍ਹਾਂ ਵਿਚੋਂ ਸਭ ਤੋਂ ਪਹਿਲਾਂ ਚੁਣੇ ਜਾਣ ਵਾਲੇ, ਇਨ੍ਹਾਂ ਦੇ ਪਿਤਾ ਜੀ ਸਰਦਾਰ ਕਰਤਾਰ ਸਿੰਘ ਸਨ, ਦੂਜੇ ਨੰਬਰ ਤੇ ਬਾਬਾ ਭਗਵਾਨ ਸਿੰਘ ਰੇਰੂ ਸਾਹਿਬ ਵਾਲੇ ਅਤੇ ਤਿੰਨ ਸਿੰਘ ਹੋਰ ਸਨ। ਜਦੋਂ ਵੀ ਕਦੀ ਪਿੰਡ ਵਿਚ ਜਾਂ ਹੋਰ ਕਿਤੇ ਜੋੜ ਮੇਲਾ ਹੁੰਦਾ ਸੀ ਤਾਂ ਇਨ੍ਹਾਂ ਦੇ ਸਤਿਕਾਰ ਯੋਗ ਮਾਤਾ ਬੇਬੇ ਇੰਦ ਕੌਰ ਜੀ, ਬੀਬੀਆਂ ਇਕੱਠੀਆਂ ਕਰਕੇ ਲੰਗਰ ਪਕਾਉਣ ਦੀ ਸੇਵਾ ਕਰਿਆ ਕਰਦੇ ਸੀ ਅਤੇ ਪਿਤਾ ਜੀ ਚਾਹ ਦੇ ਲੰਗਰ ਆਦਿ ਵਰਤਾਉਣ ਦੀ ਸੇਵਾ ਕਰਿਆ ਕਰਦੇ ਸੀ। ਮਾਤਾ ਜੀ ਨੇ ਲੰਗਰ ਪਕਾਉਂਦੇ ਰਹਿਣਾ ਤੇ ਪਿਤਾ ਜੀ ਨੇ ਲੰਗਰ ਵਰਤਾਉਣ ਦੀ ਸੇਵਾ ਕਰਦੇ ਰਹਿਣਾ। ਦੋਵਾਂ ਨੂੰ ਸੰਗਤ ਵਿਚ ਆਉਣ ਦਾ ਘੱਟ ਹੀ ਸਮਾਂ ਮਿਲਿਆ ਕਰਦਾ ਸੀ।

ਇਧਰ ਸੰਗਤ ਵਿਚ ਪੰਜਾਂ ਸਿੰਘਾਂ ਨੂੰ ਚੋਣ ਕਰਨ ਲਈ ਕਿਹਾ ਕਿ ਜਥੇਦਾਰੀ ਦੀ ਦਸਤਾਰ ਕਿਸ ਨੂੰ ਦਿਤੀ ਜਾਵੇ ਤਾਂ ਸਾਰੇ ਸਿੰਘ ਇਕੋ ਵਾਰੀ ਬੋਲ ਪਏ। ਕਹਿਣ ਲੱਗੇ ਭਾਈ ਕਰਤਾਰ ਸਿੰਘ ਜੀ ਨੂੰ ਦੇਵੋ। ਸੰਤ ਮਹਾਰਾਜ ਰੇਰੂ ਸਾਹਿਬ ਵਾਲਿਆਂ ਦੀ ਹਜ਼ੂਰੀ ਵਿਚ ਦਸਤਾਰ ਪੇਸ਼ ਕੀਤੀ ਗਈ ਤਾਂ ਸੰਤ ਮਹਾਰਾਜ ਦਸਤਾਰ ਹੱਥ ਵਿਚ ਲੈ ਕੇ ਹਾਕਾਂ ਮਾਰ ਰਹੇ ਹਨ ਤਾਂ ਸਿੰਘਾਂ ਨੇ ਦੱਸਿਆ ਕਿ ਭਾਈ ਸਾਹਿਬ ਤਾਂ ਲੰਗਰ ਵਿਚ ਸੇਵਾ ਕਰ ਰਹੇ ਹਨ। ਸੰਤ ਮਹਾਰਾਜ ਨੇ ਕਿਹਾ ਕਿ ਭਾਈ ਉਨ੍ਹਾਂ ਨੂੰ ਬੁਲਾ ਕੇ ਲਿਆਵੋ। ਦੋ ਸਿੰਘ ਬੁਲਾਉਣ ਲਈ ਗਏ ਤੇ ਕਿਹਾ ਕਿ ਭਾਈ ਸਾਹਿਬ! ਆਪ ਨੂੰ ਸੰਤ ਮਹਾਰਾਜ ਬੁਲਾ ਰਹੇ ਹਨ। ਕਹਿੰਦੇ, ਭਾਈ ਸਤ ਬਚਨ, ਮੈਂ ਥੋੜ੍ਹੀ ਸੇਵਾ ਕਰਕੇ ਹੁਣੇ ਆ ਰਿਹਾ ਹਾਂ। ਉਹ ਕਹਿਣ ਲੱਗੇ ਕਿ ਸੰਤ ਮਹਾਰਾਜ ਨੇ ਕਿਹਾ ਹੈ ਕਿ ਨਾਲ ਲੈ ਕੇ ਆਇਓ। ਉਧਰ ਸੰਤ ਮਹਾਰਾਜ, ਗੁਰੂ ਦਰਬਾਰ ਵਿਚ ਦਸਤਾਰ ਲੈ ਕੇ ਖੜ੍ਹੇ ਹਨ। ਇਨ੍ਹਾਂ ਦੇ ਪਿਤਾ ਜੀ ਉਸੇ ਤਰ੍ਹਾਂ ਦਰਬਾਰ ਵਿਚ ਪਹੁੰਚ ਗਏ। ਉਸ ਵੇਲੇ ਸੰਤ ਮਹਾਰਾਜ ਜੀ ਨੇ ਉਚੀ ਆਵਾਜ਼ ਵਿਚ ਕਿਹਾ, "ਭਾਈ ਸਾਹਿਬ! 'ਹੀਰਿਆ'! ਅਸੀਂ ਤੇਰਾ ਇੰਤਜ਼ਾਰ ਕਰ ਰਹੇ ਹਾਂ, ਆਪਣੀ ਅਮਾਨਤ ਸਾਂਭ ਲੈ ਪ੍ਰੇਮੀਆਂ!" ਇਨ੍ਹਾਂ ਦੇ ਪਿਤਾ ਜੀ ਨੂੰ ਐਨਾ ਵੈਰਾਗ ਆਇਆ, ਉਚੀ ਉਚੀ ਰੋਣ ਲੱਗ ਪਏ, ਕਹਿਣ ਲੱਗੇ, ਮਹਾਂਪੁਰਖੋ! ਮੈਂ ਇਸ ਪਦਵੀ ਦੇ ਲਾਇਕ ਨਹੀਂ ਹਾਂ। ਸੰਤ ਮਹਾਰਾਜ ਕਹਿਣ ਲੱਗੇ, ਗੁਰਮੁਖਾ! ਤੇਰੇ ਸਰੀਰ ਤੋਂ ਕਲਗੀਧਰ ਪਾਤਸ਼ਾਹ ਜੀ ਨੇ ਸੇਵਾ ਲੈਣੀ ਹੈ, ਗੁਰੂ ਮਹਾਰਾਜ ਆਪ ਹੀ ਨਿਭਾਉਣਗੇ, ਤੇਰੇ ਸੀਸ ਤੇ ਹਮੇਸ਼ਾ ਉਹਨਾਂ ਦਾ ਮੇਹਰ ਭਰਿਆ ਹੱਥ ਰਹੇਗਾ। ਉਨ੍ਹਾਂ ਨੇ ਸਾਰੀ ਜ਼ਿੰਦਗੀ ਇਹ ਸੇਵਾ ਨਿਭਾਈ ਤੇ ਫੇਰ ਉਹ

ਆਪਣੇ ਛੋਟੇ ਭਰਾ ਨੂੰ ਸੌਂਪ ਗਏ। ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਅਕਾਲੀ ਮੋਰਚਿਆਂ ਵਿਚ ਉਹ ਸਿੰਘਾਂ ਦੇ ਜਥੇ ਲਿਜਾਂਦੇ ਰਹੇ।

ਇਨ੍ਹਾਂ ਦੇ ਦਾਦਾ ਜੀ ਸਰਦਾਰ ਦਿਆਲ ਸਿੰਘ ਜੀ ਦਾ ਸਾਰਾ ਪਰਿਵਾਰ ਹੀ ਸੇਵਾ ਕਰਨ ਹਿਤ ਪਹਿਲੇ ਨੰਬਰ ਤੇ ਸੀ। ਘਰ ਨੂੰ ਤਾਲਾ ਲਾ ਦੇਣਾ ਤੇ ਸਾਰੇ ਪਰਿਵਾਰ ਨੇ ਗੁਰੂ ਘਰ ਜਾ ਕੇ ਸੇਵਾ ਕਰਨੀ ਅਤੇ ਕਰਵਾਉਣੀ। ਜਦੋਂ ਸਮਾਗਮ ਪੂਰਾ ਹੋ ਜਾਣਾ ਤਾਂ ਸਾਰਿਆਂ ਤੋਂ ਬਾਅਦ ਵਿਚ ਘਰ ਨੂੰ ਆਉਂਦੇ ਸੀ ਅਤੇ ਘਰ ਦਾ ਕੰਮ ਵੀ ਬਹੁਤ ਕਰਿਆ ਕਰਦੇ ਸੀ। ਇਨ੍ਹਾਂ ਦੇ ਪਿਤਾ ਕਰਤਾਰ ਸਿੰਘ ਤੇ ਮਾਤਾ ਇੰਦ ਕੌਰ ਜੀ ਹਮੇਸ਼ਾ ਸਿਖਿਆ ਦਿੰਦੇ ਰਹਿੰਦੇ ਸੀ ਕਿ ਘਰ ਵਿਚ ਕੋਈ ਕਿਸੇ ਦਾ ਪੈਸਾ ਜਾਂ ਪਰਾਈ ਵਸਤੂ ਆ ਜਾਵੇ ਤਾਂ ਘਰ ਦੀ ਬਰਕਤ ਜਾਂਦੀ ਰਹਿੰਦੀ ਹੈ ਅਤੇ ਘਰ ਦੇ ਭਾਗ ਉਡਾ ਦਿੰਦੀ ਹੈ। ਜੇਕਰ ਕਿਤੇ ਕਿਸੇ ਨਿਆਣੇ ਨੂੰ ਰਸਤੇ ਵਿਚੋਂ ਜਾਂ ਹੋਰ ਕਿਤੋਂ ਕੋਈ ਪੈਸਾ ਲੱਭ ਜਾਣਾ ਤਾਂ ਸਾਰੇ ਪਰਿਵਾਰ ਦੀ ਇਹ ਮਰਯਾਦਾ ਸੀ ਕਿ ਬੱਚੇ ਦੇ ਨਾਲ ਜਾਣਾ ਜਿਥੋਂ ਲੱਭਿਆ ਹੈ ਤੇ ਜੇਕਰ ਕੋਈ ਪੁਛਦਾ ਪੁਛਾਂਦਾ ਆ ਗਿਆ, ਉਸ ਨੂੰ ਦੇ ਦੇਣਾ, ਨਹੀਂ ਤਾਂ ਗੁਰਦੁਆਰਾ ਸਾਹਿਬ ਜਾ ਕੇ ਗੁਰੂ ਚਰਨਾਂ ਵਿਚ ਮੱਥਾ ਟੇਕ ਦਿੰਦੇ ਸੀ। ਧਰਮ ਦੇ ਕੰਮ ਕਰਨ, ਤੇ ਸੰਤੋਖ ਨਾਲ ਰਹਿਣ ਵਰਤਣ ਦੀ ਸਿਖਿਆ ਬੱਚਿਆਂ ਵਿਚ ਕੁਟ ਕੁਟ ਕੇ ਭਰੀ ਹੋਈ ਸੀ। ਇਸੇ ਕਰਕੇ ਆਪ (ਸੰਤ ਵਰਿਆਮ ਸਿੰਘ ਜੀ) ਅਤੇ ਇਨ੍ਹਾਂ ਦੀ ਸੁਪਤਨੀ ਬੀਬੀ ਰਣਜੀਤ ਕੌਰ ਸੰਸਾਰ ਲਈ ਚਾਨਣ ਮੁਨਾਰਾ ਬਣੇ ਹੋਏ ਸਨ। ਪ੍ਰਸ਼ਾਦਾ ਘਰ ਵਿਚ ਆਪ ਬਣਾ ਕੇ ਛਕਦੇ ਤੇ ਸੁਚਾ ਤੇ ਸੱਚਾ ਵਿਹਾਰ ਸੀ। ਕੇਵਲ ਆਪਣੀ ਕਮਾਈ ਵਿਚੋਂ ਹੀ ਰੁਖਾ ਮਿਸਾ ਖਾ ਕੇ ਗੁਜ਼ਾਰਾ ਕਰਨਾ, ਇਹ ਸਿਖਿਆ ਮਾਤਾ ਪਿਤਾ ਪਾਸੋਂ ਮਿਲੀ ਹੋਈ ਸੀ। ਇਹਨਾਂ ਦੇ ਪਿਤਾ ਜੀ ਤਾਂ ਇੰਨੇ ਅਸੂਲ ਦੇ ਪੱਕੇ ਸੀ ਕਿ ਬੱਚਿਆਂ ਨੂੰ ਮਨ੍ਹਾ ਕੀਤਾ ਹੋਇਆ ਸੀ ਕਿ ਕਿਸੇ ਦੇ ਖੇਤ ਵਿਚੋਂ ਗੰਨਾ ਜਾਂ ਛੱਲੀ ਨਹੀਂ ਤੋੜਨੀ। ਕਣਕ ਵੱਢਣ ਲੱਗੇ ਇਥੋਂ ਤਕ ਖਿਆਲ ਰੱਖਦੇ ਸੀ ਕਿ ਨਾਲ ਵਾਲੇ ਖੇਤ ਦੀ ਕੋਈ ਬੱਲੀ ਵੀ ਸਾਡੀਆਂ ਭਰੀਆਂ ਵਿਚ ਨਾ ਰਲ ਜਾਵੇ। ਘਰ ਵਿਚ ਬੀਬੀਆਂ ਨੂੰ ਹਦਾਇਤ ਸੀ ਕਿ ਕਿਸੇ ਦੇ ਖੇਤ ਵਿਚੋਂ ਸਾਗ ਵਗੈਰਾ ਨਹੀਂ ਤੋੜਨਾ, ਸਿਰਫ ਆਪਣੇ ਖੇਤਾਂ ਵਿਚੋਂ ਹੀ ਲਿਆਉਣਾ ਹੈ। ਇਨ੍ਹਾਂ ਦੇ ਮਾਤਾ ਜੀ ਕੋਰੇ ਅਨਪੜ੍ਹ ਸਨ ਪਰ ਇਕ ਇਕ ਤੁਕ ਯਾਦ ਕਰਦੇ ਜਪੁਜੀ ਸਾਹਿਬ, ਰਹਿਰਾਸ ਤੇ ਸੋਹਿਲਾ ਕੰਠ ਕੀਤੇ ਹੋਏ ਸਨ। ਜਦੋਂ ਇਨ੍ਹਾਂ ਦੇ ਭੈਣ ਜੀ ਤੇ ਇਨ੍ਹਾਂ ਨੇ ਕੀਰਤਨ ਕਰਨਾ ਤਾਂ ਮਗਰ ਸ਼ਬਦ ਬੋਲਦੇ ਰਹਿੰਦੇ ਸੀ ਤੇ ਕੰਠ ਕਰਦੇ ਰਹਿੰਦੇ ਸੀ। ਇਸ ਤਰ੍ਹਾਂ ਨਾਲ ਬਾਣੀ ਯਾਦ ਕਰ ਲੈਂਦੇ ਸੀ। ਘਰ ਦਾ ਕੰਮ ਕਰਦੇ ਗੁਰਬਾਣੀ ਦੀਆਂ ਧੁਨਾਂ ਨਾਲ ਘਰ ਦੇ ਵਾਤਾਵਰਣ ਨੂੰ ਸਵੱਛ ਬਣਾਈ ਰੱਖਦੇ ਸਨ, ਭਾਵੇਂ ਅੰਮ੍ਰਿਤ ਵੇਲੇ ਦੁਧ ਰਿੜਕਣਾ ਹੋਵੇ ਜਾਂ ਤ੍ਰਿੰਜਣਾਂ ਵਿਚ ਕਤਾਈ ਦਾ ਕੰਮ ਹੋਵੇ। ਇਸੇ ਤਰ੍ਹਾਂ ਇਨ੍ਹਾਂ ਦੇ ਪਿਤਾ ਜੀ, ਖੂਹ ਚਲਾਂਦੇ, ਹਲ ਚਲਾਂਦੇ, ਕਾਰੋਬਾਰ ਕਰਦੇ ਗੁਰਬਾਣੀ ਦੀਆਂ ਤੁਕਾਂ ਦਾ ਗਾਇਨ ਕਰਦੇ ਰਹਿੰਦੇ ਸਨ। ਆਸਾ ਦੀ ਵਾਰ ਤੇ ਹੋਰ ਬਾਣੀਆਂ ਇਹਨਾਂ ਨੂੰ ਜ਼ੁਬਾਨੀ ਯਾਦ ਸਨ।

## ਬੀਜੀ ਦੇ ਸੰਤ ਪਿਤਾ ਜੀ

ਇਸ ਤਰ੍ਹਾਂ ਨਾਲ ਹੀ ਇਨ੍ਹਾਂ ਦੀ ਧਰਮ ਸੁਪਤਨੀ ਬੀਬੀ ਰਣਜੀਤ ਕੌਰ ਜੀ ਦੇ ਮਾਤਾ ਪਿਤਾ ਵੀ ਬਹੁਤ ਧਰਮੀ ਤੇ ਸੰਤੋਖੀ ਸਨ ਅਤੇ ਗੁਰਸਿਖੀ ਵਿਚ ਪੂਰੇ ਨਿਪੁੰਨ ਗੁਰਮੁਖ ਪਿਆਰੇ ਸਨ। ਮਾਤਾ ਦਾ ਨਾਮ ਹਰਨਾਮ ਕੌਰ ਸੀ, ਇਨ੍ਹਾਂ ਦਾ ਪਿੰਡ ਦਾਉਦਪੁਰ, ਜਿਲਾ ਲੁਧਿਆਣਾ ਵਿਖੇ ਖੰਨੇ ਦੇ ਨਜ਼ਦੀਕ ਪੈਂਦਾ ਹੈ। ਮਾਤਾ ਹਰਨਾਮ ਕੌਰ ਬਹੁਤ ਬਾਣੀ ਪੜ੍ਹਦੇ ਹੁੰਦੇ ਸਨ ਤੇ ਜੇ ਬਜ਼ਾਰੋਂ ਕਿਸੇ ਪਾਸੋਂ ਕੋਈ ਚੀਜ਼ ਲੈਣੀ ਤੇ ਜੇ ਉਸ ਨੇ ਘੱਟ ਮੁਲ ਦੱਸਣਾ ਤਾਂ ਉਸ ਨੂੰ ਕਹਿਣਾ ਕਿ ਭਾਈ ਤੂੰ ਘੱਟ ਪੈਸਿਆਂ ਵਿਚ ਕਿਵੇਂ ਗੁਜ਼ਾਰਾ ਕਰੇਂਗਾ? ਤੂੰ ਆਪਣਾ ਟੱਬਰ ਕਿਵੇਂ ਪਾਲੇਂਗਾ? ਦਇਆ ਵਾਲਾ ਤੇ ਦਾਨੀ ਸੁਭਾਅ ਸੀ। ਇਸ ਤਰ੍ਹਾਂ ਦਾ ਸੁਭਾਅ ਬੀਬੀ ਰਣਜੀਤ ਕੌਰ ਜੀ ਦੇ ਪਿਤਾ ਬਾਬਾ ਹੀਰਾ ਸਿੰਘ ਜੀ ਦਾ ਸੀ ਜੋ ਕਿ ਪੂਰਨ ਕਰਨੀ ਕਮਾਈ ਵਾਲੇ ਗੁਰਸਿਖ ਸਨ। ਉਹ ਵੀ ਦਾਨੀ, ਦਇਆਵਾਨ, ਨਾਮ ਦੇ ਰਸੀਏ, ਉਚੀ ਆਤਮਕ ਅਵਸਥਾ ਦੇ ਮਾਲਕ ਸਨ। ਬਾਬਾ ਹੀਰਾ ਸਿੰਘ ਜੀ ਦੀ ਉਚੀ ਅਵਸਥਾ ਬਾਰੇ ਬਾਬਾ ਜੀ ਤੇ ਬੀਜੀ (ਮਾਤਾ ਰਣਜੀਤ ਕੌਰ ਜੀ) ਬਚਨ ਕਰਿਆ ਕਰਦੇ ਸਨ ਕਿ ਉਨ੍ਹਾਂ ਦਾ ਸਾਦਾ ਲਿਬਾਸ ਹੁੰਦਾ ਸੀ, ਰਹਿਤ ਮਰਯਾਦਾ ਵਿਚ ਪੂਰੇ ਸਨ, ਬੰਦਗੀ ਬਹੁਤ ਕਰਦੇ ਸਨ। ਬੰਦਗੀ ਕਰਨ ਵਾਲਿਆਂ ਨਾਲ ਉਨ੍ਹਾਂ ਦਾ ਉਠਣ ਬੈਠਣ ਸੀ, ਉਨ੍ਹਾਂ ਨਾਲ ਹੀ ਪਿਆਰ ਸੀ ਅਤੇ ਤਿਆਗੀ ਬਹੁਤ ਸਨ। ਜਦੋਂ ਆਪ ਲਾਹੌਰ ਸਰਵਿਸ ਕਰਦੇ ਸੀ, ਕੋਈ ਵੀ ਚੀਜ਼ ਉਨ੍ਹਾਂ ਤੋਂ ਕੋਈ ਮੰਗ ਲਵੇ, ਓਹੀ ਦੇ ਦਿੰਦੇ ਸੀ। ਜਦੋਂ ਆਪ ਪਿੰਡ ਰਹਿੰਦੇ ਸੀ ਤਾਂ ਪਿੰਡ ਦੇ ਲੋਕੀ ਖੜ੍ਹ ਖੜ੍ਹ ਕੇ ਦੇਖਿਆ ਕਰਦੇ ਸੀ ਕਿ ਦੇਖੋ ਭਾਈ ਹੀਰਾ ਸਿੰਘ ਪੱਠੇ ਲੈ ਕੇ ਆ ਰਿਹੈ, ਉਸ ਦੀ ਪੰਡ ਵੇਖਣੀ ਹੈ। ਲੋਕੀਂ ਆਪਸ ਵਿਚ ਗੱਲਾਂ ਕਰਦੇ ਹੁੰਦੇ ਸੀ ਕਿ ਉਸ ਦੀ ਪੰਡ ਸਿਰ ਤੋਂ ਇਕ ਗਿੱਠ ਉਚੀ ਹੁੰਦੀ ਹੈ। ਇਕ ਵੇਰਾਂ ਦੀ ਗੱਲ ਹੈ ਕਿ ਉਹ ਤੁਰੇ ਜਾ ਰਹੇ ਸੀ ਤੇ ਘਰਾਂ ਦੇ ਵਿਚੋਂ ਹੀ ਜੋ ਉਨ੍ਹਾਂ ਦੀ ਚਾਚੀ ਲੱਗਦੀ ਸੀ, ਕਹਿਣ ਲੱਗੀ ਕਿ ਵੇ ਹੀਰਾ ਸਿੰਘ! ਮੈਂ ਸੁਣਿਐਂ ਤੂੰ ਹੱਥ ਲਾ ਕੇ ਸਾਰਿਆਂ ਦਾ ਨਾਮ ਚਲਾ ਦਿੰਦਾ ਹੈਂ, ਮੇਰੇ ਤੇ ਵੀ ਕਿਰਪਾ ਕਰ, ਮੇਰੇ ਸਿਰ ਤੇ ਵੀ ਹੱਥ ਰੱਖ ਦੇ। ਉਹ ਅੰਦਰ ਆ ਗਏ ਤੇ ਸਹਿਜ ਸੁਭਾਅ ਉਸ ਦੇ ਸਿਰ ਤੇ ਹੱਥ ਰੱਖ ਦਿਤਾ। ਉਸ ਦੀ ਸਮਾਧੀ ਲੱਗ ਗਈ ਤੇ ਉਸ ਦੇ ਸਾਰੇ ਘਰ ਦੇ ਹੈਰਾਨ ਹੋਣ ਲੱਗੇ। ਉਨ੍ਹਾਂ ਦਾ ਲੜਕਾ ਬਾਬਾ ਹੀਰਾ ਸਿੰਘ ਪਾਸ ਪਹੁੰਚਿਆ ਤੇ ਕਹਿਣ ਲੱਗਾ, ਵੀਰ ਜੀ! ਬੇਬੇ ਤਾਂ ਅੱਖਾਂ ਮੀਚੀਂ ਬੈਠੀ ਹੈ, ਕਿਸੇ ਨਾਲ ਬੋਲਦੀ ਹੀ ਨਹੀਂ। ਉਹ ਕਹਿਣ ਲੱਗੇ, ਉਹ ਸਮਾਧੀ ਵਿਚ ਹੈ, ਉਸ ਦੀ ਸਮਾਧੀ ਅੱਠ ਪਹਿਰ ਬਾਅਦ ਖੁਲ੍ਹੇਗੀ, ਫਿਕਰ ਨਾ ਕਰੋ, ਉਸ ਨੇ ਚੜ੍ਹਾਈ ਨਹੀਂ ਕੀਤੀ।

ਉਨ੍ਹਾਂ ਦੀ ਇਕ ਹੋਰ ਹੱਡ ਬੀਤੀ ਬੀਜੀ (ਮਾਤਾ ਰਣਜੀਤ ਕੌਰ ਜੀ) ਨੇ ਬਿਆਨ ਕੀਤੀ ਸੀ ਕਿ ਇਕ ਵੇਰਾਂ ਦਾ ਜ਼ਿਕਰ ਹੈ ਕਿ ਪਿਤਾ ਜੀ ਉਪਰ ਚੁਬਾਰੇ ਵਿਚ ਬੈਠ ਗਏ ਤੇ ਸਾਨੂੰ ਸਾਰਿਆਂ ਨੂੰ ਕਿਹਾ ਕਿ ਜੇ ਕੋਈ ਮੈਨੂੰ ਮਿਲਣ

ਵਾਸਤੇ ਆਵੇ, ਕਹਿ ਦਿਓ ਕਿ ਉਨ੍ਹਾਂ ਨੇ ਅੱਜ ਕਿਸੇ ਨੂੰ ਵੀ ਮਿਲਣ ਦੀ ਮਨਾਹੀ ਕੀਤੀ ਹੋਈ ਹੈ ਤੇ ਉਸ ਨੂੰ ਵਾਪਸ ਭੇਜ ਦਿਓ। ਕੀ ਹੋਇਆ ਕਿ ਇਕ ਸੂਟ ਬੂਟ ਪਾਈ ਚੰਗੀ ਸ਼ਖਸੀਅਤ ਵਾਲਾ ਸਰਦਾਰ, ਜਿਸ ਦੀ ਉਮਰ ਕੋਈ 35-40 ਸਾਲ ਦੀ ਹੋਵੇਗੀ, ਉਸ ਨੇ ਆ ਬੂਹਾ ਖੜਕਾਇਆ ਕਿ ਮੈਂ ਉਨ੍ਹਾਂ ਨੂੰ ਮਿਲਣਾ ਹੈ, ਦਰਸ਼ਨ ਕਰਨੇ ਹਨ। ਘਰਦਿਆਂ ਨੇ ਦੱਸ ਦਿਤਾ ਕਿ ਉਹਨਾਂ ਨੇ ਮਿਲਣ ਵਾਸਤੇ ਮਨ੍ਹਾ ਕੀਤਾ ਹੋਇਐ। ਉਹ ਕਹਿਣ ਲੱਗਿਆ ਕਿ ਕਿਸੇ ਹੋਰ ਵਾਸਤੇ ਇਹ ਹੁਕਮ ਹੋਵੇਗਾ, ਮੈਂ ਤਾਂ ਬੰਬਈ ਤੋਂ ਆਇਆ ਹਾਂ ਤੇ ਮੈਂ ਵਾਪਸ ਜਾਣਾ ਹੈ। ਘਰ ਵਾਲਿਆਂ ਨੇ ਚੁਬਾਰੇ ਵੱਲ ਇਸ਼ਾਰਾ ਕੀਤਾ ਕਿ ਉਪਰ ਹਨ। ਬੱਚਿਆਂ ਨੇ ਦਰਵਾਜ਼ਾ ਖਟ ਖਟਾਇਆ ਤੇ ਉਹਨਾਂ ਨੇ ਖੋਲ੍ਹ ਦਿਤਾ। ਜਿਸ ਵੇਲੇ ਉਹ ਸਰਦਾਰ ਜੀ ਅੰਦਰ ਵੜ ਕੇ ਹਾਲੇ ਉਨਾਂ ਦੇ ਚਰਨਾਂ ਤੇ ਮੱਥਾ ਟੇਕਣ ਹੀ ਲੱਗਾ ਸੀ ਤਾਂ ਉਨ੍ਹਾਂ ਨੇ ਕੜ੍ਹਕ ਕੇ ਕਿਹਾ ਕਿ ਦੁਸ਼ਟਾ ਇਥੋਂ ਚਲਿਆ ਜਾਹ, ਇਹ ਹੱਥ ਮੈਨੂੰ ਨਾ ਲਗਾਵੀਂ। ਪਹਿਲਾਂ ਇਹ ਦੱਸ ਕਿ ਉਥੇ ਕੀ ਕਰਤੂਤਾਂ ਕਰਦਾ ਰਿਹਾ ਹੈਂ? ਉਹ ਪਾਣੀ ਪਾਣੀ ਹੋ ਗਿਆ ਤੇ ਨੇਤਰ ਹੇਠਾਂ ਕਰ ਲਏ। ਆਪ ਜੀ ਕਹਿਣ ਲੱਗੇ ਕਿ ਜੇਕਰ ਇਕ ਮੇਰੇ ਵਰਗਾ ਮਾਮੂਲੀ ਜਿਹਾ ਸਿਖ ਤੇਰੀ ਕਰਤੂਤ ਦੇਖ ਸਕਦਾ ਹੈ ਤਾਂ ਤੂੰ ਕੀ ਸਮਝਦਾ ਹੈਂ ਕਿ ਕਲਗੀਧਰ ਦਸ਼ਮੇਸ਼ ਪਿਤਾ ਤੈਨੂੰ ਨਹੀਂ ਸੀ ਦੇਖ ਰਹੇ? ਉਨ੍ਹਾਂ ਦੇ ਸਿਖੀ ਸਰੂਪ ਵਿਚ ਉਸ ਥਾਂ ਤੇ ਕਿਉਂ ਗਿਆ ਜਿਥੋਂ ਨਰਕਾਂ ਦੇ ਟਿਕਟ ਮਿਲਦੇ ਹਨ?

***ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੂਆਰਾ॥***
***ਪੰਨਾ - 642***

ਸੋ ਉਹ ਇਸ ਤਰ੍ਹਾਂ ਦੇ ਸਰਬੱਗ ਤੇ ਪੂਰਨ ਮਹਾਤਮਾ ਸਨ। ਉਨ੍ਹਾਂ ਦੀ ਇਕ ਹੋਰ ਕਥਾ ਬਾਰੇ ਬਾਬਾ ਜੀ ਨੇ ਸੰਗਤ ਵਿਚ ਕਈ ਵਾਰ ਦੱਸਿਆ ਤੇ ਬੀਜੀ ਵੀ ਦੱਸਿਆ ਕਰਦੇ ਹਨ ਕਿ ਇਕ ਨਾਮਧਾਰੀ ਮਹਾਂਪੁਰਸ਼ ਬਾਬਾ ਕਿਸ਼ਨ ਸਿੰਘ ਜੀ ਲੋਹਗੜ੍ਹੀਏ ਨਾਲ ਉਹਨਾਂ ਦਾ ਬਹੁਤ ਪਿਆਰ ਸੀ ਤੇ ਉਨ੍ਹਾਂ ਕੋਲ ਕਈ ਕਈ ਮਹੀਨੇ ਰਹਿ ਕੇ ਜਾਇਆ ਕਰਦੇ ਸਨ। ਜਦੋਂ ਬਾਬਾ ਹੀਰਾ ਸਿੰਘ ਜੀ ਦਾ ਆਖਰੀ ਸਮਾਂ ਆਇਆ ਤੇ ਇਨ੍ਹਾਂ ਨੇ ਪਰਿਵਾਰ ਨੂੰ ਦੱਸ ਦਿਤਾ ਕਿ ਅਸੀਂ ਫਲਾਣੇ ਦਿਨ ਫਲਾਣੇ ਸਮੇਂ ਸਰੀਰ ਛੱਡਣਾ ਹੈ ਪਰ ਬਾਬਾ ਲੋਹਗੜ੍ਹੀਆ ਜੀ ਨੂੰ ਮਿਲਣਾ ਹੈ। ਅਜੇ ਥੋੜ੍ਹਾ ਸਮਾਂ ਹੀ ਹੋਇਆ ਹੋਵੇਗਾ ਇਹ ਜ਼ਿਕਰ ਕੀਤਿਆਂ, ਕੀ ਦੇਖਦੇ ਹਨ ਕਿ ਬਾਬਾ ਲੋਹਗੜ੍ਹੀਆ, ਜਿਨ੍ਹਾਂ ਦਾ ਨਾਮ ਕਿਸ਼ਨ ਸਿੰਘ ਸੀ, ਚੁਬਾਰੇ ਵੱਲ ਨੂੰ ਪੌੜੀਆਂ ਚੜ੍ਹਦੇ ਆ ਰਹੇ ਹਨ ਤੇ ਇਨ੍ਹਾਂ ਪਾਸ ਪਹੁੰਚ ਗਏ। ਪਰਸਪਰ ਪਿਆਰ ਦੀ ਮਿਲਣੀ ਹੋਈ ਤੇ ਬਾਬਾ ਹੀਰਾ ਸਿੰਘ ਜੀ ਨੇ ਕਿਹਾ ਕਿ ਬਾਬਾ ਜੀ ਬੜੀ ਦੇਰ ਲਾ ਦਿਤੀ ਆਉਣ ਨੂੰ। ਉਹ ਕਹਿਣ ਲੱਗੇ ਕਿ ਤੁਸੀਂ ਹੁਣੇ ਤਾਂ ਯਾਦ ਕੀਤਾ ਸੀ। ਬਾਬਾ ਹੀਰਾ ਸਿੰਘ ਜੀ ਨੇ ਪੁਛਿਆ, ਤੁਸੀਂ ਉਸ ਵੇਲੇ ਕਿਥੇ ਸੀ? ਕਹਿਣ ਲੱਗੇ ਕਿ ਮੈਂ ਲਾਲਾਮੂਸਾ (ਰਾਵਲਪਿੰਡੀ) ਸੀ ਜੋ ਲਾਹੌਰ ਤੋਂ ਕੋਈ 30-40 ਕੋਹ ਦੀ ਵਿਥ ਤੇ ਹੈ। ਤੁਸੀਂ ਯਾਦ ਕੀਤਾ, ਮੈਂ ਝਟ ਆ ਗਿਆ। ਸੋ ਉਨ੍ਹਾਂ ਨੂੰ ਮਿਲਣ ਵਾਲੇ ਵੀ ਐਸੇ ਹੀ ਨਾਮ ਦੇ ਰਸੀਏ ਤੇ ਕਰਨੀ ਕਮਾਈ ਵਾਲੇ ਸਨ ਜੋ ਸ਼ਬਦ ਦੀ ਸਵਾਰੀ ਕਰਕੇ ਝੱਟ ਪਹੁੰਚ ਗਏ।

ਇਸ ਤਰ੍ਹਾਂ ਨਾਲ ਦੋਵੇਂ ਪਰਿਵਾਰ ਇਕ ਦੂਜੇ ਵਰਗੇ ਗੁਰਸਿਖ ਅਤੇ ਨਾਮ, ਸੇਵਾ ਸਿਮਰਨ ਵਾਲੇ ਸਨ, ਸਤੀ ਸੰਤੋਖੀ ਤੇ ਮਰਯਾਦਾ ਵਿਚ ਰਹਿਣ ਵਾਲੇ ਸਨ। ਜਦੋਂ ਕੋਈ ਘਟਨਾ ਵਾਪਰਨੀ ਹੁੰਦੀ, ਤਾਂ ਦੋਵੇਂ ਅਣਜਾਣੇ, ਸਹਿਜ ਸੁਭਾਅ ਕਿਸੇ ਵਿਧੀ ਜਾਂ ਕਿਸੇ ਕਾਰਨ ਕਰਕੇ ਆਪਸ ਵਿਚ ਮਿਲ ਪੈਂਦੇ ਸਨ। ਜਿਵੇਂ ਉਪਰ ਦੱਸਿਆ ਹੈ ਕਿ ਬਾਬਾ ਹੀਰਾ ਸਿੰਘ ਜੀ ਪੂਰਨ ਗੁਰਸਿਖ ਸਨ, ਵਿਹਲੇ ਸਮੇਂ ਵਿਚ ਬਾਣੀ ਪੜ੍ਹਨੀ ਪੜ੍ਹਾਉਣੀ ਇਨ੍ਹਾਂ ਦੇ ਸੁਭਾਅ ਵਿਚ ਸੀ, ਸ੍ਰੀ ਗੁਰੂ ਗਰੰਥ ਸਾਹਿਬ ਦੇ ਅਖੰਡਪਾਠ ਬਗੈਰ ਕਿਸੇ ਮੋਖ ਤੋਂ ਸੇਵਾ ਦੇ ਤੌਰ ਤੇ ਕਰਦੇ ਸਨ, ਇਸ ਨਾਲ ਨਿਰਬਾਹ ਨਹੀਂ ਸੀ ਕਰਦੇ। ਨਿਰਬਾਹ ਵਾਸਤੇ ਹੱਥੀਂ ਕਿਰਤ ਕਰਦੇ ਸਨ।

ਇਕ ਘਟਨਾ ਬਾਬਾ ਜੀ ਦੇ ਇਸ ਜਨਮ ਵਿਚ ਸਰੀਰ ਧਾਰਨ ਕਰਨ ਤੋਂ ਕੋਈ ਪੰਜ ਸਾਲ ਪਹਿਲਾਂ ਦੀ ਹੈ ਜਦੋਂ ਕਿ ਇਨ੍ਹਾਂ ਦੇ ਪਿਤਾ ਜੀ ਜਥੇਦਾਰ ਕਰਤਾਰ ਸਿੰਘ ਜੀ ਨੇ ਪਿੰਡ ਧਮੋਟ ਆਪਣੇ ਗ੍ਰਹਿ ਵਿਖੇ ਅਖੰਡ ਪਾਠ ਕਰਵਾਇਆ ਸੀ ਅਤੇ ਇਸ ਅਖੰਡ ਪਾਠ ਵਿਚ ਬਾਬਾ ਹੀਰਾ ਸਿੰਘ ਜੀ ਵੀ ਪਾਠੀ ਸਿੰਘਾਂ ਨਾਲ ਗੁਰੂ ਗਰੰਥ ਸਾਹਿਬ ਦੀ ਰੌਲ ਵਿਚ ਹਿਸਾ ਲੈ ਰਹੇ ਸਨ ਅਤੇ ਤਿੰਨ ਦਿਨ ਲਈ ਧਮੋਟ ਹੀ ਇਨ੍ਹਾਂ ਦੇ ਗ੍ਰਹਿ ਵਿਖੇ ਰਹੇ ਸਨ। ਅਖੰਡ ਪਾਠ ਦੇ ਭੋਗ ਪੈਣ ਉਪਰੰਤ ਸਹਿਜ ਸੁਭਾਅ ਹੀ ਜਥੇਦਾਰ ਕਰਤਾਰ ਸਿੰਘ ਜੀ ਨਾਲ ਬਚਨ ਬਿਲਾਸ ਹੋਏ। ਜਿਸ ਤਰ੍ਹਾਂ ਕਿ ਪਹਿਲਾਂ ਵੀ ਜ਼ਿਕਰ ਕਰ ਆਏ ਹਾਂ ਕਿ ਬਾਬਾ ਹੀਰਾ ਸਿੰਘ ਜੀ ਅਗੰਮੀ ਅਵਸਥਾਵਾਂ ਦੀ ਸੂਝ ਬੂਝ ਰੱਖਣ ਵਾਲੇ ਛੁਪੀ ਹੋਈ ਹਸਤੀ ਅੰਤਰਜਾਮੀ ਮਹਾਤਮਾ ਸਨ ਜੋ ਕਦੀ ਕਿਸੇ ਨੂੰ ਜਣਾਉਂਦੇ ਨਹੀਂ ਸਨ, ਸਹਿਜ ਸੁਭਾਅ ਹੀ ਹੋਵੇ ਤਾਂ ਹੋਵੇ। ਅਜਰ ਨੂੰ ਜਰ ਕੇ ਹੀ ਰੱਖਦੇ ਸਨ। ਗਲਬਾਤ ਕਰਦਿਆਂ ਇਨ੍ਹਾਂ ਨੇ ਦੱਸਿਆ ਕਿ ਜਥੇਦਾਰ ਸਾਹਿਬ! ਅੱਜ ਤੋਂ ਪੰਜ ਸਾਲ ਬਾਅਦ ਤੁਹਾਡੇ ਘਰ ਇਕ ਭੁਝੰਗੀ ਨੇ ਜਨਮ ਲੈਣਾ ਹੈ ਅਤੇ ਸਾਡੇ ਗ੍ਰਹਿ ਵਿਖੇ ਇਕ ਕੰਨਿਆਂ ਪੈਦਾ ਹੋਵੇਗੀ। ਇਨ੍ਹਾਂ ਦੋਵਾਂ ਆਤਮਾਵਾਂ ਦਾ ਆਪਸੀ ਵਿਆਹ ਦਾ ਸੰਯੋਗ ਹੈ। ਇਸ ਭਵਿੱਖਤ ਬਚਨ ਨੂੰ ਸੁਣ ਕੇ ਸਭ ਦੰਗ ਰਹਿ ਗਏ ਕਿ ਇਕ ਸਾਧਾਰਨ ਗੁਰਸਿਖ ਦੀ ਐਨੀ ਉਚੀ ਅਵਸਥਾ ਵੀ ਹੋ ਸਕਦੀ ਹੈ ਜਿਸ ਦੇ ਸਾਮ੍ਹਣੇ ਭੂਤ ਤੇ ਭਵਿਖਤ ਦੀਆਂ ਘਟਨਾਵਾਂ ਆ ਕੇ ਖਲੋ ਜਾਂਦੀਆਂ ਹਨ। ਇਹ ਸਾਰੀ ਨਾਮ ਦੀ ਬਰਕਤ ਹੈ, ਸਿਮਰਨ ਦੀ ਬਰਕਤ ਹੈ, ਕਰਨੀ ਕਮਾਈ ਤੇ ਘਾਲਣਾ ਦਾ ਸਦਕਾ ਹੈ ਕਿਉਂਕਿ ਗੁਰਬਾਣੀ ਵਿਚ ਫੁਰਮਾਨ ਹੈ –

***ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ॥***
***ਪੰਨਾ – 650***

ਸਾਰੇ ਹੈਰਾਨ ਹੋਈ ਜਾਂਦੇ ਹਨ ਤੇ ਕਹਿੰਦੇ ਹਨ ਕਿ ਦੇਖੋ, ਗੁਰਮੁਖ ਕਿੰਨਾਂ ਭੰਡਾਰਾ ਛੁਪਾਈ ਬੈਠੇ ਹਨ ਜਿਸ ਬਾਰੇ ਬਹੁਤ ਘੱਟ ਲੋਕਾਂ ਨੂੰ ਪਤਾ ਹੈ।

ਇਸ ਸੁਭਾਗ ਜੋੜੀ ਦੇ ਧੁਰੋਂ ਸੰਜੋਗ ਦੇ ਬਚਨ ਬਾਬਾ ਹੀਰਾ ਸਿੰਘ ਜੀ ਨੇ ਪਹਿਲਾਂ ਕਰ ਦਿੱਤੇ ਸੀ। ਇਹ ਪਰਤੱਖ ਰੂਪ ਵਿਚ ਸਾਮ੍ਹਣੇ ਆਏ

ਤੇ ਸਤਿ ਹੋਏ। ਸੋ ਇਸੇ ਭਵਿੱਖ ਬਾਣੀ ਦੀ ਪ੍ਰੋੜਤਾ ਸੰਤ ਮਹਾਰਾਜ ਰਾੜੇ ਸਾਹਿਬ ਵਾਲਿਆਂ ਨੇ ਕੀਤੀ ਸੀ ਜਦੋਂ ਬਾਬਾ ਜੀ ਗ੍ਰਿਹਸਤ ਜੀਵਨ ਦਾ ਤਿਆਗ ਕਰਨ ਬਾਰੇ ਦ੍ਰਿੜ ਸੰਕਲਪ ਬਣਾ ਰਹੇ ਸੀ ਕਿ ਗ੍ਰਹਿਸਤੀ ਜੀਵਨ ਭਗਤੀ ਤੇ ਬੰਦਗੀ ਦੇ ਮਾਰਗ ਵਿਚ ਵਿਘਨ ਬਣ ਜਾਂਦਾ ਹੈ। ਜੇਕਰ ਬੰਦਾ ਇਕੱਲਾ ਹੋਵੇ ਤਾਂ ਕਿਤੇ ਵੀ, ਕਿਸੇ ਥਾਂ ਵੀ ਬਹਿ ਕੇ ਬਿਨਾਂ ਕਿਸੇ ਰੋਕ ਟੋਕ ਤੋਂ ਇਕ ਟੱਕ ਤੇ ਇਕ ਰਸ ਹੋ ਕੇ ਭਜਨ ਬੰਦਗੀ ਕਰ ਸਕਦਾ ਹੈ ਪਰੰਤੂ ਸੰਤ ਮਹਾਰਾਜ ਰਾੜੇ ਸਾਹਿਬ ਵਾਲਿਆਂ ਨੇ ਇਹ ਬਚਨ ਕਰਕੇ ਇਸ ਫੁਰਨੇ ਨੂੰ ਖਤਮ ਕਰ ਦਿਤਾ ਕਿ ਤੁਹਾਨੂੰ ਗ੍ਰਿਹਸਤ ਆਸ਼ਰਮ ਧਾਰਨ ਕਰਕੇ ਬਾਲ ਬੱਚਿਆਂ ਦੀ ਸੇਵਾ ਕਰਨੀ ਪੈਣੀ ਹੈ, ਇਹ ਤੁਹਾਡਾ ਕਰਮ ਬਾਕੀ ਹੈ।

ਇਥੇ ਇਹ ਸ਼ੰਕਾ ਨਵਿਰਤ ਕਰਨਾ ਬਹੁਤ ਜ਼ਰੂਰੀ ਹੈ ਕਿ ਮਹਾਂਪੁਰਸ਼ਾਂ ਦੇ ਕਰਮਾਂ ਦੀ ਕੋਈ ਬਾਕੀ ਨਹੀਂ ਹੁੰਦੀ ਪਰੰਤੂ ਉਨ੍ਹਾਂ ਦੇ ਉਸ ਕਰਮ ਰਾਹੀਂ ਅਨੇਕਾਂ ਸੰਸਾਰੀ ਜਗਿਆਸੂਆਂ ਦਾ ਭਲਾ ਹੋਣਾ ਹੁੰਦਾ ਹੈ। ਅਨੇਕਾਂ ਭੁਲੀਆਂ ਭਟਕੀਆਂ ਹੋਈਆਂ ਰੂਹਾਂ ਨੂੰ ਮਹਾਂਪੁਰਸ਼ ਆਪਣੇ ਕਰਮ ਯੋਗ ਦੁਆਰਾ ਸੇਧ ਦਿੰਦੇ ਹਨ ਕਿ ਪਰਿਵਾਰ ਵਿਚ ਰਹਿ ਕੇ ਬੱਚਿਆਂ ਨੂੰ ਪਾਲਦਿਆਂ ਪੋਸਦਿਆਂ, ਕਿਰਤ ਵਿਰਤ ਕਰਦਿਆਂ, ਸੰਸਾਰ ਵਿਚ ਸਮਾਜਿਕ ਤੌਰ ਤੇ ਵਿਚਰਦਿਆਂ ਹੋਇਆਂ ਕਿਸ ਤਰ੍ਹਾਂ ਦੀ ਰਹਿਣੀ, ਬਹਿਣੀ ਤੇ ਸਹਿਣੀ ਰੱਖਣੀ ਹੈ। ਸਾਰੀਆਂ ਪਰਿਵਾਰਿਕ ਜ਼ਿੰਮੇਵਾਰੀਆਂ ਨਿਭਾਉਂਦਿਆਂ ਹੋਇਆਂ ਕਿਸ ਤਰ੍ਹਾਂ ਨਾਲ ਜੁਗਤੀ ਦੁਆਰਾ ਮੁਕਤੀ ਪ੍ਰਾਪਤ ਕੀਤੀ ਜਾਂਦੀ ਹੈ।

ਪਰਬਲ ਸੰਸਕਾਰਾਂ ਦਾ ਸਦਕਾ ਆਪ ਨੂੰ ਨਾਮ ਜਪਣ ਦੀ ਚੇਟਕ ਬਹੁਤ ਸੀ। ਆਪ ਜ਼ਿਆਦਾ ਸਮਾਂ ਨਾਮ ਸਿਮਰਨ ਵਿਚ ਬਿਤਾਉਣ ਦਾ ਯਤਨ ਕਰਦੇ ਸਨ। ਇਸ ਦੇ ਨਾਲ ਨਾਲ ਮਨ ਅੰਦਰ ਗੁਰੂ ਦੀ ਸਿਖੀ ਫੈਲਾਉਣ ਦਾ ਮਨ ਵਿਚ ਬਹੁਤ ਸ਼ੌਕ ਸੀ। ਜਦੋਂ ਰੋਪੜ ਜਿਲੇ ਦੇ ਪਿੰਡਾਂ ਵਿਚ ਆਪ ਦੇ ਦੀਵਾਨ ਲੱਗਦੇ ਹੁੰਦੇ ਸਨ ਤਾਂ ਆਪ ਜੀ ਹਮੇਸ਼ਾ ਆਪਣੇ ਪ੍ਰਬਚਨਾਂ ਵਿਚ ਦੱਸਿਆ ਕਰਦੇ ਸੀ ਕਿ ਜਿਹੜੇ ਬੱਚੇ ਛੋਟੀ ਉਮਰ ਵਿਚ ਅੰਮ੍ਰਿਤ ਛਕਣ ਦੀ ਮੰਗ ਕਰਦੇ ਹਨ, ਉਹਨਾਂ ਦਾ ਪਿਛਲਾ ਇਕ ਜਨਮ ਗੁਰਸਿਖਾਂ ਦੇ ਪਰਿਵਾਰ ਵਿਚ ਗੁਜ਼ਰਿਆ ਹੁੰਦਾ ਹੈ। ਇਨ੍ਹਾਂ ਦੀਵਾਨਾਂ ਦੇ ਅੰਦਰ ਜਦੋਂ ਅੰਮ੍ਰਿਤ ਸੰਚਾਰ ਹੁੰਦਾ ਸੀ ਤਾਂ ਆਮ ਤੌਰ ਤੇ ਛੋਟੇ ਬੱਚੇ ਜੋ ਚੌਥੀ ਪੰਜਵੀਂ ਕਲਾਸ ਵਿਚ ਪੜ੍ਹਦੇ ਸਨ, ਅੰਮ੍ਰਿਤ ਛਕਣ ਦੀ ਜ਼ਿਦ ਕਰਿਆ ਕਰਦੇ ਸਨ। ਅੱਜ ਵੀ ਸੰਗਤ ਵਿਚ ਐਸੇ ਪ੍ਰੇਮੀ ਹਨ ਜਿਨ੍ਹਾਂ ਨੇ ਉਸ ਸਮੇਂ ਵਿਚ ਮਹਾਂਪੁਰਸ਼ਾਂ ਦੇ ਦੀਵਾਨਾਂ ਵਿਚ ਅੰਮ੍ਰਿਤ ਪਾਨ ਕੀਤਾ ਹੋਇਆ ਹੈ ਅਤੇ ਉਹਨਾਂ ਨੇ ਅੰਮ੍ਰਿਤ ਦੀ ਦਾਤ ਨੂੰ ਸਾਂਭ ਕੇ ਰੱਖਿਆ ਹੋਇਆ ਹੈ, ਕਿਸੇ ਤਰੀਕੇ ਨਾਲ ਵੀ ਡਿਗੇ ਨਹੀਂ ਹਨ। ਬਾਬਾ ਜੀ ਇਹ ਵੀ ਪ੍ਰਵਚਨ ਕਰਿਆ ਕਰਦੇ ਸਨ ਕਿ ਇਸ ਉਮਰ ਵਿਚ ਬੱਚਾ ਜਿਹੜਾ ਕਰਮ ਕਰਨਾ ਸ਼ੁਰੂ ਕਰ ਦੇਵੇ, ਉਹ ਆਦਤ ਬਣ ਜਾਂਦੀ ਹੈ ਤੇ ਸੰਸਕਾਰ ਪੱਕ ਜਾਂਦੇ ਹਨ। ਜੇਕਰ ਉਸ ਨੂੰ ਗੁਰਸਿਖੀ ਰਹਿਤ ਮਰਯਾਦਾ ਤੇ ਗੁਰੂ ਸਾਹਿਬਾਨ ਨਾਲ ਪਿਆਰ ਹੋ ਜਾਵੇ ਤਾਂ ਉਹ ਕਦੀ ਵੀ ਇਸ ਮਾਰਗ ਤੋਂ ਡੋਲਦਾ ਨਹੀਂ ਹੁੰਦਾ, ਆਪਣੇ

ਇਰਾਦੇ ਵਿਚ ਦ੍ਰਿੜ੍ਹ ਰਹਿੰਦਾ ਹੈ ਭਾਵੇਂ ਕੋਈ ਵੀ ਉਸ ਨੂੰ ਕਿਸੇ ਤਰੀਕੇ ਨਾਲ ਡੇਗਣ ਦਾ ਯਤਨ ਕਰੇ। ਗੁਰੂ ਮਹਾਰਾਜ ਜੀ ਦੀ ਸਿਖਿਆ ਗ੍ਰਹਿਣ ਕਰਕੇ ਹਿਰਦੇ ਵਿਚ ਧਾਰਨ ਕਰਨ ਦਾ ਉਸ ਦਾ ਸੁਭਾਵ ਬਣ ਜਾਂਦਾ ਹੈ। ਪਰ ਦੂਜੇ ਪਾਸੇ ਅਗਰ 40 ਸਾਲ ਤੋਂ ਉਪਰ ਦੀ ਉਮਰ ਵਾਲਿਆਂ ਨੂੰ ਰਹਿਤ ਮਰਯਾਦਾ ਦਾ ਸਬਕ ਸਿਖਾਈਏ ਤਾਂ ਉਹਨਾਂ ਦੀਆਂ ਆਦਤਾਂ ਤੇ ਸੁਭਾਵ ਨੂੰ ਬਦਲਨਾ ਬਹੁਤ ਕਠਿਨ ਹੁੰਦਾ ਹੈ। ਨਿਤਨੇਮ ਕਰਨਾ ਤੇ ਬਾਣੀ ਪੜ੍ਹਨੀ ਤਾਂ ਇਹਨਾਂ ਵਾਸਤੇ ਬਹੁਤ ਦੂਰ ਦੀ ਗੱਲ ਹੈ, ਇਹ ਤਾਂ ਜੇ ਬੁਰੀਆਂ ਆਦਤਾਂ ਤੋਂ ਛੁਟਕਾਰਾ ਪਾ ਲੈਣ ਤਾਂ ਵੀ ਵੱਡੀ ਗੱਲ ਹੈ। ਐਸਾ ਸੋਚਣਾ ਕਿ ਹੁਣ ਮੈਂ ਅੰਮ੍ਰਿਤ ਛਕ ਲਿਆ ਹੈ, ਮੀਟ, ਸ਼ਰਾਬ ਦਾ ਸੇਵਨ ਨਹੀਂ ਕਰਨਾ, ਜਰਦਾ ਨਹੀਂ ਖਾਣਾ, ਭੈੜੀ ਸੰਗਤ ਵਿਚ ਨਹੀਂ ਜਾਣਾ, ਨਿੰਦਿਆ ਚੁਗਲੀ, ਈਰਖਾ ਨਹੀਂ ਕਰਨੀ, ਅਗਰ ਇਨ੍ਹਾਂ ਦੀਆਂ ਇਹ ਆਦਤਾਂ ਵੀ ਛੁਟ ਜਾਣ ਤਾਂ ਵੀ ਬਹੁਤ ਹੈ। ਇਨ੍ਹਾਂ ਨੂੰ ਅਗਲਾ ਜਨਮ ਗੁਰਸਿਖਾਂ ਦੇ ਘਰ ਵਿਚ ਫੇਰ ਮਿਲ ਜਾਵੇਗਾ।

## ਅੰਮ੍ਰਿਤ ਛਕਣਾ ਤੇ ਬਚਪਨ ਵਿਚ ਨਾਮ ਜਪਣ ਦਾ ਚਾਉ

ਬਚਪਨ ਵਿਚ ਆਪ ਪਰਿਵਾਰ ਨਾਲ ਜਦੋਂ ਸ੍ਰੀ ਅਨੰਦਪੁਰ ਸਾਹਿਬ ਦਰਸ਼ਨ ਕਰਨ ਗਏ ਤਾਂ ਗੁਰਦੁਆਰਾ ਸ਼ਹੀਦਾਂ ਵਿਖੇ ਪੰਜ ਸਾਲ ਦੀ ਉਮਰ ਵਿਚ ਹੀ ਅੰਮ੍ਰਿਤਪਾਨ ਕਰ ਲਿਆ ਸੀ। ਉਸ ਵੇਲੇ ਆਪ ਦਾ ਨਿਤਨੇਮ ਸੀ ਕਿ ਸੱਤਰ ਹਜ਼ਾਰ ਵੇਰਾਂ ਵਾਹਿਗੁਰੂ ਮੰਤਰ ਦਾ ਜਾਪ ਕਰਿਆ ਕਰਦੇ ਸੀ। ਬਚਪਨ ਵਿਚ ਆਪ ਅਕਸਰ ਵੱਡੇ ਭੈਣ ਜੀ ਦੇ ਸਹੁਰੇ ਪਿੰਡ ਧਲ੍ਹੇਤੇ, ਜੋ ਕਿ ਨਵਾਂ ਸ਼ਹਿਰ, ਜਲੰਧਰ ਵਿਚ ਪੈਂਦਾ ਹੈ, ਚਲੇ ਜਾਇਆ ਕਰਦੇ ਸਨ ਕਿਉਂਕਿ ਆਪ ਦਾ ਭੈਣ ਜੀ ਨਾਲ ਬਹੁਤ ਪਿਆਰ ਸੀ। ਉਥੇ ਦਿਨ ਵਿਚ ਬੱਚਿਆਂ ਨਾਲ ਖੇਡਦੇ ਖੇਡਦੇ ਕਿਸੇ ਇਕਾਂਤ ਥਾਂ ਤੇ ਬੈਠ ਕੇ ਮਾਲਾ ਨਾਲ ਨਾਮ ਸਿਮਰਨ ਕਰਨ ਲੱਗ ਜਾਂਦੇ ਸਨ। ਮਾਲਾ ਆਪਣੇ ਖੀਸੇ ਵਿਚ ਪਾ ਕੇ ਲੈ ਜਾਇਆ ਕਰਦੇ ਸਨ। ਇਕ ਦਿਨ ਦੀ ਗੱਲ ਹੈ ਕਿ ਇਹ ਖੇਡਣ ਗਏ ਵਾਪਸ ਨਾ ਆਏ। ਬੱਚਿਆਂ ਤੋਂ ਪੁਛ ਗਿਛ ਕੀਤੀ, ਕੁਝ ਪਤਾ ਨਾ ਲੱਗਾ ਤਾਂ ਇਨ੍ਹਾਂ ਦੇ ਭੈਣ ਜੀ ਨੂੰ ਬਹੁਤ ਫਿਕਰ ਹੋ ਗਿਆ ਕਿ ਮੇਰਾ ਵੀਰ ਕਿਥੇ ਚਲਾ ਗਿਆ। ਕਿਸੇ ਬੱਚੇ ਨੇ ਦੱਸ ਪਾਈ ਕਿ ਕਮਾਦ ਦੇ ਖੇਤ ਵੱਲ ਜਾ ਰਹੇ ਸਨ। ਕਮਾਦ ਦੇ ਖੇਤ ਦੇ ਅੰਦਰ ਜਿਥੇ ਕਿਸਾਨ ਗੰਨੇ ਪੀੜਨ ਵਾਲਾ ਕੋਹਲੂ ਲਾਇਆ ਕਰਦੇ ਹਨ ਤੇ ਗੁੜ-ਸ਼ੱਕਰ ਬਨਾਉਣ ਲਈ ਰਸ ਕਾੜ੍ਹਿਆ ਜਾਂਦਾ ਹੈ ਉਸ ਨੂੰ ਭੱਠੀ ਜਾਂ ਬਹਿਣੀ ਕਹਿੰਦੇ ਹਨ ਜੋ ਜ਼ਮੀਨ ਤੋਂ ਕਾਫੀ ਡੂੰਘੀ ਬਣੀ ਹੁੰਦੀ ਹੈ। ਭੈਣ ਜੀ ਕੀ ਵੇਖਦੇ ਹਨ ਕਿ ਇਹ ਉਸ ਡੂੰਘੇ ਟੋਏ ਵਿਚ ਚੌਂਕੜਾ ਮਾਰ ਕੇ ਬੈਠੇ ਮਾਲਾ ਨਾਲ ਸਿਮਰਨ ਕਰ ਰਹੇ ਹਨ। ਭੈਣ ਜੀ ਨੇ ਕਿਹਾ ਕਿ ਵੇ ਵੀਰਾ! ਤੂੰ ਕਿਥੇ ਕਨੁਸਰੇ ਵਿਚ ਵੜਿਆ ਬੈਠਾ ਹੈਂ? ਇਥੇ ਤਾਂ ਸੱਪ ਆਦਿ ਲੁਕ ਕੇ ਬੈਠੇ ਹੁੰਦੇ ਹਨ। ਇਥੋਂ ਬਾਹਰ ਨਿਕਲ, ਕਿਤੇ ਕੁਝ ਲੜ ਗਿਆ ਤਾਂ ਮਾਤਾ ਨੂੰ ਮੈਂ ਕੀ ਜਵਾਬ ਦੇਵਾਂਗੀ?

ਤੈਨੂੰ ਡਰ ਨਹੀਂ ਲਗਦਾ ਇਹੋ ਜਿਹੇ ਥਾਂ ਬੈਠੇ ਨੂੰ? ਆਪ ਬਹੁਤ ਨਿਡਰ ਸਨ, ਕਹਿੰਦੇ, ਸੱਪ ਨੇ ਮੈਨੂੰ ਕੀ ਕਹਿਣਾ ਹੈ? ਬੀਬੀ! ਇਕਾਂਤ ਬੈਠ ਕੇ ਨਾਮ ਜਪਣ ਨੂੰ ਜੀਅ  ਕਰਦਾ ਰਹਿੰਦਾ ਹੈ। ਘਰ ਵਿਚ ਰੌਲਾ ਰੱਪਾ ਹੁੰਦਾ ਹੈ ਇਸ ਕਰਕੇ ਮੈਂ ਇਥੇ ਆ ਕੇ ਬੈਠ ਗਿਆ ਸੀ। ਮੈਂ ਗੁਰਦੁਆਰੇ ਭਾਈ ਸਾਹਿਬ ਪਾਸੋਂ ਸੁਣਦਾ ਰਹਿੰਦਾ ਹਾਂ ਕਿ ਵਾਹਿਗੁਰੂ ਤਾਂ ਹਰ ਥਾਂ ਪਰੀਪੂਰਨ ਹੈ, ਜੇ ਉਸ ਦਾ ਨਾਮ ਜਪੀਏ ਤਾਂ ਉਹ ਰੱਖਿਆ ਕਰਦਾ ਹੈ। ਮੈਂ ਧਰੂ ਭਗਤ ਤੇ ਪ੍ਰਹਿਲਾਦ ਭਗਤ ਦੀ ਵੀ ਸਾਖੀ ਸੁਣੀ ਹੋਈ ਹੈ। ਵਾਹਿਗੁਰੂ ਨੇ ਉਨ੍ਹਾਂ ਦੀ ਰੱਖਿਆ ਕੀਤੀ ਸੀ। ਬਾਲ ਅਵਸਥਾ ਵਿਚ ਹੀ ਇਨ੍ਹਾਂ ਦਾ ਇਹ ਵਿਸ਼ਵਾਸ ਬਣ ਚੁਕਿਆ ਸੀ, ਇਸ ਕਰਕੇ ਸੱਪ ਵਗੈਰਾ ਤੋਂ ਡਰਦੇ ਨਹੀਂ ਸਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਵੀ ਗੁਰੂ ਮਹਾਰਾਜ ਜੀ ਇਹੋ ਉਪਦੇਸ਼ ਦਿੰਦੇ ਹਨ ਕਿ -

***ਰਾਮ ਜਪਉ ਜੀਅ ਐਸੇ ਐਸੇ॥***
***ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥*** ***ਪੰਨਾ - 337***

ਬਾਲ ਅਵਸਥਾ ਵਿਚ ਜਪਿਆ ਹੋਇਆ ਨਾਮ ਬਹੁਤ ਜ਼ਿਆਦਾ ਫਲਦਾਇਕ ਹੋਇਆ ਕਰਦਾ ਹੈ। ਐਸੇ ਬਚਨ ਬਾਬਾ ਜੀ ਅਕਸਰ ਸੰਗਤ ਵਿਚ ਕਰਿਆ ਕਰਦੇ ਸਨ ਕਿ ਬਚਪਨ ਵਿਚ ਅੰਤਸ਼ਕਰਣ ਸਾਫ ਹੁੰਦਾ ਹੈ, ਹਿਰਦਾ ਕੋਮਲ ਤੇ ਨਿਸ਼ਕਪਟ ਹੁੰਦਾ ਹੈ, ਰਾਗ ਦ੍ਵੈਸ਼ ਤੋਂ ਰਹਿਤ ਹੁੰਦਾ ਹੈ, ਹੰਗਤਾ ਤੇ ਮਮਤਾ ਦਾ ਵੀ ਇਸ ਉਤੇ ਪ੍ਰਭਾਵ ਨਹੀਂ ਹੁੰਦਾ। ਇਸ ਕਰਕੇ ਜੇ ਕਦੇ ਇਸ ਦਾ ਰੁਖ ਇਸ ਪਾਸੇ ਵੱਲ ਹੋ ਜਾਵੇ ਤਾਂ ਰੂਹਾਨੀ ਸਫਰ ਛੇਤੀ ਤੈਅ ਹੋ ਜਾਇਆ ਕਰਦਾ ਹੈ। ਪਰ ਇਹ ਸੋਝੀ ਵੀ ਕਿਸੇ ਵਿਰਲੇ ਨੂੰ ਹੀ ਆਉਂਦੀ ਹੈ, ਨਹੀਂ ਤਾਂ ਬਾਲਪਨ ਖੇਡਾਂ ਵਿਚ ਗੁਜ਼ਰ ਜਾਂਦਾ ਹੈ। ਮਾਤਾ, ਪਿਤਾ, ਭੈਣ, ਭਰਾਵਾਂ, ਸੰਬੰਧੀਆਂ ਦੇ ਹੱਥਾਂ ਦਾ ਖਿਡੌਣਾ ਬਣਿਆ ਰਹਿੰਦਾ ਹੈ। ਇਨ੍ਹਾਂ ਤੋਂ ਬਿਨਾਂ ਹੋਰ ਕਿਸੇ ਨਾਲ ਪਛਾਣ ਨਹੀਂ ਪੈਂਦੀ। ਇਸੇ ਤਰ੍ਹਾਂ -

***ਬਾਰਹ ਬਰਸ ਬਾਲਪਨ ਬੀਤੇ ਬੀਸ ਬਰਸ ਕਛੁ ਤਪੁ ਨ ਕੀਓ॥***

***ਪੰਨਾ - 479***

ਜਦੋਂ ਜਵਾਨੀ ਦੀ ਹਨ੍ਹੇਰੀ ਆਉਂਦੀ ਹੈ ਤਾਂ ਇਹ ਆਪਣੇ ਚੁਗਿਰਦੇ ਨੂੰ ਵੇਖਦਾ ਹੈ ਤੇ ਇਸ ਉਤੇ ਕਾਮ ਦਾ ਭੂਤ ਸਵਾਰ ਹੋ ਜਾਂਦਾ ਹੈ। ਜਵਾਨੀ ਦੇ ਨਸ਼ੇ ਵਿਚ ਇਹ ਸਭ ਕੁਝ ਭੁਲ ਜਾਂਦਾ ਹੈ। ਜਦੋਂ ਸ਼ਾਦੀ ਹੋ ਗਈ, ਬਾਲ ਬੱਚੇ ਹੋ ਗਏ, ਉਨ੍ਹਾਂ ਦੀ ਪਾਲਣਾ ਸ਼ੁਰੂ ਕਰ ਦਿੰਦਾ ਹੈ ਤੇ ਸਾਰਾ ਜੀਵਨ ਉਨ੍ਹਾਂ ਦੇ ਭਵਿਖ ਨੂੰ ਬਨਾਉਣ ਲਈ ਉਸ ਵਿਚ ਹੀ ਖਚਿਤ ਹੋਇਆ ਰਹਿੰਦਾ ਹੈ। ਬਾਲ ਬੱਚਿਆਂ ਦੀ ਸ਼ਾਦੀ ਕਰ ਦਿਤੀ, ਗ੍ਰਿਹਸਤ ਦੇ ਫਰਜ਼ਾਂ ਤੋਂ ਵਿਹਲਾ ਹੋ ਗਿਆ ਤਾਂ ਇਸ ਨੂੰ ਬੁਢਾਪੇ ਦਾ ਰੋਗ ਆ ਲੱਗਦਾ ਹੈ, ਤਰ੍ਹਾਂ ਤਰ੍ਹਾਂ ਦੇ

ਰੋਗ ਚਿੰਬੜ ਜਾਂਦੇ ਹਨ। ਸਰੀਰ ਵਿਚ ਉਹ ਤਾਕਤ ਨਹੀਂ ਰਹੀ ਜੋ ਜਵਾਨੀ ਵੇਲੇ ਸੀ। ਨਾਮ ਇਸ ਨੇ ਕਿਹੜੇ ਵੇਲੇ ਜਪਣਾ ਸੀ? ਸੋ ਇਸ ਤਰ੍ਹਾਂ ਨਾਲ ਆਮ ਮਨੁੱਖ ਇਸ ਕੀਮਤੀ ਸਰੀਰ ਨੂੰ ਭੰਗ ਦੇ ਭਾੜੇ ਗੁਆ ਕੇ, ਜਨਮ ਜੂਏ ਵਿਚ ਹਾਰ ਕੇ ਚਲਿਆ ਜਾਂਦਾ ਹੈ। ਜੋ ਕੁਝ ਇਸ ਨੂੰ ਕਰਨਾ ਚਾਹੀਦਾ ਸੀ, ਜਦੋਂ ਸਮਾਂ ਸੀ ਉਸ ਵੇਲੇ ਨਹੀਂ ਕੀਤਾ, ਫੇਰ ਵੇਲੇ ਨੂੰ ਪਛਤਾਉਂਦਾ ਹੈ –

*ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ॥*
*ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ॥*
*ਪੰਨਾ – 1428*

ਇਸ ਕਰਕੇ ਬਾਬਾ ਜੀ ਬਚਨ ਕਰਿਆ ਕਰਦੇ ਸੀ ਕਿ ਨਾਮ ਜੱਪਣ ਦੀ ਸਭ ਤੋਂ ਉਤਮ ਅਵਸਥਾ ਬਚਪਨ ਤੇ ਜਵਾਨੀ ਹੋਇਆ ਕਰਦੀ ਹੈ। ਬੁਢੇਪਾ ਤਾਂ ਰੋਗਾਂ ਦੀ ਖਾਣ ਹੋਇਆ ਕਰਦਾ ਹੈ, ਇਸ ਨੂੰ ਜਰਾ ਰੋਗ ਕਹਿੰਦੇ ਹਨ। ਆਪ ਐਸੇ ਬਚਨ ਕਰਕੇ ਸੰਗਤ ਨੂੰ ਸਮਝਾਇਆ ਕਰਦੇ ਸੀ –

*ਜਬ ਲਗੁ ਜਰਾ ਰੋਗੁ ਨਹੀ ਆਇਆ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥*
*ਜਬ ਲਗੁ ਬਿਕਲ ਭਈ ਨਹੀ ਬਾਨੀ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ॥*
*ਅਬ ਨ ਭਜਸਿ ਭਜਸਿ ਕਬ ਭਾਈ॥*
*ਆਵੈ ਅੰਤੁ ਨ ਭਜਿਆ ਜਾਈ॥* *ਪੰਨਾ – 1159*

*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥* *ਪੰਨਾ – 1159*

ਤੀਬਰ ਲਗਨ ਹੋਣ ਕਰਕੇ ਬਚਪਨ ਵਿਚ ਹੀ ਇਨ੍ਹਾਂ ਦਾ ਸੁਭਾਵ ਨਾਮ ਜੱਪਣ ਵਾਲਾ ਬਣ ਗਿਆ ਸੀ। ਵਾਹਿਗੁਰੂ ਆਪਣੇ ਨਾਮ ਦਾ ਪ੍ਰੇਮ ਪਿਆਲਾ ਤਾਂ ਕੇਵਲ ਉਹਨਾਂ ਪਿਆਰਿਆਂ ਨੂੰ ਹੀ ਬਖਸ਼ਦਾ ਹੈ ਜਿਨ੍ਹਾਂ ਉਤੇ ਉਸ ਦੀ ਮੇਹਰ ਹੋਵੇ। ਐਸੀ ਲਗਨ ਆਪਣੇ ਆਪ ਤੋਂ ਕਿਸੇ ਨੂੰ ਵੀ ਨਹੀਂ ਲੱਗ ਸਕਦੀ ਭਾਵੇਂ ਜਿੰਨਾਂ ਮਰਜ਼ੀ ਜੋਰ ਲਾ ਲਵੇ ਕਿ ਮੈਂ ਪ੍ਰਭੂ ਦਾ ਨਾਮ ਜਪਾਂ, ਮੈਂ ਪ੍ਰਭੂ ਨੂੰ ਪਿਆਰ ਕਰਾਂ। ਨਾਮ ਤਾਂ ਹੀ ਜਪੇਗਾ ਜੇ ਪ੍ਰਭੂ ਨਾਲ ਪਿਆਰ ਹੋਵੇਗਾ, ਪਿਆਰ ਤੋਂ ਬਿਨਾਂ ਤਾਂ ਨਾਮ ਜਪਣਾ ਵੀ ਮੁਸ਼ਕਲ ਹੈ ਕਿਉਂਕਿ –

*ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ॥*
*ਏਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥*

*ਪੰਨਾ - 1378*

ਇਹ ਸਾਰਾ ਕੁਝ ਬਖਸ਼ੀਆਂ ਹੋਈਆਂ, ਪਰਵਾਨ ਹੋਈਆਂ ਰੂਹਾਂ ਦੇ ਹਿਸੇ ਵਿਚ ਆਇਆ ਕਰਦਾ ਹੈ। ਜਗਿਆਸੂ ਵੀ ਲੋਚਦੇ ਹਨ ਕਿ ਸਾਨੂੰ ਵੀ ਇਸ ਤਰ੍ਹਾਂ ਦੀ ਲਗਨ ਲੱਗ ਜਾਵੇ, ਪਰ ਇਹ ਪ੍ਰੇਮ ਦੀ ਘਾਟੀ ਹੈ ਜਿਸ ਤੇ ਚੜ੍ਹਨਾ ਬਹੁਤ ਮੁਸ਼ਕਲ ਹੈ। ਇਹ ਪ੍ਰੇਮ ਆਪਾ ਗਵਾਉਣ ਦੀ ਕੁਰਬਾਨੀ ਮੰਗਦਾ ਹੈ, ਜਿਸ ਨਾਲ ਆਪਣਾ ਆਪ ਮਿਟਾ ਕੇ ਕੇਵਲ ਉਸ ਪਿਆਰੇ ਦਾ ਪਿਆਰ ਹੀ ਮੁਖ ਬਿੰਦੂ ਬਣਿਆ ਰਹੇ। ਇਥੇ ਸੰਸਾਰਕ ਪਦਾਰਥਾਂ ਦੀ ਮੰਗ ਖਤਮ ਹੋ ਜਾਇਆ ਕਰਦੀ ਹੈ। ਸੰਸਾਰ ਤਾਂ ਪਦਾਰਥ ਮੰਗਦਾ ਹੈ, ਆਪਣੀਆਂ ਲੋੜਾਂ ਪੂਰੀਆਂ ਕਰਨੀਆਂ ਚਾਹੁੰਦਾ ਹੈ। ਵਾਹਿਗੁਰੂ ਨੂੰ ਮੰਗਣ ਵਾਲਾ, ਉਸ ਦਾ ਪਿਆਰ ਮੰਗਣ ਵਾਲਾ ਤਾਂ ਵਿਰਲਾ ਵਿਰਲਾ ਹੀ ਹੁੰਦਾ ਹੈ। ਜਿਸ ਤਰ੍ਹਾਂ ਮਾਣਕ ਸਾਰੇ ਪਹਾੜਾਂ ਵਿਚ ਨਹੀਂ ਪਾਏ ਜਾਂਦੇ ਅਤੇ ਮੋਤੀ ਸਾਰੇ ਟੋਭਿਆਂ ਤੇ ਸਰੋਵਰਾਂ ਵਿਚ ਨਹੀਂ ਹੁੰਦੇ, ਚੰਦਨ ਦਾ ਬਿਰਖ ਸਾਰੇ ਜੰਗਲਾਂ ਵਿਚ ਨਹੀਂ ਮਿਲ ਸਕਿਆ ਕਰਦਾ, ਇਸੇ ਤਰ੍ਹਾਂ ਸਾਧੂ, ਸੰਤ, ਪ੍ਰਭੂ ਦੇ ਪਿਆਰੇ ਨਾਮ ਜੱਪਣ ਵਾਲੇ ਹਰ ਨਗਰ ਵਿਚ ਨਹੀਂ ਮਿਲਿਆ ਕਰਦੇ। ਕਿਸੇ ਕਵੀ ਨੇ ਕਥਨ ਕੀਤਾ ਹੈ -

***ਗਿਰਿ ਗਿਰਿ ਮੈ ਮਾਨਕ ਨਹੀਂ ਗਜ ਗਜ ਮੋਤੀ ਨਾਹਿ॥***
***ਚੰਦਨਿ ਤਰੁ ਬਨ ਬਨ ਨਹੀਂ ਸੰਤ ਨ ਪੁਰਿ ਪੁਰਿ ਮਾਹਿ॥***

ਮਹਾਰਾਜ ਵੀ ਇਸ ਤਰ੍ਹਾਂ ਫੁਰਮਾਨ ਕਰਦੇ ਹਨ -

***ਕੋਟਨ ਮਹਿ ਨਾਨਕ ਕੋਊ ਨਾਰਾਇਣੁ ਜਿਹ ਚੀਤਿ॥ ਪੰਨਾ- 1427***

## ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ

ਜਦੋਂ ਵੱਡੇ ਹੋ ਕੇ ਸਕੂਲ ਪੜ੍ਹਨ ਦੇ ਲਾਇਕ ਹੋਏ ਤਾਂ ਪਿਤਾ ਜੀ ਨੇ ਚਾਂਈ ਚਾਂਈ ਸਕੂਲ ਵਿਚ ਦਾਖਲ ਕਰਵਾ ਦਿਤਾ। ਉਸ ਵੇਲੇ ਦਾ ਰਿਵਾਜ਼ ਸੀ ਕਿ ਜਦੋਂ ਵੀ ਕੋਈ ਨਵੇਂ ਬੱਚੇ ਨੂੰ ਸਕੂਲ ਵਿਚ ਪੜ੍ਹਨੇ ਪਾਇਆ ਜਾਂਦਾ ਤਾਂ ਸਕੂਲ ਵਿਚ ਜਾ ਕੇ ਮਾਸਟਰ ਜੀ ਨੂੰ ਤੇ ਬੱਚਿਆਂ ਨੂੰ ਗੁੜ ਜਾਂ ਸ਼ੱਕਰ ਵੰਡੀ ਜਾਂਦੀ ਸੀ। ਉਸ ਵੇਲੇ ਸਕੂਲਾਂ ਵਿਚ ਉਰਦੂ ਪੜ੍ਹਾਈ ਜਾਇਆ ਕਰਦੀ ਸੀ। ਗਿਣਤੀ ਦੇ ਨਾਲ ਨਾਲ ਪਹਾੜੇ ਪੱਕੇ ਕਰਵਾਏ ਜਾਂਦੇ ਸੀ ਜਦ ਕਿ ਗੁਰਮੁਖੀ ਅੱਖਰਾਂ ਦੀ ਵਿਦਿਆ ਮਾਪੇ ਘਰ ਵਿਚ ਸਿਖਾਉਂਦੇ ਜਾਂ ਗੁਰਦੁਆਰਿਆਂ ਵਿਚ ਗ੍ਰੰਥੀ ਸਿੰਘ ਸਿਖਾਇਆ ਕਰਦੇ ਸਨ। ਸਕੂਲਾਂ ਵਿਚ ਫੱਟੀਆਂ ਵਰਤੀਆਂ ਜਾਂਦੀਆਂ ਸਨ ਜਿਨ੍ਹਾਂ ਉਤੇ ਕੱਚੇ ਕਾਨੇ ਦੀ ਕਲਮ ਬਣਾ ਕੇ ਕਾਲੀ ਸਿਆਹੀ ਨਾਲ ਲਿਖਿਆ ਜਾਂਦਾ ਸੀ। ਉਸ ਵੇਲੇ ਕਾਗਜ਼ ਉਤੇ ਪੈਨਾਂ ਨਾਲ ਲਿਖਣ ਦਾ ਰਿਵਾਜ਼ ਨਹੀਂ ਸੀ, ਕੇਵਲ ਬਹੁਤ ਪੜ੍ਹੇ ਲਿਖੇ ਜਾਂ ਅਧਿਆਪਕ ਲੋਕ ਡੰਕ, ਜਿਸ ਵਿਚ ਨਿੱਭ ਪਾਈ ਹੁੰਦੀ ਸੀ, ਸਿਆਹੀ ਦੀ ਦਵਾਤ ਵਿਚ ਡੁਬੋ ਕੇ ਲਿਖਿਆ ਕਰਦੇ ਸਨ। ਉਰਦੂ ਦੇ ਨਾਲ ਨਾਲ ਆਪ ਨੇ ਗੁਰਮੁਖੀ ਅੱਖਰਾਂ ਦੀ ਪੜ੍ਹਾਈ ਵੀ ਸਿਖ ਲਈ। ਧਾਰਮਕ ਕਿੱਸੇ ਪੜ੍ਹਨ ਦਾ ਆਪ ਨੂੰ ਬਹੁਤ ਸ਼ੌਕ ਸੀ। ਕਦੀ

ਕਦੀ ਆਪ ਰੰਗ ਵਿਚ ਆ ਕੇ ਇਹ ਬਚਨ ਦੱਸਿਆ ਕਰਦੇ ਕਿ ਮੈਨੂੰ ਕਿੱਸੇ ਪੜ੍ਹਨ ਦਾ ਸ਼ੌਕ ਸੀ ਤੇ ਕਿੱਸਿਆਂ ਵਿਚੋਂ ਮੈਂ ਅਸਲੀ ਗੱਲ ਲੱਭਣ ਦਾ ਯਤਨ ਕਰਿਆ ਕਰਦਾ ਸੀ।

ਇਸ ਤਰ੍ਹਾਂ ਕਰਦੇ ਕਰਦੇ ਆਪ ਜੀ ਨੇ ਜਪੁਜੀ ਸਾਹਿਬ ਤੇ ਬਾਈ ਵਾਰਾਂ ਆਦਿ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਹੌਲੀ ਹੌਲੀ ਗੁਰਬਾਣੀ ਵੀ ਸਰਲ ਹੋ ਗਈ ਜਦ ਕਿ ਕਿਸੇ ਨੇ ਕਦੀ ਵੀ ਆਪ ਨੂੰ ਸੰਥਿਆ ਨਹੀਂ ਦਿਤੀ। ਆਪ ਜੀ ਦੱਸਿਆ ਕਰਦੇ ਸੀ ਕਿ ਜਦੋਂ ਸਕੂਲ ਪੜ੍ਹਦੇ ਸੀ ਤਾਂ ਉਨ੍ਹਾਂ ਦਿਨਾਂ ਵਿਚ ਗੁਰਦੁਆਰਾ ਸਾਹਿਬ ਵਿਚ ਗ੍ਰੰਥੀ ਸਿੰਘ ਗੁਰੂ ਗਰੰਥ ਸਾਹਿਬ ਜੀ ਦੀ ਸੰਥਿਆ ਦਿਆ ਕਰਦੇ ਸਨ। ਇਨ੍ਹਾਂ ਨੂੰ ਸੰਥਿਆ ਲੈਂਦਿਆਂ ਕਈ ਮਹੀਨੇ ਹੋ ਗਏ ਸਨ। ਗ੍ਰੰਥੀ ਜੀ ਇਕੱਲੇ ਇਕੱਲੇ ਤੋਂ, ਦਿਤੀ ਹੋਈ ਸੰਥਿਆ ਅਨੁਸਾਰ ਸੁਣ ਰਹੇ ਸਨ ਤੇ ਹਰ ਇਕ ਕੋਲੋਂ ਅੱਖਰਾਂ ਦੇ ਉਚਾਰਨ ਤੇ ਜੁੜੇ ਹੋਏ ਅੱਖਰਾਂ ਨੂੰ ਜੋੜਨ ਵਿਚ ਗਲਤੀ ਹੋ ਰਹੀ ਸੀ। ਬਾਬਾ ਜੀ ਵੀ ਇਹ ਸਭ ਕੁਝ ਦੇਖ ਰਹੇ ਸਨ। ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਹਿਲੀਆਂ ਬੀੜਾਂ ਵਿਚ ਸਾਰੇ ਅੱਖਰ ਜੁੜਵੇਂ ਹੁੰਦੇ ਸੀ, ਹੁਣ ਵਾਂਗੂੰ ਪਦ ਛੇਦ ਵਾਲੀਆਂ ਬੀੜਾਂ ਨਹੀਂ ਸਨ ਕਿਉਂਕਿ ਪਦ ਛੇਦ ਵਾਲੇ ਅੱਖਰਾਂ ਨੂੰ ਪੜ੍ਹਨਾ ਸੌਖਾ ਹੋਇਆ ਕਰਦਾ ਹੈ। ਬਾਬਾ ਜੀ ਨੇ ਗ੍ਰੰਥੀ ਸਿੰਘ ਨੂੰ ਬੇਨਤੀ ਕੀਤੀ ਕਿ ਬਾਬਾ ਜੀ! ਮੈਂ ਪੜ੍ਹ ਕੇ ਦਿਖਾ ਸਕਦਾ ਹਾਂ ਜੇ ਤੁਸੀਂ ਮੈਨੂੰ ਆਗਿਆ ਦਿਉ। ਉਹ ਕਹਿਣ ਲੱਗੇ, ਕਾਕਾ ਤੂੰ ਕਿਵੇਂ ਪੜ੍ਹ ਲਵੇਂਗਾ? ਆਹ ਤੇਰੇ ਨਾਲੋਂ ਵੱਡੀ ਉਮਰ ਦੇ ਕਈ ਕਈ ਮਹੀਨਿਆਂ ਤੋਂ ਸੰਥਿਆ ਲੈ ਰਹੇ ਹਨ, ਹਾਲੇ ਤਕ ਇਨ੍ਹਾਂ ਨੂੰ ਤਾਂ ਚੰਗੀ ਤਰ੍ਹਾਂ ਪੜ੍ਹਨਾ ਨਹੀਂ ਆਇਆ। ਆਪ ਨੇ ਫੇਰ ਬੇਨਤੀ ਕੀਤੀ ਕਿ ਮੈਨੂੰ ਮੌਕਾ ਤਾਂ ਦੇ ਕੇ ਵੇਖੋ, ਮੈਨੂੰ ਯਕੀਨ ਹੈ ਮੈਂ ਪੜ੍ਹ ਲਵਾਂਗਾ। ਉਹ ਕਹਿਣ ਲੱਗੇ ਤੂੰ ਕਿਵੇਂ ਪੜ੍ਹ ਲਵੇਂਗਾ, ਤੂੰ ਸੰਥਿਆ ਤਾਂ ਲਈ ਨਹੀਂ। ਇਹ ਕਹਿਣ ਲੱਗੇ, ਬਾਬਾ ਜੀ! ਮੈਂ ਧਾਰਮਕ ਕਿੱਸੇ ਪੜ੍ਹੇ ਹੋਏ ਹਨ। ਉਹ ਕਹਿਣ ਲੱਗੇ ਠੀਕ ਹੈ ਪਰ ਤੈਥੋਂ ਪੜ੍ਹ ਨਹੀਂ ਹੋਣਾ। ਇਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਰਹਾਅ ਵਿਚ ਪੜ੍ਹਨੀ ਸ਼ੁਰੂ ਕਰ ਦਿੱਤੀ ਤੇ ਜੁੜਵੇਂ ਅੱਖਰਾਂ ਦੇ ਪੱਦ ਛੇਦ ਵੀ ਸਹਿਜੇ ਹੀ ਕਰਕੇ ਸ਼ੁਧ ਪਾਠ ਕੀਤਾ।

ਗ੍ਰੰਥੀ ਜੀ ਹੈਰਾਨ ਰਹਿ ਗਏ ਅਤੇ ਆਪ ਦੀ ਇਸ ਸੂਝ ਤੇ ਤੀਖਣ ਬੁਧੀ ਵੇਖ ਕੇ ਬਹੁਤ ਪਰਸੰਨ ਹੋਏ। ਦੂਜਿਆਂ ਨੂੰ ਕਹਿਣ ਲੱਗੇ, ਦੇਖੋ ਆਹ ਮੁੰਡਾ ਤੁਹਾਡੇ ਤੋਂ ਕਿੰਨਾ ਸ਼ੁਧ ਅਤੇ ਸਹੀ ਉਚਾਰਣ ਕਰਕੇ ਰਹਾਅ ਵਿਚ ਪਾਠ ਕਰ ਰਿਹਾ ਹੈ। ਬਸ ਫੇਰ ਕੀ ਸੀ, ਗ੍ਰੰਥੀ ਜੀ ਨੂੰ ਮੌਜ ਬਣ ਗਈ। ਉਹ ਹਮੇਸ਼ਾ ਆਪ ਦੇ ਸਕੂਲ ਤੋਂ ਪਰਤਣ ਦੀ ਉਡੀਕ ਕਰਦੇ ਰਹਿੰਦੇ ਸੀ ਕਿ ਕਦੋਂ ਉਹ ਸਕੂਲ ਤੋਂ ਆਵੇ ਤੇ ਮੈਂ ਉਸ ਨੂੰ ਅਖੰਡ ਪਾਠ ਦੀ ਰੌਲ ਲਗਾਉਣ ਲਈ ਭੇਜਾਂ ਕਿਉਂਕਿ ਗ੍ਰੰਥੀ ਸਾਹਿਬ ਪਿੰਡਾਂ ਵਿਚ ਅਖੰਡ ਪਾਠ ਤੇ ਸਾਧਾਰਨ ਪਾਠ ਕਰਨ ਦੀ ਸੇਵਾ ਕਰਿਆ ਕਰਦੇ ਸੀ। ਉਸ ਵੇਲੇ ਪਿੰਡ ਵਿਚ ਆਮ ਮਸ਼ਹੂਰ ਸੀ ਕਿ ਜਦੋਂ ਬਾਬਾ ਜੀ ਰੌਲ ਤੇ ਬੈਠਦੇ

ਤਾਂ ਘਰ ਦੇ ਅਤੇ ਆਂਢ-ਗੁਆਂਢ ਦੇ ਲੋਕੀਂ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸੁਣਨ ਲਈ ਉਚੇਚੇ ਤੌਰ ਤੇ ਇਕਾਗਰ ਚਿਤ ਕਰਕੇ ਬੈਠ ਜਾਇਆ ਕਰਦੇ ਸਨ। ਆਪਸ ਵਿਚ ਗੱਲਾਂ ਕਰਦੇ ਸੁਣੇ ਜਾਂਦੇ ਕਿ ਦੇਖੋ ਵਰਿਆਮ ਸਿੰਘ ਕਿੰਨਾ ਸੋਹਣਾ ਸ਼ੁਧ ਉਚਾਰਣ ਤੇ ਰਸਦਾਇਕ ਪਾਠ ਕਰਦਾ ਹੈ, ਇਸ ਦਾ ਇਕ ਇਕ ਅੱਖਰ ਸਮਝ ਵਿਚ ਪੈਂਦਾ ਹੈ ਤੇ ਸੁਣਨੇ ਨੂੰ ਜੀਅ ਕਰਦਾ ਹੈ। ਪਾਠ ਦੀ ਰੌਲ ਲਗਾਉਣੀ ਇਕ ਕਿਸਮ ਦਾ ਆਪ ਦਾ routine ਹੀ ਬਣ ਗਿਆ ਸੀ। ਗ੍ਰੰਥੀ ਸਿੰਘ ਆਪ ਦਾ ਸਕੂਲ ਵਾਲਾ ਬਸਤਾ ਆਪਣੇ ਕੋਲ ਰੱਖ ਲੈਂਦਾ ਤੇ ਘਰ ਪਹੁੰਚਾਅ ਦਿੰਦਾ ਤੇ ਇਹ ਕਦੀ ਕਦੀ ਰਾਤ ਨੂੰ ਦੇਰ ਨਾਲ ਘਰ ਆਉਂਦੇ ਤੇ ਆ ਕੇ ਸਕੂਲ ਦਾ ਕੰਮ ਵੀ ਕਰਿਆ ਕਰਦੇ ਸਨ। ਸਕੂਲ ਵਿਚ ਪੜ੍ਹਨ ਦੇ ਨਾਲ ਨਾਲ ਗੁਰਬਾਣੀ ਪੜ੍ਹਦੇ, ਗੁਰਬਾਣੀ ਨੂੰ ਕੰਠ ਕਰਨਾ ਤੇ ਤੁਰੇ ਜਾਂਦੇ ਗਾਇਨ ਕਰਦੇ ਰਹਿਣਾ ਆਪ ਦਾ ਸ਼ੌਕ ਸੀ।

## ਮਹਾਂਪੁਰਸ਼ਾਂ ਦੇ ਭਵਿੱਖਤ ਬਚਨ

ਇਨ੍ਹਾਂ ਦੇ ਵੱਡੇ ਭੈਣ ਜਸਵੰਤ ਕੌਰ ਜੀ ਨੇ ਮੈਨੂੰ ਦੱਸਿਆ ਸੀ ਕਿ ਇਹ ਛੋਟੇ ਹੁੰਦੇ ਕਹਿੰਦੇ ਹੁੰਦੇ ਸੀ ਕਿ ਬੀਬੀ ਆਪਾਂ ਦੋਵੇਂ ਕੀਰਤਨ ਕਰਿਆ ਕਰਾਂਗੇ। ਸਮਾਂ ਪਾ ਕੇ ਦੋਵੇਂ ਭੈਣ ਭਰਾ ਪਿੰਡ ਵਿਚ ਘਰ ਘਰ ਵਿਚ ਆਸਾ ਦੀ ਵਾਰ ਲਾਇਆ ਕਰਦੇ ਸੀ ਅਤੇ ਬੜੇ ਜ਼ੋਰ ਜ਼ੋਰ ਦੀ ਜੋਟੀਆਂ ਵਿਚ ਸ਼ਬਦ ਕੀਰਤਨ ਕਰਿਆ ਕਰਦੇ ਸੀ। ਪਿੰਡ ਦੇ ਸਾਰੇ ਮਾਈ ਭਾਈ ਜੋਟੀਆਂ ਵਿਚ ਕੀਰਤਨ ਕਰਿਆ ਕਰਦੇ ਸੀ ਤੇ ਅੰਮ੍ਰਿਤ ਵੇਲੇ ਬਹੁਤ ਰਸ ਬੱਝਦਾ ਸੀ। ਸਾਰੀ ਸਾਰੀ ਰਾਤ ਮਾਲਾ ਲੈ ਕੇ ਨਾਮ ਜਪਦੇ ਰਹਿੰਦੇ ਸੀ, ਘਰ ਦੇ ਮੋਘੇ ਉਤੇ ਲੋਹੇ ਦੀਆਂ ਸੀਖਾਂ ਵਿਚ ਦੀ ਮਾਲਾ ਲਟਕਾ ਕੇ ਬਹਿ ਜਾਂਦੇ ਸਨ। ਜਦੋਂ ਕਦੀ ਰਾਤ ਨੂੰ ਉਠਣਾ ਤਾਂ ਇਹ ਮਾਲਾ ਲੈ ਕੇ ਬੈਠੇ ਹੁੰਦੇ ਸੀ। ਇਨ੍ਹਾਂ ਦੇ ਮਾਤਾ ਜੀ ਨੂੰ ਬਹੁਤ ਸ਼ਰਧਾ ਸੀ ਤੇ ਇਨ੍ਹਾਂ ਦਾ ਬਚਿਆ ਹੋਇਆ ਸ਼ੀਤ ਪ੍ਰਸ਼ਾਦ ਹਮੇਸ਼ਾ ਛਕਿਆ ਕਰਦੇ ਸੀ ਤੇ ਕਿਹਾ ਕਰਦੇ ਸੀ ਕਿ ਮੇਰਾ ਪੁਤ ਤਾਂ ਸੰਤ ਹੈ, ਸਮਾਂ ਆਵੇਗਾ ਜਦੋਂ ਇਹ ਸੰਸਾਰ ਵਿਚ ਚਮਕੇਗਾ। ਇਸੇ ਤਰ੍ਹਾਂ ਪਿਤਾ ਜੀ ਵੀ ਸਤਿਕਾਰ ਕਰਦੇ ਸੀ। ਇਨ੍ਹਾਂ ਦੇ ਇਸ ਜਾਮੇ ਵਿਚ ਵੀ ਬਹੁਤ ਜਟਾਂ ਵਾਲੇ ਸਾਧੂ ਖੂਹ ਤੇ ਆ ਕੇ ਰਿਹਾ ਕਰਦੇ ਸੀ। ਇਕ ਦਿਨ ਇਹ ਬੱਚਿਆਂ ਨਾਲ ਖੇਡਦੇ ਖੇਡਦੇ ਖੂਹ ਤੇ ਚਲੇ ਗਏ, ਇਕ ਬੱਚੇ ਦੇ ਮਗਰ ਨੱਸ ਰਹੇ ਸੀ ਤੇ ਜ਼ੋਰ ਦੀ ਕਹਿ ਰਹੇ ਸੀ ਕਿ ਫੜ ਲਵੋ, ਫੜ ਲਵੋ। ਉਨ੍ਹਾਂ ਜਟਾਵਾਂ ਵਾਲੇ ਸੰਤਾਂ ਨੇ ਕਿਹਾ ਕਿ ਕਾਕਾ ਮੇਰੇ ਪਾਸ ਆ, ਤੇ ਕਿਹਾ ਕਿ ਤੁਸੀਂ ਸ਼ਿਕਾਰ ਦੀ ਖੇਡ ਕਰ ਰਹੇ ਸੀ। ਬੇਟਾ ਤੁਸੀਂ ਸ਼ਿਕਾਰ ਜ਼ਰੂਰ ਮਾਰੋਗੇ ਪਰ ਆਪਣੇ ਅੰਦਰ ਦੀਆਂ ਫੌਜਾਂ ਦਾ ਸ਼ਿਕਾਰ ਕਰੋਗੇ। ਇੰਨੇ ਨੂੰ ਪਿਤਾ ਜੀ ਆ ਗਏ ਤੇ ਸੰਤ ਕਹਿਣ ਲੱਗੇ ਕਿ ਇਹ ਪੰਜ ਬੀਰਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਦਾ ਸ਼ਿਕਾਰ ਕਰੇਗਾ, ਇਹ ਸੂਰਮਾ ਹੋਵੇਗਾ। ਕੋਈ ਸਮਾਂ ਆਵੇਗਾ ਇਹ ਬੜਾ ਪ੍ਰਤਾਪੀ ਸੰਤ ਸਿਪਾਹੀ ਹੋਵੇਗਾ। ਬਾਪੂ ਜੀ ਨੇ ਇਨ੍ਹਾਂ ਜਟਾਵਾਂ

ਵਾਲੇ ਸੰਤਾਂ ਨੂੰ ਪੁਛਿਆ ਕਿ ਇਹ ਪਹਿਲਾਂ ਸਾਨੂੰ ਛੱਡ ਕੇ ਚਲਿਆ ਗਿਆ ਸੀ। ਤਾਂ ਉਹਨਾਂ ਨੇ ਕਿਹਾ, ਪਿਛਲਾ ਹਿਸਾਬ ਕਿਤਾਬ ਪੂਰਾ ਕਰਨ ਗਏ ਸੀ ਪਰ ਇਹਨਾਂ ਨੇ ਹੁਣ ਨਹੀਂ ਜਾਣਾ, ਇਹ ਵਡੇਰੀ ਉਮਰ ਤਕ ਰਹਿਣਗੇ ਤੇ ਸੰਸਾਰ ਨੂੰ ਤਾਰ ਕੇ ਜਾਣਗੇ। ਇਹ ਸਿਖੀ ਦਾ ਥੰਮ੍ਹ ਹੋਣਗੇ, ਗੁਰੂ ਨਾਨਕ ਦੇਵ ਦਾ ਝੰਡਾ ਸਾਰੇ ਸੰਸਾਰ ਤੇ ਉਚਾ ਕਰਨਗੇ।

ਬਚਪਨ ਵਿਚ ਹੀ ਇਹੋ ਜਿਹਾ ਸੁਭਾਅ ਸੀ ਕਿ ਜਿਥੇ ਕੋਈ ਸਾਧੂ ਸੰਤ ਨਾਮ ਜਪਣ ਵਾਲਾ ਹੋਵੇ, ਉਥੇ ਪਹੁੰਚ ਜਾਂਦੇ ਸਨ। ਇਕ ਵਾਰ ਜਦੋਂ ਭੈਣ ਜਸਵੰਤ ਕੌਰ ਕੋਲ ਧਲ੍ਹੇਤੇ ਗਏ ਹੋਏ ਸੀ ਤਾਂ ਉਥੇ ਇਕ ਨਾਮਧਾਰੀ ਸਿੰਘ ਬਾਬਾ ਦਸੌਂਧਾ ਸਿੰਘ ਕੀਰਤਨ ਕਰਦੇ ਹੁੰਦੇ ਸਨ। ਉਨ੍ਹਾਂ ਕੋਲੋਂ ਕੀਰਤਨ ਸੁਣ ਕੇ ਆਏ ਤੇ ਆਪਣੇ ਭੈਣ ਜੀ ਨੂੰ ਕਹਿਣ ਲੱਗੇ ਕਿ ਬੀਬੀ ਤੁਸੀਂ ਵਾਜਾ ਵਜਾਉ ਤੇ ਮੈਂ ਸ਼ਬਦ ਪੜ੍ਹਾਂਗਾ। ਆਪ ਨੇ ਸ਼ਬਦ ਪੜ੍ਹਿਆ ਅਤੇ ਐਸੀ ਸ਼ਬਦ ਦੀ ਖੁਮਾਰੀ ਚੜ੍ਹੀ ਕਿ ਪੜ੍ਹਦੇ ਪੜ੍ਹਦੇ ਬੇਸੁਧ ਹੋ ਗਏ ਤੇ ਸੁਰਤੀ ਚੜ੍ਹ ਗਈ। ਸਾਰੀ ਰਾਤ ਇਸੇ ਤਰ੍ਹਾਂ ਸੁਰਤ ਚਾੜ੍ਹ ਕੇ ਬੈਠੇ ਰਹੇ ਤੇ ਦੂਜੇ ਦਿਨ ਸਵੇਰੇ ਉਠੇ। ਨਾਮ ਜਪਣ ਵਾਲਿਆਂ ਨਾਲ ਬਹੁਤਾ ਪਿਆਰ ਕਰਦੇ ਸੀ।

ਪੁਰਾਣੇ ਸਮੇਂ ਵਿਚ ਸਿੰਘ ਆਪਸ ਵਿਚ ਨਫਰਤ ਨਹੀਂ ਸਨ ਕਰਿਆ ਕਰਦੇ। ਨਾਮਧਾਰੀ ਸਿੰਘ, ਜਥੇ ਵਾਲੇ ਸਿੰਘ ਤੇ ਹੋਰ ਦੂਸਰੇ ਸਭ ਆਪਸ ਵਿਚ ਪਰਸਪਰ ਪਿਆਰ ਕਰਦੇ ਸੀ ਤੇ ਇਕ ਦੂਜੇ ਤੋਂ ਵੱਧ ਨਾਮ ਜੱਪਣ ਦੀ ਕੋਸ਼ਿਸ਼ ਕਰਿਆ ਕਰਦੇ ਸੀ। ਇਸੇ ਕਰਕੇ ਨਾਮਧਾਰੀ ਸਿੰਘ ਦੂਜੇ ਸੰਤਾਂ ਦੇ ਜੋੜ ਮੇਲਿਆਂ ਤੇ ਪਹੁੰਚਦੇ ਅਤੇ ਸਿੰਘ ਵੀ ਭੈਣੀ ਸਾਹਿਬ ਦੇ ਜੋੜ ਮੇਲੇ ਤੇ ਆਉਂਦੇ ਰਹਿੰਦੇ ਸੀ। ਆਪਸ ਵਿਚ ਕੋਈ ਫਰਕ ਤੇ ਭੇਦ ਭਾਵ ਨਹੀਂ ਸੀ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਸਤਿਕਾਰਯੋਗ ਬੀਜੀ (ਮਾਤਾ ਰਣਜੀਤ ਕੌਰ) ਦੇ ਪਿਤਾ ਬਾਬਾ ਹੀਰਾ ਸਿੰਘ ਜੀ ਨਾਲ ਬਹੁਤ ਪਿਆਰ ਸੀ। ਭਾਈ ਸਾਹਿਬ ਜੀ ਨੇ ਬਾਬਾ ਹੀਰਾ ਸਿੰਘ ਨੂੰ ਆਪਣੀ ਪੁਸਤਕ 'ਰੰਗਲੇ ਸੱਜਣ' ਵਿਚ 'ਸੰਤ' ਕਹਿ ਕੇ ਸੰਬੋਧਨ ਕੀਤਾ ਹੈ ਅਤੇ ਇਹਨਾਂ ਤੋਂ ਬਿਨਾਂ ਹੋਰ ਕਿਸੇ ਨੂੰ ਸੰਤ ਨਹੀਂ ਲਿਖਿਆ। ਭਾਈ ਸਾਹਿਬ ਕਈ ਕਈ ਦਿਨ ਇਹਨਾਂ ਦੇ ਗ੍ਰਿਹਿ ਵਿਖੇ ਠਹਿਰ ਕੇ ਵਿਸਰਾਮ ਕਰਿਆ ਕਰਦੇ ਸਨ। ਸਾਰੀ ਸਾਰੀ ਰਾਤ 'ਰੈਣ ਸਬਾਈ' ਕੀਰਤਨ ਹੁੰਦਾ ਰਹਿੰਦਾ ਸੀ। ਅਗੰਮੀ ਪਿਆਰ ਤੇ ਨਾਮ ਰਸ ਭਿੰਨਾ ਵਾਤਾਵਰਣ ਬਣਿਆ ਰਹਿੰਦਾ ਸੀ। ਪਿੰਡ, ਸ਼ਹਿਰ ਜਾਂ ਕਸਬੇ ਵਿਚ ਕਿਧਰੇ ਵੀ 'ਰੈਣ ਸਬਾਈ' ਕੀਰਤਨ ਹੁੰਦਾ ਹੋਵੇ ਤਾਂ ਸਾਰੇ ਸਿੰਘ ਇਸ ਵਿਚ ਸ਼ਾਮਲ ਹੋ ਕੇ ਇਸ ਦਾ ਰਸ ਤੇ ਆਨੰਦ ਮਾਣਿਆ ਕਰਦੇ ਸਨ। ਪੁਰਾਣੇ ਸਿੰਘ ਕੀਰਤਨ ਰਸ ਦੇ, ਨਾਮ ਰਸ ਦੇ ਭੌਰੇ ਹੋਇਆ ਕਰਦੇ ਸਨ, ਕੀਰਤਨ ਦੀ ਪ੍ਰਧਾਨਤਾ ਦੇ ਮਹਾਤਮ ਨੂੰ ਭਲੀ ਭਾਂਤ ਸਮਝਦੇ ਸਨ ਕਿ ਇਸ ਵਿਚ ਬਿਰਤੀ ਬਹੁਤ ਛੇਤੀ ਇਕਾਗਰ ਹੁੰਦੀ ਹੈ ਜਿਵੇਂ ਕਿ ਗੁਰੂ ਮਹਾਰਾਜ ਜੀ ਦਾ ਵੀ ਫੁਰਮਾਨ ਹੈ –

*ਕਲਜੁਗ ਮਹਿ ਕੀਰਤਨ ਪਰਧਾਨਾ॥*
*ਗੁਰਮੁਖਿ ਜਪੀਐ ਲਾਇ ਧਿਆਨਾ॥* *ਪੰਨਾ - 1074*

ਬਾਬਾ ਜੀ ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਹੋਰਾਂ ਦੇ ਬਚਨ ਤੇ ਕੀਰਤਨ ਸਰਵਣ ਕਰਨ ਦਾ ਸੁਭਾਗ ਵੀ ਦਾਊਦਪੁਰ ਵਿਖੇ ਪ੍ਰਾਪਤ ਹੁੰਦਾ ਰਹਿੰਦਾ ਸੀ। ਇਕ ਵਾਰ ਦਾ ਜ਼ਿਕਰ ਹੈ ਕਿ ਆਪਸ ਵਿਚ ਸਾਰੇ ਬੈਠੇ ਹੋਏ ਗੁਰਮਤਿ ਵਿਚਾਰਾਂ ਕਰ ਰਹੇ ਸਨ ਤਾਂ ਬਾਬਾ ਜੀ ਨੇਤਰ ਬੰਦ ਕਰਕੇ ਇਕ ਪਾਸੇ ਬੈਠੇ ਹੋਏ ਸਨ। ਕਾਫੀ ਸਮਾਂ ਲੰਘ ਗਿਆ ਇਹਨਾਂ ਨੇ ਨੇਤਰ ਨਾ ਖੋਲ੍ਹੇ ਤੇ ਭਾਈ ਸਾਹਿਬ ਹੈਰਾਨ ਹੋ ਗਏ ਤੇ ਕਹਿਣ ਲੱਗੇ ਕਿ ਇਹ ਨਿਕਾ ਇਸ ਤਰ੍ਹਾਂ ਸਮਾਧੀ ਵਿਚ ਬੈਠਾ ਹੈ ਜਿਵੇਂ ਕੋਈ ਤਪੱਸਵੀ ਹੋਵੇ। ਜਦੋਂ ਨੇਤਰ ਖੋਲ੍ਹੇ ਤਾਂ ਉਹਨਾਂ ਨੇ ਪੁਛਿਆ, ਨਿਕਿਆ! ਤੁਸਾਂ ਅੱਖਾਂ ਬੰਦ ਕੀਤੀਆਂ ਸਨ, ਅੰਦਰ ਕਿਹੜਾ ਸ਼ਬਦ ਸੁਣ ਰਿਹਾ ਸੀ? ਬਾਬਾ ਜੀ ਕਹਿਣ ਲੱਗੇ, ਮੇਰੇ ਅੰਦਰ ਉਸ ਵੇਲੇ ਇਹ ਸ਼ਬਦ ਚਲ ਰਿਹਾ ਸੀ -

*ਮਨ ਵੈਰਾਗ ਭਇਆ, ਦਰਸ਼ਨ ਦੇਖਣੇ ਕਾ ਚਾਉ -2.*

ਭਾਈ ਸਾਹਿਬ ਜੀ ਵਾਹ ਵਾਹ ਕਰ ਉਠੇ, ਕਹਿਣ ਲੱਗੇ, ਦੇਖੋ ਕਿੰਨੀ ਕਮਾਈ ਹੈ, ਇਸ ਨਿਕੀ ਅਵਸਥਾ ਵਿਚ ਹੀ ਵੈਰਾਗ ਲੱਗ ਗਿਆ ਹੈ ਪਿਆਰੇ ਦੇ ਦਰਸ਼ਨ ਕਰਨ ਦਾ, ਬਿਰਤੀ ਕਿੰਨੀ ਅਰੂੜ ਹੈ, ਹੋਰ ਕਿਸੇ ਦਾ ਧਿਆਨ ਹੀ ਨਹੀਂ ਤੇ ਇਸ ਉਮਰ ਵਿਚ ਹੀ ਸ਼ਬਦ ਸੁਣਾਈ ਦੇ ਰਿਹਾ ਹੈ। ਬਾਬਾ ਜੀ ਆਪ ਹੀ ਦੱਸਿਆ ਕਰਦੇ ਸਨ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਐਨੇ ਖੁਸ਼ ਹੋਏ ਕਿ ਉਨ੍ਹਾਂ ਨੇ ਘੁਟ ਕੇ ਮੈਨੂੰ ਛਾਤੀ ਨਾਲ ਲਾ ਲਿਆ, ਬਹੁਤ ਪਿਆਰ ਕੀਤਾ ਤੇ ਅਸੀਸਾਂ ਦਿਤੀਆਂ।

ਸੋ ਬਚਪਨ ਵਿਚ ਵੀ ਬਾਬਾ ਜੀ ਪੂਰਨ ਸਨ ਅਤੇ ਇੰਨੀ ਉਚੀ ਆਤਮਕ ਅਵਸਥਾ ਦੇ ਮਾਲਕ ਸਨ। ਸਤਸੰਗ ਤੇ ਸਾਧੂ ਸੰਤਾਂ ਨਾਲ ਪਿਆਰ ਸੀ ਅਤੇ ਉਨ੍ਹਾਂ ਦੀ ਸੰਗਤ ਕਰਨ ਦਾ ਸ਼ੌਕ ਸੀ। ਜਿਥੇ ਕਿਤੇ ਵੀ ਸੰਤ ਮੰਡਲੀ ਆਉਂਦੀ, ਆਪ ਉਥੇ ਹੀ ਚਲੇ ਜਾਇਆ ਕਰਦੇ ਸਨ। ਦੇਸ਼ ਦੀ ਵੰਡ ਤੋਂ ਪਹਿਲਾਂ ਸਮੇਂ ਚੰਗੇ ਸਨ, ਸਾਧੂ ਸੰਤਾਂ ਦੀਆਂ ਮੰਡਲੀਆਂ ਥਾਂ ਥਾਂ ਤੇ ਘੁੰਮ ਫਿਰ ਕੇ ਨਾਮ ਬਾਣੀ ਤੇ ਪ੍ਰਭੂ ਭਗਤੀ ਦਾ ਉਪਦੇਸ਼ ਦਿਆ ਕਰਦੀਆਂ ਸਨ। ਇਹ ਸਾਧੂ ਇਕ-ਇਕ ਦੋ ਦੋ ਮਹੀਨੇ ਇਕ ਥਾਂ ਤੇ ਟਿਕ ਕੇ ਬਿਤਾਉਂਦੇ ਤੇ ਸਾਰਾ ਸਾਲ ਇਸੇ ਤਰ੍ਹਾਂ ਬਿਤਾਅ ਦਿਆ ਕਰਦੇ ਸਨ। ਮਜ੍ਹਬ ਦਾ ਕੋਈ ਵਿਤਕਰਾ ਨਹੀਂ ਸੀ, ਸਾਰੇ ਮਜ੍ਹਬਾਂ ਦੇ ਲੋਕ ਆ ਕੇ ਸੁਣਿਆ ਕਰਦੇ ਸਨ। ਇਸੇ ਤਰ੍ਹਾਂ ਨਾਲ ਉਦਾਸੀ ਸਾਧੂ ਅਤੇ ਨਿਰਮਲੇ ਸੰਤ ਆਪਣੀਆਂ ਮੰਡਲੀਆਂ ਲੈ ਕੇ ਪਿੰਡਾਂ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਦਾ ਉਪਦੇਸ਼ ਦਿਆ ਕਰਦੇ ਸਨ। ਗੁਰਬਾਣੀ ਪੜ੍ਹਨ, ਪੜ੍ਹਾਉਣ ਦੀ ਸੰਥਿਆ ਦੇ ਕੇ ਆਮ ਜਨ ਸਾਧਾਰਨ ਲੋਕਾਂ ਨੂੰ ਗੁਰਬਾਣੀ ਦੇ ਲੜ ਲਾਇਆ ਕਰਦੇ ਸਨ। ਪਿੰਡਾਂ ਦੇ ਲੋਕ, ਇਨ੍ਹਾਂ ਦੇ ਰਹਿਣ ਦਾ ਪ੍ਰਬੰਧ ਧਰਮਸ਼ਾਲਾ ਵਿਚ ਕਰ ਦਿਆ ਕਰਦੇ ਸਨ ਅਤੇ ਲੰਗਰ ਦਾ ਪ੍ਰਬੰਧ ਵੀ ਕਰਦੇ ਸਨ। ਇਸ ਤਰ੍ਹਾਂ ਨਾਲ ਲੋਕਾਂ ਨੂੰ ਸੇਵਾ ਤੇ ਸਿਮਰਨ ਕਰਨ ਦਾ ਅਵਸਰ

ਪ੍ਰਾਪਤ ਹੋ ਜਾਇਆ ਕਰਦਾ ਸੀ ਅਤੇ ਸਤਸੰਗ ਦਾ ਮੰਡਲ ਵੀ ਜਾਰੀ ਰਹਿੰਦਾ ਸੀ। ਉਦਾਸੀ ਤੇ ਨਿਰਮਲੇ ਸਾਧੂਆਂ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਨੂੰ ਪ੍ਰਚਾਰਨ, ਪੜ੍ਹਾਉਣ ਤੇ ਸੰਥਿਆ ਦੇਣ ਦਾ ਬਹੁਤ ਵੱਡਾ ਉਦਮ ਕੀਤਾ ਹੈ ਅਤੇ ਨਾਲ ਦੀ ਨਾਲ ਲੋਕਾਂ ਦੇ ਸਮਾਜਿਕ ਤੇ ਅਧਿਆਤਮਕ ਜੀਵਨ ਪੱਧਰ ਨੂੰ ਉਚਾ ਚੁਕਣ ਵਿਚ ਬਹੁਤ ਯੋਗਦਾਨ ਦਿਤਾ ਹੈ। ਇਸ ਤਰ੍ਹਾਂ ਦੇ ਵਿਚਾਰ ਬਾਬਾ ਜੀ ਵੀ ਅਕਸਰ ਸੰਗਤ ਵਿਚ ਦੱਸਿਆ ਕਰਦੇ ਸਨ ਅਤੇ ਦਾਸ ਨੇ ਵੀ ਬਜ਼ੁਰਗਾਂ ਤੋਂ ਘਟਨਾਵਾਂ ਸੁਣੀਆਂ ਹੋਈਆਂ ਤੇ ਅੱਖੀਂ ਦੇਖੀਆਂ ਹੋਈਆਂ ਹਨ।

ਬਜ਼ੁਰਗਾਂ ਨੇ ਦੱਸਿਆ ਸੀ ਕਿ ਸੰਨ 1910 ਦੇ ਕਰੀਬ ਦੇਸ਼ ਦੇ ਉਤਰੀ ਭਾਗ ਵਿਚ ਅਤੇ ਪੰਜਾਬ ਵਿਚ ਮਹਾਂਮਾਰੂ ਪਲੇਗ ਦੀ ਬੀਮਾਰੀ ਫੈਲ ਗਈ ਸੀ। ਇਹ ਹਾਲਤ ਹੋ ਗਈ ਸੀ ਕਿ ਚਾਰ ਬੰਦਿਆਂ ਦਾ ਸਸਕਾਰ ਕਰਦੇ ਤਾਂ ਆਉਂਦਿਆਂ ਅੱਗੇ ਚਾਰ ਹੋਰ ਮਰੇ ਪਏ ਹੁੰਦੇ ਸਨ। ਪਿੰਡਾਂ ਵਿਚ ਸੈਂਕੜੇ ਮੁਰਦਿਆਂ ਦੀਆਂ ਲਾਸ਼ਾਂ ਸਾੜਨ ਤੇ ਦਫਨਾਉਣ ਵਾਸਤੇ ਮੌਤ ਦੇ ਭੈਅ ਕਾਰਨ ਕੋਈ ਨੇੜੇ ਨਹੀਂ ਸੀ ਜਾਂਦਾ ਕਿਉਂਕਿ ਪਲੇਗ ਛੂਤ ਦੀ ਬੀਮਾਰੀ ਹੁੰਦੀ ਹੈ, ਮਰੀਜ਼ ਦੇ ਨੇੜੇ ਹੋਣ ਕਰਕੇ ਜਾਂ ਛੂਹਣ ਕਰਕੇ ਲਗ ਜਾਂਦੀ ਹੈ। ਉਸ ਵੇਲੇ ਪੰਜਾਬ ਵਿਚ ਉਦਾਸੀ ਸਾਧੂਆਂ ਦਾ ਇਕ ਕਾਫਲਾ ਆਇਆ ਜੋ ਕਿ ਆਮ ਤੌਰ ਤੇ ਹਾਥੀਆਂ, ਬੈਲ ਗੱਡੀਆਂ ਉਤੇ ਬਜੁਰਗ ਤੇ ਵੱਡੇ ਮਹਾਤਮਾ ਅਤੇ ਸਮਾਨ ਹੁੰਦਾ ਤੇ ਬਾਕੀ ਦੇ ਹੌਲੀ ਹੌਲੀ ਪੈਦਲ ਚਲਿਆ ਕਰਦੇ ਸਨ। ਇਨ੍ਹਾਂ ਨੇ ਪਿੰਡ ਪਿੰਡ ਆ ਕੇ ਮੁਰਦਿਆਂ ਦੀਆਂ ਲਾਸ਼ਾਂ ਨੂੰ ਦਫਨਾਉਣਾ ਸ਼ੁਰੂ ਕੀਤਾ ਅਤੇ ਪਿੰਡਾਂ ਦੇ ਲੋਕਾਂ ਨੂੰ ਗੁਰਬਾਣੀ, ਕਥਾ ਕੀਰਤਨ ਸੁਣਾ ਕੇ ਧੀਰਜ ਤੇ ਹੌਸਲਾ ਦਿਤਾ। ਹੌਲੀ ਹੌਲੀ ਜਦੋਂ ਪਲੇਗ ਦੀ ਬੀਮਾਰੀ ਖਤਮ ਹੋ ਗਈ ਤਾਂ ਟਾਂਵੇਂ, ਟਾਂਵੇਂ ਪਿੰਡਾਂ ਵਿਚ ਕੁਝ ਉਦਾਸੀ ਸਾਧੂ ਨਾਮ ਬਾਣੀ ਦਾ ਪ੍ਰਚਾਰ ਕਰਨ ਲਈ ਟਿਕ ਗਏ। ਇਸ ਤਰੀਕੇ ਨਾਲ ਕਈ ਪਿੰਡਾਂ ਵਿਚ ਸਤਸੰਗ ਘਰ ਬਣ ਗਏ ਜਿਨ੍ਹਾਂ ਨੇ ਮਗਰੋਂ ਡੇਰਿਆਂ ਦਾ ਰੂਪ ਧਾਰਨ ਕਰ ਲਿਆ। ਲੰਗਰ ਚਲਣੇ ਸ਼ੁਰੂ ਹੋ ਗਏ। ਗੁਰਮੁਖੀ ਅੱਖਰਾਂ ਦੀ ਵਿਦਿਆ ਤੇ ਗੁਰਬਾਣੀ ਦੀ ਸੰਥਿਆ ਦੇ ਕੇ ਲੋਕਾਂ ਨੂੰ ਗੁਰਬਾਣੀ ਦੇ ਲੜ ਲਾਇਆ ਜਾਂਦਾ ਸੀ। ਹੈਰਾਨੀ ਦੀ ਗੱਲ ਇਹ ਸੀ ਕਿ ਇਹਨਾਂ ਵਿਚੋਂ ਬਹੁਤੇ ਸਾਧੂ ਪੰਜਾਬ ਤੋਂ ਬਾਹਰਲੇ ਪ੍ਰਾਂਤਾਂ ਦੇ ਸਨ ਜੋ ਖੁਦ ਤਾਂ ਬ੍ਰਿਜ ਭਾਸ਼ਾ ਬੋਲਦੇ ਸਨ ਪਰ ਸੰਥਿਆ ਗੁਰਮੁਖੀ ਅੱਖਰਾਂ ਵਿਚ ਦਿੰਦੇ ਸਨ ਤੇ ਗੁਰਬਾਣੀ ਦਾ ਪਾਠ ਪਿੰਡਾਂ ਦੇ ਅਨਪੜ੍ਹ ਲੋਕਾਂ ਨੂੰ ਸਿਖਾਇਆ ਕਰਦੇ ਸਨ। ਸ੍ਰੀ ਗੁਰੂ ਗਰੰਥ ਸਾਹਿਬ ਦਾ ਸਤਿਕਾਰ ਬਹੁਤ ਕਰਦੇ ਸਨ ਅਤੇ ਘਰ ਵਿਚ ਸਾਧਾਰਨ ਪਾਠ ਤੇ ਅਖੰਡ ਪਾਠ ਕਰਿਆ ਕਰਦੇ ਸਨ ਅਤੇ ਗੁਰਬਾਣੀ ਐਨੀ ਮਧੁਰ ਬੋਲੀ ਵਿਚ ਉਚਾਰਨ ਕਰਦੇ ਸਨ ਕਿ ਇਨ੍ਹਾਂ ਦਾ ਪਾਠ ਬਹੁਤ ਸੁਖੈਨ ਤੇ ਸਰਲ ਹੋਇਆ ਕਰਦਾ ਸੀ।

ਐਸੇ ਹੀ ਇਕ ਮਹਾਤਮਾ ਦੇ ਦਰਸ਼ਨ ਮੈਂ (ਲੇਖਕ) ਬਚਪਨ ਵਿਚ ਕੀਤੇ ਹਨ ਜੋ ਪਲੇਗ ਦੇ ਸਮੇਂ ਸਾਡੇ ਪਿੰਡ ਵਿਚ ਆ ਕੇ ਟਿਕ ਗਏ ਸਨ ਅਤੇ

ਗੁਰਦੁਆਰਾ ਸਾਹਿਬ ਬਣਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਥਾਪਨ ਕੀਤੇ ਸਨ ਅਤੇ ਲੰਗਰ ਹਰ ਵਕਤ ਚਲਦਾ ਸੀ। ਇਨ੍ਹਾਂ ਦਾ ਨਾਮ ਬਾਵਾ ਨਰਸਿੰਗ ਦਾਸ ਸੀ ਜੋ ਯੂ.ਪੀ. ਪ੍ਰਾਂਤ ਦੇ ਰਹਿਣ ਵਾਲੇ ਸਨ ਅਤੇ ਬ੍ਰਿਜ ਭਾਸ਼ਾ ਹੀ ਬੋਲਿਆ ਕਰਦੇ ਸਨ। ਇਨ੍ਹਾਂ ਦੇ ਸਿਰ ਤੇ ਜਟਾਵਾਂ ਦਾ ਜੂੜਾ ਹੁੰਦਾ ਸੀ ਤੇ ਕੱਪੜੇ ਨਾਲ ਢੱਕ ਕੇ ਰੱਖਦੇ ਸਨ ਅਤੇ ਅਕਸਰ ਚਿਟਾ ਚੋਗਾ ਪਹਿਨ ਕੇ ਰੱਖਿਆ ਕਰਦੇ ਸਨ। ਚਿਹਰੇ ਤੇ ਹਰ ਵਕਤ ਮੰਦ ਮੰਦ ਮੁਸਕਾਨ ਰਹਿੰਦੀ ਸੀ ਅਤੇ ਬਹੁਤ ਮਿਠ ਬੋਲੜੇ ਸੁਭਾਅ ਦੇ ਸਨ। ਇਨ੍ਹਾਂ ਨੇ ਪਿੰਡ ਵਿਚ ਬਹੁਤ ਸਾਰੇ ਅਨਪੜ੍ਹ ਲੋਕਾਂ ਨੂੰ ਗੁਰਮੁਖੀ ਲਿਪੀ ਦੀ ਪੜ੍ਹਾਈ ਕਰਵਾਈ ਜੋ ਉਸ ਸਮੇਂ ਵਿਚ ਧਰਤੀ ਉਤੇ ਉਂਗਲੀਆਂ ਨਾਲ ਲਿਖੀ ਜਾਂਦੀ ਸੀ। ਜਿਹੜੇ ਵੀ ਇਨ੍ਹਾਂ ਤੋਂ ਪੜ੍ਹੇ ਹੋਏ ਸਨ ਉਨ੍ਹਾਂ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਦੀਆਂ ਬਹੁਤ ਸਾਰੀਆਂ ਬਾਣੀਆਂ ਮੂੰਹ ਜ਼ੁਬਾਨੀ ਕੰਠ ਸਨ। ਸੋ ਇਹ ਮਹਾਤਮਾ ਲਾਗਲੇ ਪਿੰਡਾਂ ਵਿਚ ਵੀ ਇਸੇ ਤਰ੍ਹਾਂ ਪ੍ਰਚਾਰ ਕਰਦੇ ਰਹਿੰਦੇ ਸਨ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਗੁਰੂ ਨਾਨਕ ਨਾਲ ਜੋੜਨ ਦਾ ਯਤਨ ਕਰਿਆ ਕਰਦੇ ਸੀ। ਪਰਉਪਕਾਰੀ ਸੁਭਾਅ ਵਾਲੇ, ਸਿਧੇ ਸਾਦੇ ਲਿਬਾਸ ਵਿਚ ਰਹਿ ਕੇ ਬਿਨਾ ਕਿਸੇ ਲਾਲਚ ਤੋਂ ਨਿਸ਼ਕਾਮ ਸੇਵਾ ਨਿਭਾਉਂਦੇ ਰਹੇ। ਆਪਣਾ ਸਾਰਾ ਜੀਵਨ ਪਰਉਪਕਾਰ ਵਿਚ ਲਾ ਦਿਤਾ। ਪਿੰਡ ਵਾਲੇ ਉਨ੍ਹਾਂ ਦਾ ਬਹੁਤ ਆਦਰ ਮਾਣ ਕਰਦੇ ਸਨ। ਪੁਰਾਣੇ ਵਕਤਾਂ ਵਿਚ ਕਲਜੁਗ ਦਾ ਜ਼ੋਰ ਘੱਟ ਸੀ, ਆਮ ਕਰਕੇ ਲੋਕ ਸਾਧੂ ਸੰਤਾਂ ਦਾ ਸਤਿਕਾਰ ਕਰਿਆ ਕਰਦੇ ਸਨ।

## ਸੰਤਾਂ ਦੀ ਸੰਗਤ ਦਾ ਸ਼ੌਕ

ਬਾਬਾ ਜੀ ਨੂੰ ਸਾਧੂ ਸੰਤਾਂ ਦੀ ਸੰਗਤ ਕਰਨ ਦਾ ਬਹੁਤ ਚਾਅ ਰਹਿੰਦਾ ਸੀ। ਉਹ ਆਪ ਵੀ ਇਹ ਬਚਨ ਕਈ ਵੇਰਾਂ ਕਰਿਆ ਕਰਦੇ ਸੀ ਕਿ ਛੋਟੇ ਹੁੰਦਿਆਂ ਮੈਂ ਜਿਥੇ ਵੀ ਸੁਣਨਾ ਕੋਈ ਸਾਧੂ ਮਹਾਤਮਾ ਆਏ ਹੋਏ ਹਨ ਉਥੇ ਹੀ ਚਲਿਆ ਜਾਇਆ ਕਰਦਾ ਸੀ। ਉਥੇ ਕਈ ਕਈ ਦਿਨ ਰਹਿ ਕੇ ਉਨ੍ਹਾਂ ਦੇ ਪ੍ਰਬਚਨ ਸੁਣਦਾ ਰਹਿੰਦਾ ਸੀ। ਘਰ ਵਾਲੇ ਵੀ ਫਿਕਰ ਨਹੀਂ ਸੀ ਕਰਿਆ ਕਰਦੇ ਕਿਉਂਕਿ ਉਨ੍ਹਾਂ ਨੂੰ ਮੇਰੀ ਆਦਤ ਦਾ ਪਤਾ ਸੀ ਕਿ ਉਹ ਕਿਸੇ ਸਾਧੂ ਸੰਤ ਪਾਸ ਹੀ ਗਿਆ ਹੋਵੇਗਾ, ਸਤਿਸੰਗ ਜਾਂ ਕੀਰਤਨ ਸੁਣਨ ਗਿਆ ਹੋਵੇਗਾ। ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੀ ਸੰਗਤ ਵੀ ਇਨ੍ਹਾਂ ਨੂੰ ਬਚਪਨ ਵਿਚ ਹੀ ਪ੍ਰਾਪਤ ਹੋਈ ਜਦੋਂ ਉਹ ਇਹਨਾਂ ਦੇ ਖੂਹ ਉਤੇ ਕਈ ਕਈ ਦਿਨ ਰਹਿ ਕੇ ਜਾਇਆ ਕਰਦੇ ਸੀ। ਦੂਰੋਂ ਦੂਰੋਂ ਪਿੰਡਾਂ ਤੋਂ ਸੰਗਤ ਆਉਂਦੀ ਰਹਿੰਦੀ ਸੀ ਤੇ ਸਤਸੰਗ ਦੇ ਪ੍ਰਬਚਨ ਚਲਦੇ ਰਹਿੰਦੇ ਸਨ। ਸੰਤ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਦੀ ਸੰਗਤ ਵੀ ਉਹਨਾਂ ਨੂੰ ਬਚਪਨ ਵਿਚ ਪ੍ਰਾਪਤ ਹੋਈ ਸੀ। ਬਾਬਾ ਜੀ ਨੇ ਆਪ ਹੀ ਦੱਸਿਆ ਸੀ ਕਿ ਮੈਂ ਛੋਟਾ ਜਿਹਾ ਸੀ, ਬਾਬਾ ਨੰਦ ਸਿੰਘ ਜੀ ਦੇ ਦੀਵਾਨ ਲਾਗੇ ਕਿਸੇ ਪਿੰਡ ਵਿਚ ਲੱਗੇ ਹੋਏ ਸਨ। ਦੀਵਾਨ ਦੀ ਸਮਾਪਤੀ ਤੋਂ ਬਾਅਦ ਬਾਬਾ ਜੀ ਤੁਰ ਪਏ ਅਤੇ ਉਹਨਾਂ ਦੇ ਪਿਛੇ ਬਹੁਤ ਸਾਰੀ ਸੰਗਤ ਤੁਰ ਪਈ। ਜਦੋਂ ਪਿੰਡ ਤੋਂ ਬਾਹਰ ਖੇਤਾਂ ਵਿਚ ਆਏ ਤਾਂ ਬਾਬਾ ਜੀ ਨੇ ਹੱਥ ਉਚਾ ਕਰਕੇ

ਸਭ ਨੂੰ ਵਾਪਸ ਜਾਣ ਦਾ ਇਸ਼ਾਰਾ ਕੀਤਾ। ਮੈਂ ਵੀ ਨਾਲ ਨਾਲ ਚਲ ਰਿਹਾ ਸੀ ਤੇ ਉਹਨਾਂ ਨੇ ਮੇਰੇ ਵੱਲ ਦੇਖਿਆ ਤੇ ਮੈਨੂੰ ਕੁਝ ਨਾ ਕਿਹਾ, ਮੈਂ ਨਾਲ ਹੀ ਪਿਛੇ ਪਿਛੇ ਤੁਰਦਾ ਗਿਆ, ਖੇਤ ਦੇ ਵਿਚਕਾਰ ਇਕ ਡੂੰਘਾ ਟੋਆ, ਭੋਰੇ ਵਾਂਗ ਪੁਟ ਕੇ ਬਣਵਾਇਆ ਹੋਇਆ ਸੀ। ਬਾਬਾ ਜੀ ਹੇਠਾਂ ਉਤਰ ਗਏ ਤੇ ਮੈਂ ਵੀ ਨਾਲ ਹੀ ਭੋਰੇ ਵਿਚ ਚਲਾ ਗਿਆ। ਬਾਣ ਦੇ ਮੰਜੇ ਉਤੇ ਬਾਬਾ ਜੀ ਲੇਟ ਗਏ ਤੇ ਮੈਂ ਉਨ੍ਹਾਂ ਦੀ ਮੁਠੀ ਚਾਪੀ ਕਰਨ ਲਗ ਪਿਆ। ਕਾਫੀ ਦੇਰ ਮੈਂ ਉਥੇ ਬੈਠਾ ਮੁਠੀ ਚਾਪੀ ਕਰਦਾ ਰਿਹਾ ਤੇ ਫੇਰ ਮੈਨੂੰ ਪਿਆਰ ਦੇ ਕੇ ਕਹਿਣ ਲੱਗੇ, ਕਾਕਾ! ਹੁਣ ਤੂੰ ਵੀ ਜਾਹ, ਅਸੀਂ ਥੋੜ੍ਹਾ ਆਰਾਮ ਕਰਕੇ ਭਜਨ ਕਰਨਾ ਹੈ। ਤੂੰ ਵੀ ਹੋਰ ਜ਼ਿਆਦਾ ਭਜਨ ਕਰਿਆ ਕਰ।

ਸੋ ਇਥੇ ਗ੍ਰਹਿਣ ਕਰਨ ਵਾਲੀ ਗੱਲ ਇਹ ਹੈ ਕਿ ਹੋਰ ਬਹੁਤ ਸੰਗਤ ਪਿਛੇ ਆ ਰਹੀ ਸੀ, ਬਾਬਾ ਨੰਦ ਸਿੰਘ ਜੀ ਨੇ ਹੋਰ ਕਿਸੇ ਨੂੰ ਕਿਉਂ ਨਹੀਂ ਬੁਲਾਇਆ ਤੇ ਇਹਨਾਂ ਨੂੰ ਹੀ ਕਿਉਂ ਆਉਣ ਦਿਤਾ। ਉਹ ਜਾਣਦੇ ਸਨ ਕਿ ਇਹ ਨਾਮ ਜੱਪਣ ਵਾਲੀ ਤੇ ਪਿਆਰ ਵਾਲੀ ਰੂਹ ਹੈ।

ਇਸੇ ਤਰ੍ਹਾਂ ਦਾ ਇਕ ਹੋਰ ਵੀ ਜ਼ਿਕਰ ਹੈ ਜੋ ਕਿ ਬਾਬਾ ਜੀ ਦੀ ਮੁਲਾਕਾਤ ਸੰਤ ਬਾਬਾ ਈਸ਼ਰ ਸਿੰਘ ਜੀ ਕਲੇਰਾਂ ਵਾਲਿਆਂ ਨਾਲ ਹੋਈ ਸੀ। ਉਸ ਵੇਲੇ ਆਪ ਨੇ ਸਕੂਲ ਦੀ ਪੜ੍ਹਾਈ ਖਤਮ ਕਰ ਲਈ ਸੀ ਤੇ ਆਪ ਦੀ ਅਵਸਥਾ ਜਵਾਨੀ ਪਹਿਰੇ ਵਿਚ ਸੀ। ਬਾਬਾ ਈਸ਼ਰ ਸਿੰਘ ਜੀ ਕਿਸੇ ਪ੍ਰੇਮੀ ਦੇ ਘਰ ਚਰਨ ਪਾਉਣ ਆਏ ਹੋਏ ਸਨ। ਉਪਰ ਚੁਬਾਰੇ ਵਿਚ ਪਲੰਘ ਤੇ ਬਿਰਾਜਮਾਨ ਸਨ ਤੇ ਘਰ ਦੇ ਪ੍ਰੇਮੀ ਤੇ ਉਨ੍ਹਾਂ ਦੇ ਸਿੰਘ ਵੀ ਬੈਠੇ ਹੋਏ ਸਨ। ਜਦੋਂ ਬਾਬਾ ਜੀ ਉਨ੍ਹਾਂ ਦੇ ਦਰਸ਼ਨ ਕਰਨ ਪਹੁੰਚੇ ਤਾਂ ਸੰਤ ਬਾਬਾ ਈਸ਼ਰ ਸਿੰਘ ਜੀ ਕਲੇਰਾਂ ਵਾਲੇ ਉਠ ਕੇ ਖੜ੍ਹੇ ਹੋ ਗਏ ਤੇ ਬਾਬਾ ਜੀ ਨੂੰ ਬਾਹੋਂ ਫੜ ਕੇ ਆਪਣੇ ਨਾਲ ਬਿਠਾ ਲਿਆ ਤੇ ਕਹਿਣ ਲੱਗੇ, ਆਪਾਂ ਪੁਰਾਣੇ ਸਾਥੀ ਹਾਂ, ਤੁਹਾਡਾ ਦਰਜਾ ਸਾਡੇ ਬਰਾਬਰ ਦਾ ਹੈ, ਹੇਠਾਂ ਬੈਠਣ ਦਾ ਨਹੀਂ ਹੈ। ਸੰਤਾਂ ਦੀ ਆਪਸੀ ਪਹਿਚਾਣ ਨਾਮ ਜਪਣ ਨਾਲ, ਨਾਮ ਦੀ ਅਵਸਥਾ ਪ੍ਰਾਪਤੀ ਕਰਕੇ ਹੋਇਆ ਕਰਦੀ ਹੈ ਨਾ ਕਿ ਬਾਹਰਲੀ ਵੇਸ-ਭੁਸ਼ਾ ਨਾਲ ਕਿ ਇਸ ਨੇ ਸੰਤਾਂ ਵਾਲੇ ਕੱਪੜੇ ਪਾਏ ਹੋਏ ਹਨ। ਸੰਤ ਅੰਦਰਲੀ ਅਵਸਥਾ ਨੂੰ ਕਿਹਾ ਜਾਂਦਾ ਹੈ ਜਿਸ ਬਾਰੇ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ-

***ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥ ਪੰਨਾ - 319***

ਸੰਤ ਬਾਬਾ ਜੋਧ ਸਿੰਘ ਅਤੇ ਸੰਤ ਬਾਬਾ ਅਤਰ ਸਿੰਘ ਜੀ ਅਤਲੇ ਵਾਲਿਆਂ ਦੀ ਸੰਗਤ ਵਿਚ ਵੀ ਆਪ ਜਾਂਦੇ ਰਹਿੰਦੇ ਸਨ। ਭਜਨ ਬੰਦਗੀ ਤੇ ਨਾਮ ਅਭਿਆਸ ਲਈ ਆਪ ਕਈ ਕਈ ਦਿਨ ਬਾਹਰ ਇਨ੍ਹਾਂ ਸੰਤਾਂ ਪਾਸ ਬਿਤਾਇਆ ਕਰਦੇ ਸੀ। ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੇ ਜਾ ਕੇ ਤਾਂ ਬਾਬਾ ਜੀ ਦੇ ਦਾਦਾ ਜੀ ਤੇ ਪਿਤਾ ਜੀ ਸਾਰਾ ਪਰਿਵਾਰ ਸੇਵਾ ਕਰਿਆ ਕਰਦਾ ਸੀ ਤੇ ਅਕਸਰ ਇਨ੍ਹਾਂ ਦਾ ਜਾਣਾ ਉਥੇ

ਵੀ ਬਣਿਆ ਰਹਿੰਦਾ ਸੀ। ਇਨ੍ਹਾਂ ਸੰਤਾਂ ਦੀ ਚਰਨ ਛੁਹ ਤੇ ਦਰਸ਼ਨ ਵੀ ਪ੍ਰਾਪਤ ਹੁੰਦੇ ਰਹਿੰਦੇ ਸਨ। ਇਨ੍ਹਾਂ ਨੂੰ ਬਚਪਨ ਤੋਂ ਹੀ ਇਹ ਸੋਝੀ ਸੀ ਕਿ ਭਲੇ ਪੁਰਸ਼ਾਂ ਦੀ ਸੰਗਤ ਚੰਗੀ ਹੁੰਦੀ ਹੈ। ਇਹਨਾਂ ਭਲੇ ਪੁਰਸ਼ਾਂ ਦੀ ਸੰਗਤ ਵਿਚ ਰਹਿ ਕੇ ਬੁਰਿਆਈਆਂ ਮਨੁਖ ਦੇ ਨੇੜੇ ਨਹੀਂ ਪੋਂਹਦੀਆਂ ਅਤੇ ਸਤਿਪੁਰਸ਼ਾਂ ਦੀ ਸੋਭਤ, ਜਗਿਆਸੂ ਲਈ ਕਿਲੇ ਦਾ ਕੰਮ ਕਰਦੀ ਹੈ। ਜਿਵੇਂ ਕਿਲੇ ਵਿਚ ਰਹਿ ਕੇ ਬਾਹਰਲੇ ਦੁਸ਼ਮਣਾਂ ਦਾ ਡਰ ਨਹੀਂ ਰਹਿੰਦਾ, ਇਸੇ ਤਰ੍ਹਾਂ ਸੰਗਤ ਰੂਪੀ ਕਿਲੇ ਵਿਚ ਰਹਿ ਕੇ ਅੰਦਰਲੇ ਪੰਜ ਚੋਰਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਦੇ ਹਮਲੇ ਦਾ ਡਰ ਨਹੀਂ ਰਹਿੰਦਾ। ਇਸੇ ਕਰਕੇ ਭਾਈ ਸਾਹਿਬ ਨੰਦ ਲਾਲ ਜੀ ਦਾ ਕਥਨ ਹੈ –

***ਸੁਹਬਤੇ ਨੇਕਾਂ ਅਗਰ ਬਾਸ਼ਿਦ ਨਸੀਬ॥***
***ਦੌਲਤੇ ਜਾਵੇਦ ਯਾਬੀ ਏ ਹਬੀਬ॥***

ਐ ਪਿਆਰੇ! ਜੇਕਰ ਭਲੇ ਪੁਰਸ਼ਾਂ ਦੀ ਸੰਗਤ, ਸਾਧੂਆਂ ਦੀ ਸੰਗਤ, ਸਤ ਪੁਰਸ਼ਾਂ ਦੀ ਸੰਗਤ ਪ੍ਰਾਪਤ ਹੋ ਜਾਵੇ ਤਾਂ ਉਹ ਦੋ ਜਹਾਨ ਦੀ ਦੌਲਤ ਮਿਲਣ ਦੇ ਬਰਾਬਰ ਹੈ। ਇਸੇ ਤਰ੍ਹਾਂ ਦੀ ਸੰਗਤ ਕਰਨ ਵਾਲਿਆਂ ਦੇ ਲੋਕ ਤੇ ਪਰਲੋਕ ਦੋਵੇਂ ਸੰਵਰਦੇ ਹਨ ਕਿਉਂਕਿ ਉਥੇ ਕੇਵਲ ਸੱਤ ਦੀ ਵਿਚਾਰ ਹੋਇਆ ਕਰਦੀ ਹੈ।

***ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥***
***ਪੰਨਾ – 146***

ਮਹਾਂਪੁਰਸ਼ਾਂ ਦੀ ਸੰਗਤ ਵਿਚ ਕੇਵਲ ਪਾਪ ਪੁੰਨ ਦੀ ਵਿਚਾਰ ਹੁੰਦੀ ਹੈ ਤੇ ਨਾਮ ਜੱਪਣ ਵਾਲਿਆਂ ਦੀ ਮਹਿਮਾ ਹੁੰਦੀ ਹੈ। ਐਸੇ ਵਿਚਾਰ ਸੁਣ ਕੇ ਪਾਪਾਂ ਦੀ ਰਾਸ ਘਟਦੀ ਹੈ ਤੇ ਪੁੰਨ ਕਰਮ ਬਣਦੇ ਹਨ ਅਤੇ ਕੂੜ ਦੀ ਮੈਲ ਉਤਰਨੀ ਸ਼ੁਰੂ ਹੋ ਜਾਂਦੀ ਹੈ। ਸਾਡੇ ਅੰਤਸ਼ਕਰਣ ਉਤੇ ਇਸ ਮੈਲ ਦੀਆਂ ਗਾੜ੍ਹੀਆਂ ਪੜਤਾਂ ਜੰਮੀਆਂ ਪਈਆਂ ਹੋਣ ਕਰਕੇ ਹੀ ਸਤਿ ਸਰੂਪ ਪ੍ਰਭੂ ਦੇ ਦਰਸ਼ਨ ਅਨੁਭਵ ਨਹੀਂ ਹੁੰਦੇ ਅਤੇ ਇਹ ਜੀਵ ਮਾਇਆ ਦੇ ਥਪੇੜੇ ਖਾਂਦਾ ਹੋਇਆ ਚੌਰਾਸੀ ਦੇ ਚੱਕਰਾਂ ਵਿਚ ਭਟਕਦਾ ਹੋਇਆ ਜੰਮਦਾ ਅਤੇ ਮਰਦਾ ਰਹਿੰਦਾ ਹੈ।

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥***
***ਖੰਨਲੀ ਧੋਤੀ ਉਜਲੀ ਨਾ ਹੋਵਈ ਜੇ ਸਉ ਧੋਵਣਿ ਪਾਹੁ॥***
***ਪੰਨਾ – 651***

ਇਹ ਵਰਤਾਰਾ ਸਾਡੇ ਵਰਗੇ ਸੰਸਾਰੀ ਲੋਕਾਂ ਦਾ ਹੋਇਆ ਕਰਦਾ ਹੈ ਪਰੰਤੂ ਪਾਰਗ੍ਰਾਮੀ ਮਹਾਂਪੁਰਸ਼ਾਂ ਦਾ ਵਰਤਾਰਾ ਤਾਂ ਬਚਪਨ ਤੋਂ ਹੀ ਅਧਿਆਤਮਕ ਤੇ ਰੂਹਾਨੀ ਹੁੰਦਾ ਹੈ। ਇਸੇ ਕਰਕੇ ਉਹ ਹਰ ਵਕਤ ਆਪਣੇ ਮਨ ਦੀ ਸੂਈ ਨੂੰ ਪ੍ਰਭੂ ਪਿਆਰ, ਪ੍ਰਭੂ ਸਿਮਰਨ ਅਤੇ ਪ੍ਰਭੂ ਪਿਆਰਿਆਂ ਦੀ ਸੰਗਤ ਵੱਲ ਝੁਕਾਅ ਕੇ ਰੱਖਿਆ ਕਰਦੇ ਹਨ। ਬਚਪਨ ਤੋਂ ਹੀ ਆਪ ਇਨ੍ਹਾਂ ਗੱਲਾਂ ਤੋਂ ਖਬਰਦਾਰ ਸਨ ਅਤੇ ਆਪ ਨੇ ਫਰੀਦ ਸਾਹਿਬ ਦੀ ਸਾਖੀ ਚੰਗੀ ਤਰ੍ਹਾਂ ਸੁਣੀ ਹੋਈ ਸੀ ਜਿਸ

ਬਾਰੇ ਉਹ ਆਪ ਵੀ ਇਸ ਦਾ ਜ਼ਿਕਰ ਅਕਸਰ ਕਰਿਆ ਕਰਦੇ ਸਨ ਕਿ ਫਰੀਦ ਸਾਹਿਬ ਜਦੋਂ ਪਹਿਲੀ ਵੇਰਾਂ ਜੰਗਲ ਵਿਚ ਤਪ ਕਰਨ ਵਾਸਤੇ ਗਏ ਤਾਂ ਉਨ੍ਹਾਂ ਦੀ ਮਾਤਾ ਜੀ ਨੇ ਫਰੀਦ ਜੀ ਨੂੰ ਤਿੰਨ ਗੱਲਾਂ ਕਹੀਆਂ ਸਨ। ਪਹਿਲੀ ਤਾਂ ਇਹ ਸੀ ਕਿ ਛੱਤੀ ਪ੍ਰਕਾਰ ਦੇ ਭੋਜਨ ਖਾਵੀਂ, ਦੂਜਾ ਮਖਮਲੀ ਗਦੈਲਿਆਂ ਤੇ ਸੌਂਇਆ ਕਰੀਂ, ਤੀਜਾ ਇਹ ਕਿ ਕਿਲੇ ਵਿਚ ਰਹੀਂ। ਬਾਬਾ ਫਰੀਦ ਜੀ ਹੈਰਾਨੀ ਨਾਲ ਮਾਤਾ ਜੀ ਨੂੰ ਪੁਛਣ ਲੱਗੇ ਕਿ ਮਾਤਾ ਜੀ! ਜੰਗਲਾਂ ਬੀਆਬਾਨਾਂ ਵਿਚ ਮੇਰੇ ਲਈ ਛੱਤੀ ਪ੍ਰਕਾਰ ਦੇ ਭੋਜਨ ਕੌਣ ਲੈ ਕੇ ਬੈਠਾ ਹੋਵੇਗਾ? ਉਥੇ ਤਾਂ ਜੇ ਇਕ ਵਕਤ ਰੁਖੀ ਮਿਸੀ ਵੀ ਮਿਲ ਜਾਵੇ ਓਹੀ ਬਹੁਤ ਹੈ। ਤਾਂ ਮਾਤਾ ਜੀ ਨੇ ਸਮਝਾਇਆ ਕਿ ਬੇਟਾ! ਸਾਧੂ ਰਮਜ਼ ਵਿਚ ਗੱਲ ਕਰਿਆ ਕਰਦੇ ਹਨ, ਜੇ ਤੈਨੂੰ ਰਮਜ਼ ਸਮਝ ਨਾ ਆਈ ਤਾਂ ਤੈਨੂੰ ਪਤਾ ਨਹੀਂ ਲਗਣਾ। ਇਸ ਦਾ ਮਤਲਬ ਇਹ ਹੈ ਕਿ ਜਦੋਂ ਤੈਨੂੰ ਅੱਤ-ਦਰਜੇ ਦੀ ਭੁਖ ਲਗੇ ਕਿ ਹੁਣ ਤਾਂ ਸਰੀਰ ਸਹਿ ਨਹੀਂ ਸਕਦਾ ਤਾਂ ਉਸ ਵੇਲੇ ਭਾਵੇਂ ਤੈਨੂੰ ਕਈਆਂ ਦਿਨਾਂ ਦਾ ਸੁਕਾ ਟੁਕਰ ਵੀ ਮਿਲ ਜਾਵੇ ਤਾਂ ਉਸ ਨੂੰ ਪਾਣੀ ਵਿਚ ਭਿਉਂ ਕੇ ਖਾ ਲਵੀਂ, ਤੈਨੂੰ ਛੱਤੀ ਪ੍ਰਕਾਰ ਦੇ ਭੋਜਨ ਦਾ ਸਵਾਦ ਆਵੇਗਾ। ਦੂਸਰਾ ਭਜਨ ਕਰਦੇ ਕਰਦੇ, ਬੰਦਗੀ ਕਰਦੇ ਕਰਦੇ, ਨਾਮ ਜਪਦੇ ਜਪਦੇ ਜਦੋਂ ਤੇਰਾ ਸਰੀਰ ਨਿਢਾਲ ਹੋ ਜਾਵੇ, ਉਸ ਵੇਲੇ ਸੌਂਵੀਂ ਤੇ ਉਸ ਵੇਲੇ ਭਾਵੇਂ ਉਭੜ-ਖਾਬੜ ਧਰਤੀ ਹੋਵੇ, ਜਿਸ ਨੂੰ ਕਿਸਾਨ ਨੇ ਹਲ ਵਾਹ ਕੇ ਛੱਡਿਆ ਹੁੰਦਾ ਹੈ, ਜੇਕਰ ਤੂੰ ਉਸ ਉਤੇ ਵੀ ਸੌਂਵੇਂਗਾ ਤਾਂ ਤੈਨੂੰ ਮਖਮਲੀ ਗਦੈਲਿਆਂ ਜੈਸਾ ਅਨੰਦ ਆਵੇਗਾ। ਇਨ੍ਹਾਂ ਦੋਵੇਂ ਰਮਜ਼ਾਂ ਦਾ ਭਾਵ ਇਹ ਹੈ ਕਿ ਘੱਟ ਤੋਂ ਘੱਟ ਖਾਣਾ ਹੈ ਤੇ ਘੱਟ ਤੋਂ ਘੱਟ ਸੌਣਾ ਹੈ ਪਰੰਤੂ ਭਜਨ ਵੱਧ ਤੋਂ ਵੱਧ ਕਰਨਾ ਹੈ। ਤੀਸਰੀ ਗੱਲ ਇਸ ਤਰ੍ਹਾਂ ਹੈ ਕਿ ਸੁਣ ਬੇਟਾ! ਤੇਰੀ ਉਮਰ ਕਿਸ਼ੋਰ ਅਵਸਥਾ ਤੋਂ ਜਵਾਨੀ ਦੇ ਪਹਿਰੇ ਵਲ ਜਾ ਰਹੀ ਹੈ। ਮਨੁਖ ਦੀ ਅਵਸਥਾ ਦਾ ਇਹ ਸਮਾਂ ਸਭ ਤੋਂ ਵੱਧ ਨਾਜ਼ੁਕ ਅਤੇ ਅਨਭੋਲ ਹੋਇਆ ਕਰਦਾ ਹੈ। ਕੋਈ ਵੀ ਨਾਸਤਿਕ ਬੰਦਾ ਤੈਨੂੰ ਇਧਰਲੀਆਂ ਉਧਰਲੀਆਂ ਗੱਲਾਂ ਕਰਕੇ ਵਰਗਲਾ ਸਕਦਾ ਹੈ, ਤੇਰੀ ਵੈਰਾਗਮਈ ਅਵਸਥਾ ਤੇ ਚੋਟ ਮਾਰ ਸਕਦਾ ਹੈ, ਆਸਤਿਕਤਾ ਨੂੰ ਨਾਸਤਿਕਤਾ ਵੱਲ ਮੋੜਨ ਦਾ ਕੋਝਾ ਯਤਨ ਕਰ ਸਕਦਾ ਹੈ। ਤੈਨੂੰ ਭਜਨ ਬੰਦਗੀ ਵਾਲੇ ਪਾਸਿਓਂ ਹਟਾ ਕੇ ਦੁਨੀਆਂਦਾਰੀ ਦੀਆਂ ਗੱਲਾਂ ਸੁਣਾ ਕੇ, ਮਾਇਆ ਦੀ ਚਮਕ-ਦਮਕ ਦੀਆਂ ਕੂੜੀਆਂ ਗੱਲਾਂ ਨਾਲ ਬਹਿਕਾਅ ਕੇ, ਹਵਾਈ ਕਿਲੇ ਉਸਾਰ ਕੇ ਤੇਰਾ ਮਨ ਮੋੜ ਸਕਦਾ ਹੈ। ਜਵਾਨੀ ਦੀ ਆਉਣ ਵਾਲੀ ਹਨ੍ਹੇਰੀ ਤੈਨੂੰ ਵਿਸ਼ੇ ਵਿਕਾਰਾਂ ਵੱਲ ਨੂੰ ਧਕੇਲ ਸਕਦੀ ਹੈ। ਇਸ ਤੋਂ ਬਚਣ ਦਾ ਇਕੋ ਉਪਾਅ ਹੈ ਕਿ ਤੂੰ ਸਾਧੂ-ਸੰਤਾਂ ਤੇ ਮਹਾਂਪੁਰਸ਼ਾਂ ਦੀ ਸੰਗਤ ਵਿਚ ਰਹੀਂ ਤੇ ਕਦੀ ਵੀ ਇਕੱਲਾ, ਕਿਸੇ ਦੇ ਘਰ ਨਾ ਠਹਿਰੀਂ ਅਤੇ ਨਾ ਹੀ ਇਕੱਲਾ ਕਿਤੇ ਜਾਵੀਂ, ਨਾ ਹੀ ਇਧਰ ਉਧਰ ਭਟਕੀਂ ਕਿਉਂਕਿ ਸਤਪੁਰਸ਼ਾਂ ਦੀ ਸੰਗਤ ਤੋਂ ਦੂਰ ਹੋ ਕੇ ਮਾਇਆ ਪੈਣ ਦਾ ਡਰ ਰਹਿੰਦਾ ਹੈ। ਸਤਿਪੁਰਸ਼ਾਂ ਨੇ ਜਦੋਂ ਵੀ ਗਲ ਕਰਨੀ ਹੈ ਕੇਵਲ ਪ੍ਰਮੇਸ਼ਰ ਦੀ ਗੱਲ ਕਰਨੀ ਹੈ। ਪ੍ਰਭੂ ਪਿਆਰ ਤੇ ਪ੍ਰਭੂ ਭਗਤੀ ਦੀਆਂ ਹੀ ਕਥਾਵਾਂ ਸੁਣਾਉਣੀਆਂ ਹਨ ਜੋ ਤੇਰੇ ਮਨ ਨੂੰ ਹਮੇਸ਼ਾ ਵੱਧ ਤੋਂ ਵੱਧ ਨਾਮ ਜਪਣ ਦਾ ਉਤਸ਼ਾਹ ਦੇਣਗੀਆਂ, ਵੈਰ, ਵਿਰੋਧ, ਰਾਗ, ਦ੍ਵੈਸ਼, ਈਰਖਾ, ਬਖੀਲੀ, ਪਰਾਈ ਨਿੰਦਿਆ ਤੇ ਚੁਗਲੀ ਤੋਂ ਬਚਾ ਕੇ

ਰਖਣਗੀਆਂ। ਉਹਨਾਂ ਦੀ ਸੰਗਤ ਵਿਚ ਸਤਿ ਮਾਰਗ ਤੇ ਚੱਲਣ ਦਾ, ਭਗਤੀ ਕਰਨ ਦਾ, ਨੇਕੀ, ਦਇਆ ਧਰਮ, ਸਤ, ਸੰਤੋਖ ਆਦਿ ਸ਼ੁਭ ਗੁਣਾਂ ਨੂੰ ਧਾਰਨ ਕਰਨ ਦਾ ਉਪਦੇਸ਼ ਮਿਲਦਾ ਰਹੇਗਾ ਜੋ ਤੇਰੇ ਲਈ ਇਕ ਕਿਲੇ ਦਾ ਕੰਮ ਦੇਵੇਗਾ। ਇਸ ਕਰਕੇ ਐਸੇ ਉਪਦੇਸ਼ ਸੁਣਨ ਦਾ, ਭਜਨ ਬੰਦਗੀ ਕਰਨ ਦਾ ਤੇ ਸੰਤਾਂ ਦੀ ਸੰਗਤ ਕਰਨ ਦਾ ਸ਼ੌਕ ਵੀ ਬਾਬਾ ਜੀ ਦੇ ਮਨ ਵਿਚ ਸੀ।

## ਤਮਾਕੂ ਲਫਜ਼ ਨਹੀਂ ਬੋਲਿਆ

ਪੂਰਬਲੇ ਜਨਮਾਂ ਦੀ ਕਮਾਈ ਹੋਣ ਕਰਕੇ ਅਧਿਆਤਮਕ ਸੰਸਕਾਰ ਬਹੁਤ ਪਰਬਲ ਸਨ। ਅਸੂਲਾਂ ਦੀ ਪਰਪੱਕਤਾ ਅਤੇ ਨਿਰਭੈਤਾ ਆਪਦੇ ਹਿਰਦੇ ਵਿਚ ਕੁਟ ਕੁਟ ਕੇ ਭਰੀ ਹੋਈ ਸੀ। ਬਚਪਨ ਵਿਚ ਸੁਣੀਆਂ ਹੋਈਆਂ ਗੁਰ ਮਰਯਾਦਾ ਦੀਆਂ ਸਾਖੀਆਂ ਨੇ ਮਨ ਵਿਚ ਘਰ ਕੀਤਾ ਹੋਇਆ ਸੀ। ਆਪ ਜੀ ਨੇ ਇਹ ਸਾਖੀ ਸੁਣੀ ਹੋਈ ਸੀ ਕਿ ਗੁਰੂ ਦਸ਼ਮੇਸ਼ ਪਿਤਾ ਜੀ ਨੀਲੇ ਘੋੜੇ ਤੇ ਸਵਾਰ ਹੋ ਕੇ ਸਿੰਘਾਂ ਸਮੇਤ ਕਿਸੇ ਕਾਰਜ ਵਸ ਤੇਜ਼ੀ ਨਾਲ ਘੋੜਿਆਂ ਨੂੰ ਸਰਪਟ ਦੁੜਾਉਂਦੇ ਹੋਏ ਖੇਤਾਂ ਦੇ ਵਿਚੋਂ ਦੀ ਜਾ ਰਹੇ ਸਨ। ਅਚਾਨਕ ਹੀ ਗੁਰੂ ਦਸ਼ਮੇਸ਼ ਪਿਤਾ ਜੀ ਦਾ ਨੀਲਾ ਘੋੜਾ ਰੁਕ ਗਿਆ। ਗੁਰੂ ਮਹਾਰਾਜ ਜੀ ਘੋੜੇ ਨੂੰ ਅੱਗੇ ਤੁਰਨ ਲਈ ਕਹਿ ਰਹੇ ਸਨ ਪਰ ਘੋੜਾ ਪਿਛਲ-ਖੋੜੀ ਪਿਛੇ ਨੂੰ ਜਾ ਰਿਹਾ ਹੈ। ਗੁਰੂ ਮਹਾਰਾਜ ਜੀ ਨੇ ਸਿੰਘਾਂ ਨੂੰ ਇਸ਼ਾਰਾ ਕੀਤਾ, ਕਹਿੰਦੇ ਭਾਈ ਦੇਖੋ ਤਾਂ ਅੱਗੇ ਖੇਤ ਵਿਚ ਕੀ ਹੈ, ਸਾਡਾ ਨੀਲਾ ਅੱਗੇ ਵੱਧਣ ਤੋਂ ਇਨਕਾਰ ਕਰ ਰਿਹਾ ਹੈ। ਸਿੰਘ ਕਹਿਣ ਲੱਗੇ, ਸੱਚੇ ਪਾਤਿਸ਼ਾਹ! ਅਗਲੇ ਖੇਤਾਂ ਵਿਚ ਤਮਾਕੂ ਬੀਜਿਆ ਹੋਇਆ ਹੈ, ਇਸ ਕਰਕੇ ਆਪ ਜੀ ਦਾ ਨੀਲਾ ਘੋੜਾ ਅੱਗੇ ਨਹੀਂ ਵਧ ਰਿਹਾ। ਮਹਾਰਾਜ ਜੀ ਨੇ ਨੀਲੇ ਨੂੰ ਥਾਪੜਾ ਦਿਤਾ ਅਤੇ ਦੂਜੇ ਪਾਸੇ ਦੀ ਹੋ ਕੇ ਨਿਕਲ ਗਏ ਜਿਧਰ ਤਮਾਕੂ ਦੇ ਖੇਤ ਨਹੀਂ ਸਨ। ਗੁਰੂ ਮਹਾਰਾਜ ਜੀ ਨੇ ਖਾਲਸੇ ਨੂੰ ਇਸ ਕੁਰਹਿਤ ਤੋਂ ਮਨ੍ਹਾ ਕੀਤਾ ਹੋਇਆ ਹੈ ਜਿਸ ਕਰਕੇ ਉਹਨਾਂ ਦਾ ਕਰਮ ਧਰਮ ਵੀ ਨਾਸ਼ ਨਹੀਂ ਹੋਵੇਗਾ ਅਤੇ ਇਸ ਦੇ ਸੇਵਨ ਤੋਂ ਪੈਦਾ ਹੋਣ ਵਾਲੀਆਂ ਕੈਂਸਰ ਵਰਗੀਆਂ ਜਾਨ ਲੇਵਾ ਬੀਮਾਰੀਆਂ ਤੋਂ ਛੁਟਕਾਰਾ ਰਵੇਗਾ। ਕਲਜੁਗ ਦੇ ਭਿਆਨਕ ਸਮੇਂ ਵਿਚ ਬਹੁਤ ਘੱਟ ਲੋਕ ਇਸ ਤੋਂ ਬਚ ਸਕਣਗੇ। ਇਸ ਦੇ ਸੇਵਨ ਨਾਲ ਕੈਂਸਰ ਵਰਗੀ ਬੀਮਾਰੀ ਦਾ ਬੀਜ ਸੌ ਕੁਲਾਂ ਤੱਕ ਖ਼ੂਨ ਦੇ ਅੰਦਰ ਦਾਖਲ ਹੋ ਜਾਂਦਾ ਹੈ ਅਤੇ ਪੁਸ਼ਤ ਦਰ ਪੁਸ਼ਤ ਇਹ ਬੀਮਾਰੀ ਅੱਗੇ ਤੁਰਦੀ ਰਹਿੰਦੀ ਹੈ। ਯੂਰਪੀਅਨ ਦੇਸ਼ਾਂ ਵਿਚ ਤਾਂ ਇਸ ਦੇ ਸੇਵਨ ਦੀ ਮਨਾਹੀ ਕਰ ਦਿਤੀ ਗਈ ਹੈ। ਪਬਲਿਕ ਥਾਵਾਂ ਤੇ ਸੈਰਗਾਹਾਂ ਵਿਚ, ਬੱਸਾਂ ਵਿਚ, ਟਰੇਨਾਂ ਵਿਚ, ਹਵਾਈ ਜਹਾਜਾਂ ਵਿਚ ਧੂਮਰਪਾਨ ਦੀ ਮਨਾਹੀ ਕਰ ਦਿਤੀ ਗਈ ਹੈ। ਪਰ ਅਫਸੋਸ! ਸਾਡੇ ਦੇਸ਼ ਵਿਚ ਇਸ ਸੰਬੰਧ ਵਿਚ ਹਾਲੇ ਬਹੁਤ ਕੁਝ ਕਰਨਾ ਬਾਕੀ ਹੈ ਕਿਉਂਕਿ ਇਥੇ ਤਾਂ ਬਜ਼ਾਰਾਂ ਵਿਚ ਕੀ, ਬੱਸਾਂ ਵਿਚ, ਗੱਡੀਆਂ ਵਿਚ ਹਰ ਥਾਂ ਖਲੋਣਾ ਤੇ ਸਫਰ ਕਰਨਾ ਵੀ ਬਹੁਤ ਮੁਸ਼ਕਲ ਹੈ ਅਤੇ ਜੋ ਇਸ ਭੈੜੀ ਆਦਤ ਤੋਂ ਦੂਰ ਰਹਿੰਦੇ ਹਨ, ਉਹਨਾਂ ਦਾ ਸਾਹ ਘੁਟਣਾ ਸ਼ੁਰੂ ਹੋ ਜਾਂਦਾ ਹੈ ਪਰ ਕਨੂੰਨ ਦੀ ਢਿਲ ਹੋਣ ਕਰਕੇ ਕਿਸੇ ਨੂੰ

ਕੁਝ ਵੀ ਕਹਿਣਾ ਉਸ ਨਾਲ ਲੜਾਈ ਮੁਲ ਲੈਣ ਦੇ ਬਰਾਬਰ ਹੈ। ਸੋ ਕਲਜੁਗ ਦੇ ਮਨੁਖਾਂ ਦਾ ਹਾਲ ਇਹ ਹੋ ਰਿਹਾ ਹੈ। ਦੂਜੇ ਪਾਸੇ ਦਸ਼ਮੇਸ਼ ਪਿਤਾ ਜੀ ਦੇ ਘੋੜੇ ਨੂੰ ਕਿੰਨੀ ਸੋਝੀ ਹੈ, ਹਾਲਾਂ ਇਕ ਬੇਜ਼ੁਬਾਨ ਜਾਨਵਰ ਹੈ, ਉਸ ਨੂੰ ਤਮਾਕੂ ਦੇ ਖੇਤ ਵੱਲ ਨੂੰ ਜਾਣਾ ਵੀ ਪ੍ਰਵਾਨ ਨਹੀਂ, ਕਿਉਂਕਿ ਉਹ ਦੋ ਜਹਾਨ ਦੇ ਵਾਲੀ ਦਾ ਵਾਹਨ ਹੈ, ਉਸ ਨੂੰ ਪਤਾ ਹੈ ਕਿ ਮੇਰੇ ਪਾਤਸ਼ਾਹ ਨੇ ਇਸ ਦੀ ਸਖਤ ਮਨਾਹੀ ਕੀਤੀ ਹੋਈ ਹੈ।

ਬਾਬਾ ਜੀ ਦੇ ਮਨ ਤੇ ਵੀ ਇਸ ਘਟਨਾ ਦੀ ਗਹਿਰੀ ਛਾਪ ਸੀ। ਆਪ ਜਦੋਂ ਪਾਇਲ ਦੇ ਸਕੂਲ ਵਿਚ ਪੜ੍ਹਦੇ ਸਨ, ਮਾਸਟਰ ਜੀ ਕਲਾਸ ਵਿਚ ਸਾਧਾਰਨ ਵਿਗਿਆਨ ਪੜ੍ਹਾ ਰਹੇ ਸਨ। ਹਰ ਇਕ ਵਿਦਿਆਰਥੀ ਕਿਤਾਬ ਵਿਚੋਂ ਪਾਠ ਦੀਆਂ ਦੋ ਦੋ ਪੰਗਤੀਆਂ ਪੜ੍ਹ ਕੇ ਕਰਮਵਾਰ ਸੁਣਾਈ ਜਾ ਰਿਹਾ ਸੀ। ਜਦੋਂ ਬਾਬਾ ਜੀ ਦੀ ਵਾਰੀ ਆਈ ਤਾਂ ਇਹ ਪੜ੍ਹਦੇ ਪੜ੍ਹਦੇ ਰੁਕ ਗਏ ਤੇ ਚੁਪ ਕਰ ਗਏ। ਮਾਸਟਰ ਜੀ ਨੇ ਕਿਹਾ ਕਿ ਪੜ੍ਹਦੇ ਕਿਉਂ ਨਹੀਂ, ਅੱਗੇ ਪੜ੍ਹੋ ਪਰ ਇਹ ਫੇਰ ਵੀ ਚੁਪ ਹੀ ਰਹੇ। ਮਾਸਟਰ ਜੀ ਨੂੰ ਇਨ੍ਹਾਂ ਦੀ ਇਸ ਚੁਪ ਤੇ ਗੁਸਾ ਆ ਗਿਆ। ਪਹਿਲੇ ਸਮਿਆਂ ਵਿਚ ਮਾਸਟਰ ਹੱਥ ਵਿਚ ਬੈਂਤ ਜਾਂ ਲੱਕੜ ਦਾ ਡੰਡਾ ਰੱਖਿਆ ਕਰਦੇ ਸਨ ਜਿਸ ਨਾਲ ਵਿਦਿਆਰਥੀ ਡਰ ਨਾਲ ਪੜ੍ਹਾਈ ਵੀ ਕਰਦੇ ਰਹਿੰਦੇ ਸਨ ਅਤੇ ਜੇ ਕੋਈ ਬੱਚਾ ਜਿੱਦ ਕਰੇ ਜਾਂ ਪੜ੍ਹਾਈ ਨਾ ਕਰੇ ਤਾਂ ਡੰਡੇ ਨਾਲ ਮਾਰਦੇ ਵੀ ਸਨ। ਬਾਬਾ ਜੀ ਜਦੋਂ ਅੱਗੇ ਨਾ ਬੋਲੇ ਤਾਂ ਮਾਸਟਰ ਨੂੰ ਗੁਸਾ ਆਇਆ, ਉਸ ਨੇ ਇਨ੍ਹਾਂ ਦੇ ਕੋਮਲ ਸਰੀਰ ਤੇ ਕਈ ਡੰਡੇ ਮਾਰੇ ਪਰ ਬਾਬਾ ਜੀ ਨੇ ਚੁਪ ਚਾਪ ਸਹਿ ਲਏ। ਜਦੋਂ ਅਗਲੇ ਬੱਚੇ ਨੇ ਪੜ੍ਹਨਾ ਸ਼ੁਰੂ ਕੀਤਾ ਤਾਂ ਮਾਸਟਰ ਨੇ ਪੁਛਿਆ ਕਿ ਇਹ ਕਿਉਂ ਨਹੀਂ ਸੀ ਅੱਗੇ ਬੋਲਦਾ, ਕੀ ਕਾਰਨ ਸੀ? ਤਾਂ ਨਾਲ ਦੇ ਵਿਦਿਆਰਥੀ ਨੇ ਦੱਸਿਆ ਕਿ ਮਾਸਟਰ ਜੀ! ਅੱਗੇ 'ਤਮਾਕੂ' ਅੱਖਰ ਲਿਖਿਆ ਹੋਇਆ ਸੀ, ਇਸ ਕਰਕੇ ਇਹ ਨਹੀਂ ਬੋਲੇ। ਇਸ ਦੇ ਮਾਤਾ ਪਿਤਾ ਸਿੰਘ ਹਨ ਤੇ ਇਹਨਾਂ ਨੇ ਅੰਮ੍ਰਿਤ ਛਕਿਆ ਹੋਇਆ ਹੈ, ਇਸ ਕਰਕੇ 'ਤਮਾਕੂ' ਦਾ ਨਾਮ ਲੈਣ ਤੋਂ ਵੀ ਗੁਰੇਜ਼ ਕਰਦਾ ਹੈ ਕਿਉਂਕਿ ਇਹ ਗੱਲਾਂ ਕਰਿਆ ਕਰਦਾ ਹੈ ਕਿ ਇਸ ਚੀਜ਼ ਦੇ ਪੀਣ ਨਾਲ ਸਰੀਰ ਦੂਸ਼ਤ ਹੋ ਜਾਂਦਾ ਹੈ ਤੇ ਨਾਮ ਲੈਣ ਨਾਲ ਜ਼ੁਬਾਨ ਅਪਵਿੱਤਰ ਹੋ ਜਾਂਦੀ ਹੈ।

ਅਸੀਂ ਦਸਮੇਸ਼ ਪਿਤਾ ਦੇ ਸਿੰਘ ਹਾਂ, ਪੰਜ ਪਿਆਰਿਆਂ ਨੇ ਅੰਮ੍ਰਿਤ ਛਕਾਉਣ ਵੇਲੇ ਇਸ ਦੀ ਸਖਤ ਮਨਾਹੀ ਕੀਤੀ ਹੋਈ ਹੈ। ਸ਼ਰਾਬ ਪੀਣ ਵਾਲੇ ਦੀਆਂ ਸੱਤ ਕੁਲਾਂ ਨਸ਼ਟ ਹੋ ਜਾਇਆ ਕਰਦੀਆਂ ਹਨ, ਭੰਗ ਪੀਣ ਵਾਲੇ ਦਾ ਆਪਣਾ ਸਰੀਰ ਨਾਸ਼ ਹੋ ਜਾਇਆ ਕਰਦਾ ਹੈ ਅਤੇ ਤਮਾਕੂ ਪੀਣ ਵਾਲੇ ਦੀਆਂ ਸੌ ਕੁਲਾਂ ਦਾ ਨਾਸ਼ ਹੋ ਜਾਇਆ ਕਰਦਾ ਹੈ। ਐਸਾ ਹੀ ਸਿਆਣਿਆਂ ਦਾ ਮੱਤ ਹੈ -

***ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ॥***
***ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ॥***

ਸਤਿਗੁਰੂ ਜੀ ਨੇ ਵੀ ਇਨ੍ਹਾਂ ਨਸ਼ਿਆਂ ਨੂੰ ਸੇਵਨ ਕਰਨ ਵਾਲਿਆਂ ਦੀ ਹਾਲਤ ਦਾ ਜ਼ਿਕਰ ਕਰਦਿਆਂ ਇਸ ਦੀ ਸਖਤ ਮਨਾਹੀ ਕੀਤੀ ਹੈ। ਨਸ਼ਾ ਇਕ ਐਸੀ ਚੀਜ਼ ਹੈ ਕਿ ਜਿਉਂ ਹੀ ਇਹ ਇਨਸਾਨ ਦੇ ਸਰੀਰ ਵਿਚ ਦਾਖਲ ਹੁੰਦਾ ਹੈ ਤਾਂ ਇਸ ਦੀ ਮੱਤ ਮਾਰੀ ਜਾਂਦੀ ਹੈ। ਇਹ ਆਪਣੀ ਸੋਝੀ ਖੋ ਬੈਠਦਾ ਹੈ ਤੇ ਗਲਤ-ਬੋਲਣਾ ਸ਼ੁਰੂ ਕਰ ਦਿੰਦਾ ਹੈ। ਇਸ ਨੂੰ ਉਸ ਵੇਲੇ ਪਤਾ ਨਹੀਂ ਲਗਦਾ ਕਿ ਕੀ ਬੋਲ ਰਿਹਾ ਹੈ। ਜੋ ਮੂੰਹ ਵਿਚ ਆਉਂਦਾ ਹੈ ਬੋਲੀ ਜਾਂਦਾ ਹੈ, ਬੁਰਾ ਭਲਾ ਬੋਲਦਾ ਹੈ, ਫਿਕਾ ਬੋਲਦਾ ਹੈ, ਅਸੱਭਿਯ ਭਾਸ਼ਾ ਬੋਲਦਾ ਹੈ ਕਿਉਂਕਿ ਉਸ ਵੇਲੇ ਨਸ਼ਾ ਪੀ ਕੇ ਇਹ ਬਉਰਾ ਹੋ ਚੁਕਿਆ ਹੁੰਦਾ ਹੈ; ਜੇ ਇਸ ਨੂੰ ਸਵੇਰ ਵੇਲੇ ਪੁਛੋ ਕਿ ਤੂੰ ਆਹ ਬੋਲਿਆ ਸੀ ਤਾਂ ਕਹੇਗਾ, ਬਿਲਕੁਲ ਗਲਤ ਹੈ, ਮੈਂ ਤਾਂ ਕਿਸੇ ਨੂੰ ਕੁਝ ਕਿਹਾ ਹੀ ਨਹੀਂ ਕਿਉਂਕਿ ਉਸ ਵੇਲੇ ਮੱਤ ਮਾਰੀ ਹੋਈ ਹੁੰਦੀ ਹੈ। ਉਸ ਵੇਲੇ ਇਸ ਨੂੰ ਆਪਣੇ ਪਰਾਏ ਦਾ ਵੀ ਪਤਾ ਨਹੀਂ ਹੁੰਦਾ। ਇਸ ਤਰ੍ਹਾਂ ਦੇ ਕਰਮ ਕਰਕੇ ਇਸ ਨੂੰ ਗੁਰੂ ਦੀ ਮਾਰ ਪੈਂਦੀ ਹੈ। ਗੁਰੂ ਦੀ ਦਰਗਾਹ ਵਿਚੋਂ ਧੱਕਿਆ ਜਾਂਦਾ ਹੈ -

***ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥***
***ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥***
***ਪੰਨਾ - 554***

ਨਸ਼ੇ ਕਰਨ ਵਾਲਿਆਂ ਦੀ ਇਹ ਹਾਲਤ ਹੋਇਆ ਕਰਦੀ ਹੈ। ਇਨ੍ਹਾਂ ਗੱਲਾਂ ਦੀ ਬਾਬਾ ਜੀ ਨੂੰ ਬਚਪਨ ਤੋਂ ਹੀ ਸੋਝੀ ਸੀ।

ਸਕੂਲ ਦੀ ਪੜ੍ਹਾਈ ਕਰਨ ਦੇ ਨਾਲ ਨਾਲ ਆਪ ਘਰੇਲੂ ਕੰਮਾਂ ਵਿਚ ਵੀ ਹੱਥ ਵਟਾਉਂਦੇ ਸੀ। ਅੰਮ੍ਰਿਤ ਵੇਲੇ ਸਾਰੇ ਪਿੰਡ ਵਿਚ ਹਰ ਘਰ ਵਿਚ ਆਸਾ ਜੀ ਦੀ ਵਾਰ ਦਾ ਕੀਰਤਨ ਕਰਨਾ, ਅਖੰਡ ਪਾਠਾਂ ਦੀ ਰੌਲ ਲਾਉਣੀ, ਇਹ ਸਭ ਕੁਝ ਜਾਰੀ ਰਹਿੰਦਾ ਸੀ। ਘਰ ਦਾ ਕੰਮ ਕਰਦੇ ਹੋਏ ਜੇਕਰ ਖੇਤਾਂ ਨੂੰ ਪਾਣੀ ਦਿਤਾ ਜਾ ਰਿਹਾ ਹੈ ਤਾਂ ਖੂਹ ਹਲਟ ਦੁਆਰਾ ਚਲਦਾ ਰਹਿੰਦਾ ਤੇ ਆਪ ਕਿਆਰਿਆਂ ਵਿਚ ਪਾਣੀ ਦੇਣਾ ਜਿਸ ਨੂੰ ਨੱਕੇ ਛੱਡਣਾ ਕਹਿੰਦੇ ਹਨ, ਇਸ ਕੰਮ ਨੂੰ ਲੈ ਕੇ ਖੁਸ਼ ਹੁੰਦੇ। ਆਪ ਦੱਸਿਆ ਕਰਦੇ ਸਨ ਕਿ ਇਸ ਤਰ੍ਹਾਂ ਨਾਲ ਭਜਨ ਕਰਨ ਦਾ ਟਾਈਮ ਮਿਲ ਜਾਂਦਾ ਸੀ। ਕਿਆਰਾ ਭਰਨ ਨੂੰ ਦੇਰ ਲਗਦੀ ਸੀ ਤੇ ਓਨਾਂ ਚਿਰ ਕਿਆਰੇ ਦੇ ਸਿਰੇ ਤੇ ਜਾ ਕੇ ਬੈਠ ਜਾਂਦੇ ਤੇ ਜਦੋਂ ਪਾਣੀ ਹੇਠਾਂ ਸਰੀਰ ਨੂੰ ਛੂੰਹਦਾ ਤਾਂ ਪਤਾ ਲਗ ਜਾਂਦਾ ਕਿ ਕਿਆਰਾ ਭਰ ਗਿਆ ਹੈ। ਫੇਰ ਅਗਲੇ ਕਿਆਰੇ ਦਾ ਨੱਕਾ ਛੱਡ ਦਿੰਦੇ, ਇਸ ਤਰ੍ਹਾਂ ਨਾਲ ਕੰਮ ਦੇ ਨਾਲ ਨਾਲ ਭਜਨ ਵੀ ਕਰਦੇ ਰਹਿੰਦੇ ਸਨ। ਘਰ ਵਿਚ ਪੱਠਿਆਂ ਆਦਿ ਦਾ ਕੁਤਰਾ ਕਰਨਾ ਹੁੰਦਾ ਤਾਂ ਆਪ ਹੀ ਕਰਦੇ ਹੁੰਦੇ ਸੀ। ਟੋਕੇ ਦੀ ਮਸ਼ੀਨ ਨਾਲ ਖਾਸ ਕਰਕੇ ਜਦੋਂ ਮੱਕੀ ਦੇ ਬੰਦ ਆਦਿ ਦਾ ਟੋਕਾ ਕਰਨਾ ਹੁੰਦਾ ਹੈ ਤਾਂ ਇਸ ਵਿਚ ਬਹੁਤ ਜ਼ੋਰ ਲਗਦਾ ਹੈ। ਉਨ੍ਹਾਂ ਸਮਿਆਂ ਵਿਚ ਹੁਣ ਵਾਂਗ ਇੰਜਨ ਅਤੇ ਬਿਜਲੀ ਦੀਆਂ ਮੋਟਰਾਂ ਨਹੀਂ ਸਨ ਹੁੰਦੀਆਂ, ਸਾਰਾ ਕੰਮ ਹੱਥੀਂ ਹੀ ਕਰਨਾ ਪੈਂਦਾ ਸੀ। ਆਪ ਜੀ ਨੇ ਟੋਕਾ ਕਰਨਾ ਸ਼ੁਰੂ ਕਰ ਦੇਣਾ ਅਤੇ ਰੁਗ ਲਾਉਣ ਵਾਲੇ ਨੂੰ ਕਹਿ ਦਿਆ ਕਰਦੇ

ਸਨ ਕਿ ਜਦੋਂ ਉਂਗਲ ਨਾਲ ਇਸ਼ਾਰਾ ਕਰਾਂ ਤਾਂ ਰੁੱਗ ਲਾਉਣਾ ਸ਼ੁਰੂ ਕਰਨਾ। ਆਪਨੇ ਇਕਾਗਰ ਚਿਤ ਹੋ ਕੇ ਧਿਆਨ ਧਰਨਾ ਤੇ ਆਪ ਵਿਚ energy (ਸ਼ਕਤੀ) ਪਰਵੇਸ਼ ਹੋ ਜਾਂਦੀ ਸੀ ਤੇ ਉਸ ਵੇਲੇ ਆਪਨੇ ਇਸ਼ਾਰਾ ਕਰ ਦੇਣਾ ਤੇ ਘੰਟਿਆਂ ਬੱਧੀ ਟੋਕਾ ਕਰਦੇ ਰਹਿਣਾ। ਆਪ ਦੱਸਿਆ ਕਰਦੇ ਸੀ ਕਿ ਸਾਰੇ ਹੈਰਾਨ ਹੁੰਦੇ ਸਨ ਕਿ ਇਸਨੂੰ ਥਕੇਵਾਂ ਨਹੀਂ ਹੁੰਦਾ ਤੇ ਨਾ ਹੀ ਦਮ ਚੜ੍ਹਦਾ ਹੈ। ਇਸ ਤਰ੍ਹਾਂ ਨਾਲ ਜਦੋਂ ਵੀ ਮਸ਼ੀਨ ਤੇ ਜ਼ਿਆਦਾ ਪੱਠਿਆਂ ਦਾ ਕੁਤਰਾ ਕਰਨਾ ਹੁੰਦਾ ਸੀ ਤਾਂ ਆਪ ਨੂੰ ਹੀ ਲੱਭ ਕੇ ਇਸ ਕੰਮ ਤੇ ਲਾਇਆ ਜਾਂਦਾ ਸੀ।

ਆਪ ਨੇ ਕੋਈ ਵੀ ਘਰ ਦਾ ਕੰਮ ਕਰਨਾ ਹੋਵੇ ਤਾਂ ਆਪ ਦੀ ਪਹਿਲ ਇਹੋ ਹੁੰਦੀ ਸੀ ਕਿ ਮੈਂ ਕੰਮ ਕਰਦਿਆਂ ਹੋਇਆਂ ਵੀ ਆਪਣਾ ਮਨ ਪ੍ਰਭੂ ਦੇ ਸਿਮਰਨ ਵਿਚ ਲਾ ਕੇ ਰੱਖਣਾ ਹੈ। ਇਸੇ ਤਰ੍ਹਾਂ ਜੇ ਖੂਹ ਚਲ ਰਿਹਾ ਹੈ ਤਾਂ ਅਗਰ ਆਪ ਦੀ ਡਿਊਟੀ ਬਲਦ ਹੱਕਣ ਦੀ ਹੈ ਤਾਂ ਆਪ ਹੱਥ ਵਿਚ ਆਰ ਵਾਲੀ ਸੋਟੀ ਜਾਂ ਬੈਂਤ ਵਾਲੀ ਸੋਟੀ ਨਹੀਂ ਸਨ ਰੱਖਦੇ ਬਲਕਿ ਸਣ ਆਦਿ ਦਾ ਕੱਚਾ ਕਾਨਾ ਜਿਹਾ ਰੱਖਦੇ ਤੇ ਉਸ ਨੂੰ ਬਲਦਾਂ ਦੇ ਮਾਰਦੇ ਨਹੀਂ ਸਨ ਸਗੋਂ ਡਰਾਉਣ ਵਾਸਤੇ ਹੀ ਉਪਰ ਨੂੰ ਚੁਕਿਆ ਕਰਦੇ ਸਨ। ਬਲਦਾਂ ਦੇ ਮਗਰ ਮਗਰ ਗੁਰਬਾਣੀ ਦੇ ਸ਼ਬਦਾਂ ਦਾ ਉਚਾਰਣ ਉਚੀ ਸੁਰ ਵਿਚ ਕਰਦੇ ਰਹਿੰਦੇ ਸਨ। ਕਈ ਦਫਾ ਅਗਰ ਖੂਹ ਉਤੇ ਬੋਤਾ ਜੋੜਿਆ ਹੋਇਐ ਤਾਂ ਆਪ ਨਿਸ਼ਚਿੰਤ ਹੋ ਕੇ ਲਾਗੇ ਬੇਰੀਆਂ ਦੇ ਝੁੰਡ ਵਿਚ ਅੱਖਾਂ ਮੀਚ ਕੇ ਸਮਾਧੀ ਸਥਿਤ ਹੋ ਜਾਇਆ ਕਰਦੇ ਸਨ ਕਿਉਂਕਿ ਬੋਤਾ ਘੁੰਗਰੂਆਂ ਦੀ ਆਵਾਜ਼ ਸੁਣ ਕੇ ਆਪਣੇ ਆਪ ਹੀ ਤੁਰਦਾ ਰਹਿੰਦਾ ਹੈ ਤੇ ਇਸ ਤਰ੍ਹਾਂ ਨਾਲ ਹਲਟ ਦੁਆਰਾ ਟਿੰਡਾਂ ਨਾਲ ਪਾਣੀ ਆਪਣੇ ਆਪ ਖੂਹ ਵਿਚੋਂ ਨਿਕਲਦਾ ਰਹਿੰਦਾ ਹੈ ਤੇ ਖੇਤਾਂ ਵਿਚ ਭਰਦਾ ਰਹਿੰਦਾ ਹੈ। ਪਿੰਡ ਦੇ ਲੋਕਾਂ ਤੇ ਘਰ ਵਾਲਿਆਂ ਨੇ ਆਪ ਨੂੰ ਕਈ ਵੇਰਾਂ ਸਾਵਧਾਨ ਕੀਤਾ ਸੀ ਕਿ ਇਥੇ ਨਾ ਬੈਠਿਆ ਕਰੋ। ਇਹਨਾਂ ਬੇਰੀਆਂ ਵਿਚ ਬਹੁਤ ਭਾਰਾ ਸੱਪ ਰਹਿੰਦਾ ਹੈ ਪਰ ਆਪ ਨੇ ਕਦੀ ਵੀ ਇਸ ਦੀ ਪਰਵਾਹ ਨਹੀਂ ਸੀ ਕੀਤੀ ਤੇ ਨਾ ਹੀ ਕਦੇ ਡਰੇ ਸਨ।

ਇਸੇ ਤਰ੍ਹਾਂ ਜਦੋਂ ਆਪ ਧਲੇਤੇ ਭੈਣ ਜਸਵੰਤ ਕੌਰ ਜੀ ਪਾਸ ਗਏ ਹੋਏ ਸਨ, ਆਪ ਉਥੇ ਵੀ ਇਕ ਬਹੁਤ ਵੱਡੇ ਦਰਖਤ ਤੇ ਹੇਠਾਂ ਜਾ ਕੇ ਬੈਠ ਜਾਂਦੇ। ਪਿੰਡਾਂ ਦੇ ਲੋਕਾਂ ਨੇ ਦੱਸਿਆ ਕਿ ਇਥੇ ਸੱਪ ਰਹਿੰਦਾ ਹੈ ਪਰ ਆਪ ਨੇ ਕਦੀ ਵੀ ਇਸ ਗੱਲ ਨੂੰ ਗੌਲਿਆ ਨਹੀਂ। ਆਪ ਦਾ ਹਿਰਦਾ ਬਚਪਨ ਤੋਂ ਹੀ ਨਿਰਭੈਅ ਸੀ ਅਤੇ ਆਪ ਨੂੰ ਭਲੀ ਭਾਂਤ ਪਤਾ ਸੀ ਕਿ ਵਾਹਿਗੁਰੂ ਦਾ ਭਜਨ ਕਰਨ ਨਾਲ ਕੋਈ ਚੀਜ਼ ਨੇੜੇ ਨਹੀਂ ਫਟਕਦੀ ਕਿਉਂਕਿ ਵਾਹਿਗੁਰੂ ਆਪ ਰਾਖਾ ਹੋ ਜਾਂਦਾ ਹੈ। ਆਪ ਨੂੰ ਇਸ ਗੱਲ ਦਾ ਗਿਆਨ ਸੀ ਕਿ ਨਿਰਭਉ ਦਾ ਭਜਨ ਕਰਨ ਨਾਲ ਸਾਰੇ ਭੈਅ ਦੂਰ ਹੋ ਜਾਂਦੇ ਹਨ –

***ਨਿਰਭਉ ਜਪੈ ਸਗਲ ਭਉ ਮਿਟੈ॥***

## ਕਥਾ ਕੀਰਤਨ ਦੇ ਰਸੀਏ

ਆਪ ਨੂੰ ਬਚਪਨ ਤੋਂ ਹੀ ਕੀਰਤਨ ਸੁਣਨ ਅਤੇ ਕੀਰਤਨ ਕਰਨ ਦਾ ਸ਼ੌਕ ਸੀ। ਛੋਟੇ ਹੁੰਦੇ ਜਦੋਂ ਚਾਰ-ਪੰਜ ਸਾਲ ਦੇ ਸਨ, ਉਦੋਂ ਵੀ ਵੱਡੇ ਭੈਣ ਜਸਵੰਤ ਕੌਰ ਜੀ ਨੂੰ ਕਿਹਾ ਕਰਦੇ ਸੀ, "ਬੀਬੀ! ਆਪਾਂ ਦੋਵੇਂ ਜਣੇ ਕੀਰਤਨ ਕਰਿਆ ਕਰਾਂਗੇ।" ਆਪ ਰੋਜ਼ ਸਕੂਲ ਵੀ ਪੜ੍ਹਨ ਜਾਂਦੇ ਅਤੇ ਨਾਲ ਨਾਲ ਕੀਰਤਨ ਦਾ ਪਰਵਾਹ ਵੀ ਜਾਰੀ ਕਰ ਦਿਤਾ। ਹਰਮੋਨੀਅਮ ਲੈ ਲਿਆ, ਢੋਲਕੀ ਤੇ ਛੈਣੇ ਵਾਲੇ ਸਾਥੀ ਵੀ ਤਿਆਰ ਕਰ ਲਏ। ਇਸ ਤਰ੍ਹਾਂ ਨਾਲ ਦੋਵੇਂ ਭੈਣ ਭਰਾ ਨੇ ਸਾਥੀਆਂ ਨਾਲ ਮਿਲ ਕੇ ਆਸਾ ਜੀ ਦੀ ਵਾਰ ਦਾ ਕੀਰਤਨ ਕਰਨਾ ਸ਼ੁਰੂ ਕਰ ਦਿਤਾ। ਗੁਰਮੁਖ ਪਰਵਾਰ ਹੋਣ ਕਰਕੇ ਆਪ ਦੇ ਘਰ ਵਿਚ ਸਾਰੇ ਹੀ ਅੰਮ੍ਰਿਤ ਵੇਲੇ ਜਾਗ ਪਿਆ ਕਰਦੇ ਸਨ। ਬਾਬਾ ਜੀ ਨੇ ਗਲੀਆਂ ਵਿਚ ਉਚੀ ਉਚੀ ਬਾਣੀ ਗਾਉਂਦੇ ਹੋਏ ਤੁਰੀ ਜਾਣਾ, ਜਿਸ ਨਾਲ ਆਂਢ-ਗਵਾਂਢ ਸਾਰੇ ਜਾਗ ਪੈਂਦੇ ਅਤੇ ਆਪੋ ਆਪਣੇ ਕੰਮਾਂ ਕਾਰਾਂ ਵਿਚ ਲੱਗ ਜਾਂਦੇ ਸਨ। ਇਕ ਤਰ੍ਹਾਂ ਨਾਲ ਆਪ ਦਾ ਇਸ ਤਰ੍ਹਾਂ ਬਾਣੀ ਪੜ੍ਹਦੇ ਹੋਏ ਗਾਉਂਦੇ ਜਾਣਾ ਪਿੰਡ ਵਾਲਿਆਂ ਲਈ ਅਲਾਰਮ ਦਾ ਕੰਮ ਕਰਦਾ ਸੀ ਜਿਸ ਨਾਲ ਸਾਰੇ ਜਾਗ ਪਿਆ ਕਰਦੇ ਸਨ। ਇਹ ਗੱਲ ਦਾਸ ਨੂੰ ਪਿੰਡ ਦੇ ਪੁਰਾਣੇ ਬਜ਼ੁਰਗਾਂ ਨੇ ਦੱਸੀ ਸੀ। ਸਾਰੇ ਬਜ਼ੁਰਗ ਤੇ ਨੌਜਵਾਨ ਖੂਹ ਉਤੇ ਇਸ਼ਨਾਨ ਕਰਿਆ ਕਰਦੇ ਸੀ। ਨੌਜਵਾਨਾਂ ਨੇ ਹਲਟੀ ਗੇੜ ਗੇੜ ਕੇ ਪਾਣੀ ਕੱਢੀ ਜਾਣਾ ਤੇ ਬਜ਼ੁਰਗਾਂ ਨੇ ਇਸ਼ਨਾਨ ਕਰਨਾ, ਇਹ ਆਮ ਰਿਵਾਜ਼ ਸੀ। ਇਸ਼ਨਾਨ ਕਰਕੇ ਸਾਰੇ ਆਪੋ ਆਪਣੇ ਥਾਵਾਂ ਤੇ ਇਕਾਂਤ ਵਿਚ ਬੈਠ ਜਾਂਦੇ ਤੇ ਪ੍ਰਭੂ ਦਾ ਸਿਮਰਨ ਕਰਿਆ ਕਰਦੇ ਸੀ। ਬਾਬਾ ਜੀ ਵੀ ਬਾਹਰੋਂ ਖੂਹ ਤੇ ਇਸ਼ਨਾਨ ਕਰਕੇ ਆ ਜਾਂਦੇ ਤੇ ਕੀਰਤਨ ਸ਼ੁਰੂ ਕਰ ਦਿੰਦੇ ਸਨ। ਜੋਟੀਆਂ ਦਾ ਕੀਰਤਨ ਹੁੰਦਾ ਸੀ, ਸਾਰੇ ਬਜ਼ੁਰਗ ਮਾਈ ਭਾਈ ਤੇ ਸਾਥੀ ਗੱਜ-ਵੱਜ ਕੇ ਸ਼ਬਦ ਵਿਚ ਬੋਲਿਆ ਕਰਦੇ ਸਨ ਤੇ ਸਾਰਾ ਵਾਤਾਵਰਣ ਸ਼ਾਂਤ ਹੋਣ ਕਰਕੇ ਸ਼ਬਦ ਗੂੰਜ ਉਠਦਾ ਸੀ। ਬਹੁਤ ਹੀ ਰਸ ਬੱਝਦਾ ਸੀ ਤੇ ਸਾਰੇ ਮਗਨ ਹੋ ਜਾਇਆ ਕਰਦੇ ਸਨ। ਬਾਬਾ ਜੀ ਸਾਰਾ ਪ੍ਰਬੰਧ ਕਰਕੇ ਘਰੋ ਘਰੀ ਕੀਰਤਨ ਦਾ ਪ੍ਰੋਗਰਾਮ ਜਾਰੀ ਰੱਖਿਆ ਕਰਦੇ ਸਨ। ਇਸ ਤਰ੍ਹਾਂ ਵਾਰੀ ਸਿਰ ਕਰਦੇ ਕਰਦੇ ਪਿੰਡ ਦੇ ਰਾਮਗੜ੍ਹੀਆ ਪਰਿਵਾਰ ਦੀ ਵਾਰੀ ਵੀ ਆ ਗਈ। ਇਹ ਸਾਰਾ ਪਰਿਵਾਰ ਵਿਸ਼ਕਰਮਾ ਦਾ ਉਪਾਸ਼ਕ ਸੀ ਅਤੇ ਇਨ੍ਹਾਂ ਨੂੰ ਸਿਖੀ ਰਹੁ ਰੀਤ ਬਾਰੇ ਕੁਝ ਪਤਾ ਨਹੀਂ ਸੀ, ਨਾ ਹੀ ਇਹ ਪਰਿਵਾਰ ਗੁਰਦੁਆਰਾ ਸਾਹਿਬ ਜਾਂਦਾ ਸੀ, ਕੇਵਲ ਵਿਸ਼ਵਕਰਮਾ ਜੀ ਦੇ ਮੰਦਰ ਵਿਚ ਹੀ ਜਾਇਆ ਕਰਦੇ ਸਨ। ਬਾਬਾ ਜੀ ਨੇ ਇਸ ਪਰਿਵਾਰ ਨੂੰ ਇਹਨਾਂ ਦੇ ਘਰ ਕੀਰਤਨ ਕਰਨ ਲਈ ਕਿਹਾ ਤਾਂ ਇਹਨਾਂ ਨੇ ਖੁਸ਼ੀ ਮਹਿਸੂਸ ਕੀਤੀ ਤੇ ਕਿਹਾ ਕਿ ਸਾਡੇ ਧੰਨਭਾਗ ਹਨ, 'ਜੀ ਆਇਆਂ ਨੂੰ' ਕਿਹਾ ਕਿ ਧੰਨ ਗੁਰੂ ਨਾਨਕ ਦੇ ਪਿਆਰੇ ਸਾਡੇ ਘਰ ਕੀਰਤਨ ਕਰਨਗੇ। ਬਾਬਾ ਜੀ ਨੇ ਜਦੋਂ ਪਹਿਲੀ ਵਾਰ ਇਸ

ਪਰਿਵਾਰ ਦੇ ਗ੍ਰਹਿ ਵਿਖੇ ਕੀਰਤਨ ਕੀਤਾ ਤਾਂ ਇਹ ਸਾਰਾ ਪਰਿਵਾਰ ਬਹੁਤ ਪ੍ਰਭਾਵਿਤ ਹੋਇਆ ਅਤੇ ਮੰਗ ਕੀਤੀ ਕਿ ਸਾਡੇ ਘਰ ਹੋਰ ਕੁਝ ਦਿਨਾਂ ਲਈ ਕੀਰਤਨ ਕਰੋ। ਇਨ੍ਹਾਂ ਦੇ ਘਰ ਵਿਚ ਕਈ ਦਿਨ ਲਗਾਤਾਰ ਕੀਰਤਨ ਹੁੰਦਾ ਰਿਹਾ। ਕੀਰਤਨ ਦੇ ਨਾਲ ਨਾਲ ਬਾਬਾ ਜੀ ਗੁਰੂ ਸਾਹਿਬਾਨ ਦਾ ਇਤਿਹਾਸ ਵੀ ਛੋਟੀਆਂ ਛੋਟੀਆਂ ਸਾਖੀਆਂ ਰਾਹੀਂ ਸੁਣਾਇਆ ਕਰਦੇ ਸਨ। ਇਸ ਕਿਸ਼ੋਰ ਅਵਸਥਾ ਵਿਚ ਪ੍ਰਭੂ ਭਗਤੀ, ਗੁਰੂ ਦੀ ਸੇਵਾ, ਗੁਰੂ ਦਾ ਹੁਕਮ ਕਮਾਉਣ ਅਤੇ ਨਾਮ ਸਿਮਰਨ ਦ੍ਰਿੜ੍ਹ ਕਰਵਾਉਣ ਦੇ ਐਸੇ ਐਸੇ ਬਚਨ ਸੁਣਾਉਂਦੇ ਸਨ ਕਿ ਸੁਣਨ ਵਾਲੇ ਦੰਗ ਰਹਿ ਜਾਂਦੇ ਸਨ ਕਿ ਇਨ੍ਹਾਂ ਨੂੰ ਇਸ ਉਮਰ ਵਿਚ ਕਿਤਨਾ ਗਿਆਨ ਹੈ ਅਤੇ ਐਨਾ ਇਤਿਹਾਸ ਕਿਵੇਂ ਯਾਦ ਕੀਤਾ ਹੋਵੇਗਾ।

ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਸਾਹਿਬ ਅਤੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਾਕੇ ਸੁਣਾ ਕੇ ਐਸਾ ਵੈਰਾਗ ਪੈਦਾ ਕਰ ਦਿਆ ਕਰਦੇ ਸਨ ਕਿ ਆਪਦੇ ਨੈਣਾਂ ਵਿਚ ਛਮ ਛਮ ਹੰਝੂ ਵਗਿਆ ਕਰਦੇ ਅਤੇ ਸੁਣਨ ਵਾਲਿਆਂ ਦੇ ਨੇਤਰ ਵੀ ਤਰ ਹੋ ਜਾਇਆ ਕਰਦੇ ਸਨ। ਸੁਣਨ ਵਾਲਿਆਂ ਦਾ ਮਨ ਵੈਰਾਗਮਈ ਹੋ ਕੇ ਗੁਰੂ ਪਿਆਰ ਵਿਚ ਭਿਜ ਜਾਇਆ ਕਰਦਾ ਸੀ। ਦਸ਼ਮੇਸ਼ ਪਿਤਾ ਜੀ ਦੀ ਲਾਸਾਨੀ ਕੁਰਬਾਨੀ ਅਤੇ ਪੰਥ ਖਾਲਸੇ ਨੂੰ ਪਰਗਟ ਕਰਨ ਵਾਲੀ ਗਾਥਾ ਨੂੰ ਇਸ ਕਦਰ ਬਿਆਨ ਕਰਦੇ ਸਨ ਕਿ ਸੁਣਨ ਵਾਲਿਆਂ ਦੇ ਰੌਂਗਟੇ ਖੜ੍ਹੇ ਹੋ ਜਾਂਦੇ ਸਨ। ਸਭ ਦੇ ਅੰਦਰ ਗੁਰੂ ਧਾਰਨ ਕਰਨ ਦਾ ਜਜ਼ਬਾ ਪੈਦਾ ਕਰ ਦਿਆ ਕਰਦੇ ਸਨ। ਬਾਬਾ ਜੀ ਨੂੰ ਇਸ ਗੱਲ ਦੀ ਪੂਰੀ ਸੋਝੀ ਸੀ ਕਿ ਦਰਗਾਹ ਵਿਚ ਕੇਵਲ ਗੁਰੂ ਵਾਲੇ ਨੂੰ ਥਾਂ ਮਿਲਦਾ ਹੈ ਅਤੇ ਨਿਗੁਰੇ ਪੁਰਸ਼ ਨੂੰ ਥਾਂ ਨਹੀਂ ਮਿਲਦੀ, ਇਸੇ ਕਰਕੇ ਆਪ ਨੇ ਪੰਜ ਸਾਲ ਦੀ ਉਮਰ ਵਿਚ ਹੀ ਅੰਮ੍ਰਿਤ ਛਕ ਲਿਆ ਸੀ। ਨਿਗੁਰੇ ਪੁਰਸ਼ ਦਾ ਜੀਵਨ ਕਾਵਾਂ, ਕੁਤਿਆਂ, ਸੂਰਾਂ, ਗਧਿਆਂ ਅਤੇ ਸੱਪਾਂ ਦੀ ਨਿਆਈਂ ਹੁੰਦਾ ਹੈ। ਜਿਸ ਮਨੁਖ ਨੇ ਮਨੁਖਾ ਜਨਮ ਧਾਰ ਕੇ ਗੁਰੂ ਨਹੀਂ ਧਾਰਨ ਕੀਤਾ ਉਸ ਦਾ ਜੀਵਨ ਤਾਂ ਇਹਨਾਂ ਧ੍ਰਿਗਦ ਜੂਨਾਂ ਦੇ ਸਮਾਨ ਹੁੰਦਾ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

***ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥***
***ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥***

***ਪੰਨਾ - 1357***

ਜਿਸ ਤਰ੍ਹਾਂ ਘੜੇ ਤੋਂ ਬਿਨਾਂ ਜਲ ਨੂੰ ਰੱਖਿਆ ਨਹੀਂ ਜਾ ਸਕਦਾ ਅਤੇ ਜਦ ਤਕ ਘੜੇ ਵਿਚ ਜਲ ਨਾ ਹੋਵੇ ਤਾਂ ਉਸ ਨੂੰ ਕੁੰਭ ਨਹੀਂ ਕਿਹਾ ਜਾ ਸਕਦਾ, ਇਸੇ ਤਰ੍ਹਾਂ ਜੋ ਮਨ ਹੈ ਇਹ ਵੀ ਗਿਆਨ ਤੋਂ ਬਿਨਾਂ ਇਕ ਥਾਂ ਤੇ ਟਿਕ ਨਹੀਂ ਸਕਦਾ ਅਤੇ ਗਿਆਨ ਕੇਵਲ ਗੁਰੂ ਦੇ ਸਕਦਾ ਹੈ।

***ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨਾ ਹੋਇ॥***

***ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥***

***ਪੰਨਾ - 469***

***ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥***
***ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥ ਪੰਨਾ - 59***

ਪੁਰਾਤਨ ਕਥਾ ਹੈ ਜੋ ਬਾਬਾ ਜੀ ਸੁਣਾਇਆ ਕਰਦੇ ਸਨ ਕਿ ਨਾਰਦ ਮੁਨੀ ਜੀ ਦੇਵਤਿਆਂ ਦੀ ਸਭਾ ਵਿਚ ਜਾਇਆ ਕਰਦੇ ਸਨ ਤਾਂ ਇਕ ਦਿਨ ਦੀ ਗੱਲ ਹੈ ਕਿ ਇਹ ਸਤਸੰਗ ਸ਼ੁਰੂ ਹੋਣ ਤੋਂ ਕੁਝ ਦੇਰ ਪਹਿਲਾਂ ਉਸ ਥਾਂ ਤੇ ਪਹੁੰਚ ਗਏ। ਕੀ ਦੇਖਦੇ ਹਨ ਕਿ ਕੁਝ ਮਜ਼ਦੂਰ ਲੋਕ ਉਥੇ ਥਾਂ ਪੁਟ ਰਹੇ ਹਨ ਤੇ ਇਕ ਟੋਆ ਬਣਾ ਦਿਤਾ ਅਤੇ ਉਸ ਤੋਂ ਬਾਅਦ ਦੂਸਰੀ ਥਾਂ ਤੋਂ ਮਿਟੀ ਲਿਆ ਕੇ ਇਸ ਨੂੰ ਪੂਰਨਾ ਸ਼ੁਰੂ ਕਰ ਦਿਤਾ। ਨਾਰਦ ਜੀ ਦੇ ਪੁਛਣ ਤੇ ਉਨ੍ਹਾਂ ਨੇ ਦੱਸਿਆ ਕਿ ਸਾਨੂੰ ਹੁਕਮ ਹੈ, ਅਸੀਂ ਹਰ ਰੋਜ਼ ਇਸੇ ਤਰ੍ਹਾਂ ਕਰਦੇ ਹਾਂ ਜਿਸ ਦਿਨ ਦਾ ਸਤਸੰਗ ਸ਼ੁਰੂ ਹੋਇਆ ਹੈ। ਨਾਰਦ ਜੀ ਨੇ ਪੁਛਿਆ, ਇਸ ਦਾ ਕੀ ਕਾਰਨ ਹੈ ਕਿ ਤੁਹਾਨੂੰ ਹਰ ਰੋਜ਼ ਮਿੱਟੀ ਪੁਟ ਕੇ ਭਰਨੀ ਪੈਂਦੀ ਹੈ। ਉਨ੍ਹਾਂ ਨੇ ਦੱਸਿਆ ਕਿ ਇਥੇ ਨਾਰਦ ਨਾਮ ਦਾ ਇਕ ਰਿਸ਼ੀ ਸਭਾ ਵਿਚ ਆਉਂਦਾ ਹੈ ਅਤੇ ਜਿਸ ਥਾਂ ਤੇ ਉਹ ਬੈਠਦਾ ਹੈ ਸਾਨੂੰ ਸਵਾ ਗਜ਼ ਡੂੰਘੀ ਤੇ ਸਵਾ ਗਜ਼ ਲੰਬੀ ਚੌੜੀ ਧਰਤੀ ਪੁਟਣੀ ਪੈਂਦੀ ਹੈ ਕਿਉਂਕਿ ਉਹ ਨਿਗੁਰਾ ਹੈ। ਨਿਗੁਰਾ ਪੁਰਸ਼ ਜਿਸ ਥਾਂ ਤੇ ਬੈਠਦਾ ਹੈ ਉਥੇ ਸਵਾ ਗਜ਼ ਧਰਤੀ ਭ੍ਰਿਸ਼ਟ ਕਰ ਦਿੰਦਾ ਹੈ। ਨਾਰਦ ਜੀ ਹੈਰਾਨ ਹੋ ਗਏ ਤੇ ਇਹ ਸਾਰੀ ਵਾਰਤਾ ਆਪਣੇ ਪਿਤਾ ਬ੍ਰਹਮਾ ਜੀ ਨੂੰ ਦੱਸੀ ਕਿ ਮੈਂ ਤਾਂ ਬਹੁਤ ਤਪ ਕੀਤਾ ਹੈ ਤੇ ਮੈਨੂੰ ਇੰਨੀ ਸ਼ਕਤੀ ਪ੍ਰਾਪਤ ਹੈ ਕਿ ਮੈਂ ਬ੍ਰਹਿਮੰਡ ਦੇ ਕਿਸੇ ਲੋਕ ਵਿਚ ਬਿਨਾਂ ਕਿਸੇ ਰੋਕ ਟੋਕ ਤੋਂ ਜਾ ਸਕਦਾ ਹਾਂ, ਫੇਰ ਵੀ ਮੇਰੇ ਬੈਠਣ ਵਾਲੀ ਥਾਂ ਭ੍ਰਿਸ਼ਟ ਕਿਉਂ ਮੰਨੀ ਜਾਂਦੀ ਹੈ? ਬ੍ਰਹਮਾ ਜੀ ਨੇ ਦੱਸਿਆ ਕਿ ਪੁੱਤਰ ਠੀਕ ਹੈ ਤੂੰ ਤਪ ਸਾਧੇ ਹਨ, ਸ਼ਕਤੀਆਂ ਦਾ ਮਾਲਕ ਹੈਂ, ਪਰ ਤੂੰ ਹਾਲੇ ਗੁਰੂ ਨਹੀਂ ਧਾਰਨ ਕੀਤਾ, ਇਸ ਕਰਕੇ ਤੂੰ ਦਰਗਾਹ ਵਿਚ ਬੈਠਣ ਦੇ ਕਾਬਿਲ ਨਹੀਂ ਕਿਉਂਕਿ ਤੂੰ ਨਿਗੁਰਾ ਹੈਂ।

***.............. ਨਿਗੁਰੇ ਕਾ ਹੈ ਨਾਉ ਬੁਰਾ॥ ਪੰਨਾ - 435***

***ਜਿਉ ਨਿਗੁਰਾ ਬਹੁ ਬਾਤਾ ਜਾਣੈ***
***ਓਹੁ ਹਰਿ ਦਰਗਹ ਹੈ ਭ੍ਰਸਟੀ॥ ਪੰਨਾ - 528***

ਨਿਗੁਰਾ ਪੁਰਸ਼ ਗੱਲਾਂ ਬਹੁਤ ਕਰਿਆ ਕਰਦਾ ਹੈ, ਗੱਲਾਂ ਵਿਚ ਕਿਸੇ ਨੂੰ ਬਾਰੇ ਨਹੀਂ ਆਉਣ ਦਿਆ ਕਰਦਾ। ਕਹੇਗਾ ਕਿ ਗੁਰੂ ਧਾਰਨ ਕਰਨ ਦੀ ਕੀ ਲੋੜ ਹੈ ਜਦੋਂ ਮਨ ਸਾਫ ਹੈ, ਸ਼ੁਭ ਕਰਮ ਕਰਦੇ ਹਾਂ ਤੇ ਕਿਸੇ ਦਾ ਬੁਰਾ ਨਹੀਂ ਚਿਤਵਦੇ, ਧਰਮ ਦੀ ਕਿਰਤ ਕਰਦੇ ਹਾਂ। ਪਰ ਇਸ ਨਾਲ ਨਹੀਂ ਕੰਮ ਚਲਦਾ, ਨਿਗੁਰੇ ਬੰਦਿਆਂ ਨੂੰ ਧਰਮਰਾਜ ਦੀ ਕਚਿਹਰੀ ਵਿਚ ਜਾ ਕੇ

ਆਪਣੇ ਚੰਗੇ ਮਾੜੇ ਕਰਮਾਂ ਦਾ ਹਿਸਾਬ ਦੇਣਾ ਪੈਂਦਾ ਹੈ ਕਿਉਂਕਿ ਉਸ ਕੋਲ ਉਹ ਹੀ ਜਾਇਆ ਕਰਦੇ ਹਨ ਜਿਨ੍ਹਾਂ ਨੇ ਸੰਸਾਰ ਵਿਚ ਮਨ ਮਰਜ਼ੀ ਨਾਲ ਆਪਣਾ ਜੀਵਨ ਬਿਤਾਇਆ ਹੁੰਦਾ ਹੈ। ਇਨ੍ਹਾਂ ਨੂੰ 'ਦੂਜੇ ਭਾਇ' ਵਾਲੇ ਆਖਿਆ ਹੈ ਜੋ ਪ੍ਰਭੂ ਤੋਂ ਆਕੀ ਹੋਇਆ ਕਰਦੇ ਹਨ।

***ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥***
***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥ ਪੰਨਾ – 38***

ਅਸਲੀ ਜੀਵਨ ਉਹ ਹੁੰਦਾ ਹੈ ਜੋ ਕਿਸੇ ਬੰਦਸ਼ ਵਿਚ ਹੋਵੇ, ਆਪ ਹੁਦਰਾ ਨਾ ਹੋਵੇ ਸਗੋਂ ਗੁਰੂ ਦੇ ਹੁਕਮ ਅਨੁਸਾਰ ਬਿਤਾਇਆ ਜਾਵੇ।

***ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ॥***
***ਪੰਨਾ – 465***

ਵਾਹਿਗੁਰੂ ਦੇ ਦੀਦਾਰ ਕਰਨ ਲਈ, ਵਾਹਿਗੁਰੂ ਵਿਚ ਅਭੇਦ ਹੋਣ ਲਈ, ਗੁਰੂ ਦੇ ਹੁਕਮ ਅਨੁਸਾਰ discipline (ਅਨੁਸਾਸ਼ਨ) ਵਿਚ ਜੀਵਨ ਬਤੀਤ ਕਰਨਾ ਜ਼ਰੂਰੀ ਹੁੰਦਾ ਹੈ। ਬਾਬਾ ਜੀ ਤੋਂ ਐਸੇ ਬਚਨ ਸੁਣ ਕੇ ਇਸ ਪਰਿਵਾਰ ਦਾ ਮਨ ਮੰਨ ਗਿਆ ਕਿ ਸਚਮੁਚ ਇਹ ਮਨੁਖਾ ਜੀਵਨ ਬੜਾ ਕੀਮਤੀ ਹੈ ਤੇ ਇਸ ਨੂੰ ਕਿਸੇ ਬੰਦਸ਼ ਵਿਚ ਚਲਾਉਣਾ ਬਹੁਤ ਜ਼ਰੂਰੀ ਹੈ। ਬੇਲਗਾਮਾਂ ਜੀਵਨ ਪਸ਼ੂਆਂ ਵਰਗਾ ਹੋਇਆ ਕਰਦਾ ਹੈ। ਜਿਵੇਂ ਹਾਥੀ ਦਾ ਜੀਵਨ ਆਪ ਮੁਹਾਰਾ ਹੁੰਦਾ ਹੈ ਪਰ ਜਦੋਂ ਮਹਾਵਤ ਦਾ ਅੰਕੁਸ਼ ਉਸ ਦੇ ਸਿਰ ਤੇ ਪੈਂਦਾ ਹੈ ਤਾਂ ਉਹ ਸਿਧਾ ਹੋ ਕੇ ਤੁਰਨ ਲਗ ਪੈਂਦਾ ਹੈ ਜਿਸ ਦਿਸ਼ਾ ਵਿਚ ਮਹਾਵਤ ਦੀ ਇੱਛਾ ਹੋਵੇ। ਇਸੇ ਤਰ੍ਹਾਂ ਸਿਖ ਦਾ ਜੀਵਨ ਜਦੋਂ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਨਿਯਮਬੱਧ ਹੋ ਜਾਂਦਾ ਹੈ ਤਾਂ ਇਸ ਦੇ ਸਿਰ ਤੇ ਹਮੇਸ਼ਾ ਸਤਿਗੁਰੂ ਜੀ ਦਾ ਅੰਕੁਸ਼ ਹੁੰਦਾ ਹੈ ਜੋ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦਾ ਹੁਕਮ ਹੈ। ਗੁਰਬਾਣੀ ਨਾਮ ਜੱਪਣ ਵੱਲ ਪ੍ਰੇਰਦੀ ਹੈ ਤੇ ਨਾਮ ਜਪਣ ਵਾਲੇ ਸਤਪੁਰਸ਼ਾਂ ਦੀ ਸੰਗਤ ਕਰਨ ਤੇ ਜ਼ੋਰ ਦਿੰਦੀ ਹੈ ਕਿਉਂਕਿ ਸਤਸੰਗਤ ਵਿਚ ਕੇਵਲ ਨਾਮ ਦੀ ਵਿਆਖਿਆ ਹੁੰਦੀ ਹੈ, ਨਾਮ ਜੱਪਣ ਵਾਲਿਆਂ ਦੀ ਮਹਿਮਾ ਹੁੰਦੀ ਹੈ।

***ਸਤਸੰਗਤਿ ਕੈਸੀ ਜਾਣੀਐ॥***
***ਜਿਥੈ ਏਕੋ ਨਾਮੁ ਵਖਾਣੀਐ॥ ਪੰਨਾ – 72***

ਇਹ ਸਾਰਾ ਪਰਿਵਾਰ ਬਾਬਾ ਜੀ ਦੀ ਪ੍ਰੇਰਨਾ ਅਨੁਸਾਰ ਅੰਮ੍ਰਿਤ ਛਕ ਕੇ ਸਦਾ ਵਾਸਤੇ ਗੁਰੂ ਗਰੰਥ ਸਾਹਿਬ ਜੀ ਦੇ ਲੜ ਲੱਗ ਗਿਆ ਜੋ ਕਿ ਅੱਜ ਤਕ ਉਨ੍ਹਾਂ ਦੀ ਔਲਾਦ, ਸਾਰੇ ਗੁਰਸਿਖ ਹਨ ਅਤੇ ਧਮੋਟ ਤੋਂ ਇਸ ਪਰਿਵਾਰ ਦੀ ਮਾਤਾ ਹਰਬੰਸ ਕੌਰ ਜੋ ਬਾਬਾ ਜੀ ਨੂੰ ਵੀਰ ਜੀ ਕਹਿ ਕੇ ਸਤਿਕਾਰਿਆ ਕਰਦੀ ਹੈ, ਇਥੇ ਬਾਬਾ ਜੀ ਦੇ ਹੁਕਮ ਅਨੁਸਾਰ ਰਤਵਾੜਾ ਸਾਹਿਬ ਮਾਈਵਾੜੇ ਵਿਚ ਸੇਵਾ ਕਰਦੀ ਹੈ।

ਸੋ ਅੰਮ੍ਰਿਤ ਛਕਾਉਣ ਦੀ ਸ਼ੁਰੂਆਤ ਬਾਬਾ ਜੀ ਨੇ ਆਪਣੇ ਪਿੰਡ ਧਮੋਟ ਤੋਂ ਇਸ ਪਰਿਵਾਰ ਨੂੰ ਅੰਮ੍ਰਿਤ ਛਕਾ ਕੇ ਕੀਤੀ। ਉਸ ਤੋਂ ਬਾਅਦ ਗੁਰੂ ਨਾਨਕ ਦਾ ਝੰਡਾ ਲੈ ਕੇ ਅਗਾਂਹ ਅਗਾਂਹ ਹੀ ਵੱਧਦੇ ਰਹੇ, ਕਦੇ ਪਿਛੇ ਨੂੰ ਕਦਮ ਨਹੀਂ ਰੱਖਿਆ।

## ਪੜ੍ਹਾਈ ਤੇ ਨਾਮ ਅਭਿਆਸ

ਆਪ ਜੀ ਨੇ ਸਕੂਲ ਦੀ ਪੜ੍ਹਾਈ ਦੇ ਨਾਲ ਨਾਲ ਨਾਮ ਅਭਿਆਸ ਕਦੀ ਨਹੀਂ ਸੀ ਛੱਡਿਆ। ਸਕੂਲ ਦੀ ਪੜ੍ਹਾਈ ਵੀ ਕਰਦੇ ਸਨ ਅਤੇ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੇ ਕੀਰਤਨ ਵੀ ਸੁਣਦੇ ਜਾਂ ਕਰਦੇ ਸਨ। ਘਰ ਦੇ ਹਰ ਪ੍ਰਕਾਰ ਦੇ ਕੰਮਾਂ ਕਾਰਾਂ ਵਿਚ ਹੱਥ ਵਟਾਉਂਦੇ ਜਿਵੇਂ ਖੇਤੀ ਬਾੜੀ ਦੇ ਕੰਮ, ਪੱਠੇ ਵੱਢਣੇ, ਪਸ਼ੂਆਂ ਦੀ ਦੇਖ ਭਾਲ ਕਰਨੀ, ਵਢਾਈ, ਬਿਜਾਈ ਅਤੇ ਖੂਹ ਉਤੇ ਹਲਟ ਹੱਕਣਾ ਤੇ ਨੱਕੇ ਛੱਡਣੇ ਆਦਿ। ਇਸ ਤਰ੍ਹਾਂ ਕਰਦੇ ਕਰਦੇ ਆਪ ਨੇ ਦਸਵੀਂ ਦਾ ਇਮਤਿਹਾਨ ਪਾਸ ਕਰ ਲਿਆ ਅਤੇ ਉਸ ਤੋਂ ਬਾਅਦ ਲੁਧਿਆਣੇ ਪੁਰੀਸਨ ਕਾਲਜ ਵਿਚ ਦਾਖਲਾ ਲੈ ਕੇ ਟਾਈਪਿੰਗ, ਸ਼ਾਰਟਹੈਂਡ ਅਤੇ ਟੈਲੀਗਰਾਫੀ ਦਾ ਕੋਰਸ ਕੀਤਾ। ਪਰੰਤੂ ਇਹ ਸਭ ਕਰਦਿਆਂ ਹੋਇਆਂ ਵੀ ਆਪ ਦਾ ਜ਼ਿਆਦਾ ਝੁਕਾਅ ਭਗਤੀ ਤੇ ਸਿਮਰਨ ਵੱਲ ਹੀ ਰਹਿੰਦਾ ਸੀ। ਆਪ ਜੀ ਦੂਰ ਦੂਰ ਦਾ ਸਫਰ ਤੈਅ ਕਰਕੇ ਸੰਤਾਂ ਦੇ ਪਾਸ ਜਾਂਦੇ ਰਹਿੰਦੇ ਸੀ। ਆਪ ਜੀ ਨੇ ਮਸਤੂਆਣਾ ਸਾਹਿਬ ਸੰਤ ਬਾਬਾ ਅਤਰ ਸਿੰਘ ਜੀ ਪਾਸ ਅਤੇ ਕਮਾਲਪੁਰ ਦੇ ਸੰਤ ਬਾਬਾ ਸ਼ਮਸ਼ੇਰ ਸਿੰਘ ਜੀ ਪਾਸ ਚਲੇ ਜਾਣਾ ਅਤੇ ਉਨ੍ਹਾਂ ਪਾਸ ਕਈ ਕਈ ਮਹੀਨੇ ਨਿਵਾਸ ਕਰਕੇ ਨਾਮ ਦਾ ਅਭਿਆਸ ਕਰਦੇ ਰਹਿੰਦੇ ਸੀ। ਆਪ ਨੇ ਦੱਸਿਆ ਸੀ ਕਿ ਕਮਾਲਪੁਰ ਵਾਲੇ ਸੰਤ ਸ਼ਮਸ਼ੇਰ ਸਿੰਘ ਬਹੁਤ ਭਜਨ ਬੰਦਗੀ ਕਰਿਆ ਕਰਦੇ ਸਨ ਅਤੇ ਮੈਨੂੰ ਵੀ ਭਜਨ ਬੰਦਗੀ ਦਾ ਸ਼ੌਕ ਸੀ, ਅਸੀਂ ਦੋਹਾਂ ਨੇ ਘੰਟਿਆਂ ਬੱਧੀ ਸਮਾਧੀ ਸਥਿਤ ਹੋ ਕੇ ਬੈਠੇ ਰਹਿਣਾ। ਦੋਨਾਂ ਨੂੰ ਇਸ ਤਰ੍ਹਾਂ ਹੁੰਦਾ ਸੀ ਕਿ ਮੈਂ ਬਾਅਦ ਵਿਚ ਉਠਾਂ ਤੇ ਦੂਸਰਾ ਪਹਿਲਾਂ ਉਠ ਖੜ੍ਹੇ, ਭੁਖ ਪਿਆਸ ਕਿਧਰੇ ਹੀ ਨੱਠੀ ਰਹਿੰਦੀ ਸੀ। ਬੱਸ ਚੌਵੀ ਘੰਟਿਆਂ ਵਿਚੋਂ ਦੋ ਘੰਟੇ ਆਰਾਮ ਕਰਿਆ ਕਰਦੇ ਸੀ ਉਹ ਵੀ ਘਰੋੜੇ ਜਾਂ ਵਾਣ ਦੇ ਮੰਜੇ ਤੇ ਪਿਆ ਕਰਦੇ ਸੀ ਤੇ ਉਤੇ ਨਿਕੀ ਪਤਲੀ ਜਿਹੀ ਚਾਦਰ ਲੈ ਕੇ ਸੌਂਦੇ ਸੀ ਕਿਉਂਕਿ ਜੇ ਚੰਗਾ ਬਿਸਤਰਾ ਤੇ ਮੋਟਾ ਕਪੜਾ ਕੰਬਲ ਆਦਿ ਠੰਢ ਵਿਚ ਲੈ ਕੇ ਸੌਂਦੇ ਤਾਂ ਜਾਗ ਨਹੀਂ ਸੀ ਖੁਲ੍ਹਿਆ ਕਰਦੀ ਤੇ ਫਿਰ ਭਜਨ ਕਿਹੜੇ ਵੇਲੇ ਕਰਦੇ?

ਜਦੋਂ ਠੰਢ ਲੱਗਣੀ, ਉਸ ਵੇਲੇ ਉਠ ਕੇ ਦਾਤਣ, ਕੁਰਲਾ, ਕਿਰਿਆ, ਇਸ਼ਨਾਨ ਆਦਿ ਕਰਕੇ ਫੇਰ ਭਜਨ ਤੇ ਬੈਠ ਜਾਇਆ ਕਰਦੇ ਸੀ। ਦੋਹਾਂ ਨੇ ਕੰਧ ਵੱਲ ਨੂੰ ਮੂੰਹ ਕਰਕੇ ਬਹਿ ਜਾਣਾ ਤੇ ਭਜਨ ਦਾ ਅਨੰਦ ਮਾਨਣਾ। ਸਾਰੇ ਦਿਨ ਵਿਚ ਇਕ ਫੁਲਕਾ, ਥੋੜ੍ਹੀ ਜਿਹੀ ਦਾਲ ਤੇ ਦੁਧ ਆਦਿ ਛਕ

ਲਿਆ ਕਰਦੇ ਸੀ। ਖੁਰਾਕ ਬਹੁਤ ਥੋੜ੍ਹੀ ਸੀ ਕਿਉਂਕਿ ਜ਼ਿਆਦਾ ਪੇਟ ਭਰ ਕੇ ਖਾਣ ਨਾਲ ਭਜਨ ਵਿਚ ਬੈਠਣਾ ਮੁਸ਼ਕਲ ਹੋ ਜਾਂਦਾ ਹੈ। ਪੇਟ ਭਾਰੀ ਹੋ ਜਾਂਦਾ ਹੈ ਤੇ ਨੀਂਦ ਆਉਣੀ ਸ਼ੁਰੂ ਹੋ ਜਾਂਦੀ ਹੈ। ਭਜਨ ਬੰਦਗੀ ਕਰਨ ਵਾਲਿਆਂ ਵਾਸਤੇ ਘੱਟ ਖਾਣਾ ਤੇ ਘੱਟ ਸੌਣਾ ਹੀ ਠੀਕ ਰਹਿੰਦਾ ਹੈ। ਜਿਵੇਂ ਕਿ ਦਸ਼ਮੇਸ਼ ਪਿਤਾ ਜੀ ਨੇ ਕਥਨ ਕੀਤਾ ਹੈ -

***ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥***
***ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ॥***
***ਪੰਨਾ - 739***

ਇਹ ਭਜਨ ਕਰਨ ਵਾਲਿਆਂ ਦੀਆਂ ਨਿਸ਼ਾਨੀਆਂ ਹੁੰਦੀਆਂ ਹਨ ਕਿ ਉਹ ਥੋੜ੍ਹਾ ਖਾਇਆ ਕਰਦੇ ਹਨ ਅਤੇ ਥੋੜ੍ਹਾ ਹੀ ਸੌਂਇਆ ਕਰਦੇ ਹਨ। ਉਹਨਾਂ ਦੇ ਅੰਦਰ ਸਦਗੁਣਾਂ ਦਾ ਵਾਸਾ ਹੁੰਦਾ ਹੈ ਅਤੇ ਉਹ ਵਾਸ਼ਨਾਵਾਂ ਤੋਂ ਰਹਿਤ ਹੁੰਦੇ ਹਨ। ਉਹ ਕਰਮ, ਬਚਨ ਦੁਆਰਾ ਕਿਸੇ ਕਿਸਮ ਦੀ ਹਿੰਸਾ ਨਹੀਂ ਕਰਿਆ ਕਰਦੇ, ਤਿੰਨਾਂ ਗੁਣਾਂ ਤੋਂ ਉਪਰ ਹੋ ਕੇ ਵਿਚਰਦੇ ਹਨ। ਤਮੋ ਗੁਣ ਉਨ੍ਹਾਂ ਨੂੰ ਪੋਂਹਦਾ ਹੀ ਨਹੀਂ, ਰਜੋ ਗੁਣ ਤੋਂ ਉਪਰ ਹੁੰਦੇ ਹਨ। ਨਾ ਹੀ ਖੁਸ਼ੀ ਵਿਚ ਉਲਾਰ ਹੁੰਦੇ ਹਨ, ਜੇ ਗਮ ਆ ਜਾਵੇ ਤਾਂ ਦੁਖੀ ਨਹੀਂ ਹੋਇਆ ਕਰਦੇ ਸਗੋਂ ਸਮਬਿਰਤੀ ਧਾਰ ਕੇ ਰਖਦੇ ਹਨ। ਹਮੇਸ਼ਾ ਲਈ ਇਨ੍ਹਾਂ ਸੁਨਹਿਰੀ ਅਸੂਲਾਂ ਦੀ ਪਾਲਣਾ ਕਰਿਆ ਕਰਦੇ ਹਨ। ਸੋ ਆਪ ਜੀ ਇਸ ਤਰੀਕੇ ਨਾਲ ਕਈ ਕਈ ਮਹੀਨੇ ਇਕਾਂਤ ਥਾਵਾਂ ਤੇ ਦੂਰ ਦੁਰਾਡੇ ਜਾ ਕੇ ਸਾਧਨਾ ਕਰਦੇ ਰਹਿੰਦੇ ਸਨ।

## ਬੀਜੀ ਦਾ ਮਿੱਠਾ ਸੁਭਾਅ

ਸਭ ਤੋਂ ਅਸਚਰਜ ਗੱਲ ਇਹ ਹੈ ਕਿ ਇਸ ਸਮੇਂ ਆਪ ਦੀ ਆਯੂ 15-16 ਸਾਲ ਦੀ ਸੀ ਅਤੇ ਆਪ ਜੀ ਭਰ-ਜਵਾਨੀ ਪਹਿਰੇ ਵਿਚ ਸਨ। ਆਪ ਦੀ ਸ਼ਾਦੀ ਬਚਪਨ ਵਿਚ ਹੀ ਹੋ ਚੁਕੀ ਸੀ ਜੋ ਉਸ ਵੇਲੇ ਦਾ ਰਿਵਾਜ਼ ਸੀ ਪਰੰਤੂ ਆਪ ਜੀ ਨੇ ਗ੍ਰਹਿਸਤ ਵੱਲ ਕਦੀ ਵੀ ਧਿਆਨ ਨਹੀਂ ਸੀ ਦਿਤਾ। ਇਨ੍ਹਾਂ ਦੀ ਧਰਮ ਸੁਪਤਨੀ ਬੀਬੀ ਰਣਜੀਤ ਕੌਰ ਜੀ ਪੂਰੇ ਸਤ, ਸੰਤੋਖ, ਦਇਆ, ਧੀਰਜ ਵਿਚ ਪੱਕੇ ਸਨ। ਆਪ ਜੀ ਦੱਸਿਆ ਕਰਦੇ ਸਨ ਕਿ ਉਨ੍ਹਾਂ ਨੇ ਕਦੇ ਵੀ ਇਸ ਗੱਲ ਤੇ ਇਤਰਾਜ਼ ਨਹੀਂ ਕੀਤਾ ਕਿ ਬਾਬਾ ਜੀ ਕਈ ਕਈ ਮਹੀਨੇ ਬਾਹਰ ਲਾ ਕੇ ਵਾਪਸ ਆਇਆ ਕਰਦੇ ਹਨ। ਆਪ ਨੇ ਇਸ ਗੱਲ ਦਾ ਜ਼ਿਕਰ ਕਦੀ ਭੁਲ ਕੇ ਵੀ ਆਪਣੇ ਮਾਤਾ ਪਿਤਾ ਜਾਂ ਬਾਬਾ ਜੀ ਦੇ ਮਾਤਾ ਪਿਤਾ ਪਾਸ ਨਹੀਂ ਸੀ ਕੀਤਾ ਕਿ ਇਹ ਬਾਹਰ ਚਲੇ ਜਾਂਦੇ ਹਨ। ਇਸ ਤੋਂ ਉਲਟ ਆਪ ਇਸ ਗੱਲ ਤੋਂ ਅਤਿਅੰਤ ਖੁਸ਼ ਸਨ ਕਿ ਬਾਬਾ ਜੀ ਪ੍ਰਭੂ ਭਗਤੀ ਕਰਦੇ ਹਨ, ਕੀਰਤਨ ਕਥਾ ਕਰਦੇ ਹਨ ਤੇ ਲੋਕਾਂ ਨੂੰ ਸਿਧੇ ਰਸਤੇ ਪਾਉਂਦੇ ਹਨ। ਆਪਣੀ ਹੋਂਦ ਨੂੰ ਬਾਬਾ ਜੀ ਦੇ ਭਗਤੀ ਮਾਰਗ ਵਿਚ ਕਦੀ ਵੀ ਵਿਘਨਕਾਰੀ ਨਹੀਂ ਸਨ ਹੋਣ ਦੇਂਦੇ, ਬਚਪਨ ਤੋਂ ਹੀ ਇਨ੍ਹਾਂ ਦੇ ਸੰਸਕਾਰ ਐਸੇ ਬਣੇ ਹੋਏ ਸਨ। ਪਰਿਵਾਰ ਵਿਚ ਘੁਲਮਿਲ ਕੇ ਰਹਿੰਦੇ ਸਨ ਤੇ ਕਦੀ ਓਪਰਾਪਣ ਮਹਿਸੂਸ ਨਹੀਂ ਕੀਤਾ। ਜਿਸ ਤਰ੍ਹਾਂ

ਨਾਲ ਬਾਬਾ ਜੀ ਦੀਆਂ ਭੈਣਾਂ ਪਰਿਵਾਰ ਵਿਚ ਰਹਿ ਰਹੀਆਂ ਸਨ, ਉਸੇ ਤਰ੍ਹਾਂ ਬੀਬੀ ਜੀ ਵੀ ਆਪਣਾ ਨਿਰਬਾਹ ਸਬਰ, ਸੰਤੋਖ ਦੇ ਨਾਲ ਖਿੜੇ ਮੱਥੇ ਕਰ ਰਹੇ ਸਨ। ਹਾਲਾਂ ਕਿ ਆਪ ਸ਼ਹਿਰ ਦੇ ਜੰਮਪਲ ਹੋਣ ਕਰਕੇ ਬਹੁਤ ਸੋਹਲ ਸਨ ਕਿਉਂਕਿ ਆਪ ਦੇ ਪਿਤਾ ਜੀ ਸੰਤ ਬਾਬਾ ਹੀਰਾ ਸਿੰਘ ਜੀ ਲਾਹੌਰ ਰਿਹਾ ਕਰਦੇ ਸਨ। ਬੀਬੀ ਜੀ ਨੇ ਆਪਣੇ ਆਪ ਨੂੰ ਪਿੰਡ ਦੇ ਮਹੌਲ ਵਿਚ ਪੂਰੀ ਤਰ੍ਹਾਂ ਢਾਲ ਲਿਆ ਸੀ। ਮਾਤਾ ਜੀ ਨਾਲ ਮਿਲ ਕੇ ਘਰ ਦੇ ਸਾਰੇ ਕੰਮਾਂ ਕਾਰਾਂ ਵਿਚ ਵਧ ਚੜ੍ਹ ਕੇ ਹੱਥ ਵਟਾਉਂਦੇ ਸਨ ਅਤੇ ਸਭ ਦਾ ਹੁਕਮ ਮੰਨ ਕੇ, ਸਾਰਿਆਂ ਦਾ ਪਿਆਰ ਲੈਂਦੇ ਸਨ। ਬੀਬੀ ਜੀ ਦਾ ਸੁਭਾਅ ਜਿਸ ਤਰ੍ਹਾਂ ਨਾਲ ਹੁਣ ਮਿਠ ਬੋਲੜਾ ਹੈ ਤੇ ਦੂਸਰਿਆਂ ਦੇ ਦੁਖ ਦਰਦ ਵੰਡਾਉਣ ਵਾਲਾ ਹੈ, ਬਚਪਨ ਤੋਂ ਹੀ ਇਸੇ ਤਰ੍ਹਾਂ ਦਾ ਰਿਹਾ ਹੈ ਜਿਸ ਕਰਕੇ ਪਰਿਵਾਰ ਵਿਚ ਨਿੱਕੇ ਤੋਂ ਲੈ ਕੇ ਵੱਡੇ ਤਕ ਸਭ ਦਾ ਮਨ ਜਿੱਤ ਲੈਂਦੇ ਸਨ। ਬੀਬੀ ਜੀ ਨੇ ਆਪ ਹੀ ਦੱਸਿਆ ਸੀ ਕਿ ਘਰ ਦੇ ਕੰਮਾਂ ਵਿਚ ਰਚਮਿਚ ਜਾਣ ਕਰਕੇ ਮੈਨੂੰ ਕਦੀ ਖਿਆਲ ਹੀ ਨਹੀਂ ਸੀ ਆਇਆ ਕਿ ਮੇਰੇ ਪਤੀ ਘਰ ਕਿਉਂ ਨਹੀਂ ਰਹਿੰਦੇ। ਵਿਹਲੇ ਸਮੇਂ ਗੁਰਬਾਣੀ ਕੰਠ ਕਰਦੇ ਰਹੀਦਾ ਸੀ। ਬੀਜੀ ਇਹ ਚੰਗੀ ਤਰ੍ਹਾਂ ਸਮਝਦੇ ਸਨ ਕਿ ਵਾਹਿਗੁਰੂ ਦੀ ਭਗਤੀ ਕਰਨੀ, ਨਾਮ ਜਪਣਾ ਇਹ ਸਭ ਤੋਂ ਉਤਮ ਕਰਮ ਹੈ। ਇਸ ਕਰਕੇ ਉਹਨਾਂ ਨੇ ਬਾਬਾ ਜੀ ਦੀ ਭਗਤੀ ਵਿਚ ਆਪਣੀ ਹੋਂਦ ਨੂੰ ਵਿਘਨਕਾਰੀ ਨਹੀਂ ਬਣਨ ਦਿਤਾ। ਪਰੰਤੂ ਇਹ ਦੋਵੇਂ ਰੂਹਾਂ ਵਾਹਿਗੁਰੂ ਵਲੋਂ ਵਰੋਸਾਈਆਂ ਹੋਈਆਂ ਸਨ ਅਤੇ ਇਨ੍ਹਾਂ ਨੇ ਅੱਗੇ ਚੱਲ ਕੇ ਸੰਸਾਰ ਦਾ ਬਹੁਤ ਭਲਾ ਕਰਨਾ ਸੀ। ਅਨੇਕਾਂ ਭੁਲੇ ਭਟਕਿਆਂ ਨੂੰ ਸਿਧੇ ਰਸਤੇ ਪਾ ਕੇ ਗੁਰੂ ਨਾਲ ਜੋੜਨਾ ਸੀ। ਬਾਬਾ ਜੀ ਵੀ ਆਮ ਤੌਰ ਤੇ ਆਪਣਾ ਜ਼ਿਆਦਾ ਸਮਾਂ ਬਾਹਰ ਸਾਧੂ ਸੰਤਾਂ ਦੇ ਡੇਰਿਆਂ ਵਿਚ ਰਹਿ ਕੇ ਭਗਤੀ ਕਰਦਿਆਂ ਹੋਇਆਂ ਬਤੀਤ ਕਰਦੇ ਸਨ। ਇਸ ਤਰ੍ਹਾਂ ਦੀ ਬਿਰਤੀ ਧਾਰਨ ਕਰਨ ਦੇ ਕਈ ਗੁੱਝੇ ਭੇਦ ਸਨ ਜੋ ਆਮ ਮਨੁਖ ਦੀ ਸਮਝ ਤੋਂ ਪਰ੍ਹੇ ਦੀ ਗੱਲ ਹੁੰਦੀ ਹੈ। ਇਕ ਤਾਂ ਭਜਨ ਕਰਨ ਲਈ ਇਕਾਂਤ ਵਾਸ ਮਿਲ ਜਾਂਦਾ ਸੀ, ਦੂਸਰਾ ਘਰੇਲੂ ਅਲਸੇਟਿਆਂ ਤੋਂ ਪਰ੍ਹੇ ਰਹਿਣ ਕਾਰਨ ਬਿਰਤੀ ਇਕ ਰਸ ਰਹਿੰਦੀ ਸੀ, ਤੀਸਰੇ ਉਨ੍ਹਾਂ ਨੂੰ ਪੂਰਨ ਮਹਾਂਪੁਰਸ਼ ਦੀ ਤਲਾਸ਼ ਸੀ ਜਿਸ ਨਾਲ ਦਿਲ ਦਾ ਸੌਦਾ ਕੀਤਾ ਜਾ ਸਕੇ। ਇਹ ਆਪ ਨੂੰ ਭਲੀਭਾਂਤ ਪਤਾ ਸੀ ਕਿ ਜਦ ਤਕ ਕਿਸੇ ਪੂਰਨ ਮਹਾਂਪੁਰਸ਼ ਦਾ ਮਿਲਾਪ ਨਾ ਹੋਵੇ, ਉਦੋਂ ਤੱਕ ਰੂਹਾਨੀਅਤ ਦੀ ਸਿਖਰ ਤੱਕ ਪਹੁੰਚਣਾ ਮੁਸ਼ਕਲ ਹੁੰਦਾ ਹੈ। ਇਸੇ ਕਰਕੇ ਗੁਰੂ ਮਹਾਰਾਜ ਜੀ ਨੇ ਸ੍ਰੀ ਗੁਰੂ ਗਰੰਥ ਸਾਹਿਬ ਅੰਦਰ ਜਗਿਆਸੂ ਗੁਰਸਿਖਾਂ ਨੂੰ ਸੰਤਾਂ ਤੇ ਗੁਰਮੁਖਾਂ ਦੀ ਸੰਗਤ ਪ੍ਰਾਪਤ ਕਰਨ ਵਾਸਤੇ ਜ਼ੋਰ ਦਿਤਾ ਹੈ। ਇਸ ਲਈ ਢੂੰਢਦੇ ਰਹੋ। ਜਦੋਂ ਮਸਤਕ ਦੇ ਭਾਗ ਜਾਗਣਗੇ ਤਾਂ ਪੂਰਨ ਮਹਾਂਪੁਰਸ਼ ਦਾ ਮਿਲਾਪ ਹੋ ਜਾਵੇਗਾ। ਇਸ ਤਰ੍ਹਾਂ ਨਾਲ ਬਾਬਾ ਜੀ ਨੂੰ ਵੀ ਤਲਾਸ਼ ਸੀ। ਜੇਕਰ ਕੋਈ ਐਸਾ ਸੰਤ ਮਿਲ ਜਾਵੇ ਤਾਂ ਉਸ ਦੀ ਸੇਧ ਅਨੁਸਾਰ ਬਾਕੀ ਦਾ ਰੂਹਾਨੀ ਸਫਰ ਤੈਅ ਕਰਕੇ ਮੰਜ਼ਲੇ ਮਕਸੂਦ ਤੱਕ ਪਹੁੰਚ ਕੇ ਸਫਲਤਾ ਪ੍ਰਾਪਤ ਹੋ ਜਾਵੇ। ਇਸ ਪ੍ਰਥਾਇ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ –

***ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥***
***ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥***
***ਪੰਨਾ - 1102***

ਸੰਸਾਰ ਦਾ ਸਾਥ ਕੱਚਾ ਹੈ ਜੋ ਮ੍ਰਿਤੂ ਮੰਡਲ ਤੱਕ ਵੀ ਪੂਰਾ ਨਹੀਂ ਨਿਭਦਾ ਪ੍ਰੰਤੂ ਮਹਾਂਪੁਰਸ਼ ਦਾ ਸਾਥ ਸੰਸਾਰ ਛੱਡਣ ਤੋਂ ਬਾਅਦ ਵੀ ਨਿਭਦਾ ਹੈ। ਸੰਤ ਇਸ ਜੀਵ ਦੀ ਰੂਹਾਨੀ ਰਹਿਨੁਮਾਈ ਕਰਕੇ, ਉਸ ਦੇਸ਼ ਦਾ ਵਾਸੀ ਬਣਾ ਦਿੰਦੇ ਹਨ ਜਿਸ ਦੇਸ਼ ਦੇ ਉਹ ਆਪ ਵਾਸੀ ਹੁੰਦੇ ਹਨ।

ਬਾਬਾ ਜੀ ਦੇ ਪਿਤਾ ਜੀ ਤਾਂ ਘਰੇਲੂ ਅਤੇ ਖੇਤੀ ਦੇ ਕੰਮ ਕਾਰ ਵਿਚ ਰੁਝੇ ਰਹਿੰਦੇ ਸਨ ਪਰ ਮਾਤਾ ਜੀ ਨੂੰ ਇਸ ਗੱਲ ਦਾ ਪੂਰਾ ਖਿਆਲ ਸੀ ਕਿ ਇਸ ਸੰਤ ਪੁਤਰ ਨੂੰ ਕਿਸੇ ਪੂਰਨ ਮਹਾਤਮਾ ਦੇ ਦਰਸ਼ਨ ਕਰਵਾ ਕੇ ਇਸ ਨੂੰ ਪੂਰਨ ਬਣਾ ਦੇਵਾਂ ਪਰੰਤੂ ਹਾਲੇ ਸਮਾਂ ਨਹੀਂ ਸੀ ਬਣ ਰਿਹਾ। ਬਾਬਾ ਜੀ ਭਾਵੇਂ ਭਗਤੀ ਵਿਚ ਪੂਰੇ ਸੀ ਪਰੰਤੂ ਗੁਰਮੁਖ ਸੰਤ ਦੀ ਦਿਆਲਤਾ ਤੇ ਰਹਿਨੁਮਾਈ ਤੋਂ ਬਿਨਾਂ ਰੂਹਾਨੀਅਤ ਦੇ ਸਫਰ ਨੂੰ ਤੈਅ ਕਰਨਾ ਮੁਸ਼ਕਲ ਹੋ ਜਾਇਆ ਕਰਦਾ ਹੈ। ਵਾਹਿਗੁਰੂ ਜੀ ਨੇ ਇਹ ਪ੍ਰਬੰਧ ਧੁਰ ਦਰਗਾਹ ਤੋਂ ਕੀਤਾ ਹੋਇਆ ਹੁੰਦਾ ਹੈ ਕਿ ਕਿਸ ਨੇ ਕਿਹੜੇ ਮਹਾਤਮਾ ਤੋਂ ਪੂਰਨਤਾ ਤੇ ਨਦਰ ਪ੍ਰਾਪਤ ਕਰਨੀ ਹੈ। ਜਿਵੇਂ ਕਿ ਪਵਿੱਤਰ ਫੁਰਮਾਨ ਹੈ -

***ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥***

***ਪੰਨਾ - 204***

## ਸੰਤ ਮਹਾਰਾਜ ਨਾਲ ਮਿਲਾਪ

ਅੱਜ ਉਹ ਸਮਾਂ ਬਣ ਆਇਆ ਜਦੋਂ ਪੂਰਨ ਰਸਿਕ ਵੈਰਾਗੀ ਮਹਾਂਪੁਰਸ਼ਾਂ ਦਾ ਮਿਲਾਪ ਹੋਣਾ ਸੀ। ਮਾਤਾ ਜੀ ਨੇ ਕਿਹਾ ਕਿ ਬੇਟਾ ਤੂੰ ਚੰਗੇ ਚੰਗੇ ਸਾਧੂ ਸੰਤਾਂ ਦੇ ਡੇਰਿਆਂ ਤੇ ਗਿਆ ਹੈਂ, ਘੁੰਮਦਾ ਰਹਿੰਦਾ ਹੈਂ ਤੇ ਮੈਨੂੰ ਲਗਦਾ ਹੈ ਕਿਸੇ ਸਾਧੂ ਨਾਲ ਵੀ ਤੇਰੇ ਦਿਲ ਦਾ ਸੌਦਾ ਨਹੀਂ ਹੋ ਸਕਿਆ। ਅੱਜ ਮੇਰੇ ਨਾਲ ਚਲ, ਮੈਂ ਤੈਨੂੰ ਇਕ ਪੂਰਨ ਮਹਾਂਪੁਰਸ਼, ਰਾਜ ਯੋਗੀ ਦੇ ਦਰਸ਼ਨ ਕਰਵਾਉਂਦੀ ਹਾਂ। ਇਨ੍ਹਾਂ ਨੇ ਕਿਹਾ ਕਿ ਬੇਬੇ ਜੀ! ਕਿਥੇ ਲੈ ਕੇ ਜਾਣਾ ਹੈ? ਮਾਤਾ ਜੀ ਨੇ ਕਿਹਾ, ਬੇਟਾ! ਤੂੰ ਮੇਰੇ ਨਾਲ ਤਾਂ ਚੱਲ, ਮੇਰਾ ਦਿਲ ਕਹਿੰਦਾ ਹੈ ਕਿ ਉਨ੍ਹਾਂ ਨੂੰ ਮਿਲਕੇ ਤੇਰੀ ਤਲਾਸ਼ ਖਤਮ ਹੋ ਜਾਵੇਗੀ। ਕਹਿਣ ਲੱਗੇ ਠੀਕ ਹੈ, ਚਲੋ ਚਲਦੇ ਹਾਂ। ਧਮੋਟ ਤੋਂ ਰਾੜਾ ਸਾਹਿਬ ਕੋਈ ਬਹੁਤੀ ਦੂਰ ਨਹੀਂ, ਨੱਕ ਦੀ ਸੇਧ ਦੋ ਕੁ ਕਿਲੋਮੀਟਰ ਦਾ ਫਾਸਲਾ ਹੈ। ਮਾਤਾ ਜੀ ਨਾਲ ਗਲਬਾਤ ਕਰਦੇ ਆਪ ਰਾੜਾ ਸਾਹਿਬ ਪਹੁੰਚ ਗਏ। ਉਸ ਵੇਲੇ ਸੰਤ ਮਹਾਰਾਜ, ਈਸ਼ਰ ਸਿੰਘ ਜੀ ਕੁਰਸੀ ਉਤੇ ਸ਼ਸ਼ੋਭਿਤ

ਸਨ। ਕਾਫੀ ਸੰਗਤ ਬੈਠੀ ਸੀ ਤੇ ਪ੍ਰੇਮੀ ਨਮਸਕਾਰ ਕਰਕੇ, ਆਪਣੀ ਆਪਣੀ ਥਾਂ ਤੇ ਬੈਠੀ ਜਾ ਰਹੇ ਸਨ। ਨਾਲ ਦੀ ਨਾਲ ਸੰਤ ਮਹਾਰਾਜ ਸੰਗਤ ਨਾਲ ਬਚਨ ਬਿਲਾਸ ਵੀ ਕਰ ਰਹੇ ਸਨ। ਪਹਿਲਾਂ ਮਾਤਾ ਜੀ ਨੇ ਭੇਟਾ ਰੱਖ ਕੇ ਨਮਸ਼ਕਾਰ ਕੀਤੀ ਅਤੇ ਉਨ੍ਹਾਂ ਤੋਂ ਪਿਛੇ ਬਾਬਾ ਜੀ ਨੇ ਨਮਸ਼ਕਾਰ ਕੀਤੀ। ਇਸ ਵੇਲੇ ਆਪਦੇ ਸਰੀਰ ਦੀ ਆਯੂ ਤਕਰੀਬਨ ਸਾਢੇ ਸੋਲਾਂ ਦੇ ਲਗਭਗ ਸੀ ਅਤੇ ਸੰਤ ਮਹਾਰਾਜ ਦੀ ਉਮਰ 30 ਕੁ ਸਾਲ ਦੀ ਸੀ, ਉਨ੍ਹਾਂ ਦਾ ਦਾੜ੍ਹਾ ਬਿਲਕੁਲ ਕਾਲਾ ਸੀ ਤੇ ਸਰੀਰ ਪਤਲਾ ਤੇ ਚਿੱਟੇ ਸੁੰਦਰ ਬਸਤਰ ਪਹਿਨੇ ਹੋਏ ਸਨ, ਚਿਹਰੇ ਦਾ ਜਲਾਲ ਐਨਾ ਸੀ ਕਿ ਚੇਹਰੇ ਵੱਲ ਵੇਖਣਾ ਮੁਸ਼ਕਲ ਹੁੰਦਾ ਸੀ ਤੇ ਨੇਤਰਾਂ ਵਿਚ ਨੇਤਰ ਪਾਉਣ ਦੀ ਤਾਂ ਕਿਸੇ ਦੀ ਜੁਰਅੱਤ ਨਹੀਂ ਸੀ ਪੈਂਦੀ। ਬਾਬਾ ਜੀ ਜਦੋਂ ਨਮਸ਼ਕਾਰ ਕਰਕੇ ਖੜ੍ਹੇ ਹੋਏ, ਨੇਤਰਾਂ ਨਾਲ ਨੇਤਰ ਮਿਲੇ, ਜਾਣੀ ਜਾਣ ਸੰਤ ਮਹਾਰਾਜ ਜੀ ਨੇ ਆਪਣੀ ਪਾਰਖੂ ਨਜ਼ਰ ਨਾਲ, ਇਨ੍ਹਾਂ ਦੀ ਅੰਦਰਲੀ ਰੂਹ ਨੂੰ ਜਾਣ ਲਿਆ ਜਿਵੇਂ ਜੌਹਰੀ ਕੀਮਤੀ ਹੀਰੇ ਦੀ ਪਰਖ ਕਰ ਲੈਂਦਾ ਹੈ। ਮਹਾਂਪੁਰਸ਼ਾਂ ਨੇ ਇਨ੍ਹਾਂ ਤੇ ਇਕ ਸਵਾਲ ਕੀਤਾ ਕਿ ਭਾਈ ਤੂੰ ਕੌਣ ਹੈਂ? ਇਹ ਸਵਾਲ ਸੁਣ ਕੇ ਆਪ ਚੁਪ ਹੋ ਗਏ ਤੇ ਇਸ ਸਵਾਲ ਦੀ ਗਹਿਰਾਈ ਵਿਚ ਚਲੇ ਗਏ ਤੇ ਮਨ ਵਿਚ ਵਿਚਾਰ ਕੀਤੀ ਕਿ ਇਥੇ ਨਾ ਹੀ ਲਿੰਗ, ਪੁਲਿੰਗ ਦਾ ਸਵਾਲ ਹੈ ਕਿਉਂਕਿ ਮੈਨੂੰ ਵੇਖ ਕੇ ਜਾਣਦੇ ਹਨ ਕਿ ਮੈਂ ਲੜਕਾ ਹਾਂ; ਜਾਤਪਾਤ ਦਾ ਸਵਾਲ ਵੀ ਨਹੀਂ, ਆਮ ਤੌਰ ਤੇ 'ਤੂੰ ਕੌਣ ਹੈਂ' ਦਾ ਜਵਾਬ ਆਪਣਾ ਨਾਮ ਦੱਸ ਕੇ ਦਿਤਾ ਜਾਂਦਾ ਹੈ। ਜੇ ਮੈਂ ਕਹਾਂ ਕਿ ਮੈਂ 'ਵਰਿਆਮ ਸਿੰਘ' ਹਾਂ, ਪਰ ਇਹ ਨਾਮ ਤਾਂ ਮੇਰੇ ਸਰੀਰ ਦਾ ਹੈ, ਪਿਛਲੇ ਜਨਮ ਵਿਚ ਮੇਰੇ ਸਰੀਰ ਦਾ ਨਾਮ ਹਰਨਾਮ ਸਿੰਘ ਸੀ ਤੇ ਉਸ ਤੋਂ ਵੀ ਪਿਛਲੇ ਜਨਮ ਵਿਚ ਮੇਰੇ ਸਰੀਰ ਦਾ ਨਾਮ ਕੁਝ ਹੋਰ ਸੀ। ਇਸ ਤਰ੍ਹਾਂ ਕਰਦੇ ਕਰਦੇ ਆਪ ਨੇ ਪਿਛੇ ਨੂੰ ਸਫਰ ਕਰਨਾ ਸ਼ੁਰੂ ਕਰ ਦਿਤਾ ਜਿਵੇਂ ਕਿਸੇ ਫਿਲਮ ਦੀ ਪੁਠੀ ਰੀਲ੍ਹ ਚਲਾਉਣੀ ਸ਼ੁਰੂ ਕਰ ਦੇਈਏ ਤਾਂ ਆਖਰੀ ਸੀਨ ਦਾ ਪਤਾ ਲੱਗ ਜਾਂਦਾ ਹੈ। ਜਿਸ ਤਰ੍ਹਾਂ ਨਾਲ ਖੂਹ ਦੀ ਭਉਣੀ ਦੇ ਉਤੇ ਲੱਜ ਲਿਪਟੀ ਹੁੰਦੀ ਹੈ ਤੇ ਜਦੋਂ ਖੂਹ ਵਿਚ ਫਰਾਹੀ ਜਾਂਦੀ ਹੈ ਤਾਂ ਜਦੋਂ ਸਾਰੀ ਲੱਜ ਖਤਮ ਹੋ ਜਾਵੇ, ਸਿਰੇ ਉਤੇ ਆਖਰੀ ਗੰਢ ਆ ਜਾਂਦੀ ਹੈ। ਇਸ ਤਰ੍ਹਾਂ ਸੋਚਦੇ ਸੋਚਦੇ ਆਪ ਨੂੰ ਪੰਜ ਮਿੰਟ ਲੱਗ ਗਏ ਤੇ ਸਾਰੇ ਸ਼ਾਂਤ ਹੋਏ ਬੈਠੇ ਹਨ ਤੇ ਸਭ ਦੀ ਨਿਗਾਹ ਆਪ ਤੇ ਲੱਗੀ ਹੋਈ ਹੈ ਕਿ ਕੀ ਜਵਾਬ ਦਿੰਦੇ ਹਨ। ਸੰਤ ਮਹਾਰਾਜ ਜੀ ਨੇ ਉਹੀ ਸਵਾਲ ਦੁਹਰਾਇਆ ਤੇ ਕਿਹਾ, "ਕਾਕਾ! ਤੂੰ ਦੱਸਿਆ ਨਹੀਂ ਕਿ ਤੂੰ ਕੌਣ ਹੈਂ?" ਆਪ ਜੀ ਨੇ ਜਵਾਬ ਦਿਤਾ ਕਿ ਮਹਾਰਾਜ! ਮੈਨੂੰ ਦੱਸਣਾ ਨਹੀਂ ਆਉਂਦਾ। ਇਤਨਾ ਕਹਿਣ ਦੀ ਦੇਰ ਸੀ ਕਿ ਆਲੇ ਦੁਆਲੇ ਜਿੰਨੀ ਵੀ ਸੰਗਤ ਬੈਠੀ ਸੀ, ਖਿੜ ਖਿੜਾ ਕੇ ਹੱਸ ਪਈ ਤੇ ਆਪਸ ਵਿਚ ਗੱਲਾਂ ਕਰਦੇ ਹਨ ਕਿ ਦੇਖੋ! ਇਸਨੂੰ ਐਨੀ ਗੱਲ ਵੀ ਦੱਸਣੀ ਨਹੀਂ ਆਉਂਦੀ ਕਿ ਇਸ ਦਾ ਨਾਮ ਕੀ ਹੈ। ਸੰਤ ਮਹਾਰਾਜ ਜੀ ਨੇ ਉਚੀ ਸੁਰ ਵਿਚ 'ਖਾਮੋਸ਼' ਕਹਿ ਕੇ ਸਭ ਨੂੰ ਸ਼ਾਂਤ ਕਰ ਦਿੱਤਾ ਤੇ ਕਿਹਾ ਕਿ ਇਹ ਹਾਸੇ ਵਾਲੀ ਗੱਲ ਨਹੀਂ, ਤੁਹਾਨੂੰ ਕਿਸੇ ਨੂੰ ਇਸ ਦਾ ਪਤਾ ਨਹੀਂ ਹੈ। ਬਾਬਾ ਜੀ ਫੇਰ ਚੁਪ ਹੋ

ਗਏ। ਸੰਤ ਮਹਾਰਾਜ ਜੀ ਨੇ ਤੀਜੀ ਵਾਰ ਫੇਰ ਇਹੋ ਪ੍ਰਸ਼ਨ ਕੀਤਾ ਤੇ ਕਿਹਾ ਕਿ ਜਿਵੇਂ ਦੱਸ ਸਕਦੇ ਹੋ ਉਸੇ ਤਰ੍ਹਾਂ ਦਸੋ। ਬਾਬਾ ਜੀ ਨੇ ਆਪਣੀ ਬੋਲੀ ਵਿਚ ਉਪਰੋਕਤ ਭਾਵ, ਜਿਨ੍ਹਾਂ ਵਿਚ ਉਹ ਲੀਨ ਸਨ, ਦੱਸਣ ਦੀ ਕੋਸ਼ਿਸ਼ ਕੀਤੀ ਅਤੇ ਦਸਿਆ ਕਿ ਮੈਂ ਵਾਹਿਗੁਰੂ ਪਰਮਜੋਤ ਦੀ ਇਕ ਨਿਕੀ ਜਿਹੀ ਕਿਰਨ ਹਾਂ। ਜਿਸ ਵੇਲੇ ਸੰਸਾਰ ਦੀ ਰਚਨਾ ਹੋਈ, ਮੈਂ ਵੀ ਉਸ ਦਿਨ ਦਾ ਚਲ ਰਿਹਾ ਹਾਂ। ਸੰਤ ਮਹਾਰਾਜ ਬਹੁਤ ਪ੍ਰਸੰਨ ਹੋਏ, ਕਹਿਣ ਲੱਗੇ, ਵਾਹ! ਸਚਮੁਚ ਇਸ ਗੱਲ ਨੂੰ ਦੱਸਣਾ ਮੁਸ਼ਕਿਲ ਹੈ। ਪਰ ਤੁਸੀਂ ਜੋ ਵੀ ਦੱਸਿਆ ਹੈ ਬਿਲਕੁਲ ਦਰੁਸਤ ਹੈ ਕਿਉਂਕਿ ਇਹ ਸਵਾਲ ਗੁਰਬਾਣੀ ਵਿਚ, ਗੁਰੂ ਮਹਾਰਾਜ ਜੀ ਨੇ ਇਸੇ ਤਰ੍ਹਾਂ ਕੀਤਾ ਹੈ –

***ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ॥***
***ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ॥***

***ਪੰਨਾ – 999***

ਸਾਨੂੰ ਮੁਖਾਤਬ ਕਰਕੇ ਕਹਿੰਦੇ ਹਨ ਕਿ ਹੇ ਮਨੁਖ! ਤੂੰ ਸਮਝਣ ਦੀ ਕੋਸ਼ਿਸ਼ ਕਰ ਕਿ ਤੂੰ ਕੌਣ ਹੈਂ ਤੇ ਕਿਥੋਂ ਆਇਆ ਹੈਂ ਤੇ ਤੇਰਾ ਸਰੋਤ ਕੀ ਹੈ। ਤੈਨੂੰ ਪਤਾ ਨਹੀਂ ਹੈ ਕਿ ਤੈਨੂੰ ਚਲਦਿਆਂ ਚਲਦਿਆਂ ਕਿੰਨਾ ਸਮਾਂ ਬੀਤ ਗਿਆ। ਤੇਰਾ ਸਰੀਰ, ਜਿਸ ਵਿਚ ਵਾਹਿਗੁਰੂ ਨੇ ਆਪਣੀ ਜੋਤ ਰੱਖੀ ਹੈ, ਉਹ ਪੰਜਾਂ ਤੱਤਾਂ ਦਾ ਬਣਿਆ ਹੋਇਆ ਹੈ। ਤੂੰ ਆਪਣੇ ਆਪ ਨੂੰ ਭੁਲ ਬੈਠਾ ਹੈਂ, ਤੇ ਅੰਦਰ ਜੋ ਅਹੰਭਾਵ ਸੀ ਉਸ ਨੂੰ ਸਰੀਰ ਦੀ ਬਿਆਧੀ ਲੱਗਣ ਕਰਕੇ ਹਉਮੈ ਵਿਆਪ ਗਈ। ਹੁਣ ਤੂੰ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦਾ ਸਰੀਰ ਸਮਝ ਬੈਠਾ ਹੈਂ ਕਿ ਮੈਂ ਸਰੀਰ ਹਾਂ ਕਿਉਂਕਿ ਹਉਮੈ ਨੇ ਤੈਨੂੰ ਸਭ ਕੁਝ ਭੁਲਾ ਦਿਤਾ ਤੇ ਬਾਰ ਬਾਰ ਤੈਨੂੰ ਜੰਮਣਾ ਤੇ ਮਰਨਾ ਪੈ ਰਿਹਾ ਹੈ।

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥***
***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥***

***ਪੰਨਾ – 466***

ਚੁਰਾਸੀ ਲੱਖ ਜੂਨੀਆਂ ਦੇ ਸਫਰ ਵਿਚ ਪੈਣ ਕਰਕੇ ਤੈਨੂੰ ਭੁਲ ਗਿਆ ਹੈ ਕਿ ਕਿਤਨਾ ਸਮਾਂ ਬੀਤ ਗਿਆ, ਜੁਗਾਂ ਦੇ ਜੁਗ ਬੀਤ ਗਏ ਤੇ ਹਾਲੇ ਵੀ ਸਮਝ ਨਹੀਂ ਆਈ ਤੇ ਨਾ ਹੀ ਸਮਝਣ ਦੀ ਕੋਸ਼ਿਸ਼ ਕਰਦਾ ਹੈਂ। ਇਹ ਸੋਝੀ ਕੇਵਲ ਮਨੁਖਾ ਸਰੀਰ ਵਿਚ ਹੀ ਆ ਸਕਦੀ ਹੈ। ਇਸੇ ਕਰਕੇ ਇਸ ਨੂੰ ਨਰ ਨਰਾਇਣੀ ਦੇਹੀ ਕਿਹਾ ਹੈ ਜਿਸ ਰਾਹੀਂ ਇਹ ਵਾਹਿਗੁਰੂ ਵਿਚ ਅਭੇਦ ਹੋ ਸਕਦਾ ਹੈ। ਸਵਰਗਾਂ ਦੇ ਵੱਡੇ ਦੇਵਤਿਆਂ ਨੂੰ ਵੀ ਇਹ ਅਵਸਥਾ ਪ੍ਰਾਪਤ ਨਹੀਂ ਹੋ ਸਕਦੀ ਤੇ ਉਹ ਇਸ ਸਰੀਰ ਦੀ ਸਵਰਗਾਂ ਵਿਚ ਬੈਠੇ ਲੋਚਾ ਕਰਦੇ ਹਨ।

***ਇਸ ਦੇਹੀ ਕਉ ਸਿਮਰਹਿ ਦੇਵ॥***
***ਸੋ ਦੇਹੀ ਭਜੁ ਹਰਿ ਕੀ ਸੇਵ॥*** ***ਪੰਨਾ – 1159***

ਬਾਕੀ ਪਸ਼ੂ, ਪੰਛੀਆਂ, ਪਾਣੀ ਵਿਚ ਰਹਿਣ ਵਾਲੇ ਅਤੇ ਪੇਟ ਭਾਰ ਚਲਣ ਵਾਲੇ ਜੀਵਾਂ ਨੂੰ ਤਾਂ ਇਸ ਬਾਰੇ ਕੋਈ ਗਿਆਨ ਨਹੀਂ ਹੁੰਦਾ ਤੇ ਨਾ ਹੀ ਉਨ੍ਹਾਂ ਨੂੰ ਇਹ ਸੋਝੀ ਪ੍ਰਾਪਤ ਹੋ ਸਕਦੀ ਹੈ। ਪਰ ਅਫਸੋਸ ਹੈ ਕਿ ਮਨੁਖਾ ਸਰੀਰ ਧਾਰਨ ਕਰਕੇ ਵੀ ਸੰਸਾਰ ਦੇ ਲੋਕ ਇਸ ਤੋਂ ਅਣਜਾਣ ਹਨ ਤੇ ਇਸ ਨਰ ਨਰਾਇਣੀ ਦੇਹੀ ਦੀ ਕਦਰ ਨਹੀਂ ਕਰਦੇ ਕਿਉਂਕਿ ਉਨ੍ਹਾਂ ਨੂੰ ਪਤਾ ਨਹੀਂ ਕਿ ਇਹ ਚੁਰਾਸੀ ਲੱਖ ਜੂਨਾਂ ਵਿਚ ਸਭ ਤੋਂ ਉਤਮ ਫਲ ਹੈ। ਇਹੋ ਜਿਹੇ ਬੇਪਰਵਾਹ ਤੇ ਅਨਜਾਣ ਬੰਦਿਆਂ ਬਾਰੇ ਗੁਰੂ ਮਹਾਰਾਜ ਦਾ ਫੁਰਮਾਨ ਇਹ ਹੈ –

***ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ॥***
***ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ॥***

***ਪੰਨਾ – 251***

ਆਉਣ ਨੂੰ ਤਾਂ ਸੰਸਾਰ ਵਿਚ ਆ ਗਏ ਪਰ ਇਥੇ ਆ ਕੇ ਪਤਾ ਨਹੀਂ ਲੱਗ ਸਕਿਆ ਕਿ ਮਨੁਖਾ ਸਰੀਰ ਕਿਸ ਵਾਸਤੇ ਮਿਲਿਆ ਹੈ। ਗੁਰੂ ਮਹਾਰਾਜ ਦਾ ਫੁਰਮਾਨ ਇਸ ਤਰ੍ਹਾਂ ਹੈ –

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*** ***ਪੰਨਾ – 12***

ਇਹ ਸਰੀਰ ਵਾਹਿਗੁਰੂ ਵਿਚ ਅਭੇਦਤਾ ਪ੍ਰਾਪਤ ਕਰਨ ਵਾਸਤੇ ਮਿਲਿਆ ਹੈ। ਪਰ ਇਹ ਸਭ ਕੁਝ ਸੁਣ ਕੇ ਵੀ ਅਣਸੁਣਿਆ ਕਰ ਦਿੰਦੇ ਹਨ, ਬੇਪਰਵਾਹੀ ਵਰਤਦੇ ਹਨ ਅਤੇ ਨਾ ਹੀ ਜਾਨਣ ਦੀ ਕੋਸ਼ਿਸ਼ ਕਰਦੇ ਹਨ। ਸੰਸਾਰ ਵਿਚ ਆ ਕੇ 'ਖਾਓ, ਪੀਓ ਅਤੇ ਐਸ਼ ਕਰੋ' ਨੂੰ ਹੀ ਆਪਣੇ ਜੀਵਨ ਦਾ ਮੰਤਵ ਸਮਝਦੇ ਹਨ। ਭੋਗਾਂ ਅਤੇ ਐਸ਼ੋ-ਇਸ਼ਰਤ ਦਾ ਜੀਵਨ ਬਿਤਾਉਣ ਨੂੰ ਹੀ ਮਕਸਦ ਬਣਾ ਲੈਂਦੇ ਹਨ, ਗੱਲਾਂ ਬਾਤਾਂ ਵਿਚ ਕਿਸੇ ਨੂੰ ਵਾਰੇ ਨਹੀਂ ਆਉਣ ਦਿੰਦੇ। ਗੁਰਮਤਿ ਦੇ ਸੁਨਹਿਰੀ ਅਸੂਲਾਂ ਨੂੰ, ਗੁਰਬਾਣੀ ਦੇ ਹੁਕਮ ਨੂੰ ਮੰਨਣ ਨੂੰ ਹੀ ਤਿਆਰ ਨਹੀਂ ਹੁੰਦੇ।

ਇਹੋ ਜਿਹੇ ਮਨੁਖ ਨੀਵੇਂ ਦਰਜੇ ਦੇ ਪਸ਼ੂਆਂ ਦੀ ਨਿਆਈਂ ਹੋਇਆ ਕਰਦੇ ਹਨ ਜੋ ਜੰਮਦੇ ਰਹਿੰਦੇ ਹਨ ਤੇ ਮਰਦੇ ਰਹਿੰਦੇ ਹਨ।

***ਜਮਿ ਜਮਿ ਮਰੈ ਮਰੈ ਫਿਰਿ ਜੰਮੈ॥***
***ਬਹੁਤੁ ਸਜਾਇ ਪਇਆ ਦੇਸਿ ਲੰਮੈ॥*** ***ਪੰਨਾ – 1020***

ਦੂਜੀ ਤਰ੍ਹਾਂ ਦੇ ਮਨੁਖ ਐਸੇ ਹੁੰਦੇ ਹਨ ਕਿ ਇਥੇ ਆ ਕੇ ਮੇਰੀ ਮੇਰੀ ਹੀ ਕਰਦੇ ਰਹਿੰਦੇ ਹਨ। ਮੇਰਾ ਘਰ, ਮੇਰਾ ਪਰਿਵਾਰ, ਮੇਰੀ ਜ਼ਮੀਨ, ਮੇਰੀ ਜਾਇਦਾਦ; ਇਸ ਵਿਚ ਹੀ ਗਲਤਾਨ ਰਹਿੰਦੇ ਹਨ, ਇਸ ਤੋਂ ਉਪਰ ਸੁਰਤ ਚੁਕਣ ਦੀ ਕੋਸ਼ਿਸ਼ ਹੀ ਨਹੀਂ ਕਰਦੇ ਕਿ ਕਦੀ ਸੰਸਾਰ ਤੋਂ ਵੀ ਜਾਣਾ ਹੈ, ਅੱਗੇ ਜਾ ਕੇ ਕੀ ਵਰਤਾਰਾ ਹੋਏਗਾ। ਇਸ ਗੱਲ ਤੋਂ ਬਿਲਕੁਲ ਬੇਖਬਰ ਤੇ ਬੇਪਰਵਾਹ ਹੁੰਦੇ ਹਨ।

***ਬਾਰਹ ਬਰਸ ਬਾਲਪਨ ਬੀਤੇ ਬੀਸ ਬਰਸੁ ਕਛੁ ਤਪੁ ਨ ਕੀਓ॥***

***ਤੀਸ ਬਰਸ ਕਛੂ ਦੇਵ ਨ ਪੂਜਾ ਫਿਰਿ ਪਛੁਤਾਨਾ ਬਿਰਧਿ ਭਇਓ॥***
***ਮੇਰੀ ਮੇਰੀ ਕਰਤੇ ਜਨਮੁ ਗਇਓ॥*** ***ਪੰਨਾ - 479***

ਇਹਨਾਂ ਦਾ ਸਾਰਾ ਜੀਵਨ ਮੋਹ ਮਾਇਆ ਵਿਚ ਗ੍ਰਸਤ ਹੋਣ ਕਰਕੇ ਇਹ ਜਦੋਂ ਸੰਸਾਰ ਤੋਂ ਜਾਂਦੇ ਹਨ, ਜੇਕਰ ਸੁਰਤ ਬੱਚਿਆਂ ਵਿਚ ਚਲੀ ਗਈ ਤਾਂ ਸੂਰ ਦੀ ਜੂਨੀ, ਜੇ ਰੁਪਏ ਟਕੇ ਵਿਚ ਚਲੀ ਜਾਵੇ ਤਾਂ ਸੱਪ ਦੀ ਜੂਨੀ, ਕਾਮ ਆਦਿ ਭੋਗਾਂ ਵਿਚ ਹੋਵੇ ਤਾਂ ਵੇਸਵਾ ਦੀ ਜੂਨੀ, ਜਾਇਦਾਦ ਵਿਚ ਬਿਰਤੀ ਚਲੀ ਜਾਵੇ ਤਾਂ ਪਰੇਤ ਦੀ ਜੂਨੀ ਮਿਲਦੀ ਹੈ। ਜਿਸ ਦੀ ਬਿਰਤੀ ਅੰਤ ਸਮੇਂ ਗੁਰੂ ਦੇ ਚਰਨਾਂ ਵਿਚ ਹੋਵੇ, ਪ੍ਰਭੂ ਦੇ ਧਿਆਨ ਵਿਚ ਹੋਵੇ, ਉਹ ਸਚਖੰਡ ਦਾ ਵਾਸੀ ਬਣ ਜਾਂਦਾ ਹੈ ਤੇ ਉਸ ਦੇ ਜਨਮ ਮਰਨ ਦਾ ਗੇੜ ਕੱਟਿਆ ਜਾਂਦਾ ਹੈ। ਪਰ ਕੁਦਰਤੀ ਹੈ ਕਿ ਅੰਤ ਸਮੇਂ ਤਾਂ ਓਹੀ ਧਿਆਨ ਆਵੇਗਾ ਜੋ ਕੰਮ ਮਨੁਖ ਸਾਰੀ ਉਮਰ ਕਰਦਾ ਰਿਹਾ ਹੋਵੇ। ਇਸ ਵਾਸਤੇ ਫੁਰਮਾਨ ਹੈ -

***ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਸਰਪ ਜੋਨਿ ਵਲਿ ਵਲਿ ਅਉਤਰੈ॥***
***ਅਰੀ ਬਾਈ ਗੋਬਿੰਦ ਨਾਮੁ ਮਤਿ ਬੀਸਰੈ॥***
***ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਬੇਸਵਾ ਜੋਨਿ ਵਲਿ ਵਲਿ ਅਉਤਰੈ॥***
***ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਸੂਕਰ ਜੋਨਿ ਵਲਿ ਵਲਿ ਅਉਤਰੈ॥***
***ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਪ੍ਰੇਤ ਜੋਨਿ ਵਲਿ ਵਲਿ ਅਉਤਰੈ॥***
***ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਵਸੈ॥***

***ਪੰਨਾ - 526***

ਇਹ ਸਾਰੇ ਬਚਨ ਰਾੜੇ ਵਾਲੇ ਸੰਤ ਮਹਾਰਾਜ ਜੀ ਉਥੇ ਬੈਠੀ ਸੰਗਤ ਨਾਲ ਕਰ ਰਹੇ ਸਨ ਤੇ ਉਨ੍ਹਾਂ ਨੇ ਦੱਸਿਆ ਕਿ ਤੁਸੀਂ ਇੰਨ੍ਹਾਂ ਦੀ ਚੁਪ ਦੇਖ ਕੇ ਹੱਸ ਰਹੇ ਸੀ, ਇਹਨਾਂ ਬਾਰੇ ਤੁਸੀਂ ਕੀ ਜਾਣ ਸਕਦੇ ਹੋ? ਮੈਂ ਤੁਹਾਨੂੰ ਇਕ ਗੱਲ ਦੱਸਦਾ ਹਾਂ ਕਿ **'ਅੱਜ ਸੁਹਾਗਣ ਨੂੰ ਸੁਹਾਗਣ ਦਾ ਮੇਲ ਹੋਇਐ, ਹੁਣ ਤਕ ਤਾਂ ਰੰਡੀਆਂ ਨਾਲ ਹੀ ਵਾਹ ਪਿਆ ਹੈ।'** ਸੁਹਾਗਣ ਪੂਰੇ ਨੂੰ ਕਿਹਾ ਜਾਂਦਾ ਹੈ। ਇਸ ਤੋਂ ਜ਼ਾਹਿਰ ਹੈ ਕਿ ਬਾਬਾ ਜੀ

ਸਾਢੇ ਸੋਲਾਂ ਸਾਲ ਦੀ ਉਮਰ ਵਿਚ ਪੂਰੇ ਸਨ। ਸੰਤ ਮਹਾਰਾਜ ਜੀ ਦੇ ਮੁਖਾਰਬਿੰਦ ਤੋਂ ਇਹ ਬਚਨ ਸੁਣ ਕੇ ਸਾਰਿਆਂ ਨੇ ਨੀਵੀਆਂ ਪਾ ਲਈਆਂ ਤੇ ਅੰਦਰੋਂ ਅੰਦਰੀ ਆਪਣੀ ਗਲਤੀ ਦਾ ਅਹਿਸਾਸ ਹੋ ਰਿਹਾ ਸੀ ਕਿ ਬਿਨਾ ਵਜ੍ਹਾ ਕਿਸੇ ਤੇ ਹੱਸਣਾ ਨਹੀਂ ਚਾਹੀਦਾ। ਸਨਾਟਾ ਜਿਹਾ ਛਾ ਗਿਆ ਅਤੇ ਸੰਤ ਮਹਾਰਾਜ ਜੀ ਨੇ ਨੇਤਰ ਬੰਦ ਕਰ ਲਏ। ਬਾਬਾ ਜੀ ਦੋਵੇਂ ਹੱਥ ਜੋੜ ਕੇ ਅੱਗੇ ਖੜ੍ਹੇ ਸਨ ਅਤੇ ਮਾਤਾ ਜੀ ਵੀ ਸੰਗਤ ਵਿਚ ਬੈਠੇ ਸਭ ਕੁਝ ਸੁਣ ਦੇਖ ਰਹੇ ਸਨ ਅਤੇ ਮਨ ਹੀ ਮਨ ਵਿਚ ਗਦਗਦ ਹੋ ਰਹੇ ਸਨ। ਸੰਤ ਮਹਾਰਾਜ ਜੀ ਨੇ ਚਾਲੀ ਮਿੰਟ ਨੇਤਰ ਬੰਦ ਰੱਖੇ ਅਤੇ ਬਾਬਾ ਜੀ ਦਾ ਸਾਰਾ ਭਵਿੱਖ ਵਾਚ ਲਿਆ ਅਤੇ ਦਇਆਲਤਾ ਵਿਚ ਆ ਕੇ ਬਚਨ ਕੀਤਾ ਕਿ ਤੁਹਾਡੀ ਭਗਤੀ ਪੂਰੀ ਹੈ ਪਰੰਤੂ ਰੂਹਾਨੀਅਤ ਦਾ ਆਖਰੀ ਇਕ ਕਦਮ ਪੁਟਣਾ ਬਾਕੀ ਰਹਿੰਦਾ ਹੈ, ਉਹ ਵੀ ਇਸੇ ਜਨਮ ਵਿਚ ਪੁਟ ਲਵੋ। ਬਸ ਇਸ ਉਪਦੇਸ਼ ਦੀ ਹੀ ਕਸਰ ਬਾਕੀ ਰਹਿੰਦੀ ਸੀ ਜੋ ਸੰਤ ਮਹਾਰਾਜ ਜੀ ਨੇ ਪੂਰੀ ਕਰ ਦਿਤੀ ਕਿਉਂਕਿ ਕਮਾਈ ਤਾਂ ਪਹਿਲਾਂ ਹੀ ਪੂਰੀ ਸੀ।

***ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ***
***ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥ ਪੰਨਾ - 306***

ਸੰਤ ਮਹਾਰਾਜ ਜੀ ਦੀ ਮੇਹਰ ਦੀ ਨਦਰ ਹੋ ਗਈ ਅਤੇ ਇਧਰ ਇਨ੍ਹਾਂ ਨੇ ਮਨ ਹੀ ਮਨ ਵਿਚ ਆਪਣਾ ਆਪ ਸਮਰਪਣ ਕਰ ਦਿਤਾ। ਲੰਮੇ ਸਮੇਂ ਤੋਂ ਆਪ ਦੀ ਤਲਾਸ਼ ਸੀ, ਉਹ ਤਲਾਸ਼ ਪੂਰੀ ਹੋ ਗਈ, ਦਿਲ ਦਾ ਸੌਦਾ ਹੋ ਗਿਆ ਕਿਉਂਕਿ ਆਪ ਲੱਭ ਰਹੇ ਸੀ ਕਿ ਕੋਈ ਪੂਰਾ ਮਿਲੇ ਜਿਸ ਨਾਲ ਦਿਲ ਦਾ ਸੌਦਾ ਕਰ ਸਕੀਏ। ਅੱਜ ਇਸ ਪਿਆਰੇ ਨੇ 'ਨਦਰੀ ਨਦਰ ਨਿਹਾਲ' ਕਰ ਦਿਤਾ ਅਤੇ ਅੰਦਰੋਂ ਇਹ ਧੁਨ ਸੁਣਾਈ ਦੇ ਰਹੀ ਸੀ।

***ਮਨੁ ਤਨੁ ਤੇਰਾ ਧਨੁ ਭੀ ਤੇਰਾ॥***
***ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ॥ ਪੰਨਾ - 106***

ਸੰਤ ਮਹਾਰਾਜ ਜੀ ਦੇ ਇਨ੍ਹਾਂ ਰੂਹਾਨੀਅਤ ਦੇ ਬਚਨਾਂ ਨੇ ਅੰਦਰੋਂ ਹਿਰਦਾ ਵਿੰਨ੍ਹ ਕੇ ਰੱਖ ਦਿਤਾ। ਹਾਲਤ ਇਸ ਤਰ੍ਹਾਂ ਦੀ ਹੋ ਗਈ ਕਿ ਹੁਣ ਇਕ ਸਵਾਸ ਵੀ ਨਾਮ ਸਿਮਰਨ ਤੋਂ ਬਿਨਾਂ ਅਜਾਈਂ ਨਾ ਜਾਣ ਦਿਤਾ ਜਾਵੇ। ਹੁਣ ਨਾਮ ਜੱਪਣ ਤੋਂ ਬਿਨਾਂ ਹੋਰ ਕੋਈ ਵੀ ਚੀਜ਼ ਚੰਗੀ ਨਹੀਂ ਲੱਗਦੀ ਤੇ ਆਪ ਦੀ ਵੈਰਾਗਮਈ ਦਸ਼ਾ ਐਸੀ ਬਣ ਗਈ ਸੀ ਕਿ -

***ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥***
***ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥***
***ਪੰਨਾ - 1375***

## ਮਾਨਸਾ ਦੀ ਢੱਕੀ ਵਿਚ ਤਪ

ਬਸ ਹੁਣ ਆਪ ਚਾਹੁੰਦੇ ਸੀ ਕਿ ਕਿਤੇ ਇਕਾਂਤ ਵਿਚ ਜਾ ਕੇ ਬੈਠਿਆ

ਜਾਵੇ ਜਿਥੇ ਨੇੜੇ ਤੇੜੇ ਕੋਈ ਬਿਰਤੀ ਤੋੜਨ ਵਾਲਾ ਨਾ ਹੋਵੇ। ਸੰਤ ਮਹਾਰਾਜ ਜੀ ਤੋਂ ਆਗਿਆ ਲਈ ਤੇ ਚਰਨਾਂ ਤੇ ਸੀਸ ਰੱਖ ਕੇ ਨਮਸ਼ਕਾਰ ਕੀਤੀ ਤੇ ਕਿਹਾ ਕਿ ਮਹਾਰਾਜ! ਆਪ ਨੇ ਕਿਰਪਾ ਰੱਖਣੀ ਤੇ ਇਸ ਨਾਚੀਜ਼ ਤੋਂ ਇਹ ਕਾਰਜ ਪੂਰਾ ਕਰਵਾਉਣ ਦੀ ਸ਼ਕਤੀ ਬਖਸ਼ਣੀ। ਸੰਤ ਮਹਾਰਾਜ ਜੀ ਨੇ ਅਸ਼ੀਰਵਾਦ ਦੇ ਕੇ ਆਗਿਆ ਦਿਤੀ ਕਿ ਤਕੜੇ ਹੋ ਕੇ ਲੱਗੋ, ਵਾਹਿਗੁਰੂ ਮੇਹਰ ਕਰਨਗੇ। ਸੰਤ ਮਹਾਰਾਜ ਜੀ ਵੀ ਕੁਰਸੀ ਤੋਂ ਉਠ ਕੇ ਭੋਰੇ ਵਿਚ ਚਲੇ ਗਏ ਤੇ ਸਾਰੀ ਸੰਗਤ ਆਪੋ ਆਪਣੀ ਥਾਂ ਤੇ ਨਮਸ਼ਕਾਰ ਕਰਕੇ ਮਹਾਂਪੁਰਸ਼ਾਂ ਦੀਆਂ ਖੁਸ਼ੀਆਂ ਲੈ ਕੇ ਚਲੀ ਗਈ। ਆਪ ਵਾਪਸ ਜਾਂਦੇ ਹੋਏ ਮਾਤਾ ਜੀ ਨਾਲ ਬਚਨ ਕਰ ਰਹੇ ਸੀ, ਕਹਿਣ ਲੱਗੇ, ਬੇਬੇ! ਹੁਣ ਤੁਸੀਂ ਜਾਵੋ, ਮੈਂ ਉਸ ਕਦਮ ਨੂੰ ਪੁਟਣ ਲਈ ਬਹੁਤ ਉਤਾਵਲਾ ਹਾਂ ਜਿਸ ਬਾਰੇ ਸੰਤ ਮਹਾਰਾਜ ਜੀ ਨੇ ਬਚਨ ਕੀਤਾ ਹੈ। ਹੁਣ ਮੈਨੂੰ ਇਸ ਤੋਂ ਬਿਨਾਂ ਹੋਰ ਕੋਈ ਫੁਰਨਾ ਨਹੀਂ ਆ ਰਿਹਾ। ਅੰਦਰ ਜੇ ਕੋਈ ਫੁਰਨਾ ਹੈ ਤਾਂ ਸਿਰਫ ਇਹੋ ਹੈ, ਮੇਰੀ ਹਾਲਤ ਮੈਂ ਹੀ ਜਾਣਦਾ ਹਾਂ, ਤੁਸੀਂ ਮੇਰੀ ਅੰਦਰਲੀ ਅਵਸਥਾ ਨੂੰ ਨਹੀਂ ਸਮਝ ਸਕਦੇ।

***ਲਾਗੀ ਹੋਇ ਸੁ ਜਾਨੈ ਪੀਰ॥***
***ਰਾਮ ਭਗਤਿ ਅਨੀਆਲੇ ਤੀਰ॥*** ***ਪੰਨਾ - 327***

ਸੰਤ ਮਹਾਰਾਜ ਜੀ ਦੇ ਬਚਨਾਂ ਦੇ ਅਨਿਆਲੇ ਤੀਰਾਂ ਨੇ ਮੇਰੇ ਅੰਦਰ ਗਹਿਰੇ ਘਾਵ ਕਰ ਦਿਤੇ ਹਨ, ਇਸ ਦਾ ਦਰਦ ਮੈਂ ਹੀ ਜਾਣਦਾ ਹਾਂ। ਹੁਣ ਜਦ ਤੱਕ ਮੈਂ ਇਹ ਕੰਮ ਪੂਰਾ ਨਹੀਂ ਕਰ ਲੈਂਦਾ, ਮੈਂ ਟਿਕ ਕੇ ਨਹੀਂ ਬੈਠ ਸਕਦਾ ਤੇ ਨਾ ਹੀ ਮੈਨੂੰ ਚੈਨ ਆ ਸਕਦੀ ਹੈ। ਇਸ ਦਾ ਇਕੋ ਇਕ ਇਲਾਜ ਹੈ ਕਿ ਮੈਂ ਇਕ ਟੱਕ, ਇਕ ਰਸ ਹੋ ਕੇ, ਲਿਵ ਲਾ ਕੇ ਆਪਣੇ ਪਿਆਰੇ ਵਿਚ ਅਭੇਦ ਹੋ ਜਾਵਾਂ ਜਿਸ ਵਾਸਤੇ ਮੈਨੂੰ ਇਕਾਂਤ ਚਾਹੀਦੀ ਹੈ। ਮਾਤਾ ਜੀ ਨੂੰ ਤਾਂ ਪਹਿਲਾਂ ਹੀ ਪਤਾ ਸੀ ਕਿ ਮੇਰਾ ਪੁੱਤਰ ਜਮਾਂਦਰੂ ਸੰਤ ਹੈ ਅਤੇ ਇਨ੍ਹਾਂ ਤੇ ਪੂਰੀ ਸ਼ਰਧਾ ਰੱਖਦੇ ਸਨ। ਆਪ ਜਦੋਂ ਵੀ ਪ੍ਰਸ਼ਾਦਾ ਛਕਦੇ ਤਾਂ ਮਾਤਾ ਜੀ ਹਮੇਸ਼ਾ ਇਨ੍ਹਾਂ ਦਾ ਸੀਤ ਪ੍ਰਸ਼ਾਦ ਛਕਿਆ ਕਰਦੇ ਸਨ। ਕਹਿਣ ਲੱਗੇ, ਬੇਟਾ! ਠੀਕ ਹੈ ਜਿਸ ਤਰ੍ਹਾਂ ਤੁਹਾਡਾ ਮਨ ਕਰਦਾ ਹੈ, ਪਰਿਵਾਰ ਵੱਲੋਂ ਤੁਹਾਡੀ ਭਗਤੀ ਵਿਚ ਕੋਈ ਵਿਘਨ ਪਾਉਣ ਵਾਲਾ ਨਹੀਂ ਹੈ। ਆਪ ਦੀ ਧਰਮ ਸੁਪਤਨੀ ਬੀਬੀ ਰਣਜੀਤ ਕੌਰ ਜੀ ਤਾਂ ਪਹਿਲਾਂ ਤੋਂ ਹੀ ਆਪ ਦੀ ਭਗਤੀ ਵਿਚ ਵਿਘਨਕਾਰੀ ਨਹੀਂ ਬਣੇ ਸਨ ਤੇ ਅੱਜ ਮਾਤਾ ਜੀ ਤੋਂ ਵੀ ਇਹ ਬਚਨ ਸੁਣ ਕੇ ਪ੍ਰਸੰਨਤਾ ਹੋਈ ਕਿਉਂਕਿ ਪਰਵਾਨਗੀ ਮਿਲ ਗਈ ਸੀ। ਇਕ ਦਿਨ ਅਚਾਨਕ ਅਛੋਪਲੇ ਹੀ ਬਿਨਾਂ ਕਿਸੇ ਨੂੰ ਦੱਸੇ, ਆਪ ਨੇ ਕਛਹਿਰਾ, ਪਰਨਾ ਚੁਕਿਆ ਤੇ ਘਰੋਂ ਨਿਕਲ ਪਏ ਕਿਉਂਕਿ ਅੰਦਰ ਪਿਆਰੇ ਦੇ ਬੋਲ ਕੰਨਾਂ ਵਿਚ ਗੂੰਜ ਰਹੇ ਸਨ - 'ਰੂਹਾਨੀਅਤ ਦਾ ਆਖਰੀ ਕਦਮ ਪੁਟ ਲਵੋ।' ਅੰਦਰ ਉਤਸ਼ਾਹ ਸੀ ਕਿ ਇਹ ਕੰਮ ਜਲਦੀ ਤੋਂ ਜਲਦੀ ਪੂਰਾ ਹੋਵੇ। ਤੁਰਦੇ ਤੁਰਦੇ ਆਪ ਪਹਿਲਾਂ ਮਸਤੂਆਣਾ ਸਾਹਿਬ ਗਏ, ਉਸ ਤੋਂ

ਬਾਅਦ ਫੇਰ ਕਮਾਲਪੁਰ ਜਿਥੇ ਸੰਤ ਸ਼ਮਸ਼ੇਰ ਸਿੰਘ ਬਹੁਤ ਭਜਨ ਬੰਦਗੀ ਕਰਦੇ ਸਨ, ਉਨ੍ਹਾਂ ਦੇ ਡੇਰੇ ਕਾਫੀ ਸਮਾਂ ਰਹੇ। ਉਥੋਂ ਖਾਰਾ ਹੁੰਦੇ ਹੋਏ ਜਵਾਹਰ ਦੀ ਕੋਠੀ (ਮਾਨਸਾ) ਪਹੁੰਚ ਗਏ ਜਿਸ ਦੇ ਨੇੜੇ ਪਲਾਹੀਆਂ ਦਾ ਘਣਾ ਜੰਗਲ ਸੀ। ਇਥੇ ਆਪ ਨੇ ਦੇਖਿਆ ਕਿ ਕੋਈ ਨੇੜੇ ਤੇੜੇ ਪਿੰਡ ਨਹੀਂ ਹੈ, ਉਜਾੜ ਹੈ, ਕੋਈ ਆਉਣ ਜਾਣ ਵਾਲਾ ਨਹੀਂ ਹੈ। ਜਗ੍ਹਾ ਪਸੰਦ ਆ ਗਈ ਕਿ ਪੂਰੀ ਇਕਾਂਤ ਹੈ। ਇਥੇ ਬੈਠ ਕੇ ਆਪ ਨੇ ਕਠਿਨ ਸਾਧਨਾ ਸ਼ੁਰੂ ਕਰ ਦਿਤੀ। ਦਿਨ ਰਾਤ ਇਕ ਕਰ ਦਿਤਾ। ਚੌਵੀ ਘੰਟਿਆਂ ਵਿਚੋਂ ਆਪ 22 ਘੰਟੇ ਭਜਨ ਕਰਦੇ ਸੀ ਅਤੇ ਦੋ ਘੰਟੇ ਆਰਾਮ ਕਰਿਆ ਕਰਦੇ ਸੀ। ਜਵਾਹਰ ਦੀ ਕੋਠੀ ਇਕ ਭਲਾ ਪੁਰਸ਼ ਸਰਦਾਰ ਹਰਚਰਨ ਸਿੰਘ ਜਿਲੇਦਾਰ ਇਨ੍ਹਾਂ ਦਾ ਪ੍ਰੇਮੀ ਬਣ ਗਿਆ ਜੋ ਹਰ ਰੋਜ਼ ਆਪ ਨੂੰ ਪ੍ਰਸ਼ਾਦਾ ਦੇ ਜਾਇਆ ਕਰਦਾ ਸੀ। ਆਪ ਨੇ ਇਨ੍ਹਾਂ ਨੂੰ ਹਦਾਇਤ ਕੀਤੀ ਕਿ ਸਿਰਫ ਇਕ ਟਾਈਮ ਹੀ ਪਰਸ਼ਾਦਾ ਲਿਆਇਆ ਕਰਨ ਜਿਸ ਵਿਚ ਇਕ ਫੁਲਕਾ ਤੇ ਇਕ ਦਾਲ ਦੀ ਕੌਲੀ, ਬਿਲਕੁਲ ਸਾਦਾ ਭੋਜਨ, ਜਿਸ ਵਿਚ ਮਿਰਚ, ਮਸਾਲਾ ਆਦਿ ਨਾ ਪਾਇਆ ਹੋਵੇ। ਆਪ ਜੀ ਦੱਸਿਆ ਕਰਦੇ ਸੀ ਕਿ ਉਨ੍ਹਾਂ ਦਿਨਾਂ ਵਿਚ ਮੇਰਾ ਸਰੀਰ ਸੁਕ ਕੇ ਪਿੰਜਰ ਦੀ ਤਰ੍ਹਾਂ ਬਣ ਗਿਆ ਸੀ ਤੇ ਸਰੀਰ ਦੀਆਂ ਸਾਰੀਆਂ ਹੱਡੀਆਂ ਗਿਣੀਆਂ ਜਾ ਸਕਦੀਆਂ ਸਨ। ਉਸ ਵੇਲੇ ਤੀਬਰ ਤਮ ਵੈਰਾਗ ਸੀ, ਕੇਵਲ ਨਾਮ ਦੀ ਹੀ ਭੁੱਖ ਸੀ ਹੋਰ ਕਿਸੇ ਚੀਜ਼ ਦੀ ਭੁੱਖ, ਇਛਾ, ਖਿਆਲ ਜਾਂ ਫੁਰਨਾ ਨਹੀਂ ਸੀ ਹੁੰਦਾ, ਉਸ ਵੇਲੇ ਆਪ ਦੀ ਹਾਲਤ ਇਸ ਤਰ੍ਹਾਂ ਦੀ ਹੋ ਚੁਕੀ ਸੀ –

*ਸਾਚੇ ਨਾਮ ਕੀ ਲਾਗੈ ਭੂਖ॥*
*ਉਤੁ ਭੂਖੈ ਖਾਇ ਚਲੀਅਹਿ ਦੂਖ॥*
*ਸੋ ਕਿਉ ਵਿਸਰੈ ਮੇਰੀ ਮਾਇ॥*
*ਸਾਚਾ ਸਾਹਿਬੁ ਸਾਚੈ ਨਾਇ॥* *ਪੰਨਾ – 9*

ਕੇਵਲ ਨਾਮ ਹੀ ਆਪ ਦੇ ਜੀਵਨ ਦਾ ਅਧਾਰ ਬਣ ਚੁਕਿਆ ਸੀ। ਆਪ ਜੀ ਦੱਸਿਆ ਕਰਦੇ ਸੀ ਕਿ ਬੱਚੇ ਨੂੰ 12 ਘੰਟੇ, ਜਵਾਨ ਆਦਮੀ ਨੂੰ 7, 8 ਘੰਟੇ ਅਤੇ ਆਮ ਆਦਮੀ ਨੂੰ 6 ਘੰਟੇ ਦੀ ਨੀਂਦ ਚਾਹੀਦੀ ਹੁੰਦੀ ਹੈ ਜਿਸ ਨਾਲ ਇਸ ਸਰੀਰ ਦੀ ਮਸ਼ੀਨ ਠੀਕ ਕੰਮ ਕਰਦੀ ਰਹੇ। ਪਰ ਅਸੀਂ ਤਾਂ ਕੇਵਲ ਅੱਧਾ ਘੰਟਾ ਜਾਂ ਕਦੀ ਕੁਝ ਮਿੰਟ ਸੌਂ ਕੇ ਇਹ ਨੀਂਦ ਪੂਰੀ ਕਰ ਲਿਆ ਕਰਦੇ ਸੀ। ਇਸ ਨੀਂਦ ਦਾ ਕੇਵਲ ਭਜਨ ਕਰਨ ਵਾਲਿਆਂ ਨੂੰ ਪਤਾ ਹੁੰਦਾ ਹੈ। ਉਨ੍ਹਾਂ ਨੂੰ ਨੀਂਦ ਘੱਟ ਹੋਣ ਕਰਕੇ ਸਰੀਰਕ ਕਸ਼ਟ ਨਹੀਂ ਹੋਇਆ ਕਰਦਾ ਤੇ ਨਾ ਹੀ ਭਜਨ ਕਰਨ ਵੇਲੇ ਨੀਂਦ ਤੰਗ ਕਰਦੀ ਹੈ। ਇਸ ਨੂੰ 'ਯੋਗ ਮਾਇਆ' ਦੀ ਨੀਂਦ ਕਹਿੰਦੇ ਹਨ। ਸੁਰਤੀ ਇੰਨੀ ਬਰੀਕ ਤੇ ਸੂਖਸ਼ਮ ਹੋ ਗਈ ਸੀ ਕਿ ਜਾਪੁ ਸਾਹਿਬ ਦਾ ਪਾਠ ਸੁਰਤੀ ਦੁਆਰਾ ਕਰ ਲਿਆ ਕਰਦੇ ਸਨ। ਸੰਤ ਮਹਾਰਾਜ ਰਾੜੇ ਸਾਹਿਬ ਵਾਲਿਆਂ ਨੇ ਆਪ ਨੂੰ ਦੱਸਿਆ ਸੀ ਕਿ ਉਹ ਜਦੋਂ ਸਕੂਲ ਵਿਚ ਪੜ੍ਹਦੇ ਸਨ ਤਾਂ ਅੰਮ੍ਰਿਤ ਵੇਲੇ

ਸੁਖਮਨੀ ਸਾਹਿਬ ਦਾ ਸਾਰਾ ਪਾਠ ਸੁਰਤੀ ਨਾਲ ਹੀ ਕਰ ਲਿਆ ਕਰਦੇ ਸਨ। ਸੁਰਤੀ ਇਕਾਗਰ ਹੋ ਕੇ ਜਦੋਂ ਸੂਖਸ਼ਮ ਹੋ ਜਾਂਦੀ ਹੈ ਤਾਂ ਸਾਰਾ ਪਾਠ ਸ਼ੁਧ ਤੇ ਸਪਸ਼ਟ ਅੰਦਰ ਹੀ ਸੁਣਦਾ ਰਹਿੰਦਾ ਹੈ ਅਤੇ ਇਸ ਨੂੰ 'ਸੁਣਿਐ' ਦੀ ਅਵਸਥਾ ਵੀ ਆਖਦੇ ਹਨ।

***ਸੁਣਿਐ ਦੀਪ ਲੋਅ ਪਾਤਾਲ॥***
***ਸੁਣਿਐ ਪੋਹਿ ਨ ਸਕੈ ਕਾਲੁ॥*** ***ਪੰਨਾ - 2***

ਜਦੋਂ ਮਨ ਬੁੱਧ ਇਕੱਠੇ ਹੋ ਕੇ ਸੁਰਤ ਵਿਚ ਲੀਨ ਹੋ ਜਾਂਦੇ ਹਨ ਉਸ ਵੇਲੇ ਸਾਰੇ ਖੰਡਾਂ ਬ੍ਰਹਿਮੰਡਾਂ ਵਿਚ ਜੋ ਵਰਤਾਰਾ ਵਰਤ ਰਿਹਾ ਹੁੰਦਾ ਹੈ, ਉਸ ਦੀ ਸੋਝੀ ਹੋ ਜਾਂਦੀ ਹੈ। ਪਰੰਤੂ ਗੁਰਮੁਖ ਪਿਆਰੇ, ਜਿਨ੍ਹਾਂ ਦੇ ਮਨ ਵਿਚ ਨਾਮ ਵਿਚ ਲੀਨ ਰਹਿਣ ਦੀ ਤੀਬਰ ਇੱਛਾ ਰਹਿੰਦੀ ਹੈ, ਉਹ ਇਨ੍ਹਾਂ ਚੀਜ਼ਾਂ ਵਲ ਧਿਆਨ ਨਹੀਂ ਦਿਆ ਕਰਦੇ। ਜੇਕਰ ਕਦੀ ਕੋਈ ਗੱਲ ਧਿਆਨ ਵਿਚ ਆ ਵੀ ਜਾਵੇ ਤਾਂ ਅਧਿਕਾਰੀ ਤੋਂ ਬਿਨਾਂ ਕਿਸੇ ਕੋਲ ਜ਼ਿਕਰ ਨਹੀਂ ਕਰਿਆ ਕਰਦੇ ਕਿਉਂਕਿ ਉਨ੍ਹਾਂ ਵਿਚ ਇਨ੍ਹਾਂ ਚੀਜ਼ਾਂ ਨੂੰ ਗੁਪਤ ਰੱਖਣ ਤੇ ਜਰਨ ਦੀ ਸ਼ਕਤੀ ਹੁੰਦੀ ਹੈ।

ਬਾਬਾ ਜੀ ਦੱਸਿਆ ਕਰਦੇ ਸਨ ਕਿ ਮਨੁੱਖ ਦੇ ਸਰੀਰ ਵਿਚ ਸਭ ਤੋਂ ਅਹਿਮ ਪ੍ਰਾਣ ਸ਼ਕਤੀ ਹੋਇਆ ਕਰਦੀ ਹੈ ਜੋ ਵੱਧ ਤੋਂ ਵੱਧ ਭਜਨ ਕਰਨ ਵਿਚ ਸਹਾਈ ਹੁੰਦੀ ਹੈ ਅਤੇ ਸੁਰਤੀ ਨੂੰ ਉਪਰ ਚੁੱਕਣ ਵਿਚ ਮਦਦ ਕਰਦੀ ਹੈ। ਇਹ 'ਬ੍ਰਹਮਚਰੀਆ' ਵਰਤ ਕਰਨ ਨਾਲ ਆਇਆ ਕਰਦੀ ਹੈ। ਆਮ ਤੌਰ ਤੇ ਦੇਖਿਆ ਗਿਆ ਹੈ ਕਿ ਅੰਮ੍ਰਿਤ ਛਕਣ ਤੋਂ ਬਾਅਦ ਜਦੋਂ ਸਤਿਪੁਰਸ਼ਾਂ ਦੀ ਪ੍ਰੇਰਨਾ ਦੁਆਰਾ ਨਾਮ ਜਪਣ ਦੀ ਲਗਨ ਲਗ ਜਾਂਦੀ ਹੈ, ਮਨ ਵਿਚ ਨਵਾਂ ਨਵਾਂ ਸ਼ੌਕ ਹੋਣ ਕਰਕੇ ਜਗਿਆਸੂ ਸਾਰੀ ਸਾਰੀ ਰਾਤ ਜਾਗਦੇ ਹਨ ਤੇ ਨੀਂਦ ਘੱਟ ਲੈਂਦੇ ਹਨ। ਸ਼ੁਰੂ ਸ਼ੁਰੂ ਵਿਚ ਇਹ ਸ਼ੌਕ ਹਰ ਜਗਿਆਸੂ ਦੇ ਮਨ ਵਿਚ ਜਾਗਦਾ ਹੈ। ਕਈ ਪ੍ਰੇਮੀ ਬਾਬਾ ਜੀ ਪਾਸ ਆਇਆ ਕਰਦੇ ਸਨ ਤੇ ਅਪਲੀਆਂ ਟਪਲੀਆਂ ਗੱਲਾਂ ਸ਼ੁਰੂ ਕਰ ਦਿੰਦੇ ਸਨ ਤਾਂ ਬਾਬਾ ਜੀ ਨੇ ਉਨ੍ਹਾਂ ਨੂੰ ਪਿਆਰ ਨਾਲ ਕਹਿਣਾ, ਭਾਈ ਪ੍ਰੇਮੀਆਂ! ਤੇਰੇ ਦਿਮਾਗ ਵਿਚ ਖੁਸ਼ਕੀ ਹੋਣ ਕਰਕੇ ਇਸ ਤਰ੍ਹਾਂ ਨਜ਼ਰ ਆ ਰਿਹਾ ਹੈ, ਤੂੰ ਸਹਿਜ ਨਾਲ ਭਜਨ ਕਰਿਆ ਕਰ ਅਤੇ ਬ੍ਰਹਮਚਰੀਆ ਦਾ ਪਾਲਨ ਕਰ। ਇਹ ਨਾ ਹੋਣ ਕਰਕੇ ਡੌਂਗੀ ਭੌਂਗੀ ਜਿਹੀ ਹਾਲਤ ਹੋ ਜਾਂਦੀ ਹੈ, ਭਜਨ ਕਰਨ ਵਾਲਿਆਂ ਵਾਸਤੇ ਬ੍ਰਹਮਚਰੀਆ ਦਾ ਹੋਣਾ ਬਹੁਤ ਜ਼ਰੂਰੀ ਹੈ।

## ਮਾਨਸਾ ਦੀ ਝਿੜੀ ਵਿਚ ਤਪ

ਆਪ ਨੂੰ ਮਾਨਸਾ, ਜਵਾਹਰ ਦੀ ਕੋਠੀ ਦੇ ਨੇੜੇ, ਕਪਾਹੀ ਦੇ ਜੰਗਲ ਵਿਚ ਤਪੱਸਿਆ ਕਰਦਿਆਂ ਕੋਈ ਛੇ ਮਹੀਨੇ ਬੀਤ ਗਏ ਸਨ ਅਤੇ ਆਪ ਆਪਣੇ ਪੂਰਨ ਆਤਮ ਅਨੰਦ ਵਿਚ ਰਹਿ ਰਹੇ ਸੀ। ਰਾਤ ਨੂੰ ਗਿਆਰਾਂ ਵਜੇ ਸੌਂਦੇ ਤੇ ਇਕ ਵਜੇ ਉਠ ਕੇ ਇਸ਼ਨਾਨ ਆਦਿ ਕਰਕੇ ਫੇਰ ਸਮਾਧੀ ਵਿਚ ਬੈਠ

ਜਾਇਆ ਕਰਦੇ ਸਨ। ਪੂਰਨ ਇਕਾਂਤ ਦਾ ਵਾਤਾਵਰਣ ਹੁੰਦਾ ਸੀ। ਨਾ ਹੀ ਉਥੇ ਕੋਈ ਆਉਂਦਾ ਜਾਂਦਾ ਸੀ ਤੇ ਨਾ ਹੀ ਕਿਸੇ ਨੂੰ ਪਤਾ ਸੀ ਕਿ ਇਥੇ ਜੰਗਲ ਵਿਚ ਕੋਈ ਭਜਨ ਬੰਦਗੀ ਵਾਲੀ ਰੂਹ ਰਹਿੰਦੀ ਹੈ। ਜ਼ਿਲੇਦਾਰ ਨੂੰ ਆਪ ਨੇ ਹਦਾਇਤ ਕਰਕੇ ਬਚਨ ਲਿਆ ਹੋਇਆ ਸੀ ਕਿ ਉਹ ਨਾ ਹੀ ਕਿਸੇ ਨੂੰ ਉਨ੍ਹਾਂ ਬਾਰੇ ਦੱਸਣਗੇ ਤੇ ਨਾ ਹੀ ਖੁਰਾਕ ਬਾਰੇ ਜ਼ਿਕਰ ਕਰਨਗੇ ਕਿ ਚੌਵੀ ਘੰਟੇ ਵਿਚ ਇਕ ਵੇਰਾਂ ਹੀ ਪ੍ਰਸ਼ਾਦਾ ਛਕਦੇ ਹਨ। ਆਪ ਦੇ ਮਨ ਵਿਚ ਨਾ ਹੀ ਕਿਤੇ ਜਾਣ ਦਾ ਫੁਰਨਾ ਸੀ ਤੇ ਨਾ ਹੀ ਕਿਸੇ ਨੂੰ ਮਿਲਣ ਦਾ ਫੁਰਨਾ ਸੀ। ਜੇ ਫੁਰਨਾ ਸੀ ਤਾਂ ਉਹ ਕੇਵਲ ਭਜਨ ਬੰਦਗੀ ਦਾ ਸੀ ਕਿ ਹਰ ਵਕਤ ਭਜਨ ਹੀ ਕਰਦੇ ਰਹੀਏ। ਸੋ ਇਸ ਤਰ੍ਹਾਂ ਨਾਲ ਆਪ ਦਾ ਸਮਾਂ ਚੁੱਪ ਚਪੀਤੇ ਉਸ ਜੰਗਲ ਵਿਚ ਲੰਘ ਰਿਹਾ ਸੀ। ਆਪ ਆਪਣੀ ਮੌਜ ਵਿਚ ਮਸਤ ਸਨ, ਇਕ ਟੱਕ, ਇਕ ਰਸ ਨਾਮ ਜਪਣ ਕਰਕੇ ਅੰਦਰ ਨਾਮ ਦੇ ਫੁਹਾਰੇ ਨਿਝਰ ਝਰਨੇ ਦੀ ਤਰ੍ਹਾਂ ਚਲ ਰਹੇ ਸਨ, ਚੌਵੀ ਘੰਟੇ ਸਹਿਜ ਸਮਾਧ ਲੱਗੀ ਰਹਿੰਦੀ ਸੀ।

***ਸਹਜ ਸਮਾਧਿ ਲਗੀ ਲਿਵ ਅੰਤਰਿ***
***ਸੋ ਰਸੁ ਸੋਈ ਜਾਣੈ ਜੀਉ॥*** ***ਪੰਨਾ - 106***

ਇਸ ਸਹਿਜ ਅਵਸਥਾ ਨੂੰ ਕੇਵਲ ਓਹੀ ਜਾਣ ਸਕਦਾ ਹੈ ਜਿਸ ਨੇ ਐਨਾ ਨਾਮ ਜਪਿਆ ਹੋਵੇ ਅਤੇ ਇਸ ਅਵਸਥਾ ਨੂੰ ਪ੍ਰਾਪਤ ਹੋਇਆ ਹੋਵੇ। ਇਸ ਨੂੰ ਕੇਵਲ ਤੱਤਬੇਤੇ ਮਹਾਂਪੁਰਸ਼ ਹੀ ਜਾਣਦੇ ਤੇ ਪਹਿਚਾਣਦੇ ਹਨ। ਜੇਕਰ ਕਿਸੇ ਜਗਿਆਸੂ ਨੂੰ ਇਹ ਅਵਸਥਾ ਪ੍ਰਾਪਤ ਹੋ ਜਾਵੇ ਤਾਂ ਮਹਾਂਪੁਰਸ਼ ਜਾਣ ਲਿਆ ਕਰਦੇ ਹਨ ਅਤੇ ਉਸ ਨੂੰ ਇਸ ਤੋਂ ਅਗਲਾ ਸਬਕ, ਜੋ ਕਿ ਜੀਵ ਤੇ ਬ੍ਰਹਮ ਦੀ ਏਕਤਾ ਦਾ ਹੁੰਦਾ ਹੈ, ਉਪਦੇਸ਼ ਦੇ ਕੇ ਪੂਰਨ ਕਰ ਦਿਆ ਕਰਦੇ ਹਨ।

ਦੇਵਨੇਤ ਨਾਲ ਇਹ ਸਮਾਂ ਵੀ ਬਣ ਆਇਆ ਕਿ ਜਿਸ ਵੇਲੇ ਆਪ ਧਮੋਟ ਤੋਂ ਦੋ ਸੌ ਕਿਲੋਮੀਟਰ ਦੂਰ ਇਥੇ ਜੰਗਲ ਵਿਚ ਤਪ ਕਰ ਰਹੇ ਸਨ, ਉਧਰ ਸੰਤ ਮਹਾਰਾਜ, ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੇ, ਆਪ ਜੀ ਦੇ ਜਨਮ ਅਸਥਾਨ ਧਮੋਟ ਨਗਰ ਵਿਖੇ ਦੀਵਾਨ ਲੱਗ ਰਹੇ ਸਨ। ਹਰ ਰੋਜ਼ ਦੂਰ ਦੁਰਾਡੇ ਤੇ ਨੇੜੇ ਦੇ ਪਿੰਡਾਂ ਤੋਂ ਭਾਰੀ ਗਿਣਤੀ ਵਿਚ ਸੰਗਤਾਂ ਸਤਿਸੰਗ ਵਿਚ ਹਾਜ਼ਰੀ ਭਰ ਕੇ ਸੰਤ ਮਹਾਰਾਜ ਜੀ ਦੇ ਮੁਖਾਰਬਿੰਦ ਤੋਂ ਕਮਾਏ ਹੋਏ ਪ੍ਰਵਚਨ ਤੇ ਰੂਹਾਨੀ ਕੀਰਤਨ ਸਰਵਣ ਕਰਕੇ ਲਾਹਾ ਪ੍ਰਾਪਤ ਕਰ ਰਹੀਆਂ ਸਨ।

ਸੰਤ ਮਹਾਰਾਜ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਤੋਂ ਬਾਅਦ ਰਾੜਾ ਸਾਹਿਬ ਵਾਲੇ ਮਹਾਂਪੁਰਸ਼ ਹੀ ਸਨ ਜਿਨ੍ਹਾਂ ਨੇ ਸਿੱਧੀਆਂ ਧਾਰਨਾ ਦਾ ਕੀਰਤਨ ਕਰਕੇ ਪਿੰਡਾਂ ਦੇ ਲੋਕਾਂ ਨੂੰ ਅਧਿਆਤਮਕ ਸੇਧ ਦਿਤੀ। ਉਹ ਲੋਕ ਜੋ ਹਲ ਵਾਹੁੰਦੇ, ਖੂਹ ਹੱਕਦੇ, ਗੱਡਿਆਂ ਦੀ ਸਵਾਰੀ ਕਰਦੇ, ਵਾਢੀ ਕਰਦੇ ਹੋਏ ਗੰਦੀਆਂ ਬੋਲੀਆਂ ਪਾਇਆ ਕਰਦੇ ਸਨ, ਹੁਣ ਉਨ੍ਹਾਂ ਦੇ ਮੁਖ ਤੇ ਗੁਰਬਾਣੀ ਤੇ ਅਧਾਰਿਤ ਗੁਰਮਤਿ ਦੀ ਸੇਧ ਦੇਣ ਵਾਲੀਆਂ ਧਾਰਨਾਵਾਂ ਆ ਗਈਆਂ ਸਨ ਜਿਹੜੀਆਂ ਸੰਤ ਮਹਾਰਾਜ ਜੀ ਦੀਵਾਨਾਂ ਵਿਚ ਲਾਇਆ

ਕਰਦੇ ਸਨ। ਇਸ ਪ੍ਰਚਾਰ ਦਾ ਸਦਕਾ ਹਜ਼ਾਰਾਂ ਲੋਕਾਂ ਨੇ ਅੰਮ੍ਰਿਤਪਾਨ ਕੀਤਾ ਤੇ ਗੁਰੂ ਵਾਲੇ ਬਣੇ।

ਬਾਬਾ ਜੀ ਦਾ ਸਾਰਾ ਪਰਿਵਾਰ ਬੜੇ ਉਤਸ਼ਾਹ ਨਾਲ ਦੀਵਾਨਾਂ ਵਿਚ ਹਾਜ਼ਰੀ ਭਰਨ ਲਈ ਜਾਇਆ ਕਰਦਾ ਸੀ ਅਤੇ ਇਨ੍ਹਾਂ ਦੇ ਮਾਤਾ ਤੇ ਪਿਤਾ ਜੀ ਲੰਗਰ ਦੀ ਸੇਵਾ ਕਰਿਆ ਕਰਦੇ ਸਨ। ਇਕ ਦਿਨ ਇਨ੍ਹਾਂ ਨੇ ਸੰਤ ਮਹਾਰਾਜ ਜੀ ਨੂੰ ਘਰ ਚਰਨ ਪਾਉਣ ਵਾਸਤੇ ਬੇਨਤੀ ਕੀਤੀ ਤਾਂ ਮਹਾਰਾਜ ਜੀ ਇਨ੍ਹਾਂ ਦੇ ਘਰ ਪਧਾਰੇ ਤੇ ਸਾਰੇ ਪਰਿਵਾਰ ਨੇ ਇਕ ਇਕ ਕਰਕੇ ਨਮਸਕਾਰ ਕਰਕੇ ਅਸੀਸ ਪ੍ਰਾਪਤ ਕੀਤੀ। ਜਿਸ ਵੇਲੇ ਬਾਬਾ ਜੀ ਦੀ ਧਰਮ ਸੁਪਤਨੀ ਬੀਬੀ ਰਣਜੀਤ ਕੌਰ ਨੇ ਨਮਸਕਾਰ ਕੀਤੀ ਤਾਂ ਸੰਤ ਮਹਾਰਾਜ ਜੀ ਨੇ, ਬਾਬਾ ਜੀ ਦਾ ਨਾਮ ਲੈ ਕੇ ਪੁਛਿਆ ਕਿ ਉਹ ਨਜ਼ਰ ਨਹੀਂ ਆ ਰਹੇ, ਕਿਥੇ ਗਏ ਹੋਏ ਹਨ? ਬੀਬੀ ਜੀ ਨੇ ਉਤਰ ਦਿਤਾ ਕਿ ਉਨ੍ਹਾਂ ਨੂੰ ਤਾਂ ਘਰੋਂ ਗਿਆਂ ਛੇ ਮਹੀਨੇ ਹੋ ਗਏ ਹਨ, ਕੁਝ ਪਤਾ ਨਹੀਂ ਕਿਥੇ ਹਨ ਪਰ ਜਿਥੇ ਵੀ ਹੋਣਗੇ, ਭਜਨ ਬੰਦਗੀ ਕਰ ਰਹੇ ਹੋਣਗੇ। ਜਿਸ ਵਕਤ ਮਾਤਾ ਜੀ ਉਨ੍ਹਾਂ ਨੂੰ ਆਪ ਦੇ ਪਾਸ ਰਾੜਾ ਸਾਹਿਬ ਲੈ ਕੇ ਗਏ ਸਨ, ਉਹ ਤਾਂ ਉਸ ਤੋਂ ਇਕ ਦੋ ਦਿਨ ਬਾਅਦ ਹੀ ਕਿਤੇ ਇਕਾਂਤ ਵਿਚ ਚਲੇ ਗਏ ਸਨ। ਸੰਤ ਮਹਾਰਾਜ ਬੀਬੀ ਜੀ ਪਾਸੋਂ ਐਸੇ ਠਰੰਮੇ ਤੇ ਧੀਰਜ ਭਰੇ ਬਚਨ ਸੁਣ ਕੇ ਬਹੁਤ ਪ੍ਰਭਾਵਿਤ ਹੋਏ ਤੇ ਕਿਹਾ, ਬੇਟਾ! ਸ਼ਾਬਾਸ਼! ਪਰ ਮਨ ਹੀ ਮਨ ਵਿਚ ਹਮਦਰਦੀ ਸੀ ਕਿ ਦੇਖੋ ਇਸ ਬੱਚੀ ਦੀ ਉਮਰ ਦਾ ਇਹ ਜਵਾਨ ਪਹਿਰਾ ਹੈ, ਫੇਰ ਵੀ ਕਿੰਨਾ ਸਬਰ ਸੰਤੋਖ ਤੇ ਦ੍ਰਿੜ੍ਹਤਾ ਹੈ, ਕਿੰਨਾ ਜਤ ਸਤ ਹੈ, ਕੋਈ ਸ਼ਿਕਵਾ ਸ਼ਿਕਾਇਤ ਨਹੀਂ, ਕਿੰਨੇ ਸਹਿਜ ਨਾਲ ਦੱਸਿਆ ਹੈ। ਸੰਤ ਮਹਾਰਾਜ ਜੀ ਨੇ ਹੌਂਸਲਾ ਦਿਤਾ ਤੇ ਕਿਹਾ, ਬੇਟਾ! ਜਿਥੇ ਵੀ ਹੋਣਗੇ ਕੱਲ੍ਹ ਨੂੰ ਵਾਪਸ ਆ ਜਾਣਗੇ। ਉਨ੍ਹਾਂ ਨੇ ਤਾਂ ਦਿਬਜ ਦ੍ਰਿਸ਼ਟੀ ਨਾਲ ਦੇਖ ਲਿਆ ਸੀ ਕਿ ਬਾਬਾ ਜੀ ਕਿਥੇ ਬੈਠੇ ਹੋਏ ਬੰਦਗੀ ਕਰ ਰਹੇ ਹਨ। ਇਧਰ ਇਨ੍ਹਾਂ ਨੇ ਬਚਨ ਕੀਤਾ ਤੇ ਉਧਰ ਬਾਬਾ ਜੀ ਦੀ ਸਮਾਧੀ ਇਕ ਦਮ ਖੁਲ੍ਹ ਗਈ। ਬਾਬਾ ਜੀ ਨੇ ਇਹ ਖੁਦ ਦੱਸਿਆ ਸੀ ਕਿ ਮੈਂ ਮਨ ਇਕਾਗਰ ਕਰਕੇ ਸਮਾਧੀ ਲਾਇਆ ਕਰਾਂ ਤੇ ਮੇਰਾ ਧਿਆਨ ਇਕ ਦਮ ਕੱਟ ਦਿਆ ਕਰਨ ਅਤੇ ਮੇਰੇ ਦਿਲ ਨੂੰ ਚੁੰਬਕ ਦੀ ਤਰ੍ਹਾਂ ਇੰਨੀ ਖਿੱਚ ਪੈਣੀ ਸ਼ੁਰੂ ਹੋ ਗਈ ਤੇ ਮਹਿਸੂਸ ਹੋਵੇ ਕਿ ਮੈਨੂੰ ਇਸ ਵੇਲੇ ਕੋਈ ਅਗੰਮੀ ਸ਼ਕਤੀ ਖਿੱਚ ਰਹੀ ਹੈ। ਗੱਲ ਕੀ, ਸੰਤ ਮਹਾਰਾਜ ਦਾ ਟੈਲੀਪੈਥੀ ਰਾਹੀਂ ਸੁਨੇਹਾ ਪੁੱਜ ਗਿਆ ਤੇ ਇਨ੍ਹਾਂ ਨੂੰ ਸਮਝ ਆ ਗਈ ਕਿ ਸੰਤ ਮਹਾਰਾਜ ਜੀ, ਖਿੱਚ ਪਾ ਕੇ ਹੁਣੇ ਬੁਲਾ ਰਹੇ ਹਨ ਤੇ ਮਨ ਵਿਚ ਇਰਾਦਾ ਕੀਤਾ ਕਿ ਹੁਣ ਅਗਲਾ ਕਦਮ ਰਾੜਾ ਸਾਹਿਬ ਵਲ ਨੂੰ ਹੀ ਪੁੱਟਣਾ ਹੈ। ਆਪ ਜਿਸ ਤਰ੍ਹਾਂ ਬੈਠੇ ਸੀ, ਉਸੇ ਵਕਤ ਆਪਣਾ ਕਛਹਿਰਾ, ਪਰਨਾ ਚੁੱਕਿਆ, ਹੋਰ ਕੋਈ ਸਮਾਨ ਹੈ ਨਹੀਂ ਸੀ, ਸਾਦਾ ਲਿਬਾਸ ਤੇ ਸਾਦਾ ਜੀਵਨ ਸੀ, ਜੀਵਨ ਦੀਆਂ ਲੋੜਾਂ ਘੱਟ ਕੀਤੀਆਂ ਹੋਈਆਂ ਸਨ; ਆਪ ਜੀ ਸਿੱਧਾ ਰਾੜਾ ਸਾਹਿਬ ਪਹੁੰਚ ਗਏ ਤੇ ਉਥੋਂ ਪਤਾ ਲੱਗਾ ਕਿ ਸੰਤ ਮਹਾਰਾਜ ਜੀ ਦੇ ਦੀਵਾਨ ਧਮੋਟ ਵਿਖੇ ਲਗ ਰਹੇ ਹਨ ਤਾਂ ਆਪ ਉਥੋਂ ਨੱਕ ਦੀ ਸੇਧ ਹੋ ਕੇ ਸਿੱਧੇ ਦੀਵਾਨ ਵਿਚ ਪਹੁੰਚ ਗਏ। ਅੱਗੇ ਸੰਤ ਮਹਾਰਾਜ

ਦਾ ਰੂਹਾਨੀ ਕੀਰਤਨ ਹੋ ਰਿਹਾ ਸੀ। ਆਪ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਮਸਕਾਰ ਕਰਕੇ ਖੜ੍ਹੇ ਹੋਏ ਤਾਂ ਸੰਤ ਮਹਾਰਾਜ ਜੀ ਨੇ ਹੱਥ ਦਾ ਇਸ਼ਾਰਾ ਕਰਕੇ ਅੱਗੇ ਹੋ ਕੇ ਬੈਠਣ ਦਾ ਸੰਕੇਤ ਕੀਤਾ ਤੇ ਆਪ ਜੱਥੇ ਦੇ ਨੇੜੇ ਹੋ ਕੇ ਬੈਠ ਗਏ। ਦੀਵਾਨ ਦੀ ਸਮਾਪਤੀ ਪਿਛੋਂ ਅਰਦਾਸ ਹੋਈ ਤਾਂ ਸੰਤ ਮਹਾਰਾਜ ਜੀ, ਆਪ ਨੂੰ ਬਾਂਹ ਤੋਂ ਫੜ ਕੇ ਪਿਆਰ ਨਾਲ ਇਕ ਪਾਸੇ ਲੈ ਗਏ ਜਿਥੇ ਨੇੜੇ ਤੇੜੇ ਹੋਰ ਕੋਈ ਸੁਣਨ ਵਾਲਾ ਨਹੀਂ ਸੀ। ਸੰਤ ਮਹਾਰਾਜ ਜੀ ਨੇ ਪੁਛਿਆ ਕਿ ਐਸ ਵੇਲੇ ਕਿਥੋਂ ਆ ਰਹੇ ਹੋ? ਆਪ ਨੇ ਉਤਰ ਦਿਤਾ ਕਿ ਮਹਾਰਾਜ! ਮਾਨਸਾ ਲਾਗੇ ਜਵਾਹਰ ਕੀ ਕੋਠੀ ਦੇ ਨੇੜੇ ਜੋ ਕਪਾਹੀਆਂ ਦਾ ਜੰਗਲ ਹੈ, ਮੈਂ ਉਥੇ ਬੈਠਾ ਭਜਨ ਕਰ ਰਿਹਾ ਸੀ ਅਤੇ ਆਪ ਨੇ ਐਨੀ ਖਿੱਚ ਪਾਈ ਕਿ ਉਸੇ ਵੇਲੇ ਉਠ ਕੇ ਤੁਰ ਪਿਆ ਤੇ ਸਿੱਧਾ ਆਪ ਜੀ ਪਾਸ ਹੀ ਪਹੁੰਚਿਆ ਹਾਂ। ਸੰਤ ਮਹਾਰਾਜ ਜੀ ਨੇ ਭਜਨ ਬਾਰੇ ਤੇ ਅੰਦਰਲੀਆਂ ਅਵਸਥਾਵਾਂ ਬਾਰੇ ਰੂਹਾਨੀ ਪ੍ਰਸ਼ਨ ਕੀਤੇ ਅਤੇ ਆਪ ਤੋਂ ਸਾਰਾ ਕੁਝ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਕਿਹਾ ਕਿ ਤੁਸੀਂ ਇਨ੍ਹਾਂ ਛੇ ਮਹੀਨਿਆਂ ਵਿਚ ਉਚ ਅਵਸਥਾ ਨੂੰ ਪਾ ਲਿਆ ਹੈ। ਆਪ ਨੇ ਨਾਮ ਮੰਡਲ 'ਚੋਂ ਉਠ ਕੇ ਆਤਮ ਤੱਤ ਵਿਚ ਸਮਾਈ ਕਰ ਲਈ ਹੈ ਤੇ ਹੁਣ ਇਥੇ ਵਾਹਿਗੁਰੂ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੈ -

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***
***ਪੰਨਾ - 846***

## ਗ੍ਰਹਿਸਤ ਜੀਵਨ

ਇਹ ਉਪਦੇਸ਼ ਦੇ ਕੇ ਸੰਤ ਮਹਾਰਾਜ ਨੇ ਆਖਰੀ ਘੁੰਡੀ ਖੋਲ੍ਹ ਦਿਤੀ ਤੇ ਕਿਹਾ, ਹੁਣ ਤੁਹਾਨੂੰ ਅਸੀਂ ਕਿਸੇ ਵਿਸ਼ੇਸ਼ ਕਾਰਜ ਵਾਸਤੇ ਬੁਲਾਇਆ ਹੈ। ਆਪ ਇਸ ਨੂੰ ਧਿਆਨ ਨਾਲ ਸੁਣ ਕੇ ਇਸ ਨੂੰ ਕਮਾਉਣਾ ਕਰੋ। ਪਹਿਲਾ ਸਵਾਲ ਇਹ ਹੈ ਕਿ ਤੁਸੀਂ ਦੱਸੋ ਕਿ ਕਦੀ ਕੋਈ ਪਿਤਾ ਆਪਣੇ ਪੁੱਤਰ ਨੂੰ ਜਾਣ ਬੁੱਝ ਕੇ ਬਲਦੀ ਅੱਗ ਵਿਚ ਸੁੱਟ ਸਕਦਾ ਹੈ? ਆਪ ਜੀ ਨੇ ਉਤਰ ਦਿਤਾ ਕਿ ਮਹਾਰਾਜ! ਨਹੀਂ, ਕੋਈ ਪਿਤਾ ਇਸ ਤਰ੍ਹਾਂ ਨਹੀਂ ਕਰ ਸਕਦਾ ਪਰ ਕ੍ਰਿਪਾ ਕਰਕੇ ਇਸ ਰਮਜ਼ ਨੂੰ ਖੋਲ੍ਹ ਕੇ ਦੱਸੋ ਤਾਂ ਕਿ ਮੈਂ ਇਸ ਰਾਜ਼ ਨੂੰ ਸਮਝ ਸਕਾਂ। ਸੰਤ ਮਹਾਰਾਜ ਜੀ ਨੇ ਦੱਸਿਆ ਕਿ ਤੁਹਾਡੇ ਘਰ ਅਸੀਂ ਗਏ ਸੀ ਅਤੇ ਤੁਹਾਡੀ ਧਰਮ ਸੁਪਤਨੀ ਬੀਬੀ ਰਣਜੀਤ ਕੌਰ ਆਤਮ ਵਿਸ਼ਵਾਸ਼ ਦੀ ਮੂਰਤ ਤੇ ਸਤਵੰਤੀ ਹੈ ਜਿਸ ਨੇ ਪਿਛਲੇ ਤੋਂ ਪਿਛਲੇ ਜਨਮ ਵਿਚ ਤੁਹਾਡੀ ਸੇਵਾ ਕੀਤੀ ਹੋਈ ਹੈ ਜਦੋਂ ਤੁਸੀਂ ਬਿਰੱਕਤ ਸਾਧੂ ਦੇ ਰੂਪ ਵਿਚ ਹੁੰਦੇ ਸੀ। ਉਸ ਵੇਲੇ ਤੁਸੀਂ ਇਹ ਫੁਰਨਾ ਕੀਤਾ ਸੀ ਕਿ ਜੰਗਲ ਵਿਚ ਤਪ ਕਰਨ ਨਾਲੋਂ ਤਾਂ ਘਰ ਬੈਠ ਕੇ, ਗ੍ਰਹਿਸਤ ਵਿਚ ਰਹਿ ਕੇ ਵੀ ਪ੍ਰਭੂ ਭਗਤੀ ਕੀਤੀ ਜਾ ਸਕਦੀ ਹੈ। ਇਸ ਫੁਰਨੇ ਦੁਆਰਾ ਆਪ ਦਾ ਸਬੰਧ ਇਸ ਬੀਬੀ ਨਾਲ ਜੁੜਿਆ ਹੈ ਤੇ ਇਸ ਲਈ ਗ੍ਰਹਿਸਤ ਆਸ਼ਰਮ ਵਿਚ ਤੁਹਾਨੂੰ ਆਉਣਾ ਹੀ ਪੈਣਾ ਸੀ, ਨਹੀਂ ਤਾਂ ਇਸ ਫੁਰਨੇ ਨੂੰ ਪੂਰਾ ਕਰਨ ਲਈ ਫੇਰ

ਜਨਮ ਲੈਣਾ ਪੈਂਦਾ। ਸੋ ਬਿਹਤਰ ਹੈ ਕਿ ਤੁਸੀਂ ਇਸ ਜਨਮ ਵਿਚ ਇਸ ਦਾ ਭੁਗਤਾਨ ਕਰਕੇ ਸੁਰਖਰੂ ਹੋ ਜਾਵੋ ਅਤੇ ਸਾਡੇ ਵਲੋਂ ਵੀ ਤੁਹਾਨੂੰ ਇਹੋ ਹੁਕਮ ਹੈ। ਅਸੀਂ ਜਾਣਦੇ ਹਾਂ ਕਿ ਤੁਸੀਂ ਜਮਾਂਦਰੂ ਸਾਧੂ ਹੋ ਅਤੇ ਤੁਸੀਂ ਬਚਪਨ ਤੋਂ ਸ਼ਾਦੀ ਸ਼ੁਦਾ ਹੁੰਦੇ ਹੋਏ ਵੀ ਕਦੀ ਇਸ ਦਾ ਫੁਰਨਾ ਨਹੀਂ ਕੀਤਾ। ਗ੍ਰਿਹਸਤੀ ਦੀਆਂ ਆਪਣੇ ਪਰਿਵਾਰ ਪ੍ਰਤੀ, ਪਤਨੀ ਪ੍ਰਤੀ, ਬੱਚਿਆਂ ਪ੍ਰਤੀ ਤੇ ਸਮਾਜ ਪ੍ਰਤੀ ਬਹੁਤ ਜ਼ਿੰਮੇਵਾਰੀਆਂ ਹੁੰਦੀਆਂ ਹਨ। ਇਨ੍ਹਾਂ ਨੂੰ ਨਿਭਾਉਂਦਿਆਂ ਹੋਇਆਂ ਜੀਵਨ ਵਿਚ ਬਹੁਤ ਉਤਰਾਅ-ਚੜ੍ਹਾਅ ਆਉਂਦੇ ਹਨ, ਕਦੀ ਹਰਖ ਤੇ ਕਦੀ ਸੋਗ, ਅਨੇਕਾਂ ਤਰ੍ਹਾਂ ਦੇ ਘਾਟੇ ਵਾਧੇ ਅਤੇ ਪਰਿਵਾਰਕ ਉਲਝਣਾਂ ਵਿਚੋਂ ਦੀ ਲੰਘਣਾ ਪੈਂਦਾ ਹੈ। ਬੱਚਿਆਂ ਦਾ ਭਵਿੱਖ ਤੇ ਬੱਚਿਆਂ ਦੀਆਂ ਲੋੜਾਂ, ਪਾਲਣ ਪੋਸ਼ਣ, ਪੜ੍ਹਾਈ ਲਿਖਾਈ, ਨੌਕਰੀ ਚਾਕਰੀ, ਵਿਆਹ ਸ਼ਾਦੀ ਆਦਿ ਇਸ ਤਰ੍ਹਾਂ ਨਾਲ ਬਹੁਤ ਕੁਝ ਕਰਨਾ ਪੈਂਦਾ ਹੈ। ਮਾਇਆਵੀ ਸੰਸਾਰ ਵਿਚ ਸਾਧੂਆਂ ਨੂੰ ਦੁਨੀਆਂਦਾਰ ਬਣ ਕੇ ਇਸ ਸਮਾਜ ਵਿਚ ਵਿਚਰਨਾ ਔਖਾ ਲੱਗਿਆ ਕਰਦਾ ਹੈ। ਮਾਇਆਵੀ ਸੰਸਾਰ ਹੋਣ ਕਰਕੇ ਲੋਕਾਂ ਵਿਚ ਧੋਖਾ, ਠੱਗੀ, ਫਰੇਬ, ਈਰਖਾ, ਬਖੀਲੀ, ਨਫਰਤ ਆਦਿ ਦੇ ਸਾਰੇ ਅੰਸ਼ ਭਰੇ ਹੋਏ ਹਨ। ਪਰੰਤੂ ਸਾਧੂ-ਗੁਰਮੁਖ ਭੋਲਾ ਹੁੰਦਾ ਹੈ, ਉਸ ਦੇ ਮਨ ਵਿਚ ਪਿਆਰ ਹੀ ਪਿਆਰ ਹੁੰਦਾ ਹੈ ਅਤੇ ਉਹ ਕਿਸੇ ਦੀ ਨੀਯਤ ਤੇ ਸ਼ੱਕ ਨਹੀਂ ਕਰਦਾ, ਰਾਗ-ਦ੍ਵੈਸ਼ ਤੋਂ ਨਿਆਰਾ ਹੁੰਦਾ ਹੈ। ਇਸ ਕਰਕੇ ਅਸੀਂ ਇਸ ਨੂੰ ਅੱਗ ਦਾ ਭਾਂਬੜ ਕਿਹਾ ਹੈ ਜਿਸ ਵਿਚ ਤੁਹਾਨੂੰ ਪਾ ਰਹੇ ਹਾਂ। ਜਿਹੜੀ ਭਗਤੀ ਤੁਸੀਂ ਜੰਗਲ ਵਿਚ ਬੈਠ ਕੇ ਕਰ ਰਹੇ ਸੀ, ਹੁਣ ਉਹ ਭਗਤੀ ਘਰ ਵਿਚ ਰਹਿ ਕੇ ਕਰਨੀ ਹੈ ਜਿਸ ਤਰ੍ਹਾਂ ਨਾਲ ਗੁਰੂ ਦਸ਼ਮੇਸ਼ ਪਿਤਾ ਜੀ ਦਾ ਆਦੇਸ਼ ਹੈ -

***ਰੇ ਮਨ ਐਸੋ ਕਰ ਸੰਨਿਆਸਾ॥***
***ਬਨ ਸੇ ਸਦਨ ਸਭੈ ਕਰ ਸਮਝਹੁ***
***ਮਨ ਹੀ ਮਾਹਿ ਉਦਾਸਾ॥*** ***ਰਾਮਕਲੀ ਪਾਤਸ਼ਾਹੀ ੧੦***

ਜਿਸ ਤਰ੍ਹਾਂ ਨਾਲ ਰਾਜਾ ਜਨਕ ਜੀ ਨੇ ਮਾਇਆ ਵਿਚ ਰਹਿੰਦਿਆਂ ਹੋਇਆਂ ਉਦਾਸੀ ਧਾਰਨ ਕੀਤੀ ਸੀ ਜਿਸਦੇ ਬਾਰੇ ਭਾਈ ਗੁਰਦਾਸ ਜੀ ਨੇ ਜ਼ਿਕਰ ਕੀਤਾ ਹੈ -

***ਭਗਤੁ ਵਡਾ ਰਾਜਾ ਜਨਕੁ ਹੈ***
***ਗੁਰਮੁਖਿ ਮਾਇਆ ਵਿਚਿ ਉਦਾਸੀ। ਭਾਈ ਗੁਰਦਾਸ ਜੀ,***
***ਵਾਰ 10/5***

ਇਸ ਤਰ੍ਹਾਂ ਨਾਲ ਪਰਿਵਾਰ ਵਿਚ ਰਹਿ ਕੇ ਇਸ ਕਰਮ ਦੀ ਪੂਰਤੀ ਕਰੋ। ਬੀਬੀ ਰਣਜੀਤ ਕੌਰ ਦਾ ਆਪ ਨੂੰ ਬਹੁਤ ਸਾਥ ਰਹੇਗਾ, ਇਨ੍ਹਾਂ ਨੇ ਹਰ ਖੇਤਰ ਵਿਚ ਆਪ ਦਾ ਮਰਦਾਂ ਵਾਂਗ ਸਾਥ ਦੇਣਾ ਹੈ ਕਿਉਂਕਿ ਇਹ ਨਿਰਭੈ ਹਨ, ਦਇਆ, ਕਰੁਣਾ ਤੇ ਪਿਆਰ ਦੀ ਮੂਰਤੀ ਹਨ। ਇਨ੍ਹਾਂ ਨੇ ਅੱਗੇ ਚੱਲ ਕੇ ਸੰਸਾਰ ਦੇ ਭੁਲੇ ਭਟਕੇ ਲੋਕਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਉਣ, ਗੁਰੂ ਨਾਨਕ ਦੇਵ ਜੀ ਦੀ ਸਿੱਖੀ ਦਾ ਪ੍ਰਚਾਰ ਕਰਨ

ਵਿਚ ਤੁਹਾਡੀ ਬਹੁਤ ਮਦਦ ਕਰਨੀ ਹੈ। ਬਾਲ ਬੱਚਿਆਂ ਦਾ ਫਿਕਰ ਸਾਨੂੰ ਹੈ, ਤੁਹਾਨੂੰ ਇਸ ਬਾਰੇ ਫਿਕਰ ਕਰਨ ਦੀ ਲੋੜ ਨਹੀਂ, ਇਸ ਲਈ ਤੁਸੀਂ ਹੁਣ ਘਰ ਜਾਵੋ ਤੇ ਜਿਸ ਤਰ੍ਹਾਂ ਨਾਲ ਅਸੀਂ ਕਿਹਾ ਹੈ, ਇਕ ਆਦਰਸ਼ਕ ਗ੍ਰਹਿਸਤੀ ਦਾ ਜੀਵਨ ਬਤੀਤ ਕਰਕੇ ਸੰਸਾਰ ਨੂੰ ਸੇਧ ਦੇਵੋ –

*ਸੋ ਗਿਰਹੀ ਜੋ ਨਿਗ੍ਰਹੁ ਕਰੈ॥*
*ਜਪੁ ਤਪੁ ਸੰਜਮੁ ਭੀਖਿਆ ਕਰੈ॥*
*ਪੁੰਨ ਦਾਨ ਕਾ ਕਰੇ ਸਰੀਰੁ॥*
*ਸੋ ਗਿਰਹੀ ਗੰਗਾ ਕਾ ਨੀਰੁ॥* *ਪੰਨਾ – 952*

ਸਤਿਗੁਰ ਜੀ ਉਪਦੇਸ਼ ਦਿੰਦੇ ਹਨ ਕਿ ਅਸਲੀ ਗ੍ਰਹਿਸਤੀ ਉਹ ਹੈ ਜੋ ਸਦਗੁਣਾਂ ਦਾ ਗ੍ਰਹਿਣ ਕਰੇ ਅਤੇ ਸਾਰੇ ਔਗੁਣਾਂ ਨੂੰ ਅੰਦਰੋਂ ਕੱਢ ਦੇਵੇ। ਭਜਨ ਬੰਦਗੀ ਕਰਦਾ ਹੋਇਆ, ਮਾਨਸਿਕ ਤਪ ਤੇ ਸਰੀਰਕ ਤਪ ਕਰੇ। ਮਾਨਸਿਕ ਤਪ ਉਹ ਹੁੰਦਾ ਹੈ ਕਿ ਕਿਸੇ ਦੇ ਬੋਲ ਕੁਬੋਲ ਨੂੰ ਸਹਿਣ ਦੀ ਸ਼ਕਤੀ ਹੋਵੇ ਤੇ ਮਨ ਤੋਂ ਕਿਸੇ ਦਾ ਬੁਰਾ ਨਾ ਚਿਤਵੇ, ਕਿਸੇ ਨੂੰ ਫਿੱਕਾ ਨਾ ਬੋਲੇ। ਸਰੀਰਕ ਤਪ ਹੁੰਦਾ ਹੈ ਕਿ ਗੁਰੂ ਦੇ ਨਮਿਤ ਸਰੀਰਕ ਤੌਰ ਤੇ ਸੇਵਾ ਕਰਨੀ। ਇਹ ਸੇਵਾ ਅਨੇਕ ਤਰ੍ਹਾਂ ਦੀ ਹੈ ਜਿਵੇਂ ਗੁਰਮਤਿ ਪ੍ਰਚਾਰ ਦੀ ਸੇਵਾ, ਲੰਗਰ ਦੀ ਸੇਵਾ, ਬਰਤਨ ਮਾਂਜਣੇ, ਪ੍ਰਸ਼ਾਦੇ ਤਿਆਰ ਕਰਨੇ, ਲੰਗਰ ਵਰਤਾਉਣਾ, ਲੰਗਰ ਦੀ ਸਾਫ ਸਫਾਈ, ਗੁਰੂ ਕੇ ਭਵਨਾਂ ਦੀ ਕਾਰ ਸੇਵਾ, ਸੰਤ ਮਹਾਂਪੁਰਸ਼ਾਂ ਵਲੋਂ ਜਨ ਸਮੂੰਹ ਦੀ ਭਲਾਈ ਲਈ ਚਲਾਏ ਗਏ ਪਰਉਪਕਾਰੀ ਕਾਰਜਾਂ ਵਿਚ ਨਿਸ਼ਕਾਮ ਹੱਥ ਵਟਾਉਣ ਦੀ ਸੇਵਾ, ਆਪਣੀ ਨੇਕ ਕਮਾਈ ਵਿਚੋਂ ਇਨ੍ਹਾਂ ਕਾਰਜਾਂ ਲਈ ਦਸਵੰਧ ਦੇਣਾ, ਲੋੜਵੰਦਾਂ ਦੀ ਲੋੜ ਪੂਰੀ ਕਰਨੀ, ਵਸਤਰ ਆਦਿ ਲਈ ਸਹਾਇਤਾ ਕਰਨੀ। ਗ੍ਰਹਿਸਤੀਆਂ ਲਈ ਇਹ ਸਾਰੇ ਕਾਰਜ ਯਥਾਸ਼ਕਤ ਕਰਨ ਲਈ ਹਦਾਇਤ ਹੈ, ਇਸ ਤਰ੍ਹਾਂ ਕਰਨ ਨਾਲ ਗ੍ਰਹਿਸਤੀ ਦਾ ਪੁੰਨ-ਦਾਨ ਦਾ ਸਰੀਰ ਬਣ ਜਾਂਦਾ ਹੈ। ਗੁਰੂ ਦੇ ਨਮਿਤ ਜੋ ਅਜਿਹਾ ਪੁੰਨ ਦਾਨ ਕਰਦਾ ਰਹਿੰਦਾ ਹੈ, ਗੁਰੂ ਮਹਾਰਾਜ ਉਸ ਨੂੰ ਸੌ ਗੁਣਾਂ ਤੇ ਹਜ਼ਾਰਾਂ ਗੁਣਾਂ ਕਰਕੇ ਫੇਰ ਵਾਪਸ ਕਰ ਦਿੰਦੇ ਹਨ ਅਤੇ ਕਮਾਈ ਵਿਚ ਬਰਕਤ ਪਾਉਂਦੇ ਹਨ, ਵਿਘਨਾਂ ਦਾ ਨਾਸ਼ ਕਰ ਦਿੰਦੇ ਹਨ। ਇਹੋ ਜਿਹਾ ਗ੍ਰਹਿਸਤੀ ਗੰਗਾ ਦੇ ਨੀਰ ਦੀ ਨਿਆਈਂ ਹੁੰਦਾ ਹੈ। ਪਹਿਲੇ ਸਮਿਆਂ ਵਿਚ ਗੰਗਾ ਦੇ ਨੀਰ ਨੂੰ ਪਵਿੱਤਰ ਮੰਨਿਆ ਜਾਂਦਾ ਸੀ। ਇਸ ਪਾਣੀ ਨੂੰ ਬੋਤਲ ਵਿਚ ਰੱਖ ਲਵੋ ਤਾਂ ਸਾਲਾਂ ਬੱਧੀ ਕੀੜੇ ਆਦਿ ਨਹੀਂ ਸਨ ਪੈਂਦੇ ਪਰ ਹੁਣ ਤਾਂ ਸ਼ਹਿਰਾਂ ਦੇ ਸੀਵਰੇਜ ਦੇ ਨਾਲੇ ਇਸ ਵਿਚ ਪਾ ਕੇ ਇਸ ਨੂੰ ਅਪਵਿੱਤਰ ਕਰ ਦਿਤਾ ਗਿਆ ਹੈ।

ਬਾਬਾ ਜੀ ਨੇ ਸੰਤ ਮਹਾਰਾਜ ਜੀ ਦੇ ਇਸ ਹੁਕਮ ਅੱਗੇ ਸਿਰ ਝੁਕਾਇਆ, ਨਮਸਕਾਰ ਕੀਤੀ ਅਤੇ ਬੇਨਤੀ ਕੀਤੀ ਕਿ ਮਹਾਰਾਜ! ਆਪ ਸਰਬੱਗ ਹੋ, ਦਾਸ ਨੂੰ ਇਸ ਅਗਨ ਸਾਗਰ ਤੋਂ ਪਾਰ ਕਰਨ ਦੀ ਕ੍ਰਿਪਾਲਤਾ ਕਰਨੀ ਅਤੇ ਹਮੇਸ਼ਾ ਹੀ ਆਪਣੇ ਚਰਨਾਂ ਨਾਲ ਜੋੜ ਕੇ ਰੱਖਣਾ। ਸੰਤ

ਮਹਾਰਾਜ ਜੀ ਕਹਿਣ ਲੱਗੇ ਕਿ ਤੁਸੀਂ ਤਾਂ ਪਹਿਲਾਂ ਹੀ ਜੁੜੇ ਹੋਏ ਹੋ ਅਤੇ ਹੁਣ ਇਸ ਤਰ੍ਹਾਂ ਕਰਿਆ ਕਰੋ ਕਿ ਸਮਾਂ ਕੱਢ ਕੇ ਇਸ ਇਲਾਕੇ ਵਿਚ ਜਿਥੇ ਜਿਥੇ ਸਾਡੇ ਦੀਵਾਨ ਲਗ ਰਹੇ ਹਨ, ਹਾਜ਼ਰੀ ਭਰਿਆ ਕਰੋ। ਬਾਬਾ ਜੀ ਨੇ ਦੋਵੇਂ ਹੱਥ ਜੋੜ ਕੇ ਕਿਹਾ 'ਸਤਿ ਬਚਨ' ਮਹਾਰਾਜ! ਆਪ ਦੀ ਕ੍ਰਿਪਾ ਦੁਆਰਾ ਇਸ ਨਿਯਮ ਨੂੰ ਨਿਭਾਉਣ ਦਾ ਪੂਰਾ ਪੂਰਾ ਯਤਨ ਕਰਾਂਗਾ। ਬਾਬਾ ਜੀ ਦੱਸਿਆ ਕਰਦੇ ਸੀ ਕਿ ਸੰਤ ਮਹਾਰਾਜ ਜੀ ਦੇ ਜਿਥੇ ਵੀ ਦੀਵਾਨ ਹੋਣੇ, ਅਸੀਂ ਉਥੇ ਹੀ ਪਹੁੰਚ ਜਾਇਆ ਕਰਦੇ ਸੀ। ਸੰਤ ਮਹਾਰਾਜ ਨੇ ਹੁਕਮ ਕੀਤਾ ਕਿ ਸਾਡੇ ਦੀਵਾਨ ਤੋਂ ਪਹਿਲਾਂ ਕੀਰਤਨ ਕਰਿਆ ਕਰੋ। ਜਦੋਂ ਅਸੀਂ ਪਹਿਲੇ ਦਿਨ ਕੀਰਤਨ ਕੀਤਾ ਤਾਂ ਸੰਤ ਮਹਾਰਾਜ ਜੀ ਵੀ ਬੈਠ ਕੇ ਧਿਆਨ ਨਾਲ ਸੁਣਦੇ ਰਹੇ ਅਤੇ ਜਥੇ ਦੇ ਸਿੰਘਾਂ ਨੂੰ ਦੱਸ ਰਹੇ ਸਨ ਕਿ ਦੇਖੋ ਭਾਈ, ਇਸ ਦਾ ਅਨੁਭਵ ਖੁਲ੍ਹ ਗਿਆ ਹੈ, ਕਿੰਨੇ ਸੋਹਣੇ ਬਚਨ ਆ ਰਹੇ ਹਨ। ਸੋ ਇਸ ਤਰ੍ਹਾਂ ਨਾਲ ਕੀਰਤਨ ਤੇ ਵਖਿਆਨ ਦੀ ਸ਼ੁਰੂਆਤ ਵੀ ਹੋ ਗਈ। ਉਨ੍ਹਾਂ ਦਿਨਾਂ ਵਿਚ ਲਾਊਡ ਸਪੀਕਰ ਤਾਂ ਹੁੰਦੇ ਨਹੀਂ ਸਨ, ਸੰਤ ਮਹਾਰਾਜ ਜੀ ਦੇ ਦੀਵਾਨ ਜੇ ਘਲੋਟੀ ਲੱਗੇ ਹੁੰਦੇ ਤਾਂ ਧਮੋਟ ਤਕ ਆਵਾਜ਼ ਸਾਫ ਸੁਣਾਈ ਦਿਆ ਕਰਦੀ ਸੀ। ਸੰਤ ਮਹਾਰਾਜ ਦੀ ਆਵਾਜ਼ ਵਿਚ ਬਹੁਤ ਕਸ਼ਿਸ਼ ਤੇ ਰੇਡੀਏਸ਼ਨ ਸੀ, ਆਵਾਜ਼ ਦੂਰੋਂ ਹੀ ਸੁਣਾਈ ਦੇ ਦਿਆ ਕਰਦੀ ਸੀ। ਅਸੀਂ ਅਵਾਜ਼ ਦੀ ਸੇਧ ਵਿਚ ਦੌੜੇ ਹੀ ਚਲੇ ਜਾਇਆ ਕਰਦੇ ਸੀ।

ਸੋ ਇਸ ਤਰ੍ਹਾਂ ਨਾਲ ਸੰਤ ਮਹਾਰਾਜ ਜੀ ਦਾ ਹੁਕਮ ਮੰਨ ਕੇ ਪਰਿਵਾਰ ਵਿਚ ਰਹਿਣਾ ਸ਼ੁਰੂ ਕਰ ਦਿਤਾ। ਰੂਹਾਨੀਅਤ ਵਿਚ ਸਭ ਤੋਂ ਵੱਡੀ ਖੇਡ ਹੁਕਮ ਦੀ ਹੁੰਦੀ ਹੈ। ਜਿਸ ਨੇ ਹੁਕਮ ਨੂੰ ਪਾਲ ਲਿਆ, ਉਹ ਲੰਘ ਜਾਂਦਾ ਹੈ।

***ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥***
***ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ॥***
***ਪੰਨਾ - 471***

ਪਰ ਇਸ ਹੁਕਮ ਨੂੰ ਕਮਾਉਣਾ ਕੋਈ ਛੋਟੀ ਗੱਲ ਨਹੀਂ ਸੀ ਕਿਉਂਕਿ ਕੁਟੰਬ ਇਕ ਬੰਧਨ ਹੁੰਦਾ ਹੈ। ਆਪ ਦੱਸਿਆ ਕਰਦੇ ਸੀ ਕਿ ਅਸੀਂ ਬੰਧਨ ਵਿਚ ਬਿਲਕੁਲ ਨਹੀਂ ਸੀ ਪੈਣਾ ਚਾਹੁੰਦੇ ਪਰ ਸੰਤ ਮਹਾਰਾਜ ਜੀ ਦੇ ਹੁਕਮ ਨੂੰ ਟਾਲਣਾ ਵੀ ਸਾਡੇ ਵਾਸਤੇ ਮੁਸ਼ਕਲ ਸੀ। ਇਹ ਬਚਨ ਵੀ ਸਾਡੇ ਭਲੇ ਵਾਸਤੇ ਹੀ ਸੀ ਕਿ ਇਹ ਕਰਮ ਇਸ ਜਨਮ ਵਿਚ ਹੀ ਕੱਟਿਆ ਜਾਵੇ।

ਆਪ ਜੀ ਨੇ ਆਪਣੀ ਧਰਮ ਸੁਪਤਨੀ ਬੀਬੀ ਰਣਜੀਤ ਕੌਰ ਜੀ ਨੂੰ ਸੰਤ ਮਹਾਰਾਜ ਜੀ ਦੇ ਹੁਕਮ ਬਾਰੇ ਦੱਸਿਆ ਅਤੇ ਨਾਲ ਹੀ ਦੱਸਿਆ ਕਿ ਗ੍ਰਹਿਸਤ ਜੀਵਨ ਬੜਾ ਬਿਖੜਾ ਪੈਂਡਾ ਹੈ। ਇਥੇ ਪਿੰਡ ਵਿਚ ਤਾਂ ਸਭ ਕੁਝ ਖੇਤੀਬਾੜੀ ਤੇ ਨਿਰਭਰ ਹੈ। ਮੇਰੀ ਨਿਜੀ ਕੋਈ ਆਮਦਨ ਨਹੀਂ ਹੈ, ਇਸ ਕਰਕੇ ਤੁਹਾਨੂੰ ਸੰਮਿਲਤ ਪਰਿਵਾਰ ਵਿਚ ਰਹਿ ਕੇ ਸਮਾਂ ਕੱਢਣਾ ਪਵੇਗਾ। ਦੂਸਰੀ ਗੱਲ ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਮੇਰਾ ਜੀਵਨ ਹੋਰ ਤਰ੍ਹਾਂ

ਦਾ ਹੈ, ਮੈਂ ਮਹਾਂਪੁਰਸ਼ਾਂ ਨਾਲ ਜੁੜਿਆ ਹੋਇਆ ਹਾਂ ਤੇ ਗ੍ਰਹਿਸਤ ਵਿਚ ਰਹਿ ਕੇ ਵੀ ਆਪਣਾ ਸਮਾਂ ਪ੍ਰਭੂ ਸਿਮਰਨ ਤੇ ਭਗਤੀ ਵਿਚ ਬਤੀਤ ਕਰਨਾ ਚਾਹੁੰਦਾ ਹਾਂ। ਕੀ ਤੁਸੀਂ ਇਨ੍ਹਾਂ ਹਾਲਾਤਾਂ ਵਿਚ ਰਹਿ ਕੇ ਮੇਰਾ ਸਾਥ ਨਿਭਾ ਸਕੋਗੇ ?

ਬੀਬੀ ਰਣਜੀਤ ਕੌਰ ਜੀ ਨੇ ਉਤਰ ਦਿਤਾ ਕਿ ਮੈਂ ਆਪ ਨੂੰ ਵਿਸ਼ਵਾਸ਼ ਦਿਵਾਉਂਦੀ ਹਾਂ ਕਿ ਮੈਂ ਤੁਹਾਡੀ ਭਗਤੀ ਵਿਚ ਕਦੀ ਵੀ ਵਿਘਨ ਨਹੀਂ ਬਣਾਂਗੀ, ਤੁਸੀਂ ਬਾਹਰ ਇਕਾਂਤ ਵਿਚ ਜਾਂ ਘਰ ਵਿਚ ਜਿੰਨੀ ਦੇਰ ਚਾਹੋ, ਅੱਖਾਂ ਮੀਟ ਕੇ ਸਮਾਧੀ ਸਥਿਤ ਰਹਿ ਸਕਦੇ ਹੋ, ਮੈਂ ਕਦੀ ਵੀ ਸ਼ਿਕਾਇਤ ਜਾਂ ਸ਼ਿਕਵਾ ਨਹੀਂ ਕਰਾਂਗੀ। ਮੈਨੂੰ ਇਹ ਪਰਿਵਾਰ ਬਹੁਤ ਪਸੰਦ ਹੈ ਤੇ ਮੈਂ ਇਸ ਪਰਿਵਾਰ ਵਿਚ ਰਹਿ ਕੇ, ਸਾਰਿਆਂ ਦੀ ਸੇਵਾ ਕਰਕੇ ਆਪਣੇ ਧੰਨਭਾਗ ਸਮਝਦੀ ਹਾਂ। ਮੈਂ ਸਿੱਧੇ ਸਾਦੇ ਜੀਵਨ ਵਿਚ ਵਿਸ਼ਵਾਸ਼ ਰੱਖਦੀ ਹਾਂ। ਮੈਨੂੰ ਮਾਤਾ ਪਿਤਾ ਤੋਂ ਇਹੀ ਸਿਖਿਆ ਮਿਲੀ ਹੈ ਕਿ ਪਤੀ ਦੀ ਸੇਵਾ ਕਰਨ ਵਿਚ ਹੀ ਮੇਰੀ ਖੁਸ਼ੀ ਹੈ। ਜਿਥੋਂ ਤਕ ਮੇਰੀਆਂ ਨਿਜੀ ਲੋੜਾਂ ਦਾ ਸਬੰਧ ਹੈ, ਉਸ ਵਾਸਤੇ ਤੁਹਾਡੇ ਕੋਲੋਂ ਕਦੀ ਵੀ ਕੋਈ ਮੰਗ ਨਹੀਂ ਕਰਾਂਗੀ। ਪਤੀਵਰਤਾ ਇਸਤ੍ਰੀ ਦਾ ਸਭ ਤੋਂ ਵੱਡਾ ਗਹਿਣਾ ਉਸ ਦਾ ਪਤੀ ਹੁੰਦਾ ਹੈ। ਮੈਂ ਇਹ ਸਭ ਕੁਝ ਤੁਹਾਡਾ ਮਨ ਰੱਖਣ ਵਾਸਤੇ ਨਹੀਂ ਕਹਿ ਰਹੀ ਸਗੋਂ ਧੁਰ ਹਿਰਦੇ ਤੋਂ ਕਹਿ ਰਹੀ ਹਾਂ। ਮੇਰੇ ਮਾਪਿਆਂ ਨੇ ਮੈਨੂੰ ਇਹੋ ਹੀ ਪਰਪੱਕ ਕਰਵਾਇਆ ਹੈ ਕਿ ਪਤਨੀ ਦਾ ਜੀਵਨ ਪਤੀ ਦੀ ਆਗਿਆ ਵਿਚ ਰਹਿ ਕੇ ਤੇ ਉਸ ਦੀ ਸੇਵਾ ਕਰਕੇ ਹੀ ਸਫਲ ਹੁੰਦਾ ਹੈ। ਮੇਰੀ ਦਿਲੀ ਇੱਛਾ ਹੈ ਕਿ ਆਪ ਮੇਰੇ ਪਿਤਾ ਜੀ (ਸੰਤ ਹੀਰਾ ਸਿੰਘ ਦਾਉਦਪੁਰ) ਵਾਂਗ ਘਰ ਗ੍ਰਹਿਸਤੀ ਵਿਚ ਰਹਿੰਦਿਆਂ ਹੋਇਆਂ ਇੰਨਾ ਨਾਮ ਜਪੋ ਜਿਤਨਾ ਕਿ ਵੱਡੇ ਵੱਡੇ ਜੋਗੀਆਂ ਕੋਲੋਂ ਵੀ ਨਾ ਜਪਿਆ ਗਿਆ ਹੋਵੇ। ਪਰਿਵਾਰ ਵਲੋਂ ਵੀ ਆਪ ਨੂੰ ਕਦੀ ਮੇਰੀ ਸ਼ਿਕਾਇਤ ਦਾ ਮੌਕਾ ਨਹੀਂ ਮਿਲੇਗਾ ਕਿਉਂਕਿ ਮੈਂ ਆਪ ਦੇ ਸਤਿਕਾਰਯੋਗ ਮਾਤਾ ਪਿਤਾ ਜੀ ਨੂੰ ਆਪਣੇ ਮਾਤਾ ਪਿਤਾ ਸਮਝਦੀ ਹਾਂ, ਆਪ ਦੀਆਂ ਭੈਣਾਂ ਮੇਰੀਆਂ ਭੈਣਾਂ ਹਨ, ਆਪ ਦੇ ਛੋਟੇ ਵੀਰ ਮੇਰੇ ਛੋਟੇ ਵੀਰ ਹਨ ਤੇ ਮੈਂ ਕਿਸੇ ਪ੍ਰਕਾਰ ਦਾ ਵਿਤਕਰਾ ਜਾਂ ਦ੍ਵੈਸ਼ ਰੱਖਣ ਵਿਚ ਵਿਸ਼ਵਾਸ਼ ਨਹੀਂ ਰੱਖਦੀ। ਆਪ ਨੂੰ ਮੇਰੇ ਵਲੋਂ ਕੋਈ ਫਿਕਰ ਜਾਂ ਚਿੰਤਾ ਦੀ ਲੋੜ ਨਹੀਂ। ਮੈਂ ਇਹ ਸਾਰੇ ਬਚਨ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਸਮਝ ਕੇ ਕਰ ਰਹੀ ਹਾਂ ਤੇ ਹਮੇਸ਼ਾ ਲਈ ਤੁਹਾਡੇ ਵਿਸ਼ਵਾਸ਼ ਦੀ ਪਾਤਰ ਰਹਾਂਗੀ।

ਆਪ ਜੀ ਦੱਸਿਆ ਕਰਦੇ ਸੀ ਕਿ ਬੀਬੀ ਰਣਜੀਤ ਕੌਰ ਦੇ ਇਹ ਬਚਨ ਸੁਣ ਕੇ ਮੇਰੇ ਮਨ ਦਾ ਸਾਰਾ ਭਾਰ ਹੌਲਾ ਹੋ ਗਿਆ ਤੇ ਬਹੁਤ ਖੁਸ਼ੀ ਹੋਈ ਤੇ ਇਨ੍ਹਾਂ ਨੇ ਗ੍ਰਹਿਸਤ ਜੀਵਨ ਦੇ ਹਰ ਖੇਤਰ ਵਿਚ, ਔਖ ਸੌਖ ਵਿਚ, ਦੁਖ ਸੁਖ ਵਿਚ, ਜ਼ਿੰਮੇਵਾਰੀਆਂ ਨਿਭਾਉਣ ਵਿਚ, ਮੋਢੇ ਨਾਲ ਮੋਢਾ ਜੋੜ ਕੇ ਸਾਥ ਨਿਭਾਇਆ। ਸਾਰੀਆਂ ਔਕੜਾਂ ਨੂੰ ਖਿੜੇ ਮੱਥੇ ਪਰਵਾਨ ਕਰਦੇ ਰਹੇ ਅਤੇ ਕਦੀ ਵੀ ਮੱਥੇ ਵੱਟ ਨਹੀਂ ਪਾਇਆ।

ਸੋ ਇਸ ਤਰ੍ਹਾਂ ਨਾਲ ਸਮਾਂ ਆਪਣੀ ਚਾਲ ਚਲਦਾ ਰਿਹਾ ਤੇ ਜੀਵਨ

ਨਿਰਬਾਹ, ਨਾਮ ਜਪਦਿਆਂ ਗ੍ਰਿਹਸਤ ਦੇ ਕਾਰੋਬਾਰ ਕਰਦਿਆਂ ਲੰਘ ਰਿਹਾ ਸੀ। ਬਾਬਾ ਜੀ ਨੂੰ ਪਤਾ ਲੱਗਾ ਕਿ ਸਿੰਧ ਦੇ ਸ਼ਹਿਰ ਨਵਾਬ ਸ਼ਾਹ ਵਿਚ ਪੁਲਿਸ ਦੀ ਭਰਤੀ ਹੋ ਰਹੀ ਹੈ, ਅਤੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਅੰਗਰੇਜ਼ ਅਫਸਰ ਭਰਤੀ ਕਰ ਰਹੇ ਹਨ। ਆਪ ਜੀ ਨੇ ਮਾਤਾ ਪਿਤਾ ਪਾਸੋਂ ਇਸ ਵਾਸਤੇ ਆਗਿਆ ਮੰਗੀ ਤੇ ਉਨ੍ਹਾਂ ਨੇ ਪ੍ਰਵਾਨਗੀ ਦੇ ਦਿਤੀ। ਥੋੜ੍ਹਾ ਬਹੁਤ ਖਰਚ, ਕਪੜੇ ਲੀੜੇ ਲੈ ਕੇ ਆਪ ਜੀ ਨੇ ਸਿੰਧ ਜਾਣ ਦਾ ਪ੍ਰੋਗਰਾਮ ਬਣਾ ਲਿਆ।

## ਸਿੰਧ ਦੀ ਯਾਤਰਾ

ਇਹ ਗੱਲ 1937 ਦੀ ਹੈ ਜਦੋਂ ਬਾਬਾ ਜੀ ਨੇ ਸਿੰਧ ਦਾ ਸਫਰ ਸ਼ੁਰੂ ਕੀਤਾ। ਉਸ ਵੇਲੇ ਆਪ ਦੀ ਉਮਰ 20 ਸਾਲ ਦੀ ਸੀ। ਨੌਕਰੀ ਦੀ ਤਲਾਸ਼ ਵਿਚ ਆਪ ਜੀ ਨੇ ਮਾਤਾ ਪਿਤਾ ਤੋਂ ਆਗਿਆ ਲੈ ਕੇ ਲੋੜੀਂਦਾ ਸਮਾਨ ਤੇ ਮਾਇਆ ਦਾ ਪ੍ਰਬੰਧ ਕਰਕੇ ਲੁਧਿਆਣਾ ਰੇਲਵੇ ਸਟੇਸ਼ਨ ਤੋਂ ਰੇਲ ਗੱਡੀ ਰਾਹੀਂ ਸਫਰ ਸ਼ੁਰੂ ਕਰ ਦਿਤਾ ਅਤੇ ਸਿੰਧ ਦੇ ਸ਼ਹਿਰ ਨਵਾਬਸ਼ਾਹ ਪੁੱਜ ਗਏ। ਅੰਗਰੇਜ਼ ਅਫਸਰ, ਜਵਾਨਾਂ ਨੂੰ ਪੁਲਿਸ ਦੀ ਭਰਤੀ ਲਈ ਵਾਰੋ ਵਾਰੀ ਅੰਦਰ ਬੁਲਾ ਕੇ ਪੁਛ ਕਰ ਰਹੇ ਸਨ ਅਤੇ ਨਾਲ ਹੀ ਡੀਲ ਡੌਲ ਤੇ ਸਰੀਰ ਦੀ ਉਚਾਈ ਤੇ ਸਿਹਤ ਦਾ ਮੁਆਇਨਾ ਕਰਦੇ ਜਾ ਰਹੇ ਸਨ। ਆਪ ਨੇ ਦੇਖਿਆ ਕਿ ਭੀੜ ਕਾਫੀ ਹੈ ਤੇ ਇਕ ਥਾਂ ਨਵੇਕਲੀ ਜਿਹੀ ਦੇਖ ਕੇ ਇਕ ਪਾਸੇ ਦਰਖਤਾਂ ਦੀ ਛਾਵੇਂ ਘਾਹ ਉਤੇ ਚੌਂਕੜਾ ਮਾਰ ਕੇ ਸਮਾਧੀ ਲਾ ਕੇ ਬੈਠ ਗਏ। ਭਰਤੀ ਦਾ ਕੰਮ ਜਾਰੀ ਸੀ ਤੇ ਸਭ ਨੂੰ ਵਾਰੋ ਵਾਰੀ ਅੰਦਰ ਬੁਲਾਇਆ ਜਾ ਰਿਹਾ ਸੀ। ਇਸ ਤਰ੍ਹਾਂ ਕਰਦੇ ਕਰਦੇ ਜਦੋਂ ਦੁਪਹਿਰ ਹੋ ਗਈ ਤਾਂ ਭੀੜ ਘਟ ਗਈ ਤੇ ਦੋ ਚਾਰ ਜਵਾਨ ਰਹਿ ਗਏ। ਅੰਦਰੋਂ ਭਰਤੀ ਕਰਨ ਵਾਲੇ ਅਫਸਰ ਨੇ ਆਪ ਨੂੰ ਸਮਾਧੀ ਵਿਚ ਬੈਠਿਆਂ ਦੇਖ ਲਿਆ। ਅਰਦਲੀ ਭੇਜ ਕੇ ਆਪ ਨੂੰ ਬੁਲਾਇਆ ਤੇ ਪੁਛਿਆ ਕਿ ਤੁਸੀਂ ਕਿਸ ਤਰ੍ਹਾਂ ਆਏ ਹੋ? ਆਪ ਨੇ ਦੱਸਿਆ ਕਿ ਭਰਤੀ ਲਈ ਆਇਆ ਹਾਂ। ਲਾਗੇ ਬੈਠੇ ਅੰਗਰੇਜ਼ ਅਫਸਰ ਨੇ ਪੁਛਿਆ ਕਿ ਮੈਂ ਤੁਹਾਨੂੰ ਇਕ ਦੋ ਵੇਰਾਂ ਖਿੜਕੀ ਦੇ ਸ਼ੀਸ਼ੇ ਤੋਂ ਵੇਖਿਆ ਸੀ, ਆਪ ਲਗਾਤਾਰ ਅੱਖਾਂ ਬੰਦ ਕਰਕੇ ਬੈਠੇ ਹੋਏ ਸੀ ਅਤੇ ਮੈਨੂੰ ਲਗਦਾ ਹੈ ਕਿ ਤੁਸੀਂ ਪ੍ਰਭੂ ਦੀ ਭਗਤੀ ਕਰਨ ਵਾਲੇ ਹੋ। ਤੁਹਾਨੂੰ ਬਿਲਕੁਲ ਤੌਖਲਾ ਜਾਂ ਫਿਕਰ ਨਹੀਂ ਸੀ ਕਿ ਮੈਂ ਵੀ ਜਾ ਕੇ ਪੁੱਛਗਿੱਛ ਕਰਾਂ ਕਿ ਨੰਬਰ ਕਦੋਂ ਆਵੇਗਾ?

ਬਾਬਾ ਜੀ ਨੇ ਉਤਰ ਦਿਤਾ ਕਿ ਮੈਂ ਸੋਚਿਆ ਸੀ ਕਿ ਹਾਲੇ ਭੀੜ ਹੈ, ਜਦੋਂ ਭੀੜ ਘਟ ਜਾਵੇਗੀ ਮੈਂ ਫੇਰ ਹੀ ਜਾਵਾਂਗਾ ਅਤੇ ਐਨਾ ਸਮਾਂ ਪ੍ਰਭੂ ਦੇ ਧਿਆਨ ਵਿਚ ਲਾ ਲਈਏ, ਵਿਹਲੇ ਬੈਠ ਕੇ ਜਾਂ ਇਧਰ ਉਧਰ ਦੇਖ ਕੇ ਮੈਂ ਕੀ ਕਰਨਾ ਸੀ। ਸਮਾਂ ਉਹੀ ਸਫਲ ਹੈ ਜੋ ਪ੍ਰਭੂ ਦੇ ਲੇਖੇ ਵਿਚ ਲਗ ਜਾਵੇ, ਇਸ ਕਰਕੇ ਮੈਂ ਬੈਠਾ ਹੋਇਆ ਸੀ। ਇਹ ਉਤਰ ਸੁਣ ਕੇ ਕੋਲ ਬੈਠਾ ਅੰਗਰੇਜ਼ ਅਫਸਰ ਬਹੁਤ ਪ੍ਰਭਾਵਿਤ ਹੋਇਆ ਤੇ ਕਹਿਣ ਲੱਗਾ, "ਵੈਲ-ਜਵਾਨ! ਹਮ ਆਪ ਕੋ ਭਰਤੀ ਤੋ ਕਰ ਲੇਗਾ ਲੇਕਿਨ ਆਪ ਕੋ ਰਾਇ ਦੇਤਾ

ਹੂੰ ਕਿ ਆਪ ਪੁਲਿਸ ਕੀ ਨੌਂਕਰੀ ਕੀ ਬਜਾਇ ਫੌਜ ਮੇਂ ਜਾਓ ਤੋ ਅੱਛਾ ਰਹੇਗਾ ਕਿਉਂਕਿ ਪੁਲਿਸ ਮੇਂ ਮੁਜਰਮ ਕੋ ਮਨਾਨੇ ਕੇ ਲੀਏ ਮਾਰਪੀਟ ਕਰਨਾ ਪੜ੍ਹਤਾ ਹੈ, ਡਾਂਟਨਾ ਪੜਤਾ ਹੈ, ਗਲਤ ਬੋਲਨਾ ਪੜਤਾ ਹੈ ਜੋ ਆਪ ਸੇ ਨਹੀਂ ਹੋਗਾ। ਆਪ ਗੌਡਲੀ ਫਿਗਰ ਕੇ ਮਾਫਿਕ ਹੈਂ, ਹੋਲੀ ਮੈਨ ਲਗਤਾ ਹੈ।" ਐਨੀ ਗੱਲ ਸੁਣ ਕੇ ਆਪ ਫਤਹਿ ਬੁਲਾ ਕੇ ਬਾਹਰ ਆ ਗਏ ਤੇ ਸੋਚਣ ਲੱਗ ਪਏ। ਆਪ ਦੱਸਿਆ ਕਰਦੇ ਸੀ ਕਿ ਸੱਚਮੁਚ ਮੈਂ ਜੇ ਭਰਤੀ ਹੋ ਜਾਂਦਾ ਤਾਂ ਮੇਰੇ ਰੂਹਾਨੀ ਜੀਵਨ ਨੂੰ ਬਹੁਤ ਧੱਕਾ ਲੱਗਣਾ ਸੀ ਤੇ ਬਹੁਤ ਅੱਛਾ ਹੋ ਗਿਆ ਜੋ ਮੈਂ ਪੁਲਿਸ ਵਿਚ ਭਰਤੀ ਨਹੀਂ ਹੋਇਆ। ਆਪ ਨੇ ਸੋਚਿਆ ਕਿ ਆਪਣੇ ਦੇਸ਼ ਤੋਂ ਐਨੀ ਦੂਰ ਆਏ ਹਾਂ, ਥੋੜ੍ਹਾ ਚਿਰ ਇਥੇ ਟਿਕ ਲਈਏ। ਗੁਰਦੁਆਰਾ ਸਾਹਿਬ ਜਾ ਕੇ ਸੰਗਤਾਂ ਨਾਲ ਗੁਰਮਤਿ ਦੇ ਵਿਚਾਰ ਸਾਂਝੇ ਕਰਿਆ ਕਰਾਂਗੇ। ਇਸ ਤਰ੍ਹਾਂ ਕਰਕੇ ਆਪਣਾ ਸਮਾਂ ਬਹੁਤੀ ਦੇਰ ਭਜਨ ਬੰਦਗੀ ਵਿਚ ਬਿਤਾਉਂਦੇ।

ਆਪ ਨੇ ਕਿਰਾਏ ਉਤੇ ਕਮਰਾ ਲਿਆ ਹੋਇਆ ਸੀ ਤੇ ਸਵੇਰ ਸ਼ਾਮ ਗੁਰਦੁਆਰਾ ਸਾਹਿਬ ਵਿਚ ਜਾ ਕੇ ਸੰਗਤਾਂ ਨਾਲ ਪਰਸਪਰ ਵਿਚਾਰ ਸਾਂਝੇ ਕਰਦੇ ਅਤੇ ਕਦੀ ਕਦੀ ਕੀਰਤਨ ਦੀ ਹਾਜ਼ਰੀ ਵੀ ਭਰਿਆ ਕਰਦੇ ਸਨ। ਆਪ ਜੀ ਉਸ ਵੇਲੇ ਵੀ ਪ੍ਰਸ਼ਾਦਾ ਇਕੋ ਟਾਇਮ ਛਕਿਆ ਕਰਦੇ ਸਨ। ਪਰਸ਼ਾਦਾ ਆਪ ਜੀ ਖੁਦ ਹੀ ਬਣਾਇਆ ਕਰਦੇ ਸਨ ਤੇ ਇਸ ਤਰ੍ਹਾਂ ਕਰਦੇ ਕਰਦੇ ਇਕ ਦਿਨ ਆਪ ਦੇ ਮਨ ਵਿਚ ਖਿਆਲ ਆਇਆ ਕਿ ਪ੍ਰਸ਼ਾਦਾ ਬਣਾਉਣ ਦਾ ਵੀ ਹਰ ਰੋਜ਼ ਝੰਜਟ ਹੈ। ਆਪ ਨੇ ਆਟਾ, ਦਾਲ ਜੋ ਵੀ ਰਾਸ਼ਨ ਰੱਖਿਆ ਹੋਇਆ ਸੀ, ਇਕ ਦਿਨ ਇਕ ਮੰਗਤਾ ਆਇਆ, ਸਾਰਾ ਉਸ ਨੂੰ ਦੇ ਦਿਤਾ। ਮਨ ਵਿਚ ਸੋਚਿਆ ਕਿ ਹੁਣ ਠੀਕ ਹੋ ਗਿਆ। ਨਾ ਪ੍ਰਸ਼ਾਦੇ ਦਾ ਮਨ ਵਿਚ ਫੁਰਨਾ ਆਵੇਗਾ ਤੇ ਭਜਨ ਕਰਦਿਆਂ ਬਿਰਤੀ ਉਥਾਨ ਨਹੀਂ ਹੋਇਆ ਕਰੇਗੀ। ਇਸ ਦੇ ਨਾਲ ਇਕ ਹੋਰ ਵਿਚਾਰ ਵੀ ਆ ਗਿਆ ਕਿ ਹੁਣ ਪ੍ਰਸ਼ਾਦਾ ਉਸ ਵੇਲੇ ਹੀ ਛਕਾਂਗੇ ਜਦੋਂ ਵਾਹਿਗੁਰੂ ਆਪ ਥਾਲ ਲਗਾ ਕੇ ਭੇਜੇਗਾ, ਵਾਹਿਗੁਰੂ ਨੇ ਰਿਜ਼ਕ ਸਭ ਵਾਸਤੇ ਲਿਖਿਆ ਹੋਇਆ ਹੈ ਤੇ ਸਾਰੇ ਜੀਵਾਂ ਨੂੰ ਰਿਜ਼ਕ ਦਿੰਦਾ ਹੈ। ਵਾਹਿਗੁਰੂ ਰਾਜ਼ਕ ਹੈ, ਉਹ ਪੱਥਰਾਂ ਵਿਚ ਰਹਿਣ ਵਾਲੇ ਕੀੜਿਆਂ ਨੂੰ ਵੀ ਰੋਜ਼ੀ ਦਿੰਦਾ ਹੈ, ਫੇਰ ਫਿਕਰ ਕਰਨ ਦੀ ਕੀ ਲੋੜ ਹੈ? ਮੈਂ ਉਸ ਦਾ ਭਜਨ ਕਰਦਾ ਹਾਂ, ਰਿਜ਼ਕ ਦੇਣਾ ਉਸ ਦੀ ਡਿਊਟੀ ਹੈ।

***ਪਾਖਾਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ॥***

***ਪੰਨਾ - 488***

ਸੋ ਇਸ ਤਰ੍ਹਾਂ ਨਾਲ ਤਿੰਨ ਦਿਨ ਗੁਜ਼ਰ ਗਏ, ਆਪ ਨੂੰ ਖਾਣ ਦਾ ਕੋਈ ਫੁਰਨਾ ਹੀ ਨਾ ਆਇਆ, ਦਿਨ ਰਾਤ ਭਜਨ ਵਿਚ ਬੈਠੇ ਰਹਿੰਦੇ ਸੀ। ਜਦੋਂ ਚੌਥਾ ਦਿਨ ਹੋਇਆ ਤਾਂ ਬੜੇ ਜ਼ੋਰ ਦੀ ਕਿਸੇ ਨੇ ਬੂਹਾ ਖੜਕਾਇਆ ਤੇ ਆਪ ਦਾ ਨਾਮ ਲੈ ਕੇ ਆਵਾਜ਼ ਦਿਤੀ। ਜਦੋਂ ਆਪ ਨੇ ਕੁੰਡਾ ਖੋਲ੍ਹਿਆ, ਕੀ ਵੇਖਦੇ ਹਨ ਕਿ ਇਕ ਮਾਤਾ ਹੱਥ ਵਿਚ ਪ੍ਰਸ਼ਾਦਾ ਲੈ ਕੇ ਖੜ੍ਹੀ

ਹੈ ਤੇ ਪ੍ਰਸ਼ਾਦੇ ਦੇ ਉਤੇ ਸਾਗ ਪਾਇਆ ਹੋਇਐ। ਕਹਿਣ ਲੱਗੀ, ਕਾਕਾ ਛੇਤੀ ਕਰ, ਮੇਰੇ ਹੱਥੋਂ ਪ੍ਰਸ਼ਾਦਾ ਫੜ ਲੈ ਤੇ ਛਕ ਲੈ, ਮੈਂ ਤਵੇ ਉਤੇ ਰੋਟੀ ਪਾ ਕੇ ਆਈ ਹਾਂ, ਰੋਟੀ ਸੜ ਜਾਵੇਗੀ, ਮੈਂ ਰੋਟੀ ਤੇਰੇ ਲਈ ਹੋਰ ਲੈ ਕੇ ਆਉਂਦੀ ਹਾਂ। ਬਾਬਾ ਜੀ ਨੇ ਹਿਚਕਚਾਉਂਦਿਆਂ ਹੋਇਆਂ ਪ੍ਰਸ਼ਾਦਾ ਫੜ ਲਿਆ ਜੋ ਗਰਮ ਗਰਮ ਸੀ। ਆਪ ਨੇ ਸੋਚਿਆ ਕਿ ਮੈਂ ਤਾਂ ਸੋਚਿਆ ਸੀ ਕਿ ਉਤੋਂ ਥਾਲ ਆਵੇਗਾ ਪਰ ਦੂਜੇ ਪਲ ਹੀ ਖਿਆਲ ਆ ਗਿਆ ਕਿ ਜੇ ਮੈਂ ਨਾਂਹ ਕਰ ਦਿਤੀ ਤਾਂ ਵਾਹਿਗੁਰੂ ਜੀ ਕਿਤੇ ਨਰਾਜ਼ ਨਾ ਹੋ ਜਾਣ ਅਤੇ ਪ੍ਰਸ਼ਾਦੇ ਦਾ ਨਿਰਾਦਰ ਹੋ ਜਾਏਗਾ, ਇਹ ਸੋਚ ਕੇ ਆਪ ਨੇ ਪ੍ਰਸ਼ਾਦਾ ਛਕ ਲਿਆ ਅਤੇ ਐਨੇ ਵਿਚ ਹੀ ਮਾਤਾ ਦੂਜਾ ਪ੍ਰਸ਼ਾਦਾ ਲੈ ਆਈ ਤੇ ਆਪ ਨੇ ਉਹ ਵੀ ਛਕ ਲਿਆ ਅਤੇ ਹੋਰ ਪ੍ਰਸ਼ਾਦਾ ਲਿਆਉਣ ਤੋਂ ਰੋਕ ਦਿਤਾ। ਪ੍ਰਸ਼ਾਦਾ ਛਕ ਕੇ ਆਪ ਨੇ ਚੂਲਾ ਪੜ੍ਹਿਆ ਤੇ ਅਰਦਾਸ ਕੀਤੀ ਤੇ ਫੇਰ ਮਾਤਾ ਜੀ ਨੂੰ ਪੁਛਿਆ ਕਿ ਤੁਹਾਨੂੰ ਕਿਵੇਂ ਪਤਾ ਸੀ ਕਿ ਮੈਨੂੰ ਪ੍ਰਸ਼ਾਦੇ ਦੀ ਲੋੜ ਹੈ ਅਤੇ ਮੈਂ ਪ੍ਰਸ਼ਾਦਾ ਨਹੀਂ ਛਕਿਆ। ਮਾਤਾ ਕਹਿਣ ਲੱਗੀ, ਸੁਣ ਕਾਕਾ! ਮੈਂ ਬੜੀ ਹੈਰਾਨ ਹੋ ਰਹੀ ਹਾਂ ਕਿ ਕਿਸ ਤਰ੍ਹਾਂ ਪ੍ਰਭੂ ਨੇ ਮੈਨੂੰ ਪ੍ਰੇਰ ਕੇ ਤੈਨੂੰ ਪ੍ਰਸ਼ਾਦਾ ਛਕਾਉਣ ਲਈ ਕਿਹਾ। ਜਦੋਂ ਮੈਂ ਪ੍ਰਸ਼ਾਦਾ ਬਣਾ ਰਹੀ ਸੀ ਤਾਂ ਮੇਰਾ ਲੜ ਫੜ ਕੇ ਕੋਈ ਖਿੱਚ ਰਿਹਾ ਸੀ ਪਰ ਮੈਨੂੰ ਨਜ਼ਰ ਕੋਈ ਨਹੀਂ ਸੀ ਆਉਂਦਾ ਤੇ ਨਾਲ ਆਵਾਜ਼ ਆ ਰਹੀ ਸੀ ਕਿ ਜਲਦੀ ਕਰ ਬੀਬੀ! 'ਵਰਿਆਮ ਸਿੰਘ' ਨੂੰ ਪ੍ਰਸ਼ਾਦਾ ਹੁਣੇ ਛਕਾ ਕੇ ਆ, ਉਹ ਤਿੰਨ ਦਿਨਾਂ ਦਾ ਭੁੱਖਾ ਹੈ। ਇਸੇ ਕਰਕੇ ਮੈਂ ਪ੍ਰਸ਼ਾਦੇ ਉਤੇ ਸਾਗ ਪਾ ਕੇ ਲਿਆਈ ਹਾਂ ਕਿ ਕਿਤੇ ਦੇਰ ਨਾ ਹੋ ਜਾਵੇ ਅਤੇ ਦੂਜੀ ਵੇਰਾਂ ਕੌਲੀ ਵਿਚ ਸਾਗ ਪਾ ਕੇ ਲਿਆਈ ਤੇ ਪ੍ਰਸ਼ਾਦਾ ਪਲੇਟ ਵਿਚ ਰੱਖ ਕੇ ਲਿਆਈ ਹਾਂ। ਉਸ ਮਾਤਾ ਨੇ ਕਿਹਾ ਕਿ ਕਾਕਾ! ਜਿੰਨਾਂ ਚਿਰ ਤੁਸੀਂ ਇਥੇ ਹੋ, ਪ੍ਰਸ਼ਾਦਾ ਮੈਂ ਹੀ ਛਕਾਇਆ ਕਰਾਂਗੀ ਤੇ ਇਹ ਸੇਵਾ ਮੈਨੂੰ ਹੀ ਦੇ ਦਿਉ ਕਿਉਂਕਿ ਪ੍ਰਭੂ ਨੇ ਇਹ ਹੁਕਮ ਮੈਨੂੰ ਕੀਤਾ ਹੈ। ਨਾਮ ਜਪਣ ਵਾਲਿਆਂ ਗੁਰੂ ਦੇ ਸਿੱਖਾਂ ਦੀ ਸੇਵਾ ਕਰਕੇ ਗੁਰੂ ਦੀ ਪ੍ਰਸੰਨਤਾ ਮਿਲਦੀ ਹੈ। ਮੈਂ ਗੁਰਦੁਆਰਾ ਸਾਹਿਬ ਕਥਾ ਵਿਚ ਸੁਣਿਆ ਹੋਇਆ ਹੈ ਕਿ ਗੁਰੂ ਦਸ਼ਮੇਸ਼ ਪਿਤਾ ਆਪਣੇ ਪਿਆਰੇ ਗੁਰਸਿੱਖਾਂ ਦੀ ਸੇਵਾ ਕਰਨ ਵਾਲਿਆਂ ਤੇ ਪ੍ਰਸੰਨ ਹੁੰਦੇ ਹਨ ਤੇ ਉਨ੍ਹਾਂ ਨੇ ਇਸ ਪ੍ਰਕਾਰ ਹੁਕਮ ਕੀਤਾ ਹੋਇਆ ਹੈ –

***ਸੇਵ ਕਰੀ ਇਨਹੀ ਕੀ ਭਾਵਤ,***
***ਅਉਰ ਕੀ ਸੇਵ ਸੁਹਾਤ ਨ ਜੀ ਕੋ॥***
***ਦਾਨ ਦਯੋ ਇਨਹੀ ਕੋ ਭਲੋ,***
***ਜਗ ਮੈ ਜਸੁ, ਅਉਰ ਦਯੋ ਸਭ ਫੀਕੋ॥*** ***ਗਿਆਨ ਪ੍ਰਬੋਧ***
***ਪਾ: ੧੦***

ਮਾਤਾ ਜੀ ਦਾ ਇਹ ਉਤਰ ਸੁਣ ਕੇ ਬਾਬਾ ਜੀ ਚੁੱਪ ਹੋ ਗਏ ਤੇ ਭਜਨ ਕਰਨ ਵਾਸਤੇ ਕਮਰੇ ਦੇ ਦਰਵਾਜ਼ੇ ਨੂੰ ਅੰਦਰੋਂ ਕੁੰਡਾ ਲਾ ਲਿਆ ਤਾਂ ਕਿ ਹੁਣ ਕੋਈ ਪ੍ਰੇਸ਼ਾਨ ਨਾ ਕਰੇ। ਦੂਜੇ ਦਿਨ ਜਦੋਂ ਆਪ ਸਵੇਰੇ ਦਿਨ ਚੜ੍ਹੇ ਤਕ ਸਮਾਧੀ ਵਿਚ ਬੈਠੇ ਸੀ ਤਾਂ ਕਿਸੇ ਨੇ ਫੇਰ ਆ ਦਰਵਾਜ਼ਾ

ਖਟਖਟਾਇਆ। ਕੀ ਵੇਖਦੇ ਹਨ ਕਿ ਚੰਗੇ ਰੱਜੇ ਪੁੱਜੇ ਪਰਿਵਾਰ ਦੇ ਤਿੰਨ ਚਾਰ ਮੈਂਬਰ ਹਨ ਜੋ ਕਿ ਸ਼ਹਿਰ ਦੇ ਠੇਕੇਦਾਰ ਹਨ। ਬਾਬਾ ਜੀ ਦੇ ਪੁੱਛਣ ਤੇ ਉਨ੍ਹਾਂ ਨੇ ਦੱਸਿਆ ਕਿ ਸਾਨੂੰ ਅੱਜ ਚਾਰ ਦਿਨ ਹੋ ਗਏ ਹਨ, ਜਦੋਂ ਅਸੀਂ ਖਾਣਾ ਖਾਣ ਲਗਦੇ ਹਾਂ, ਸਾਡੇ ਘਰ ਵਿਚ ਇਹ ਵਿਚਾਰ ਚਲਦੀ ਹੈ ਕਿ ਅਸੀਂ ਉਸ ਗੁਰਮੁਖ ਪਿਆਰੇ ਨੂੰ ਪ੍ਰਸ਼ਾਦਾ ਵੀ ਨਹੀਂ ਛਕਾਂਦੇ ਜੋ ਹਰ ਰੋਜ਼ ਸਵੇਰੇ ਸ਼ਾਮ ਗੁਰਦੁਆਰੇ ਕਥਾ ਕੀਰਤਨ ਦੀ ਨਿਸ਼ਕਾਮ ਸੇਵਾ ਕਰਦੇ ਹਨ ਤੇ ਕਿਸੇ ਤੋਂ ਕੁਝ ਲੈਂਦੇ ਵੀ ਨਹੀਂ। ਕੀ ਅਸੀਂ ਐਨੇ ਜੋਗੇ ਵੀ ਨਹੀਂ ਹਾਂ ਕਿ ਇਕ ਗੁਰਮੁਖ ਪਿਆਰੇ ਨੂੰ ਪ੍ਰਸ਼ਾਦਾ ਛਕਾ ਸਕੀਏ? ਸਾਨੂੰ ਵਾਹਿਗੁਰੂ ਨੇ ਸਭ ਪਦਾਰਥ ਦਿਤੇ ਹਨ। ਕੀ ਸਾਡਾ ਇੰਨਾਂ ਵੀ ਫਰਜ਼ ਨਹੀਂ ਬਣਦਾ? ਇਸ ਕਰਕੇ ਅੱਜ ਅਸੀਂ ਤੁਹਾਨੂੰ ਲੈਣ ਆਏ ਹਾਂ। ਸਾਡੇ ਅੰਦਰ ਬਾਰ ਬਾਰ ਇਹੀ ਫੁਰਨਾ ਆਉਂਦਾ ਹੈ ਕਿ ਅਸੀਂ ਵੀ ਪ੍ਰਸ਼ਾਦਾ ਤਦ ਹੀ ਛਕਾਂਗੇ ਜੇਕਰ ਤੁਸੀਂ ਪਹਿਲਾਂ ਛਕੋਂਗੇ। ਇਸ ਕਰਕੇ ਸਾਡੀ ਬੇਨਤੀ ਪ੍ਰਵਾਨ ਕਰੋ। ਬਾਬਾ ਜੀ ਕਹਿਣ ਲੱਗੇ, ਠੀਕ ਹੈ ਭਾਈ, ਤੁਸੀਂ ਸਾਰੇ ਆਏ ਹੋ, ਮੈਂ ਚਲਦਾ ਹਾਂ ਪਰ ਰੋਜ਼ ਰੋਜ਼ ਸਾਥੋਂ ਇਸ ਤਰ੍ਹਾਂ ਨਹੀਂ ਜਾਇਆ ਜਾਣਾ। ਵਾਹਿਗੁਰੂ ਨੇ ਤੁਹਾਨੂੰ ਪ੍ਰੇਰ ਕੇ ਭੇਜਿਆ ਹੈ ਤੇ ਤੁਹਾਡਾ ਮਾਣ ਰੱਖਣਾ ਮੇਰਾ ਫਰਜ਼ ਹੈ। ਇਸ ਤਰ੍ਹਾਂ ਦੂਜੇ ਦਿਨ ਵੀ ਇਨ੍ਹਾਂ ਪ੍ਰੇਮੀਆਂ ਨੇ ਪ੍ਰਸ਼ਾਦਾ ਛਕਾ ਦਿਤਾ।

ਵਾਹਿਗੁਰੂ ਜੀ ਦਾ ਇਹ ਪ੍ਰਬੰਧ ਵੇਖ ਕੇ ਆਪ ਹੈਰਾਨ ਵੀ ਹੋ ਰਹੇ ਸਨ ਤੇ ਸ਼ੁਕਰਾਨਾ ਵੀ ਕਰ ਰਹੇ ਸਨ ਕਿ ਮਹਾਰਾਜ ਜੀ! ਇਹ ਆਪ ਨੇ ਕਿਸ ਤਰ੍ਹਾਂ ਦਾ ਪ੍ਰਬੰਧ ਕੀਤਾ ਹੈ, ਕਦੀ ਕਿਸੇ ਦੇ ਘਰ ਜਾਵੋ ਤੇ ਕਦੀ ਕਿਸੇ ਦਾ ਪ੍ਰਸ਼ਾਦਾ ਛਕੋ, ਇਸ ਤਰ੍ਹਾਂ ਨਾਲ ਤਾਂ ਮੇਰੇ ਭਜਨ ਵਿਚ ਖੱਲਲ ਪੈਦਾ ਹੁੰਦੀ ਹੈ ਤੇ ਟਿਕ ਕੇ ਬੈਠਣਾ ਮੁਸ਼ਕਲ ਹੋ ਜਾਂਦਾ ਹੈ, ਭਜਨ ਦੇ ਅਨੰਦ ਵਿਚ ਵਿਘਨ ਪੈ ਜਾਂਦਾ ਹੈ।

ਆਪ ਦੇ ਇਸ ਫੁਰਨੇ ਨੂੰ ਪੂਰਾ ਕਰਨ ਲਈ ਇਕ ਹੋਰ ਕੌਤਕ ਰਚ ਦਿਤਾ ਕਿ ਤੀਸਰੇ ਦਿਨ ਬਾਬਾ ਜੀ ਦੇ ਬੂਹੇ ਅੱਗੇ ਇਕ ਕਾਰ ਆ ਕੇ ਰੁਕੀ ਤੇ ਇਕ ਮਾਤਾ ਬਾਹਰ ਨਿਕਲੀ। ਉਸ ਦੇ ਨਾਲ ਪਰਿਵਾਰ ਦੇ ਹੋਰ ਮੈਂਬਰ ਵੀ ਸਨ। ਇਹ ਸ਼ਹਿਰ ਦਾ ਮੰਨਿਆ ਹੋਇਆ ਅਮੀਰ ਪਰਿਵਾਰ ਸੀ ਜਿਸ ਦੇ ਸਿਨਮਾ ਘਰ, ਕੋਠੀਆਂ, ਜ਼ਮੀਨ, ਦੁਕਾਨਾਂ ਅਨੇਕਾਂ ਤਰ੍ਹਾਂ ਦੀ ਜਾਇਦਾਦ ਸੀ ਅਤੇ ਇਨ੍ਹਾਂ ਨੂੰ ਬਖਸ਼ੀ ਕਹਿ ਕੇ ਪੁਕਾਰਿਆ ਜਾਂਦਾ ਸੀ। ਉਸ ਮਾਤਾ ਨੇ ਦਰਵਾਜ਼ੇ ਦਾ ਕੁੰਡਾ ਖੜਕਾਇਆ ਤੇ ਬਾਬਾ ਜੀ ਸਮਾਧੀ ਤੋਂ ਉਥਾਨ ਹੋ ਕੇ ਬਾਹਰ ਆ ਗਏ। ਕਹਿਣ ਲੱਗੇ, ਦੱਸੋ ਕਿਸ ਤਰ੍ਹਾਂ ਨਾਲ ਆਏ ਹੋ ਅਤੇ ਮੇਰੇ ਨਾਲ ਤੁਹਾਨੂੰ ਕੀ ਕੰਮ ਹੈ? ਉਹ ਕਹਿਣ ਲੱਗੀ, ਦੇਖੋ ਸਿੰਘ ਸਾਹਿਬ! ਅਸੀਂ ਤਾਂ ਬੇਨਤੀ ਕਰਨ ਆਏ ਹਾਂ ਕਿ ਅਸੀਂ ਸਾਰੇ ਪਰਿਵਾਰ ਨੇ ਫੈਸਲਾ ਕੀਤਾ ਹੈ ਕਿ ਤੁਸੀਂ ਸਾਡੇ ਗ੍ਰਹਿ ਵਿਖੇ ਹੀ ਸਾਡੀ ਕੋਠੀ ਵਿਚ ਨਿਵਾਸ ਕਰੋ ਅਤੇ ਤੁਹਾਡੇ ਲਈ ਪ੍ਰਸ਼ਾਦੇ ਆਦਿ ਦੀ ਸੇਵਾ ਕਰਕੇ ਸਾਨੂੰ ਪ੍ਰਸੰਨਤਾ ਮਿਲੇਗੀ। ਇਸ ਕਰਕੇ ਹੁਣ ਅਸੀਂ ਤੁਹਾਨੂੰ ਲੈਣ ਵਾਸਤੇ ਆਏ ਹਾਂ। ਸਾਡੀ ਬੇਨਤੀ ਪ੍ਰਵਾਨ ਕਰੋ ਤੇ ਸਾਡੇ ਗ੍ਰਹਿ ਨੂੰ ਪਵਿੱਤਰ ਕਰੋ। ਜਦੋਂ

ਦੇ ਅਸੀਂ ਆਪਦਾ ਕਥਾ ਕੀਰਤਨ ਗੁਰਦੁਆਰਾ ਸਾਹਿਬ ਵਿਖੇ ਸੁਣਦੇ ਆ ਰਹੇ ਹਾਂ ਅਸੀਂ ਬਹੁਤ ਪ੍ਰਭਾਵਿਤ ਹੋਏ ਹਾਂ ਕਿ ਤੁਸੀਂ ਨਾ ਹੀ ਕੀਰਤਨ ਕਥਾ ਦੀ ਭੇਟਾ ਲੈਂਦੇ ਹੋ ਤੇ ਨਾ ਹੀ ਆਪਣਾ ਪਰੀਚੈ ਦਿੰਦੇ ਹੋ। ਅਸੀਂ ਮਹਿਸੂਸ ਕੀਤਾ ਹੈ ਕਿ ਤੁਸੀਂ ਗੁਪਤ ਵਰਤ ਕੇ ਆਪਣੇ ਆਪ ਨੂੰ ਛੁਪਾਉਣਾ ਚਾਹੁੰਦੇ ਹੋ। ਸਾਨੂੰ ਵੀ ਵਾਹਿਗੁਰੂ ਵਲੋਂ ਪ੍ਰੇਰਨਾ ਹੋਈ ਹੈ ਕਿ ਤੁਹਾਡੀ ਸੇਵਾ ਕਰਕੇ ਜੀਵਨ ਸਫਲਾ ਕਰੀਏ। ਬਾਬਾ ਜੀ ਇਸ ਪਰਿਵਾਰ ਦੇ ਨਿਸ਼ਚੇ, ਦ੍ਰਿੜ੍ਹਤਾ ਤੇ ਸ਼ਰਧਾ ਤੋਂ ਪ੍ਰਭਾਵਿਤ ਤਾਂ ਹੋਏ ਪਰੰਤੂ ਮਨ ਹੀ ਮਨ ਵਿਚ ਇਹ ਵਿਚਾਰ ਚਲ ਰਹੀ ਸੀ ਕਿ ਇਸ ਨਾਲ ਸੁਤੰਤਰਤਾ ਖਤਮ ਹੋ ਜਾਵੇਗੀ ਤੇ ਭਜਨ ਬੰਦਗੀ ਜੋ ਕਿ ਗੁਪਤ ਕੀਤੀ ਜਾ ਰਹੀ ਹੈ, ਉਸ ਬਾਰੇ ਇਨ੍ਹਾਂ ਨੂੰ ਪਤਾ ਲਗ ਜਾਏਗਾ। ਦੂਜੇ ਪਾਸੇ ਗੁਰੂ ਮਹਾਰਾਜ ਜੀ ਦਾ ਵੀ ਨਿਰਮਲ ਭੈਅ ਸੀ ਕਿ ਮਹਾਰਾਜ ਕਿਤੇ ਗੁੱਸੇ ਨਾ ਹੋ ਜਾਣ ਕਿ ਅਸੀਂ ਤਾਂ ਇਸ ਦੀ ਸੇਵਾ ਤੇ ਭਜਨ ਬੰਦਗੀ ਕਰਨ ਦੀ ਸੁਵਿਧਾ ਲਈ ਵੱਡੇ ਤੋਂ ਵੱਡੇ ਅਮੀਰ ਬੰਦਿਆਂ ਨੂੰ ਪ੍ਰੇਰ ਕੇ ਭੇਜ ਰਹੇ ਹਾਂ ਤੇ ਇਹ ਸਾਡਾ ਅੰਤਵਾਰਾ ਲੈਣਾ ਚਾਹੁੰਦਾ ਹੈ। ਇਨ੍ਹਾਂ ਦੋਵਾਂ ਗੱਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਬਾਬਾ ਜੀ ਨੂੰ ਇਸ ਪਰਿਵਾਰ ਦੀ ਬੇਨਤੀ ਪ੍ਰਵਾਨ ਕਰਨੀ ਪਈ ਅਤੇ ਉਨ੍ਹਾਂ ਦੀ ਕਾਰ ਵਿਚ ਬੈਠ ਕੇ ਆਪ ਜੀ ਘਰ ਚਲੇ ਗਏ। ਕੋਠੀ ਬਹੁਤ ਵੱਡੀ ਸੀ, ਬਹੁਤ ਕਮਰੇ ਸਨ ਤੇ ਬਾਬਾ ਜੀ ਨੂੰ ਉਨ੍ਹਾਂ ਨੇ ਬੇਨਤੀ ਕੀਤੀ ਕਿ ਆਪ ਨੂੰ ਜਿਹੜਾ ਕਮਰਾ ਪਸੰਦ ਹੈ ਉਥੇ ਹੀ ਨਿਵਾਸ ਕਰ ਲਵੋ। ਬਾਬਾ ਜੀ ਨੇ ਬਾਹਰਲੇ ਪਾਸੇ ਦਾ ਕਮਰਾ ਪਸੰਦ ਕੀਤਾ ਜਿਸ ਦਾ ਦਰਵਾਜ਼ਾ ਪਿਛਲੇ ਵਿਹੜੇ ਵਿਚ ਲੱਗੇ ਬਗੀਚੇ ਵਲ ਖੁਲ੍ਹਦਾ ਸੀ ਅਤੇ ਜਿਥੇ ਕਿਸੇ ਦਾ ਰੌਲਾ ਰੱਪਾ ਵੀ ਨਹੀਂ ਸੀ ਤੇ ਭਜਨ ਕਰਨ ਵਾਸਤੇ ਇਕਾਂਤ ਸੀ। ਬਾਬਾ ਜੀ ਨੇ ਸਾਰੇ ਪਰਿਵਾਰ ਦੇ ਮੈਂਬਰਾਂ ਨੂੰ ਬੁਲਾ ਕੇ ਕਿਹਾ ਕਿ ਠੀਕ ਹੈ ਤੁਸੀਂ ਮੈਨੂੰ ਇਥੇ ਲੈ ਆਏ ਹੋ, ਤੁਹਾਡਾ ਬਹੁਤ ਧੰਨਵਾਦ ਹੈ ਪਰ ਇਥੇ ਰਹਿਣ ਲਈ ਮੇਰੀਆਂ ਦੋ ਤਿੰਨ ਬੇਨਤੀਆਂ ਹਨ; ਜੇਕਰ ਤੁਸੀਂ ਮੰਨ ਸਕਦੇ ਹੋ ਤਾਂ ਹੀ ਮੈਂ ਇਥੇ ਟਿਕ ਕੇ ਰਹਿ ਸਕਦਾ ਹਾਂ ਪਰੰਤੂ ਜੇਕਰ ਕਦੀ ਵੀ ਇਨ੍ਹਾਂ ਦੀ ਉਲੰਘਣਾ ਹੋਵੇਗੀ, ਫੇਰ ਮੈਂ ਚੁੱਪ ਚਾਪ ਚਲਿਆ ਜਾਵਾਂਗਾ। ਪਹਿਲੀ ਬੇਨਤੀ ਇਹ ਹੈ ਕਿ ਤੁਸੀਂ ਕਦੀ ਵੀ ਕਿਸੇ ਆਂਢੀ ਗਵਾਂਢੀ ਨਾਲ ਮੇਰੀ ਭਜਨ ਬੰਦਗੀ ਬਾਰੇ ਗੱਲ ਨਹੀਂ ਕਰੋਗੇ ਕਿ ਇਹ ਇਤਨਾ ਸਮਾਂ ਬੈਠੇ ਰਹਿੰਦੇ ਹਨ। ਦੂਸਰਾ ਇਹ ਹੈ ਕਿ ਚੌਵੀ ਘੰਟਿਆਂ ਵਿਚ ਮੈਨੂੰ ਛੋਟੀ ਜਿਹੀ ਇਕ ਕੌਲੀ ਦਾਲ ਦੀ ਅਤੇ ਇਕ ਪ੍ਰਸ਼ਾਦਾ ਚਾਹੀਦਾ ਹੈ ਅਤੇ ਤੁਸੀਂ ਕਦੀ ਵੀ ਮੇਰੀ ਖੁਰਾਕ ਬਾਰੇ ਕਿਸੇ ਨਾਲ ਗੱਲ ਨਹੀਂ ਕਰੋਗੇ। ਤੀਸਰਾ ਕਦੀ ਵੀ ਮੇਰੇ ਕਮਰੇ ਵਿਚ ਕੋਈ ਬੀਬੀ ਕਿਸੇ ਬਹਾਨੇ ਨਹੀਂ ਆਵੇਗੀ, ਭਾਵੇਂ ਤੁਸੀਂ ਮੇਰੀ ਮਾਤਾ ਸਮਾਨ ਹੋ ਤੇ ਲੜਕੀਆਂ ਮੇਰੀਆਂ ਭੈਣਾਂ ਸਮਾਨ ਹਨ, ਪਰ ਕਮਰੇ ਵਿਚ ਆਉਣ ਦੀ ਜਾਂ ਕਿਸੇ ਕਿਸਮ ਦੀ ਗੱਲ ਕਰਨ ਦੀ ਆਗਿਆ ਨਹੀਂ ਹੋਵੇਗੀ। ਜੇਕਰ ਤੁਹਾਨੂੰ ਮੇਰੀਆਂ ਇਹ ਸ਼ਰਤਾਂ ਮੰਨਜ਼ੂਰ ਹਨ ਫੇਰ ਤਾਂ ਮੈਂ ਇਥੇ ਰਹਿ ਸਕਦਾ ਹਾਂ, ਜੇਕਰ ਨਹੀਂ ਤਾਂ ਤੁਸੀਂ ਹੁਣੇ ਹੀ ਮੇਰੀ ਫਤਹਿ ਪ੍ਰਵਾਨ ਕਰੋ।

ਬਾਬਾ ਜੀ ਵਲੋਂ ਸਪਸ਼ਟ ਸ਼ਬਦਾਂ ਵਿਚ ਇਹ ਤਾੜਨਾ ਸੁਣ ਕੇ ਸਾਰੇ

ਅੰਦਰੋ ਅੰਦਰੀ ਹੈਰਾਨ ਹੋ ਰਹੇ ਸਨ ਕਿ ਦੇਖੋ, ਗੁਰਮੁਖ ਪਿਆਰੇ ਵਿਚ ਕਿੰਨੀ ਬੇਪਰਵਾਹੀ ਹੈ। ਬੇਪਰਵਾਹੀ ਇਸ ਕਰਕੇ ਹੁੰਦੀ ਹੈ ਕਿ ਪ੍ਰਭੂ ਦੇ ਪਿਆਰੇ ਹਮੇਸ਼ਾ ਪ੍ਰਭੂ ਦੇ ਰੰਗ ਵਿਚ ਰੰਗੇ ਰਹਿੰਦੇ ਹਨ ਅਤੇ ਵਾਹਿਗੁਰੂ ਤੋਂ ਬਿਨਾਂ ਉਨ੍ਹਾਂ ਨੂੰ ਹੋਰ ਕਿਸੇ ਦੀ ਪਰਵਾਹ ਨਹੀਂ ਹੋਇਆ ਕਰਦੀ।

***ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ॥***
***ਪੰਨਾ - 711***

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥***
***ਪੰਨਾ - 473***

ਪ੍ਰਭੂ ਪਿਆਰਿਆਂ ਦਾ ਕਿਹਾ ਹੋਇਆ ਦਰਗਾਹ ਵਿਚ ਚਲਦਾ ਹੈ, ਉਨ੍ਹਾਂ ਨੂੰ ਦੁਨੀਆਂਦਾਰਾਂ ਦੀ ਪਰਵਾਹ ਨਹੀਂ ਹੋਇਆ ਕਰਦੀ ਕਿਉਂਕਿ ਉਨ੍ਹਾਂ ਦਾ ਆਸਰਾ ਕੇਵਲ ਪ੍ਰਭੂ ਹੋਇਆ ਕਰਦਾ ਹੈ -

***ਜਾ ਕਾ ਕਹਿਆ ਦਰਗਹ ਚਲੈ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ॥ ਪੰਨਾ - 186***

ਸਾਰੇ ਪਰਿਵਾਰ ਨੇ ਬਾਬਾ ਜੀ ਦੇ ਬਚਨਾਂ ਤੇ ਫੁੱਲ ਚੜ੍ਹਾਏ ਅਤੇ ਕਿਹਾ ਕਿ ਅਸੀਂ ਇਨ੍ਹਾਂ ਨੂੰ ਪੂਰੀ ਤਰ੍ਹਾਂ ਨਿਭਾਉਣ ਦਾ ਯਤਨ ਕਰਾਂਗੇ। ਇਸ ਤੋਂ ਬਾਅਦ ਬਾਬਾ ਜੀ ਨੇ ਕਮਰੇ ਵਿਚ ਪ੍ਰਵੇਸ਼ ਕੀਤਾ ਅਤੇ ਨਿਤ ਕਰਮ ਅਨੁਸਾਰ ਸਾਰਾ ਸਾਰਾ ਦਿਨ ਕਮਰਾ ਬੰਦ ਕਰਕੇ ਅੰਦਰ ਹੀ ਬੈਠੇ ਪ੍ਰਭੂ ਭਗਤੀ ਵਿਚ ਲੀਨ ਰਹਿੰਦੇ ਸਨ। ਇਸ ਤਰ੍ਹਾਂ ਕਰਦੇ ਕਰਦੇ ਤਕਰੀਬਨ ਦੋ ਮਹੀਨੇ ਦਾ ਸਮਾਂ ਬੀਤ ਗਿਆ ਤਾਂ ਇਕ ਦਿਨ ਆਪ ਨੇ ਧਿਆਨ ਦਿਤਾ ਕਿ ਆਪ ਜਦੋਂ ਬਾਹਰ ਜਾ ਰਹੇ ਸਨ ਤਾਂ ਦੋ ਮਾਈਆਂ ਆਪਸ ਵਿਚ ਗੱਲਬਾਤ ਕਰ ਰਹੀਆਂ ਸਨ ਕਿ ਇਹ ਗੁਰਸਿੱਖ ਜੋ ਬਖਸ਼ੀ ਜੀ ਦੇ ਘਰ ਟਿਕੇ ਹੋਏ ਹਨ, ਸਾਰਾ ਦਿਨ ਸਾਰੀ ਰਾਤ ਭਗਤੀ ਕਰਦੇ ਰਹਿੰਦੇ ਹਨ ਅਤੇ ਕੇਵਲ ਇਕ ਪ੍ਰਸ਼ਾਦਾ ਤੇ ਇਕ ਛੋਟੀ ਜਿਹੀ ਕੌਲੀ ਸਬਜ਼ੀ ਜਾਂ ਦਾਲ ਦੀ ਛਕਦੇ ਹਨ, ਦੇਖੋ ਛੋਟੀ ਉਮਰ ਵਿਚ ਕਿੰਨੀ ਕਮਾਈ ਕਰ ਰਹੇ ਹਨ।

ਰਾਤ ਦੇ ਦੀਵਾਨ ਵਿਚ ਜਦੋਂ ਗੁਰਦੁਆਰਾ ਸਾਹਿਬ ਹਾਜ਼ਰੀ ਭਰਨ ਗਏ, ਉਥੇ ਵੀ ਇਕ ਦੋ ਪ੍ਰੇਮੀਆਂ ਤੋਂ ਇਹੋ ਜਿਹੀ ਚਰਚਾ ਸੁਣਨ ਵਿਚ ਆਈ ਪਰ ਆਪ ਨੇ ਪਸੰਦ ਨਾ ਕੀਤੀ ਕਿਉਂਕਿ ਗੁਰੂ ਦੇ ਪਿਆਰੇ ਗੁਰਮੁਖ, ਗੁਰਸਿੱਖ ਆਪਣੀ ਮਹਿਮਾ ਤੇ ਵਡਿਆਈ ਨੂੰ ਪਸੰਦ ਨਹੀਂ ਕਰਿਆ ਕਰਦੇ ਅਤੇ ਜੇਕਰ ਕੋਈ ਨਿੰਦਿਆ ਕਰੀ ਜਾਵੇ ਤਾਂ ਵੀ ਦੁਖੀ ਨਹੀਂ ਹੋਇਆ ਕਰਦੇ।

***ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥***
***ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥***
***ਪੰਨਾ - 219***

ਉਹ ਤਾਂ ਇਨ੍ਹਾਂ ਦੋਵਾਂ ਚੀਜ਼ਾਂ ਤੋਂ ਉਪਰ ਹੋ ਕੇ ਵਿਚਰਿਆ ਕਰਦੇ ਹਨ ਅਤੇ ਪਰਮ ਪਦ ਦੀ ਪ੍ਰਾਪਤੀ ਲਈ ਮਸ਼ੱਕਤਾਂ ਘਾਲਦੇ ਰਹਿੰਦੇ ਹਨ ਅਤੇ ਉਨ੍ਹਾਂ ਦੇ ਰਾਹੀਂ ਅਨੇਕਾਂ ਪ੍ਰਾਣੀਆਂ ਦਾ ਉਧਾਰ ਹੋ ਜਾਇਆ ਕਰਦਾ ਹੈ।

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥ ਪੰਨਾ - 8*

ਬਾਬਾ ਜੀ ਨੇ ਮਨ ਹੀ ਮਨ ਵਿਚ ਫੈਸਲਾ ਕਰ ਲਿਆ ਕਿ ਹੁਣ ਇਥੇ ਨਹੀਂ ਟਿਕਣਾ ਅਤੇ ਚੁਪ ਚਪੀਤੇ ਚਲੇ ਜਾਣਾ ਹੈ। ਇਸ ਘਟਨਾ ਬਾਰੇ ਆਪ ਜੀ ਦੱਸਿਆ ਕਰਦੇ ਸੀ ਕਿ ਮੈਂ ਅੰਮ੍ਰਿਤ ਵੇਲੇ ਜਦੋਂ ਸਾਰਾ ਟੱਬਰ ਸੁੱਤਾ ਪਿਆ ਸੀ, ਆਪਣਾ ਕਛਹਿਰਾ ਪਰਨਾ ਚੁਕਿਆ ਤੇ ਚਲ ਪਿਆ, ਬੱਸ ਇਹੀ ਮੇਰੀ ਪੂੰਜੀ ਸੀ ਕਿਉਂਕਿ ਮੇਰੇ ਕੋਲ ਨਾ ਹੀ ਕੋਈ ਪੈਸਾ ਸੀ, ਨਾ ਹੀ ਕੋਈ ਸਮਾਨ ਸੀ। ਮੈਨੂੰ ਆਪਣੇ ਆਪ ਨੂੰ ਖੁਦ ਨੂੰ ਪਤਾ ਨਹੀਂ ਸੀ ਕਿ ਮੈਂ ਕਿਥੇ ਜਾਣਾ ਹੈ ਤੇ ਕਿਹੜੀ ਦਿਸ਼ਾ ਵਲ ਜਾਣਾ ਹੈ ਪਰ ਵਾਹਿਗੁਰੂ ਤੇ ਭਰੋਸਾ ਸੀ ਕਿ ਜਿਥੇ ਲੈ ਜਾਵੇਗਾ ਉਥੇ ਚਲੇ ਜਾਵਾਂਗੇ।

ਨਾਮ ਦੀ ਮਸਤੀ ਵਿਚ ਆਪ ਤੁਰੇ ਜਾ ਰਹੇ ਹਨ ਤੇ ਆਪ ਦੇ ਕਦਮ ਆਪ ਨੂੰ ਰੇਲਵੇ ਸਟੇਸ਼ਨ ਤੇ ਲੈ ਗਏ ਅਤੇ ਵਿਚਾਰ ਆਈ ਕਿ ਜਿਹੜੀ ਟਰੇਨ ਪਹਿਲਾਂ ਟੁਰੇਗੀ, ਉਸ ਵਿਚ ਬੈਠ ਜਾਵਾਂਗੇ। ਇਸੇ ਤਰ੍ਹਾਂ ਨਾਲ ਹੋਇਆ, ਆਪ ਟਰੇਨ ਵਿਚ ਬੈਠ ਗਏ ਜੋ ਪਹਿਲਾਂ ਟੁਰਨ ਵਾਲੀ ਸੀ। ਆਪ ਨੇ ਇਹ ਨਹੀਂ ਪੁਛਿਆ ਕਿ ਇਹ ਟਰੇਨ ਕਿਧਰ ਜਾਵੇਗੀ। ਗਾਰਡ ਨੇ ਸੀਟੀ ਦਿਤੀ, ਟਰੇਨ ਚਲ ਪਈ। ਆਪ ਜਿਸ ਡੱਬੇ ਵਿਚ ਬੈਠੇ ਹੋਏ ਸਨ, ਥੋੜ੍ਹੀ ਦੇਰ ਬਾਅਦ ਟਿਕਟਾਂ ਦੀ ਚੈਕਿੰਗ ਕਰਨ ਲਈ ਟਿਕਟ ਚੈਕਰ ਉਸ ਡੱਬੇ ਵਿਚ ਵੀ ਪਹੁੰਚ ਗਿਆ ਤੇ ਜਿਨ੍ਹਾਂ ਕੋਲ ਟਿਕਟ ਨਹੀਂ ਸੀ ਉਨ੍ਹਾਂ ਨੂੰ ਇਕ ਪਾਸੇ ਬਿਠਾ ਲਿਆ। ਬਾਬਾ ਜੀ ਦੇ ਮਨ ਵਿਚ ਖਿਆਲ ਆਇਆ ਕਿ ਠੀਕ ਹੈ, ਮੈਂ ਤਾਂ ਭਜਨ ਹੀ ਕਰਨਾ ਹੈ ਜੇ ਵਾਹਿਗੁਰੂ ਦੀ ਇਹੋ ਮਰਜ਼ੀ ਹੈ, ਇਕਾਂਤ ਵਿਚ ਭਜਨ ਕਰਿਆ ਕਰਾਂਗੇ, ਸਰੀਰ ਲਈ ਦੋ ਪ੍ਰਸ਼ਾਦੇ ਹੀ ਚਾਹੀਦੇ ਹਨ, ਉਹ ਤਾਂ ਵਾਹਿਗੁਰੂ ਨੇ ਦੇਣੇ ਹੀ ਹਨ। ਵਾਹਿਗੁਰੂ ਜੀ ਨੇ ਸਾਰਾ ਕੁਝ ਪਰਤੱਖ ਕਰਕੇ ਵਿਖਾ ਦਿਤਾ ਹੈ। ਜਿਵੇਂ ਮੇਰੇ ਪਿਆਰੇ ਦੀ ਰਜ਼ਾਅ ਹੈ, ਉਸ ਵਿਚ ਹੀ ਰਾਜ਼ੀ ਰਹਿਣਾ ਹੈ। ਹਾਲੇ ਆਪ ਜੀ ਇਨ੍ਹਾਂ ਵਿਚਾਰਾਂ ਅੰਦਰ ਹੀ ਸਨ ਕਿ ਟੀ.ਟੀ. ਆਪ ਦੇ ਕੋਲ ਆ ਕੇ ਬੈਠ ਗਿਆ ਅਤੇ ਟਿਕਟ ਬਾਰੇ ਕੋਈ ਗੱਲ ਨਹੀਂ ਕੀਤੀ ਕਿ ਤੁਹਾਡੇ ਪਾਸ ਟਿਕਟ ਹੈ ਜਾਂ ਨਹੀਂ ਸਗੋਂ ਪਿਆਰ ਨਾਲ ਪੁੱਛਣ ਲਗ ਪਿਆ ਕਿ ਸਰਦਾਰ ਸਾਹਿਬ! ਤੁਸੀਂ ਕਿਥੇ ਜਾਣਾ ਹੈ? ਇਹ ਸੁਣ ਕੇ ਬਾਬਾ ਜੀ ਨੇ ਮੁਸਕਰਾਹਟ ਭਰੇ ਚਿਹਰੇ ਨਾਲ ਉਤਰ ਦਿਤਾ ਕਿ ਪਤਾ ਨਹੀਂ ਮੇਰਾ ਪਿਆਰਾ ਮੈਨੂੰ ਕਿਧਰ ਲਿਜਾਣਾ ਚਾਹੁੰਦਾ ਹੈ ਪਰ ਮੈਂ ਅਗਲੇ ਸਟੇਸ਼ਨ ਤੇ ਉਤਰ ਜਾਵਾਂਗਾ। ਟੀ.ਟੀ. ਵੀ ਬਾਬਾ ਜੀ ਦੇ ਰੂਹਾਨੀ ਚਿਹਰੇ ਦੇ ਦਰਸ਼ਨ ਕਰਕੇ ਪ੍ਰਭਾਵਿਤ ਹੋਣੋ ਨਹੀਂ ਰਹਿ ਸਕਿਆ ਅਤੇ ਬਾਬਾ

ਜੀ ਦੇ ਇਸ ਉਤਰ ਨੂੰ ਸੁਣ ਕੇ ਉਸ ਦਾ ਮਨ ਕਰਦਾ ਸੀ ਕਿ ਮੈਂ ਵੀ ਇਸ ਪ੍ਰਭੂ ਪਿਆਰੇ ਦੇ ਕੁਝ ਕੰਮ ਆ ਸਕਾਂ।

ਜਦੋਂ ਅਗਲਾ ਸਟੇਸ਼ਨ ਆਇਆ, ਟਰੇਨ ਰੁਕ ਗਈ ਤੇ ਟੀ. ਟੀ. ਬਾਬੂ ਵੀ ਬਾਬਾ ਜੀ ਦੇ ਨਾਲ ਹੇਠਾਂ ਉਤਰ ਆਇਆ ਅਤੇ ਦੂਰੋਂ ਹੀ ਟਿਕਟ ਕੁਲੈਕਟਰ ਬਾਬੂ ਜੋ ਬਾਹਰ ਜਾਣ ਵਾਲੇ ਮੁਸਾਫਰਾਂ ਦੇ ਟਿਕਟ ਚੈਕ ਕਰ ਰਿਹਾ ਸੀ, ਉਸ ਨੂੰ ਹੱਥ ਨਾਲ ਇਸ਼ਾਰਾ ਕਰਕੇ ਕੁਝ ਸਮਝਾਇਆ ਅਤੇ ਆਪ ਵਾਪਸ ਚਲਾ ਗਿਆ। ਜਦੋਂ ਬਾਬਾ ਜੀ ਗੇਟ ਪਾਸ ਪਹੁੰਚੇ ਤਾਂ ਉਸ ਨੇ ਬਾਬਾ ਜੀ ਨੂੰ ਕਿਹਾ ਕਿ ਆਪ ਕੁਝ ਦੇਰ ਇਥੇ ਹੀ ਰੁਕੋ, ਮੈਂ ਹੁਣੇ ਕੰਮ ਖਤਮ ਕਰਕੇ ਆਪ ਨਾਲ ਗੱਲ ਕਰਦਾ ਹਾਂ। ਜਦੋਂ ਟਰੇਨ ਤੁਰ ਪਈ ਤੇ ਕੋਈ ਮੁਸਾਫਰ ਬਾਹਰ ਆਉਣ ਵਾਲਾ ਨਹੀਂ ਸੀ ਤਾਂ ਉਸ ਕੁਲੈਕਟਰ ਬਾਬੂ ਜੀ ਨੇ ਬਾਬਾ ਜੀ ਨੂੰ ਨਿਮਰਤਾ ਸਹਿਤ ਹੱਥ ਜੋੜ ਕੇ ਸਵਾਲ ਕੀਤਾ ਕਿ ਭਾਈ ਸਾਹਿਬ! ਹੁਣ ਦੁਪਿਹਰ ਹੋਣ ਵਾਲੀ ਹੈ, ਆਪ ਨੇ ਪ੍ਰਸ਼ਾਦਾ ਨਹੀਂ ਛਕਿਆ ਹੋਵੇਗਾ, ਇਸ ਕਰਕੇ ਆਪ ਮੇਰੇ ਨਾਲ ਘਰ ਚਲੋ, ਆਹ ਨੇੜੇ ਹੀ ਰੇਲਵੇ ਕਲੋਨੀ ਵਿਚ ਮੇਰਾ ਘਰ ਹੈ। ਆਪ ਨੂੰ ਪ੍ਰਸ਼ਾਦਾ ਛਕਾ ਕੇ ਮੈਨੂੰ ਬੜੀ ਪ੍ਰਸੰਨਤਾ ਹੋਵੇਗੀ। ਇਸ ਕਰਕੇ ਇਹ ਸੇਵਾ ਮੈਨੂੰ ਬਖਸ਼ੋ, ਮੈਂ ਆਪ ਨੂੰ ਪ੍ਰਸ਼ਾਦਾ ਛਕਾਏ ਬਿਨਾ ਅੱਗੇ ਨਹੀਂ ਜਾਣ ਦੇਣਾ।

ਬਾਬਾ ਜੀ ਬਾਰ ਬਾਰ ਉਸ ਵਾਹਿਗੁਰੂ ਦਾ ਧੰਨਵਾਦ ਕਰਦੇ ਹੋਏ ਹੈਰਾਨ ਹੋ ਰਹੇ ਸਨ ਕਿ ਹੇ ਵਾਹਿਗੁਰੂ ਜੀ! ਆਪ ਦਾ ਇੰਤਜ਼ਾਮ ਕਿੱਡਾ ਵੱਡਾ ਹੈ ਕਿ ਆਪ ਜੀ ਇਤਨਾ ਨੇੜੇ ਹੋ ਕੇ ਵਰਤ ਰਹੇ ਹੋ ਕਿ ਪਹਿਲਾਂ ਆਪ ਨੇ ਉਸ ਟਿਕਟ ਚੈਕਰ ਬਾਬੂ ਜੀ ਨੂੰ ਪ੍ਰੇਰਿਆ, ਉਸ ਨੇ ਨਾ ਹੀ ਮੇਰੇ ਤੋਂ ਟਿਕਟ ਪੁਛਿਆ ਤੇ ਨਾ ਹੀ ਇਸ ਬਾਰੇ ਕੋਈ ਗੱਲ ਕੀਤੀ ਸਗੋਂ ਬੜੇ ਆਦਰ ਨਾਲ ਮੇਰੇ ਨਾਲ ਹੇਠਾਂ ਆ ਕੇ ਹੱਥ ਦਾ ਇਸ਼ਾਰਾ ਕੀਤਾ ਕਿ ਇਨ੍ਹਾਂ ਨੂੰ ਟਿਕਟ ਨਹੀਂ ਪੁਛਣੀ। ਹੁਣ ਜਦੋਂ ਕਿ ਮੈਂ ਸਵੇਰ ਤੋਂ ਕੋਈ ਜਲ ਪਾਣੀ, ਪ੍ਰਸ਼ਾਦਾ ਆਦਿ ਨਹੀਂ ਛਕਿਆ ਤਾਂ ਆਪ ਨੇ ਇਸ ਨੂੰ ਪ੍ਰਸ਼ਾਦਾ ਛਕਾਉਣ ਲਈ ਪ੍ਰੇਰ ਦਿਤਾ।

ਇਸ ਘਟਨਾ ਨੂੰ ਦੇਖ ਕੇ ਇਹ ਗੱਲ ਨਿਸ਼ਚੇ ਤੌਰ ਤੇ ਪ੍ਰਤੱਖ ਹੋ ਜਾਂਦੀ ਹੈ ਕਿ ਪ੍ਰਭੂ ਆਪਣੇ ਪਿਆਰੇ ਦੇ ਕੰਮ ਆਪ ਹੀ ਕਰਦਾ ਹੈ। ਜਿਸ ਨੂੰ ਹਰੀ ਦੇ ਨਾਮ ਨਾਲ ਪਿਆਰ ਹੁੰਦਾ ਹੈ ਅਤੇ ਨਾਮ ਹੀ ਜਿਸਦਾ ਅਧਾਰ ਹੁੰਦਾ ਹੈ, ਉਸ ਦੇ ਕੰਮ ਤਾਂ ਉਹ ਆਪ ਹੀ ਕਰਿਆ ਕਰਦਾ ਹੈ। ਗੁਰਬਾਣੀ ਦਾ ਪਵਿੱਤਰ ਫੁਰਮਾਨ ਹੈ –

***ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ***
***ਜਿਨ ਹਰਿ ਕਾ ਨਾਮੁ ਪਿਆਰਾ।।*** ***ਪੰਨਾ – 638***

ਪ੍ਰਭੂ ਦੇ ਪਿਆਰਿਆਂ ਦੇ ਮਨ ਵਿਚ ਪੂਰੀ ਪ੍ਰਤੀਤ ਤੇ ਭਰੋਸਾ ਹੁੰਦਾ ਹੈ ਕਿ ਰਿਜ਼ਕ ਪ੍ਰਭੂ ਨੇ ਦੇਣਾ ਹੈ ਕਿਉਂਕਿ ਉਹ ਤਾਂ ਪੱਥਰ ਵਿਚ ਰਹਿੰਦੇ

ਕੀੜੇ ਨੂੰ ਵੀ ਰਿਜ਼ਕ ਦਿੰਦਾ ਹੈ ਤੇ ਉਸ ਵਾਸਤੇ ਚਿੰਤਾ ਨਹੀਂ ਕਰਿਆ ਕਰਦੇ –

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ॥* *ਪੰਨਾ – 10*

ਮਹਾਰਾਜ ਜੀ ਦਾ ਫੁਰਮਾਨ ਹੈ ਕਿ ਸਭ ਦੇ ਮਸਤਕ ਉਤੇ ਰਿਜ਼ਕ ਦੀ ਰੇਖਾ ਲਿਖੀ ਹੋਈ ਹੈ। ਜਿਵੇਂ ਕੂੰਜਾਂ ਸਰਦੀਆਂ ਦੀ ਰੁਤ ਵਿਚ ਬਰਫੀਲੇ ਦੇਸਾਂ ਤੋਂ ਉਡ ਕੇ ਹਜ਼ਾਰਾਂ ਮੀਲਾਂ ਦੀ ਦੂਰੀ ਤੇ ਗਰਮ ਇਲਾਕਿਆਂ ਦੀਆਂ ਝੀਲਾਂ ਤੇ ਪਹੁੰਚ ਜਾਂਦੀਆਂ ਹਨ। ਆਪਣੇ ਬੱਚਿਆਂ ਨੂੰ ਪਿਛੇ ਵਾਹਿਗੁਰੂ ਦੇ ਆਸਰੇ ਛੱਡ ਕੇ ਆ ਜਾਂਦੀਆਂ ਹਨ। ਉਥੇ ਉਨ੍ਹਾਂ ਦੀ ਪਾਲਣਾ ਦਾ ਇੰਤਜ਼ਾਮ ਕੋਈ ਨਹੀਂ ਕਰਦਾ ਪਰ ਉਹ ਆਪਣੇ ਮਨ ਵਿਚ ਉਨ੍ਹਾਂ ਦਾ ਸਿਮਰਨ ਕਰਦੀਆਂ ਰਹਿੰਦੀਆਂ ਹਨ। ਇਸੇ ਤਰ੍ਹਾਂ ਜੋ ਵੀ ਪ੍ਰਭੂ ਦਾ ਨਾਮ ਜਪਦਾ ਹੈ, ਪ੍ਰਭੂ ਦੇ ਨਾਮ ਨਾਲ ਪਿਆਰ ਕਰਦਾ ਹੈ ਵਾਹਿਗੁਰੂ ਉਸ ਉਤੇ ਪ੍ਰਸੰਨ ਹੋ ਕੇ ਨੌ ਨਿਧੀਆਂ ਤੇ ਅਠਾਰ੍ਹਾਂ ਸਿੱਧੀਆਂ ਦੇ ਖਜ਼ਾਨੇ ਬਖਸ਼ ਦਿੰਦਾ ਹੈ ਭਾਵ ਉਹ ਜੋ ਵੀ ਫੁਰਨਾ ਕਰੇ ਉਹ ਪੂਰਾ ਹੋ ਜਾਂਦਾ ਹੈ। ਇਹ ਵਾਹਿਗੁਰੂ ਦੇ ਨਾਮ ਦੀ ਹੀ ਬਰਕਤ ਹੈ। ਇਸ ਲਈ ਉਸ ਵਾਹਿਗੁਰੂ ਦੇ ਉਤੇ ਸੈਂਕੜੇ ਨਹੀਂ ਸਗੋਂ ਹਜ਼ਾਰਾਂ, ਹਜ਼ਾਰਾਂ ਵੇਰਾਂ ਸਦਕੇ ਜਾਣਾ ਚਾਹੀਦਾ ਹੈ ਜਿਸ ਦਾ ਕੋਈ ਵੀ ਅੰਤ ਨਹੀਂ ਪਾ ਸਕਦਾ।

ਬਾਬਾ ਜੀ ਦੱਸਿਆ ਕਰਦੇ ਸਨ ਕਿ ਇਹ ਦੋਵੇਂ ਰੇਲ ਬਾਬੂ ਸਿੰਧੀ ਸਨ। ਸਿੰਧੀ ਗੁਰੂ ਨਾਨਕ ਸਾਹਿਬ ਨਾਲ ਬਹੁਤ ਪਿਆਰ ਕਰਦੇ ਹਨ ਅਤੇ ਗੁਰਬਾਣੀ ਦਾ ਬਹੁਤ ਸਤਿਕਾਰ ਕਰਦੇ ਹਨ। ਸੋ ਇਹ ਸਿੰਧੀ ਟਿਕਟ ਕੁਲੈਕਟਰ ਬਾਬਾ ਜੀ ਨੂੰ ਆਪਣੇ ਘਰ ਲੈ ਗਿਆ, ਬਹੁਤ ਪਿਆਰ ਨਾਲ ਪ੍ਰਸ਼ਾਦ ਪਾਣੀ ਛਕਾਇਆ ਅਤੇ ਜਦੋਂ ਬਾਬਾ ਜੀ ਪ੍ਰਸ਼ਾਦਾ ਛਕ ਚੁੱਕੇ ਤਾਂ ਇਸ ਨੇ ਬੜੀ ਨਿਮਰਤਾ ਨਾਲ ਕਿਹਾ ਕਿ ਭਾਈ ਸਾਹਿਬ! ਆਪ ਨੂੰ ਇਕ ਹੋਰ ਬੇਨਤੀ ਹੈ ਕਿ ਸਾਡੇ ਘਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਜੇਕਰ ਤੁਸੀਂ ਸਾਨੂੰ ਗੁਰੂ ਗ੍ਰੰਥ ਸਾਹਿਬ ਦਾ ਸਾਰਾ ਪਾਠ ਸਰਵਣ ਕਰਾਵੋ ਤਾਂ ਬਹੁਤ ਕ੍ਰਿਪਾ ਹੋਵੇਗੀ। ਇਸ ਵਸੀਲੇ ਪਾਠ ਵੀ ਹੋ ਜਾਵੇਗਾ ਅਤੇ ਅਸੀਂ ਸਾਰਾ ਪਰਿਵਾਰ ਪਾਠ ਸੁਣ ਵੀ ਸਕਾਂਗੇ। ਬਾਬਾ ਜੀ ਨੇ ਕਿਹਾ, ਠੀਕ ਹੈ ਜਿਵੇਂ ਤੁਹਾਡੀ ਮਰਜ਼ੀ, ਮੈਂ ਕੁਝ ਦਿਨ ਟਿਕ ਜਾਂਦਾ ਹਾਂ। ਸੋ ਇਸ ਤਰ੍ਹਾਂ ਨਾਲ ਉਥੇ ਸਹਿਜ ਪਾਠ ਆਰੰਭ ਕਰ ਲਿਆ। ਸਵੇਰੇ ਸਭ ਨੂੰ ਪੰਜ ਬਾਣੀਆਂ ਦਾ ਪਾਠ ਸੁਣਾਉਣਾ, ਸ਼ਾਮ ਨੂੰ ਰਹਿਰਾਸ ਅਤੇ ਕੀਰਤਨ ਸੋਹਿਲੇ ਦਾ ਪਾਠ, ਇਸ ਤੋਂ ਇਲਾਵਾ ਗੁਰਮਤਿ ਦੇ ਸਿਧਾਂਤ ਸਾਂਝੇ ਕਰਨੇ। ਇਕ ਹਫਤੇ ਪਿਛੋਂ ਪਾਠ ਦਾ ਭੋਗ ਪਿਆ, ਉਪਰੰਤ ਅਰਦਾਸ ਕੀਤੀ ਅਤੇ ਥੋੜ੍ਹਾ ਬਹੁਤ ਛਕ ਛਕਾ ਕੇ ਬਾਬਾ ਜੀ ਨੇ ਇਸ ਪਰਿਵਾਰ ਤੋਂ ਵਿਦਾ ਲਈ ਅਤੇ ਕਿਹਾ ਕਿ ਇਸੇ ਤਰ੍ਹਾਂ ਗੁਰਬਾਣੀ ਨਾਲ ਜੁੜੇ ਰਹੋ। ਗੁਰੂ ਨਾਨਕ

ਸਾਹਿਬ ਦਾ ਧਿਆਨ ਧਰ ਕੇ ਗੁਰਮੰਤਰ ਦਾ ਜਾਪ ਕਰਿਆ ਕਰੋ ਅਤੇ ਜਾਪ ਕਰਨ ਦਾ ਤਰੀਕਾ ਵੀ ਸਮਝਾ ਦਿਤਾ। ਸਿੰਧੀ ਪਰਿਵਾਰ ਨੇ ਬਾਬਾ ਜੀ ਦਾ ਬਹੁਤ ਧੰਨਵਾਦ ਕੀਤਾ ਅਤੇ ਬੇਨਤੀ ਕੀਤੀ ਕਿ ਆਪ ਸਾਡੇ ਕੋਲ ਹੋਰ ਸਮਾਂ ਟਿਕ ਕੇ ਸਾਨੂੰ ਗੁਰਬਾਣੀ ਵਿਚਾਰ ਤੇ ਪਾਠ ਸੁਣਾ ਕੇ ਨਿਹਾਲ ਕਰੋ ਕਿਉਂਕਿ ਆਪ ਦੇ ਪਾਠ ਵਿਚ ਬਹੁਤ ਰਸ ਹੈ। ਸਾਡਾ ਜੀਅ ਕਰਦਾ ਸੀ ਕਿ ਤੁਹਾਡੀ ਸੰਗਤ ਦਾ ਹੋਰ ਅਨੰਦ ਮਾਣੀਏ। ਪਰ ਗੁਰਮੁਖ ਕਿਸੇ ਦੇ ਰੋਕੇ ਹੋਏ ਕਿਥੇ ਰੁਕਦੇ ਹਨ, ਉਨ੍ਹਾਂ ਦੇ ਅੰਦਰ ਤਾਂ ਇਕ ਖਿੱਚ ਹੁੰਦੀ ਹੈ, ਸੰਸਾਰ ਦਾ ਦਰਦ ਹੁੰਦਾ ਹੈ। ਉਹ ਆਰਾਮ ਨਾਲ ਨਹੀਂ ਬੈਠ ਸਕਦੇ, ਉਹ ਤਾਂ ਨਿਰਮਲ ਝਰਨੇ ਦੀ ਤਰ੍ਹਾਂ ਚਲਦੇ ਹੀ ਰਹਿੰਦੇ ਹਨ।

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*

***ਡਾ. ਭਾਈ ਵੀਰ ਸਿੰਘ ਜੀ***

ਸਿੰਧੀ ਰੇਲਵੇ ਬਾਬੂ ਦੇ ਗ੍ਰਹਿ ਕੁਝ ਦਿਨ ਰਹਿ ਕੇ ਆਪ ਨੇ ਉਹਨਾਂ ਤੋਂ ਵਿਦਾ ਲਈ, ਸਵੇਰ ਦਾ 9 ਵਜੇ ਦਾ ਸਮਾਂ ਸੀ। ਆਪ ਦੇ ਮਨ ਵਿਚ ਸੀ ਕਿ ਵਸੋਂ ਨੂੰ ਛੱਡ ਕੇ ਖੇਤਾਂ ਵਲ ਨੂੰ ਹੁੰਦੇ ਹੋਏ ਚਲੀਏ। ਆਪ ਸਿਧੇ ਖੇਤਾਂ ਦੀਆਂ ਵੱਟਾਂ ਤੋਂ ਹੋ ਕੇ ਚਲਦੇ ਹਨ, ਕਿਧਰੇ ਪਗਡੰਡੀ ਆ ਜਾਂਦੀ ਹੈ। ਉਥੋਂ ਦੀ ਤੁਰੇ ਜਾ ਰਹੇ ਹਨ, ਪੂਰੀ ਮਸਤੀ ਵਿਚ ਜਾ ਰਹੇ ਹਨ, ਮੰਜ਼ਲ ਦਾ ਕੋਈ ਪਤਾ ਨਹੀਂ ਪਰ ਮਨ ਵਿਚ ਇਹ ਵਿਸ਼ਵਾਸ ਹੈ ਕਿ ਜਿਧਰ ਮੇਰਾ ਪਿਆਰਾ ਲੈ ਚਲੇਗਾ ਉਧਰ ਹੀ ਜਾਵਾਂਗੇ। ਨਿੰਮੀ ਨਿੰਮੀ ਧੁਨ ਵਿਚ ਗੁਰਬਾਣੀ ਦਾ ਉਚਾਰਣ ਕਰਦੇ ਹੋਏ ਆਪਣੇ ਅਨੰਦ ਵਿਚ ਜਾ ਰਹੇ ਹਨ, ਖੇਤਾਂ ਵਿਚ ਕਿਧਰੇ ਫਸਲਾਂ ਲਹਿ ਲਹਾ ਰਹੀਆਂ ਹਨ, ਕਿਸੇ ਪਾਸੇ ਹਰਹਟ ਦੀ ਆਵਾਜ਼ ਸੁਣਾਈ ਦੇ ਰਹੀ ਹੈ। ਫਸਲਾਂ, ਦਰਖਤਾਂ ਤੇ ਪੰਛੀਆਂ ਦੀ ਚਹਿਚਹਾਟ ਵਿਚੋਂ ਲੰਘਦੀ ਹੋਈ ਮਧੁਰ ਪੌਣ ਇਕ ਵਿਸਮਾਦੀ ਧੁਨ ਪੈਦਾ ਕਰ ਰਹੀ ਹੈ ਜਿਸ ਰਾਹੀਂ ਬਲਿਹਾਰੀ ਕੁਦਰਤ ਵਸਿਆ ਦਾ ਨਜ਼ਾਰਾ ਸਾਹਮਣੇ ਪਰਤੱਖ ਨਜ਼ਰੀਂ ਪੈ ਰਿਹਾ ਹੈ। ਆਪ ਜੀ ਨੂੰ ਇੰਝ ਪਰਤੀਤ ਦੇ ਰਿਹਾ ਹੈ ਕਿ ਜਿਵੇਂ ਸਾਰਾ ਬ੍ਰਹਿਮੰਡ ਵਾਹਿਗੁਰੂ ਦਾ ਨਾਮ ਜਪ ਰਿਹਾ ਹੋਵੇ। ਇਸੇ ਤਰ੍ਹਾਂ ਤੁਰੇ ਜਾਂਦੇ ਆਪ ਨੂੰ ਦੋ ਕੁ ਘੰਟੇ ਬੀਤ ਗਏ, ਆਪ ਨੂੰ ਕੋਈ ਪਤਾ ਨਹੀਂ ਕਿ ਕਿੰਨਾ ਸਫਰ ਤੈਅ ਕੀਤਾ ਹੋਵੇਗਾ ਕਿਉਂਕਿ ਆਪ ਨੂੰ ਵਿਸਮਾਦੀ ਰੰਗ ਵਿਚ ਦੇਸ਼, ਕਾਲ, ਵਸਤੂ ਭੁਲਿਆ ਹੋਇਆ ਸੀ। ਇਕ ਥਾਂ ਜਿਥੇ ਖੂਹ ਚਲ ਰਿਹਾ ਸੀ, ਆਪ ਨੇ ਥੋੜ੍ਹਾ ਜਲ ਛਕਿਆ ਤੇ ਫੇਰ ਤੁਰ ਪਏ। ਇਸੇ ਤਰ੍ਹਾਂ ਤੁਰੇ ਜਾ ਰਹੇ ਹਨ ਕਿ ਆਪ ਨੇ ਦੇਖਿਆ ਕਿ ਕੁਝ ਫਾਸਲੇ ਉਤੇ ਸੰਘਣੇ ਦਰਖਤ ਹਨ ਤੇ ਲਾਗੇ ਸਵੱਛ ਪਾਣੀ ਦਾ ਟੋਭਾ ਹੈ। ਸਾਮ੍ਹਣੇ ਖੇਤਾਂ ਵਿਚ

ਇਕ ਕਿਸਾਨ ਪਰਿਵਾਰ ਕੰਮ ਵਿਚ ਰੁਝਿਆ ਹੋਇਆ ਹੈ, ਦੋ ਜਣੇ ਸੁਹਾਗਾ ਫੇਰ ਰਹੇ ਹਨ ਤੇ ਦੋ ਪ੍ਰੇਮੀ ਕਿਆਰਿਆਂ ਦੀਆਂ ਵੱਟਾਂ ਕੱਢ ਰਹੇ ਹਨ।

ਬਾਬਾ ਜੀ ਨੂੰ ਭਜਨ ਕਰਨ ਵਾਸਤੇ ਇਹ ਥਾਂ ਚੰਗੀ ਲੱਗੀ, ਦਰਖਤਾਂ ਦੀ ਛਾਵੇਂ ਸਾਫ ਸੁਥਰੀ ਜਗ੍ਹਾ ਵੇਖ ਕੇ ਆਪ ਚੌਕੜਾ ਮਾਰ ਕੇ ਸਮਾਧੀ ਸਥਿਤ ਹੋ ਗਏ। ਦੂਜੇ ਪਾਸੇ ਕਿਸਾਨ ਜੋ ਖੇਤਾਂ ਵਿਚ ਕੰਮ ਕਰ ਰਹੇ ਸਨ, ਉਨ੍ਹਾਂ ਨੇ ਵੀ ਵੇਖਿਆ ਕਿ ਕੋਈ ਗੁਰੂ ਕਾ ਸਿਖ ਪ੍ਰਭੂ ਸਿਮਰਨ ਵਿਚ ਲੀਨ ਬੈਠਾ ਹੈ। ਇਸੇ ਤਰ੍ਹਾਂ ਬੈਠਿਆਂ ਦੋ ਘੰਟੇ ਗੁਜ਼ਰ ਗਏ। ਇਕ ਬੀਬੀ ਉਸ ਕਿਸਾਨ ਪਰਿਵਾਰ ਦਾ ਦੁਪਹਿਰ ਦਾ ਖਾਣਾ ਲੈ ਕੇ ਆਈ। ਸਾਰੇ ਜਣੇ ਦਰਖਤ ਦੀ ਛਾਂ ਹੇਠ ਬੈਠ ਗਏ। ਉਨ੍ਹਾਂ ਵਿਚ ਜੋ ਬਜ਼ੁਰਗ ਸੀ ਤੇ ਲੜਕਿਆਂ ਦਾ ਪਿਤਾ ਸੀ, ਉਸਨੇ ਆਪਣੇ ਪੁਤਰ ਨੂੰ ਕਿਹਾ ਕਿ ਔਹ ਦਰਖਤਾਂ ਹੇਠਾਂ ਜੋ ਅੱਖਾਂ ਮੀਟ ਕੇ ਬੈਠਾ ਹੈ, ਉਸ ਨੂੰ ਵੀ ਆਵਾਜ਼ ਮਾਰ ਕੇ ਲੈ ਆ, ਪ੍ਰਸ਼ਾਦੇ ਦਾ ਵਕਤ ਹੋ ਗਿਆ ਹੈ, ਪ੍ਰਸ਼ਾਦਾ ਛਕ ਲਵੇ। ਜਦੋਂ ਉਸ ਨੇ ਆਪਣੇ ਪਿਤਾ ਦਾ ਹੁਕਮ ਸੁਣਾਇਆ ਤਾਂ ਆਪ ਦੀ ਸੁਰਤ ਟੁਟੀ, ਨੇਤਰ ਖੋਲ੍ਹੇ ਅਤੇ ਕਿਹਾ ਕਿ ਮੈਂ ਪਰਸ਼ਾਦਾ ਨਹੀਂ ਛਕਣਾ। ਇਹ ਉਤਰ ਸੁਣ ਕੇ ਬਜ਼ੁਰਗ ਵੀ ਪਹੁੰਚ ਗਿਆ ਤੇ ਕਿਹਾ, ਨਿਕਿਆ! ਪ੍ਰਸ਼ਾਦਾ ਛਕ ਲੈ, ਜ਼ਿੱਦ ਨਹੀਂ ਕਰਿਆ ਕਰਦੇ, ਤੈਨੂੰ ਭੁਖ ਲੱਗੀ ਹੋਵੇਗੀ। ਬਾਬਾ ਜੀ ਨੇ ਉਤਰ ਦਿਤਾ ਕਿ ਤੁਸੀਂ ਤਾਂ ਕੰਮ ਕਰਦੇ ਸੀ, ਇਸ ਕਰਕੇ ਆਪ ਨੂੰ ਭੁਖ ਲੱਗੀ ਹੈ ਪਰ ਮੈਂ ਇਥੇ ਵਿਹਲਾ ਬੈਠਾ ਹਾਂ, ਇਸ ਕਰਕੇ ਤੁਸੀਂ ਪਰਸ਼ਾਦਾ ਛਕ ਲਵੋ। ਬਜੁਰਗਾਂ ਨੇ ਦੇਖਿਆ ਕਿ ਇਹ ਤਾਂ ਕੋਈ ਦ੍ਰਿੜ੍ਹ ਇਰਾਦੇ ਵਾਲਾ ਹੈ, ਇਸ ਤਰ੍ਹਾਂ ਸਹਿਜ ਨਾਲ ਇਹ ਮੰਨਣ ਵਾਲਾ ਨਹੀਂ। ਉਸ ਨੇ ਆਪਣਾ ਫੁਰਮਾਨ ਤੁਰੰਤ ਸੁਣਾ ਦਿਤਾ ਕਿ ਠੀਕ ਹੈ ਨਿਕਿਆ! ਜੇ ਤੂੰ ਪਰਸ਼ਾਦਾ ਨਹੀਂ ਛਕੇਂਗਾ ਤਾਂ ਅਸੀਂ ਵੀ ਨਹੀਂ ਛਕਾਂਗੇ, ਅਸੀਂ ਵੀ ਬੈਠੇ ਹਾਂ, ਇਸੇ ਤਰ੍ਹਾਂ ਭੁੱਖੇ ਹੀ ਕੰਮ ਤੇ ਫੇਰ ਲੱਗ ਜਾਵਾਂਗੇ, ਗੁਡੋ ਨੂੰ ਵਾਪਸ ਭੇਜ ਦਿੰਦੇ ਹਾਂ। ਬਾਬਾ ਜੀ ਨੇ ਵਿਚਾਰ ਕੀਤਾ ਕਿ ਇਹ ਵਿਚਾਰੇ ਸਵੇਰ ਦੇ ਮਿਹਨਤ ਕਰ ਰਹੇ ਹਨ ਤੇ ਜੇ ਕਰ ਮੇਰੇ ਕਾਰਨ ਇਹ ਪਰਸ਼ਾਦੇ ਤੋਂ ਵਾਂਝੇ ਰਹਿੰਦੇ ਹਨ ਤਾਂ ਇਹ ਠੀਕ ਨਹੀਂ ਹੋਵੇਗਾ। ਬਾਬਾ ਜੀ ਨੇ ਬਜ਼ੁਰਗ ਨੂੰ ਕਿਹਾ ਕਿ ਦੇਖੋ ਬਾਪੂ ਜੀ! ਮੈਂ ਇਸ ਤਰ੍ਹਾਂ ਕਿਸੇ ਦਾ ਪਰਸ਼ਾਦਾ ਨਹੀਂ ਛਕਿਆ ਕਰਦਾ ਜਦ ਤਕ ਉਸ ਦੀ ਰਹਿਤ ਨਾ ਜਾਣਦਾ ਹੋਵਾਂ ਕਿਉਂਕਿ ਗੁਰੂ ਮਹਾਰਾਜ ਜੀ ਦਾ ਇਹ ਫੁਰਮਾਨ ਹੈ -

***ਜਾ ਕੀ ਰਹਿਤ ਨ ਜਾਣੀਐ ਗੁਰਬਾਣੀ ਨਹੀਂ ਗੀਤ॥***
***ਤਿਸ ਦੇ ਹਥੋਂ ਖਾਧਿਆਂ ਵਿਸਰੇ ਹਰਿ ਕੀ ਪ੍ਰੀਤ॥***

ਦੂਜੀ ਸ਼ਰਤ ਇਹ ਹੈ ਕਿ ਮੈਂ ਕੰਮ ਕਰਕੇ ਤਾਂ ਪਰਸ਼ਾਦਾ ਛਕਾਂਗਾ, ਇਸ ਤਰ੍ਹਾਂ ਬਿਨਾਂ ਕੰਮ ਕੀਤੇ ਮੈਂ ਪਰਸ਼ਾਦਾ ਨਹੀਂ ਛਕ ਸਕਦਾ। ਬਜ਼ੁਰਗ ਕਹਿਣ ਲੱਗੇ, ਠੀਕ ਹੈ ਨਿਕਿਆ, ਤੂੰ ਪਰਸ਼ਾਦਾ ਛਕ ਲੈ ਤੇ ਮਗਰੋਂ ਸਾਡੇ ਨਾਲ ਕਿਆਰਿਆਂ ਦੀਆਂ ਵੱਟਾਂ ਕੱਢਵਾ ਦੇਵੀਂ ਅਤੇ ਜੇ ਸੁਹਾਗਾ ਫੇਰਨਾ ਆਉਂਦਾ ਹੈ ਤਾਂ ਸੁਹਾਗਾ ਫੇਰ ਲਵੀਂ।

ਬਾਬਾ ਜੀ ਕਹਿਣ ਲੱਗੇ ਕਿ ਤੁਸੀਂ ਇਹ ਦੱਸੋ ਕਿ ਤੁਸੀਂ ਸ਼ਰਾਬ ਪੀਂਦੇ ਹੋ ਅਤੇ ਮਾਸ ਖਾਂਦੇ ਹੋ? ਬਜ਼ੁਰਗ ਨੂੰ ਫੇਰ ਦੋ ਚਾਰ ਪੈ ਗਈਆਂ ਤੇ ਚੁਪ ਕਰ ਗਿਆ। ਕਹਿਣ ਲੱਗਿਆ, ਨਿਕਿਆ! ਸੱਚ ਬੋਲਦੇ ਹਾਂ ਕਿ ਅਸੀਂ ਦੋਵੇਂ ਚੀਜ਼ਾਂ ਵਰਤਦੇ ਹਾਂ। ਬਾਬਾ ਜੀ ਕਹਿਣ ਲੱਗੇ, ਫੇਰ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਪ੍ਰਸ਼ਾਦਾ ਛਕ ਲਵਾਂ। ਸਾਰਾ ਪਰਿਵਾਰ ਹੱਕਾ ਬੱਕਾ ਰਹਿ ਗਿਆ ਕਿ ਦੇਖੋ ਕਿੰਨੀ ਨਿਰਭੈਤਾ ਨਾਲ ਬਚਨ ਕਰ ਰਿਹਾ ਹੈ। ਇਸ ਦੇ ਸਿਧੇ ਸਾਦੇ ਤੇ ਨਿਰਮਲ ਭਉ ਵਾਲੇ ਬੋਲ ਸੁਣ ਕੇ ਸਾਡੇ ਤਾਂ ਅਉਗਣ ਕੰਬਣ ਲਗ ਪਏ ਹਨ। ਸਾਡੇ ਇਹਨਾਂ ਔਗੁਣਾ ਕਰਕੇ ਕੀ ਇਹ ਗੁਰੂ ਕਾ ਸਿਖ ਭੁਖਾ ਹੀ ਰਹੇਗਾ? ਲੜਕੇ ਕਹਿਣ ਲੱਗੇ, ਬਾਪੂ! ਭਾਅ ਜੀ ਵੱਲ ਦੇਖ, ਕਿਵੇਂ ਚਿਹਰੇ ਤੇ ਜਲਾਲ ਹੈ ਤੇ ਅੱਖਾਂ ਵਿਚ ਨਾਮ ਦੀ ਮਸਤੀ ਹੈ। ਸਾਡਾ ਤਾਂ ਦਿਲ ਕਰਦਾ ਹੈ ਕਿ ਅਸੀਂ ਤੋਬਾ ਕਰ ਦੇਈਏ, ਨਹੀਂ ਤਾਂ ਇਹ ਸਾਡੇ ਕਰਕੇ ਭੁਖਣ-ਭਾਣਾ ਰਹੇਗਾ। ਬਜ਼ੁਰਗ ਕਹਿਣ ਲੱਗਿਆ, ਓਏ ਪੁਤਰੋ! ਗਲ ਤਾਂ ਤੁਹਾਡੀ ਮੇਰੇ ਦਿਲ ਨੂੰ ਲੱਗਦੀ ਐ। ਵੇਖੋ ਅਸੀਂ ਮਝੈਲ ਹਾਂ, ਮਾਝੇ ਦੇ ਜੱਟ ਹਾਂ, ਕਦੀ ਕਿਸੇ ਅੱਗੇ ਨਹੀਂ ਨਿਵੇ ਪਰ ਇਹ ਨਿੱਕੇ ਦੀ ਗਲ ਮੋੜਨ ਨੂੰ ਜੀਅ ਨਹੀਂ ਕਰਦਾ ਤੇ ਨਾ ਹੀ ਅੜੀ ਕਰਨ ਨੂੰ ਜੀ ਕਰਦਾ ਹੈ। ਗੱਲ ਤਾਂ ਇਸ ਦੀ ਠੀਕ ਹੀ ਹੈ ਕਿ ਇਹ ਮਾੜੀਆਂ ਚੀਜ਼ਾਂ ਹਨ। ਮੁੰਡੇ ਕਹਿਣ ਲੱਗੇ, ਬਾਪੂ ਅਸੀਂ ਤਾਂ ਤਿੰਨਾਂ ਭਰਾਵਾਂ ਨੇ ਅੱਜ ਤੋਂ ਸ਼ਰਾਬ ਤੇ ਮਾਸ ਛੱਡ ਦੇਣਾ ਹੈ ਅਤੇ ਭਾਅ ਜੀ ਨੂੰ ਕਹਿ ਦੇਣਾ ਹੈ ਕਿ ਤੁਸੀਂ ਪਰਸ਼ਾਦਾ ਛਕ ਲਵੋ। ਤਿੰਨਾਂ ਭਰਾਵਾਂ ਨੇ ਬਾਬਾ ਜੀ ਪਾਸ ਜਾ ਕੇ ਕਿਹਾ ਕਿ ਭਾਅ ਜੀ! ਠੀਕ ਹੈ ਅਸੀਂ ਤੁਹਾਡਾ ਹੁਕਮ ਮੰਨ ਕੇ ਸ਼ਰਾਬ, ਮਾਸ ਛੱਡਿਆ ਤੇ ਹੁਣ ਤਾਂ ਪਰਸ਼ਾਦਾ ਛਕ ਲਵੋ। ਬਾਬਾ ਜੀ ਉਠ ਕੇ ਨੇੜੇ ਆ ਗਏ ਜਿਥੇ ਦਰਖਤ ਦੀ ਛਾਵੇਂ ਸਾਰੇ ਜਣੇ ਬੈਠੇ ਸੀ। ਬਾਬਾ ਜੀ ਕਹਿਣ ਲੱਗੇ, ਬਾਪੂ ਜੀ! ਤੁਸੀਂ ਨਹੀਂ ਦੱਸਿਆ ਕਿ ਸ਼ਰਾਬ ਛੱਡਣੀ ਹੈ ਕਿ ਨਹੀਂ, ਤੇ ਮਾਸ ਖਾਣਾ ਛੱਡਣਾ ਹੈ ਕਿ ਨਹੀਂ। ਕਹਿਣ ਲੱਗਾ, ਨਿਕਿਆ! ਮਾਸ ਦੀ ਤਾਂ ਮੈਂ ਸਹੁੰ ਖਾ ਲੈਂਦਾ ਹਾਂ ਕਿ ਅੱਜ ਤੋਂ ਨਹੀਂ ਖਾਵਾਂਗਾ ਪਰ ਸ਼ਰਾਬ ਦੀ ਮੁਸ਼ਕਲ ਹੈ ਕਿਉਂਕਿ ਇਹਨੂੰ ਤਾਂ ਮੈਂ ਛੋਟੀ ਉਮਰ ਤੋਂ ਪੀਂਦਾ ਆ ਰਿਹਾ ਹਾਂ। ਅਸੀਂ ਘਰ ਵਿਚ ਡਰੰਮਾਂ ਦੇ ਡਰੰਮ ਹਰ ਸਾਲ ਕੱਢਿਆ ਕਰਦੇ ਹਾਂ। ਜਿਹੜੀ ਐਨੀ ਕੱਢ ਕੇ ਰੱਖੀ ਪਈ ਹੈ ਉਸ ਦਾ ਕੀ ਬਣੇਗਾ, ਉਸ ਨੂੰ ਕੌਣ ਪੀਵੇਗਾ? ਇਸ ਕਰਕੇ ਨਿਕਿਆ! ਤੂੰ ਮੇਰੇ ਨਾਲ ਥੋੜ੍ਹੀ ਰਿਆਇਤ ਕਰ, ਮੈਂ ਸ਼ਾਮ ਨੂੰ ਥੋੜ੍ਹੀ ਜਿਹੀ, ਇਕ ਪੈਗ ਦਵਾਈ ਮਾਫਕ ਪੀ ਲਿਆ ਕਰਾਂਗਾ, ਮੈਥੋਂ ਇਕ ਦਮ ਛੱਡੀ ਨਹੀਂ ਜਾਣੀ, ਪਰ ਮੈਂ ਤੇਰੇ ਨਾਲ ਵਾਅਦਾ ਕਰਦਾ ਹਾਂ ਕਿ ਮੈਂ ਇਸ ਨੂੰ ਛੱਡ ਦਿਆਂਗਾ। ਬਾਬਾ ਜੀ ਨੇ ਮਨ ਵਿਚ ਵਿਚਾਰ ਕੀਤੀ ਕਿ ਠੀਕ ਹੈ, ਨੌਜਵਾਨ ਮੁੰਡਿਆਂ ਨੇ ਤਾਂ ਛੱਡ ਦਿਤੀ ਹੈ ਤੇ ਵਾਅਦਾ ਕੀਤਾ ਹੈ ਕਿ ਮੁੜ ਕੇ ਨਹੀਂ ਪੀਣਗੇ। ਬਜ਼ੁਰਗ ਦੇ ਸੰਸਕਾਰ ਪੱਕੇ ਹੋਏ ਹਨ, ਇਹ ਵੀ ਮਹਾਰਾਜ ਦੀ ਕਿਰਪਾ ਦੁਆਰਾ ਛੱਡ ਦੇਣਗੇ।

ਬਾਬਾ ਜੀ ਕਹਿਣ ਲੱਗੇ, ਠੀਕ ਹੈ, ਮੈਂ ਆਪ ਦੀ ਗੱਲ ਮੰਨ ਲੈਂਦਾ ਹਾਂ ਤੇ ਪਰਸ਼ਾਦਾ ਛਕ ਲੈਂਦਾ ਹਾਂ, ਤੁਸੀਂ ਵੀ ਸਾਰੇ ਪਰਸ਼ਾਦਾ ਛਕੋ ਤੇ ਨਾਲ

ਦੀ ਨਾਲ ਮੈਂ ਤੁਹਾਨੂੰ ਗੁਰੂ ਮਹਾਰਾਜ ਦੇ ਬਚਨ ਵੀ ਸੁਣਾਉਂਦਾ ਹਾਂ ਕਿ ਸ਼ਰਾਬ ਕਿੰਨੀ ਭੈੜੀ ਚੀਜ਼ ਹੈ। ਇਸ ਬਾਰੇ ਫੁਰਮਾਨ ਹੈ ਕਿ –

***ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥***
***ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥***
***ਪੰਨਾ – 554***

ਜਦੋਂ ਇਹ ਮੂੰਹ ਨੂੰ ਲੱਗ ਜਾਵੇ ਤਾਂ ਬੰਦਾ ਊਟ ਪਟਾਂਗ ਬੋਲਣਾ ਸ਼ੁਰੂ ਕਰ ਦਿੰਦਾ ਹੈ। ਪਹਿਲਾਂ ਇਸ ਦੇ ਮੂੰਹ ਵਿਚ ਜ਼ੁਬਾਨ ਨਹੀਂ ਹੁੰਦੀ ਪਰ ਪਹਿਲੇ ਪੈਗ ਨਾਲ ਹੀ, ਜਿਸ ਨੂੰ ਤੋਤਾ ਪੈਗ ਕਹਿੰਦੇ ਹਨ, ਤੋਤੇ ਵਾਂਗੂ ਬੋਲਣਾ ਸ਼ੁਰੂ ਕਰ ਦਿੰਦਾ ਹੈ। ਵੱਡੀਆਂ ਵੱਡੀਆਂ ਫੜ੍ਹਾਂ ਮਾਰਦਾ ਹੈ ਤੇ ਜਦੋਂ ਦੂਸਰਾ ਪੈਗ ਪੀਂਦਾ ਹੈ, ਜਿਸਨੂੰ ਸ਼ੇਰ ਪੈਗ ਕਹਿੰਦੇ ਹਨ, ਉਹ ਸ਼ੇਰ ਵਾਂਗੂ ਬੜ੍ਹਕਾਂ ਮਾਰਦਾ ਹੈ ਕਿ ਆਵੋ ਮੇਰੇ ਸਾਹਮਣੇ ਜਿਹਨੇ ਆਉਣਾ ਹੈ ਤੇ ਉਸ ਤੋਂ ਬਾਅਦ ਜਦੋਂ ਹੋਰ ਪੀ ਲੈਂਦਾ ਹੈ ਤਾਂ ਇਸ ਨੂੰ ਗਧਾ ਪੈਗ ਕਹਿੰਦੇ ਹਨ ਤੇ ਫੇਰ ਗਧੇ ਵਾਂਗੂ ਲਿਟਣਾ ਸ਼ੁਰੂ ਕਰ ਦਿੰਦਾ ਹੈ। ਇਸ ਨੂੰ ਆਪਣੇ ਆਪ ਦਾ ਪਤਾ ਨਹੀਂ ਹੁੰਦਾ ਕਿ ਮੈਂ ਕਿਥੇ ਹਾਂ ਤੇ ਕਿਥੇ ਜਾਣਾ ਹੈ। ਇਹ ਸ਼ਰਾਬੀਆਂ ਦੀ ਹਾਲਤ ਹੁੰਦੀ ਹੈ। ਸੰਸਾਰ ਫਿਟਕਾਰਾਂ ਪਾਉਂਦਾ ਹੈ, ਘਰ ਵਾਲੇ ਦੁਖੀ ਹੁੰਦੇ ਹਨ, ਆਪ ਦੁਖੀ ਹੁੰਦਾ ਹੈ, ਬੀਮਾਰੀਆਂ ਅਲੱਗ ਲਗਦੀਆਂ ਹਨ, ਫੇਰ ਡਾਕਟਰਾਂ ਪਾਸ ਭੱਜਿਆ ਫਿਰਦਾ ਹੈ। ਸਿਆਣਿਆਂ ਨੇ ਕਿਹਾ ਹੈ ਕਿ ਸ਼ਰਾਬ ਪੀਣ ਵਾਲੇ ਦੀਆਂ ਸੱਤ ਕੁਲਾਂ ਨਸ਼ਟ ਹੋ ਜਾਂਦੀਆਂ ਹਨ। ਭਾਵ ਜੇ ਕੋਈ ਜਾਨਲੇਵਾ (chronic) ਬੀਮਾਰੀ ਲੱਗ ਜਾਵੇ ਤਾਂ ਇਹ ਜ਼ੀਨ ਰਾਹੀਂ ਹੋ ਕੇ ਸੱਤ ਕੁਲਾਂ ਤਕ ਪਹੁੰਚ ਜਾਂਦੀ ਹੈ।

***ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ॥***
***ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ॥***

ਭੰਗ ਪੀਣ ਵਾਲਾ ਆਪਣਾ ਲੋਕ ਤੇ ਪਰਲੋਕ ਦੋਵੇਂ ਵਿਗਾੜ ਲੈਂਦਾ ਹੈ। ਪਰਲੋਕ ਵਿਚ ਇਸ ਨੂੰ ਥਾਂ ਨਹੀਂ ਮਿਲਦੀ ਤੇ ਧੱਕੇ ਮਾਰ ਕੇ ਬਾਹਰ ਕੱਢ ਦਿਤਾ ਜਾਂਦਾ ਹੈ। ਗੁਰਸਿਖ ਲਈ ਸਾਰੇ ਕਿਸਮ ਦੇ ਨਸ਼ੇ ਵਿਵਰਜਤ ਹਨ। ਗੁਰਸਿਖ ਦਾ ਆਚਾਰ, ਵਿਹਾਰ ਤੇ ਆਹਾਰ, ਸੁਥਰਾ ਸੱਚਾ ਤੇ ਸੰਤੋਖੀ ਹੋਣਾ ਚਾਹੀਦਾ ਹੈ। ਜੇਕਰ ਆਹਾਰ, ਜਿਸ ਤੋਂ ਭਾਵ ਹੈ ਭੋਜਨ, ਸਾਂਤਕੀ ਨਹੀਂ ਹੋਵੇਗਾ ਤਾਂ ਉਸ ਦਾ ਅੰਤਸ਼ਕਰਣ ਨਿਰਮਲ ਨਹੀਂ ਹੋ ਸਕਦਾ। ਮਨ ਵਿਚ ਮੈਲ, ਬੁਧੀ ਵਿਚ ਕਪਟ ਤੇ ਚਿਤ ਵਿਚ ਅਸ਼ਾਂਤੀ ਰਹੇਗੀ ਕਿਉਂਕਿ ਸਿਆਣਿਆਂ ਦਾ ਕਥਨ ਹੈ –

***ਜੈਸਾ ਆਹਾਰ ਤੈਸੇ ਵਿਚਾਰ॥***

***ਜੈਸਾ ਅੰਨ ਵੈਸਾ ਮਨ॥***

ਗੁਰਸਿਖੀ ਜੀਵਨ ਵਿਚ ਆਹਾਰ ਨੂੰ ਖਾਸ ਮਹੱਤਤਾ ਦਿਤੀ ਗਈ ਹੈ ਕਿਉਂਕਿ ਮਨੁਖ ਦੇ ਆਹਾਰ ਉਤੇ ਹੀ ਉਸ ਦੇ ਵਿਚਾਰ ਨਿਰਭਰ ਕਰਦੇ ਹਨ

ਅਤੇ ਵਿਚਾਰ ਨਾਲ ਉਸ ਦੀ ਕਿਰਤ ਬਣਦੀ ਹੈ, ਕਰਮ ਕਰਦਾ ਹੈ ਤੇ ਸੰਸਕਾਰ ਬਣਦੇ ਹਨ ਅਤੇ ਸ਼ੁਭ ਸੰਸਕਾਰਾਂ ਦਾ ਸਦਕਾ ਉਸ ਦਾ ਆਚਰਨ ਬਣਦਾ ਹੈ। ਸੋ ਇਸ ਕਰਕੇ ਜਿਸ ਦਾ ਆਚਾਰ, ਵਿਹਾਰ ਤੇ ਆਹਾਰ ਸ਼ੁੱਧ ਹੈ ਉਹ ਹੀ ਪ੍ਰਭੂ ਦੀ ਭਗਤੀ ਕਰ ਸਕਦਾ ਹੈ, ਸਿਮਰਨ ਕਰ ਸਕਦਾ ਹੈ।

***ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ॥***
***ਪੰਨਾ - 140***

ਵਾਹਿਗੁਰੂ ਜੀ ਮਹਾਂ ਪਵਿਤਰ ਹਸਤੀ ਹੈ। ਜੇਕਰ ਹਿਰਦਾ ਪਵਿੱਤਰ ਨਹੀਂ ਤਾਂ ਜੀਭਾ ਵੀ ਪਵਿੱਤਰ ਨਹੀਂ ਰਹਿ ਸਕਦੀ।

***ਹਰਿ ਜੀਉ ਨਿਰਮਲ ਨਿਰਮਲਾ ਨਿਰਮਲ ਮਨਿ ਵਾਸਾ॥***
***ਪੰਨਾ - 426***

ਸੋ ਇਸ ਕਰਕੇ ਜੋ ਮਨੁਖ ਬੇਜ਼ੁਬਾਨੇ ਜਾਨਵਰਾਂ ਦਾ ਮਾਸ ਖਾਂਦੇ ਹਨ, ਉਹਨਾਂ ਦਾ ਚਿਤ ਨਿਰਮਲ ਕਿਸ ਤਰ੍ਹਾਂ ਹੋ ਸਕਦਾ ਹੈ? ਜੇਕਰ ਵਸਤਰ ਉਤੇ ਖ਼ੂਨ ਦੇ ਛਿਟੇ ਪੈ ਜਾਣ ਤਾਂ ਉਹ ਪਲੀਤ ਹੋ ਜਾਂਦਾ ਹੈ। ਫਿਰ ਉਹਨਾਂ ਦਾ ਕੀ ਹਾਲ ਹੁੰਦਾ ਹੋਵੇਗਾ ਜੋ ਮਾਸ ਖਾਂਦੇ ਹਨ, ਇਸ ਦਾ ਸੇਵਨ ਕਰਦੇ ਹਨ।

***ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥***
***ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥***
***ਪੰਨਾ - 140***

ਜਿਸ ਦਾ ਆਹਾਰ ਸ਼ੁਧ ਨਹੀਂ, ਉਸ ਦਾ ਵਿਹਾਰ ਅਤੇ ਵਿਚਾਰ ਵੀ ਅਪਵਿਤਰ ਹੋ ਜਾਣਗੇ। ਕੇਵਲ ਸਾਂਤਕੀ ਭੋਜਨ ਹੀ ਮਨ ਨੂੰ ਵਿਕਾਰਾਂ ਤੋਂ ਬਚਾ ਸਕਦਾ ਹੈ। ਗੁਰੂ ਮਹਾਰਾਜ ਜੀ ਨੇ ਫ਼ੁਰਮਾਨ ਕੀਤਾ ਹੈ ਕਿ ਇਹੋ ਜਿਹੀ ਖ਼ੁਰਾਕ ਨਾ ਖਾਉ ਜਿਸ ਦੇ ਖਾਣ ਨਾਲ ਤਨ ਰੋਗੀ ਹੋ ਜਾਵੇ ਤੇ ਮਨ ਵਿਚ ਵਿਕਾਰ ਪੈਦਾ ਹੋ ਜਾਣ।

***ਬਾਬਾ ਹੋਰੁ ਖਾਣਾ ਖੁਸੀ ਖੁਆਰੁ॥***
***ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥***
***ਪੰਨਾ - 16***

ਸਮੁੱਚੀ ਕਾਇਨਾਤ ਧਰਮ ਦੀ ਬੁਨਿਆਦ ਤੇ ਖੜ੍ਹੀ ਹੈ ਅਤੇ ਧਰਮ ਨੂੰ ਮਹਾਰਾਜ ਜੀ ਨੇ ਦਇਆ ਦਾ ਪੁਤਰ ਆਖਿਆ ਹੈ। ਜੇਕਰ ਦਇਆ ਹੀ ਨਹੀਂ ਹੋਵੇਗੀ ਤਾਂ ਧਰਮ ਕਿਥੋਂ ਆਵੇਗਾ। ਇਸ ਕਰਕੇ ਗੁਰਸਿਖ ਵਿਚ ਦਯਾ ਹੋਣੀ ਜ਼ਰੂਰੀ ਹੈ। ਗੁਰਸਿਖ ਸਾਰੇ ਸੰਸਾਰ ਦੇ ਜੀਵਾਂ ਤੇ ਦਇਆ ਕਰਦਾ ਹੈ, ਕਿਸੇ ਨੂੰ ਦੁਖ ਨਹੀਂ ਪਹੁੰਚਾਉਂਦਾ ਕਿਉਂਕਿ ਉਹ ਸਰਬਤ ਦਾ ਭਲਾ ਮੰਗਦਾ ਹੈ। ਦੋਵੇਂ ਵੇਲੇ ਸਰਬਤ ਦੇ ਭਲੇ ਦੀ ਅਰਦਾਸ ਕਰਦਾ ਹੈ। ਇਸ ਵਿਚ ਪੰਛੀ, ਜਾਨਵਰ ਤੇ ਜੀਵ, ਮਨੁਖ ਸਾਰੇ ਹੀ ਆ ਜਾਂਦੇ ਹਨ।

***ਧੌਲੁ ਧਰਮੁ ਦਇਆ ਕਾ ਪੂਤੁ॥***

*ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥* *ਪੰਨਾ - 5*

ਜਿਹੜਾ ਹਿਰਦਾ ਦਇਆ ਤੋਂ ਖਾਲੀ ਹੈ, ਜਿਸ ਹਿਰਦੇ ਵਿਚ ਜੀਵਾਂ ਪ੍ਰਤੀ ਹਿੰਸਾ ਦੀ ਭਾਵਨਾ ਹੈ, ਉਸ ਹਿਰਦੇ ਅੰਦਰ ਪ੍ਰਭੂ ਜੋਤ ਦਾ ਕਦੀ ਵੀ ਪ੍ਰਕਾਸ਼ ਨਹੀਂ ਹੋ ਸਕਦਾ।

*ਹਿੰਸਾ ਮਮਤਾ ਮੋਹੁ ਚੁਕਾਵੈ॥* *ਪੰਨਾ - 840*

ਪ੍ਰਭੂ ਪ੍ਰਾਪਤੀ ਕੇਵਲ ਉਸ ਨੂੰ ਹੀ ਹੁੰਦੀ ਹੈ ਜੋ ਧਰਮ ਨੂੰ ਸ਼ਿੰਗਾਰ ਬਣਾਉਂਦਾ ਹੈ, ਸਤ, ਸੰਤੋਖ ਤੇ ਦਇਆ ਨੂੰ ਹਿਰਦੇ ਵਿਚ ਵਸਾਉਂਦਾ ਹੈ।

*ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ॥*
*ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ॥*
*ਪੰਨਾ - 812*

ਪ੍ਰਭੂ ਦੇ ਦਰਬਾਰ ਵਿਚ ਵਡਿਆਈ ਦਾ ਪਾਤਰ ਓਹੀ ਬਣਦਾ ਹੈ ਜੋ ਆਪਣੀ ਹਉਮੈ ਦਾ ਨਾਸ਼ ਕਰ ਦਿੰਦਾ ਹੈ, ਜਿਸ ਦੇ ਅੰਦਰ ਸਰਬਤਰ ਜੀਵਾਂ ਵਾਸਤੇ ਦਇਆ ਹੁੰਦੀ ਹੈ ਅਤੇ ਜੋ ਸਾਰੇ ਜੀਵਾਂ ਅੰਦਰ ਵਾਹਿਗੁਰੂ ਦੀ ਜੋਤ ਨੂੰ ਦੇਖਦਾ ਹੈ।

*ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ॥*
*ਨਾਨਕ ਤਾ ਕਉ ਮਿਲੈ ਵਡਾਈ ਆਪੁ ਪਛਾਣੈ ਸਰਬ ਜੀਆ॥*
*ਪੰਨਾ - 940*

ਗੁਰਬਾਣੀ ਸਾਰੇ ਸੰਸਾਰ ਨੂੰ ਇਸ ਗੱਲ ਤੋਂ ਸੁਚੇਤ ਕਰਦੀ ਹੈ ਕਿ ਅਸੀਂ ਕਹਿੰਦੇ ਹਾਂ ਕਿ ਸਭ ਵਿਚ ਅੱਲਾ ਹੈ, ਖ਼ੁਦਾ ਹੈ, ਰਾਮ ਹੈ, ਵਾਹਿਗੁਰੂ ਹੈ ਤੇ ਫੇਰ ਉਨ੍ਹਾਂ ਉਤੇ ਹੀ ਛੁਰੀ ਚਲਾਉਂਦੇ ਹਾਂ -

*ਜਉ ਸਭ ਮਹਿ ਏਕੁ ਖੁਦਾਇ ਕਹਤ ਹਉ*
*ਤਉ ਕਿਉ ਮੁਰਗੀ ਮਾਰੈ॥* *ਪੰਨਾ - 1350*

ਜੇਕਰ ਜੀਵਾਂ ਨੂੰ ਮਾਰਨਾ ਹੀ ਸਾਡਾ ਕਰਮ ਹੈ, ਫੇਰ ਧਰਮ ਕੀ ਹੋਇਆ? ਬੇਜ਼ੁਬਾਨੇ ਜੀਵਾਂ ਨੂੰ ਮਾਰ ਕੇ, ਉਨ੍ਹਾਂ ਦਾ ਬੱਧ ਕਰਕੇ ਜੇ ਤੁਸੀਂ ਆਪਣੇ ਆਪ ਨੂੰ ਗਿਆਨੀ ਤੇ ਰਿਸ਼ੀ ਮੁਨੀ ਸਮਝਦੇ ਹੋ ਤਾਂ ਭਾਈ ਫਿਰ ਇਹ ਦੱਸੋ ਕਿ ਕਸਾਈ ਕੌਣ ਹੋਇਆ?

*ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ॥*
*ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥*
*ਪੰਨਾ - 1103*

ਗੁਰੂ ਮਹਾਰਾਜ ਤਾਂ ਸਾਵਧਾਨ ਕਰਦੇ ਹਨ ਕਿ ਕਿਸੇ ਜੀਵ ਨੂੰ ਅਚੇਤ ਹੋ ਕੇ ਵੀ ਦੁਖ ਨਾ ਦਿਓ, ਕਸ਼ਟ ਨਾ ਪਹੁੰਚਾਵੋ –

***ਨਰ ਅਚੇਤ ਪਾਪ ਤੇ ਡਰੁ ਰੇ॥*** ***ਪੰਨਾ – 220***

ਬਾਬਾ ਜੀ ਇਸ ਤਰ੍ਹਾਂ ਨਾਲ ਬਚਨ ਕਰ ਰਹੇ ਸਨ ਤਾਂ ਉਸ ਬਜ਼ੁਰਗ ਨੇ ਚਰਨਾਂ ਤੇ ਮੱਥਾ ਟੇਕਣਾ ਚਾਹਿਆ ਪਰ ਬਾਬਾ ਜੀ ਨੇ ਰੋਕ ਲਿਆ। ਉਹ ਕਹਿਣ ਲੱਗਾ ਕਿ ਨਿਕਿਆ! ਤੁਸੀਂ ਤਾਂ ਸਾਨੂੰ ਬਹੁਤ ਗਿਆਨ ਦਿਤਾ ਹੈ, ਮੈਨੂੰ ਤਾਂ ਇਨ੍ਹਾਂ ਗੱਲਾਂ ਦਾ ਪਤਾ ਹੀ ਨਹੀਂ ਸੀ। ਬਾਬਾ ਜੀ ਕਹਿਣ ਲੱਗੇ, "ਬਾਪੂ ਜੀ! ਜਿਸ ਘਰ ਦੇ ਅੰਦਰ ਮੀਟ ਤੇ ਸ਼ਰਾਬ ਦਾ ਸੇਵਨ ਹੋਵੇ ਤੇ ਇਹ ਚੀਜ਼ਾਂ ਵਰਤੀਆਂ ਜਾਂਦੀਆਂ ਹੋਣ, ਉਥੇ ਭੂਤਾਂ ਦਾ ਵਾਸਾ ਹੋ ਜਾਇਆ ਕਰਦਾ ਹੈ ਅਤੇ ਘਰ ਵਿਚ ਕਲ੍ਹਾ ਤੇ ਕਲੇਸ਼ ਪਰਵੇਸ਼ ਕਰ ਜਾਂਦੇ ਹਨ, ਘਰ ਦੀ ਸੁਖ ਸ਼ਾਂਤੀ ਖਤਮ ਹੋ ਜਾਇਆ ਕਰਦੀ ਹੈ ਅਤੇ ਕਮਾਈ ਵਿਚ ਬਰਕਤ ਨਹੀਂ ਪਿਆ ਕਰਦੀ, ਆਲਸ ਤੇ ਦਲਿਦਰ ਆ ਕੇ ਡੇਰਾ ਲਾ ਲੈਂਦੇ ਹਨ।

ਦੂਸਰੇ ਪਾਸੇ ਜਿਸ ਘਰ ਵਿਚ ਗੁਰਸਿਖੀ ਹੋਵੇ, ਗੁਰਬਾਣੀ ਦਾ ਉਚਾਰਨ ਹੋਵੇ, ਗੁਰਬਾਣੀ ਪੜ੍ਹੀ ਸੁਣੀ ਜਾਵੇ, ਭਜਨ ਬੰਦਗੀ ਸਿਮਰਨ ਕੀਤਾ ਜਾਵੇ, ਸਚ, ਸੌਚ, ਸੰਜਮ, ਦਇਆ, ਖਿਮਾ ਤੇ ਸੰਤੋਖ ਹੋਵੇ, ਉਥੇ ਗੁਰੂ ਦੀ ਰਹਿਮਤ ਹੋ ਜਾਇਆ ਕਰਦੀ ਹੈ, ਕਮਾਈ ਵਿਚ ਬਰਕਤ ਪੈਂਦੀ ਹੈ ਤੇ ਸੁਖ ਸ਼ਾਂਤੀ ਦਾ ਵਰਤਾਰਾ ਹੋਇਆ ਕਰਦਾ ਹੈ। ਬਜ਼ੁਰਗ ਨੇ ਕਿਹਾ, ਨਿਕਿਆ! ਤੇਰੇ ਬੋਲ ਮੇਰੇ ਅੰਦਰ ਧੱਸਦੇ ਜਾ ਰਹੇ ਹਨ, ਤੇਰੀਆਂ ਸਾਰੀਆਂ ਹੀ ਗੱਲਾਂ ਅਸੀਂ ਮੰਨ ਲਵਾਂਗੇ ਪਰ ਮੇਰੀ ਇਕ ਬੇਨਤੀ ਹੈ ਕਿ ਮਾਸ ਤਾਂ ਅਸੀਂ ਸਾਰਿਆਂ ਨੇ ਖਾਣਾ ਬੰਦ ਕਰ ਦੇਣਾ ਹੈ ਤੇ ਅੱਗੇ ਲਈ ਘਰ ਵਿਚ ਵੜਨ ਨਹੀਂ ਦਿਤਾ ਜਾਵੇਗਾ, ਕਾਕਿਆਂ ਨੇ ਸ਼ਰਾਬ ਵੀ ਛੱਡ ਦਿਤੀ ਹੈ ਪਰ ਪੁੱਤਰ! ਮੈਂ ਨਿਕੇ ਹੁੰਦੇ ਤੋਂ ਇਹ ਪੀ ਰਿਹਾ ਹਾਂ। ਇਸ ਕਰਕੇ ਮੇਰੇ ਤੇ ਇਹ ਕਿਰਪਾ ਕਰ ਕਿ ਮੈਨੂੰ ਇਹ ਪੀਣ ਦੀ ਇਜਾਜ਼ਤ ਦੇ ਦੇਵੇਂ ਤਾਂ ਚੰਗੀ ਗੱਲ ਹੈ। ਮੈਂ ਇਸ ਨੂੰ ਛੱਡਣਾ ਚਾਹੁੰਦਾ ਹਾਂ ਪਰ ਇਹ ਮੈਨੂੰ ਨਹੀਂ ਛੱਡਦੀ। ਬਾਬਾ ਜੀ ਬਜ਼ੁਰਗ ਦੇ ਸਿਧੇ ਸਾਦੇ ਬੋਲ ਸੁਣ ਕੇ ਮੁਸਕਰਾਏ, ਕਹਿਣ ਲੱਗੇ, ਬਾਪੂ ਜੀ! ਮੈਨੂੰ ਪਤਾ ਹੈ, ਤੁਹਾਨੂੰ ਆਦਤ ਪਈ ਹੋਈ ਹੈ ਤੇ ਸਰੀਰ ਵਿਚ ਰਚੀ ਹੋਈ ਹੈ, ਪਰ ਇਸ ਨੂੰ ਹੌਲੀ ਹੌਲੀ ਘਟ ਕਰਦੇ ਜਾਉ ਤੇ ਇਕ ਦਿਨ ਐਸਾ ਵੀ ਆਵੇਗਾ ਕਿ ਤੁਸੀਂ ਆਪ ਹੀ ਛੱਡ ਦਿਓਗੇ।

ਸਾਰੇ ਜਣੇ ਆਪੋ ਆਪਣੇ ਕੰਮ ਤੇ ਲੱਗ ਗਏ। ਬਾਬਾ ਜੀ ਨੇ ਕਿਹਾ ਕਿ ਮੈਨੂੰ ਸੁਹਾਗਾ ਵੀ ਫੇਰਨਾ ਆਉਂਦਾ ਹੈ ਤੇ ਕਿਆਰੇ ਵੀ ਕਢਵਾ ਸਕਦਾ ਹਾਂ। ਆਪ ਜਿੰਦੇ ਨਾਲ ਕਿਆਰੇ ਕਢਾਉਣ ਲਗ ਪਏ ਤੇ ਨਾਲ ਦੀ ਨਾਲ ਬਚਨ ਸੁਣਾਈ ਜਾ ਰਹੇ ਹਨ ਅਤੇ ਸਾਰੇ ਜਣੇ ਧਿਆਨ ਦੇ ਕੇ ਸੁਣ ਰਹੇ ਹਨ। ਬਾਬਾ ਜੀ ਕਹਿਣ ਲੱਗੇ ਕਿ ਤੁਹਾਨੂੰ ਮੈਂ ਬਾਣੀ ਕੰਠ ਕਰਵਾਉਂਦਾ ਹਾਂ। ਮੈਂ ਅੱਗੇ ਬੋਲਦਾ ਜਾਵਾਂਗਾ, ਤੁਸੀਂ ਪਿਛੇ ਪਿਛੇ ਬੋਲਦੇ ਜਾਵੋ। ਪਹਿਲਾਂ

ਮੈਂ ਤੁਹਾਨੂੰ ਮੂਲ ਮੰਤਰ ਯਾਦ ਕਰਵਾਉਂਦਾ ਹਾਂ – '੧ੴ' ਤੋਂ ਲੈ ਕੇ 'ਨਾਨਕ ਹੋਸੀ ਭੀ ਸਚੁ॥' ਤਕ। ਫੇਰ ਆਪ ਸੁਣ ਲੈਂਦੇ ਸੀ ਤੇ ਫੇਰ ਅੱਗੇ ਤੁਰਦੇ। ਪਹਿਲੀ ਪਉੜੀ ਵੀ ਯਾਦ ਕਰਵਾ ਦਿਤੀ, ਫੇਰ ਦੂਜੀ, ਤੀਜੀ, ਚੌਥੀ ਤੇ ਪੰਜਵੀਂ; ਇਸ ਤਰ੍ਹਾਂ ਨਾਲ ਸ਼ਾਮ ਤਕ ਪੰਜ ਪਉੜੀਆਂ ਦਾ ਪਾਠ ਸਾਰਿਆਂ ਨੂੰ ਕੰਠ ਕਰਵਾ ਦਿਤਾ। ਇੰਨੇ ਨੂੰ ਸ਼ਾਮ ਪੈ ਗਈ। ਬਾਬਾ ਜੀ ਨੇ ਕਿਹਾ ਕਿ ਹੁਣ ਸਾਰੇ ਪਾਠ ਸੁਣੋ, ਮੈਂ ਤੁਹਾਨੂੰ ਰਹਿਰਾਸ ਦਾ ਪਾਠ ਸਰਵਣ ਕਰਵਾਉਂਦਾ ਹਾਂ। ਸਾਰਿਆਂ ਨੇ ਹੱਥ ਮੂੰਹ ਧੋਹ ਕੇ, ਪਾਠ ਸਰਵਣ ਕੀਤਾ, ਫੇਰ ਅਰਦਾਸ ਕੀਤੀ ਤੇ ਫੇਰ ਸਾਰੇ ਜਣੇ ਬਾਬਾ ਜੀ ਨੂੰ ਘਰ ਲੈ ਕੇ ਗਏ। ਇਸ਼ਨਾਨ ਵਗੈਰਾ ਕਰਕੇ ਪਰਸ਼ਾਦਾ ਛਕਿਆ ਤੇ ਜਦੋਂ ਸਾਰੇ ਵਿਹਲੇ ਹੋ ਗਏ, ਸਭ ਨੂੰ ਇਕੱਠਾ ਕਰ ਲਿਆ, ਬੀਬੀਆਂ, ਮਾਈਆਂ ਨੂੰ ਬੁਲਾ ਲਿਆ। ਬਾਬਾ ਜੀ ਕਹਿਣ ਲੱਗੇ, "ਦੇਖੋ! ਧਿਆਨ ਨਾਲ ਸੁਣੋ, ਮੈਂ ਤੁਹਾਨੂੰ ਸਾਰਿਆਂ ਨੂੰ ਗੁਰਮੁਖੀ ਵੀ ਪੜ੍ਹਾਵਾਂਗਾ ਅਤੇ ਗੁਰਬਾਣੀ ਵੀ ਕੰਠ ਕਰਾਵਾਂਗਾ।

ਬੀਬੀਆਂ ਵਾਲੇ ਪਾਸਿਓਂ ਭੈੜੀ ਜਿਹੀ ਬਦਬੂ ਆਈ। ਬਾਬਾ ਜੀ ਨੇ ਇਕ ਦਮ ਨੋਟ ਕਰ ਲਿਆ। ਕਹਿਣ ਲੱਗੇ, ਬੀਬੀਓ! ਤੁਸੀਂ ਨਸਵਾਰ ਤਾਂ ਨਹੀਂ ਲੈਂਦੀਆਂ? ਸਾਰੀਆਂ ਨੇ ਨੀਵੀਆਂ ਪਾ ਲਈਆਂ। ਬਾਬਾ ਜੀ ਨੇ ਕਿਹਾ, ਦੇਖੋ ਇਹ ਵੀ ਇਕ ਕਿਸਮ ਦਾ ਨਸ਼ਾ ਹੀ ਹੈ ਅਤੇ ਨਸਵਾਰ ਲੈਣ ਵਾਲੇ ਪਾਸੋਂ ਦੂਰੋਂ ਹੀ ਬਦਬੂ ਆਉਂਦੀ ਹੈ। ਜਿਵੇਂ ਘਰ ਦੇ ਬੰਦਿਆਂ ਨੇ ਸ਼ਰਾਬ, ਮੀਟ ਦਾ ਤਿਆਗ ਕੀਤਾ ਹੈ, ਤੁਸੀਂ ਵੀ ਮੇਰੀਆਂ, ਭੈਣਾਂ ਤੇ ਮਾਤਾਵਾਂ ਦੇ ਸਮਾਨ ਹੋ ਤੇ ਇਸ ਨਸਵਾਰ ਦਾ ਹੁਣ ਤੋਂ ਹੀ ਤਿਆਗ ਕਰੋ ਤੇ ਕੱਲ੍ਹ ਨੂੰ ਕਿਸੇ ਪਾਸ ਵੀ ਇਹ ਡੱਬੀ ਨਜ਼ਰ ਨਹੀਂ ਆਉਣੀ ਚਾਹੀਦੀ, ਆਪਣੀਆਂ ਡੱਬੀਆਂ ਕਿਸੇ ਟੋਭੇ ਜਾਂ ਰੂੜੀ ਤੇ ਸੁਟ ਕੇ ਆਇਓ ਤੇ ਗੁਰੂ ਨੂੰ ਹਾਜ਼ਰ ਸਮਝ ਕੇ ਇਹ ਪ੍ਰਣ ਕਰੋ ਕਿ ਅੱਜ ਤੋਂ ਇਸ ਭੈੜੀ ਚੀਜ਼ ਨੂੰ ਸੁੰਘਣਾ ਤਾਂ ਇਕ ਪਾਸੇ ਰਿਹਾ, ਇਸ ਨੂੰ ਹੱਥ ਵੀ ਨਹੀਂ ਲਾਵੋਂਗੀਆਂ। ਘਰ ਦੀਆਂ ਸਾਰੀਆਂ ਬੀਬੀਆਂ ਮਾਈਆਂ ਨੂੰ ਵੀ ਨਸਵਾਰ ਦਾ ਭੈੜਾ ਨਸ਼ਾ ਛੁੜਵਾ ਦਿਤਾ। ਸਾਰੇ ਪਰਿਵਾਰ ਨੂੰ ਕਹਿਣ ਲੱਗੇ ਕਿ ਧਿਆਨ ਨਾਲ ਸੁਣੋ, ਮੈਂ ਤੁਹਾਡੇ ਕੋਲ ਜ਼ਿਆਦਾ ਸਮਾਂ ਨਹੀਂ ਟਿਕਣਾ, ਪਰ ਜਿੰਨਾਂ ਚਿਰ ਵੀ ਮੈਂ ਇਥੇ ਰਹਾਂਗਾ, ਤੁਹਾਡਾ ਭਲਾ ਕਰਨਾ ਚਾਹੁੰਦਾ ਹਾਂ ਤਾਂ ਕਿ ਸਾਰਿਆਂ ਦਾ ਲੋਕ ਪਰਲੋਕ ਸੁਧਰ ਜਾਵੇ।

ਇਹ ਸਰੀਰ ਹਮੇਸ਼ਾ ਵਾਸਤੇ ਨਹੀਂ ਰਹਿਣਾ। ਸਰੀਰ ਛੱਡਣ ਤੋਂ ਬਾਅਦ ਅਸੀਂ ਜਿਸ ਥਾਂ ਤੇ ਜਾ ਕੇ ਵਸਣਾ ਹੈ, ਉਸ ਨੂੰ ਸਵਾਰ ਲੈਣਾ ਜ਼ਰੂਰੀ ਹੈ। ਇਸ ਕਰਕੇ ਸਭ ਤੋਂ ਪਹਿਲਾਂ ਮੈਂ ਤੁਹਾਨੂੰ ਸਾਰਿਆਂ ਨੂੰ ਗੁਰਬਾਣੀ ਪੜ੍ਹਨੀ ਸਿਖਾਉਣੀ ਹੈ, ਬਾਣੀਆਂ ਦਾ ਪਾਠ ਕੰਠ ਕਰਵਾਉਣਾ ਹੈ। ਗੁਰਮੰਤਰ ਦਾ ਜਾਪ ਕਰਨਾ ਸਿਖਾਉਣਾ ਹੈ। ਜਿਸ ਨੂੰ ਗੁਰਮੁਖੀ ਪੜ੍ਹਨੀ ਲਿਖਣੀ ਨਹੀਂ ਆਉਂਦੀ, ਉਨ੍ਹਾਂ ਨੂੰ ਗੁਰਮੁਖੀ ਪੜ੍ਹਨੀ ਲਿਖਣੀ ਸਿਖਾਉਣੀ ਹੈ। ਜੇ ਤਾਂ ਤੁਸੀਂ ਸਾਰੇ ਮੇਰੀਆਂ ਗੱਲਾਂ ਨਾਲ ਸਹਿਮਤ ਹੋ, ਮੇਰੀ ਗੱਲ ਮੰਨੋਗੇ, ਫੇਰ ਤਾਂ ਮੈਂ ਕੁਝ ਦਿਨ ਰਹਾਂਗਾ, ਨਹੀਂ ਤਾਂ ਮੈਂ ਸਵੇਰੇ ਅੰਮ੍ਰਿਤ ਵੇਲੇ ਹੀ ਟੁਰ ਜਾਵਾਂਗਾ।

ਸਾਰਿਆਂ ਨੇ ਕਿਹਾ ਕਿ ਤੁਸੀਂ ਜਾਣ ਦੀ ਗੱਲ ਨਾ ਕਰੋ, ਅਸੀਂ ਤੁਹਾਡੀਆਂ ਸਾਰੀਆਂ ਗੱਲਾਂ ਮੰਨਾਂਗੇ ਅਤੇ ਗੁਰਬਾਣੀ ਪੜ੍ਹਨੀ ਲਿਖਣੀ ਸਿਖਾਂਗੇ। ਸੋ ਇਸ ਤਰ੍ਹਾਂ ਨਾਲ ਬੰਦਿਆਂ ਨਾਲ ਤਾਂ ਖੇਤਾਂ ਵਿਚ ਕੰਮ ਕਾਰ ਕਰਦੇ, ਕੁਝ ਸਮਾਂ ਕੱਢ ਕੇ ਮੁਹਾਰਨੀ ਤੇ ਜ਼ਮੀਨ ਤੇ ਅੱਖਰ ਪਾ ਕੇ ਲਿਖਣਾ ਸਿਖਾਉਂਦੇ। ਇਸ ਤਰ੍ਹਾਂ ਜਪੁਜੀ ਸਾਹਿਬ ਸਾਰਿਆਂ ਨੂੰ ਕੰਠ ਕਰਵਾ ਦਿਤਾ। ਹਰ ਰੋਜ਼ ਰਾਤ ਦਾ ਪਰਸ਼ਾਦਾ ਛਕਣ ਤੋਂ ਬਾਅਦ ਸਾਰਿਆਂ ਦੀ ਕਲਾਸ ਲੈਂਦੇ ਤੇ ਇਕੱਲੇ ਇਕੱਲੇ ਨੂੰ ਧਿਆਨ ਦੇ ਕੇ ਪੜ੍ਹਾਉਂਦੇ ਤੇ ਲਿਖਣਾ ਸਿਖਾਉਂਦੇ। ਤਕਰੀਬਨ ਇਕ ਮਹੀਨੇ ਦੀ ਮਿਹਨਤ ਤੋਂ ਬਾਅਦ ਸਾਰੇ ਗੁਰਬਾਣੀ ਪੜ੍ਹਨਾ ਅਤੇ ਆਪਣਾ ਨਾਮ ਲਿਖਣਾ ਤੇ ਦਸਖਤ ਕਰਨਾ ਸਿਖ ਗਏ।

ਗੁਰਬਾਣੀ ਪੜ੍ਹਨੀ ਸੁਣਨੀ ਅਤੇ ਗੁਰਮੁਖ, ਗੁਰਸਿਖ ਦੀ ਸੰਗਤ ਐਸੀ ਚੀਜ਼ ਹੈ ਕਿ ਇਸ ਦਾ ਰੰਗ ਚੜ੍ਹੇ ਬਗੈਰ ਰਹਿ ਨਹੀਂ ਸਕਦਾ। ਸਾਰਾ ਪਰਿਵਾਰ ਤਾਂ ਗੁਰਸਿਖੀ ਦੀ ਲਾਈਨ ਵਿਚ ਆ ਗਿਆ ਪਰ ਬਾਪੂ ਹਾਲੇ ਥੋੜ੍ਹਾ ਬਹੁਤ ਪੈਗ ਲਾ ਲੈਂਦਾ ਸੀ। ਇਕ ਦਿਨ ਅਜਿਹਾ ਕ੍ਰਿਸ਼ਮਾ ਹੋਇਆ ਕਿ ਡੰਗਰਾਂ ਵਾਲੇ ਅੰਦਰ ਜਿਹੜਾ ਸ਼ਰਾਬ ਦਾ ਡਰੰਮ ਭਰਿਆ ਹੋਇਆ ਸੀ, ਬਜ਼ੁਰਗ ਬਾਪੂ ਉਸ ਦੇ ਕੋਲ ਖੜ੍ਹਾ ਨਾਲੇ ਤਾਂ ਉਸ ਡਰੰਮ ਨੂੰ ਢੇਰੀ ਕਰ ਰਿਹਾ ਸੀ, ਭਾਵ ਸ਼ਰਾਬ ਡੋਲ੍ਹ ਰਿਹਾ ਸੀ ਅਤੇ ਨਾਲ ਦੀ ਨਾਲ ਉਚੀ ਉਚੀ ਸ਼ੋਰ ਪਾ ਰਿਹਾ ਸੀ ਕਿ 'ਮਾਰ ਲਿਆ, ਬਈ ਮਾਰ ਲਿਆ, ਦੁਸ਼ਟ ਮਾਰ ਲਿਆ।' ਸਾਰਾ ਟੱਬਰ ਇਕੱਠਾ ਹੋ ਗਿਆ, ਸ਼ਾਮ ਦਾ ਸਮਾਂ ਸੀ, ਸਾਰਿਆਂ ਨੇ ਹਾਲੇ ਪਰਸ਼ਾਦਾ ਛਕਣਾ ਸੀ। ਸਭ ਨੇ ਸਮਝਿਆ ਕਿ ਬਾਪੂ ਨੂੰ ਕੋਈ ਮੁਸੀਬਤ ਆ ਗਈ ਹੈ, ਕੋਈ ਚੋਰ ਅੰਦਰ ਵੜ ਗਿਆ ਹੋਵੇਗਾ, ਇਸ ਕਰਕੇ ਸ਼ੋਰ ਪਾ ਰਿਹਾ ਹੈ। ਸਾਰੇ ਦੌੜੇ ਦੌੜੇ ਗਏ ਤੇ ਕੀ ਦੇਖਦੇ ਹਨ ਕਿ ਸ਼ਰਾਬ ਦਾ ਪੂਰੇ ਦਾ ਪੂਰਾ ਡਰੰਮ ਖਾਲੀ ਕਰ ਦਿਤਾ। ਬਾਪੂ ਜ਼ੋਰ ਜ਼ੋਰ ਦੀ ਇਹ ਬੋਲੀ ਜਾ ਰਿਹਾ ਹੈ। ਬਾਬਾ ਜੀ ਵੀ ਨੇੜੇ ਗਏ, ਕਹਿਣ ਲੱਗੇ, ਬਾਪੂ ਜੀ! ਕਿਸ ਨੂੰ ਮਾਰ ਲਿਆ? ਕਹਿਣ ਲੱਗਿਆ, ਨਿਕਿਆ! ਇਸ ਦੁਸ਼ਟ ਨਸ਼ੇ ਨੂੰ ਮਾਰ ਲਿਆ? ਅੱਜ ਮੈਂ ਸ਼ਰਾਬ ਦਾ ਸਾਰਾ ਡਰੰਮ ਹੀ ਰੋੜ੍ਹ ਦਿਤਾ ਹੈ; ਨਾ ਇਹ ਘਰ ਵਿਚ ਹੋਵੇਗੀ, ਨਾ ਮੈਂ ਇਸ ਨੂੰ ਪੀਵਾਂਗਾ; ਨਾ ਰਹੇਗਾ ਬਾਂਸ ਤੇ ਨਾ ਬੱਜੇਗੀ ਬਾਂਸੁਰੀ। ਨਿਕਿਆ! ਤੁਸੀਂ ਪਤਾ ਨਹੀਂ ਮੈਨੂੰ ਕੀ ਕਰ ਦਿਤਾ ਹੈ, ਮੇਰਾ ਹੁਣ ਇਸ ਨੂੰ ਪੀਣ ਨੂੰ ਬਿਲਕੁਲ ਜੀਅ ਨਹੀਂ ਕਰਦਾ। ਜਦੋਂ ਵੀ ਮੈਂ ਸ਼ਾਮ ਨੂੰ ਪੀਂਦਾ ਸੀ ਤਾਂ ਮੈਂ ਆਪਣੇ ਆਪ ਨੂੰ ਲਾਹਨਤਾਂ ਪਾਉਂਦਾ ਸੀ ਕਿ ਜੇ ਹੋਰ ਸਾਰੇ ਛੱਡ ਗਏ, ਕੀ ਤੂੰ ਨਹੀਂ ਛੱਡ ਸਕਦਾ? ਇਹ ਕਿਹੜੀ ਚੰਗੀ ਚੀਜ਼ ਹੈ ਜਿਸ ਨੂੰ ਪੀ ਕੇ ਸਾਰਾ ਜੀਵਨ ਬਰਬਾਦ ਕਰ ਲਿਆ ਅਤੇ ਨਾ ਹੀ ਨਾਮ ਬਾਣੀ ਨਾਲ ਜੁੜਨਾ ਸਿਖਿਆ। ਇਹ ਕਹਿੰਦਿਆਂ ਕਹਿੰਦਿਆਂ ਪਛਤਾਵੇ ਦੇ ਅਥਰੂ ਵਹਿ ਰਹੇ ਸਨ ਅਤੇ ਉਸ ਨੇ ਅੱਗੇ ਹੋ ਕੇ ਬਾਬਾ ਜੀ ਨੂੰ ਝੁਕ ਕੇ ਨਮਸ਼ਕਾਰ ਕਰਨੀ ਚਾਹੀ ਪਰੰਤੂ ਬਾਬਾ ਜੀ ਨੇ ਉਸ ਦੇ ਹੱਥ ਫੜ ਲਏ ਅਤੇ ਘੁਟ ਕੇ ਗਲਵਕੜੀ ਵਿਚ ਲਿਆ ਤੇ ਕਿਹਾ, ਬਾਪੂ ਜੀ! ਜੋ ਬੀਤ ਗਈ ਸੋ ਬੀਤ ਗਈ, ਉਸ ਦਾ ਫਿਕਰ ਨਾ ਕਰੋ ਤੇ ਨਾ ਹੀ ਦਿਲ ਨੂੰ ਲਾਵੋ, ਹੁਣ ਅਗੇ ਵਾਸਤੇ ਸੁਚੇਤ ਰਹੋ, ਮੁੜ ਕੇ ਗਲਤੀ ਨਾ ਕਰਨਾ। ਐਸਾ ਨਾ

ਹੋਵੇ, ਕਿਤੇ ਫੇਰ ਕਿਸੇ ਵਿਆਹ, ਸ਼ਾਦੀ ਵਿਚ ਤੁਹਾਡੇ ਤੇ ਕੋਈ ਹਾਵੀ ਨਾ ਹੋ ਜਾਵੇ ਕਿਉਂਕਿ ਕਈ ਬੰਦੇ ਜਾਣ ਬੁੱਝ ਕੇ ਗਿਰਾਉਣ ਦੀ ਕੋਸ਼ਿਸ਼ ਕਰਿਆ ਕਰਦੇ ਹਨ। ਸੋ ਹਾਲੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ।

ਪਹਿਲਾਂ ਤੁਹਾਡਾ ਧਿਆਨ ਨਸ਼ਿਆਂ ਵੱਲ ਸੀ, ਇਸ ਸੁਸਾਇਟੀ ਵੱਲ ਸੀ, ਹੁਣ ਤੁਸੀਂ ਗੁਰਬਾਣੀ ਤੇ ਨਾਮ ਵਾਲੇ ਪਾਸੇ ਹੋ ਜਾਵੋ, ਤੇ ਇਧਰਲੇ ਪਾਸੇ ਆ ਕੇ ਪਹਿਲੀਆਂ ਕਸਰਾਂ ਪੂਰੀਆਂ ਕਰ ਦਿਓ। ਹੁਣ ਦਿਨ ਰਾਤ ਸਤਿਨਾਮ ਵਾਹਿਗੁਰੂ ਕਰਦੇ ਰਿਹਾ ਕਰੋ। ਦੇਖਿਓ ਕਿੰਨਾ ਅਨੰਦ ਆਇਆ ਕਰੇਗਾ। ਬਾਬਾ ਜੀ ਨੇ ਸਾਰੇ ਘਰ ਵਿਚ ਗੁਰਸਿਖੀ ਦਾ ਬੀਜ ਬੀਜ ਦਿਤਾ ਅਤੇ ਨਾਮ ਜੱਪਣ ਤੇ ਗੁਰਬਾਣੀ ਪੜ੍ਹਨ ਸੁਣਨ ਦੀ ਚੇਟਕ ਲਾ ਦਿਤੀ। ਹੁਣ ਸਾਰਾ ਪਰਿਵਾਰ ਅੰਮ੍ਰਿਤ ਵੇਲੇ ਜਾਗਣ ਲੱਗ ਪਿਆ, ਇਸ਼ਨਾਨ ਕਰਕੇ ਸਾਰੇ ਨਾਮ ਜਪਦੇ ਹਨ, ਫੇਰ ਗੁਰਬਾਣੀ ਦਾ ਪਾਠ ਕਰਦੇ ਹਨ ਅਤੇ ਸ਼ਾਮ ਨੂੰ ਰਹਿਰਾਸ ਅਤੇ ਸੌਣ ਲੱਗੇ ਸੋਹਿਲਾ ਪੜ੍ਹ ਕੇ ਨਾਮ ਅਭਿਆਸ ਕਰਦੇ ਕਰਦੇ ਸੌਂਦੇ ਹਨ। ਸਾਰੇ ਸਤੋਗੁਣੀ ਬਣ ਗਏ। ਗੁਰਮੁਖ ਦੀ ਸੰਗਤ ਨੇ ਸਾਰੇ ਪਰਿਵਾਰ ਨੂੰ ਸਿਧੇ ਰਸਤੇ ਪਾ ਦਿਤਾ।

ਬਾਬਾ ਜੀ ਇਥੇ ਰਹਿ ਕੇ ਉਨ੍ਹਾਂ ਦੇ ਕੰਮਕਾਰ ਵਿਚ ਵੀ ਹੱਥ ਵਟਾਉਂਦੇ ਰਹੇ ਅਤੇ ਨਾਲ ਦੀ ਨਾਲ ਖੇਤੀ ਬਾੜੀ ਨਾਲ ਸੰਬੰਧਤ ਨੁਸਖੇ ਦੱਸ ਕੇ ਝਾੜ ਜ਼ਿਆਦਾ ਲੈਣ ਬਾਰੇ ਵੀ ਦੱਸਦੇ ਰਹਿੰਦੇ ਸਨ। ਫਸਲ ਕਿਸ ਸਮੇਂ ਤੇ ਕਿਸ ਤਰ੍ਹਾਂ ਬੀਜਣੀ ਹੈ, ਸਿੰਚਾਈ ਕਿਸ ਸਮੇਂ ਕਰਨੀ ਹੈ ਤੇ ਵਢਾਈ ਕਿਸ ਸਮੇਂ ਕਰਨੀ ਹੈ, ਇਹ ਸਭ ਕੁਝ ਸਮਝਾਉਂਦੇ ਰਹਿੰਦੇ ਸਨ। ਜੀਵਾਂ ਤੇ ਦਇਆ ਕਰਨ ਬਾਰੇ ਵੀ ਦੱਸਦੇ ਸਨ ਕਿ ਬਲਦਾਂ ਦੇ ਆਰ ਵਗੈਰਾ ਨਹੀਂ ਮਾਰਨੀ ਤੇ ਨਾ ਹੀ ਸੋਟੀ ਮਾਰਨੀ ਹੈ ਸਗੋਂ ਹਲਕੀ ਕੱਚੀ ਫਸਲ ਦਾ ਡੱਕਾ ਵਰਤਣਾ ਹੈ। ਇਹ ਬੇਜ਼ੁਬਾਨੇ ਹੁੰਦੇ ਹਨ, ਇਨ੍ਹਾਂ ਦੀ ਸੇਵਾ ਕਰਨੀ ਚਾਹੀਦੀ ਹੈ।

ਆਪ ਨੇ ਇਕ ਦਿਨ ਸਾਰਿਆਂ ਨੂੰ ਬੁਲਾ ਕੇ ਕਿਹਾ ਕਿ ਹੁਣ ਮੈਂ ਜਾਣਾ ਹੈ ਤੇ ਮੈਨੂੰ ਇਜਾਜ਼ਤ ਦਿਓ ਤੇ ਜੇ ਸਮਾਂ ਬਣਿਆ ਤਾਂ ਮੁੜ ਕੇ ਕਦੀ ਤੁਹਾਡੇ ਦਰਸ਼ਨ ਕਰਾਂਗਾ। ਮੈਨੂੰ ਤਾਂ ਇਕ ਲਗਨ ਹੈ ਕਿ ਮੈਂ ਸਾਰਿਆਂ ਨੂੰ ਗੁਰੂ ਦਾ ਸੰਦੇਸ਼ ਸੁਣਾ ਕੇ, ਗੁਰਬਾਣੀ ਦੇ ਲੜ ਲਾ ਦਿਆਂ ਤਾਂ ਕਿ ਸਾਰੇ ਸੁਖੀ ਹੋ ਜਾਣ। ਬਜ਼ੁਰਗ ਬਾਪੂ ਜੀ ਨੇ ਦੱਸਿਆ ਕਿ ਸਿੰਧ ਦੇ ਇਲਾਕੇ ਵਿਚ ਸਾਰੇ ਆਬਾਦਕਾਰ ਪੰਜਾਬ ਤੋਂ ਮਾਝੇ ਦੇ ਇਲਾਕੇ ਅਤੇ ਸਿਆਲਕੋਟ ਦੇ ਇਲਾਕਿਆਂ ਤੋਂ ਆਏ ਹੋਏ ਹਨ। ਬਹੁਤ ਮਿਹਨਤ ਕਰਕੇ ਜ਼ਮੀਨਾਂ ਆਬਾਦ ਕੀਤੀਆਂ ਹਨ। ਇਸ ਕਰਕੇ ਤੁਹਾਨੂੰ ਇਥੇ ਸਾਡੇ ਵਰਗੇ ਬਥੇਰੇ ਮਿਲਣਗੇ ਜਿਨ੍ਹਾਂ ਨੂੰ ਗੁਰੂ ਬਾਰੇ ਕੁਝ ਪਤਾ ਹੀ ਨਹੀਂ। ਸਾਨੂੰ ਪ੍ਰਤੀਤ ਹੁੰਦਾ ਹੈ ਕਿ ਹੁਣ ਤੁਸੀਂ ਸਾਰਾ ਇਲਾਕਾ ਹੀ ਸੁਧਾਰ ਕੇ ਜਾਵੋਗੇ। ਬਾਬਾ ਜੀ ਕਹਿਣ ਲੱਗੇ, ਬਾਪੂ ਜੀ! ਇਹ ਤਾਂ ਸੇਵਾ ਗੁਰੂ ਮਹਾਰਾਜ ਨੇ ਲੈਣੀ ਹੈ, ਕੋਈ ਆਪਣੇ ਆਪ ਇਹ ਸੇਵਾ ਨਹੀਂ ਕਰ ਸਕਦਾ। ਸੋ ਹੁਣ ਤੁਹਾਨੂੰ

ਸਾਰਿਆਂ ਨੂੰ ਫਤਹਿ ਬੁਲਾਉਂਦਾ ਹਾਂ ਅਤੇ ਮੈਂ ਆਪਣਾ ਸਫਰ ਅੱਗੇ ਸ਼ੁਰੂ ਕਰਦਾ ਹਾਂ। ਤੁਸੀਂ ਸਾਰੇ ਨਿਤਨੇਮ ਵਿਚ ਪੱਕੇ ਰਿਹੋ, ਗੁਰਬਾਣੀ ਦਾ ਲੜ ਨਾ ਛਡਿਓ ਅਤੇ ਗੁਰਮੰਤਰ ਦਾ ਜਾਪ ਹਰ ਵਕਤ ਕਰਦੇ ਰਿਹਾ ਕਰਨਾ, ਗੁਰੂ ਤੁਹਾਡੇ ਅੰਗ ਸੰਗ ਰਹਿਣਗੇ।

ਇੰਨਾਂ ਸੁਣ ਕੇ ਸਾਰਿਆਂ ਦੇ ਚਿਤ ਉਦਾਸ ਹੋ ਗਏ ਅਤੇ ਰੋਕਦਿਆਂ ਹੋਇਆਂ ਵੀ ਹੰਝੂ ਨਹੀਂ ਰੁਕਦੇ। ਬਾਬਾ ਜੀ ਨੇ ਤੁਰਦੇ ਹੋਏ, ਸਾਰਿਆਂ ਵੱਲ ਇਕ ਵੇਰਾਂ ਫੇਰ ਪਿਆਰ ਭਰੀ ਨਜ਼ਰ ਨਾਲ ਤੱਕਿਆ, ਸਭ ਦੇ ਨੇਤਰ ਸੇਜਲ ਦਿਖਾਈ ਦੇ ਰਹੇ ਸਨ। ਉਨ੍ਹਾਂ ਸਾਰਿਆਂ ਦੀ ਖਿਚ ਇਨ੍ਹਾਂ ਦੇ ਹਿਰਦੇ ਵਿਚ ਵੀ ਪੈ ਰਹੀ ਸੀ। ਪਰ ਸਾਧੂ ਤੇ ਮੁਸਾਫਰ ਕਿਸੇ ਦੇ ਰੋਕੇ ਹੋਏ ਰੁਕਿਆ ਨਹੀਂ ਕਰਦੇ। ਸਾਧੂਆਂ ਦੇ ਅੰਦਰ ਪਰਉਪਕਾਰ ਦੀ ਲਗਨ ਹੁੰਦੀ ਹੈ। ਹਰ ਵਕਤ ਦੂਸਰਿਆਂ ਦੇ ਭਲੇ ਵਾਸਤੇ ਪਰਉਪਕਾਰ ਚਿਤਵਦੇ ਰਹਿੰਦੇ ਹਨ।

***ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ॥ ਪੰਨਾ – 815***

ਸੰਸਾਰ ਦੇ ਜੀਵਾਂ ਦਾ ਭਲਾ ਕਰਨਾ, ਉਨ੍ਹਾਂ ਨੂੰ ਜੀਅ ਦਾਨ ਬਖਸ਼ਣਾ, ਉਨ੍ਹਾਂ ਦਾ ਸਭ ਤੋਂ ਵੱਡਾ ਪਰਉਪਕਾਰ ਹੁੰਦਾ ਹੈ। ਪ੍ਰਭੂ ਦੀ ਭਗਤੀ ਵਾਲੇ ਪਾਸੇ ਲਾ ਕੇ ਹਰੀ ਦੇ ਨਾਲ ਮਿਲਾਪ ਕਰਾ ਦਿੰਦੇ ਹਨ।

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥***
***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥ ਪੰਨਾ – 749***

## ਪਰਉਪਕਾਰ ਦੀ ਮੂਰਤ

ਪਰਉਪਕਾਰ ਦੀ ਮੂਰਤ ਬਾਬਾ ਜੀ ਇਸ ਵੇਲੇ ਆਪਣੇ ਜੋਬਨ ਦੇ ਸਿਖਰ ਤੇ ਹਨ ਪ੍ਰੰਤੂ ਸੰਸਾਰਕ ਮਾਇਆ ਦਾ ਉਨ੍ਹਾਂ ਉਤੇ ਕੋਈ ਪ੍ਰਭਾਵ ਨਹੀਂ। ਆਪਣੇ ਰੰਗ ਵਿਚ ਮਸਤ ਤੇ ਨਾਮ ਵਿਚ ਰੱਤੇ ਹੋਏ ਸਿੰਧ ਦੀ ਧਰਤੀ ਤੇ ਵਿਚਰ ਰਹੇ ਹਨ। ਘਰੋਂ ਤਾਂ ਨੌਕਰੀ ਦੀ ਤਲਾਸ਼ ਵਿਚ ਤੁਰੇ ਸਨ ਪ੍ਰੰਤੂ ਪਰਾਲਬਧ ਅਤੇ ਪਰਉਪਕਾਰ ਵਸ ਹੋ ਕੇ ਪਿਆਰੇ ਦੀ ਰਜ਼ਾਅ ਵਿਚ ਰਾਜ਼ੀ ਹਨ। ਗੁਰਮਤਿ ਤੋਂ ਭੁੱਲੇ ਭਟਕੇ ਲੋਕਾਂ ਨੂੰ ਨਵੇਂ ਨਰੋਏ ਜੀਵਨ ਜੀਉਣ ਦੀ ਜਾਚ ਸਿਖਾਂਦੇ ਜਾ ਰਹੇ ਹਨ। ਸੰਸਾਰ ਦੇ ਲੋਕ ਮੋਹ ਮਾਇਆ ਦੇ ਜਾਲ ਵਿਚ ਅਤੇ ਚੁਰਾਸੀ ਦੇ ਚੱਕਰ ਵਿਚ ਫਸ ਜਾਂਦੇ ਹਨ ਤੇ ਪ੍ਰਭੂ ਦੇ ਪਿਆਰੇ ਇਨ੍ਹਾਂ ਜੀਵਾਂ ਦੀ ਕਲਿਆਣ ਕਰਨ ਹਿਤ ਪ੍ਰਭੂ ਭਗਤੀ ਦਾ ਮਾਰਗ ਦੱਸ ਕੇ ਇਨ੍ਹਾਂ ਨੂੰ ਚੁਰਾਸੀ ਦੇ ਗੇੜ ਵਿਚੋਂ ਕੱਢਣ ਲਈ ਯਤਨਸ਼ੀਲ ਰਹਿੰਦੇ ਹਨ। ਇਨ੍ਹਾਂ ਪ੍ਰਭੂ ਪਿਆਰਿਆਂ ਨੂੰ ਕਿਸੇ ਤਰ੍ਹਾਂ ਦੀ ਪ੍ਰਭਤਾ ਦੀ ਲੋੜ ਨਹੀਂ ਹੋਇਆ ਕਰਦੀ ਸਗੋਂ ਇਨ੍ਹਾਂ ਦੇ ਅੰਦਰ ਤਾਂ ਲਗਨ ਹੁੰਦੀ ਹੈ ਕਿ ਸੰਸਾਰੀ ਜੀਵਾਂ ਦਾ ਭਲਾ ਹੋ ਜਾਵੇ, ਦੁਖਾਂ ਤੋਂ ਛੁਟਕਾਰਾ ਹੋ ਜਾਵੇ ਕਿਉਂਕਿ ਇਹ ਸੰਸਾਰ ਵਾਹਿਗੁਰੂ ਦਾ ਘਰ ਹੈ ਅਤੇ ਸਾਰੇ ਜੀਵਾਂ ਵਿਚ ਵਾਹਿਗੁਰੂ ਦਾ ਵਾਸਾ ਹੈ। ਵਾਹਿਗੁਰੂ ਦਾ ਵਾਸਾ ਤਾਂ ਸਾਰਿਆਂ ਵਿਚ ਹੈ ਪਰ ਇਨ੍ਹਾਂ ਨੂੰ ਪਛਾਣ ਨਹੀਂ

ਹੈ।

*ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥*
*ਇਕਨਾ ਹੁਕਮਿ ਸਮਾਇ ਲਏ ਇਕਨਾ ਹੁਕਮੇ ਕਰੇ ਵਿਣਾਸੁ॥*

*ਪੰਨਾ - 463*

ਵਾਹਿਗੁਰੂ ਨੇ ਜਿਨ੍ਹਾਂ ਨੂੰ ਭਵਸਾਗਰ ਤੋਂ ਕੱਢਣਾ ਹੁੰਦਾ ਹੈ ਉਨ੍ਹਾਂ ਨੂੰ ਹੁਕਮ ਦੀ ਪਛਾਣ ਹੋ ਜਾਂਦੀ ਹੈ ਤੇ ਉਨ੍ਹਾਂ ਨੂੰ ਗੁਰਮੁਖਾਂ ਦਾ ਮਿਲਾਪ ਬਖਸ਼ ਦਿੰਦਾ ਹੈ ਅਤੇ ਇਹ ਗੁਰਮੁਖ ਪਿਆਰੇ ਇਨ੍ਹਾਂ ਜੀਵਾਂ ਨੂੰ ਗੁਰਮਤਿ ਦੀ ਸੇਧ ਬਖਸ਼ ਕੇ, ਪ੍ਰਭੂ ਨਾਲ ਜੁੜਨ ਦੀ ਜੁਗਤੀ ਦੱਸ ਕੇ ਆਤਮ ਮਾਰਗ ਵਲ ਤੋਰ ਦਿੰਦੇ ਹਨ। ਪ੍ਰੰਤੂ ਜਿਨ੍ਹਾਂ ਦੇ ਮਸਤਕ ਉਤੇ ਲੇਖ ਨਹੀਂ ਲਿਖੇ ਹੁੰਦੇ, ਉਹ ਸੰਗਤ ਤੋਂ ਵਾਂਝੇ ਰਹਿ ਜਾਂਦੇ ਹਨ, ਉਨ੍ਹਾਂ ਨੂੰ ਹੁਕਮ ਦੀ ਪਛਾਣ ਨਹੀਂ ਹੋ ਸਕਿਆ ਕਰਦੀ, ਉਹ ਮੋਹ ਮਾਇਆ ਦੇ ਚੱਕਰ ਵਿਚ ਫਸੇ ਹੋਏ ਚੁਰਾਸੀ ਦੇ ਚੱਕਰ ਕੱਟਦੇ ਰਹਿੰਦੇ ਹਨ। ਸੋ ਗੁਰਮੁਖਾਂ ਦੇ ਅੰਦਰ ਲਗਨ ਹੁੰਦੀ ਹੈ। ਜੋ ਵੀ ਉਨ੍ਹਾਂ ਦੇ ਸੰਪਰਕ ਵਿਚ ਆ ਜਾਂਦਾ ਹੈ, ਉਹ ਆਪਣੇ ਆਪ ਕੀਲਿਆ ਜਾਂਦਾ ਹੈ ਕਿਉਂਕਿ ਜੀਵਾਂ ਦੀ ਪ੍ਰਾਲਬਧ ਹੀ ਉਨ੍ਹਾਂ ਦੇ ਮੁਖ ਤੋਂ ਆਤਮ ਕਲਿਆਣਕਾਰੀ ਬਚਨ ਕਢਵਾ ਲਿਆ ਕਰਦੀ ਹੈ ਅਤੇ ਜੋ ਕੰਮ ਉਹ ਖੁਦ ਕਰਦੇ ਹਨ, ਓਹੀ ਕੰਮ ਉਨ੍ਹਾਂ ਨੂੰ ਦੱਸ ਦਿਆ ਕਰਦੇ ਹਨ। ਉਨ੍ਹਾਂ ਦਾ ਕੰਮ ਸੰਸਾਰ ਨੂੰ ਨਾਮ ਜਪਾਉਣ ਦਾ ਹੋਇਆ ਕਰਦਾ ਹੈ, ਉਹ ਖੁਦ ਵੀ ਨਾਮ ਜਪਦੇ ਹਨ ਤੇ ਸੰਸਾਰ ਨੂੰ ਇਸੇ ਕਾਰੇ ਲਾ ਦਿਆ ਕਰਦੇ ਹਨ।

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥ ਪੰਨਾ - 1373*

ਸੰਤਾਂ ਦਾ ਕੰਮ ਨਾਮ ਜਪਾਉਣਾ ਹੀ ਹੋਇਆ ਕਰਦਾ ਹੈ ਅਤੇ ਨਾਮ ਜਪਣ ਨਾਲ ਹੀ ਮੁਕਤੀ ਦਾ ਰਾਹ ਖੁਲ੍ਹਦਾ ਹੈ। ਜੀਵ ਨੂੰ ਆਪਣੇ ਆਪੇ ਦੀ ਸੋਝੀ ਹੋ ਆਉਂਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ ਨਾਲ ਜੋੜ ਕੇ ਗੁਰਬਾਣੀ ਪੜ੍ਹਨ ਤੇ ਸੁਣਨ ਦੀ ਸੋਝੀ ਬਖਸ਼ ਦਿਆ ਕਰਦੇ ਹਨ, ਗੁਰੂ ਨਾਲ ਪਿਆਰ ਕਰਨਾ ਤੇ ਗੁਰੂ ਦੀ ਸਿਫਤ ਸਲਾਹ ਵਿਚ ਜੁੜਨਾ ਸਿਖਾਉਂਦੇ ਹਨ। ਜੋ ਵੀ ਪ੍ਰਾਣੀ, ਜਗਿਆਸੂ, ਗੁਰਸਿੱਖ ਗੁਰੂ ਦੀ ਬਾਣੀ ਨੂੰ ਪਿਆਰ ਨਾਲ ਪੜ੍ਹਦਾ ਤੇ ਸੁਣਦਾ ਹੈ, ਇਕ ਮਨ ਇਕ ਚਿੱਤ ਹੋ ਕੇ ਅੰਤਰੀਵ ਭਾਵ ਵਿਚ ਟੁੱਭੀ ਲਾਉਂਦਾ ਹੈ, ਉਸ ਦਾ ਪ੍ਰਵੇਸ਼ ਵੀ ਨਾਮ ਮੰਡਲ ਵਿਚ ਹੋ ਜਾਇਆ ਕਰਦਾ ਹੈ ਕਿਉਂਕਿ ਇਹ ਧੁਰ ਕੀ ਬਾਣੀ ਹੈ। ਇਹ ਗੁਰਬਾਣੀ ਸੰਸਾਰ ਵਿਚ ਤੇ ਪਰਿਵਾਰਾਂ ਵਿਚ ਪਏ ਹੋਏ ਸਾਰੇ ਕਲ੍ਹਾ ਤੇ ਕਲੇਸ਼ ਨੂੰ ਮਿਟਾਉਣ ਦੇ ਸਮਰੱਥ ਹੈ, ਸਾਰੀਆਂ ਚਿੰਤਾਵਾਂ ਤੇ ਫਿਕਰ ਦੂਰ ਕਰਕੇ ਸ਼ਾਂਤੀ ਬਖਸ਼ਦੀ ਹੈ।

*ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥*

ਕਿਉਂਕਿ ਬਾਣੀ ਧੁਰ ਦਰਗਾਹ ਤੋਂ ਆਈ ਹੈ ਅਤੇ ਇਸ ਨੂੰ ਪਿਆਰ, ਸ਼ਰਧਾ ਤੇ ਨਿਸ਼ਚੇ ਨਾਲ ਪੜ੍ਹਨ ਸੁਣਨ ਵਾਲੇ ਨੂੰ ਆਪਣੇ ਦੇਸ ਪਹੁੰਚਾਅ ਦਿੰਦੀ ਹੈ। ਇਕ ਵਾਰ ਦਾ ਜ਼ਿਕਰ ਹੈ, ਗੁਰੂ ਦਸ਼ਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰ ਲੱਗਿਆ ਹੋਇਆ ਸੀ। ਸਾਰੀਆਂ ਸੰਗਤਾਂ ਗੁਰੂ ਮਹਾਰਾਜ ਜੀ ਦੇ ਨੂਰਾਨੀ ਚਿਹਰੇ ਨੂੰ ਇਸ ਤਰ੍ਹਾਂ ਇਕ ਟਕ ਤੱਕ ਰਹੀਆਂ ਹਨ ਜਿਵੇਂ ਹਜ਼ਾਰਾਂ ਚਕੋਰਾਂ ਚੰਦ ਵਲ ਤਕ ਰਹੀਆਂ ਹੋਣ। ਕਿਸੇ ਦਾ ਵੀ ਇਕ ਛਿਨ ਵਾਸਤੇ ਵੀ ਅੱਖ ਝਮਕਣ ਨੂੰ ਜੀਅ ਨਹੀਂ ਸੀ ਕਰਦਾ। ਇੰਨੇ ਵਿਚ ਕੀ ਦੇਖਦੇ ਹਨ ਕਿ ਇਕ ਅਜੀਬ ਛਵੀ ਤੇ ਪਹਿਰਾਵੇ ਵਾਲਾ ਰਿਸ਼ੀ ਦਰਬਾਰ ਵਿਚ ਆਇਆ, ਉਸ ਨੇ ਗੁਰੂ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਤੇ ਕੁਝ ਭੇਟ ਕੀਤਾ, ਬਚਨ ਬਿਲਾਸ ਹੋਏ ਅਤੇ ਫੇਰ ਗੁਰੂ ਮਹਾਰਾਜ ਜੀ ਤੋਂ ਆਗਿਆ ਲੈ ਕੇ ਦਰਬਾਰ ਤੋਂ ਬਾਹਰ ਆਇਆ ਤੇ ਅਦ੍ਰਿਸ਼ਟ ਹੋ ਗਿਆ। ਸਾਰੀ ਸੰਗਤ ਹੈਰਾਨ ਸੀ ਕਿ ਇਹ ਕੌਣ ਸਨ ਤੇ ਮਹਾਰਾਜ ਜੀ ਨੂੰ ਕੀ ਭੇਟ ਕਰਕੇ ਗਏ ਹਨ ਤੇ ਕੀ ਬਚਨ ਬਿਲਾਸ ਹੋਏ ਹੋਣਗੇ। ਸੰਗਤਾਂ ਦੇ ਮਨ ਦੇ ਭਾਵਾਂ ਨੂੰ ਬੁੱਝਦੇ ਹੋਏ ਸਤਿਗੁਰੂ ਜੀ ਨੇ ਦੱਸਿਆ ਕਿ ਸਾਧ ਸੰਗਤ ਜੀ! ਇਹ ਨਾਰਦਮੁਨੀ ਜੀ ਸਨ ਜੋ ਸਾਡੇ ਦਰਸ਼ਨ ਕਰਨ ਆਏ ਸਨ ਤੇ ਸਾਨੂੰ ਇਹ 'ਅਨਲ' ਪੰਛੀ ਦੇ ਖੰਭ ਭੇਟ ਕਰਕੇ ਗਏ ਹਨ। ਅਨਲ ਪੰਛੀ ਧਰਤੀ ਦੀ ਖਿੱਚ (gravitation) ਜਿਥੇ ਖਤਮ ਹੁੰਦੀ ਹੈ, ਉਸ ਤੋਂ ਉਪਰਲੇ ਵਾਯੂਮੰਡਲ ਵਿਚ ਨਿਵਾਸ ਕਰਦਾ ਹੈ। ਸਤਿਗੁਰੂ ਜੀ ਨੇ ਆਪਣੇ ਤੀਰਾਂ ਦੇ ਭੱਥੇ ਵਿਚੋਂ ਕੁਝ ਤੀਰ ਕੱਢੇ ਤੇ ਅਨਲ ਪੰਛੀ ਦੇ ਖੰਭ ਉਨ੍ਹਾਂ ਤੀਰਾਂ ਨਾਲ ਜੜ ਦਿਤੇ ਤਾਂ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਹੁਣ ਅਸੀਂ ਇਹ ਤੀਰ ਆਪਣੇ ਤੀਰ ਕਮਾਨ ਤੋਂ ਛੱਡ ਰਹੇ ਹਾਂ ਤੇ ਤੁਸੀਂ ਸਾਰੇ ਦੂਰ ਦੂਰ ਜਾਵੋ ਅਤੇ ਜਿਥੇ ਜਿਥੇ ਵੀ ਇਹ ਖੰਭਾਂ ਵਾਲੇ ਤੀਰ ਡਿਗਣਗੇ, ਚੁੱਕ ਕੇ ਸਾਡੇ ਪਾਸ ਪੇਸ਼ ਕਰਿਓ। ਇਸ ਤਰ੍ਹਾਂ ਹੀ ਹੋਇਆ। ਸਾਰੀ ਸੰਗਤ ਵੱਖ ਵੱਖ ਦਿਸ਼ਾਵਾਂ ਵੱਲ ਦੂਰ ਦੂਰ ਚਲੀ ਗਈ ਤੇ ਗੁਰੂ ਮਹਾਰਾਜ ਜੀ ਤੀਰ ਛੱਡ ਰਹੇ ਹਨ। ਤੀਰ ਉਪਰ ਨੂੰ ਜਾਂਦੇ ਦਿਸ ਰਹੇ ਹਨ ਪਰ ਬੜੀ ਹੈਰਾਨੀ ਦੀ ਗੱਲ ਹੋ ਰਹੀ ਹੈ ਕਿ ਕੋਈ ਵੀ ਤੀਰ ਧਰਤੀ ਉਤੇ ਨਹੀਂ ਡਿਗਦਾ। ਸਾਰੇ ਸਿੰਘ, ਤੀਰ ਲੱਭ ਰਹੇ ਹਨ ਪਰ ਇਕ ਵੀ ਤੀਰ ਕਿਸੇ ਦੇ ਹੱਥ ਨਾ ਲੱਗਾ। ਸਾਰੇ ਸਿੰਘ ਮਹਾਰਾਜ ਜੀ ਪਾਸ ਖਾਲੀ ਵਾਪਸ ਆ ਜਾਂਦੇ ਹਨ। ਮਹਾਰਾਜ ਜੀ ਸਵਾਲ ਕਰਦੇ ਹਨ ਕਿ ਪ੍ਰੇਮੀਓਂ! ਤੁਸੀਂ ਤੀਰ ਨਹੀਂ ਲੈ ਕੇ ਆਏ, ਸਾਰੇ ਖਾਲੀ ਹੱਥ ਆ ਰਹੇ ਹੋ? ਸਾਰੀ ਵਾਰਤਾ ਦੱਸੀ ਕਿ ਮਹਾਰਾਜ! ਤੀਰ ਉਤੇ ਜਾਂਦੇ ਦਿਸਦੇ ਸਨ ਪਰ ਅਸੀਂ ਗਹੁ ਨਾਲ ਦੇਖਿਐ ਕਿ ਕੋਈ ਵੀ ਤੀਰ ਧਰਤੀ ਤੇ ਨਹੀਂ ਡਿੱਗਾ। ਮਹਾਰਾਜ ਜੀ ਮੁਸਕਰਾ ਰਹੇ ਹਨ। ਕਹਿਣ ਲੱਗੇ, ਪਿਆਰਿਓ, ਇਹ ਭੇਤ ਦੀ ਗੱਲ ਹੈ ਜੋ ਤੁਹਾਨੂੰ ਸਮਝਾਉਣੀ ਸੀ। ਇਨ੍ਹਾਂ ਤੀਰਾਂ ਦੇ ਨਾਲ 'ਅਨਲ' ਪੰਛੀ ਦੇ ਖੰਭ ਜੜੇ ਹੋਏ ਸਨ ਤੇ ਜਿਥੋਂ ਇਹ ਖੰਭ ਆਏ ਸਨ ਭਾਵ ਇਹ ਖੰਭ ਜਿਸ ਦੇਸ਼ ਦੇ ਵਾਸੀ ਸਨ, ਤੀਰਾਂ ਨੂੰ ਵੀ ਉਥੇ ਹੀ ਲੈ ਗਏ ਹਨ। ਇਸੇ ਤਰ੍ਹਾਂ ਇਹ ਗੁਰਬਾਣੀ

ਜੋ ਕਿ ਧੁਰ ਕੀ ਬਾਣੀ ਹੈ, ਸੱਚਖੰਡ ਦੇ ਦੇਸ ਦੀ ਬਾਣੀ ਹੈ, ਜਦੋਂ ਅਸੀਂ ਉਸ ਦੇ ਲੜ ਲੱਗਾਂਗੇ, ਇਹ ਵੀ ਸਾਨੂੰ ਅਨਲ ਪੰਛੀ ਦੇ ਖੰਭਾਂ ਵਾਂਗ ਆਪਣੇ ਦੇਸ ਲੈ ਜਾਵੇਗੀ।

ਬਾਬਾ ਜੀ ਦੇ ਮਨ ਵਿਚ ਇਹ ਲਗਨ ਸੀ ਕਿ ਵੱਧ ਤੋਂ ਵੱਧ ਪ੍ਰਾਣੀਆਂ ਨੂੰ ਗੁਰਬਾਣੀ ਦੇ ਲੜ ਲਾ ਕੇ ਉਨ੍ਹਾਂ ਨੂੰ ਜੀਵਨ ਦੀ ਸੋਝੀ ਦਿਤੀ ਜਾਵੇ ਜਿਵੇਂ ਕਿ ਉਨ੍ਹਾਂ ਨੇ ਇਸ ਪਰਿਵਾਰ ਨੂੰ ਸੋਝੀ ਬਖਸ਼ੀ, ਗੁਰਮੁਖੀ ਪੜ੍ਹਨੀ ਲਿਖਣੀ ਸਿਖਾਈ, ਇਕ ਇਕ ਤੁਕ ਯਾਦ ਕਰਵਾ ਕੇ ਪੰਜੇ ਬਾਣੀਆਂ ਕੰਠ ਕਰਵਾਈਆਂ, ਉਨ੍ਹਾਂ ਦੇ ਆਹਾਰ, ਵਿਚਾਰ ਤੇ ਵਿਹਾਰ ਨੂੰ ਸ਼ੁੱਧ ਕੀਤਾ। ਇਸੇ ਕਰਕੇ ਇਨ੍ਹਾਂ ਦੇ ਅਪਣੱਤ ਭਰੇ ਪਿਆਰ ਕਰਕੇ ਸਾਰਿਆਂ ਦੇ ਹੰਝੂ ਵਹਿ ਰਹੇ ਸਨ ਤੇ ਇਨ੍ਹਾਂ ਨੂੰ ਦੂਰ ਤਕ ਨੀਝ ਲਾ ਕੇ ਤਕਦੇ ਰਹੇ। ਆਪ ਜੀ ਇਸੇ ਤਰ੍ਹਾਂ ਇਸ ਭਾਵ ਅੰਦਰ ਵਾਹਿਗੁਰੂ ਦਾ ਸ਼ੁਕਰਾਨਾ ਕਰਦੇ ਤੁਰੇ ਜਾ ਰਹੇ ਹਨ।

ਅੱਗੇ ਕਿਸੇ ਰਾਹੀ ਕੋਲੋਂ ਪੁਛਿਆ ਕਿ ਨੇੜੇ ਕੋਈ ਪਿੰਡ ਹੈ? ਉਸ ਨੇ ਦੱਸਿਆ ਕਿ ਗੋਠ ਚੰਦਾ ਸਿੰਘ ਇਥੋਂ ਦੋ ਕੋਹ ਦੀ ਵਿਥ ਤੇ ਹੈ। ਜਦੋਂ ਆਪ ਨੇੜੇ ਪਹੁੰਚੇ ਤਾਂ ਆਪ ਨੇ ਦੇਖਿਆ ਕਿ ਥੋੜ੍ਹੇ ਜਿਹੇ ਘਰ, ਥੋੜ੍ਹੀ ਵਸੋਂ ਵਾਲਾ ਛੋਟਾ ਜਿਹਾ ਪਿੰਡ ਹੈ। ਬਾਹਰਵਾਰ ਥੜ੍ਹਿਆਂ ਦੇ ਕੋਲੋਂ ਦੀ ਆਪ ਲੰਘੇ ਜਾ ਰਹੇ ਹਨ ਤਾਂ ਦੇਖਿਆ ਕਿ ਇਕ ਮਾਈ ਖੜ੍ਹੀ ਹੈ। ਆਪ ਨੇ ਮਾਤਾ ਨੂੰ ਦੇਖਿਆ, ਆਪ-ਮੁਹਾਰੇ ਅੰਦਰੋਂ ਖਿੱਚ ਪਈ ਤੇ ਮਾਤਾ ਤੋਂ ਰਿਹਾ ਨਾ ਗਿਆ ਤੇ ਉਸ ਨੇ ਆਪ ਨੂੰ ਆਵਾਜ਼ ਮਾਰੀ, ਵੇ ਪੁਤਰ! ਐਸ ਵੇਲੇ ਕਿਧਰ ਨੂੰ ਤੁਰਿਆ ਜਾ ਰਿਹਾ ਹੈਂ, ਤੈਨੂੰ ਦੇਖ ਕੇ ਮੇਰੇ ਮਨ ਵਿਚ ਠੰਢ ਪੈਂਦੀ ਹੈ, ਖਿੱਚ ਪੈ ਰਹੀ ਹੈ, ਆਪਣਾ ਆਪਣਾ ਲਗਦਾ ਹੈਂ। ਇਧਰ ਮੇਰੇ ਕੋਲ ਆ, ਮੈਨੂੰ ਲਗਦਾ ਹੈ ਕਿ ਤੂੰ ਤਾਂ ਮੇਰਾ ਪਿਛਲੇ ਜਨਮ ਦਾ ਪੁੱਤਰ ਹੈਂ। ਮਾਤਾ ਦੇ ਮੁਖੋਂ ਪਿਆਰ ਸਨੇਹ ਤੇ ਮਮਤਾ ਭਰੇ ਬਚਨ ਸੁਣ ਕੇ ਆਪ ਨੇ ਉਤਰ ਦਿਤਾ ਕਿ ਮਾਂ! ਮੈਨੂੰ ਵੀ ਤੂੰ ਮੇਰੀ ਮਾਂ ਲਗਦੀ ਹੈਂ। ਪਿਛਲੇ ਜਨਮ ਵਿਚ ਆਪਾਂ ਵਿਛੜ ਗਏ ਸੀ ਤੇ ਹੁਣ ਮੈਨੂੰ ਲੱਭ ਗਈ ਹੈਂ। ਮਾਂ ਕਹਿਣ ਲੱਗੀ, ਪੁੱਤਰ! ਠੀਕ ਹੈ, ਹੁਣ ਜਾਣਾ ਕਿਥੇ ਹੈ? ਮੇਰੇ ਕੋਲ ਹੀ ਰਹਿ, ਮੇਰੇ ਪਹਿਲਾਂ ਛੇ ਪੁੱਤਰ ਹਨ ਤੇ ਤੂੰ ਮੇਰਾ ਸਤਵਾਂ ਪੁੱਤਰ ਹੈਂ ਤੇ ਸਾਰਿਆਂ ਦੇ ਨਾਮ ਇਕ ਇਕ ਮੁਰੱਬਾ ਜ਼ਮੀਨ ਹੈ ਤੇ ਇਕ ਮੁਰੱਬਾ ਮੈਂ ਤੇਰੇ ਨਾਮ ਲਗਵਾ ਦਿਆਂਗੀ। ਥੋੜ੍ਹੇ ਪਲਾਂ ਵਿਚ ਹੀ ਮਾਤਾ ਨਾਲ ਪੁੱਤਰ ਵਾਲੇ ਪਿਆਰ ਦੀ ਸਾਂਝ ਪੈ ਗਈ। ਇਸ ਮਾਤਾ ਦਾ ਨਾਮ ਸੁੱਖੀ (ਸੁੱਖ ਕੌਰ) ਸੀ। ਪਿਆਰ ਨਾਲ ਘਰ ਲੈ ਗਈ ਤੇ ਸਾਰੇ ਪਰਿਵਾਰ ਨਾਲ ਅਤੇ ਪਤੀ ਸ. ਚੰਦਾ ਸਿੰਘ ਨਾਲ ਜਾਣ ਪਛਾਣ ਕਰਵਾਈ। ਕਿਸੇ ਨੇ ਵੀ ਮੱਥੇ ਵੱਟ ਨਹੀਂ ਪਾਇਆ, ਸਗੋਂ ਸਾਰੇ ਚਾਅ ਮੱਤੇ ਸਨ ਕਿ ਸਾਡੇ ਪਰਿਵਾਰ ਵਿਚ ਇਕ ਹੋਰ ਮੈਂਬਰ ਦਾ ਵਾਧਾ ਹੋ ਗਿਆ ਹੈ। ਸ. ਚੰਦਾ ਸਿੰਘ ਕਹਿਣ ਲੱਗੇ, ਦੇਖੋ ਬੇਟਾ! ਇਹ ਤੁਹਾਡਾ ਆਪਣਾ ਘਰ ਹੈ ਤੇ ਕਿਸੇ ਪ੍ਰਕਾਰ ਦੀ ਸੰਗ ਨਹੀਂ ਰੱਖਣੀ; ਜੋ ਗੱਲ ਤੁਹਾਡੇ ਮਨ ਵਿਚ ਹੋਵੇ, ਖੁਲ੍ਹ ਕੇ ਕਰ ਲਿਆ ਕਰਨੀ। ਬਾਬਾ ਜੀ ਕਹਿਣ ਲੱਗੇ, ਬਾਪੂ ਜੀ ਠੀਕ ਹੈ, ਹੁਣ ਤੁਸੀਂ ਸਾਰਾ ਪਰਿਵਾਰ ਇਥੇ ਹੀ ਬੈਠੇ ਹੋ, ਮੈਂ

ਤੁਹਾਨੂੰ ਆਪਣੇ ਬਾਰੇ ਵੀ ਦਸਣਾ ਚਾਹੁੰਦਾ ਹਾਂ ਕਿ ਇਥੇ ਰਹਿਣ ਦਾ ਮੇਰਾ ਕੀ ਮਕਸਦ ਹੋਵੇਗਾ।

## ਸਿੰਧ ਵਿਚ ਗੁਰਮਤਿ ਪ੍ਰਚਾਰ

ਪਹਿਲਾਂ ਤਾਂ ਬਾਬਾ ਜੀ ਨੇ ਆਪਣੇ ਬਾਰੇ ਜਾਣਕਾਰੀ ਦਿਤੀ ਕਿ ਉਹ ਕਿਸ ਤਰ੍ਹਾਂ ਭਰਤੀ ਹੋਣ ਵਾਸਤੇ ਨਵਾਬਸ਼ਾਹ ਸ਼ਹਿਰ ਵਿਚ ਆਏ ਸਨ ਤੇ ਹੁਣ ਜਦੋਂ ਇਸ ਇਲਾਕੇ ਵਿਚ ਘਰ ਤੋਂ ਸੈਂਕੜੇ ਮੀਲ ਦੂਰ ਆ ਹੀ ਗਏ ਹਾਂ, ਕਿਉਂ ਨਾ ਗੁਰੂ ਨਾਨਕ ਮਹਾਰਾਜ ਜੀ ਦੀ ਬਾਣੀ ਦਾ ਉਪਦੇਸ਼ ਉਨ੍ਹਾਂ ਲੋਕਾਂ ਨੂੰ ਦਿਤਾ ਜਾਵੇ ਜੋ ਇਸ ਤੋਂ ਵਾਂਝੇ ਰਹਿ ਗਏ ਹਨ। ਇਥੇ ਇਸ ਇਲਾਕੇ ਵਿਚ ਮਾਝੇ ਅਤੇ ਸਿਆਲਕੋਟ ਤੋਂ ਅਨੇਕਾਂ ਪਰਿਵਾਰ ਵਸੇ ਹੋਏ ਹਨ। ਇਨ੍ਹਾਂ ਨਾਲ ਵੱਧ ਤੋਂ ਵੱਧ ਸੰਪਰਕ ਕਰਕੇ ਇਥੇ ਇਕ ਮੁਹਿੰਮ ਚਲਾਈ ਜਾਵੇ ਜਿਸ ਨਾਲ ਲੋਕੀ ਨਸ਼ੇ ਵੀ ਛੱਡ ਦੇਣ, ਆਹਾਰ ਸ਼ੁਧ ਕਰ ਲੈਣ, ਫੇਰ ਇਨ੍ਹਾਂ ਨਾਲ ਗੁਰੂ ਦੇ ਸ਼ਬਦ ਦੀ ਸਾਂਝ ਪਾਈ ਜਾਵੇ, ਗੁਰਮੁਖੀ ਸਿਖਾਈ ਜਾਵੇ, ਸ਼ੁਧ ਪਾਠ ਕਰਨਾ ਸਿਖਾਇਆ ਜਾਵੇ, ਬਾਣੀ ਕੰਠ ਕਰਵਾਈ ਜਾਵੇ ਤਾਂ ਕਿ ਸਾਰਿਆਂ ਨੂੰ ਨਿਤਨੇਮ ਦੀਆਂ ਬਾਣੀਆਂ ਮੂੰਹ ਜ਼ੁਬਾਨੀ ਯਾਦ ਹੋ ਜਾਣ। ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ, ਅਖੰਡਪਾਠ ਕਰਵਾਏ ਜਾਣ। ਜਿਥੇ ਜਿਥੇ ਵੀ ਗੁਰੂ ਨਾਨਕ ਨਾਮ ਲੇਵਾ ਹਨ, ਉਥੇ ਕੀਰਤਨ ਕਥਾ ਦੇ ਦੀਵਾਨ ਲਾ ਕੇ ਗੁਰੂ ਪ੍ਰਤੀ ਪਿਆਰ ਤੇ ਸ਼ਰਧਾ ਦੀ ਲਾਗ ਲਾਈ ਜਾਵੇ ਤਾ ਕਿ ਵੱਧ ਤੋਂ ਵੱਧ ਪ੍ਰਾਣੀ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਦੇ ਸਿੰਘ ਸਜ ਕੇ ਕੁਰਹਿਤਾਂ ਤੇ ਬੁਰਿਆਈਆਂ ਤੋਂ ਹਟ ਕੇ ਸੇਵਾ ਤੇ ਸਿਮਰਨ ਵਿਚ ਲਗ ਜਾਣ ਜਿਸ ਨਾਲ ਉਨ੍ਹਾਂ ਦਾ ਲੋਕ ਤੇ ਪਰਲੋਕ ਸੁਹੇਲਾ ਹੋ ਜਾਵੇ।

ਬਾਬਾ ਜੀ ਦੇ ਇਹ ਬਚਨ ਸੁਣ ਕੇ ਸ. ਚੰਦਾ ਸਿੰਘ ਤੇ ਮਾਤਾ ਸੁਖ ਕੌਰ ਅਤੇ ਸਾਰਾ ਪਰਿਵਾਰ ਬਹੁਤ ਪ੍ਰਭਾਵਿਤ ਹੋਇਆ ਤੇ ਮਨ ਹੀ ਮਨ ਵਿਚ ਵਾਹਿਗੁਰੂ ਦਾ ਧੰਨਵਾਦ ਕਰ ਰਹੇ ਸਨ ਕਿ ਪ੍ਰਮੇਸ਼ਰ ਨੇ ਇਹੋ ਜਿਹੇ ਗੁਰਮੁਖ ਪਿਆਰੇ ਨੂੰ ਆਪਣੇ ਆਪ ਸਾਡੇ ਘਰ ਸੇਵਾ ਲਈ ਭੇਜਿਆ ਹੈ। ਬਾਬਾ ਜੀ ਨੇ ਕਿਹਾ ਕਿ ਜੇਕਰ ਤੁਸੀਂ ਚਾਹੁੰਦੇ ਹੋ ਕਿ ਮੈਂ ਤੁਹਾਡੇ ਘਰ ਰਹਾਂ ਤੇ ਪ੍ਰਸ਼ਾਦਾ ਛਕਾਂ ਤਾਂ ਆਪ ਨੂੰ ਆਪਣਾ ਆਹਾਰ ਸ਼ੁਧ ਕਰਨਾ ਪਵੇਗਾ, ਸ਼ਰਾਬ ਤੇ ਮਾਸ ਆਦਿ ਘਰ ਵਿਚ ਨਹੀਂ ਬਣੇਗਾ ਤੇ ਨਾ ਹੀ ਕੋਈ ਬਾਹਰ ਇਹ ਚੀਜ਼ਾਂ ਦੀ ਵਰਤੋਂ ਕਰੇਗਾ ਅਤੇ ਸਾਰੀਆਂ ਬੀਬੀਆਂ, ਭੈਣਾਂ ਨੂੰ ਨਸਵਾਰ ਛੱਡਣੀ ਪਵੇਗੀ। ਸਾਰੇ ਪਰਿਵਾਰ ਨੇ ਇਕ ਆਵਾਜ਼ ਨਾਲ ਹਾਮੀ ਭਰੀ ਕਿ ਉਨ੍ਹਾਂ ਦੇ ਹੁਕਮ ਦੀ ਉਲੰਘਣਾ ਨਹੀਂ ਕੀਤੀ ਜਾਵੇਗੀ। ਬਾਬਾ ਜੀ ਨੇ ਇਸ ਗੱਲ ਦੀ ਖੁਸ਼ੀ ਪ੍ਰਗਟਾਈ ਕਿ ਸਾਰੇ ਪਰਿਵਾਰ ਨੇ ਉਨ੍ਹਾਂ ਦੀ ਬੇਨਤੀ ਨੂੰ ਪ੍ਰਵਾਨ ਕੀਤਾ ਹੈ ਤੇ ਗੁਰੂ ਦੇ ਜਹਾਜ਼ ਤੇ ਚੜ੍ਹਨ ਲਈ ਤਿਆਰ ਹੋ ਗਏ ਹਨ। ਬਾਬਾ ਜੀ ਨੇ ਇੱਛਾ ਜ਼ਾਹਰ ਕੀਤੀ ਕਿ ਉਹ ਇਸ ਇਲਾਕੇ ਦਾ ਸਰਵੇਖਣ ਕਰਨਾ ਚਾਹੁੰਦੇ ਹਨ। ਨੇੜੇ ਦੇ ਪਿੰਡਾਂ ਵਿਚ ਜਿਥੇ ਵੀ ਪੰਜਾਬੀ ਆਬਾਦਕਾਰ ਰਹਿੰਦੇ ਹਨ ਉਨ੍ਹਾਂ ਨਾਲ ਮਿਲ ਕੇ, ਗੁਰਦਵਾਰਿਆਂ ਦੇ ਗ੍ਰੰਥੀ ਸਾਹਿਬਾਨ

ਨੂੰ ਮਿਲਣਾ ਚਾਹੁੰਦੇ ਹਨ ਤਾ ਕਿ ਸ਼ੁਧ ਪਾਠ ਕਰਨ ਵਾਲੇ ਤੇ ਸਿਖਾਉਣ ਵਾਲੇ ਪ੍ਰੇਮੀ ਲੱਭ ਸਕਣ। ਸ. ਚੰਦਾ ਸਿੰਘ ਨੇ ਕਿਹਾ ਕਿ ਇਹ ਤਾਂ ਸਾਰਾ ਕੁਝ ਹੋ ਜਾਵੇਗਾ। ਆਪ ਨੂੰ ਘੋੜੀ ਦੇ ਦਿੰਦੇ ਹਾਂ, ਆਪ ਇਲਾਕੇ ਵਿਚ ਘੁੰਮ ਫਿਰ ਕੇ ਸ਼ਾਮ ਨੂੰ ਘਰ ਆ ਜਾਇਆ ਕਰਨਾ, ਇਸ ਨਾਲ ਆਪ ਨੂੰ ਸੌਖ ਰਹੇਗੀ। ਬਾਬਾ ਜੀ ਨੇ ਹੁੰਗਾਰਾ ਭਰਿਆ ਕਿ ਇਸੇ ਤਰ੍ਹਾਂ ਠੀਕ ਰਹੇਗਾ ਅਤੇ ਇਕ ਗੱਲ ਹੋਰ ਵੀ ਮੇਰੇ ਮਨ ਵਿਚ ਹੈ, ਉਹ ਇਹ ਹੈ ਕਿ ਸਭ ਤੋਂ ਪਹਿਲਾਂ ਇਸ ਸ਼ੁਭ ਕੰਮ ਦੀ ਸ਼ੁਰੂਆਤ ਇਸ ਘਰ ਤੋਂ ਹੀ ਕੀਤੀ ਜਾਣੀ ਚਾਹੀਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਕਰਕੇ ਅਖੰਡਪਾਠ ਆਰੰਭ ਕਰਨ ਦਾ ਵਿਚਾਰ ਹੈ, ਤੁਸੀਂ ਸਾਰਾ ਪਰਿਵਾਰ ਪਾਠ ਵੀ ਸੁਣਨਾ ਅਤੇ ਸੇਵਾ ਵੀ ਕਰਨੀ। ਸਾਰੇ ਪਿੰਡ ਦੇ ਪ੍ਰੇਮੀਆਂ ਨੂੰ ਵੀ ਸੱਦਾ ਦੇ ਦੇਣਾ ਕਿ ਉਹ ਵੀ ਪਾਠ ਸੁਣਨ ਆਇਆ ਕਰਨ। ਜਿਸ ਦਿਨ ਭੋਗ ਪਵੇਗਾ, ਉਸ ਦਿਨ ਮੈਂ ਕੀਰਤਨ ਤੇ ਕਥਾ ਕਰਾਂਗਾ ਅਤੇ ਗੁਰੂ ਮਹਾਰਾਜ ਦੀ ਕ੍ਰਿਪਾ ਸਦਕਾ, ਸੰਗਤ ਜੁੜੇਗੀ ਅਤੇ ਸਭ ਨੂੰ ਸਤਿਸੰਗ ਕਰਨ ਦਾ ਅਵਸਰ ਪ੍ਰਾਪਤ ਹੋ ਜਾਵੇਗਾ। ਨਵਾਂ ਨਰੋਆ ਜੀਵਨ ਜੀਉਣ ਦੀ ਸੋਝੀ ਪਵੇਗੀ ਕਿਉਂਕਿ ਜੀਵਨ ਬੜਾ ਕੀਮਤੀ ਹੈ ਜੋ ਕਿ ਐਵੇਂ ਭੰਗ ਦੇ ਭਾੜੇ ਗਵਾਇਆ ਜਾ ਰਿਹਾ ਹੈ। ਜਿੰਨਾ ਵੀ ਸਮਾਂ ਮੈਂ ਇਥੇ ਹਾਂ, ਉਹ ਗੁਰੂ ਦੇ ਲੇਖੇ ਲਾ ਕੇ, ਗੁਰੂ ਮਹਾਰਾਜ ਦੇ ਹੁਕਮ ਨੂੰ ਕਮਾਉਣ ਦਾ ਯਤਨ ਕਰਾਂਗਾ।

ਦੂਜੇ ਦਿਨ ਨਿਤਨੇਮ ਕਰਕੇ ਆਪ ਨੇ ਸਵੱਖਤੇ ਹੀ ਘੋੜੀ ਦੀ ਸਵਾਰੀ ਕੀਤੀ ਅਤੇ ਲਾਗੇ ਲਾਗੇ ਦੇ ਪਿੰਡਾਂ ਦਾ ਦੌਰਾ ਕਰਨ ਨਿਕਲ ਪਏ। ਆਪ ਨੂੰ ਰਹਿਤ ਬਹਿਤ ਵਾਲੇ ਸਿੰਘਾਂ ਦੀ ਤਾਲਾਸ਼ ਸੀ ਜੋ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਵਾਲੇ ਹੋਣ ਤੇ ਸੇਵਾ ਦਾ ਉਤਸ਼ਾਹ ਵੀ ਰਖਦੇ ਹੋਣ ਤਾਂ ਕਿ ਗੁਰਬਾਣੀ ਦੀ ਸੰਥਿਆ, ਸਹਿਜ ਪਾਠਾਂ ਤੇ ਅਖੰਡਪਾਠਾਂ ਦਾ ਪਰਵਾਹ ਚਲਾ ਕੇ ਇਲਾਕੇ ਵਿਚ ਜਾਗ੍ਰਤੀ ਲਿਆਂਦੀ ਜਾ ਸਕੇ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਅਤੇ ਸੰਗਰਾਂਦ ਨੂੰ ਦੀਵਾਨ ਲਗਾ ਕੇ ਜਿਥੇ ਸੰਗਤ ਇਕੱਠੀ ਹੋ ਸਕੇ, ਸਭ ਨੂੰ ਗੁਰੂ ਮਹਾਰਾਜ ਜੀ ਦੇ ਉਪਦੇਸ਼ ਦ੍ਰਿੜ ਕਰਵਾਏ ਜਾਣ। ਇਸ ਤਰ੍ਹਾਂ ਉਨ੍ਹਾਂ ਨੂੰ ਮਾਨਸਿਕ ਤੌਰ ਤੇ ਤਿਆਰ ਕਰਕੇ ਫੇਰ ਖੰਡੇ ਬਾਟੇ ਦੇ ਅੰਮ੍ਰਿਤ ਛਕਾ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਜਾਵੇ। ਇਨ੍ਹਾਂ ਵਿਚਾਰਾਂ ਤੇ ਫੁਰਨਿਆਂ ਨੂੰ ਮਨ ਵਿਚ ਵਸਾ ਕੇ ਆਪ ਪਿੰਡਾਂ ਦਾ ਦੌਰਾ ਕਰ ਰਹੇ ਹਨ। ਆਪ ਨੂੰ ਬਚਪਨ ਤੋਂ ਹੀ ਨਿਯਮਬੱਧ ਤਰੀਕੇ ਨਾਲ ਕੰਮ ਕਰਨ ਦਾ ਸ਼ੌਕ ਸੀ। ਹੁਣ ਜੇ ਇਲਾਕੇ ਵਿਚ ਪ੍ਰਚਾਰ ਕਰਨਾ ਹੈ ਤਾਂ ਉਸ ਲਈ ਲੋੜੀਂਦੀ ਫੋਰਸ ਤਿਆਰ ਬਰ ਤਿਆਰ ਸਿੰਘ ਚਾਹੀਦੇ ਹਨ ਜਿਸ ਰਾਹੀਂ ਇਹ ਕੰਮ ਨੇਪਰੇ ਚਾੜ੍ਹਿਆ ਜਾ ਸਕੇ। ਪਿੰਡਾਂ ਦੇ ਗੁਰਦਵਾਰਿਆਂ ਵਿਚ ਸੰਪਰਕ ਕਰਕੇ ਗ੍ਰੰਥੀ ਸਾਹਿਬਾਨਾਂ ਨੂੰ ਤਿਆਰ ਕੀਤਾ ਕਿ ਉਹ ਗੁਰੂ ਮਹਾਰਾਜ ਜੀ ਦੇ ਇਸ ਪ੍ਰਚਾਰ ਦੇ ਕੰਮ ਵਿਚ ਯੋਗਦਾਨ ਪਾ ਕੇ ਆਪਣੀਆਂ ਸੇਵਾਵਾਂ ਦੇਣ ਜਿਸ ਨਾਲ ਸਾਰੇ ਇਲਾਕੇ ਵਿਚ ਸਿੱਖੀ ਦਾ ਬੋਲਬਾਲਾ ਹੋ ਜਾਵੇ। ਜਿਥੇ ਕਿਤੇ ਵੀ ਕੋਈ ਗੁਰਸਿੱਖ ਮੋਹਤਬਰ ਸੱਜਣ ਆਪ ਨੂੰ ਮਿਲਦਾ

ਸੀ, ਆਪ ਜੀ ਨਾਲ ਗੱਲਬਾਤ ਕਰਕੇ ਉਸ ਦੀ ਤਸੱਲੀ ਹੋ ਜਾਂਦੀ ਸੀ ਕਿ ਇਹ ਸਭ ਤੋਂ ਵੱਡਾ ਕਾਰਜ ਹੈ ਜੋ ਗੁਰਮੁਖ ਪਿਆਰਿਆਂ ਨੂੰ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਕਰਕੇ ਆਪ ਨੂੰ ਸਭ ਦਾ ਹੁੰਗਾਰਾ ਮਿਲਿਆ। ਕੇਵਲ ਸਿੱਖਾਂ ਦਾ ਹੀ ਨਹੀਂ ਸਗੋਂ ਸਿੰਧੀ ਹਿੰਦੂ ਵੀਰਾਂ ਨੇ ਵੀ ਇਸ ਬਾਰੇ ਪੂਰਾ ਸਹਿਯੋਗ ਦੇਣ ਦਾ ਵਾਅਦਾ ਕੀਤਾ ਕਿਉਂਕਿ ਸਿੰਧੀ ਹਿੰਦੂ ਵੀਰ ਜ਼ਿਆਦਾਤਰ ਗੁਰੂ ਨਾਨਕ ਮਹਾਰਾਜ ਤੇ ਹੀ ਭਰੋਸਾ ਰਖਦੇ ਹਨ ਅਤੇ ਗੁਰੂ ਦੀ ਬਾਣੀ ਪੜ੍ਹਦੇ ਤੇ ਸੁਣਦੇ ਹਨ ਅਤੇ ਗੁਰਬਾਣੀ ਵਿਚ ਉਨ੍ਹਾਂ ਦਾ ਬਹੁਤ ਵਿਸ਼ਵਾਸ਼ ਹੈ। ਥੋੜ੍ਹੇ ਦਿਨਾਂ ਵਿਚ ਹੀ ਆਪ ਨੇ ਇਕ ਤਰ੍ਹਾਂ ਨਾਲ ਲੋਕ ਰਾਇ ਕਾਇਮ ਕਰਕੇ ਇਸ ਮੁਹਿੰਮ ਨੂੰ ਅਰੰਭ ਕਰਨ ਦਾ ਉਪਰਾਲਾ ਕਰਨਾ ਸ਼ੁਰੂ ਕਰ ਦਿਤਾ। ਪਾਠੀ ਸਿੰਘਾਂ ਦਾ ਇੰਤਜ਼ਾਮ ਹੋ ਗਿਆ, ਅਖੰਡਪਾਠ ਅਰੰਭ ਕਰਨ ਦੀ ਤਾਰੀਖ ਵੀ ਨੀਯਤ ਹੋ ਗਈ ਅਤੇ ਸਰਦਾਰ ਚੰਦਾ ਸਿੰਘ, ਮਾਤਾ ਸੁੱਖ ਕੌਰ ਦੀ ਖੁਸ਼ੀ ਦਾ ਕੋਈ ਅੰਤ ਨਹੀਂ ਸੀ ਕਿ ਗੁਰੂ ਦੀਆਂ ਸੰਗਤਾਂ ਦੇ ਚਰਨ ਘਰ ਪੈਣਗੇ ਅਤੇ ਕਥਾ ਕੀਰਤਨ ਦਾ ਪਰਵਾਹ ਚੱਲੇਗਾ। ਸਾਰਾ ਪਰਿਵਾਰ ਚਾਈਂ ਚਾਈਂ ਇੰਤਜ਼ਾਮ ਕਰਨ ਵਿਚ ਰੁਝਿਆ ਹੋਇਆ ਸੀ। ਨੀਯਤ ਸਮੇਂ ਅਨੁਸਾਰ ਬਾਬਾ ਜੀ ਨੇ ਖੁਦ ਹੀ ਅਰਦਾਸ ਕੀਤੀ ਅਤੇ ਅਖੰਡਪਾਠ ਪ੍ਰਾਰੰਭ ਕੀਤਾ। ਆਪ ਦਾ ਪਾਠ ਬਹੁਤ ਰਸੀਲਾ, ਰਹਾਉ ਵਾਲਾ ਤੇ ਸਰਲ ਹੁੰਦਾ ਸੀ ਜੋ ਕਿ ਸਰੋਤਿਆਂ ਨੂੰ ਸਮਝ ਵਿਚ ਪੈਂਦਾ ਸੀ। ਇਸੇ ਤਰ੍ਹਾਂ ਆਪ ਨੇ ਦੂਜੇ ਪਾਠੀ ਸਿੰਘਾਂ ਨੂੰ ਵੀ ਕਿਹਾ ਕਿ ਪਾਠ ਮੱਧਮ ਉਚੀ ਸੁਰ ਵਿਚ ਕਰਨ ਤਾਕਿ ਸੁਣਨ ਵਾਲੇ ਸਰੋਤੇ ਅਨੰਦ ਮਾਣ ਸਕਣ। ਪਾਠੀ ਸਿੰਘਾਂ ਨੂੰ ਆਦੇਸ਼ ਦਿਤਾ ਕਿ ਕੋਈ ਵੀ ਪਾਠੀ ਕੇਸੀ ਇਸ਼ਨਾਨ ਕਰਨ ਤੋਂ ਬਗੈਰ ਰੌਲ ਤੇ ਨਾ ਬੈਠੇ। ਪਾਠ ਦੇ ਭੋਗ ਉਪਰੰਤ ਕੀਰਤਨ ਲਈ ਸਾਜਾਂ ਦਾ ਅਤੇ ਢੋਲਕੀ ਵਜਾਉਣ ਵਾਲੇ ਪ੍ਰੇਮੀ ਦਾ ਪ੍ਰਬੰਧ ਵੀ ਜ਼ਰੂਰੀ ਸੀ ਕਿਉਂਕਿ ਕੀਰਤਨ ਦਾ ਅਨੰਦ ਵੀ ਤਦੇ ਹੀ ਬੱਝਦਾ ਹੈ ਜਦੋਂ ਸੁਰ, ਤਾਲ ਤੇ ਅਵਾਜ਼ ਦਾ ਸੁਮੇਲ ਹੋਵੇ। ਢੋਲਕ ਦੀ ਸੇਵਾ ਭਾਈ ਲਾਲ ਸਿੰਘ ਨੇ ਨਿਭਾਈ ਅਤੇ ਜਿੰਨਾ ਚਿਰ ਬਾਬਾ ਜੀ ਸਿੰਧ ਵਿਚ ਰਹੇ, ਇਹ ਪ੍ਰੇਮੀ ਢੋਲਕ ਦੀ ਸੇਵਾ ਨਿਭਾਉਂਦੇ ਰਹੇ। ਭਾਈ ਲਾਲ ਸਿੰਘ ਜੀ ਨੇ ਦੱਸਿਆ ਕਿ ਬਾਬਾ ਜੀ ਨੂੰ ਸਾਰੇ ਭਾਅ ਜੀ ਕਹਿ ਕੇ ਬੁਲਾਇਆ ਕਰਦੇ ਸਨ, ਬਾਬਾ ਜੀ ਆਪ ਨਨਕਾਣਾ ਸਾਹਿਬ ਜਾ ਕੇ ਸਾਜ ਲੈ ਕੇ ਆਏ ਅਤੇ ਮੈਨੂੰ ਕਿਹਾ ਕਿ ਢੋਲਕੀ ਵਜਾਉ। ਮੈਂ ਕਿਹਾ ਕਿ ਮੈਨੂੰ ਤਾਂ ਆਉਂਦੀ ਨਹੀਂ, ਤਾਂ ਆਪ ਉਨ੍ਹਾਂ ਨੇ ਢੋਲਕੀ ਦੇ ਦੋਵੇਂ ਪਾਸੇ ਹੱਥ ਮਾਰ ਕੇ ਮੈਨੂੰ ਸਮਝਾਇਆ ਤੇ ਉਸ ਤੋਂ ਬਾਅਦ ਆਪਣੇ ਆਪ ਹੀ ਮੈਨੂੰ ਢੋਲਕ ਵਜਾਉਣ ਦੀ ਜਾਚ ਆ ਗਈ। ਸਰਦਾਰ ਨਿਰੰਜਨ ਸਿੰਘ ਜੋ ਕਿ ਅੱਜਕਲ੍ਹ ਡੀ. ਐਸ.ਪੀ. ਹਨ, ਉਨ੍ਹਾਂ ਦੇ ਪਿਤਾ ਜੀ ਸਨ। ਪਾਠੀ ਸਿੰਘਾਂ ਨੇ ਵੀ ਬਾਬਾ ਜੀ ਨੂੰ ਪੂਰਾ ਸਹਿਯੋਗ ਦਿਤਾ। ਪਾਠ ਦਾ ਭੋਗ ਪਿਆ, ਉਪਰੰਤ ਅਰਦਾਸ, ਆਪ ਜੀ ਨੇ ਕੀਤੀ। ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਖੁਲ੍ਹੀ ਥਾਂ ਤੇ ਕੀਤਾ ਗਿਆ ਜਿਥੇ ਦਰਖਤਾਂ ਦੀ ਛਾਂ ਸੀ ਅਤੇ ਨੇੜੇ ਦੂਰੋਂ ਕਾਫੀ ਸੰਗਤ ਭੋਗ ਉਤੇ ਪਹੁੰਚੀ ਸੀ। ਬਾਬਾ ਜੀ ਨੇ ਦੀਵਾਨ ਲਗਾ ਕੇ ਸੰਗਤਾਂ ਨੂੰ ਰੂਹਾਨੀ ਕੀਰਤਨ ਤੇ ਅਮੋਲਕ ਬਚਨਾਂ ਦੁਆਰਾ ਕੀਲ ਲਿਆ

ਅਤੇ ਜਦੋਂ ਆਪ ਨੇ ਇਹ ਧਾਰਨਾ ਲਾਈ ਤਾਂ ਸਾਰੀ ਸੰਗਤ ਦਾ ਧਿਆਨ ਇਸ ਪਾਸੇ ਖਿਚਿਆ ਗਿਆ –

***ਧਾਰਨਾ – ਤੇਰਾ ਜਨਮ ਅਮੋਲਕ ਹੀਰਾ ,***
***ਕੌਡੀਆਂ ਦੇ ਭਾਅ ਜਾਂਵਦਾ।***

***ਕਬੀਰ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ॥***
***ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ॥ ਪੰਨਾ – 1372***

## ਮਾਣਸ ਜਨਮ ਦੀ ਮਹੱਤਤਾ

ਆਪ ਨੇ ਸੰਗਤਾਂ ਨੂੰ ਮਾਣਸ ਜਨਮ ਦੀ ਮਹੱਤਤਾ ਦਸਦਿਆਂ ਹੋਇਆਂ ਕਿਹਾ ਕਿ ਇਹ ਜਨਮ ਚੁਰਾਸੀ ਲੱਖ ਜੂਨੀਆਂ ਭੋਗਣ ਤੋਂ ਬਾਅਦ ਪ੍ਰਾਪਤ ਹੋਇਆ ਹੈ। ਇਹ ਕਿਸ ਕੰਮ ਨੂੰ ਕਰਨ ਲਈ ਮਿਲਿਆ ਹੈ ? ਇਸ ਨੂੰ ਕਿਸ ਤਰ੍ਹਾਂ ਨਾਲ ਸਫਲ ਕਰਨਾ ਚਾਹੀਦਾ ਹੈ ? ਇਸ ਬਾਰੇ ਬਹੁਤ ਵਿਸਥਾਰ ਨਾਲ ਸਮਝਾਇਆ ਕਿ ਇਸ ਵਾਸਤੇ ਸਭ ਤੋਂ ਪਹਿਲਾਂ ਗੁਰੂ ਦੇ ਲੜ ਲੱਗਣ ਲਈ ਸਭ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਣਾ ਚਾਹੀਦਾ ਹੈ। ਆਪ ਨੇ ਕਿਹਾ ਕਿ ਬਹੁਤ ਸਾਰੇ ਪ੍ਰੇਮੀ ਸੋਚਦੇ ਹੋਣਗੇ ਕਿ ਅਸੀਂ ਤਾਂ ਬਹੁਤ ਪਾਪ ਕੀਤੇ ਹਨ ਜਿਹੜੇ ਬਖਸ਼ੇ ਨਹੀਂ ਜਾ ਸਕਦੇ ਪਰੰਤੂ ਸਤਿਗੁਰੂ ਬਖਸ਼ਣਹਾਰ ਹੈ। ਜਿਸ ਤਰ੍ਹਾਂ ਮਾਂ ਆਪਣੇ ਪੁਤਰਾਂ ਦੇ ਔਗੁਣਾਂ ਨੂੰ ਨਹੀਂ ਚਿਤਾਰਦੀ, ਇਸੇ ਤਰ੍ਹਾਂ ਗੁਰੂ, ਸਿੱਖ ਦੇ ਔਗੁਣ ਨਹੀਂ ਚਿਤਾਰਦਾ। ਜਦੋਂ ਉਹ ਆਪਣੇ ਔਗੁਣਾਂ ਤੋਂ ਤੋਬਾ ਕਰਦਾ ਹੈ ਤੇ ਅਰਦਾਸ ਕਰਦਾ ਹੈ ਕਿ ਮੇਰੇ ਪਿਛਲੇ ਔਗੁਣ ਬਖਸ਼ ਲਵੋ ਅਤੇ ਅੱਗੇ ਵਾਸਤੇ ਸੁਮੱਤ ਬਖਸ਼ੋ –

***ਸੁਤੁ ਅਪਰਾਧ ਕਰਤ ਹੈ ਜੇਤੇ॥***
***ਜਨਨੀ ਚੀਤਿ ਨ ਰਾਖਸਿ ਤੇਤੇ॥***
***ਰਾਮਈਆ ਹਉ ਬਾਰਿਕੁ ਤੇਰਾ॥***
***ਕਾਹੇ ਨ ਖੰਡਸਿ ਅਵਗਨੁ ਮੇਰਾ॥ ਪੰਨਾ – 478***

ਗੁਰੂ ਮਹਾਰਾਜ ਜੀ ਬਖਸ਼ਣਹਾਰ ਹਨ, ਸਾਰਿਆਂ ਨੂੰ ਇਸ ਲਈ ਮਨ ਬਣਾ ਲੈਣਾ ਚਾਹੀਦਾ ਹੈ ਕਿਉਂਕਿ ਸਮਾਂ ਕਿਸੇ ਦਾ ਲਿਹਾਜ਼ ਨਹੀਂ ਕਰਦਾ। ਇਹ ਨਾ ਹੋਵੇ ਕਿ ਕਿਤੇ ਨਿਗੁਰੇ ਰਹਿ ਕੇ ਹੀ ਸੰਸਾਰ ਤੋਂ ਚਲ ਵਸੀਏ ਅਤੇ ਅੱਗੇ ਜਾ ਕੇ ਜਮਾਂ ਦੀ ਮਾਰ ਸਹਿਣੀ ਪਵੇ ਅਤੇ ਨਰਕਾਂ ਦੇ ਦੁਖ ਭੋਗਣੇ ਪੈਣ। ਇਸ ਕਰਕੇ ਆਪ ਨੂੰ ਬਾਰ ਬਾਰ ਬੇਨਤੀ ਕੀਤੀ ਜਾ ਰਹੀ ਹੈ ਕਿ ਤੁਸੀਂ ਸਾਰੇ ਇਥੇ ਆਬਾਦਕਾਰ ਹੋ ਅਤੇ ਪੰਜਾਬ ਦੇ ਸੂਬੇ ਤੋਂ ਆਏ ਹੋਏ ਹੋ। ਮੈਨੂੰ ਪਤਾ ਲਗਾ ਹੈ ਕਿ ਇਥੇ ਕਈ ਤਰ੍ਹਾਂ ਦੇ ਧਾੜਵੀ ਲੋਕ ਰਹਿੰਦੇ ਹਨ ਜੋ ਖੜ੍ਹੀਆਂ ਫਸਲਾਂ ਕੱਟ ਕੇ ਲੈ ਜਾਂਦੇ ਹਨ, ਬੋਹਲ ਲੁਟ ਕੇ ਲੈ ਜਾਂਦੇ ਹਨ ਅਤੇ ਹੋਰ ਕਈ ਕਿਸਮ ਦੇ ਨੁਕਸਾਨ ਕਰਦੇ ਹਨ ਪਰ ਜਦੋਂ ਤੁਸੀਂ ਗੁਰੂ ਦੀ ਸਿੱਖੀ ਧਾਰਨ ਕੀਤੀ ਹੋਵੇਗੀ ਅਤੇ ਤੁਸੀਂ ਕਕਾਰਾਂ ਦੇ ਧਾਰਨੀ ਹੋਵੋਂਗੇ

ਤਾਂ ਦੁਸ਼ਮਣ ਤੁਹਾਥੋਂ ਦੂਰੋਂ ਹੀ ਭੈਅ ਖਾਏਗਾ ਕਿਉਂਕਿ ਤੁਸੀਂ ਅੰਮ੍ਰਿਤ ਛਕ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਸਪੁੱਤਰ, ਸਪੁੱਤਰੀਆਂ ਬਣ ਜਾਣਾ ਹੈ। ਕਕਾਰ, ਗੁਰੂ ਮਹਾਰਾਜ ਜੀ ਦੀਆਂ ਪਿਆਰ ਦੀਆਂ ਨਿਸ਼ਾਨੀਆਂ ਹਨ, ਜਿਨ੍ਹਾਂ ਨੇ ਦੇਸ਼, ਧਰਮ, ਕੌਮ ਦੀ ਰੱਖਿਆ ਵਾਸਤੇ ਸਭ ਕੁਝ ਵਾਰ ਦਿਤਾ ਅਤੇ ਇਹ ਤੁਹਾਨੂੰ ਹਮੇਸ਼ਾ ਉਸ ਪਿਆਰੇ ਸਤਿਗੁਰੂ ਦੀ ਯਾਦ ਦਿਵਾਉਂਦੇ ਰਹਿਣਗੇ ਤੇ ਤੁਹਾਡਾ ਪਿਆਰ ਉਸ ਸਤਿਗੁਰੂ ਜੀ ਨਾਲ ਪੱਕਾ ਹੁੰਦਾ ਜਾਵੇਗਾ। ਜਿਉਂ ਜਿਉਂ ਗੁਰੂ ਨਾਲ ਪਿਆਰ ਵਧਦਾ ਜਾਵੇਗਾ, ਤਿਉਂ ਤਿਉਂ ਨਾਮ ਜਪਣ ਨੂੰ ਜੀਅ ਕਰੇਗਾ ਅਤੇ ਨਾਮ ਵਿਚ ਬਿਰਤੀ ਲੱਗੇਗੀ ਅਤੇ ਅੰਦਰ ਅਨੰਦ ਤੇ ਰਸ ਨਾਲ ਭਰਿਆ ਰਹਿਣ ਲਗ ਪਵੇਗਾ। ਸਿਰਫ ਪਿਆਰੇ ਦਾ ਪਿਆਰ ਹੀ ਨਜ਼ਰ ਆਵੇਗਾ, ਸਾਰਾ ਸੰਸਾਰ ਆਪਣਾ ਆਪਣਾ ਲੱਗੇਗਾ।

***ਰੁਣ ਝੁਣੋ ਸਬਦੁ ਅਨਾਹਦੁ ਨਿਤ ਉਠਿ ਗਾਈਐ ਸੰਤਨ ਕੈ ॥***
***ਕਿਲਵਿਖ ਸਭਿ ਦੋਖ ਬਿਨਾਸਨੁ ਹਰਿਨਾਮੁ ਜਪੀਐ ਗੁਰਮੰਤਨ ਕੈ ॥***

***ਪੰਨਾ - 925***

ਹਰ ਰੋਜ਼ ਅੰਮ੍ਰਿਤ ਵੇਲੇ ਜਾਗ ਕੇ, ਇਸ਼ਨਾਨ ਆਦਿ ਕਰਕੇ ਜਦੋਂ ਪਿਆਰ ਵਿਚ ਗੁਰ ਸ਼ਬਦ ਦਾ, ਗੁਰਮੰਤਰ ਦਾ ਜਾਪ ਕੀਤਾ ਜਾਵੇਗਾ ਤਾਂ ਇਕ ਵਿਸਮਾਦੀ ਸਥਿਤੀ ਪ੍ਰਾਪਤ ਹੋ ਜਾਵੇਗੀ। ਉਸ ਦਾ ਨਤੀਜਾ ਇਹ ਹੋਵੇਗਾ ਕਿ ਜਿੰਨੇ ਵੀ ਦੁਖ, ਕਲੇਸ਼, ਪਾਪ ਤੇ ਵਿਘਨ ਹਨ, ਦੂਰ ਹੋ ਜਾਣਗੇ। ਘਰ ਵਿਚ ਖੁਸ਼ਹਾਲੀ ਆ ਜਾਵੇਗੀ, ਕਮਾਈ ਵਿਚ ਬਰਕਤ ਪੈ ਜਾਵੇਗੀ ਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਵੀ ਮਿਲਣਗੀਆਂ।

ਜਦੋਂ ਇਸ ਤਰ੍ਹਾਂ ਦੇ ਬਚਨ ਸੰਗਤਾਂ ਨੇ ਸਰਵਣ ਕੀਤੇ ਤਾਂ ਸੰਗਤਾਂ ਹੈਰਾਨ ਹੋ ਰਹੀਆਂ ਸਨ ਕਿ ਇਹ ਤਾਂ ਕਮਾਲ ਦੇ ਬਚਨ ਹਨ, ਪਹਿਲਾਂ ਸਾਨੂੰ ਪਤਾ ਹੀ ਨਹੀਂ ਸੀ ਤੇ ਨਾ ਹੀ ਕਿਸੇ ਨੇ ਦੱਸੇ ਅਤੇ ਸਮਝਾਏ ਕਿ ਸਾਡਾ ਜਨਮ ਤਾਂ ਅਜਾਈਂ ਜਾ ਰਿਹਾ ਹੈ। ਕੀਰਤਨ ਦੀ ਸਮਾਪਤੀ ਪਿਛੋਂ ਅਰਦਾਸ ਵੀ ਖੁਦ ਹੀ ਬਾਬਾ ਜੀ ਨੇ ਕੀਤੀ। ਉਪਰੰਤ ਸਾਰੀ ਸੰਗਤ ਨੂੰ ਪਰਿਵਾਰ ਵਲੋਂ ਲੰਗਰ ਛਕਾਇਆ ਗਿਆ। ਬਹੁਤ ਸਾਰੇ ਪ੍ਰੇਮੀ ਪੁਛ ਰਹੇ ਸਨ ਕਿ ਖੰਡੇ ਬਾਟੇ ਦਾ ਅੰਮ੍ਰਿਤ ਕਦੋਂ ਛਕਾਇਆ ਜਾਵੇਗਾ। ਭਾਵ ਸਾਰੀ ਸੰਗਤ ਵਿਚ ਉਤਸ਼ਾਹ ਤੇ ਪ੍ਰੇਮ ਪੈਦਾ ਕਰ ਦਿਤਾ, ਹਾਲਾਂਕਿ ਆਪ ਦਾ ਇਹ ਪਹਿਲਾ ਹੀ ਦੀਵਾਨ ਸੀ। ਆਪ ਨੇ ਦੱਸਿਆ ਕਿ ਜਲਦੀ ਹੀ ਪੰਜ ਪਿਆਰਿਆਂ ਦੁਆਰਾ ਅੰਮ੍ਰਿਤ ਛਕਾਉਣ ਦੇ ਪ੍ਰੋਗਰਾਮ ਬਾਰੇ ਦੱਸਿਆ ਜਾਵੇਗਾ। ਆਪ ਨੇ ਸਾਰੀ ਸੰਗਤ ਨੂੰ ਕਿਹਾ ਕਿ ਪਹਿਲਾਂ ਤਾਂ ਤੁਸੀਂ ਸਾਰੇ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੇ ਕੀਰਤਨ ਵਿਚ ਆਇਆ ਕਰੋ। ਅੰਮ੍ਰਿਤ ਵੇਲੇ ਦੋ ਵਜੇ ਇਸ਼ਨਾਨ ਕਰਕੇ ਗੁਰਦੁਆਰਾ ਸਾਹਿਬ ਪਹੁੰਚ ਜਾਇਆ ਕਰੋ। ਸੋ ਇਸ ਤਰ੍ਹਾਂ ਨਾਲ ਸੰਗਤ ਦਾ ਇਕੱਠ ਹੋਣਾ ਸ਼ੁਰੂ ਹੋ ਗਿਆ। ਆਸਾ ਜੀ ਦੀ ਵਾਰ ਦਾ

ਕੀਰਤਨ ਆਪ ਖੁਦ ਹੀ ਕਰਦੇ, ਅਰਦਾਸ, ਹੁਕਮਨਾਮਾ ਆਪ ਹੀ ਲਿਆ ਕਰਦੇ ਸੀ। ਇਸ ਤੋਂ ਬਾਅਦ ਆਪ ਨੇ ਸੰਗਤਾਂ ਨੂੰ ਅੰਮ੍ਰਿਤ ਛਕਾਉਣਾ ਸ਼ੁਰੂ ਕਰ ਦਿਤਾ। ਪੰਜ ਪਿਆਰੇ ਜੋ ਵਾਹਿਗੁਰੂ ਗੁਰਮੰਤਰ ਦਿੰਦੇ, ਉਸ ਦੀ ਦ੍ਰਿੜ੍ਹਤਾ ਆਪ ਖੁਦ ਕਰਵਾਇਆ ਕਰਦੇ ਸੀ। ਸਾਰਾ ਪਿੰਡ ਤੇ ਆਲੇ ਦੁਆਲੇ ਦੇ ਪ੍ਰੇਮੀ, ਗੋਠ ਚੰਦਾ ਸਿੰਘ ਦੇ ਨਾਲ ਪਾਣੀ ਦੀ ਇਕ ਨਦੀ ਵਗਦੀ ਸੀ, ਅੰਮ੍ਰਿਤ ਵੇਲੇ ਦੋ ਵਜੇ ਉਥੇ ਭਾਈ ਤੇ ਬੀਬੀਆਂ ਪਹੁੰਚ ਜਾਂਦੇ। ਸਾਰੇ ਭਾਈ ਇਕ ਪਾਸੇ ਤੇ ਬੀਬੀਆਂ ਇਕ ਪਾਸੇ ਪੜਦੇ ਵਿਚ ਇਸ਼ਨਾਨ ਕਰਕੇ, ਨਦੀ ਦੇ ਕੰਢੇ ਅੱਖਾਂ ਬੰਦ ਕਰਕੇ ਸਮਾਧੀ ਸਥਿਤ ਹੋ ਕੇ ਨਾਮ ਜਪਿਆ ਕਰਦੇ ਸਨ। ਬਾਬਾ ਜੀ ਦੱਸਿਆ ਕਰਦੇ ਸੀ ਕਿ ਇਨ੍ਹਾਂ ਉਤੇ ਪਿਆਰ ਦਾ ਐਨਾ ਅਸਰ ਹੋ ਗਿਆ ਸੀ ਕਿ ਮੈਂ ਜਿਧਰ ਨੂੰ ਵੀ ਜਾਣਾ, 50-60 ਮਾਈ ਤੇ ਭਾਈ ਮੇਰੇ ਨਾਲ ਹੀ ਮਗਰ ਤੁਰ ਪੈਂਦੇ ਸੀ। ਇਕ ਤਰ੍ਹਾਂ ਨਾਲ ਇਹ ਸਾਰੇ ਪ੍ਰੇਮੀਆਂ ਤੇ ਗੁਰੂ ਪਿਆਰ ਦਾ ਰੰਗ ਚੜ੍ਹ ਗਿਆ ਸੀ। ਸਾਰੇ ਇਲਾਕੇ ਵਿਚ ਪ੍ਰਚਾਰ ਦਾ ਸਿਲਸਿਲਾ ਸ਼ੁਰੂ ਹੋ ਗਿਆ। ਘਰਾਂ ਵਿਚ ਜਿਹੜੇ ਸ਼ਰਾਬ ਕਢਦੇ ਸੀ ਤੇ ਡਰੰਮਾਂ ਦੇ ਡਰੰਮ ਜਮ੍ਹਾਂ ਰੱਖਿਆ ਕਰਦੇ ਸੀ, ਤਿਉਹਾਰਾਂ, ਵਿਆਹ ਸ਼ਾਦੀਆਂ ਤੇ ਬੇਜ਼ੁਬਾਨ ਜਾਨਵਰਾਂ ਨੂੰ ਵੱਢ ਕੇ ਮਾਸ ਬਣਾ ਕੇ ਖਾਂਦੇ ਸਨ, ਸ਼ਰਾਬਾਂ ਪੀਂਦੇ ਸਨ ਅਤੇ ਹੋਰ ਅਨੇਕਾਂ ਕਿਸਮ ਦੇ ਐਬ ਕਰਦੇ ਸਨ, ਸਾਰੇ ਦੇ ਸਾਰੇ ਸੁਧਰ ਗਏ, ਗੁਰਸਿੱਖੀ ਮੰਡਲ ਵਿਚ ਦਾਖਲ ਹੋ ਗਏ, ਗੁਰਮਤਿ ਦੇ ਧਾਰਨੀ ਹੋ ਗਏ। ਗੋਠ ਚੰਦਾ ਸਿੰਘ ਦੇ 30 ਮੀਲ ਦੇ ਇਲਾਕੇ ਵਿਚ ਬਾਬਾ ਜੀ ਨੇ ਜਮ ਕੇ ਪ੍ਰਚਾਰ ਕੀਤਾ ਅਤੇ ਇਨ੍ਹਾਂ ਪਿੰਡਾਂ ਦੇ ਵਸਨੀਕਾਂ ਨੂੰ ਕੁਰਹਿਤਾਂ ਤੋਂ ਮੁਕਤ ਕਰਵਾ ਕੇ ਗੁਰੂ ਮਹਾਰਾਜ ਜੀ ਦੇ ਲੜ ਲਾ ਦਿਤਾ। ਇਕ ਬਹੁਤ ਵੱਡਾ ਪਰਉਪਕਾਰ ਦਾ ਕੰਮ ਆਪ ਨੇ 18-19 ਸਾਲ ਦੀ ਉਮਰ ਵਿਚ ਹੀ ਕਰਕੇ ਵਿਖਾ ਦਿਤਾ।

## ਲੋਕ ਭਲਾਈ ਦੇ ਕਾਰਜ

ਆਪ ਨੇ ਕੇਵਲ ਪ੍ਰਚਾਰ ਦਾ ਹੀ ਕੰਮ ਨਹੀਂ ਕੀਤਾ ਸਗੋਂ ਆਪ ਨਾਲ ਦੀ ਨਾਲ ਲੋਕ ਭਲਾਈ ਤੇ ਸਮਾਜ ਦੇ ਵੱਖ ਵੱਖ ਵਰਗਾਂ ਵਿਚ ਪਿਆਰ ਪ੍ਰੇਮ ਵਧਾਉਣ ਲਈ ਯਤਨਸ਼ੀਲ ਵੀ ਰਿਹਾ ਕਰਦੇ ਸੀ। ਜਿਸ ਤਰ੍ਹਾਂ ਕੋਈ ਮਜ਼ਬੂਰ ਹੈ, ਗਰੀਬ ਹੈ, ਉਸ ਦੀ ਮਦਦ ਕਰਨੀ। ਜਾਤ ਅਭਿਮਾਨੀਆਂ ਨੂੰ ਪ੍ਰੈਕਟੀਕਲ ਤੌਰ ਤੇ ਸਮਝਾਉਂਦੇ ਸਨ ਕਿ ਉਚੀ ਜਾਤ ਦਾ ਘੁਮੰਡ ਨਹੀਂ ਕਰਨਾ ਚਾਹੀਦਾ। ਇਸ ਤਰ੍ਹਾਂ ਦੀਆਂ ਕਈ ਘਟਨਾਵਾਂ ਆਪ ਜੀ ਆਪਣੀ ਮੌਜ ਵਿਚ ਆ ਕੇ ਸੁਣਾਇਆ ਕਰਦੇ ਸਨ। ਇਸ ਤਰ੍ਹਾਂ ਦੇ ਬਚਨ ਕੇਵਲ ਕੁਝ ਸੀਮਤ ਪ੍ਰੇਮੀਆਂ ਨਾਲ ਹੀ ਕਰਿਆ ਕਰਦੇ ਸਨ। ਇਹ ਬਚਨ ਕਰਦਿਆਂ ਰਾਤ ਨੂੰ ਕੋਠੀ ਵਿਖੇ ਕੁਰਸੀ ਤੇ ਬੈਠਿਆਂ ਕਈ ਵੇਰਾਂ ਰਾਤ ਦੇ ਬਾਰਾਂ ਵਜ ਜਾਇਆ ਕਰਦੇ ਸਨ।

## ਗਰੀਬ ਕਿਸਾਨ ਦੀ ਕਣਕ ਕੱਟਣੀ

ਗੋਠ ਚੰਦਾ ਸਿੰਘ ਵਿਖੇ ਇਕ ਕੇਹਰ ਸਿੰਘ ਨਾਮ ਦਾ ਪ੍ਰੇਮੀ ਸੀ ਅਤੇ

ਉਸ ਦੇ ਪਿਤਾ ਨੂੰ ਅਕਸਰ ਬੁਖਾਰ ਹੋ ਜਾਇਆ ਕਰਦਾ। ਕੇਹਰ ਸਿੰਘ ਹਾਲੇ ਛੋਟੀ ਉਮਰ ਦਾ ਸੀ ਅਤੇ ਘਰ ਵਿਚ ਹੋਰ ਕੋਈ ਨਹੀਂ ਸੀ ਜੋ ਖੜ੍ਹੀ ਕਣਕ ਨੂੰ ਕੱਟਣ ਯੋਗ ਹੋਵੇ। ਬਾਬਾ ਜੀ ਇਕ ਦਿਨ ਖੇਤਾਂ ਵਲ ਜਾ ਰਹੇ ਸਨ ਅਤੇ ਉਸ ਦਾ ਖੇਤ ਪਿੰਡ ਤੋਂ 6-7 ਮੀਲ ਦੀ ਦੂਰੀ ਤੇ ਸੀ। ਉਨ੍ਹਾਂ ਨੇ ਪ੍ਰੇਮੀਆਂ ਨੂੰ ਪੁਛਿਆ, ਭਾਈ ਇਹ ਕਿਸ ਦੀ ਕਣਕ ਖੜ੍ਹੀ ਹੈ ਜੋ ਹਾਲੇ ਤਕ ਵੱਢੀ ਨਹੀਂ। ਪ੍ਰੇਮੀਆਂ ਨੇ ਦੱਸਿਆ ਕਿ ਇਹ ਉਸ ਸਿੰਘ ਦੀ ਹੈ ਜੋ ਬੀਮਾਰ ਰਹਿੰਦਾ ਹੈ ਅਤੇ ਉਸ ਕੋਲ ਹੋਰ ਕੋਈ ਵਢਾਈ ਦਾ ਪ੍ਰਬੰਧ ਨਹੀਂ। ਬਾਬਾ ਜੀ ਨੇ ਕਿਹਾ ਕਿ ਭਾਈ ਸਾਰੇ ਜਣੇ ਦਾਤੀਆਂ ਲੈ ਆਵੋ ਤੇ ਹੋਰ ਸਤਿਸੰਗੀਆਂ ਨੂੰ ਵੀ ਨਾਲ ਲਿਆਵੋ ਅਤੇ ਸ਼ਾਮ ਨੂੰ ਰਹਿਰਾਸ ਦਾ ਪਾਠ ਕਰਕੇ ਪ੍ਰਸ਼ਾਦਾ ਛਕ ਕੇ ਸਾਰੇ ਜਣੇ ਇਥੇ ਖੇਤ ਦੇ ਲਾਗੇ ਆ ਜਾਇਓ ਪਰ ਕੰਨੀ ਕਿਸੇ ਨੂੰ ਖਬਰ ਨਾ ਪਵੇ। ਇਸੇ ਤਰ੍ਹਾਂ ਹੋਇਆ। ਸਾਰੇ ਜਣੇ ਆ ਗਏ 50-60 ਦੇ ਕਰੀਬ ਪ੍ਰੇਮੀ ਸਨ। ਬਾਬਾ ਜੀ ਨੇ ਕਿਹਾ, ਦੇਖੋ ਭਾਈ ਇਹ ਗਰੀਬ ਸਿੰਘ ਹੈ ਤੇ ਬੀਮਾਰ ਰਹਿੰਦਾ ਹੈ। ਆਪਾਂ ਨੇ ਇਸ ਦੀ ਕਣਕ ਵੱਢ ਕੇ, ਭਰੀਆਂ ਬੰਨ੍ਹ ਕੇ ਰਾਤੋ ਰਾਤ ਇਹ ਕੰਮ ਨਿਬੇੜਨਾ ਹੈ। ਬਾਬਾ ਜੀ ਨੇ ਵਿਉਂਤ ਬਣਾ ਕੇ ਸਭ ਨੂੰ ਆਪੋ ਆਪਣੀ ਫਾਂਟ ਸੰਭਾਲ ਦਿਤੀ ਅਤੇ ਆਪ ਵੀ ਆਪਣੀ ਫਾਂਟ ਤੇ ਬੈਠ ਕੇ ਕਣਕ ਵੱਢਣੀ ਸ਼ੁਰੂ ਕੀਤੀ ਅਤੇ ਸਾਰਿਆਂ ਨੂੰ ਕਿਹਾ ਕਿ ਜਦੋਂ ਦਾਤੀ ਦੀ ਆਵਾਜ਼ ਆਵੇ, ਆਵਾਜ਼ ਨਹੀਂ ਸੁਣਨੀ ਸਗੋਂ ਇਸ ਵਿਚ ਸਤਿਨਾਮ-ਵਾਹਿਗੁਰੂ ਸੁਣਨਾ ਹੈ। ਇਸ ਤਰ੍ਹਾਂ ਨਾਲ ਸਾਰਿਆਂ ਦਾ ਭਜਨ ਵੀ ਹੁੰਦਾ ਰਹੇਗਾ ਤੇ ਕਣਕ ਦੀ ਵਢਾਈ ਵੀ ਹੋ ਜਾਵੇਗੀ। ਰਾਤ ਹਨ੍ਹੇਰੇ ਪਏ ਇਹ ਵਢਾਈ ਦਾ ਕੰਮ ਸ਼ੁਰੂ ਹੋਇਆ ਤੇ ਤੜਕ ਸਾਰ ਹੀ ਸਾਰੀ ਵਢਾਈ ਹੋ ਗਈ ਅਤੇ ਨਾਲ ਦੀ ਨਾਲ ਭਰੀਆਂ ਬੰਨ੍ਹ ਦਿਤੀਆਂ ਗਈਆਂ। ਬਾਬਾ ਜੀ ਨੇ ਕਿਹਾ, ਭਾਈ ਹੁਣ ਸਾਰੇ, ਇਸ ਸਵੱਛ ਪਾਣੀ ਦੇ ਰਜਵਾਹੇ ਵਿਚ ਇਸ਼ਨਾਨ ਕਰੋ। ਸਭ ਨੇ ਇਸ਼ਨਾਨ ਕੀਤੇ ਅਤੇ ਸਭ ਦਾ ਥਕੇਵਾਂ ਲਹਿ ਗਿਆ। ਬਾਬਾ ਜੀ ਨੇ ਕਿਹਾ, ਆਓ ਸਾਰੇ ਇਥੇ ਬੈਠੋ, ਸਾਫ ਥਾਂ ਹੈ, ਆਪਾਂ ਆਸਾ ਜੀ ਦੀ ਵਾਰ ਲਾਉਂਦੇ ਹਾਂ। ਆਸਾ ਜੀ ਦੀ ਵਾਰ ਦਾ ਕੀਰਤਨ ਹੋਣ ਲਗ ਪਿਆ। ਕੀਰਤਨ ਦੀ ਆਵਾਜ਼ ਸਵੇਰੇ ਸਵੇਰੇ ਉਸ ਪਿੰਡ ਤਕ ਜਾ ਪਹੁੰਚਦੀ ਸੀ। ਪਿੰਡ ਵਾਲਿਆਂ ਨੇ ਸੋਚਿਆ ਕਿ ਇਹ ਤੜਕੇ-ਤੜਕੇ ਕੀਰਤਨ ਦੀ ਆਵਾਜ਼ ਕਿਥੋਂ ਆ ਰਹੀ ਹੈ। ਸਾਰਾ ਪਿੰਡ ਉਠ ਕੇ ਵੇਖਣ ਆ ਗਿਆ ਤੇ ਉਹ ਪ੍ਰੇਮੀ ਵੀ ਪਿਛੋਂ ਹੌਲੀ ਹੌਲੀ ਪੁੱਜ ਗਿਆ ਜਿਸ ਦੀ ਫਸਲ ਦੀ ਕਟਾਈ ਕੀਤੀ ਸੀ। ਪਿੰਡ ਵਾਲੇ ਹੈਰਾਨ ਹੋਏ ਇਹ ਮਹਿਸੂਸ ਕਰ ਰਹੇ ਸਨ ਕਿ ਜਿਵੇਂ ਅਰਸ਼ਾਂ ਤੋਂ ਦੇਵਗਨ ਫਰਸ਼ਾਂ ਤੇ ਉਤਰ ਕੇ ਕੀਰਤਨ ਕਰ ਰਹੇ ਹੋਣ। ਦੇਖਿਆ ਕਿ ਸਾਰੀ ਕਣਕ ਦੀ ਵਢਾਈ ਭੀ ਕੀਤੀ ਪਈ ਹੈ, ਆਖਰ ਇਹ ਕੀ ਕਰਿਸ਼ਮਾ ਹੈ? ਜਦੋਂ ਨੇੜੇ ਪਹੁੰਚੇ ਤਾਂ ਬਾਬਾ ਜੀ ਨੂੰ ਪਹਿਚਾਣ ਲਿਆ ਤੇ ਉਨ੍ਹਾਂ ਨੇ ਹੱਥ ਨਾਲ ਇਸ਼ਾਰਾ ਕੀਤਾ ਕਿ ਬੈਠ ਕੇ ਕੀਰਤਨ ਸੁਣੋ। ਕੇਹਰ ਸਿੰਘ ਦਾ ਪਿਤਾ ਵੀ ਪਹੁੰਚ ਗਿਆ। ਜਦੋਂ ਉਸ ਨੇ ਦੇਖਿਆ ਕਿ ਮੇਰੀ ਕਣਕ ਦੀ ਵਢਾਈ ਕਰਕੇ ਭਰੀਆਂ ਬੰਨ੍ਹੀਆਂ ਪਈਆਂ ਹਨ ਤੇ ਆਖਰ ਇਹ ਕੀ ਕੌਤਕ ਹੈ? ਕਿਸ ਪਰਉਪਕਾਰੀ

ਨੇ ਮੇਰੇ ਵਰਗੇ ਗਰੀਬ ਤੇ ਬੀਮਾਰ ਤੇ ਰਹਿਮ ਕੀਤਾ ਹੈ? ਉਸ ਨੂੰ ਦੱਸਿਆ ਗਿਆ ਕਿ ਸਾਰਾ ਬਾਬਾ ਜੀ ਦਾ ਪਰਉਪਕਾਰ ਹੈ। ਬਾਬਾ ਜੀ ਦੇ ਕੋਲ ਆ ਕੇ ਚਰਨਾਂ ਤੇ ਢਹਿ ਪਿਆ, ਕਹਿਣ ਲੱਗਿਆ ਕਿ ਮੈਂ ਤੁਹਾਡਾ ਦੇਣ ਨਹੀਂ ਦੇ ਸਕਦਾ। ਮੈਂ ਤਾਂ ਇਹ ਸੋਚ ਵੀ ਨਹੀਂ ਸੀ ਸਕਦਾ, ਨਾ ਹੀ ਮੇਰੇ ਕੋਲ ਮਜ਼ਦੂਰਾਂ ਨੂੰ ਦੇਣ ਵਾਸਤੇ ਪੈਸੇ ਸਨ ਕਿ ਮੈਂ ਕਿਸੇ ਤੋਂ ਵਢਾ ਲੈਂਦਾ ਤੇ ਨਾ ਹੀ ਮੇਰੀ ਆਪਣੀ ਹਿੰਮਤ ਸੀ ਕਿ ਮੈਂ ਕਟਾਈ ਕਰਵਾ ਲੈਂਦਾ। ਜੇਕਰ ਤੁਸੀਂ ਇਹ ਪਰਉਪਕਾਰ ਨਾ ਕਰਦੇ, ਮੇਰੀ ਫਸਲ ਖੇਤ ਵਿਚ ਹੀ ਖਰਾਬ ਹੋ ਜਾਣੀ ਸੀ। ਬਾਬਾ ਜੀ ਨੇ ਕਿਹਾ ਕਿ ਬਜ਼ੁਰਗੋ! ਗੁਰੂ ਮਹਾਰਾਜ ਜੀ ਨੇ ਸਿੰਘ ਇਸੇ ਲਈ ਪੈਦਾ ਕੀਤਾ ਹੈ ਕਿ ਉਹ ਨਿਤਾਣਿਆਂ ਦੀ ਮਦਦ ਕਰੇ। ਅਸੀਂ ਸਾਰਿਆਂ ਨੇ ਇਕੱਠੇ ਹੋ ਕੇ ਇਹ ਕੰਮ ਰਾਤੋ ਰਾਤ ਹੀ ਮੁਕਾਅ ਦਿਤਾ ਹੈ ਤੇ ਭਰੀਆਂ ਵੀ ਬੰਨ੍ਹ ਦਿਤੀਆਂ ਹਨ। ਹੁਣ ਤੁਹਾਡਾ ਕੰਮ ਆਸਾਨ ਹੋ ਗਿਆ ਹੈ, ਭਰੀਆਂ ਇਕੱਠੀਆਂ ਵੀ ਕਰਵਾ ਦਿੰਦੇ ਹਾਂ। ਹੌਲੀ ਹੌਲੀ, ਗਾਹ ਪਾ ਕੇ ਬੋਹਲ ਬਣਾ ਲਿਓ ਤੇ ਬੋਰੀਆਂ ਵਿਚ ਪਾ ਕੇ ਘਰ ਲੈ ਜਾਣਾ। ਜਿੰਨੀ ਕਣਕ ਖਾਣ ਵਾਸਤੇ ਰੱਖਣੀ ਹੈ ਉਹ ਘਰ ਲੈ ਜਾਣਾ, ਬਾਕੀ ਗੱਡਾ ਭਰ ਕੇ ਮੰਡੀ ਵਿਚ ਲੈ ਜਾਣਾ। ਤੁਸੀਂ ਦਿਲ ਛੋਟਾ ਨਾ ਕਰੋ, ਅਸੀਂ ਸਾਰੇ ਤੁਹਾਡੇ ਸਾਥੀ ਹਾਂ, ਅਸੀਂ ਕੋਈ ਅਹਿਸਾਨ ਨਹੀਂ ਕੀਤਾ, ਅਸੀਂ ਤਾਂ ਇਹ ਫਰਜ਼ ਨਿਭਾਇਆ ਹੈ। ਬਜ਼ੁਰਗ ਬਾਰ ਬਾਰ ਅਸੀਸਾਂ ਦੇਈ ਜਾ ਰਿਹਾ ਸੀ ਕਿ ਤੁਸੀਂ ਧੰਨ ਹੋ, ਤੁਹਾਡੀ ਮਾਤਾ ਧੰਨ ਹੈ, ਤੁਹਾਡਾ ਪਿਤਾ ਧੰਨ ਹੈ ਜਿਨ੍ਹਾਂ ਨੇ ਆਪ ਨੂੰ ਜਨਮ ਦਿਤਾ ਹੈ। ਬਹੁਤ ਪਰਉਪਕਾਰ ਕਰ ਰਹੇ ਹੋ। ਨਾਮ ਵੀ ਜਪਾ ਰਹੇ ਹੋ ਅਤੇ ਗਰੀਬਾਂ ਤੇ ਨਿਤਾਣਿਆਂ ਦੀ ਮਦਦ ਕਰਨ ਦਾ ਸਬਕ ਵੀ ਦ੍ਰਿੜ ਕਰਵਾ ਰਹੇ ਹੋ। ਇਸ ਬੁਢੜੇ ਗਰੀਬ ਦੀਆਂ ਅਸੀਸਾਂ ਤੁਹਾਡੇ ਨਾਲ ਹਨ, ਵਾਹਿਗੁਰੂ ਹੋਰ ਉਤਸ਼ਾਹ ਤੇ ਬਲ ਬਖਸ਼ੇ। ਬਾਬਾ ਜੀ ਨੇ ਉਤਰ ਵਿਚ ਕਿਹਾ ਕਿ ਗੁਰੂ ਮਹਾਰਾਜ ਜੀ ਨੇ ਸਿੰਘ ਨੂੰ ਬਹੁਤ ਉਚਾ ਬਣਾਇਆ ਹੈ, ਵਾਹਿਗੁਰੂ ਨੇ ਖਾਲਸਾ ਗਰੀਬ ਤੇ ਮਜ਼ਲੂਮ ਦੀ ਰੱਖਿਆ ਵਾਸਤੇ ਪੈਦਾ ਕੀਤਾ ਹੈ ਕਿਉਂਕਿ ਮਹਾਰਾਜ ਨੇ ਇਸ ਨੂੰ ਅਕਾਲ ਪੁਰਖ ਦੀ ਫੌਜ ਕਿਹਾ ਹੈ –

*ਖ਼ਾਲਸਾ ਅਕਾਲ ਪੁਰਖ ਕੀ ਫੌਜ॥*
*ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥* *(ਸਰਬ ਲੋਹ ਗ੍ਰੰਥ)*

ਇਹ ਸਭ ਦਾ ਸਾਂਝਾ ਹੈ ਅਤੇ ਸਾਰਾ ਸੰਸਾਰ ਇਸ ਦਾ ਹੈ।

## ਜਾਤ ਪਾਤ ਦੇ ਬੰਧਨ ਤੋੜਨੇ

ਆਪ ਜੀ ਇਸ ਇਲਾਕੇ ਵਿਚ ਅੰਮ੍ਰਿਤ ਪ੍ਰਚਾਰ ਕਰ ਰਹੇ ਸਨ ਤੇ ਜਥੇਦਾਰ ਦੇ ਰੂਪ ਵਿਚ ਆਪ ਸਭ ਨੂੰ ਸਮਝਾਉਂਦੇ ਕਿ ਹੁਣ ਤੋਂ ਸਾਡਾ ਪਿਤਾ ਗੁਰੂ ਗੋਬਿੰਦ ਸਿੰਘ ਜੀ ਹੈ ਅਤੇ ਮਾਤਾ ਸਾਹਿਬ ਕੌਰ ਜੀ ਹਨ ਅਤੇ ਅਨੰਦਪੁਰ ਦੇ ਅਸੀਂ ਵਾਸੀ ਹਾਂ, ਸਾਡੀ ਜਾਤ ਪਾਤ ਖਤਮ ਹੋ ਗਈ ਹੈ ਅਤੇ ਜੋ ਅੰਮ੍ਰਿਤਧਾਰੀ ਸਿੰਘ ਹੈ ਉਹ ਭਾਵੇਂ ਕਿਸੇ ਵੀ ਨੀਵੀਂ ਜਾਤ ਦਾ ਹੋਵੇ ਉਸ ਤੋਂ ਨਫਰਤ ਨਹੀਂ ਕਰਨੀ ਤੇ ਉਸ ਦੇ ਹੱਥ ਦਾ ਪ੍ਰਸ਼ਾਦਾ ਪਾਣੀ

ਛਕਣਾ ਹੈ ਤੇ ਉਸ ਨੂੰ ਆਪਣਾ ਭਰਾ ਸਮਝਣਾ ਹੈ। ਟਾਹਲੀ ਮਿੰਡਰ ਦੇ ਰਹਿਣ ਵਾਲੇ ਦਰਬਾਰਾ ਸਿੰਘ, ਮਹਿੰਦਰ ਸਿੰਘ ਤੇ ਧਾਰਾ ਸਿੰਘ, ਇਹ ਮਜ਼੍ਹਬੀ ਸਿੰਘ ਸਨ। ਇਹ ਬਾਬਾ ਜੀ ਨੂੰ ਕਹਿਣ ਲੱਗੇ ਕਿ ਹੁਣ ਅਸੀਂ ਅੰਮ੍ਰਿਤ ਛਕ ਲਿਆ ਹੈ ਅਤੇ ਸਾਡੀ ਇੱਛਾ ਹੈ, ਅਸੀਂ ਸਾਰੇ ਜਥੇ ਨੂੰ ਆਪਣੇ ਘਰ ਪ੍ਰਸ਼ਾਦਾ ਛਕਾਉਣਾ ਚਾਹੁੰਦੇ ਹਾਂ। ਬਾਬਾ ਜੀ ਨੇ 'ਹਾਂ' ਕਰ ਦਿਤੀ ਅਤੇ ਕਿਹਾ ਕਿ ਠੀਕ ਹੈ, ਅਸੀਂ ਪ੍ਰਸ਼ਾਦਾ ਛਕਣ ਆਵਾਂਗੇ। ਨੀਯਤ ਸਮੇਂ ਅਨੁਸਾਰ ਬਾਬਾ ਜੀ ਪ੍ਰਸ਼ਾਦਾ ਛਕਣ ਪਹੁੰਚ ਗਏ, ਅੱਗੇ ਸਾਰੇ ਸਿੰਘ ਇੰਤਜ਼ਾਰ ਕਰ ਰਹੇ ਸਨ। ਸਿੰਘ ਕਹਿਣ ਲੱਗੇ ਕਿ ਤੁਸੀਂ ਅੰਦਰ ਆ ਜਾਵੋ। ਬਾਬਾ ਜੀ ਕਹਿਣ ਲੱਗੇ, ਕਿਉਂ ਭਾਈ, ਬਾਹਰ ਕੀ ਡਰ ਹੈ? ਅਸੀਂ ਤਾਂ ਇਥੇ ਬਾਹਰ ਵਿਹੜੇ ਵਿਚ ਦਰਖਤਾਂ ਹੇਠਾਂ ਛਕਾਂਗੇ, ਇਥੇ ਹੀ ਪ੍ਰਸ਼ਾਦ ਪਾਣੀ ਲੈ ਆਵੋ। ਕਹਿਣ ਲੱਗੇ ਕਿ ਅਸੀਂ ਤਾਂ ਇਸ ਵਾਸਤੇ ਕਹਿ ਰਹੇ ਹਾਂ ਕਿ ਉਚੀ ਜਾਤ ਵਾਲੇ ਜੱਟ, ਜ਼ਿਮੀਦਾਰ ਤੁਹਾਡੇ ਤੇ ਨਰਾਜ਼ ਨਾ ਹੋ ਜਾਣ ਕਿ ਤੁਸੀਂ ਮਜ਼੍ਹਬੀ ਸਿੰਘਾਂ ਦੇ ਘਰ ਪ੍ਰਸ਼ਾਦਾ ਕਿਉਂ ਛਕਿਆ। ਬਾਬਾ ਜੀ ਕਹਿਣ ਲੱਗੇ, ਸਾਨੂੰ ਕਿਸੇ ਦਾ ਡਰ ਨਹੀਂ, ਜਿਹੜਾ ਨਰਾਜ਼ ਹੁੰਦਾ ਹੈ ਹੋ ਜਾਵੇ, ਅਸੀਂ ਤਾਂ ਗੁਰੂ ਦਾ ਹੁਕਮ ਕਮਾਉਣਾ ਹੈ, ਸਾਨੂੰ ਕਿਸੇ ਦੀ ਪਰਵਾਹ ਨਹੀਂ। ਉਹ ਪਿਆਰਾ, ਜਿਸ ਦੇ ਆਸਰੇ ਅਸੀਂ ਜਿਉਂਦੇ ਹਾਂ, ਜਿਸ ਦੇ ਨਾਮ ਵਿਚ ਮਸਤ ਰਹਿੰਦੇ ਹਾਂ, ਸਾਨੂੰ ਸਿਰਫ ਉਸ ਦੀ ਪ੍ਰਵਾਹ ਹੈ।

***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥***

***ਪੰਨਾ - 473***

ਇਸ ਪਰਿਵਾਰ ਨੇ ਬੜੇ ਪਿਆਰ ਨਾਲ ਪ੍ਰਸ਼ਾਦਾ ਛਕਾਇਆ ਅਤੇ ਅੱਜ ਇਨ੍ਹਾਂ ਦੀ ਖੁਸ਼ੀ ਦਾ ਕੋਈ ਅੰਤ ਪਾਰਾਵਾਰ ਨਹੀਂ ਸੀ। ਬਾਬਾ ਜੀ ਨੇ ਜਥੇ ਸਮੇਤ ਇਨ੍ਹਾਂ ਦੇ ਗ੍ਰਹਿ ਵਿਖੇ ਪ੍ਰਸ਼ਾਦਾ ਛਕਿਆ। ਬਾਬਾ ਜੀ ਨੇ ਚੂਲ੍ਹਾ ਪੜ੍ਹ ਕੇ ਅਰਦਾਸ ਕੀਤੀ ਅਤੇ ਪਰਿਵਾਰ ਤੋਂ ਵਿਦਾਇਗੀ ਲਈ ਤੇ ਘਰ ਪਹੁੰਚ ਗਏ। ਦੂਜੇ ਪਾਸੇ ਜਾਤ ਅਭਿਮਾਨੀ ਵੀ ਇਨ੍ਹਾਂ ਤੇ ਨਿਗ੍ਹਾ ਰੱਖ ਰਹੇ ਸਨ ਤੇ ਇਹ ਗੱਲ ਉਨ੍ਹਾਂ ਨੇ ਸਾਰੇ ਧੁਮਾਅ ਦਿਤੀ। ਕਹਿਣ ਲੱਗੇ, ਦੇਖੋ ਇਨ੍ਹਾਂ ਕੀ ਕੀਤਾ ਹੈ, ਜਾਤ ਪਾਤ ਦੀ ਮਰਿਆਦਾ ਭੰਗ ਕਰ ਦਿਤੀ ਹੈ। ਸਾਰਿਆਂ ਨੂੰ ਸੁਨੇਹੇ ਪਹੁੰਚਾਅ ਦਿਤੇ ਕਿ ਗੁਰਦੁਆਰਾ ਸਾਹਿਬ ਵਿਖੇ ਪੰਚਾਇਤ ਅਤੇ ਮੋਹਤਬਰਾਂ ਦੀ ਮੀਟਿੰਗ ਹੈ, ਉਸ ਵਿਚ ਬਾਬਾ ਜੀ ਦਾ ਬਾਈਕਾਟ ਕਰਨਾ ਹੈ ਕਿਉਂਕਿ ਉਨ੍ਹਾਂ ਨੇ ਮਜ਼੍ਹਬੀ ਸਿੰਘਾਂ ਦੇ ਘਰ ਪ੍ਰਸ਼ਾਦਾ ਛਕਿਆ ਹੈ। ਬਾਬਾ ਜੀ ਨੂੰ ਇਸ ਵਿਚ ਭਾਗ ਲੈਣ ਲਈ ਸੱਦਿਆ ਗਿਆ ਤੇ ਸਮੇਂ ਅਨੁਸਾਰ ਆਪ ਜੀ ਪਹੁੰਚ ਗਏ। ਮੀਟਿੰਗ ਸ਼ੁਰੂ ਹੋ ਗਈ। ਸਾਰੇ ਸੱਜਣ ਵਾਰੋ ਵਾਰੀ ਬੋਲਣੇ ਸ਼ੁਰੂ ਹੋ ਗਏ ਤੇ ਸਾਰੇ ਇਸ ਗੱਲੋਂ ਨਾਰਾਜ਼ਗੀ ਪ੍ਰਗਟ ਕਰ ਰਹੇ ਸਨ ਕਿ ਬਾਬਾ ਜੀ ਨੇ ਮਰਿਆਦਾ ਭੰਗ ਕੀਤੀ ਹੈ ਤੇ ਕੋਈ ਵੀ ਇਨ੍ਹਾਂ ਨੂੰ ਨਾ ਬੁਲਾਵੇ ਅਤੇ ਜੇਕਰ ਇਹ ਬੁਲਾਉਣ ਤਾਂ ਕੋਈ ਵੀ ਇਨ੍ਹਾਂ ਦੇ ਸਤਿਸੰਗ ਵਿਚ ਨਾ ਜਾਵੇ। ਜਦੋਂ ਸਾਰੇ ਸੱਜਣਾਂ ਨੇ ਆਪਣੇ ਮਨ ਦੇ ਗੁਬਾਰ, ਕੂੜ ਕੁਬਾੜ ਬੋਲ ਕੇ ਕੱਢ ਦਿਤੇ ਤਾਂ ਬਾਬਾ ਜੀ ਖੜ੍ਹੇ ਹੋ ਗਏ ਤੇ ਕਹਿਣ ਲੱਗੇ, ਠੀਕ ਹੈ, ਜੋ ਤੁਹਾਡੇ ਮਨ ਅੰਦਰ ਸੀ, ਆਪਣੇ ਮਨ ਦੀਆਂ ਗੱਲਾਂ ਮੈਨੂੰ

ਕਹਿ ਦਿਤੀਆਂ ਹਨ ਤੇ ਹੁਣ ਥੋੜ੍ਹਾ ਸਮਾਂ ਦਿਓ, ਮੈਂ ਤੁਹਾਡੀਆਂ ਸਾਰੀਆਂ ਗੱਲਾਂ ਦਾ ਜਵਾਬ ਦੇਣਾ ਚਾਹੁੰਦਾ ਹਾਂ ਪਰ ਇਸ ਦਾ ਮਤਲਬ ਇਹ ਨਹੀਂ ਸਮਝਣਾ ਕਿ ਮੈਂ ਤੁਹਾਥੋਂ ਮਾਫੀ ਮੰਗਣੀ ਹੈ ਜਾਂ ਮੈਨੂੰ ਇਸ ਗੱਲ ਦਾ ਕੋਈ ਡਰ ਹੈ, ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੈ। ਆਪ ਸਾਰੇ ਜ਼ਰਾ ਧਿਆਨ ਦੇ ਕੇ ਸੁਣਨ ਦੀ ਖੇਚਲ ਕਰਨਾ।

ਤੁਸੀਂ ਮੇਰੇ ਤੇ ਇਹ ਇਲਜ਼ਾਮ ਲਾਇਆ ਹੈ ਕਿ ਮੈਂ ਮਜ਼੍ਹਬੀ ਸਿੰਘਾਂ ਦੇ ਘਰ ਪ੍ਰਸ਼ਾਦਾ ਕਿਉਂ ਛਕਿਆ ਹੈ। ਪਹਿਲਾਂ ਤੁਸੀਂ ਸਾਰੇ ਇਸ ਗੱਲ ਦਾ ਜਵਾਬ ਦਿਓ ਕਿ ਤੁਸੀਂ ਸਾਰਿਆਂ ਨੇ ਅੰਮ੍ਰਿਤ ਛਕਿਆ ਹੈ ਕਿ ਨਹੀਂ? ਕਹਿਣ ਲੱਗੇ ਛਕਿਆ ਹੈ। ਫਿਰ ਆਪ ਨੇ ਪੰਜ ਪਿਆਰਿਆਂ ਦੇ ਸਨਮੁਖ ਇਹ ਉਪਦੇਸ਼ ਤਾਂ ਸੁਣਿਆ ਹੋਵੇਗਾ ਕਿ ਹੁਣ ਸਾਡੀ ਕੋਈ ਜਾਤ ਪਾਤ ਨਹੀਂ ਅਤੇ ਅਸੀਂ ਗੁਰੂ ਗੋਬਿੰਦ ਸਿੰਘ ਜੀ ਤੇ ਮਾਤਾ ਸਾਹਿਬ ਕੌਰ ਦੇ ਪੁੱਤਰ, ਪੁਤਰੀਆਂ ਹਾਂ ਅਤੇ ਤੁਸੀਂ ਸਾਰਿਆਂ ਨੇ ਇਕੋ ਬਾਟੇ ਨੂੰ ਮੂੰਹ ਲਾ ਕੇ ਇਸ ਜਾਤ ਪਾਤ ਦਾ ਖੰਡਨ ਕਰ ਦਿਤਾ ਹੋਇਆ ਹੈ ਜਿਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਉਨ੍ਹਾਂ ਦੀ ਜਾਤ ਪਾਤ ਖਤਮ ਕਰ ਦਿਤੀ ਸੀ ਭਾਵੇਂ ਕਿ ਉਹ ਵੱਖ-ਵੱਖ ਜਾਤੀਆਂ ਨਾਲ ਸਬੰਧ ਰਖਦੇ ਸਨ। ਉਨ੍ਹਾਂ ਪੰਜਾਂ ਵਿਚ ਭਾਈ ਦਇਆ ਸਿੰਘ ਜੀ ਖਤਰੀ, ਭਾਈ ਧਰਮ ਸਿੰਘ ਜੀ ਜੱਟ, ਭਾਈ ਸਾਹਿਬ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ, ਨੀਵੀਂਆਂ ਜਾਤੀਆਂ ਦੇ ਸਨ। ਇਨ੍ਹਾਂ ਨੂੰ ਪਹਿਲਾਂ ਅੰਮ੍ਰਿਤ ਛਕਾ ਕੇ ਫੇਰ ਦਸ਼ਮੇਸ਼ ਪਿਤਾ ਜੀ ਨੇ ਇਨ੍ਹਾਂ ਤੋਂ ਅੰਮ੍ਰਿਤ ਪਾਨ ਕੀਤਾ ਤੇ ਆਪਣਾ ਨਾਮ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਰੱਖਿਆ। ਇਸ ਦਾ ਮਤਲਬ ਇਹ ਹੋਇਆ ਕਿ ਫੇਰ ਤਾਂ ਤੁਸੀਂ ਗੁਰੂ ਨਾਲੋਂ ਵੀ ਆਪਣੇ ਆਪ ਨੂੰ ਵੱਡੇ ਸਮਝਦੇ ਹੋ। ਤੁਸੀਂ ਉਨ੍ਹਾਂ ਦੀ ਸਿੱਖੀ ਵੀ ਧਾਰਨ ਕੀਤੀ ਹੈ ਤੇ ਨਾਲ ਹੁਕਮ ਵੀ ਨਹੀਂ ਮੰਨਦੇ। ਪ੍ਰੇਮੀਓਂ! ਤੁਸੀਂ ਤਾਂ ਮੇਰਾ ਬਾਈਕਾਟ ਕਰਦੇ ਹੋ ਪਰ ਮੈਂ ਤਾਂ ਤੁਹਾਡਾ ਬਾਈਕਾਟ ਕਰਨਾ ਹੈ, ਤੁਸੀਂ ਗੁਰੂ ਤੋਂ ਬੇਮੁਖਤਾ ਵਾਲੀਆਂ ਗੱਲਾਂ ਕਰਦੇ ਹੋ। ਤੁਸੀਂ ਤਾਂ ਉਸ ਪਿਆਰੇ ਗੁਰੂ ਦੀ ਗੱਲ ਨਹੀਂ ਮੰਨਦੇ ਜਿਨ੍ਹਾਂ ਨੇ ਆਪਣਾ ਸਰਬੰਸ ਇਸ ਖਾਲਸੇ ਤੋਂ ਵਾਰ ਦਿਤਾ। ਇਥੇ ਹੀ ਬੱਸ ਨਹੀਂ, ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੂੰ ਹਿੰਦੂ ਧਰਮ ਦੀ ਰੱਖਿਆ ਲਈ ਆਪ ਦਿੱਲੀ ਵਿਚ ਸ਼ਹੀਦ ਹੋਣ ਲਈ ਭੇਜਿਆ। ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸਸਕਾਰ ਲੱਖੀਸ਼ਾਹ ਵਣਜਾਰੇ ਨੇ ਕੀਤਾ ਅਤੇ ਉਨ੍ਹਾਂ ਦੇ ਸੀਸ ਨੂੰ ਅਨੰਦਪੁਰ ਲਿਆਉਣ ਦੀ ਸੇਵਾ ਭਾਈ ਜੈਤਾ ਜੀ ਨੇ ਕੀਤੀ। ਜਦੋਂ ਉਹ ਗੁਰੂ ਜੀ ਦਾ ਸੀਸ ਲੈ ਕੇ ਅਨੰਦਪੁਰ ਪੁਜਾ ਤਾਂ ਦਸ਼ਮੇਸ਼ ਪਿਤਾ ਜੀ ਨੇ ਉਸ ਸਿੱਖ ਨੂੰ ਜੱਫੀ ਵਿਚ ਲਿਆ ਤੇ ਵਰਦਾਨ ਦਿਤਾ ਕਿ 'ਰੰਘਰੇਟੇ ਗੁਰੂ ਕੇ ਬੇਟੇ।' ਹੁਣ ਭਾਈ ਪ੍ਰੇਮੀਓਂ! ਦੱਸੋ ਉਹ ਭਾਈ ਜੈਤਾ ਵੀ ਇਨ੍ਹਾਂ ਦੀ ਜਾਤ ਬਰਾਦਰੀ ਵਿਚੋਂ ਸੀ ਪਰ ਮਹਾਰਾਜ ਨੇ ਉਸ ਨੂੰ ਆਪਣਾ ਬੇਟਾ ਬਣਾਇਆ ਤੇ ਸਤਿਕਾਰ ਦਿਤਾ। ਜੇਕਰ ਮੈਂ 'ਰੰਘਰੇਟੇ ਗੁਰੂ ਕੇ ਬੇਟੇ' ਦੇ ਘਰੋਂ ਪ੍ਰਸ਼ਾਦਾ ਛਕ ਲਿਆ, ਤੁਹਾਨੂੰ ਕੀ ਆਪੱਤੀ ਆ ਗਈ? ਇਸ ਦਾ ਮਤਲਬ ਇਹ ਹੈ ਕਿ ਤੁਸੀਂ ਸਿੱਖੀ ਤਾਂ ਧਾਰਨ ਕਰ

ਲਈ ਹੈ ਪਰ ਹਾਲੇ ਗੱਲ ਸਮਝ ਵਿਚ ਨਹੀਂ ਆਈ। ਪ੍ਰੇਮੀਓਂ! ਜਾਤ ਪਾਤ ਨਾਲ ਕੋਈ ਵੱਡਾ ਨਹੀਂ ਹੋਇਆ ਕਰਦਾ। ਮਹਾਰਾਜ ਵੱਡਾ ਉਸ ਨੂੰ ਕਹਿੰਦੇ ਹਨ ਜਿਸ ਨੇ ਸੰਸਾਰ ਤੇ ਆ ਕੇ ਨਾਮ ਜਪਿਆ ਤੇ ਪਰਮਪਦ ਦੀ ਪ੍ਰਾਪਤੀ ਕਰ ਲਈ।

***ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥***
***ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥***
***ਪੰਨਾ - 469***

ਦਰਗਾਹ ਵਿਚ ਉਚੀਆਂ ਜਾਤਾਂ ਵਾਲਿਆਂ ਦਾ ਜ਼ੋਰ ਨਹੀਂ ਚਲਦਾ, ਉਥੇ ਤਾਂ ਅਮਲਾਂ ਦਾ ਨਿਬੇੜਾ ਹੋਣਾ ਹੈ। ਜਿਸ ਨੇ ਸੰਸਾਰ ਤੇ ਆ ਕੇ ਗੁਰੂ ਧਾਰਨ ਕਰਕੇ ਨਾਮ ਜਪਿਆ, ਸ਼ੁਭ ਕਰਮ ਕੀਤੇ, ਆਪ ਨਾਮ ਜਪਿਆ, ਸੰਸਾਰ ਨੂੰ ਨਾਮ ਜਪਾਇਆ, ਉਨ੍ਹਾਂ ਦੀ ਦਰਗਾਹ ਵਿਚ ਪਤਿ ਰਹਿ ਜਾਂਦੀ ਹੈ ਅਤੇ ਉਥੇ ਉਹ ਸੋਭਦੇ ਹਨ ਤੇ ਉਨ੍ਹਾਂ ਨੂੰ ਚੰਗਾ ਕਿਹਾ ਜਾਂਦਾ ਹੈ। ਜਿਨ੍ਹਾਂ ਨੇ ਇਥੇ ਆ ਕੇ ਨਾਮ ਨਹੀਂ ਜਪਿਆ, ਗੁਰੂ ਨਹੀਂ ਧਾਰਿਆ, ਈਰਖਾ, ਬਖੀਲੀ, ਨਿੰਦਿਆ, ਚੁਗਲੀ ਵਿਚ ਜੀਵਨ ਬਤੀਤ ਕੀਤਾ, ਸੱਚ ਦਾ ਵਪਾਰ ਕਰਨ ਦੀ ਥਾਂ ਕੂੜ ਦੇ ਸੌਦੇ ਕੀਤੇ, ਉਹ ਭਾਵੇਂ ਕਿੰਨੀ ਵੀ ਉਚੀ ਜਾਤ ਦਾ ਹੋਵੇ ਤਾਂ ਵੀ ਉਸ ਨੂੰ ਦਰਗਾਹ ਵਿਚ ਸਜ਼ਾ ਮਿਲਦੀ ਹੈ ਅਤੇ ਧਰਮਰਾਜਾ ਉਨ੍ਹਾਂ ਦਾ ਲੇਖਾ ਕੱਢ ਕੇ ਹਿਸਾਬ ਕਿਤਾਬ ਮੰਗਦਾ ਹੈ ਅਤੇ ਦਰਗਾਹ ਵਿਚੋਂ ਧੱਕੇ ਮਾਰ ਕੇ ਕੱਢ ਦਿਤਾ ਜਾਂਦਾ ਹੈ। ਜਿਹੜੇ ਆਪ ਨੂੰ ਵੱਡੇ ਅਖਵਾਉਂਦੇ ਹਨ, ਵੱਡੀਆਂ ਜਾਤਾਂ ਵਾਲੇ ਅਖਵਾਉਂਦੇ ਹਨ, ਅਮੀਰ ਅਖਵਾਉਂਦੇ ਹਨ ਪਰ ਸੰਸਾਰ ਤੇ ਆ ਕੇ ਕੋਈ ਚੰਗਾ ਕੰਮ ਨਹੀਂ ਕਰਦੇ, ਭੋਗਾਂ ਵਿਚ ਪੈ ਕੇ ਜੀਵਨ ਬਰਬਾਦ ਕਰ ਦਿੰਦੇ ਹਨ, ਉਨ੍ਹਾਂ ਦੇ ਤਾਂ ਪੈਰਾਂ ਵਿਚ ਬੇੜੀਆਂ ਅਤੇ ਗਲ ਵਿਚ ਸੰਗਲ ਪਾ ਕੇ ਧਰਮਰਾਜ ਦੇ ਦਰਾਬਰ ਵਿਚ ਪੇਸ਼ ਕੀਤਾ ਜਾਂਦਾ ਹੈ।

***ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥***
***ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥***
***ਪੰਨਾ - 464***

ਇਸ ਕਰਕੇ ਜਾਤ ਪਾਤ ਦਾ ਇਥੇ ਸਵਾਲ ਹੀ ਨਹੀਂ। ਗੁਰੂ ਮਹਾਰਾਜ ਜੀ ਨੇ ਗੁਰਸਿੱਖਾਂ ਨੂੰ ਇਕੋ ਜਿਹਾ ਦਰਜਾ ਦਿਤਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਤੁਸੀਂ ਜਾਤ ਦਾ ਗੁਮਾਨ ਕਰਦੇ ਹੋ, ਜ਼ਰਾ ਦੇਖੋ ਤਾਂ ਸਹੀ - ਭਗਤ ਬਾਲਮੀਕ ਜੀ ਨੇ, ਨਾਮ ਜਪ ਕੇ ਕਿੱਡੀ ਵੱਡੀ ਪਦਵੀ ਪ੍ਰਾਪਤ ਕੀਤੀ ਤੇ ਰਾਮਾਇਣ ਦਾ ਗ੍ਰੰਥ ਹਜ਼ਾਰਾਂ ਸਾਲ ਪਹਿਲਾਂ ਹੀ ਲਿਖ ਕੇ ਰਖ ਦਿਤਾ।

***ਰੇ ਚਿਤ ਚੇਤਿ ਚੇਤ ਅਚੇਤ॥***
***ਕਾਹੇ ਨ ਬਾਲਮੀਕਹਿ ਦੇਖ॥***
***ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ॥***
***ਪੰਨਾ - 1124***

ਸਾਧ ਸੰਗਤ ਜੀ! ਇਥੇ ਹੀ ਬੱਸ ਨਹੀਂ, ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਜਿਨ੍ਹਾਂ ਨੂੰ ਅਸੀਂ ਸਾਰੇ ਨਮਸਕਾਰ ਕਰਦੇ ਹਾਂ, ਗੁਰੂ ਦਸ਼ਮੇਸ਼ ਪਿਤਾ ਜੀ ਸਾਨੂੰ ਜਿਸ ਦੇ ਲੜ ਲਾ ਕੇ ਗਏ ਹਨ, ਇਨ੍ਹਾਂ ਦੇ ਅੰਦਰ ਅਨੇਕਾਂ ਭਗਤਾਂ ਦੀ ਬਾਣੀ ਹੈ ਤੇ ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸਕਾਰ ਕਰਦੇ ਹਾਂ ਤਾਂ ਨਾਲ ਹੀ ਉਨ੍ਹਾਂ ਨੂੰ ਵੀ ਨਮਸਕਾਰ ਕਰਦੇ ਹਾਂ। ਜੇਕਰ ਇਥੇ ਜਾਤ ਪਾਤ ਦਾ ਸਵਾਲ ਹੁੰਦਾ ਤਾਂ ਮਹਾਰਾਜ ਇਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਕਿਉਂ ਦਰਜ ਕਰਦੇ? ਇਥੇ ਜਾਤ ਦਾ ਸਵਾਲ ਨਹੀਂ, ਉਹ ਤਾਂ ਨਾਮ ਜਪ ਕੇ ਪ੍ਰਵਾਨ ਹੋ ਗਏ, ਪ੍ਰਮੇਸ਼ਰ ਵਿਚ ਲੀਨ ਹੋ ਕੇ ਪ੍ਰਮੇਸ਼ਰ ਦਾ ਹੀ ਰੂਪ ਬਣ ਗਏ। ਇਸ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਨ੍ਹਾਂ ਤੱਤ ਬੇਤੇ ਮਹਾਂਪੁਰਸ਼ਾਂ ਦੀ ਉਸਤਤ ਕਰਦਿਆਂ ਇਹ ਫੁਰਮਾਨ ਕੀਤਾ ਹੈ–

***ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥***
***ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥ ਪੰਨਾ - 487***

ਭਗਤ ਨਾਮਦੇਵ ਜੀ ਜਾਤ ਦੇ ਛੀਪੇ ਸਨ ਤੇ ਚੰਦੇ ਛਾਪਣ ਦਾ ਕੰਮ ਕਰਿਆ ਕਰਦੇ ਸੀ ਪਰੰਤੂ ਨਾਮ ਜਪ ਕੇ ਲੱਖਾਂ ਦੇ ਬਣ ਗਏ। ਹਿੰਦੁਸਤਾਨ ਦੇ ਬਾਦਸ਼ਾਹ ਉਨ੍ਹਾਂ ਦੇ ਚਰਨਾਂ ਤੇ ਢਹਿ ਪਏ। ਭਗਵਾਨ ਨੇ ਹਰ ਥਾਂ ਆਪਣੇ ਪਿਆਰੇ ਦੀ ਸਹਾਇਤਾ ਕੀਤੀ। ਅੱਠ ਪਹਿਰ ਦੀ ਮੋਈ ਹੋਈ ਗਊ ਜਿਵਾਲ ਦਿਤੀ ਅਤੇ ਦਿੱਲੀ ਦੇ ਬਾਦਸ਼ਾਹ ਸਲੇਮਸ਼ਾਹ ਨੂੰ ਝੁਕਣਾ ਪਿਆ। ਉਸ ਦੇ ਪੇਟ ਵਿਚ ਐਸਾ ਦਰਦ ਉਠਿਆ ਕਿ ਆਪਣੇ ਅਹਿਲਕਾਰਾਂ ਨੂੰ ਘਾਹ ਦੇ ਕੇ ਭੇਜਿਆ ਕਿ ਮੇਰੇ ਵਲੋਂ ਮਾਫੀ ਮੰਗੋ ਤੇ ਸੰਤਾਂ ਨੂੰ ਕਹੋ ਮੇਰੀ ਗਲਤੀ ਮਾਫ ਕਰ ਦੇਣ ਤੇ ਮੈਨੂੰ ਤੰਦਰੁਸਤੀ ਦੇ ਦੇਣ।

ਕਬੀਰ ਸਾਹਿਬ ਦੀ ਐਸੀ ਮਹਿਮਾ ਹੋਈ ਕਿ ਸਾਰੇ ਪਾਸੇ ਧੰਨ ਕਬੀਰ, ਧੰਨ ਕਬੀਰ ਹੋ ਗਈ ਜੋ ਕੱਟੜ ਹਿੰਦੂ ਤੇ ਮੁਲਾਣਿਆਂ ਨੂੰ ਚੰਗੀ ਨਾ ਲੱਗੀ। ਬਾਦਸ਼ਾਹ ਕੋਲ ਚੁਗਲੀ ਕਰਕੇ ਅਨੇਕਾਂ ਪ੍ਰਕਾਰ ਦੇ ਤਸੀਹੇ ਦੇ ਕੇ ਮਾਰਨ ਦਾ ਯਤਨ ਕੀਤਾ ਪਰੰਤੂ ਪ੍ਰਭੂ ਨੇ ਉਨ੍ਹਾਂ ਦੀ ਹਰ ਥਾਂ ਰੱਖਿਆ ਕੀਤੀ, ਆਪਣੇ ਭਗਤ ਦੀ ਪੈਜ ਰੱਖੀ, ਸਾਰਿਆਂ ਨੂੰ ਮੂੰਹ ਦੀ ਖਾਣੀ ਪਈ। ਵੱਡੇ ਵੱਡੇ ਰਾਜੇ ਉਨ੍ਹਾਂ ਦੇ ਚਰਨਾਂ ਤੇ ਸੀਸ ਝੁਕਾਉਂਦੇ ਸਨ। ਕਬੀਰ ਸਾਹਿਬ ਨੇ ਨਾਮ ਬਾਣੀ ਦੁਆਰਾ ਡੇਢ ਕਰੋੜ ਲੋਕਾਂ ਦਾ ਉਧਾਰ ਕੀਤਾ।

ਭਗਤ ਰਵਿਦਾਸ ਜੀ ਨੇ ਮਾਇਆ ਦਾ ਤਿਆਗ ਕਰਕੇ ਚਾਰੇ ਕੁੰਟਾਂ ਵਿਚ ਨਾਮ ਦਾ ਡੰਕਾ ਵਜਾ ਦਿਤਾ। ਰਾਜਪੂਤ ਰਾਜੇ ਅਤੇ ਰਾਣੀਆਂ ਉਨ੍ਹਾਂ ਦੇ ਸੇਵਕ ਬਣੇ ਅਤੇ ਧਰਮ ਦੇ ਠੇਕੇਦਾਰਾਂ ਨੂੰ ਉਨ੍ਹਾਂ ਨੇ ਐਸਾ ਸਬਕ ਸਿਖਾਇਆ ਕਿ ਸਾਰੇ ਹੀ ਉਨ੍ਹਾਂ ਦੇ ਚਰਨਾਂ ਤੇ ਢਹਿ ਪਏ।

ਭਗਤ ਸੈਣ ਜੀ ਦੀ ਭਗਤੀ ਦਾ ਚਰਚਾ ਘਰ ਘਰ ਵਿਚ ਹੋਇਆ ਕਿ ਕਿਸ ਤਰ੍ਹਾਂ ਉਨ੍ਹਾਂ ਦੇ ਘਰ ਸੰਤ ਪ੍ਰਾਹੁਣੇ ਆ ਗਏ ਅਤੇ ਉਹ ਰਾਜੇ ਦੀ ਮੁੱਠੀ ਚਾਪੀ ਕਰਨੀ ਭੁੱਲ ਕੇ ਸਾਰੀ ਰਾਤ ਕੀਰਤਨ ਤੇ ਕਥਾ ਵਿਚ ਮਸਤ ਰਹੇ। ਉਧਰ ਭਗਵਾਨ ਨੇ ਸੈਣ ਨਾਈ ਜੀ ਦਾ ਰੂਪ ਧਾਰ ਕੇ ਰਾਜੇ

ਨੂੰ ਨਿਹਾਲ ਕੀਤਾ ਅਤੇ ਆਪਣੇ ਭਗਤ ਦੀ ਮਹਿਮਾ ਪ੍ਰਗਟ ਕਰ ਦਿਤੀ।

***ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ॥***
***ਭਾਈ ਗੁਰਦਾਸ ਜੀ, ਵਾਰ 10/16***

ਇਸੇ ਤਰ੍ਹਾਂ ਭਗਤ ਧੰਨਾ ਜੀ ਨੂੰ ਭੋਲੇ ਭਾਇ ਪ੍ਰਭੂ ਜੀ ਦੀ ਪ੍ਰਾਪਤੀ ਹੋਈ ਤੇ ਪ੍ਰਤੱਖ ਦਰਸ਼ਨ ਹੋਏ ਤੇ ਭਗਵਾਨ, ਧੰਨਾ ਜੀ ਦੇ ਸਾਰੇ ਕੰਮ ਖੁਦ ਕਰਦੇ ਰਹੇ। ਇਸ ਕਰਕੇ ਪ੍ਰੇਮੀਓ! ਇਸ ਵਿਚ ਜਾਤ ਪਾਤ ਦਾ ਕੋਈ ਸਵਾਲ ਨਹੀਂ ਹੈ।

ਕਬੀਰ ਸਾਹਿਬ ਨਾਲ ਉਚੀ ਜਾਤ ਵਾਲੇ ਝਗੜਾ ਕਰਨ ਲੱਗ ਪਏ, ਕਹਿਣ ਲੱਗੇ ਤੁਹਾਨੂੰ ਪ੍ਰਮਾਤਮਾ ਦੀ ਭਗਤੀ ਕਰਨ ਦਾ ਕੋਈ ਹੱਕ ਨਹੀਂ ਤੇ ਤੁਸੀਂ ਨੀਵੀਂ ਜਾਤੀ ਦੇ ਹੋ ਕੇ ਆਪਣੇ ਆਪ ਨੂੰ ਭਗਤ ਅਖਵਾਉਂਦੇ ਹੋ ਤੇ ਬਹੁਤ ਲੋਕ ਤੁਹਾਡੇ ਮਗਰ ਲਗ ਗਏ ਹਨ। ਇਹ ਕੰਮ ਤਾਂ ਕੇਵਲ ਉਚੀ ਜਾਤੀ ਦੇ ਬ੍ਰਾਹਮਣਾਂ ਦਾ ਹੈ। ਉਸ ਵੇਲੇ ਕਬੀਰ ਸਾਹਿਬ ਨੇ ਜਵਾਬ ਦਿਤਾ–

***ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥***
***ਤਉ ਆਨ ਬਾਟ ਕਾਹੇ ਨਹੀ ਆਇਆ॥***
***ਤੁਮ ਕਤ ਬ੍ਰਾਹਮਣ ਹਮ ਕਤ ਸੂਦ॥***
***ਹਮ ਕਤ ਲੋਹੂ ਤੁਮ ਕਤ ਦੂਧ॥ ਪੰਨਾ - 324***

ਕਹਿਣ ਲੱਗੇ ਜੇ ਤੁਸੀਂ ਆਪਣੇ ਆਪ ਨੂੰ ਉਚੀ ਜਾਤੀ ਦੇ ਬ੍ਰਾਹਮਣ ਅਖਵਾਉਂਦੇ ਹੋ, ਇਸ ਗੱਲ ਦਾ ਜਵਾਬ ਦਿਓ ਕਿ ਤੁਸੀਂ ਸਿੱਧੇ ਅਸਮਾਨ ਤੋਂ ਡਿੱਗੇ ਹੋ ਜਾਂ ਧਰਤੀ ਵਿਚੋਂ ਪੈਦਾ ਹੋਏ ਹੋ? ਕਹਿਣ ਲੱਗੇ ਨਹੀਂ, ਜਿਸ ਤਰ੍ਹਾਂ ਮਾਤਾ ਦੇ ਉਦਰ ਤੋਂ ਮੇਰਾ ਜਨਮ ਹੋਇਆ ਹੈ, ਉਸੇ ਤਰ੍ਹਾਂ ਮਾਤਾ ਦੇ ਉਦਰ ਤੋਂ ਹੀ ਤੁਹਾਡਾ ਜਨਮ ਹੋਇਆ ਹੈ। ਤੁਸੀਂ ਇਹ ਦੱਸੋ ਕਿ ਤੁਹਾਡੇ ਸਰੀਰ ਦੀਆਂ ਨਾੜਾਂ ਦੇ ਅੰਦਰ ਦੁੱਧ ਹੈ ਜਾਂ ਮੇਰੇ ਸਰੀਰ ਵਿਚ ਪਾਣੀ ਹੈ? ਕਹਿਣ ਲੱਗੇ ਨਹੀਂ, ਦੋਵਾਂ ਦੇ ਅੰਦਰ ਇਕੋ ਜਿਹਾ ਲਾਲ ਰੰਗ ਦਾ ਖ਼ੂਨ ਹੈ। ਫੇਰ ਤੁਸੀਂ ਉਚੀ ਜਾਤ ਵਾਲੇ ਕਿਸ ਤਰ੍ਹਾਂ ਹੋ ਗਏ ਤੇ ਮੈਂ ਨੀਵੀਂ ਜਾਤ ਵਾਲਾ ਕਿਸ ਤਰ੍ਹਾਂ ਹੋਇਆ? ਵਾਹਿਗੁਰੂ ਨੇ ਸਾਰੇ ਮਨੁੱਖਾਂ ਨੂੰ ਇਕੋ ਜਿਹੇ ਕਰਮ ਇੰਦਰੇ ਤੇ ਗਿਆਨ ਇੰਦਰੇ ਬਖ਼ਸ਼ੇ ਹਨ। ਸਾਰੇ ਬ੍ਰਾਹਮਣ ਨਿਰਉਤਰ ਹੋ ਗਏ, ਕਬੀਰ ਜੀ ਦੀ ਗੱਲ ਦਾ ਜਵਾਬ ਨਾ ਦੇ ਸਕੇ ਅਤੇ ਸ਼ਰਮਿੰਦੇ ਹੋ ਕੇ ਚਲੇ ਗਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਖਾਲਸੇ ਨੂੰ ਪੂਰਾ ਬਣਾਇਆ ਹੈ, ਭੇਦ ਭਾਵ ਵਾਲਾ ਨਹੀਂ। ਹਿੰਦੋਸਤਾਨ ਦੀ ਜਨਤਾ ਜੋ ਕਿ ਜਾਤ ਪਾਤ ਦੇ ਵਿਤਕਰੇ ਕਰਕੇ ਆਪਸ ਵਿਚ ਵੰਡੀ ਹੋਈ ਸੀ, ਟੁਕੜੇ ਟੁਕੜੇ ਹੋ ਚੁੱਕੀ ਸੀ। ਗੁਰੂ ਮਹਾਰਾਜ ਜੀ ਨੇ ਇਸ ਨੂੰ ਇਕੱਠਾ ਕਰਕੇ ਪੁਰਾਤਨ ਰਿਸ਼ੀਆਂ ਮੁਨੀਆਂ ਵਾਲਾ ਸਰੂਪ ਦਿਤਾ। ਗੁਰਸਿੱਖ ਦੇ ਕੇਸ ਭਾਰਤਵਰਸ਼ ਦੀ ਪੁਰਾਣੀ ਸਭਿਅਤਾ ਦਾ ਪ੍ਰਤੀਕ ਹਨ ਤੇ ਕੰਘਾ ਇਨ੍ਹਾਂ ਦੀ ਸਫਾਈ ਲਈ ਬਖਸ਼ਿਆ

ਹੈ। ਕਿਰਪਾਨ ਭਾਰਤਵਰਸ਼ ਦੀ ਪੁਰਾਣੀ ਸੂਰਬੀਰਤਾ ਦਾ ਚਿੰਨ੍ਹ ਹੈ, ਸ੍ਵੈਮਾਨ ਦਾ ਚਿੰਨ੍ਹ ਹੈ ਕਿ ਗਊ ਗਰੀਬ ਦੀ ਰੱਖਿਆ ਕਰਨੀ ਤੇ ਲੋੜ ਪੈਣ ਤੇ ਆਪਣੀ ਰੱਖਿਆ ਕਰਨੀ ਹੈ। ਕਛਹਿਰਾ 'ਏਕਾ ਨਾਰੀ ਜਤੀ ਹੋਇ' ਦਾ ਪ੍ਰਤੀਕ ਹੈ ਅਤੇ ਕੜਾ ਗੁਰੂ ਦੀ ਮੋਹਰ ਹੈ ਜੋ ਪਰ-ਤਨ ਤੇ ਪਰ-ਧਨ ਤੋਂ ਵਰਜਿਤ ਕਰਨ ਲਈ ਗੁਰਸਿੱਖ ਨੂੰ ਹਮੇਸ਼ਾ ਗੁਰੂ ਮਹਾਰਾਜ ਜੀ ਦਾ ਹੁਕਮ ਯਾਦ ਕਰਵਾਉਂਦਾ ਹੈ। ਪੁਰਾਣਾ ਸਮਾਜ ਜੋ ਕਿ ਚਾਰ ਵਰਗਾਂ ਵਿਚ ਵੰਡਿਆ ਹੋਇਆ ਸੀ, ਗੁਰੂ ਮਹਾਰਾਜ ਜੀ ਨੇ ਇਨ੍ਹਾਂ ਵਰਗਾਂ ਨੂੰ ਇਕੱਠਾ ਕਰਕੇ ਖਾਲਸੇ ਵਿਚ ਇਸ ਦੇ ਗੁਣ ਭਰ ਦਿਤੇ। ਸਭ ਤੋਂ ਨੀਚ, ਜਿਨ੍ਹਾਂ ਨੂੰ ਸ਼ੂਦਰ ਦਾ ਦਰਜਾ ਦਿਤਾ ਗਿਆ ਸੀ, ਮਹਾਰਾਜ ਜੀ ਨੇ ਉਨ੍ਹਾਂ ਨੂੰ ਸਭ ਤੋਂ ਉਪਰ ਚੁੱਕ ਕੇ ਸੇਵਾ ਦਾ ਦਰਜਾ ਦਿਤਾ। ਗੁਰੂ ਘਰ ਵਿਚ ਜੋ ਵੀ ਕਿਸੇ ਤਰ੍ਹਾਂ ਦੀ ਸੇਵਾ ਕਰਦਾ ਹੈ, ਭਾਵੇਂ ਉਹ ਬਰਤਨ ਮਾਂਜਣ ਦੀ ਹੋਵੇ, ਜੋੜਿਆਂ ਦੀ ਹੋਵੇ ਜਾਂ ਹੋਰ ਕਿਸੇ ਤਰ੍ਹਾਂ ਦੀ ਹੋਵੇ, ਉਸ ਨੂੰ ਉਤਮ ਮੰਨਿਆ ਜਾਂਦਾ ਹੈ ਅਤੇ ਸਾਰੇ ਉਸ ਦੇ ਪੈਰਾਂ ਤੇ ਸੀਸ ਨਿਵਾਉਂਦੇ ਹਨ। ਇਸ ਵਿਚ ਵੈਸ਼ ਦੇ ਗੁਣ ਭਰ ਦਿਤੇ। ਗੁਰਸਿੱਖ ਚੰਗਾ ਵਪਾਰੀ ਵੀ ਹੈ ਇਸ ਨੂੰ ਇਮਾਨਦਾਰ ਵਪਾਰੀ ਬਣਾ ਦਿਤਾ। ਇਸ ਨੂੰ ਖੱਤਰੀ ਬਣਾ ਦਿਤਾ ਤਾਕਿ ਲੋੜ ਪੈਣ ਤੇ ਦੇਸ਼ ਤੇ ਕੌਮ ਦੀ ਰੱਖਿਆ ਲਈ ਕੁਰਬਾਨੀ ਕਰ ਸਕੇ। ਇਸ ਨੂੰ ਬ੍ਰਾਹਮਣ ਵੀ ਬਣਾ ਦਿਤਾ ਕਿਉਂਕਿ ਗੁਰਮਤਿ ਵਿਚ ਬ੍ਰਾਹਮਣ ਬ੍ਰਹਮ ਵਿਦਿਆ ਦੇਣ ਵਾਲੇ ਨੂੰ ਕਿਹਾ ਹੈ -

***ਜਾਤਿ ਕਾ ਗਰਬੁ ਨ ਕਰੀਅਹੁ ਕੋਈ॥***
***ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥*** ***ਪੰਨਾ - 1128***

ਇਹ ਬ੍ਰਹਮ ਵਿਚ ਲੀਨਤਾ ਪ੍ਰਾਪਤ ਕਰਕੇ ਬ੍ਰਹਮਗਿਆਨ ਦਾ ਉਪਦੇਸ਼ ਦੇਣ ਵਾਲਾ ਵੀ ਹੈ। ਇਸ ਕਰਕੇ ਇਹ ਖਾਲਸਾ ਹੈ। ਹੁਣ ਤੁਸੀਂ ਦੱਸੋ ਕਿ ਇਹ ਪ੍ਰੇਮੀ ਕਿਸ ਤਰ੍ਹਾਂ ਨਾਲ ਨੀਚੀ ਜਾਤ ਦੇ ਹਨ। ਜੇਕਰ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਦੇ ਹੋ ਤੇ ਆਪ ਨੇ ਅੰਮ੍ਰਿਤ ਵੀ ਛਕਿਆ ਹੈ, ਫੇਰ ਤੇ ਅਸੀਂ ਉਨ੍ਹਾਂ ਸਾਰਿਆਂ ਭਗਤਾਂ ਨੂੰ ਉਚਾ ਦਰਜਾ ਦਿੰਦੇ ਹਾਂ ਕਿਉਂਕਿ ਉਹ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਸਮਾਏ ਹੋਏ ਹਨ ਅਤੇ ਅਸੀਂ ਸ਼ਰਧਾ ਨਾਲ ਨਮਸਕਾਰ ਕਰਦੇ ਹਾਂ।

ਬਾਬਾ ਜੀ ਦੇ ਇਹ ਪ੍ਰਵਚਨ ਸੁਣ ਕੇ ਸਾਰੇ ਆਪਣੇ ਕੀਤੇ ਉਤੇ ਪਛਤਾਵਾ ਕਰ ਰਹੇ ਸਨ ਕਿ ਸਾਨੂੰ ਤਾਂ ਇਨ੍ਹਾਂ ਗੱਲਾਂ ਦਾ ਪਤਾ ਵੀ ਨਹੀਂ ਸੀ ਜੋ ਇਨ੍ਹਾਂ ਨੇ ਸਾਨੂੰ ਦੱਸੀਆਂ ਹਨ। ਸਭ ਦੀਆਂ ਅੱਖਾਂ ਵਿਚ ਪਛਤਾਵੇ ਦੇ ਅੱਥਰੂ ਸਨ ਤੇ ਸਾਰੇ ਹੱਥ ਜੋੜ ਕੇ ਖੜ੍ਹੇ ਹੋ ਗਏ ਤੇ ਕਹਿਣ ਲੱਗੇ ਕਿ ਗੁਰਮੁਖ ਪਿਆਰਿਓ! ਸਾਨੂੰ ਮਾਫ ਕਰ ਦਿਓ, ਸਾਥੋਂ ਭੁੱਲ ਹੋ ਗਈ ਕਿ ਅਸੀਂ ਤੁਹਾਡੇ ਵਾਸਤੇ ਇਹੋ ਜਿਹੇ ਲਫਜ਼ ਕਹੇ। ਅਸੀਂ ਉਹ ਲਫਜ਼ ਵਾਪਸ ਲੈਂਦੇ ਹਾਂ ਅਤੇ ਅੱਗੇ ਵਾਸਤੇ ਤੁਸੀਂ ਜਿਸ ਤਰ੍ਹਾਂ ਸਾਨੂੰ ਹੁਕਮ ਕਰੋਗੇ ਅਸੀਂ ਉਸੇ ਤਰ੍ਹਾਂ ਕਰਾਂਗੇ। ਬਾਬਾ ਜੀ ਕਹਿਣ ਲੱਗੇ, ਠੀਕ ਹੈ ਜੇਕਰ ਤੁਹਾਨੂੰ

ਗਲਤੀ ਦਾ ਅਹਿਸਾਸ ਹੋ ਗਿਆ ਹੈ ਤਾਂ ਮੈਨੂੰ ਖੁਸ਼ੀ ਹੈ ਕਿ ਤੁਹਾਨੂੰ ਗੱਲ ਸਮਝ ਵਿਚ ਆ ਗਈ। ਹੁਣ ਮੈਂ ਤਾਂ ਮੰਨਾਂਗਾ ਜੇਕਰ ਤੁਸੀਂ ਕੜਾਹ ਪ੍ਰਸ਼ਾਦ ਇਨ੍ਹਾਂ ਗੁਰਸਿੱਖਾਂ ਦੇ ਹੱਥੋਂ ਲਵੋਗੇ। ਇਹ ਸਾਰੇ ਸਿੰਘ ਸੰਗਤ ਨੂੰ ਕੜਾਹ ਪ੍ਰਸ਼ਾਦ ਵਰਤਾਉਣ ਦੀ ਸੇਵਾ ਕਰਨਗੇ। ਸਾਰੇ ਕਹਿਣ ਲੱਗੇ ਠੀਕ ਹੈ। ਸਿੰਘਾਂ ਨੇ ਹੱਥ ਧੋ ਕੇ ਕੜਾਹ ਪ੍ਰਸ਼ਾਦ ਵਰਤਾਇਆ ਤੇ ਇਸ ਤਰ੍ਹਾਂ ਪ੍ਰੈਕਟੀਕਲ ਤੌਰ ਤੇ ਸਾਰਿਆਂ ਅੱਗੇ ਇਕ ਮਿਸਾਲ ਪੇਸ਼ ਕਰਕੇ ਸਭ ਨੂੰ ਇਕੱਠੇ ਕਰ ਦਿਤਾ ਤੇ ਜਾਤ ਪਾਤ ਦਾ ਵਿਤਕਰਾ ਦੂਰ ਕੀਤਾ।

ਸਿੰਧ ਦੇ ਇਲਾਕੇ ਵਿਚ 30 ਮੀਲ ਦੇ ਘੇਰੇ ਵਿਚ ਅਖੰਡਪਾਠਾਂ ਰਾਹੀਂ, ਕੀਰਤਨ ਵਖਿਆਨਾਂ ਰਾਹੀਂ, ਆਸਾ ਜੀ ਦੀ ਵਾਰ ਦੇ ਕੀਰਤਨ ਰਾਹੀਂ ਆਪ ਨੇ ਗੁਰਸਿੱਖੀ ਪ੍ਰਤੀ ਜਾਗਰੂਪ ਕਰ ਦਿਤਾ। ਭਾਵੇਂ ਆਪ ਗੁਰਮਤਿ ਪ੍ਰਚਾਰ ਦਾ ਕੰਮ ਪੂਰੇ ਜ਼ੋਰ ਸ਼ੋਰ ਨਾਲ ਕਰ ਰਹੇ ਸਨ ਪ੍ਰੰਤੂ ਆਪ ਨੇ ਭਗਤੀ ਵਿਚ, ਨਾਮ ਸਿਮਰਨ ਵਿਚ ਅਤੇ ਸ੍ਵੈਸਰੂਪ ਵਿਚ ਲੀਨ ਹੋ ਕੇ ਆਤਮ ਰਸ ਪ੍ਰਾਪਤ ਕਰਨ ਵਿਚ ਕੋਈ ਵਿਘਨ ਨਹੀਂ ਪੈਣ ਦਿਤਾ। ਗੋਠ ਚੰਦਾ ਸਿੰਘ ਦੇ ਲਾਗੇ ਕਰੀਰਾਂ ਦੀ ਝਿੜੀ ਸੀ। ਆਪ ਜੀ ਸਵੇਰੇ ਸਵੱਖਤੇ ਅਤੇ ਸ਼ਾਮ ਦੇ ਵਕਤ ਉਥੇ ਬੈਠੇ ਰਹਿੰਦੇ ਤੇ ਜ਼ਿਆਦਾ ਸਮਾਂ ਉਥੇ ਇਕਾਂਤ ਵਿਚ ਗੁਜ਼ਾਰਦੇ। ਇਸ ਝਿੜੀ ਵਿਚ ਬਹੁਤ ਸੱਪ ਰਹਿੰਦੇ ਸਨ। ਆਪ ਜੀ ਦੱਸਿਆ ਕਰਦੇ ਕਿ ਕਈ ਦਫਾ ਜਦੋਂ ਬੈਠਣ ਲਗਣਾ ਤਾਂ ਸੱਪ ਲੱਤਾਂ ਦੇ ਹੇਠੋਂ ਦੀ ਲੰਘ ਜਾਂਦੇ ਪਰ ਅਸੀਂ ਡਰਦੇ ਨਹੀਂ ਸੀ। ਬੀਬੀ ਪਿਆਰ ਕੌਰ ਜੋ ਨਿੱਕੀ ਭੈਣ ਸੀ, ਆਪ ਨੂੰ ਬਹੁਤ ਪਿਆਰ ਕਰਦੀ। ਉਸ ਨੂੰ ਪਤਾ ਲਗ ਜਾਂਦਾ ਕਿ ਅੱਜ ਵੀਰ ਨੇ ਕਿਥੇ ਬੈਠਣਾ ਹੈ, ਸਵੇਰੇ ਸਵੇਰੇ ਜਾ ਕੇ ਉਥੇ ਝਾੜੂ ਨਾਲ ਕਰੀਰਾਂ ਦੇ ਦਰਖਤਾਂ ਹੇਠ ਸਫਾਈ ਕਰ ਆਉਂਦੀ। ਬਾਬਾ ਜੀ ਨੇ ਦੇਖਣਾ, ਥਾਂ ਬਹੁਤ ਸਾਫ ਸੁਥਰਾ ਹੁੰਦਾ ਹੈ, ਪਤਾ ਨਹੀਂ ਕੌਣ ਕਰ ਜਾਂਦਾ ਹੈ ਤਾਂ ਬਾਅਦ ਵਿਚ ਮਾਤਾ ਸੁੱਖ ਕੌਰ ਨੇ ਦੱਸਿਆ ਕਿ ਬੇਟਾ! ਤੇਰੀ ਨਿੱਕੀ ਭੈਣ ਕਰਕੇ ਆਇਆ ਕਰਦੀ ਹੈ, ਉਸ ਨੂੰ ਫਿਕਰ ਰਹਿੰਦਾ ਹੈ ਕਿ ਵੀਰ ਨੂੰ ਸਮਾਧੀ ਵਿਚ ਬੈਠੇ ਨੂੰ ਕੋਈ ਕੀੜਾ ਮਕੌੜਾ, ਸੱਪ-ਸਪੋਲੀਆਂ ਨਾ ਲੜ ਜਾਵੇ। ਸੋ ਇਸ ਤਰ੍ਹਾਂ ਨਿਰੰਤਰ ਆਪ ਬਹੁਤਾ ਸਮਾਂ ਨਾਮ ਸਿਮਰਨ ਵਿਚ ਗੁਜ਼ਾਰਦੇ ਸੀ। ਬਾਪੂ ਚੰਦਾ ਸਿੰਘ ਤੇ ਮਾਤਾ ਸੁੱਖ ਕੌਰ ਰੋਕਦੇ ਰਹਿੰਦੇ ਸਨ ਕਿ ਬੇਟਾ! ਕਰੀਰਾਂ ਵਿਚ ਨਾ ਬੈਠਿਆ ਕਰੋ। ਬਾਹਰ ਵਾਰ ਸਾਫ ਸੁਥਰੇ ਥਾਂ ਤੇ ਬੈਠ ਕੇ ਭਜਨ ਕਰ ਲਿਆ ਕਰੋ। ਉਨ੍ਹਾਂ ਨੇ ਇਕ ਪੰਜ ਛੇ ਫੁੱਟ ਉਚਾ ਥੜ੍ਹਾ ਬਾਬਾ ਜੀ ਦੇ ਕਹਿਣ ਕਰਕੇ ਬਣਵਾ ਦਿਤਾ। ਬਾਬਾ ਜੀ ਨੇ ਕਿਹਾ, ਮੈਂ ਇਸ ਥੜ੍ਹੇ ਤੇ ਬੈਠ ਕੇ ਭਜਨ ਕਰ ਲਿਆ ਕਰਾਂਗਾ। ਇਥੇ ਨੇੜੇ ਤੇੜੇ ਕੋਈ ਵੀ ਆਉਂਦਾ ਜਾਂਦਾ ਨਹੀਂ ਸੀ। ਆਪ ਨੇ ਬੈਠੇ ਰਹਿਣਾ ਤੇ ਜਦੋਂ ਧੁੱਪ ਪੈ ਜਾਣੀ ਤਾਂ ਬਾਪੂ ਚੰਦਾ ਸਿੰਘ ਨੇ ਬੁਲਾਉਣਾ ਕਿ ਬੇਟਾ! ਆ ਜਾਵੋ ਧੁੱਪ ਬਹੁਤ ਹੈ, ਕੁਝ ਛਕ ਲਵੋ ਫੇਰ ਠੰਢੇ ਹੋਏ ਬੈਠ ਜਾਣਾ। ਇਸ ਤਰ੍ਹਾਂ ਨਾਲ ਆਪ ਨੇ ਭਜਨ ਬੰਦਗੀ ਵਾਲਾ ਜੀਵਨ ਰੱਖਿਆ ਜੋ ਦੇਖਣ ਵਾਲਿਆਂ ਨੂੰ ਵੀ ਪ੍ਰੇਰਨਾ ਦਿੰਦਾ ਸੀ।

## ਇਕ ਸਾਧੂ ਦਾ ਆਉਣਾ

ਬੀਬੀ ਪਿਆਰ ਕੌਰ ਜੋ ਕਿ ਹੁਣ ਕਾਫੀ ਬਿਰਧ ਹਨ, ਇਥੇ ਮਹੀਨਾ ਕੁ ਪਹਿਲਾਂ ਰਤਵਾੜਾ ਸਾਹਿਬ ਆਏ ਸਨ ਤੇ ਉਨ੍ਹਾਂ ਨੇ ਮੈਨੂੰ ਦੱਸਿਆ ਸੀ ਕਿ ਬਾਬਾ ਜੀ ਨੂੰ ਭਗਤੀ ਕਰਦਿਆਂ ਦੇਖ ਕੇ ਇਕ ਬਉਰੀਆ ਸਾਧੂ ਵੀ ਥੜ੍ਹੇ ਦੇ ਨੇੜੇ ਆ ਕੇ ਬੈਠ ਗਿਆ ਤੇ ਉਹ ਵੀ ਸਮਾਧੀ ਲਾ ਕੇ ਬੈਠਾ ਰਹਿੰਦਾ ਸੀ। ਬਾਬਾ ਜੀ ਨਾਲ ਕਦੀ ਕਦੀ ਆਪਸੀ ਗੱਲਬਾਤ ਵੀ ਕਰਦਾ ਰਹਿੰਦਾ ਸੀ ਤੇ ਗੁਰਮਤਿ ਬਾਰੇ ਪੁਛਦਾ ਰਹਿੰਦਾ ਸੀ। ਬਾਬਾ ਜੀ ਉਸ ਨੂੰ ਵੀ ਪੁਛਦੇ ਤੇ ਉਹ ਬਾਬਾ ਜੀ ਤੇ ਸਵਾਲ ਕਰਦਾ ਤੇ ਬਾਬਾ ਜੀ ਉਤਰ ਦਿੰਦੇ ਰਹਿੰਦੇ ਸਨ। ਇਸ ਤਰ੍ਹਾਂ ਕਾਫੀ ਕਾਫੀ ਦੇਰ ਗਿਆਨ ਚਰਚਾ ਵੀ ਹੁੰਦੀ ਰਹਿੰਦੀ ਸੀ। ਬਾਬਾ ਜੀ ਉਸ ਸਾਧੂ ਨੂੰ ਸਮਝਾਉਂਦੇ ਰਹਿੰਦੇ ਸਨ ਕਿ ਤੁਸੀਂ ਦੇਵ ਪੂਜਾ ਕਰਦੇ ਹੋ ਤੇ ਅਸੀਂ ਨਿਰੰਕਾਰ ਦੀ ਪੂਜਾ ਕਰਦੇ ਹਾਂ ਜੋ ਕਿ ਗੁਰੂ ਦੇ ਦੱਸੇ ਉਪਦੇਸ਼ ਦੁਆਰਾ ਕੀਤੀ ਜਾਂਦੀ ਹੈ। ਤੁਹਾਡਾ ਕਰਮ ਕਾਂਡ ਦਾ ਰਸਤਾ ਹੈ ਤੇ ਸਾਡਾ ਸੁਰਤਿ ਸਬਦਿ ਮਾਰਗਿ ਹੈ। ਗੁਰਸਿੱਖ, ਗੁਰੂ ਦੇ ਹੁਕਮ ਵਿਚ ਜੀਵਨ ਬਤੀਤ ਕਰਕੇ ਜਦੋਂ ਇਹ ਸਰੀਰ ਛੱਡਦਾ ਹੈ ਤਾਂ ਨਿਰੰਕਾਰ ਦੇ ਦੇਸ਼ ਵਿਚ ਪਹੁੰਚਦਾ ਹੈ ਤੇ ਤੁਸੀਂ ਸਵਰਗ ਲੋਕ ਵਿਚ ਜਾਂਦੇ ਹੋ ਜਿਥੇ ਤੁਸੀਂ ਸਵਰਗ ਦਾ ਸੁਖ ਭੋਗਦੇ ਹੋ। ਜਦੋਂ ਤੁਹਾਡਾ ਸਵਰਗ ਦਾ ਸਮਾਂ ਖਤਮ ਹੋ ਜਾਂਦਾ ਹੈ ਤਾਂ ਤੁਹਾਨੂੰ ਫੇਰ ਧਰਤੀ ਤੇ ਆਉਣਾ ਪੈਂਦਾ ਹੈ। ਤੁਹਾਡੀ ਮੁਕਤੀ ਨਹੀਂ ਹੋ ਸਕਦੀ, ਮੁਕਤੀ ਕੇਵਲ ਗੁਰੂ ਦੁਆਰਾ ਹੀ ਹੁੰਦੀ ਹੈ। ਇਸ ਕਰਕੇ ਸਾਡਾ ਗੁਰਮਤਿ ਦਾ ਰਸਤਾ ਸਹਿਜ ਦਾ ਰਸਤਾ ਹੈ। ਇਸ ਵਿਚ ਗੁਰਸਿੱਖ ਆਪਣੀਆਂ ਗ੍ਰਿਹਸਤ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਾ, ਬੱਚੇ ਪਾਲਦਾ ਹੋਇਆ ਮੁਕਤ ਹੋ ਸਕਦਾ ਹੈ ਜਿਸ ਬਾਰੇ ਫੁਰਮਾਨ ਹੈ –

***ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥***
***ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥***

***ਪੰਨਾ – 522***

ਬਾਉਰੀਆ ਸਾਧੂ ਇਸ ਤਰ੍ਹਾਂ ਦੇ ਬਚਨ ਸੁਣ ਕੇ ਹੈਰਾਨ ਹੋ ਜਾਂਦਾ ਸੀ ਕਿ ਇਸ ਸਾਧਾਰਨ ਨੌਜਵਾਨ ਨੂੰ ਕਿੰਨੀ ਸੋਝੀ ਹੈ ਅਤੇ ਛੋਟੀ ਉਮਰ ਵਿਚ ਹੀ ਇਸ ਦੀ ਕਿੰਨੀ ਕਮਾਈ ਹੈ ਅਤੇ ਲਗਨ ਨਾਲ ਪ੍ਰਭੂ ਦੀ ਭਗਤੀ ਕਰ ਰਿਹਾ ਹੈ ਅਤੇ ਹੋਰਨਾਂ ਨੂੰ ਵੀ ਉਪਦੇਸ਼ ਦੇ ਕੇ ਗੁਰੂ ਦੇ ਲੜ ਲਾ ਰਿਹਾ ਹੈ। ਬਾਬਾ ਜੀ ਨੂੰ ਨਮਸਕਾਰ ਕਰਕੇ ਮੂੰਹੋਂ ਉਚਾਰਦਾ ਰਹਿੰਦਾ ਸੀ 'ਗੁਰੂ ਨਾਨਕ ਕੀ ਸਿੱਖੀ ਧੰਨ ਹੈ।'

## ਛੋਟੇ ਬਾਲਕ ਦਾ ਅਰੋਗ ਹੋਣਾ

ਇਥੇ ਇਕ ਇਹੋ ਜਿਹੀ ਘਟਨਾ ਦਾ ਜ਼ਿਕਰ ਹੈ ਜਿਸ ਦਾ ਸੰਬੰਧ ਕੇਵਲ ਗੁਰਬਾਣੀ ਉਤੇ ਪੂਰਨ ਸ਼ਰਧਾ ਅਤੇ ਭਰੋਸੇ ਨਾਲ ਹੈ। ਭੁਲੇਖੇ ਨਾਲ ਕੋਈ ਵੀ ਪ੍ਰੇਮੀ ਇਸ ਨੂੰ ਕਰਾਮਾਤ ਨਾਲ ਜੋੜਨ ਦੀ ਗਲਤੀ ਨਾ ਕਰੇ

ਕਿਉਂਕਿ ਨਾਮ ਜਪਣ ਵਾਲੇ ਗੁਰਮੁਖਾਂ ਵਿਚ ਤਾਂ ਸਹਿਜ ਸੁਭਾਇ ਹੀ ਰੂਹਾਨੀ ਸ਼ਕਤੀਆਂ ਹੁੰਦੀਆਂ ਹਨ।

ਗੁਰਮੁਖ ਪਿਆਰਿਆਂ ਨੂੰ ਕਰਾਮਾਤਾਂ ਦੀ ਦਾਤ ਵਾਹਿਗੁਰੂ ਜੀ ਨਾਲ ਜੁੜੇ ਰਹਿਣ ਕਰਕੇ ਸਹਿਜ ਸੁਭਾਅ ਹੀ ਪ੍ਰਾਪਤ ਹੋ ਜਾਇਆ ਕਰਦੀ ਹੈ। ਜੇਕਰ ਕਿਸੇ ਗਰੀਬ, ਮਜ਼ਲੂਮ, ਬੀਮਾਰ ਤੇ ਉਨ੍ਹਾਂ ਨੂੰ ਦਇਆ ਆ ਜਾਵੇ ਤਾਂ ਉਸ ਦਾ ਦੁਖ ਨਵਿਰਤ ਕਰ ਦਿਆ ਕਰਦੇ ਹਨ ਕਿਉਂਕਿ ਗੁਰਮੁਖ ਪਿਆਰਿਆਂ ਦਾ ਹਿਰਦਾ ਕੋਮਲ ਹੋਇਆ ਕਰਦਾ ਹੈ। ਉਹ ਆਪਣੇ ਸਰੀਰ ਤੇ ਕਸ਼ਟ ਝੱਲ ਕੇ ਵੀ ਦੂਜੇ ਦਾ ਦੁਖ ਦੂਰ ਕਰ ਦਿਆ ਕਰਦੇ ਹਨ।

ਮਾਤਾ ਸੁਖ ਕੌਰ ਦੇ ਨਜ਼ਦੀਕ ਪਰਿਵਾਰ ਵਿਚੋਂ ਕਿਸੇ ਦਾ ਬੱਚਾ, ਜੋ ਕਿ ਦੋ ਤਿੰਨ ਸਾਲ ਦਾ ਸੀ, ਬੀਮਾਰ ਰਹਿੰਦਾ ਸੀ। ਉਨ੍ਹਾਂ ਨੇ ਹਕੀਮਾਂ, ਡਾਕਟਰਾਂ ਤੋਂ ਬਥੇਰਾ ਇਲਾਜ ਕਰਵਾਇਆ ਪਰੰਤੂ ਬੱਚਾ ਦਿਨੋਂ ਦਿਨ ਸੁਕਦਾ ਜਾ ਰਿਹਾ ਸੀ। ਮਾਤਾ ਉਸ ਬੱਚੇ ਨੂੰ ਬਾਬਾ ਜੀ ਪਾਸ ਲੈ ਕੇ ਆਈ ਤੇ ਕਹਿਣ ਲੱਗੀ ਕਿ ਬੇਟਾ! ਇਸ ਬੱਚੇ ਤੇ ਕਿਰਪਾ ਦ੍ਰਿਸ਼ਟੀ ਕਰੋ, ਮਹਾਰਾਜ ਅੱਗੇ ਅਰਦਾਸ ਕਰੋ, ਸੁੰਨੇ ਘਰ ਦਾ ਇਹ ਇਕੋ ਇਕ ਚਿਰਾਗ ਹੈ। ਜੇਕਰ ਬੁਝ ਗਿਆ ਤਾਂ ਘਰ ਵਿਚ ਹਨ੍ਹੇਰ ਪੈ ਜਾਵੇਗਾ। ਬਾਬਾ ਜੀ ਇਸ ਮਾਤਾ ਨੂੰ ਆਪਣੀ ਮਾਂ ਵਾਂਗ ਹੀ ਪਿਆਰ ਕਰਦੇ ਸੀ, ਉਸ ਨੂੰ ਨਾਂਹ ਵਿਚ ਉਤਰ ਨਹੀਂ ਸੀ ਦੇਣਾ ਚਾਹੁੰਦੇ ਕਿਉਂਕਿ ਬੱਚੇ ਦੀ ਹਾਲਤ ਵੀ ਇਸ ਤਰ੍ਹਾਂ ਦੀ ਸੀ ਕਿ ਹੱਡੀਆਂ ਦੀ ਮੁੱਠ ਬਣਿਆ ਹੋਇਆ ਸੀ। ਥੋੜ੍ਹੀ ਦੇਰ ਚੁਪ ਰਹੇ ਤੇ ਮਾਤਾ ਨੇ ਫੇਰ ਬੇਨਤੀ ਕੀਤੀ, ਪੁਤਰ! ਤੁਸੀਂ ਤਾਂ ਨੇਤਰ ਬੰਦ ਕਰ ਲਏ, ਇਸ ਨੂੰ ਜੀਵਨ ਬਖਸ਼ੋ। ਬਾਬਾ ਜੀ ਨੇ ਕਿਹਾ ਕਿ ਮਾਤਾ ਜੀ! ਜੀਵਨ ਤੇ ਮੌਤ ਤਾਂ ਵਾਹਿਗੁਰੂ ਦੇ ਹੱਥ ਹੈ, ਸਾਨੂੰ ਤਾਂ ਗੁਰਬਾਣੀ ਤੇ ਭਰੋਸਾ ਹੈ ਅਤੇ ਗੁਰਬਾਣੀ ਤੇ ਭਰੋਸਾ ਰੱਖ ਕੇ ਹੀ ਕਹਿ ਸਕਦੇ ਹਾਂ ਕਿ ਇਸ ਦੀ ਤੰਦਰੁਸਤੀ ਲਈ ਗੁਰਬਾਣੀ ਦਾ ਪਾਠ ਕਰਾਂਗੇ ਜੋ ਕਿ 48 ਘੰਟੇ ਇਕੋ ਚੌਂਕੜੀ ਵਿਚ, ਬਗੈਰ ਕੁਛ ਖਾਧੇ ਪੀਤੇ, ਬਗੈਰ ਕਿਸੇ ਕਿਰਿਆ ਆਦਿ ਕਰਨ ਤੋਂ ਕਰਨਾ ਪਵੇਗਾ। ਇਹ ਪਾਠ ਜਲ ਅੱਗੇ ਰੱਖ ਕੇ ਕਰਨਾ ਪਵੇਗਾ ਤੇ ਫੇਰ ਤੁਸੀਂ ਇਸ ਜਲ ਨਾਲ ਬੱਚੇ ਨੂੰ ਇਸ਼ਨਾਨ ਕਰਵਾ ਦੇਣਾ। ਮਹਾਰਾਜ ਤੇ ਭਰੋਸਾ ਰੱਖੋ, ਅਸੀਂ ਅਰਦਾਸ ਕਰਨੀ ਹੈ, ਜੀਵਨ ਉਸ ਨੇ ਬਖਸ਼ਣਾ ਹੈ ਪਰੰਤੂ ਭਰੋਸਾ ਪੂਰਨ ਤੇ ਸੌ ਫੀ ਸਦੀ ਹੋਣਾ ਚਾਹੀਦਾ ਹੈ। ਮਾਤਾ ਨੂੰ ਭਰੋਸਾ ਹੋਇਆ ਤੇ ਆਪ ਕਹਿਣ ਲੱਗੇ, ਮਾਤਾ ਜੀ! ਇਕ ਬਾਲਟੀ ਪਾਣੀ ਦੀ ਇਥੇ ਰੱਖ ਜਾਇਓ। ਕਲ੍ਹ ਸਵੇਰੇ ਮੈਂ ਪਾਠ ਤੇ ਬੈਠਾਂਗਾ ਤੇ ਪਰਸੋਂ ਸਵੇਰ ਤਕ 24 ਘੰਟੇ ਤੇ ਚੌਥੀ ਸਵੇਰੇ 8 ਵਜੇ ਤਕ 48 ਘੰਟੇ ਹੋ ਜਾਣਗੇ ਤੇ ਤੁਸੀਂ ਉਸ ਵੇਲੇ ਆ ਜਾਇਓ। ਬਾਬਾ ਜੀ ਅਰਦਾਸ ਕਰਕੇ ਬਗੈਰ ਕੁਝ ਖਾਧੇ ਪੀਤੇ ਚੌਂਕੜਾ ਮਾਰ ਕੇ ਆਪਣੇ ਕਮਰੇ ਵਿਚ ਬੈਠ ਗਏ ਤੇ ਅੰਦਰੋਂ ਕੁੰਡਾ ਬੰਦ ਕਰ ਲਿਆ। ਮਾਤਾ ਜੀ ਨੂੰ ਕਹਿ ਦਿਤਾ ਕਿ ਬਾਹਰ ਕਿਸੇ ਨੂੰ ਪਹਿਰੇ ਤੇ ਬਿਠਾ ਦਿਓ ਕਿ ਕੋਈ ਵੀ ਕੁੰਡਾ ਨਾ ਖੜਕਾਵੇ, ਨਾ ਆਵਾਜ਼ ਮਾਰੇ ਤੇ

ਨਾ ਹੀ ਬਿਰਤੀ ਤੋੜੇ।

ਪੂਰੇ 48 ਘੰਟੇ ਆਪ ਗੁਰਬਾਣੀ ਦਾ ਪਾਠ ਕਰਦੇ ਰਹੇ। 48 ਘੰਟੇ ਤੋਂ ਮਾਤਾ ਬਾਹਰ ਖੜ੍ਹੀ ਇੰਤਜ਼ਾਰ ਕਰ ਰਹੀ ਸੀ ਕਿ ਕਦੋਂ ਬਾਬਾ ਜੀ ਬਾਹਰ ਆਉਣ ਤੇ ਬੱਚਾ ਅਰੋਗ ਹੋ ਜਾਵੇ। ਬਾਬਾ ਜੀ ਨੇ ਪਾਠ ਦੀ ਸਮਾਪਤੀ ਪਿਛੋਂ ਅਰਦਾਸ ਕੀਤੀ ਤੇ ਮਾਤਾ ਨੂੰ ਕਿਹਾ ਕਿ ਇਹ ਪਾਣੀ ਦੀ ਬਾਲਟੀ ਲੈ ਜਾਵੋ ਤੇ ਖੇਤ ਵਿਚ ਜਾ ਕੇ ਕਪਾਹ ਦੀ ਛਟੀ ਹੇਠ ਇਸ ਜਲ ਨਾਲ ਬੱਚੇ ਦਾ ਇਸ਼ਨਾਨ ਕਰਵਾ ਦਿਉ। ਜੇਕਰ ਤਾਂ ਇਸ਼ਨਾਨ ਕਰਾਉਣ ਪਿਛੋਂ ਕਪਾਹ ਦਾ ਬੂਟਾ ਮੁਰਝਾਉਣਾ ਸ਼ੁਰੂ ਹੋ ਗਿਆ ਤਾਂ ਸਮਝ ਲੈਣਾ ਕਿ ਤੁਹਾਡਾ ਬੱਚਾ ਹੁਣ ਠੀਕ ਹੋ ਜਾਵੇਗਾ। ਸੋ ਇਸੇ ਤਰ੍ਹਾਂ ਹੋਇਆ, ਇਸ਼ਨਾਨ ਕਰਾਉਣ ਤੋਂ ਕੁਝ ਦੇਰ ਬਾਅਦ ਹੀ ਕਪਾਹ ਦੇ ਬੂਟੇ ਦੇ ਪੱਤੇ ਮੁਰਝਾਉਣੇ ਸ਼ੁਰੂ ਹੋ ਗਏ ਤੇ ਫਿਰ ਉਹ ਬੂਟਾ ਸੁੱਕ ਗਿਆ ਤੇ ਬੱਚਾ ਰਾਜ਼ੀ ਹੋ ਗਿਆ।

ਕਈ ਪ੍ਰੇਮੀਆਂ ਨੂੰ ਇਸ ਬਾਰੇ ਸੰਸਾ ਹੋ ਜਾਂਦਾ ਹੈ ਕਿ ਇਸ ਤਰ੍ਹਾਂ ਵੀ ਹੋ ਜਾਂਦਾ ਹੈ? ਸਾਨੂੰ ਸਾਰਿਆਂ ਨੂੰ ਚੰਗੀ ਤਰ੍ਹਾਂ ਗਿਆਤ ਹੈ ਕਿ ਪੰਜ ਪਿਆਰੇ ਜਦੋਂ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਅੰਮ੍ਰਿਤ ਤਿਆਰ ਕਰਦੇ ਹਨ, ਅੰਮ੍ਰਿਤ ਤਿਆਰ ਕਰਦੇ ਹੋਏ ਜਦੋਂ ਬਾਣੀ ਪੜ੍ਹਦੇ ਹਨ, ਉਨ੍ਹਾਂ ਦੀ ਨਜ਼ਰ ਉਸ ਜਲ ਉਤੇ ਹੋਇਆ ਕਰਦੀ ਹੈ। ਪੰਜਾਂ ਬਾਣੀਆਂ ਦਾ ਅਸਰ ਤੇ ਤੇਜ ਉਸ ਜਲ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਠੀਕ ਇਸੇ ਤਰ੍ਹਾਂ ਜਦੋਂ ਇਕਾਗਰ ਚਿਤ ਹੋ ਕੇ ਬਾਣੀ ਦਾ ਪਾਠ, ਜਲ ਉਤੇ ਨਿਗਾਹ ਟਿਕਾਅ ਕੇ ਕੀਤਾ ਜਾਂਦਾ ਹੈ ਤਾਂ ਬਾਣੀ ਦੀ ਸ਼ਕਤੀ ਜਲ ਵਿਚ ਪ੍ਰਵੇਸ਼ ਕਰ ਜਾਂਦੀ ਹੈ। ਗੁਰਬਾਣੀ ਨਾਮ ਰੂਪ ਹੈ। ਜਦੋਂ ਇਹ ਨਾਮ ਰੂਪ ਸ਼ਕਤੀ, ਜਲ ਵਿਚ ਆ ਗਈ ਤਾਂ ਉਹ ਅਉਖਧ ਬਣ ਜਾਂਦੀ ਹੈ।

***ਸਰਬ ਰੋਗ ਕਾ ਅਉਖਦੁ ਨਾਮੁ ॥***
***ਕਲਿਆਣ ਰੂਪ ਮੰਗਲ ਗੁਣ ਗਾਮ ॥*** ***ਪੰਨਾ - 274***

ਬਾਬਾ ਜੀ ਦੇ ਆਦੇਸ਼ ਅਨੁਸਾਰ ਜਲ ਨਾਲ ਬੱਚੇ ਨੂੰ ਇਸ਼ਨਾਨ ਕਰਵਾ ਦਿਤਾ ਗਿਆ ਅਤੇ ਬੱਚਾ ਕੁਝ ਦਿਨਾਂ ਵਿਚ ਹੀ ਨੌ-ਬਰ-ਨੌ ਹੋ ਗਿਆ। ਮਾਤਾ ਖੁਸ਼ੀ ਖੁਸ਼ੀ ਬੱਚੇ ਨੂੰ ਬਾਬਾ ਜੀ ਪਾਸ ਲੈ ਕੇ ਆਈ। ਹੁਣ ਬਾਬਾ ਜੀ ਨੇ ਮਾਤਾ ਨੂੰ ਕਿਹਾ ਕਿ ਮਾਤਾ! ਬੱਚਾ ਤਾਂ ਤੇਰਾ ਠੀਕ ਹੋ ਗਿਆ, ਹੁਣ ਤੁਹਾਨੂੰ ਇਕ ਬਚਨ ਦੇਣਾ ਪਵੇਗਾ। ਜੋ ਮੈਂ ਕਹਾਂਗਾ, ਕੀ ਤੁਸੀਂ ਮੰਨੋਗੇ? ਕਹਿਣ ਲੱਗੇ, ਹਾਂ ਬੇਟਾ ਜੀ! ਜਰੂਰ ਮੰਨਾਂਗੀ। ਬਾਬਾ ਜੀ ਨੇ ਕਿਹਾ ਕਿ ਪਹਿਲੀ ਗਲ ਤਾਂ ਇਹ ਹੈ ਕਿ ਇਸ ਬਾਰੇ ਕਿਸੇ ਨੂੰ ਦੱਸਣਾ ਨਹੀਂ ਕਿ ਇਹ ਬੱਚਾ ਕਿਥੋਂ ਠੀਕ ਹੋਇਆ ਹੈ ਅਤੇ ਮੇਰੇ ਬਾਰੇ ਕਿਸੇ ਨਾਲ ਵੀ ਗਲ ਨਹੀਂ ਕਰਨੀ। ਦੂਸਰੀ ਗੱਲ ਇਹ ਕਿ ਜੇਕਰ ਤੁਸੀਂ ਇਹ ਗੱਲ ਕਿਸੇ ਕੋਲ ਪ੍ਰਗਟ ਕੀਤੀ ਤਾਂ ਤੁਹਾਡਾ ਬੱਚਾ ਫਿਰ ਬਿਮਾਰ ਹੋ ਜਾਵੇਗਾ। ਮਾਤਾ ਕਹਿਣ ਲੱਗੀ ਕਿ ਮੈਂ ਬਚਨ ਦਿੰਦੀ ਹਾਂ। ਮਹਾਂਪੁਰਸ਼ ਕਦੀ ਵੀ ਆਪਣੇ ਆਪ ਨੂੰ ਜਣਾਇਆ ਨਹੀਂ ਕਰਦੇ। ਆਪ ਨਹੀਂ ਚਾਹੁੰਦੇ ਸਨ ਕਿ ਐਵੇਂ ਲੋਕ ਉਨ੍ਹਾਂ ਦੀ ਵਾਹਵਾ ਕਰਨ। ਦੂਸਰੇ, ਦੁਨੀਆਂ ਭਰ ਦੇ ਬਿਮਾਰ ਤੇ ਰੋਗੀ ਲਾਈਨਾਂ ਲਾ ਕੇ ਖੜ੍ਹੇ

ਹੋ ਜਾਣਗੇ। ਸੰਸਾਰ ਨੂੰ ਨਾਮ ਜਪਣ ਨਾਲ, ਭਜਨ ਬੰਦਗੀ ਨਾਲ ਕੋਈ ਸਰੋਕਾਰ ਨਹੀਂ ਹੁੰਦਾ, ਕੋਈ ਮਤਲਬ ਨਹੀਂ ਹੁੰਦਾ, ਉਹਨਾਂ ਦਾ ਤਾਂ ਕੰਮ ਸਰਨਾ ਚਾਹੀਦਾ ਹੈ। ਬਾਬਾ ਜੀ ਇਹ ਬਚਨ ਬਹੁਤ ਵਾਰ ਕਰਿਆ ਕਰਦੇ ਸੀ ਅਤੇ ਦੱਸਿਆ ਕਰਦੇ ਸੀ ਕਿ ਮੈਂ ਗੁਰੂ ਗਰੰਥ ਸਾਹਿਬ ਅੱਗੇ ਖੜ੍ਹੇ ਹੋ ਕੇ ਅਰਦਾਸ ਕੀਤੀ ਕਿ ਹੇ ਮਹਾਰਾਜ! ਆਪ ਜੀ ਦੀ ਕਾਮਧੇਨ ਰੂਪ ਸਰਬ ਸ੍ਰੇਸ਼ਟ ਬਾਣੀ ਪੜ੍ਹਕੇ ਜੋ ਸ਼ਕਤੀ ਪ੍ਰਾਪਤ ਹੋਈ ਹੈ ਜਿਸ ਨਾਲ ਬੱਚਾ ਠੀਕ ਹੋਇਆ ਹੈ, ਉਹ ਸ਼ਕਤੀ ਆਪ ਵਾਪਸ ਲੈਣ ਦੀ ਕ੍ਰਿਪਾਲਤਾ ਕਰੋ ਤੇ ਮੁੜ ਫੇਰ ਮੈਨੂੰ ਕਦੀ ਖਿਆਲ ਵੀ ਨਾ ਆਵੇ। ਜੇ ਕੋਈ ਖਿਆਲ ਪੈਦਾ ਹੋਵੇ ਤਾਂ ਆਪ ਦੇ ਸਿਮਰਨ ਭਜਨ ਦਾ ਹੋਵੇ। ਇਨ੍ਹਾਂ ਸ਼ਕਤੀਆਂ ਦਾ ਨਾ ਹੀ ਕੋਈ ਫੁਰਨਾ ਮੇਰੇ ਅੰਦਰ ਆਵੇ ਅਤੇ ਨਾ ਹੀ ਵਿਕਸ਼ੇਪਤਾ ਪੈਦਾ ਹੋਵੇ। ਇਸ ਦਾ ਕਾਰਨ ਇਹ ਹੈ ਕਿ ਗੁਰਮੁਖ ਪਿਆਰੇ ਕਿਸੇ ਤਰ੍ਹਾਂ ਦੀ ਵੀ ਰਿਧੀ ਸਿਧੀ ਨੂੰ ਸਵੀਕਾਰਨ ਤੋਂ ਸੰਕੋਚ ਕਰਿਆ ਕਰਦੇ ਹਨ ਅਤੇ ਐਸਾ ਹੀ ਗੁਰੂ ਮਹਾਰਾਜ ਜੀ ਦਾ ਫੁਰਮਾਨ ਵੀ ਹੈ -

***ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥***
***ਪੰਨਾ - 593***

ਜਿਥੇ ਰਿਧ ਸਿਧ ਆ ਜਾਵੇ, ਉਸ ਥਾਂ ਤੇ ਨਾਮ ਦਾ ਨਿਵਾਸ ਨਹੀਂ ਹੋਇਆ ਕਰਦਾ। ਇਸ ਕਰਕੇ ਨਾਮ ਜਪਣ ਵਾਲੇ, ਬੰਦਗੀ ਕਰਨ ਵਾਲੇ ਪ੍ਰੇਮੀ ਇਨ੍ਹਾਂ ਚੀਜ਼ਾਂ ਤੋਂ ਪਾਸੇ ਹੋ ਕੇ ਨਾਮ ਵਿਚ ਬਿਰਤੀ ਰੱਖਿਆ ਕਰਦੇ ਹਨ। ਆਪ ਨੇ ਗੁਰਬਾਣੀ ਤੇ ਭਰੋਸਾ ਰੱਖ ਕੇ ਉਸ ਮਾਤਾ ਨੂੰ ਦ੍ਰਿੜ੍ਹ ਕਰਵਾਇਆ ਕਿ ਗੁਰਬਾਣੀ ਬੇਅੰਤ ਸ਼ਕਤੀਆਂ ਦਾ ਭੰਡਾਰ ਹੈ ਪਰ ਗੁਰੂ ਮਹਾਰਾਜ ਜੀ ਨੇ ਗੁਰਸਿਖਾਂ ਨੂੰ ਵਿਵਰਜਿਤ ਕੀਤਾ ਹੈ ਕਿ ਜੇਕਰ ਕਿਸੇ ਵਿਚ ਸਹਿਜ ਸੁਭਾਇ ਸ਼ਕਤੀ ਆ ਵੀ ਜਾਏ ਤਾਂ ਉਸ ਨੂੰ ਜਰਨ ਦੀ ਸ਼ਕਤੀ ਰੱਖੇ ਜਾਂ ਫਿਰ ਇਹ ਸਭ ਕੁਝ ਗੁਰੂ ਦੇ ਅਰਪਨ ਕਰਕੇ ਆਪ ਨਿਵੇਕਲਾ ਹੋ ਜਾਵੇ ਜਿਸ ਤਰ੍ਹਾਂ ਕਿ ਬਾਬਾ ਜੀ ਨੇ ਛੋਟੀ ਉਮਰ ਵਿਚ ਹੀ ਇਸ ਤਰ੍ਹਾਂ ਕਰ ਦਿਖਾਇਆ ਸੀ, ਆਪਣੀਆਂ ਸਾਰੀਆਂ ਸ਼ਕਤੀਆਂ ਗੁਰੂ ਮਹਾਰਾਜ ਦੇ ਅਰਪਨ ਕਰ ਦਿਤੀਆਂ ਸਨ। ਇਹ ਗੁਰਮੁਖਾਂ ਦੀ ਕਿਰਿਆ ਹੋਇਆ ਕਰਦੀ ਹੈ। ਆਪਣੇ ਆਪ ਤੋਂ ਜੇ ਕੋਈ ਚਾਹੇ ਕਿ ਮੈਂ ਗੁਰਮੁਖ ਬਣ ਜਾਵਾਂ, ਇਸ ਤਰ੍ਹਾਂ ਨਹੀਂ ਹੋ ਸਕਿਆ ਕਰਦਾ ਕਿਉਂਕਿ ਜਿਸ ਨੂੰ ਵਾਹਿਗੁਰੂ ਬਣਾਵੇ, ਉਹ ਹੀ ਗੁਰਮੁਖ ਬਣ ਸਕਦਾ ਹੈ।

***ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ॥ ਪੰਨਾ - 920***

## ਨਾਮ ਬਾਣੀ ਦਾ ਪ੍ਰਚਾਰ

ਕੇਵਲ ਗੁਰਮੁਖ ਦੀ ਬਿਰਤੀ ਹੀ ਅਰੂੜ ਹੁੰਦੀ ਹੈ ਅਤੇ ਉਹ ਮਾਇਆ ਵਿਚ ਰਹਿੰਦਾ ਹੋਇਆ ਵੀ ਨਿਰਲੇਪ ਰਹਿੰਦਾ ਹੈ। ਠੀਕ ਇਸੇ ਤਰ੍ਹਾਂ ਨਾਲ ਬਾਬਾ ਜੀ ਵਿਚਰ ਰਹੇ ਸਨ। ਉਨ੍ਹਾਂ ਦੇ ਮਨ ਵਿਚ ਜ਼ਰਾ ਜਿੰਨੀ ਵੀ ਐਸੀ ਭਾਵਨਾ ਨਹੀਂ ਸੀ ਕਿ ਮੈਂ ਪਰਿਵਾਰ ਤੋਂ ਇੰਨੀ ਦੂਰ ਆ ਗਿਆ ਹਾਂ ਤੇ ਭਾਵੇਂ ਪਰਿਵਾਰ ਵਾਲੇ ਤਾਂ ਫਿਕਰ ਕਰਦੇ ਹੋਣਗੇ ਪਰ ਆਪ ਨੂੰ ਕੁਝ

ਹੋਰ ਫਿਕਰ ਸੀ ਕਿ ਮੈਂ ਜਿੰਨਾ ਚਿਰ ਇਥੇ ਆਇਆ ਹੋਇਆ ਹਾਂ, ਇਥੇ ਦੀ ਸੰਗਤ ਨੂੰ ਗੁਰੂ ਨਾਨਕ ਮਹਾਰਾਜ ਜੀ ਦੇ ਦਰ ਦੀ ਸੋਝੀ ਕਰਵਾ ਜਾਵਾਂ, ਇਨ੍ਹਾਂ ਨੂੰ ਗੁਰੂ ਗਰੰਥ ਸਾਹਿਬ ਦੇ ਲੜ ਲਾ ਜਾਵਾਂ ਤਾਂ ਕਿ ਇਹ ਹੋਰ ਥਾਵਾਂ ਤੇ ਭਟਕਦੇ ਨਾ ਫਿਰਨ, ਇਨ੍ਹਾਂ ਨੂੰ ਪਰਮਾਰਥ ਦੀ ਸਹੀ ਦਿਸ਼ਾ ਦਾ ਪਤਾ ਲਗ ਜਾਵੇ। ਇਕ ਵਾਰ ਇਸ ਰਾਹ ਤੇ ਪੈ ਗਏ, ਫੇਰ ਸਹਿਜੇ ਸਹਿਜੇ ਟੁਰਦੇ ਰਹਿਣਗੇ।

ਗੋਠ ਚੰਦਾ ਸਿੰਘ ਵਿਖੇ ਸੰਗਤ ਦਾ ਆਉਣਾ ਜਾਣਾ ਲਗਿਆ ਰਹਿੰਦਾ ਸੀ, ਆਪ ਗੁਰਮਤਿ ਅਨੁਸਾਰ ਸਾਰਿਆਂ ਨੂੰ ਸਹੀ ਸੇਧ ਦੇ ਕੇ ਮਾਰਗ ਦਰਸ਼ਨ ਕਰਵਾਉਂਦੇ ਰਹਿੰਦੇ ਸੀ। ਇਸ ਮਾਰਗ ਦਰਸ਼ਨ ਵਿਚ ਘਰੇਲੂ ਸਮੱਸਿਆਵਾਂ ਦਾ ਹੱਲ, ਜ਼ਮੀਨ, ਖੇਤੀ ਬਾੜੀ ਦੀਆਂ ਸਮੱਸਿਆਵਾਂ ਦਾ ਹੱਲ, ਆਰਥਿਕ ਤੇ ਸਮਾਜਿਕ ਸਮੱਸਿਆ ਆਦਿ ਦਾ ਹੱਲ ਦੱਸ ਕੇ ਸਭ ਨੂੰ ਪਿਆਰ ਨਾਲ ਤਸੱਲੀਬਖਸ਼ ਸੇਧ ਦੇ ਕੇ ਤੋਰਿਆ ਕਰਦੇ ਸੀ। ਇਸ ਅਪਣੱਤ ਭਰੇ ਵਰਤਾਅ ਕਾਰਨ ਸਾਰੇ ਆਪ ਨੂੰ ਪਿਆਰ ਕਰਦੇ ਸੀ। ਹਰ ਇਕ ਇਹ ਇਛਾ ਰੱਖਦਾ ਸੀ ਕਿ ਬਾਬਾ ਜੀ ਮੇਰੇ ਘਰ ਆਉਣ ਤੇ ਸਾਡੇ ਇਲਾਕੇ ਦਾ ਉਧਾਰ ਕਰਕੇ ਗੁਰੂ ਮਹਾਰਾਜ ਦੇ ਚਰਨਾਂ ਨਾਲ ਜੋੜਨ। ਇਸ ਮੰਤਵ ਨੂੰ ਮੁਖ ਰੱਖ ਕੇ ਕੁਝ ਪ੍ਰੇਮੀ ਨਵਾਬ ਸ਼ਾਹ ਅਤੇ ਲਾਗਲੇ ਇਲਾਕੇ ਦੇ ਪਿੰਡਾਂ ਤੋਂ ਪਹੁੰਚ ਗਏ ਜਿਨ੍ਹਾਂ ਵਿਚ ਸਰਦਾਰ ਰਾਜਾ ਸਿੰਘ, ਕਰਤਾਰ ਸਿੰਘ, ਸਰਦਾਰਾ ਸਿੰਘ, ਦਲੀਪ ਸਿੰਘ, ਪਿਆਰਾ ਸਿੰਘ ਤੇ ਹਜ਼ਾਰਾ ਸਿੰਘ, ਇਹ ਸਾਰੇ ਬਹੁਤ ਪਿਆਰ ਵਾਲੇ ਸਿੰਘ ਸ਼ਾਮਲ ਸਨ। ਸਰਦਾਰ ਚੰਦਾ ਸਿੰਘ ਨੂੰ ਕਹਿਣ ਲੱਗੇ ਕਿ ਬਾਪੂ ਜੀ! ਅਸੀਂ ਬਾਬਾ ਜੀ ਨੂੰ ਲੈਣ ਆਏ ਹਾਂ। ਉਨ੍ਹਾਂ ਨੇ ਉਤਰ ਦਿਤਾ ਕਿ ਜੇਕਰ ਤੁਹਾਡਾ ਪਿਆਰ ਹੈ ਤਾਂ ਤੁਸੀਂ ਇਥੇ ਇਨ੍ਹਾਂ ਕੋਲ ਰਹੋ ਤੇ ਇਨ੍ਹਾਂ ਨੂੰ ਲੈ ਕੇ ਜਾਣ ਲਈ ਕਿਉਂ ਕਹਿੰਦੇ ਹੋ? ਇਥੇ ਵੀ ਤਾਂ ਸੰਗਤ ਬਹੁਤ ਆਉਂਦੀ ਹੈ ਤੇ ਸਭ ਨੇ ਇਨ੍ਹਾਂ ਨੂੰ ਮਿਲ ਕੇ ਗਲਬਾਤ ਕਰਨੀ ਹੁੰਦੀ ਹੈ। ਸਾਰੇ ਜਣੇ ਸੁਣ ਕੇ ਚੁਪ ਹੋ ਗਏ ਤੇ ਸਲਾਹ ਕਰਕੇ ਕਹਿਣ ਲੱਗੇ, ਠੀਕ ਹੈ, ਅਸੀਂ ਇਥੇ ਹੀ ਰਹਾਂਗੇ; ਜਦੋਂ ਤੁਸੀਂ ਸਾਨੂੰ ਕਹੋਗੇ, ਉਦੋਂ ਹੀ ਜਾਵਾਂਗੇ। ਬਾਬਾ ਜੀ ਕਹਿਣ ਲੱਗੇ ਠੀਕ ਹੈ। ਜੇ ਤੁਸੀਂ ਇਥੇ ਰਹਿਣਾ ਹੈ ਤਾਂ ਸਾਰੇ ਜਣੇ ਇਕ ਇਕ ਅਖੰਡ ਪਾਠ ਕਰਵਾਉ। ਤੁਹਾਨੂੰ ਗੁਰਬਾਣੀ ਸੁਣਨ ਦਾ ਤੇ ਪੜ੍ਹਨ ਦਾ ਫਲ ਵੀ ਮਿਲੇਗਾ। ਸਾਰੇ ਇਕ ਜ਼ੁਬਾਨ ਵਿਚ ਕਹਿਣ ਲੱਗੇ, ਸਾਨੂੰ ਮੰਨਜ਼ੂਰ ਹੈ। ਪਾਠ ਕਰਵਾਉਣ ਲਈ ਬਾਬਾ ਜੀ ਪੰਜ ਸਿੰਘ ਲੈ ਕੇ ਆਏ ਤੇ ਅਖੰਡ ਪਾਠ ਸ਼ੁਰੂ ਹੋ ਗਏ ਤੇ 15 ਦਿਨ ਰੌਣਕਾਂ ਲਗੀਆਂ ਰਹੀਆਂ। ਜਦੋਂ ਨੇੜੇ ਤੇੜੇ ਦੇ ਪਿੰਡਾਂ ਵਿਚ ਪਤਾ ਲੱਗਾ ਤਾਂ ਬਹੁਤ ਸਾਰੀਆਂ ਸੰਗਤਾਂ ਦਾ ਇਕੱਠ ਹੋ ਗਿਆ। ਨਾਲ ਦੀ ਨਾਲ ਕਥਾ ਕੀਰਤਨ ਅਤੇ ਆਸਾ ਜੀ ਦੀ ਵਾਰ ਦਾ ਪਰਵਾਹ ਵੀ ਚਲਦਾ ਰਿਹਾ। ਜਦੋਂ ਸਾਰੀ ਸੰਗਤ ਇਕ ਇਕ ਕਰਕੇ ਜਾਣ ਲੱਗੀ ਤਾਂ ਇਹ ਪ੍ਰੇਮੀ ਵੀ ਹੱਥ ਜੋੜ ਕੇ ਖੜ੍ਹੇ ਹੋ ਗਏ, ਕਹਿਣ ਲੱਗੇ ਕਿ ਬਾਬਾ ਜੀ! ਹੁਣ ਅਸੀਂ ਤੁਹਾਡਾ ਹੁਕਮ ਮੰਨਿਆ ਹੈ ਤੇ ਤੁਸੀਂ ਵੀ ਕਿਰਪਾ ਕਰੋ, ਸਾਡੇ ਨਾਲ ਚਲੋ ਤੇ ਨਵਾਬ ਸ਼ਾਹ ਦੇ ਆਲੇ ਦੁਆਲੇ ਦੇ ਇਲਾਕੇ ਨੂੰ ਵੀ ਸੁਧਾਰੋ ਤਾਂ ਕਿ ਉਹ ਵੀ ਸਿਖੀ ਵਿਚ ਪਰਪੱਕ ਹੋ ਜਾਣ। ਬਾਬਾ

ਜੀ ਕਹਿਣ ਲੱਗੇ, ਠੀਕ ਹੈ, ਜਦੋਂ ਸਮਾਂ ਬਣਿਆਂ, ਮੈਂ ਜ਼ਰੂਰ ਆਵਾਂਗਾ ਕਿਉਂਕਿ ਮੈਂ ਤਾਂ ਗੁਰੂ ਦਾ ਚਾਕਰ ਹਾਂ, ਇਹ ਸੇਵਾ ਕਰਨਾ ਮੇਰਾ ਫਰਜ਼ ਹੈ ਤੇ ਹੁਣ ਤੁਸੀਂ ਆਪੋ ਆਪਣੇ ਘਰਾਂ ਨੂੰ ਜਾਵੋ ਤੇ ਜਿਹੜਾ ਪ੍ਰੇਮੀ ਇਥੇ ਰਹਿਣਾ ਚਾਹਵੇ, ਉਹ ਰਹਿ ਵੀ ਸਕਦਾ ਹੈ ਪਰ ਮੈਂ ਤੁਹਾਨੂੰ ਸਲਾਹ ਦਿੰਦਾ ਹਾਂ ਕਿ ਤੁਸੀਂ ਪਰਵਾਰ ਵਿਚ ਜਾਵੋ, ਜ਼ਮੀਨ ਦੀ ਵਾਹੀ, ਸਿੰਚਾਈ, ਕਟਾਈ, ਪਸ਼ੂਆਂ ਦੇ ਪੱਠੇ ਤੇ ਸੰਭਾਲ ਦਾ ਕੰਮ ਤੇ ਪਰਿਵਾਰ ਵਿਚ ਬੱਚਿਆਂ ਦੀ ਜ਼ਿੰਮੇਵਾਰੀ ਵੀ ਤੁਹਾਡੀ ਹੈ। ਸਾਰੇ ਜਣੇ ਇਕ ਜ਼ੁਬਾਨ ਹੋ ਕੇ ਕਹਿਣ ਲੱਗੇ ਕਿ ਅਸੀਂ ਤਾਂ ਸਾਰੇ ਇਥੇ ਹੀ ਰਹਾਂਗੇ; ਜਿਥੇ ਤੁਸੀਂ ਹੋ, ਉਥੇ ਹੀ ਅਸੀਂ ਰਹਿਣਾ ਚਾਹੁੰਦੇ ਹਾਂ। ਬਾਬਾ ਜੀ ਕਹਿਣ ਲੱਗੇ, ਸੁਣੋ ਪ੍ਰੇਮੀਓ! ਇਸ ਤਰ੍ਹਾਂ ਨਹੀਂ ਕਰਨਾ, ਤੁਸੀਂ ਸਾਰੇ ਜਣੇ ਮੇਰੀ ਗੱਲ ਧਿਆਨ ਨਾਲ ਸੁਣੋ।

ਜਿਹੜਾ ਗੁਰਸਿਖ ਹੁੰਦਾ ਹੈ, ਉਸ ਦਾ ਸਾਰਾ ਕੁਝ ਗੁਰੂ ਦਾ ਹੁੰਦਾ ਹੈ, ਅਤੇ ਜਿਹੜੀ ਚੀਜ਼ ਗੁਰੂ ਦੀ ਹੋਵੇ ਤਾਂ ਉਸ ਦੀ ਸੇਵਾ ਸੰਭਾਲ ਦਾ ਫਰਜ਼ ਵੀ ਗੁਰਸਿਖ ਦਾ ਹੀ ਹੁੰਦਾ ਹੈ। ਇਸ ਕਰਕੇ ਪਰਵਾਰ ਨੂੰ ਜ਼ਮੀਨ ਜਾਇਦਾਦ, ਡੰਗਰ ਪਸ਼ੂਆਂ ਨੂੰ, ਜੋ ਕੁਝ ਵੀ ਤੁਹਾਡੇ ਪਾਸ ਹੈ, ਉਸ ਨੂੰ ਗੁਰੂ ਦਾ ਸਮਝ ਕੇ ਸੇਵਾ ਕਰੋ ਤੇ ਆਪਣਾ ਫਰਜ਼ ਨਿਭਾਵੋ। ਇਸ ਤਰ੍ਹਾਂ ਦਾ ਜਦੋਂ ਤੁਹਾਡਾ ਵਰਤਾਰਾ ਹੋਵੇਗਾ ਤਾਂ ਇਹ ਸੇਵਾ ਵੀ ਗੁਰੂ ਨੂੰ ਪਰਵਾਨ ਹੁੰਦੀ ਹੈ। ਸੇਵਾ ਪਰਵਾਨ ਉਦੋਂ ਨਹੀਂ ਹੋਇਆ ਕਰਦੀ ਜਦੋਂ ਅਸੀਂ ਸਾਰਾ ਕੁਝ ਆਪਣਾ ਸਮਝ ਕੇ ਕਰਦੇ ਹਾਂ। ਇਸ ਕਰਕੇ ਜਦੋਂ ਨੁਕਸਾਨ ਹੋ ਜਾਵੇ, ਦੁਖੀ ਹੁੰਦੇ ਹਾਂ, ਲਾਭ ਹੋ ਜਾਵੇ ਤਾਂ ਖੁਸ਼ ਹੁੰਦੇ ਹਾਂ। ਪਰ ਜਦੋਂ ਗੁਰੂ ਦਾ ਸਮਝ ਕੇ ਕਰਾਂਗੇ, ਉਦੋਂ ਲਾਭ ਤੇ ਹਾਨ ਦੇ ਜ਼ਿੰਮੇਵਾਰ ਗੁਰੂ ਮਹਾਰਾਜ ਹੋ ਜਾਇਆ ਕਰਦੇ ਹਨ। ਬਾਕੀ ਰਹੀ ਦੂਰੀ ਦੀ ਗੱਲ, ਇਸ ਬਾਰੇ ਤੁਹਾਡਾ ਸ਼ੰਕਾ ਨਵਿਰਤ ਕਰਦੇ ਹਾਂ ਕਿ ਗੁਰੂ ਤੁਹਾਡੇ ਵਿਚ ਵੀ ਹੈ ਤੇ ਮੇਰੇ ਵਿਚ ਵੀ ਉਹੀ ਗੁਰੂ ਹੈ, ਫੇਰ ਦੂਰੀ ਕਿਵੇਂ ਹੋ ਸਕਦੀ ਹੈ? ਜਦੋਂ ਜੀਵਨ ਦਾ ਹਰ ਪਲ ਛਿੰਨ ਗੁਰੂ ਦੀ ਯਾਦ ਵਿਚ ਗੁਜ਼ਰਦਾ ਹੈ ਤਾਂ ਗੁਰੂ ਹਮੇਸ਼ਾ ਨਾਲ ਹੀ ਖੜ੍ਹਾ ਨਜ਼ਰ ਆਇਆ ਕਰਦਾ ਹੈ। ਗੁਰੂ ਮਹਾਰਾਜ ਦਾ ਫੁਰਮਾਨ ਹੈ –

***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥***
***ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ॥ ਪੰਨਾ – 394***

ਸੋ ਮੈਂ ਇਹ ਮੋਟੀ ਜਿਹੀ ਗੱਲ ਕੀਤੀ ਹੈ ਕਿ ਤੁਸੀਂ ਸਾਰੇ ਕਿਰਤੀ ਹੋ, ਕਰਮ ਕਰਨ ਵਾਲੇ ਜੱਟ ਜ਼ਿਮੀਂਦਾਰ ਹੋ, ਮਿਹਨਤ ਕਰਕੇ ਆਪਣਾ ਵੀ ਪੇਟ ਪਾਲਦੇ ਹੋ, ਬਾਲ ਬੱਚਿਆਂ ਦੀ ਸੇਵਾ ਕਰਦੇ ਹੋ ਤੇ ਨਾਲ ਦੀ ਨਾਲ ਸੰਸਾਰ ਨੂੰ ਵੀ ਪਾਲਦੇ ਹੋ। ਬੱਸ ਇੰਨਾਂ ਹੀ ਯਾਦ ਰੱਖਣਾ, ਗੁਰੂ ਦੀ ਹਾਜ਼ਰੀ ਹਰ ਵੇਲੇ ਮਹਿਸੂਸ ਕਰਦੇ ਰਹਿਣਾ। ਜਦੋਂ ਤੁਸੀਂ ਇਸ ਤਰ੍ਹਾਂ ਨਾਲ ਜੀਵਨ ਬਤੀਤ ਕਰੋਗੇ ਤਾਂ ਤੁਸੀਂ ਕਦੀ ਵੀ ਕਿਸੇ ਦਾ ਬੁਰਾ ਨਹੀਂ ਕਰੋਗੇ, ਨਾ ਹੀ ਹੱਥਾਂ ਨਾਲ ਕਿਸੇ ਦੀ ਚੋਰੀ ਕਰ ਸਕੋਗੇ, ਅੱਖਾਂ ਨਾਲ ਮਾੜਾ ਨਹੀਂ ਦੇਖ ਸਕੋਗੇ, ਕੰਨਾਂ ਨਾਲ ਕਿਸੇ ਦੀ ਨਿੰਦਿਆ ਨਹੀਂ ਸੁਣ ਸਕੋਗੇ, ਜਿਹਬਾ ਨਾਲ ਕਿਸੇ ਦੀ ਬੁਰਿਆਈ ਨਹੀਂ ਕਰ ਸਕੋਗੇ ਤੇ ਨਾ ਹੀ ਫਿਕਾ ਬੋਲ ਸਕੋਗੇ, ਕਿਉਂਕਿ

ਗੁਰੂ ਦੀ ਹਾਜ਼ਰੀ ਮਹਿਸੂਸ ਹੋ ਰਹੀ ਹੋਵੇਗੀ। ਤੁਹਾਡੇ ਵਾਸਤੇ ਇੰਨਾਂ ਹੀ ਸਬਕ ਬਹੁਤ ਹੈ, ਇਸ ਨੂੰ ਪੱਕਾ ਕਰ ਲਵੋ। ਬਹੁਤੀ ਬਰੀਕੀ ਦੀਆਂ ਤੇ ਸੂਖਸ਼ਮ ਗੱਲਾਂ ਤੁਹਾਡੇ ਸਮਝ ਵਿਚ ਨਹੀਂ ਆਉਣੀਆਂ ਕਿਉਂਕਿ ਇਸ ਵਾਸਤੇ ਭਜਨ ਸਿਮਰਨ ਸਾਧਨਾ ਕਰਨੀ ਪੈਂਦੀ ਹੈ ਜਿਸ ਦੇ ਲਈ ਤੁਹਾਡੇ ਕੋਲ ਸਮਾਂ ਨਹੀਂ ਹੈ। ਤੁਸੀਂ ਸਾਰਾ ਦਿਨ ਘਰ ਦੇ ਕੰਮਾਂ ਵਿਚ ਵਿਅਸਤ ਰਹਿ ਕੇ ਥੱਕ ਟੁੱਟ ਜਾਂਦੇ ਹੋ ਤੇ ਜਦੋਂ ਤੁਸੀਂ ਮੰਜੇ ਤੇ ਲੇਟਦੇ ਹੋ, ਨੀਂਦ ਰਾਣੀ ਝੱਟ ਹੀ ਝੂਟਾ ਦੇ ਕੇ ਸੁਆ ਦਿੰਦੀ ਹੈ। ਉਠਦਿਆਂ ਸਾਰ ਦੂਜੇ ਦਿਨ ਦੇ ਕੰਮ ਸਿਰ ਤੇ ਖੜ੍ਹੇ ਹੁੰਦੇ ਹਨ।

ਬਾਬਾ ਜੀ ਦੇ ਇਹ ਬਚਨ ਸੁਣ ਕੇ ਸਾਰਿਆਂ ਦੀ ਤਸੱਲੀ ਤਾਂ ਹੋ ਗਈ ਪਰ ਇਕ ਪ੍ਰੇਮੀ ਕੁਝ ਕਹਿੰਦਾ ਕਹਿੰਦਾ ਰੁਕ ਗਿਆ ਤੇ ਬਾਬਾ ਜੀ ਨੇ ਕਿਹਾ, ਭਾਈ ਕੀ ਸ਼ੰਕਾ ਹੈ? ਉਹ ਚੁਪ ਕਰ ਗਿਆ ਪਰੰਤੂ ਬਾਬਾ ਜੀ ਉਸ ਦੇ ਸਵਾਲ ਨੂੰ ਭਾਂਪ ਗਏ ਅਤੇ ਕਹਿਣ ਲੱਗੇ ਕਿ ਭਾਈ ਪ੍ਰੇਮੀਆਂ! ਤੇਰਾ ਸਵਾਲ ਮੇਰੇ ਅੰਦਰ ਆ ਵੱਜਾ ਹੈ। ਭਾਈ ਤੁਸੀਂ ਇਹੋ ਪੁਛਣਾ ਚਾਹੁੰਦੇ ਹੋ ਨਾ ਕਿ ਸਾਨੂੰ ਤਾਂ ਘਰ ਜਾਣ ਲਈ ਕਹਿ ਰਹੇ ਹਨ ਪਰ ਆਪ ਤਾਂ ਆਪਣੇ ਘਰ ਬਾਰ ਤੋਂ ਇਨੀ ਦੂਰ ਰਹਿ ਰਹੇ ਹਨ। ਉਹ ਕਹਿਣ ਲੱਗਿਆ ਕਿ ਹਾਂ ਜੀ, ਮੇਰੀ ਗੁਸਤਾਖੀ ਮਾਫ ਕਰਨਾ, ਮੈਨੂੰ ਤੁਹਾਡੇ ਵਰਗੇ ਗੁਰਮੁਖਾਂ ਤੇ ਇਹ ਸ਼ੰਕਾ ਨਹੀਂ ਸੀ ਕਰਨਾ ਚਾਹੀਦਾ। ਬਾਬਾ ਜੀ ਕਹਿਣ ਲੱਗੇ, ਨਹੀਂ, ਇਸ ਵਿਚ ਕੋਈ ਗੁਸਤਾਖੀ ਨਹੀਂ ਹੈ, ਜੇ ਸ਼ੰਕਾ ਹੋਵੇ ਤਾਂ ਪੁਛ ਲੈਣਾ ਚਾਹੀਦਾ ਹੈ ਨਹੀਂ ਤਾਂ ਮਨ ਵਿਚ ਸੰਸਾ ਪਿਆ ਰਹਿੰਦਾ ਹੈ। ਸਰਦਾਰ ਚੰਦਾ ਸਿੰਘ ਨੇ ਵੀ ਇਸ ਬਾਰੇ ਇਨ੍ਹਾਂ ਪ੍ਰੇਮੀਆਂ ਨੂੰ ਦੱਸਣਾ ਚਾਹਿਆ ਪਰ ਬਾਬਾ ਜੀ ਨੇ ਇਸ਼ਾਰਾ ਕਰਕੇ ਕਿਹਾ ਕਿ ਮੈਂ ਹੀ ਦੱਸਦਾ ਹਾਂ। ਬਾਬਾ ਜੀ ਕਹਿਣ ਲੱਗੇ, ਪ੍ਰੇਮੀਆਂ! ਦੋ ਤਰ੍ਹਾਂ ਦੇ ਮਨੁਖ ਹੁੰਦੇ ਹਨ - ਇਕ ਗੁਰਮੁਖ ਤੇ ਇਕ ਮਨਮੁਖ। ਮਨਮੁਖ ਤਾਂ ਆਪਣੇ ਮਨ ਦੀ ਮਰਜ਼ੀ ਕਰਦਾ ਹੈ ਅਤੇ ਆਪਣੀ ਮੱਤ ਅਨੁਸਾਰ ਚਲਦਾ ਹੈ ਪਰ ਗੁਰਮੁਖ ਜੋ ਹੈ ਉਹ ਗੁਰੂ ਦੀ ਮੱਤ ਅਨੁਸਾਰ ਚਲਦਾ ਹੈ ਕਿਉਂਕਿ ਉਸ ਨੂੰ ਇਸ ਮਾਰਗ ਤੇ ਚਲਦੇ ਚਲਦੇ ਸੋਝੀ ਪੈ ਜਾਂਦੀ ਹੈ ਕਿ ਜੋ ਕੁਝ ਵੀ ਹੋ ਰਿਹਾ ਹੈ ਉਹ ਗੁਰੂ ਦੀ ਮਰਜ਼ੀ ਅਨੁਸਾਰ ਹੋ ਰਿਹਾ ਹੈ, ਗੁਰੂ ਦੇ ਹੁਕਮ ਅਨੁਸਾਰ ਹੋ ਰਿਹਾ ਹੈ। ਪੂਰਨ ਮਹਾਂਪੁਰਸ਼ਾਂ ਦਾ ਮਿਲਾਪ ਹੋਣ ਕਰਕੇ ਉਸ ਨੂੰ ਗੁਰੂ ਦੇ ਹੁਕਮ ਦੀ ਪ੍ਰੇਰਨਾ ਦੀ ਸਮਝ ਪੈ ਜਾਂਦੀ ਹੈ। ਪਰੰਤੂ ਮਨਮੁਖਾਂ ਨੂੰ ਇਨ੍ਹਾਂ ਗੱਲਾਂ ਦਾ ਪਤਾ ਨਹੀਂ ਹੋਇਆ ਕਰਦਾ।

ਜਿਸ ਪਰਿਵਾਰ ਨਾਲ ਮੇਰਾ ਸੰਬੰਧ ਹੈ, ਉਹ ਪਰਿਵਾਰ ਵੀ ਨਾਮ ਜੱਪਣ ਵਾਲਾ ਹੈ, ਸਾਰੇ ਰਲ ਮਿਲ ਕੇ ਪਿਆਰ ਨਾਲ ਕਿਰਸਾਣੀ ਕਰਦੇ ਹਨ, ਪਰਿਵਾਰ ਦੇ ਸਾਰੇ ਮੈਂਬਰ ਯਥਾਸ਼ਕਤ ਘਰ ਦੇ ਕੰਮਾਂ ਵਿਚ ਆਪਣਾ ਯੋਗਦਾਨ ਪਾ ਰਹੇ ਹਨ। ਮੈਂ ਵੀ ਬਚਪਨ ਤੋਂ ਇਸੇ ਸਾਂਚੇ ਵਿਚ ਢਲਿਆ ਹੋਇਆ ਹਾਂ ਤੇ ਬਚਪਨ ਤੋਂ ਹੀ ਮੈਨੂੰ ਨਾਮ ਜਪਣ ਦਾ ਤੇ ਸੇਵਾ ਸਿਮਰਨ ਕਰਨ ਦਾ ਸ਼ੌਂਕ ਹੈ ਅਤੇ ਮੇਰਾ ਪਰਿਵਾਰ ਮੇਰੇ ਇਸ ਸ਼ੌਂਕ ਉਤੇ ਬਹੁਤ ਖੁਸ਼ ਤੇ ਮਿਹਰਬਾਨ ਹੈ।

ਜੇਕਰ ਮੈਂ ਕਿਧਰੇ 5-7 ਮਹੀਨੇ ਜਾਂ ਸਾਲ ਇਹ ਕੰਮ ਕਰਨ ਵਾਸਤੇ ਲਾਂਭੇ ਹੋ ਜਾਵਾਂ ਤਾਂ ਉਹਨਾਂ ਨੂੰ ਪਤਾ ਹੁੰਦਾ ਹੈ ਕਿ ਮੈਂ ਕੋਈ ਪਰਮਾਰਥ ਦਾ ਕੰਮ ਹੀ ਕਰ ਰਿਹਾ ਹੁੰਦਾ ਹਾਂ, ਇਸ ਕਰਕੇ ਘਰ ਵਿਚ ਮੇਰੀ ਗ਼ੈਰਹਾਜ਼ਰੀ ਹੁੰਦਿਆਂ ਹੋਇਆਂ ਵੀ ਕਮੀ ਮਹਿਸੂਸ ਨਹੀਂ ਹੁੰਦੀ। ਉਹ ਜਾਣਦੇ ਹਨ ਕਿ ਮੈਂ ਜਿਥੇ ਜਾਣਾ ਹੈ ਹਮੇਸ਼ਾ ਗੁਰੂ ਦੀ ਗੱਲ ਕਰਨੀ ਹੈ, ਟੁਟੇ ਹੋਇਆਂ ਨੂੰ ਗੁਰੂ ਨਾਲ ਹੀ ਜੋੜਨਾ ਹੈ। ਤੁਹਾਨੂੰ ਸੁਣ ਕੇ ਸ਼ਾਇਦ ਹੈਰਾਨੀ ਵੀ ਹੋਵੇਗੀ ਕਿ ਮੈਂ ਸ਼ਾਦੀਸ਼ੁਦਾ ਹਾਂ ਅਤੇ ਮੇਰੀ ਧਰਮ ਸੁਪਤਨੀ ਵੀ ਉਸ ਪਰਿਵਾਰ ਵਿਚ ਹੀ ਰਹਿੰਦੀ ਹੈ ਜੋ ਕਿ ਸਤੀ ਸਵਿਤਰੀ ਦੀ ਤਰ੍ਹਾਂ ਹੈ। ਉਹ ਵੀ ਗੁਰਮੁਖ ਪਰਿਵਾਰ ਵਿਚ ਜੰਮੀ ਪਲੀ ਹੈ ਅਤੇ ਉਸ ਦੇ ਪਿਤਾ ਸੰਤ ਹੀਰਾ ਸਿੰਘ ਜੀ ਪੂਰਨ ਬ੍ਰਹਮ ਗਿਆਨੀ ਮਹਾਂਪੁਰਸ਼ ਹਨ ਅਤੇ ਉਹਨਾਂ ਦੀ ਮਾਤਾ ਗੁਰਬਾਣੀ ਦਾ ਹਰ ਵੇਲੇ ਪਾਠ ਕਰਦੀ ਰਹਿੰਦੀ ਹੈ। ਐਸੀ ਗੁੜ੍ਹਤੀ ਮਿਲਣ ਕਰਕੇ ਉਹ ਸਾਡੇ ਪਰਿਵਾਰ ਵਿਚ ਇਕ ਮਿਕ ਹੋ ਗਈ ਹੈ ਅਤੇ ਉਸ ਨੂੰ ਵੀ ਕਦੀ ਮਹਿਸੂਸ ਨਹੀਂ ਹੋਇਆ ਕਿ ਮੈਂ ਇੰਨਾਂ-ਇੰਨਾਂ ਚਿਰ ਬਾਹਰ ਰਹਿੰਦਾ ਹਾਂ ਕਿਉਂਕਿ ਉਹ ਗੁਰੂ ਦੀ ਸੇਵਾ ਤੇ ਨਾਮ ਜਪਣ, ਜਪਾਉਣ ਦੀ ਮਹਿਮਾਂ ਤੋਂ ਭਲੀਭਾਂਤ ਵਾਕਫ ਹੈ ਅਤੇ ਉਨ੍ਹਾਂ ਨੇ ਕਦੀ ਵੀ ਮੇਰੇ ਨਾਲ ਸ਼ਿਕਵਾ ਸ਼ਕਾਇਤ ਨਹੀਂ ਕੀਤੀ ਸਗੋਂ ਉਤਸ਼ਾਹ ਦਿੰਦੀ ਹੈ ਕਿ ਤੁਸੀਂ ਹੋਰ ਨਾਮ ਜਪੋ, ਹੋਰ ਭਗਤੀ ਕਰੋ ਤੇ ਭੁਲੇ ਭਟਕਿਆਂ ਨੂੰ ਗੁਰੂ ਗਰੰਥ ਸਾਹਿਬ ਦੇ ਲੜ ਲਾਵੋ ਤਾਂ ਕਿ ਸਾਨੂੰ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਹੋਣ।

ਅਸਲ ਗੱਲ ਇਹ ਹੈ ਕਿ ਮੈਨੂੰ ਪੂਰਨ ਮਹਾਂਪੁਰਸ਼ ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ ਦਾ ਮਿਲਾਪ ਹੋ ਚੁਕਿਆ ਹੈ ਜਿਨ੍ਹਾਂ ਦੀ ਮਿਹਰ ਸਦਕਾ ਇਹ ਪਰਉਪਕਾਰ ਹੋ ਰਿਹਾ ਹੈ ਕਿਉਂਕਿ ਉਹ ਖੁਦ ਦਿਨ ਰਾਤ ਇਕ ਕਰਕੇ ਸੰਸਾਰ ਨੂੰ ਗੁਰਬਾਣੀ ਕੀਰਤਨ ਤੇ ਪ੍ਰਵਚਨਾਂ ਦੁਆਰਾ ਗੁਰੂ ਦੇ ਲੜ ਲਾ ਕੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ, ਗੁਰੂ ਦੇ ਜਹਾਜ਼ ਵਿਚ ਬਿਠਾ ਰਹੇ ਹਨ। ਉਹਨਾਂ ਤੋਂ ਹੀ ਮੈਨੂੰ ਇਹ ਪ੍ਰੇਰਨਾ ਮਿਲੀ ਹੈ। ਮੈਂ ਕੁਝ ਨਹੀਂ ਕਰ ਰਿਹਾ, ਸਭ ਕੁਝ ਉਹ ਆਪ ਹੀ ਕਰ ਰਹੇ ਹਨ। ਮੈਂ ਤਾਂ ਇਥੇ ਨਵਾਬਸ਼ਾਹ ਨੌਕਰੀ ਦੀ ਤਲਾਸ਼ ਵਿਚ ਆਇਆ ਸੀ, ਪਰ ਇਹ ਤਾਂ ਮਹਿਜ਼ ਇਕ ਬਹਾਨਾ ਸੀ। ਮੈਂ ਤੁਹਾਡੇ ਕੋਲ ਇਥੇ ਆਉਣਾ ਹੀ ਸੀ, ਮੈਨੂੰ ਪਤਾ ਲੱਗ ਗਿਆ ਸੀ ਕਿ ਗੁਰੂ ਮਹਾਰਾਜ ਜੀ ਨੇ ਇਸ ਸਰੀਰ ਤੋਂ ਇਹ ਕੰਮ ਕਰਵਾਉਣਾ ਹੈ ਸੋ ਇਸ ਕਰਕੇ ਇਸ ਹੁਕਮ ਤੇ ਪਰਉਪਕਾਰ ਵੱਸ ਹੋ ਕੇ ਮੈਂ ਘਰ ਤੋਂ ਇਨੀ ਦੂਰ ਤੁਹਾਡੀ ਸੇਵਾ ਵਿਚ ਆਇਆ ਹਾਂ। ਇਹ ਸੇਵਾ ਕਰਕੇ ਮੈਂ ਕੋਈ ਅਹਿਸਾਨ ਨਹੀਂ ਕਰ ਰਿਹਾ, ਮੈਂ ਤਾਂ ਕੇਵਲ ਗੁਰੂ ਦੇ ਹੁਕਮ ਨੂੰ ਕਮਾਉਣ ਦਾ ਯਤਨ ਕਰ ਰਿਹਾ ਹਾਂ ਕਿਉਂਕਿ ਇਸ ਵਿਚ ਮੇਰਾ ਵੀ ਹਿੱਤ ਹੈ। ਮੇਰਾ ਹਿਤ ਇਹ ਹੈ ਕਿ ਮੈਂ ਵੀ ਆਪਣਾ ਜਨਮ ਸਫਲ ਕਰਨਾ ਚਾਹੁੰਦਾ ਹਾਂ ਜਿਵੇਂ ਕਿ ਫੁਰਮਾਨ ਹੈ -

***ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ॥***
***ਨਾਮੁ ਪਦਾਰਥੁ ਪਾਈਐ ਅਚਿੰਤੁ ਵਸੈ ਮਨਿ ਆਇ॥***

*ਪੰਨਾ - 552*

ਸੋ ਇਸ ਕਰਕੇ ਮੈਂ ਤੁਹਾਡੇ ਵਿਚ ਵਿਚਰ ਰਿਹਾਂ ਤੇ ਜਦੋਂ ਹੁਕਮ ਹੋ ਗਿਆ ਮੈਂ ਇਥੋਂ ਚਲੇ ਜਾਣਾ ਹੈ, ਹਮੇਸ਼ਾ ਤਾਂ ਮੈਂ ਇਥੇ ਟਿਕ ਕੇ ਰਹਿ ਨਹੀਂ ਸਕਦਾ। ਜਗਿਆਸੂ ਗੁਰਸਿਖਾਂ ਦੇ ਭਾਗ ਹਨ ਜਿਨ੍ਹਾਂ ਦੀ ਪਰਾਲਬਧ ਸਦਕਾ ਮੈਂ ਇਥੇ ਹਾਂ ਅਤੇ ਜਿਸ ਜਿਸ ਦੇ ਮਸਤਕ ਤੇ ਕਰਮ ਲਿਖਿਆ ਹੋਇਆ ਹੈ, ਉਸ ਨੇ ਗੁਰੂ ਦੇ ਲੜ ਲਗ ਜਾਣਾ ਹੈ। ਪ੍ਰੇਰਨਾ ਕਰਨ ਵਾਲਾ ਵੀ ਗੁਰੂ ਮਹਾਰਾਜ ਹੈ ਤੇ ਸੇਵਾ ਕਰਵਾਉਣ ਵਾਲਾ ਵੀ ਉਹ ਆਪ ਹੀ ਹੈ।

ਬਾਬਾ ਜੀ ਦੇ ਇਹ ਬਚਨ ਸੁਣ ਕੇ ਸਾਰਿਆਂ ਦੀ ਤਸੱਲੀ ਹੋ ਗਈ। ਸਰਦਾਰ ਚੰਦਾ ਸਿੰਘ ਦਾ ਸਾਰਾ ਪਰਿਵਾਰ, ਨਵਾਬ ਸ਼ਾਹ ਤੋਂ ਆਏ ਹੋਏ ਪ੍ਰੇਮੀ ਤੇ ਹੋਰ ਸੰਗਤ ਜੋ ਬੈਠੀ ਹੋਈ ਸਰਵਣ ਕਰ ਰਹੀ ਸੀ, ਸਭ ਨੇ ਆਪ ਨੂੰ ਹੱਥ ਜੋੜ ਕੇ ਨਮਸ਼ਕਾਰ ਕੀਤੀ ਅਤੇ ਆਗਿਆ ਲੈ ਕੇ ਆਪੋ ਆਪਣੇ ਘਰਾਂ ਨੂੰ ਚਲੇ ਗਏ ਅਤੇ ਕੰਮ ਧੰਦਿਆਂ ਵਿਚ ਜੁਟ ਗਏ। ਉਹ ਆਪਸ ਵਿਚ ਐਸੀਆਂ ਵਿਚਾਰਾਂ ਕਰਦੇ ਜਾ ਰਹੇ ਸਨ ਕਿ ਇਹ ਗੁਰੂ ਦਾ ਪਿਆਰਾ ਧੰਨ ਹੈ ਜੋ ਆਪਣਾ ਸੁਖ ਆਰਾਮ ਛੱਡ ਕੇ ਦੂਜਿਆਂ ਦੇ ਸੁਖ ਆਰਾਮ ਵਾਸਤੇ ਉਨ੍ਹਾਂ ਨੂੰ ਪਰਮਾਰਥ ਦੇ ਰਾਹ ਪਾ ਰਿਹਾ ਹੈ, ਗੁਰੂ ਦੇ ਲੜ ਲਾ ਰਿਹਾ ਹੈ, ਨਹੀਂ ਤਾਂ ਸੰਸਾਰ ਆਪਣੇ ਵਾਸਤੇ ਜਿਉਂਦਾ ਹੈ ਪਰ ਗੁਰਮੁਖ ਸੰਸਾਰ ਵਾਸਤੇ ਜੀਉਂਦਾ ਹੈ। ਸੰਸਾਰੀ ਬੰਦੇ ਦਾ ਜੀਵਨ ਆਪਣੇ ਪਰਿਵਾਰ ਤੱਕ ਹੀ ਸੀਮਤ ਹੁੰਦਾ ਹੈ ਪਰ ਗੁਰਮੁਖ ਦਾ ਜੀਵਨ ਸਾਰੇ ਸੰਸਾਰ ਲਈ ਗਾਡੀ ਰਾਹ ਬਣ ਜਾਂਦਾ ਹੈ।

ਰਹਿੰਦੇ ਤਾਂ ਗੁਰਮੁਖ ਵੀ ਸੰਸਾਰ ਵਿਚ ਹੀ ਹਨ ਪਰੰਤੂ ਉਹ ਵਿਚ ਰਹਿੰਦੇ ਹੋਏ ਵੀ ਨਿਰਲੇਪ ਰਹਿੰਦੇ ਹਨ ਜਿਸ ਤਰ੍ਹਾਂ ਨਾਲ ਮੁਰਗਾਬੀ ਪਾਣੀ ਵਿਚ ਤੈਰਦੀ ਹੋਈ ਦੇ ਖੰਭ ਪਾਣੀ ਵਿਚ ਨਹੀਂ ਭਿਜਦੇ, ਪਾਣੀ ਵਿਚ ਰਹਿੰਦਿਆਂ ਹੋਇਆਂ ਵੀ ਪਾਣੀ ਦਾ ਅਸਰ ਖੰਭਾਂ ਤੇ ਨਹੀਂ ਪੈਂਦਾ। ਇਸੇ ਤਰ੍ਹਾਂ ਉਹ ਕੰਵਲ ਫੁਲ ਦੀ ਨਿਆਈਂ ਹੋਇਆ ਕਰਦੇ ਹਨ। ਕੰਵਲ ਦਾ ਫੁਲ ਚਿਕੜ ਵਿਚ ਰਹਿੰਦਾ ਹੋਇਆ ਵੀ ਚਿੱਕੜ ਤੋਂ ਉਪਰ ਰਹਿੰਦਾ ਹੈ, ਤੇ ਆਲੇ ਦੁਆਲੇ ਨੂੰ ਆਪਣੀ ਮੁਸਕਰਾਹਟ ਨਾਲ ਖਿੜੇ ਮੱਥੇ ਪਰਸੰਨ ਕਰਦਾ ਰਹਿੰਦਾ ਹੈ। ਠੀਕ ਇਸ ਤਰ੍ਹਾਂ ਹੀ ਗੁਰਮੁਖਾਂ ਦੀ ਅਵਸਥਾ ਹੋਇਆ ਕਰਦੀ ਹੈ।

## ਬੱਚੀ ਪਿਆਰ ਕੌਰ ਦਾ ਅਨੰਦ ਕਾਰਜ

ਜਦੋਂ ਬਾਬਾ ਜੀ ਇਨ੍ਹਾਂ ਪ੍ਰੇਮੀਆਂ ਨਾਲ ਬਚਨ ਬਿਲਾਸ ਸਾਂਝੇ ਕਰ ਰਹੇ ਸਨ ਤਾਂ ਉਸ ਵੇਲੇ ਸਰਦਾਰ ਚੰਦਾ ਸਿੰਘ ਅਤੇ ਮਾਤਾ ਸੁਖ ਕੌਰ ਤੇ ਹੋਰ ਪਰਿਵਾਰ ਦੇ ਮੈਂਬਰ ਵੀ ਇਨ੍ਹਾਂ ਵਿਚਾਰਾਂ ਨੂੰ ਸਰਵਣ ਕਰ ਰਹੇ ਸਨ। ਇਥੇ ਸਹਿਜ ਸੁਭਾਅ ਹੀ ਇਕ ਰਾਜ਼ ਖੁਲ੍ਹ ਗਿਆ ਜਿਸ ਬਾਰੇ ਨਾ ਤਾਂ ਬਾਬਾ ਜੀ ਨੇ ਹੀ ਕਦੀ ਜ਼ਿਕਰ ਕੀਤਾ ਸੀ ਤੇ ਨਾ ਹੀ ਸਰਦਾਰ ਚੰਦਾ ਸਿੰਘ ਅਤੇ

ਮਾਤਾ ਸੁਖ ਕੌਰ ਨੇ ਹੀ ਬਾਬਾ ਜੀ ਨੂੰ ਪੁਛਿਆ ਸੀ। ਉਹ ਇਹ ਕਿ ਕਿਸੇ ਨੂੰ ਵੀ ਪਤਾ ਨਹੀਂ ਸੀ ਕਿ ਬਾਬਾ ਜੀ ਦੀ ਸ਼ਾਦੀ ਹੋ ਚੁਕੀ ਹੋਈ ਹੈ। ਇਹ ਸੁਣ ਕੇ ਮਾਤਾ ਸੁਖ ਕੌਰ ਨੂੰ ਬਹੁਤ ਪ੍ਰਸੰਨਤਾ ਹੋਈ ਤੇ ਸਾਰਾ ਪਰਿਵਾਰ ਇਸ ਖੁਸ਼ੀ ਦੀ ਖਬਰ ਨੂੰ ਆਪਸ ਵਿਚ ਸਾਂਝਾ ਕਰਨਾ ਚਾਹੁੰਦਾ ਸੀ। ਸਾਰੇ ਪਰਿਵਾਰ ਨੇ ਤੇ ਸਰਦਾਰ ਚੰਦਾ ਸਿੰਘ ਤੇ ਮਾਤਾ ਜੀ ਨੇ ਇਹ ਫੈਸਲਾ ਕੀਤਾ ਕਿ ਬਾਬਾ ਜੀ ਨੂੰ ਆਖੀਏ ਕਿ ਉਹ ਆਪਣੀ ਧਰਮਪਤਨੀ ਨੂੰ ਵੀ ਇਥੇ ਹੀ ਬੁਲਾ ਲੈਣ। ਇਕ ਦਿਨ ਹੌਸਲਾ ਕਰਕੇ ਮਾਤਾ ਜੀ ਨੇ ਬਾਬਾ ਜੀ ਨੂੰ ਆਖਿਆ ਕਿ ਬੇਟਾ! ਉਸ ਦਿਨ ਗੱਲਾਂ ਗੱਲਾਂ ਵਿਚ ਸਾਨੂੰ ਇਹ ਤੁਸੀਂ ਦੱਸਿਆ ਸੀ ਕਿ ਤੁਹਾਡੀ ਸ਼ਾਦੀ ਹੋਈ ਹੋਈ ਹੈ, ਕਿੰਨਾ ਚੰਗਾ ਹੋਵੇ ਜੇ ਤੁਸੀਂ ਮੇਰੀ ਨੂੰਹ ਰਾਣੀ ਨੂੰ ਵੀ ਇਥੇ ਮੰਗਵਾ ਲਵੋ ਤਾਂ ਕਿ ਉਸ ਨੂੰ ਇਥੇ ਬੁਲਾ ਕੇ ਆਪਣੇ ਚਾਅ ਲਾਡ ਪੂਰੇ ਕਰਾਂ ਤੇ ਨਾਲੇ ਸਾਰੇ ਪਰਿਵਾਰ ਵਿਚ ਖੁਸ਼ੀ ਦਾ ਵਾਧਾ ਹੋਵੇਗਾ। ਬਾਬਾ ਜੀ ਚੁਪਚਾਪ ਮਾਤਾ ਜੀ ਦੀਆਂ ਗੱਲਾਂ ਸੁਣਦੇ ਰਹੇ ਪਰ ਆਪਣੇ ਵਲੋਂ ਕੋਈ ਹੁੰਗਾਰਾ ਨਹੀਂ ਭਰਿਆ ਕਿ ਮੈਂ ਉਨ੍ਹਾਂ ਨੂੰ ਇਥੇ ਲਿਆਵਾਂਗਾ ਜਾ ਨਹੀਂ। ਚਿਹਰੇ ਉਤੇ ਪਿਆਰ ਭਰੀ ਮੁਸਕਰਾਹਟ ਲਿਆ ਕੇ ਮਾਤਾ ਨੂੰ ਇਤਨਾ ਹੀ ਉਤਰ ਦਿਤਾ ਕਿ ਬੇਬੇ ਜੀ! ਵੇਖ ਲਵਾਂਗੇ, ਜੇ ਉਨ੍ਹਾਂ ਦਾ ਅੰਨ ਜਲ ਇਥੇ ਦਾ ਹੋਇਆ ਤਾਂ ਆ ਜਾਵੇਗੀ।

ਇਸ ਗਲ ਨੂੰ ਕਾਫੀ ਸਮਾਂ ਲੰਘ ਗਿਆ, ਮਾਤਾ ਵੀ ਕੰਮਾਂ ਕਾਰਾਂ ਵਿਚ ਭੁਲ-ਭੁਲਾ ਗਈ ਤੇ ਇਹ ਚੇਤਾ ਹੀ ਭੁਲ ਗਿਆ। ਉਧਰ ਇਨ੍ਹਾਂ ਦੀ ਲੜਕੀ ਬੀਬੀ ਪਿਆਰ ਕੌਰ ਦਾ ਵਿਆਹ ਰੱਖ ਦਿੱਤਾ ਤੇ ਘਰ ਵਿਚ ਵਿਆਹ ਦੀਆਂ ਤਿਆਰੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ, ਲੋੜੀਂਦੀਆਂ ਚੀਜ਼ਾਂ ਵਸਤਾਂ ਦੀ ਖਰੀਦ ਤੇ ਸੰਭਾਲ ਸ਼ੁਰੂ ਹੋ ਗਈ। ਵਿਆਹ ਦੇ ਸਾਰੇ ਪ੍ਰਬੰਧ ਲਈ ਪਰਿਵਾਰ ਨੇ ਬਾਬਾ ਜੀ ਨੂੰ ਹੀ ਸਾਰੀ ਜ਼ਿੰਮੇਵਾਰੀ ਦਿਤੀ ਕਿਉਂਕਿ ਆਪ ਜੀ ਪੜ੍ਹੇ ਲਿਖੇ ਵੀ ਸਨ ਅਤੇ ਆਪ ਦੀ ਸਿਆਣਪ ਤੇ ਰੂਹਾਨੀ ਅਨੁਭਵ ਦਾ ਸਭ ਨੂੰ ਪਤਾ ਲੱਗ ਚੁਕਿਆ ਸੀ ਕਿ ਆਪ ਜੀ ਜੋ ਵੀ ਕੰਮ ਕਰਨਗੇ, ਪ੍ਰਬੰਧ ਕਰਨਗੇ, ਉਹ ਪੂਰਾ ਹੋਵੇਗਾ, ਉਸ ਵਿਚ ਕਿਸੇ ਕਿਸਮ ਦੀ ਘਾਟ ਦੀ ਕੋਈ ਗੁੰਜਾਇਸ਼ ਦੀ ਸੰਭਾਵਨਾ ਨਹੀਂ ਹੋਵੇਗੀ। ਸਭ ਤੋਂ ਪਹਿਲਾਂ ਸਾਰੇ ਪਰਿਵਾਰ ਨੇ ਇਹ ਸਲਾਹ ਬਣਾਈ ਕਿ ਕਪੜਾ ਲੀੜਾ ਪਹਿਲੋਂ ਖਰੀਦਣਾ ਹੈ ਅਤੇ ਇਸ ਵਾਸਤੇ ਬਾਬਾ ਜੀ ਨੂੰ ਨਾਲ ਲੈ ਸਖਰਰੋੜੀ ਕਸਬਾ, ਜੋ ਨੇੜੇ ਪੈਂਦਾ ਹੈ, ਉਥੋਂ ਸਾਰੀ ਖਰੀਦ ਕਰੀਏ। ਇਹ ਜਗ੍ਹਾ ਸਾਧ ਵੇਲਾ ਗੁਰਦੁਆਰਾ ਸਾਹਿਬ ਦੇ ਨਜ਼ਦੀਕ ਪੈਂਦੀ ਹੈ ਅਤੇ ਇਸ ਅਸਥਾਨ ਤੇ ਸੱਤ ਦਰਿਆ ਇਕੱਠੇ ਆ ਕੇ ਮਿਲਦੇ ਹਨ। ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਕਠਿਨ ਤਪੱਸਿਆ ਕੀਤੀ ਸੀ ਜਿਸ ਬਾਰੇ ਗੁਰੂ ਘਰ ਦੇ ਵੇਦ ਵਿਆਸ, ਭਾਈ ਗੁਰਦਾਸ ਜੀ ਨੇ ਵੀ ਇਸ਼ਾਰਾ ਕੀਤਾ ਹੈ –

***ਰੇਤੁ ਅਕੁ ਆਹਾਰੁ ਕਰਿ, ਰੋੜਾਂ ਕੀ ਗੁਰ ਕਰੀ ਵਿਛਾਈ॥***
***ਭਾਰੀ ਕਰੀ ਤਪਸਿਆ, ਵਡੇ ਭਾਗੁ ਹਰਿ ਸਿਉ ਬਣਿ ਆਈ॥***

***ਭਾਈ ਗੁਰਦਾਸ ਜੀ, ਵਾਰ 1/24***

ਇਸ ਅਸਥਾਨ ਤੇ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪਹਿਲੀ ਉਦਾਸੀ ਅਰੰਭ ਕਰਨ ਤੋਂ ਪਹਿਲਾਂ ਤਪ ਕੀਤਾ ਸੀ। ਨਿਰੰਕਾਰ ਦੇ ਦਰ ਤੋਂ ਬਖਸ਼ਿਸ਼ ਤਾਂ ਪਹਿਲਾਂ ਹੀ ਪ੍ਰਾਪਤ ਹੋ ਚੁਕੀ ਸੀ ਕਿਉਂਕਿ ਨਿਰੰਕਾਰ ਜੀ ਨੇ ਬਚਨ ਕੀਤਾ ਸੀ ਕਿ ਹੇ ਗੁਰੂ ਨਾਨਕ, ਜਾ ਕੇ ਸੰਸਾਰ ਦਾ ਉਧਾਰ ਕਰੋ। ਹੁਣ ਤਕ ਮੈਂ ਜਿੰਨੇ ਵੀ ਭੇਜੇ ਹਨ, ਸਭ ਨੇ ਆਪਣੇ ਆਪ ਦੀ ਪੂਜਾ ਕਰਵਾਉਣੀ ਸ਼ੁਰੂ ਕਰ ਦਿਤੀ। ਗੁਰੂ ਤੋਂ ਬਿਨਾਂ ਸੰਸਾਰ ਵਿਚ ਹਨ੍ਹੇਰਾ ਛਾਇਆ ਹੋਇਆ ਹੈ, ਤੁਹਾਨੂੰ ਮੈਂ ਗੁਰੂ ਪ੍ਰਮੇਸ਼ਰ ਬਣਾ ਕੇ ਭੇਜ ਰਿਹਾ ਹਾਂ। ਗੁਰੂ ਬਾਬਾ ਜੀ ਨੂੰ ਭਾਵੇਂ ਸਰਬ ਸ਼ਕਤੀਆਂ ਪ੍ਰਾਪਤ ਸਨ ਪਰ ਫੇਰ ਵੀ, ਉਹਨਾਂ ਗੁਰਸਿਖਾਂ ਨੂੰ ਤੇ ਸਾਰੇ ਸੰਸਾਰ ਨੂੰ ਇਹ ਦੱਸਣ ਲਈ ਭਗਤੀ ਦਾ ਨਮੂਨਾ ਪੇਸ਼ ਕੀਤਾ ਕਿ ਪ੍ਰਭੂ, ਭਗਤੀ ਤੇ ਰੀਝਦਾ ਹੈ। ਇਹ ਕਠਨ ਘਾਲਣਾ ਸੰਸਾਰ ਦੇ ਦੁਖੀਆਂ ਦੇ ਦੁਖ ਕੱਟਣ ਵਾਸਤੇ ਅਤੇ ਸ਼ਾਂਤੀ ਦਾ ਸਬਕ ਦੇਣ ਵਾਸਤੇ ਅਤੇ ਗੁਰਸਿਖਾਂ, ਜਗਿਆਸੂਆਂ ਨੂੰ ਭਵਸਾਗਰ ਤੋਂ ਪਾਰ ਕਰਨ ਵਾਸਤੇ ਕੀਤੀ। ਪ੍ਰਭੂ ਭਗਤੀ ਤੇ ਪ੍ਰਭੂ ਪਿਆਰ ਦਾ ਐਸਾ ਬੀਜ ਬੀਜਿਆ ਕਿ ਇਹ ਦਿਨੋਂ ਦਿਨ ਦੂਣਾ ਸਵਾਇਆ ਹੋ ਕੇ ਕੁਲ ਸੰਸਾਰ ਵਿਚ ਮਹਿਕ ਵੰਡ ਰਿਹਾ ਹੈ ਅਤੇ ਵੰਡਦਾ ਰਹੇਗਾ ਕਿਉਂਕਿ ਗੁਰੂ ਨਾਨਕ ਦਾ ਨਾਮ ਲੈਂਦਿਆਂ ਹੀ ਜਗਿਆਸੂ ਦਾ ਹਿਰਦਾ ਪ੍ਰਭੂ ਪਿਆਰ ਵਿਚ ਗੱਦ ਗੱਦ ਹੋ ਉਠਦਾ ਹੈ ਅਤੇ ਸਾਰੇ ਸਰੀਰ ਵਿਚ ਪਿਆਰ ਦੀ ਰੂਹਾਨੀ ਝਰਨਾਹਟ ਪੈਦਾ ਕਰ ਦਿੰਦਾ ਹੈ। ਇਸੇ ਕਰਕੇ ਵਰਨਣ ਕੀਤਾ ਹੈ –

***ਆਦਿ ਨਿਰੰਜਨ ਹੈ ਗੁਰੂ ਨਾਨਕ***
***ਧਾਰ ਕੇ ਮੂਰਤ ਹੈ ਜਗ ਆਇਓ॥***
***ਲੋਕ ਸੁਣਿਓ ਪ੍ਰਲੋਕ ਸੁਣਿਓ***
***ਬਿਧ ਲੋਕ ਸੁਣਿਓ ਸਭ ਦਰਸ਼ਨ ਪਾਇਓ॥***
***ਸੰਗਤ ਪਾਰ ਉਤਾਰਨ ਕੋ***
***ਗੁਰੂ ਨਾਨਕ ਸਾਹਿਬ ਪੰਥ ਚਲਾਇਓ॥***
***ਵਾਹਿਗੁਰੂ ਗੁਰੂ ਨਾਨਕ ਸਾਹਿਬ***
***ਧਾਰ ਕੇ ਮੂਰਤਿ ਹੈ ਜਗ ਆਇਓ॥***

ਇਸ ਤਰ੍ਹਾਂ ਦੇ ਨਾਲ ਬਾਬਾ ਜੀ ਨੇ ਸਾਰੇ ਪਰਿਵਾਰ ਤੇ ਸੰਗਤ ਨੂੰ ਇਸ ਗੁਰਦੁਆਰਾ ਸਾਹਿਬ ਦੇ ਪਵਿੱਤਰ ਅਸਥਾਨ ਬਾਰੇ ਜਾਣਕਾਰੀ ਕਰਵਾਈ, ਉਪਰੰਤ ਸਾਰੇ ਜਣਿਆਂ ਨੇ ਲੰਗਰ ਛਕਿਆ। ਉਨ੍ਹਾਂ ਦਿਨਾਂ ਵਿਚ ਇਥੇ ਛੋਲੇ ਤੇ ਪੂਰੀਆਂ ਦਾ ਲੰਗਰ ਵਰਤਿਆ ਕਰਦਾ ਸੀ। ਸੱਤ ਦਰਿਆਵਾਂ ਦੀ ਗੁਠ ਵਿਚ ਹੋਣ ਕਰਕੇ ਇਹ ਜਗ੍ਹਾ ਬਹੁਤ ਰਮਣੀਕ ਹੈ ਤੇ ਆਲੇ ਦੁਆਲੇ ਫੁਲਾਂ ਦੀਆਂ ਬਗੀਚੀਆਂ ਨਾਲ ਆਪ ਮੁਹਾਰੇ ਜਗਿਆਸੂ ਦਾ ਮਨ ਮੋਹਿਆ ਜਾਂਦਾ ਹੈ ਅਤੇ ਇਕਾਂਤ ਵਿਚ ਬੈਠਣ ਨੂੰ ਜੀਅ ਕਰਦਾ ਹੈ। ਬਾਬਾ ਜੀ ਵੀ ਰਹਿ ਨਹੀਂ ਸਕੇ। ਕਹਿਣ ਲੱਗੇ ਤੁਸੀਂ ਸਾਰੇ ਲੰਗਰ ਛਕੋ, ਮੈਂ ਥੋੜ੍ਹੀ ਦੇਰ ਲਈ ਇਸ ਬਗੀਚੀ ਵਿਚ ਬੈਠਣਾ ਹੈ। ਜਦੋਂ ਪਰਿਵਾਰ ਦੇ ਸਾਰੇ ਮੈਂਬਰ ਸਾਰਾ ਕੁਝ ਦੇਖ ਦਿਖਾ ਕੇ ਦਰਿਆਵਾਂ ਦੀ ਬਰੇਤੀ ਤੇ ਘੁੰਮ ਫਿਰ ਕੇ ਆ ਗਏ ਤਾਂ ਕੀ ਦੇਖਦੇ ਹਨ ਕਿ ਬਾਬਾ ਜੀ ਹਾਲੇ ਵੀ ਉਸੇ ਤਰ੍ਹਾਂ ਨੇਤਰ ਬੰਦ ਕਰਕੇ

ਕਿਸੇ ਅਗੰਮੀ ਅਨੰਦ ਦਾ ਰਸ ਮਾਣ ਰਹੇ ਹਨ। ਸਾਰੇ ਜਣੇ ਚੁਪ ਚੁਪਾਤੇ ਆਲੇ ਦੁਆਲੇ ਥੋੜ੍ਹੀ ਦੂਰ ਹੋ ਕੇ ਬੈਠ ਗਏ ਅਤੇ ਇਸ ਨੂਰੀ ਚੇਹਰੇ ਦੇ ਦਰਸ਼ਨ ਕਰਨ ਲੱਗ ਪਏ ਜੋ ਕਿ ਇਕ ਰਸ ਹੋ ਕੇ ਗੁਰੂ ਨਾਨਕ ਸਾਹਿਬ ਦੇ ਪਿਆਰ ਵਿਚ ਮਸਤ ਹੋ ਕੇ ਆਪਣੇ ਪਿਆਰੇ ਨਾਲ ਇਕ ਮਿਕ ਹੋਇਆ ਬੈਠਾ ਸੀ ਅਤੇ ਦੇਸ਼, ਕਾਲ, ਵਸਤੂ ਬਾਰੇ ਬਿਲਕੁਲ ਬੇਖਬਰ ਸੀ। ਸਰਦਾਰ ਚੰਦਾ ਸਿੰਘ ਤੇ ਮਾਤਾ ਸੁਖ ਕੌਰ ਨੇ ਦੇਖਿਆ ਕਿ ਕਾਫੀ ਸਮਾਂ ਹੋ ਗਿਆ, ਦੁਪਹਿਰ ਵੀ ਢਲਣੀ ਸ਼ੁਰੂ ਹੋ ਗਈ ਹੈ ਤੇ ਹਾਲੇ ਵਿਆਹ ਵਾਸਤੇ ਕੱਪੜਾ ਵੀ ਖਰੀਦਣਾ ਹੈ, ਹੁਣ ਕਿਸ ਤਰ੍ਹਾਂ ਪੁੱਤਰ ਨੂੰ ਅਕਹਿ ਰਸ ਵਿਚੋਂ ਬਾਹਰ ਕੱਢੀਏ? ਜੇ ਸਮਾਧੀ ਭੰਗ ਕਰੀਏ ਤਾਂ ਪਾਪ ਲੱਗਦਾ ਹੈ। ਸਭ ਨੇ ਥੋੜ੍ਹੀ ਬਹੁਤ ਗੱਲਬਾਤ ਸ਼ੁਰੂ ਕੀਤੀ ਤਾਂ ਬਾਬਾ ਜੀ ਨੇ ਸਹਿਜੇ ਸਹਿਜੇ ਨੇਤਰ ਖੋਲ੍ਹੇ ਤੇ ਕਹਿਣ ਲੱਗੇ ਕਿ ਮੈਂ ਤਾਂ ਗੁਰੂ ਨਾਨਕ ਮਹਾਰਾਜ ਜੀ ਦੇ ਚਰਨਾਂ ਨਾਲ ਇਸ ਤਰ੍ਹਾਂ ਲਿਪਟ ਗਿਆ ਸੀ ਕਿ ਨੇਤਰ ਖੋਲ੍ਹਣ ਨੂੰ ਜੀਅ ਨਹੀਂ ਸੀ ਕਰਦਾ। ਮੈਨੂੰ ਬਾਰ ਬਾਰ ਗੁਰੂ ਨਾਨਕ ਸਾਹਿਬ ਦੇ ਪਿਆਰ ਦੀ ਖਿਚ ਪੈ ਰਹੀ ਹੈ ਤੇ ਜੀਅ ਕਰਦਾ ਹੈ ਕਿ ਮੈਂ ਇਥੇ ਹੀ ਸਮਾਧੀ ਸਥਿਤ ਹੋ ਕੇ ਬੈਠਾ ਰਹਾਂ। ਜਦੋਂ ਆਪ ਇਹ ਦੱਸ ਰਹੇ ਸਨ ਤਾਂ ਨੇਤਰਾਂ ਵਿਚੋਂ ਹੰਝੂ ਵੀ ਵਹਿ ਰਹੇ ਸਨ। ਪਰ ਤੁਹਾਡਾ ਫੁਰਨਾ ਅੰਦਰ ਆ ਗਿਆ ਤੇ ਚਲੋ ਹੁਣ ਸਾਰੇ ਸ਼ਹਿਰ ਵਿਚ ਚਲੀਏ ਤੇ ਜੋ ਖਰੀਦਣਾ ਹੈ, ਖਰੀਦ ਕੇ ਫੇਰ ਘਰ ਨੂੰ ਵਾਪਸ ਚਲੀਏ। ਸਾਰਿਆਂ ਨੇ ਵਿਆਹ ਵਾਸਤੇ ਜੋ ਜੋ ਵੀ ਸਮਾਨ ਚਾਹੀਦਾ ਸੀ, ਖਰੀਦ ਲਿਆ, ਸਮਾਨ ਗੱਡਿਆਂ ਤੇ ਲੱਦ ਲਿਆ ਤੇ ਸਹਿਜੇ ਸਹਿਜੇ ਵਾਪਸ ਘਰ ਪਰਤ ਆਏ।

ਵਿਆਹ ਤੋਂ ਮਹੀਨਾਂ ਪਹਿਲਾਂ ਤੋਂ ਹੀ ਦਰਜੀ ਘਰ ਬਿਠਾ ਲਿਆ ਤੇ ਕਪੜੇ ਸਿਉਣੇ ਸ਼ੁਰੂ ਕਰ ਦਿਤੇ। ਮਠਿਆਈਆਂ ਤੇ ਪਕਵਾਨ ਬਨਾਉਣ ਲਈ ਹਲਵਾਈ ਦਾ ਪ੍ਰਬੰਧ ਕਰ ਲਿਤਾ ਗਿਆ। ਤਿਆਰੀਆਂ ਕਰਦੇ ਕਰਦੇ ਨੀਯਤ ਦਿਨ ਵੀ ਆ ਗਿਆ ਜਿਸ ਦਿਨ ਬਰਾਤ ਨੇ ਢੁਕਣਾ ਸੀ। ਦੋ ਦਿਨ ਬਰਾਤੀਆਂ ਦੀ ਖ਼ੂਬ ਖਾਤਰਦਾਰੀ ਕੀਤੀ ਗਈ, ਖਾਣ ਪੀਣ ਤੇ ਰਹਿਣ ਸਹਿਣ ਦਾ ਬੰਦੋਬਸਤ ਚੰਗੇ ਢੰਗ ਨਾਲ ਕੀਤਾ ਗਿਆ ਸੀ। ਤੀਜੇ ਦਿਨ ਸਵੇਰੇ ਚਾਹ ਪਾਣੀ ਪੀਣ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕਰਕੇ, ਅਨੰਦ ਕਾਰਜ ਦੀ ਰਸਮ ਵਾਸਤੇ ਤਿਆਰੀ ਕੀਤੀ ਗਈ। ਅਨੰਦ ਕਾਰਜ ਦੀ ਰਸਮ ਬਾਬਾ ਜੀ ਨੇ ਆਪ ਹੀ ਕਰਵਾਈ ਸੀ। ਭਾਈ ਜੀ ਨੇ ਲਾਵਾਂ ਪੜ੍ਹੀਆਂ ਤੇ ਕੀਰਤਨ ਬਾਬਾ ਜੀ ਕਰ ਰਹੇ ਸਨ। ਉਪਰੰਤ ਬਾਬਾ ਜੀ ਨੇ ਬੀਬੀ ਪਿਆਰ ਕੌਰ ਤੇ ਉਸ ਦੇ ਹੋਣ ਵਾਲੇ ਪਤੀ ਨੂੰ ਗੁਰਮਤਿ ਅਨੁਸਾਰ ਸਿਖਿਆ ਦੇ ਕੇ ਗ੍ਰਹਿਸਤ ਜੀਵਨ ਨੂੰ ਸਫਲ ਬਨਾਉਣ ਲਈ ਆਪਣੇ ਪ੍ਰਵਚਨਾਂ ਦੁਆਰਾ ਦੱਸਿਆ ਕਿ ਪੁਰਾਣੇ ਸਮਿਆਂ ਦੇ ਆਚਾਰੀਆਂ ਨੇ ਜੀਵਨ ਨੂੰ ਚਾਰ ਆਸ਼ਰਮਾਂ ਵਿਚ ਵੰਡਿਆ ਹੋਇਆ ਸੀ ਜਿਸ ਵਿਚ ਪਹਿਲਾ ਬ੍ਰਹਮਚਰੀਆ ਆਸ਼ਰਮ ਸੀ ਜਿਸ ਵਿਚ ਸੁਰਤ ਸੰਭਾਲਦੇ ਹੀ, ਬੱਚੇ ਨੂੰ ਰਿਸ਼ੀ ਆਸ਼ਰਮ ਵਿਚ ਵਿਦਿਆ ਪ੍ਰਾਪਤ ਕਰਨ, ਧਾਰਮਕ ਗ੍ਰੰਥਾਂ ਦਾ ਅਧਿਐਨ ਕਰਨ ਅਤੇ ਹੋਰ ਦੁਨਿਆਵੀ ਵਿਦਿਆ ਦਾ ਗਿਆਨ ਪ੍ਰਾਪਤ ਕਰਨ ਵਾਸਤੇ

ਭੇਜਿਆ ਜਾਂਦਾ ਸੀ। ਬੱਚਾ ਇਸੇ ਵਾਤਾਵਰਣ ਵਿਚ ਜੁਆਨ ਹੁੰਦਾ ਸੀ ਅਤੇ 25 ਸਾਲ ਦੀ ਉਮਰ ਤਕ ਇਸ ਬ੍ਰਹਮਚਰੀਆ ਆਸ਼ਰਮ ਵਿਚ ਰਹਿੰਦਾ ਸੀ। ਫੇਰ ਜੀਵਨ ਦੇ ਦੂਸਰੇ ਹਿਸੇ ਵਿਚ ਉਸ ਨੂੰ ਗ੍ਰਹਿਸਤ ਆਸ਼ਰਮ ਵਿਚ ਭੇਜਿਆ ਜਾਂਦਾ ਸੀ। ਮਾਤਾ ਪਿਤਾ ਇਸ ਦੀ ਸ਼ਾਦੀ ਕਰ ਦਿੰਦੇ ਸਨ ਤੇ ਸੰਤਾਨ ਪੈਦਾ ਕਰਕੇ, ਸੰਤਾਨ ਦੀ ਪਾਲਣਾ ਕਰਦਾ ਤੇ ਘਰ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਾ ਸੀ ਅਤੇ 50 ਸਾਲ ਤਕ ਇਸ ਆਸ਼ਰਮ ਵਿਚ ਰਹਿੰਦਾ ਸੀ ਜਦੋਂ ਤਕ ਬੱਚੇ, ਬੱਚੀਆਂ ਦੀਆਂ ਸ਼ਾਦੀਆਂ ਨਹੀਂ ਸੀ ਹੋ ਜਾਂਦੀਆਂ ਤੇ ਸਾਰੇ ਆਪਣੇ ਕੰਮ ਕਾਰਾਂ ਵਿਚ ਨਹੀਂ ਸਨ ਲੱਗ ਜਾਂਦੇ। ਤੀਸਰੇ ਆਸ਼ਰਮ ਵਿਚ, ਜਿਸ ਨੂੰ ਬਾਨਪ੍ਰਸਤ ਆਸ਼ਰਮ ਕਹਿੰਦੇ ਹਨ, ਫੇਰ ਇਹ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਵਿਚ ਰਹਿ ਕੇ ਭਜਨ ਬੰਦਗੀ ਕਰਦਾ ਸੀ ਜਿਸ ਰਾਹੀਂ ਇਹ ਨਿਰਬਾਣ ਪਦ ਦੀ ਪ੍ਰਾਪਤੀ ਕਰ ਸਕੇ। ਬਾਨਪ੍ਰਸਤ ਆਸ਼ਰਮ ਵਿਚ ਰਹਿੰਦਿਆਂ ਹੋਇਆਂ ਇਹ ਮਨੁਖ ਪਰਿਵਾਰ ਵਲੋਂ ਬਿਲਕੁਲ ਅਲੱਗ ਥਲੱਗ ਹੋ ਜਾਂਦਾ ਸੀ ਤੇ ਇਸ ਨੂੰ ਪਰਿਵਾਰ ਦੀ ਕੋਈ ਖਬਰ ਨਹੀਂ ਹੁੰਦੀ ਸੀ। ਬਸ ਇਸ ਨੂੰ ਇਹੀ ਖਿਆਲ ਰਹਿੰਦਾ ਸੀ ਕਿ ਜਿਹੜਾ ਜੀਵਨ ਬਾਕੀ ਰਹਿੰਦਾ ਹੈ ਉਹ ਪ੍ਰਭੂ ਭਗਤੀ ਵਿਚ ਬਤੀਤ ਕਰਨਾ ਹੈ।

ਚੌਥਾ ਆਸ਼ਰਮ ਸੀ ਸੰਨਿਆਸ। ਗੁਰਮਤਿ ਵਿਚ ਇਸ ਤਰ੍ਹਾਂ ਨਾਲ ਨਹੀਂ ਹੈ। ਗੁਰੂ ਮਹਾਰਾਜ ਜੀ ਨੇ ਗ੍ਰਹਿਸਤ ਧਰਮ ਨੂੰ ਪ੍ਰਧਾਨਤਾ ਦਿਤੀ ਹੈ ਕਿ ਗੁਰਸਿਖ ਗ੍ਰਹਿਸਤ ਵਿਚ ਰਹਿੰਦਾ ਹੋਇਆ, ਬਾਲ ਬੱਚਿਆਂ ਦੀ ਪਾਲਣਾ ਕਰਦਾ ਹੋਇਆ, ਪਰਵਾਰ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦਾ ਹੋਇਆ, ਪ੍ਰਭੂ ਭਗਤੀ ਦੇ ਮਾਰਗ ਤੇ ਚਲਦਾ ਹੋਇਆ ਮੁਕਤੀ ਪ੍ਰਾਪਤ ਕਰ ਸਕਦਾ ਹੈ। ਪਰੰਤੂ ਉਸ ਵਿਚ ਇਕ ਸ਼ਰਤ ਹੈ ਕਿ ਉਸ ਨੂੰ ਗੁਰਮੰਤਰ ਪ੍ਰਾਪਤ ਹੋਣਾ ਚਾਹੀਦਾ ਹੈ, ਉਹ ਗੁਰੂ ਵਾਲਾ ਹੋਣਾ ਚਾਹੀਦਾ ਹੈ, ਉਸ ਨੇ ਪੰਜਾਂ ਪਿਆਰਿਆਂ ਤੋਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰੂ ਮੰਤਰ ਦੀ ਦਾਤ ਲਿਤੀ ਹੋਣੀ ਚਾਹੀਦੀ ਹੈ। ਉਸ ਨੂੰ ਪੂਰਨ ਮਹਾਤਮਾ ਦੇ ਮਿਲਾਪ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ ਜੋ ਉਸ ਨੂੰ ਗੁਰਮਤਿ ਮਾਰਗ ਤੇ ਚੱਲਣ ਦੀ ਸੋਝੀ ਬਖਸ਼ ਦੇਵੇ ਕਿ ਨਾਮ ਕਿਸ ਤਰ੍ਹਾਂ ਜਪਣਾ ਹੈ, ਰੂਹਾਨੀ ਸਫਰ ਕਿਸ ਤਰ੍ਹਾਂ ਤੈਅ ਕਰਨਾ ਹੈ, ਆਤਮਕ ਸਥਿਤੀ ਦੀ ਪ੍ਰਾਪਤੀ ਕਿਸ ਤਰ੍ਹਾਂ ਕਰਨੀ ਹੈ। ਮਹਾਂਪੁਰਸ਼ਾਂ ਰਾਹੀਂ ਜਗਿਆਸੂ ਗੁਰਸਿਖ ਨੂੰ ਇਹ ਸੋਝੀ ਮਿਲਦੀ ਹੈ ਕਿ ਉਹ ਕਿਹੜੇ ਕਰਮ ਹਨ ਜਿਨ੍ਹਾਂ ਦੁਆਰਾ ਰੂਹਾਨੀ ਤਰੱਕੀ ਹੋਵੇਗੀ ਅਤੇ ਕਿਹੜੇ ਕਰਮ ਨਾਲ ਰੂਹਾਨੀ ਤਰੱਕੀ ਵਿਚ ਵਿਘਨ ਪੈਂਦਾ ਹੈ, ਉਨ੍ਹਾਂ ਬਾਰੇ ਸੋਚਣਾ ਤੱਕ ਵੀ ਨਹੀਂ, ਉਨ੍ਹਾਂ ਤੇ ਚੱਲਣ ਦੀ ਗਲ ਤਾਂ ਬਹੁਤ ਦੂਰ ਦੀ ਹੈ। ਇਸ ਬਾਰੇ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ –

***ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥***
***ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥***

***ਪੰਨਾ – 522***

ਇਸੇ ਕਰਕੇ ਗੁਰੂ ਮਹਾਰਾਜ ਜੀ ਨੇ ਗੁਰਸਿਖ ਨੂੰ ਘਰ ਬਾਰ ਤਿਆਗ ਕੇ ਜੰਗਲਾਂ ਵਿਚ ਤਪ ਕਰਨ ਵਾਸਤੇ ਨਹੀਂ ਕਿਹਾ ਸਗੋਂ ਆਦਰਸ਼ਕ ਗ੍ਰਿਹਸਤੀ ਬਣਨ ਵਾਸਤੇ ਕਿਹਾ ਹੈ। ਇਸ ਵਿਸ਼ੇ ਉਤੇ ਗੁਰੂ ਨਾਨਕ ਦੇਵ ਜੀ ਦੀ ਯੋਗੀਆਂ ਨਾਲ ਲੰਬੀ ਚੌੜੀ ਗਲਬਾਤ ਹੋਈ ਜਿਸ ਵਿਚ ਯੋਗੀਆਂ ਨੇ ਪ੍ਰਸ਼ਨ ਕੀਤਾ ਸੀ ਕਿ ਤੁਸੀਂ ਸੰਸਾਰ ਦੇ ਲੋਕਾਂ ਨੂੰ ਕਿਵੇਂ ਭਵਸਾਗਰ ਤੋਂ ਤਾਰ ਸਕਦੇ ਹੋ ਜਦਕਿ ਸੰਸਾਰ ਵਿਚ ਮਾਇਆ ਦਾ ਰੌਲਾ ਰੱਪਾ ਹੈ, ਕਿਸ ਤਰ੍ਹਾਂ ਤੁਸੀਂ ਆਪਣੇ ਗੁਰਸਿਖਾਂ ਨੂੰ ਪਾਰ ਕਰੋਗੇ? ਤਾਂ ਮਹਾਰਾਜ ਜੀ ਨੇ ਉਤਰ ਦਿਤਾ ਕਿ-

***ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੈ॥***
***ਸੁਰਤਿ ਸਬਦ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੈ॥***

***ਪੰਨਾ - 938***

ਮੇਰੇ ਗੁਰਸਿਖ ਗ੍ਰਹਿਸਤ ਵਿਚ ਰਹਿੰਦੇ ਹੋਏ ਵੀ ਸੰਸਾਰ ਦੀ ਮਾਇਆ ਤੋਂ ਨਿਰਲੇਪ ਰਹਿਣਗੇ। ਆਪਣੀ ਸੁਰਤ ਨੂੰ ਸ਼ਬਦ ਨਾਲ ਲਾ ਕੇ ਉਚੀਆਂ ਰੂਹਾਨੀ ਮੰਜ਼ਲਾਂ ਪ੍ਰਾਪਤ ਕਰਕੇ ਇਸ ਸੰਸਾਰ ਸਾਗਰ ਤੋਂ ਪਾਰ ਹੋ ਜਾਣਗੇ। ਤੁਸੀਂ ਸੰਸਾਰ ਦੀ ਮਾਇਆ ਤੋਂ ਡਰ ਕੇ ਕਿਨਾਰਾ ਕਰ ਲਿਆ ਹੈ, ਜੰਗਲਾਂ ਵਿਚ ਵਾਸਾ ਕਰ ਲਿਆ ਹੈ ਤੇ ਗ੍ਰਹਿਸਤੀਆਂ ਨੂੰ ਤੁਸੀਂ ਮਾੜਾ ਕਹਿੰਦੇ ਹੋ। ਗ੍ਰਹਿਸਤੀ ਕਿਵੇਂ ਮਾੜੇ ਹੋ ਸਕਦੇ ਹਨ ਜਿਨ੍ਹਾਂ ਦੇ ਘਰਾਂ ਵਿਚ ਜਾ ਕੇ ਤੁਸੀਂ 'ਅਲੱਖ' ਜਗਾ ਕੇ ਮੰਗਦੇ ਹੋ। ਉਹ ਤੁਹਾਡੀ ਇੱਛਾ ਦੀ ਪੂਰਤੀ ਕਰਦੇ ਹਨ, ਤੁਹਾਨੂੰ ਖਾਣ ਵਾਸਤੇ ਦਿੰਦੇ ਹਨ, ਉਹ ਕਿਸ ਤਰ੍ਹਾਂ ਨਾਲ ਮਾੜੇ ਹੋ ਸਕਦੇ ਹਨ? ਗ੍ਰਹਿਸਤ ਧਰਮ ਮਾੜਾ ਨਹੀਂ ਪਰੰਤੂ ਗ੍ਰਹਿਸਤੀ ਆਦਰਸ਼ਕ ਹੋਣਾ ਚਾਹੀਦਾ ਹੈ।

***ਸੋ ਗਿਰਹੀ ਜੋ ਨਿਗ੍ਰਹੁ ਕਰੈ॥***
***ਜਪੁ ਤਪੁ ਸੰਜਮੁ ਭੀਖਿਆ ਕਰੈ॥***
***ਪੁੰਨ ਦਾਨ ਕਾ ਕਰੇ ਸਰੀਰੁ॥***
***ਸੋ ਗਿਰਹੀ ਗੰਗਾ ਕਾ ਨੀਰੁ॥*** ***ਪੰਨਾ - 952***

ਅਸਲੀ ਗ੍ਰਿਹਸਤੀ ਉਹ ਹੈ ਜਿਹੜਾ ਆਪਣੇ ਅੰਦਰੋਂ ਮਾੜੇ ਫੁਰਨੇ, ਮਾੜੇ ਸੰਸਕਾਰ, ਭੈੜੀਆਂ ਆਦਤਾਂ, ਨਿੰਦਿਆ, ਚੁਗਲੀ, ਈਰਖਾ, ਬਖੀਲੀ, ਪਰ-ਤਨ ਤੇ ਪਰ-ਧਨ ਦੀ ਚੋਰੀ, ਪੰਜ ਚੋਰ, ਪੰਜ ਵਿਸ਼ੇ, ਪੰਜ ਰਸ, ਆਸਾ, ਤ੍ਰਿਸ਼ਨਾ, ਹੰਸ, ਹੇਤ, ਲੋਭ, ਕੋਪ ਆਦਿ ਇਨ੍ਹਾਂ ਦਾ ਤਿਆਗ ਕਰ ਦੇਵੇ, ਇਨ੍ਹਾਂ ਨੂੰ ਆਪਣੇ ਅੰਦਰੋਂ ਕੱਢ ਦੇਵੇ ਅਤੇ ਵਾਹਿਗੁਰੂ ਤੋਂ ਜਪ, ਤਪ ਤੇ ਸੰਜਮ ਦੀ ਪ੍ਰਾਪਤੀ ਦੀ ਅਰਦਾਸ ਕਰੇ ਕਿ ਹੇ ਵਾਹਿਗੁਰੂ! ਮੇਰਾ ਸਰੀਰ ਭਾਵੇਂ ਕਿਸੇ ਵੀ ਸਥਿਤੀ ਵਿਚ ਹੋਵੇ, ਭਾਵੇਂ ਕੰਮ ਕਰਦਾ ਹੈ, ਬੈਠਾ ਹੈ, ਸੁਤਾ ਹੈ, ਜਾਗਦਾ ਹੈ, ਹਰ ਵਕਤ ਮੈਨੂੰ ਤੇਰਾ ਹੀ ਧਿਆਨ ਰਹੇ, ਮੈਂ ਤੇਰੇ ਜਪ ਵਿਚ ਲਗਿਆ ਰਹਾਂ ਤੇ ਮੇਰਾ ਕੋਈ ਸਵਾਸ ਨਾਮ ਤੋਂ ਖਾਲੀ ਨਾ ਜਾਵੇ,

ਇਸ ਨੂੰ ਜਪ ਕਹਿੰਦੇ ਹਨ। ਤਪ, ਸਾਧਨਾ ਤੇ ਸੇਵਾ ਨੂੰ ਕਹਿੰਦੇ ਹਨ - ਅੰਮ੍ਰਿਤ ਵੇਲੇ ਜਾਗਣਾ, ਗੁਰੂ ਮੰਤਰ ਦਾ ਜਾਪ ਕਰਨਾ, ਬਾਣੀ ਪੜ੍ਹਨੀ, ਨਿਤਨੇਮ ਕਰਨਾ, ਕੀਰਤਨ ਕਰਨਾ, ਕੀਰਤਨ ਸੁਣਨਾ, ਸਤਸੰਗ ਵਿਚ ਜਾਣਾ, ਗੁਰੂ ਘਰ ਵਿਚ ਜਾ ਕੇ ਸੇਵਾ ਕਰਨੀ ਕਿਉਂਕਿ ਗੁਰੂ ਘਰ ਵਿਚ ਸੇਵਾ ਨੂੰ ਬਹੁਤ ਉਤਮ ਮੰਨਿਆ ਗਿਆ ਹੈ। ਅਨੇਕਾਂ ਪ੍ਰਕਾਰ ਦੀ ਸੇਵਾ ਹੈ ਜੋ ਕਿ ਹਰ ਪ੍ਰਾਣੀ ਆਪਣੀ ਸ਼ਕਤੀ ਤੇ ਸਥਿਤੀ ਅਨੁਸਾਰ ਕਰ ਸਕਦਾ ਹੈ। ਆਪਣੇ ਵਿਤ ਮੁਤਾਬਕ ਸੇਵਾ ਕਰਨੀ ਚਾਹੀਦੀ ਹੈ ਕਿਉਂਕਿ ਸਤਿਗੁਰੂ ਦੀ ਸੇਵਾ ਕੀਤੀ ਸਫਲ ਹੁੰਦੀ ਹੈ।

*ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥*
*ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ॥*
*ਪੰਨਾ - 314*

ਸਤਿਗੁਰੂ ਜੀ ਨੂੰ ਪ੍ਰਸੰਨ ਕਰਨ ਲਈ ਜਿਹੜੀ ਵੀ ਸੇਵਾ ਤੁਸੀਂ ਕਰ ਸਕਦੇ ਹੋ, ਜ਼ਰੂਰ ਕਰਨੀ ਚਾਹੀਦੀ ਹੈ ਕਿਉਂਕਿ ਸੇਵਾ ਦੀ ਕੋਈ ਸੀਮਾ ਨਹੀਂ ਹੈ। ਸਾਰਾ ਸੰਸਾਰ ਵਾਹਿਗੁਰੂ ਦਾ ਘਰ ਹੈ, ਜਿਥੇ ਕਿਤੇ ਵੀ ਕੋਈ ਬੈਠਾ ਹੈ ਉਥੇ ਹੀ ਸੇਵਾ ਕਰ ਸਕਦਾ ਹੈ। ਸਤਿਗੁਰੂ ਹਾਜ਼ਰ ਨਾਜ਼ਰ ਹੈ, ਸਭ ਕੁਝ ਦੇਖਦਾ ਹੈ। ਜਦੋਂ ਸਤਿਗੁਰੂ ਜੀ ਸੇਵਾ ਤੋਂ ਖੁਸ਼ ਹੋ ਗਏ ਤਾਂ ਜਨਮਾਂ ਜਨਮਾਂ ਦੇ ਕੀਤੇ ਹੋਏ ਪਾਪਾਂ ਦਾ ਨਾਸ਼ ਹੋ ਜਾਵੇਗਾ ਤੇ ਸਤਿਗੁਰੂ ਬਖਸ਼ਿਸ਼ਾਂ ਦੇ ਭੰਡਾਰੇ ਖੋਲ੍ਹ ਦੇਵੇਗਾ। ਸੋ ਇਹ ਗੁਰੂ ਘਰ ਦਾ ਤਪ ਹੈ। ਤੀਸਰਾ ਸੰਜਮ ਹੈ, ਸੰਜਮ discipline ਨੂੰ ਕਹਿੰਦੇ ਹਨ। ਆਪਣੇ ਜੀਵਨ ਨੂੰ ਗੁਰੂ ਦੀ ਮੱਤ ਅਨੁਸਾਰ ਢਾਲਣਾ ਚਾਹੀਦਾ ਹੈ। ਆਚਾਰ, ਵਿਹਾਰ ਤੇ ਆਹਾਰ ਇਹ ਤਿੰਨੇ ਚੀਜ਼ਾਂ ਮਰਯਾਦਾ ਵਿਚ ਹੋਣੀਆਂ ਚਾਹੀਦੀਆਂ ਹਨ, ਇਸ ਵਿਚ ਫਿਕਾ ਨਹੀਂ ਬੋਲਣਾ, ਉਚਾ ਕਰੈਕਟਰ, ਬੋਲਚਾਲ ਮਿਠੀ ਤੇ ਖਾਣਾ ਪੀਣਾ ਸ਼ੁਧ ਹੋਣਾ ਚਾਹੀਦਾ ਹੈ ਭਾਵ ਮਾਸ, ਸ਼ਰਾਬ, ਆਂਡਾ, ਮੀਟ ਆਦਿ ਦਾ ਸੇਵਨ ਨਹੀਂ ਕਰਨਾ ਕਿਉਂਕਿ ਇਹ ਤਾਮਸੀ ਭੋਜਨ ਹੈ ਜੋ ਵਿਕਾਰ ਪੈਦਾ ਕਰਦਾ ਹੈ। ਮਹਾਰਾਜ ਜੀ ਨੇ ਇਸ ਦੀ ਸਖਤ ਮਨਾਹੀ ਕੀਤੀ ਹੈ। ਫੁਰਮਾਨ ਹੈ -

*ਬਾਬਾ ਹੋਰੁ ਖਾਣਾ ਖੁਸੀ ਖੁਆਰੁ॥*
*ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥*
*ਪੰਨਾ - 16*

ਕਰੁਣਾ, ਮੈਤਰੀ, ਮੁਦਤਾ ਤੇ ਉਪੇਖਿਆ ਦੇ ਸੁਨਿਹਰੀ ਅਸੂਲਾਂ ਤੇ ਚਲ ਕੇ ਸਭ ਨਾਲ ਸੁਚੱਜੇ ਹੋ ਕੇ ਵਰਤਣਾ ਚਾਹੀਦਾ ਹੈ। ਆਪਣੇ ਤੋਂ ਕਮਜ਼ੋਰ, ਨਿਤਾਣੇ ਤੇ ਗਰੀਬ ਨਾਲ ਕਰੁਣਾ ਵਾਲਾ ਵਿਵਹਾਰ ਕਰਨਾ, ਆਪਣੇ ਬਰਾਬਰ ਦੇ ਨਾਲ, ਜੋ ਤੁਹਾਡੇ ਮੁਕਾਬਲੇ ਦਾ ਹੈ, ਉਸ ਨਾਲ ਮਿਤਰਤਾ ਵਾਲਾ ਵਿਵਹਾਰ ਕਰਨਾ, ਜੋ ਆਪਣੇ ਨਾਲੋਂ ਅਮੀਰ ਹੈ, ਤਾਕਤਵਰ ਹੈ, ਪੈਸੇ ਵਾਲਾ ਹੈ, ਉਸ ਨਾਲ ਮੁਦਤਾ ਵਾਲਾ ਵਿਵਹਾਰ ਕਰਨਾ ਭਾਵ ਉਸ ਨੂੰ ਦੇਖ ਕੇ ਖੁਸ਼ ਹੋਣਾ ਚਾਹੀਦਾ ਹੈ, ਈਰਖਾ ਨਹੀਂ ਕਰਨੀ ਚਾਹੀਦੀ ਬਲਕਿ ਇਹ ਕਹਿ

ਕੇ ਪ੍ਰਸੰਸਾ ਕਰਨੀ ਕਿ ਦੇਖੋ ਇਸ ਨੂੰ ਵਾਹਿਗੁਰੂ ਨੇ ਕਿੰਨਾ ਕੁਝ ਬਖਸ਼ਿਆ ਹੈ ਕਿਉਂਕਿ ਇਸ ਨੇ ਚੰਗੇ ਕਰਮ ਕੀਤੇ ਹੋਣਗੇ। ਉਪੇਖਿਆ ਕੇਵਲ ਉਸ ਨਾਲ ਵਰਤਣੀ ਹੈ ਜੋ ਮਨਮੁਖ ਹੈ, ਤੁਹਾਡੇ ਜੀਵਨ ਵਿਚ ਖਲਬਲੀ ਪੈਦਾ ਕਰਦਾ ਹੈ, ਉਸ ਦੀ ਸੰਗਤ ਕਰਨ ਨਾਲ ਤੁਹਾਡਾ ਨੁਕਸਾਨ ਹੋ ਰਿਹਾ ਹੈ, ਇਹ ਨੁਕਸਾਨ ਮਾਲੀ ਵੀ ਹੋ ਸਕਦਾ ਹੈ, ਰੂਹਾਨੀ ਵੀ ਹੋ ਸਕਦਾ ਹੈ। ਐਸੇ ਮਨੁਖ ਤੋਂ ਹੌਲੀ ਹੌਲੀ ਕਿਨਾਰਾ ਕਰਨਾ ਹੀ ਠੀਕ ਹੁੰਦਾ ਹੈ ਤੇ ਉਸ ਨੂੰ ਹੌਲੀ ਹੌਲੀ ਮਿਲਣਾ ਘੱਟ ਕਰੋ ਤੇ ਫੇਰ ਉਹ ਤੁਹਾਡੇ ਜੀਵਨ ਨੂੰ ਤੰਗ ਨਹੀਂ ਕਰੇਗਾ, ਤੁਹਾਡਾ ਖਹਿੜਾ ਛੱਡ ਦੇਵੇਗਾ।

ਅਦਰਸ਼ਕ ਗ੍ਰਿਹਸਤੀ ਦਾਨੀ ਹੋਇਆ ਕਰਦਾ ਹੈ। ਉਸ ਦੇ ਘਰ ਅਗਰ ਕੋਈ ਭੁਖਾ ਅਭਿਆਗਤ ਆ ਜਾਂਦਾ ਹੈ ਤਾਂ ਉਸ ਨੂੰ ਭੋਜਨ ਛਕਾ ਕੇ ਉਸ ਦੀ ਤ੍ਰਿਪਤੀ ਕਰਨੀ ਚਾਹੀਦੀ ਹੈ। ਗੁਰੂ ਕੇ ਲੰਗਰਾਂ ਵਿਚ ਅੰਨ, ਰਾਸ਼ਨ ਦਾਨ ਕਰਨਾ ਚਾਹੀਦਾ ਹੈ। ਗੁਰੂ ਦੇ ਨਮਿਤ ਦਸਵੰਧ ਦੇ ਕੇ ਮਾਇਆ ਨੂੰ ਸਫਲ ਕਰਨਾ ਚਾਹੀਦਾ ਹੈ। ਨੰਗਿਆਂ ਨੂੰ ਬਸਤਰ ਲੀੜੇ ਦੇਣੇ, ਭੁਖਿਆਂ ਨੂੰ ਭੋਜਨ ਛਕਾਉਣਾ ਚਾਹੀਦਾ ਹੈ। ਕੁਦਰਤੀ ਆਫਤਾਂ ਦੇ ਸ਼ਿਕਾਰ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ। ਪੂਰਨ ਸੰਤਾਂ ਮਹਾਂਪੁਰਸ਼ਾਂ ਦੇ ਚਲਾਏ ਹੋਏ ਪਰਉਪਕਾਰੀ ਤੇ ਲੋਕ ਭਲਾਈ ਦੇ ਕਾਰਜਾਂ ਵਿਚ ਦਾਨ ਦੇ ਕੇ, ਮਾਇਆ ਸਫਲ ਕਰਨੀ ਚਾਹੀਦੀ ਹੈ। ਇਸ ਨੂੰ ਪੁੰਨ ਦਾਨ ਦਾ ਸਰੀਰ ਕਹਿੰਦੇ ਹਨ। ਸੋ ਇਸ ਤਰ੍ਹਾਂ ਦਾ ਜੋ ਗ੍ਰਿਹਸਤੀ ਹੁੰਦਾ ਹੈ, ਉਹ ਗੰਗਾ ਦੇ ਨੀਰ ਵਾਂਗ ਨਿਰਮਲ ਹੁੰਦਾ ਹੈ, ਭਾਵ ਉਹ ਮੈਲ ਤੋਂ ਰਹਿਤ ਹੋ ਜਾਂਦਾ ਹੈ ਅਤੇ ਉਸ ਉਤੇ ਮਲ ਦੋਸ਼ ਦਾ ਅਸਰ ਨਹੀਂ ਹੋ ਸਕਿਆ ਕਰਦਾ ਅਤੇ ਮਾਇਆ ਵਿਚ ਬਰਕਤ ਪੈਂਦੀ ਹੈ, ਕਮਾਈ ਵਿਚ ਬਰਕਤ ਪੈਂਦੀ ਹੈ। ਇਸੇ ਕਰਕੇ ਮਹਾਰਾਜ ਨੇ ਫੁਰਮਾਨ ਕੀਤਾ ਹੈ ਕਿ –

***ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ ॥***
***ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ ॥ ਪੰਨਾ – 1378***

ਆਦਰਸ਼ਕ ਗ੍ਰਿਹਸਤੀ ਨੂੰ ਇਹ ਧਰਮ ਕਰਨਾ ਬਣਦਾ ਹੈ ਕਿ ਉਹ ਆਪਣੇ ਜੀਵਨ ਨੂੰ ਇਸ ਸਾਂਚੇ ਵਿਚ ਢਾਲ ਕੇ ਆਪਣਾ ਜਨਮ ਸਫਲਾ ਕਰੇ। ਵਾਹਿਗੁਰੂ ਜੀ ਨੇ ਇਸ ਸੁਭਾਗ ਜੋੜੀ ਦਾ ਧੁਰ ਤੋਂ ਸੰਯੋਗ ਬਣਾਇਆ ਹੋਇਆ ਸੀ। ਸੋ ਤੁਸੀਂ ਦੋਵਾਂ ਨੇ ਆਪਣੇ ਆਪਣੇ ਧਰਮ ਦਾ ਪਾਲਣ ਕਰਨਾ ਹੈ ਕਿਉਂਕਿ ਹੁਣ ਤੁਸੀਂ ਦੋਵੇਂ ਇਕ ਸੂਤਰ ਵਿਚ, ਭਾਵ ਵਿਆਹ ਦੇ ਬੰਧਨ ਵਿਚ ਬੰਨ੍ਹੇ ਗਏ ਹੋ। ਗ੍ਰਿਹਸਤ ਦੇ ਸਾਰੇ ਕਾਰਜ ਆਪਸ ਵਿਚ ਸਲਾਹ ਮਸ਼ਵਰਾ ਕਰਕੇ ਕਰਨੇ ਹਨ ਤੇ ਦੇਖਣ ਵਾਲੇ ਨੂੰ ਇਹ ਮਹਿਸੂਸ ਹੋਵੇ –

***ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥ ਪੰਨਾ – 788***

ਦੋਵੇਂ ਪਰਿਵਾਰਾਂ ਦੀ ਸਾਂਝ ਪੈਣ ਕਰਕੇ ਹੁਣ ਬੀਬੀ ਨੇ ਆਪਣੇ ਪਤੀ

ਦੇ ਮਾਤਾ ਪਿਤਾ ਨੂੰ, ਆਪਣੇ ਮਾਤਾ ਪਿਤਾ ਦਾ ਦਰਜਾ ਦੇਣਾ ਹੈ। ਇਸ ਤਰ੍ਹਾਂ ਨਾਲ ਕਾਕਾ ਜੀ ਨੇ ਵੀ ਇਹ ਫਰਜ਼ ਨਿਭਾਉਣਾ ਹੈ। ਇਹੋ ਦਰਜਾ ਜੋ ਆਪਣੇ ਭਰਾਵਾਂ, ਭੈਣਾਂ ਦਾ ਸੀ ਉਹ ਇਕ ਦੂਜੇ ਦੇ ਪਰਿਵਾਰ ਨੂੰ ਦੇਣਾ ਹੈ। ਜਿਸ ਤਰ੍ਹਾਂ ਪਤਨੀ ਵਾਸਤੇ ਪਤੀ-ਵਰਤਾ ਧਰਮ ਨਿਭਾਉਣਾ ਜ਼ਰੂਰੀ ਹੈ, ਇਸੇ ਤਰ੍ਹਾਂ ਪਤੀ ਵਾਸਤੇ ਵੀ ਇਹੋ ਹਦਾਇਤ ਹੈ ਕਿ –

***ਦੇਖਿ ਪਰਾਈਆ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ॥***
***ਭਾਈ ਗੁਰਦਾਸ ਜੀ, ਵਾਰ 29/11***

ਇਹ ਵੀ ਖੁਸ਼ੀ ਦੀ ਗੱਲ ਹੈ ਕਿ ਦੋਵਾਂ ਨੇ ਅੰਮ੍ਰਿਤਪਾਨ ਕੀਤਾ ਹੋਇਆ ਹੈ ਤੇ ਤੁਸੀਂ ਗੁਰੂ ਵਾਲੇ ਹੋ। ਗੁਰਸਿਖੀ ਦੇ ਸੁਨਿਹਰੀ ਅਸੂਲਾਂ ਤੇ ਚਲਦੇ ਹੋਏ ਆਪਣਾ ਜੀਵਨ ਨਿਰਬਾਹ ਕਰਨਾ ਹੈ। ਨਿਤਨੇਮ, ਭਜਨ ਬੰਦਗੀ, ਸੇਵਾ ਸਿਮਰਨ ਕਰਦੇ ਹੋਏ ਜੀਵਨ ਬਤੀਤ ਕਰਨਾ ਹੈ। ਗੁਰਬਾਣੀ ਨੂੰ ਆਪਣੇ ਜੀਵਨ ਦਾ ਅਧਾਰ ਬਨਾਉਣਾ ਹੈ। ਸਾਰੀ ਸੰਗਤ ਵਲੋਂ ਇਹੀ ਅਰਦਾਸ ਹੈ ਕਿ ਵਾਹਿਗੁਰੂ ਇਸ ਸੁਭਾਗ ਜੋੜੀ ਨੂੰ ਚੜ੍ਹਦੀਆਂ ਕਲਾ ਵਾਲਾ ਜੀਵਨ ਬਖਸ਼ ਕੇ ਗੁਰੂ ਘਰ ਦਾ ਪਿਆਰ ਤੇ ਸਤਿਕਾਰ ਦੇਵੇ।

ਬਾਬਾ ਜੀ ਨੇ ਇਹ ਪ੍ਰਵਚਨ ਕਰਕੇ ਅਨੰਦ ਸਾਹਿਬ ਦਾ ਕੀਰਤਨ ਕੀਤਾ ਤੇ ਫੇਰ ਆਪ ਹੀ ਅਰਦਾਸ ਕੀਤੀ। ਸੋ ਇਸ ਤਰ੍ਹਾਂ ਨਾਲ ਬੀਬੀ ਪਿਆਰ ਕੌਰ ਦਾ ਵਿਆਹ ਸੰਪੰਨ ਹੋਇਆ ਅਤੇ ਦੁਪਹਿਰ ਦਾ ਲੰਗਰ ਛਕਾ ਕੇ ਬਰਾਤ ਨੂੰ ਵਿਦਾ ਕੀਤਾ।

## ਭੋਰੇ ਵਿਚ ਭਜਨ ਕਰਨ ਦਾ ਸੰਕਲਪ

ਜਦੋਂ ਤੋਂ ਬਾਬਾ ਜੀ ਸਾਧ ਵੇਲਾ - ਸਖਰ ਰੋੜੀ, ਗੁਰੂ ਨਾਨਕ ਦੇਵ ਜੀ ਦੇ ਤਪ ਅਸਥਾਨ ਤੋਂ ਹੋ ਕੇ ਆਏ ਸੀ, ਉਸ ਸਮੇਂ ਤੋਂ ਹੀ ਇਨ੍ਹਾਂ ਦੇ ਅੰਦਰ ਇਕ ਫੁਰਨਾ ਚਲ ਰਿਹਾ ਸੀ ਕਿ ਇਕਾਂਤ ਥਾਂ ਤੇ ਬੈਠ ਕੇ ਲੰਮੇ ਸਮੇਂ ਲਈ ਹੋਰ ਤਪ ਸਾਧਨਾ ਕੀਤੀ ਜਾਵੇ। ਹੁਣ ਵਿਆਹ ਦੇ ਕੰਮ ਕਾਰ ਤੋਂ ਸਾਰੇ ਵਿਹਲੇ ਹੋ ਕੇ ਆਪੋ ਆਪਣੇ ਕੰਮ ਧੰਦਿਆਂ ਵਿਚ ਲੱਗ ਗਏ। ਬਾਬਾ ਜੀ ਨੇ ਇਸ ਫੁਰਨੇ ਬਾਰੇ ਸਰਦਾਰ ਚੰਦਾ ਸਿੰਘ ਤੇ ਮਾਤਾ ਸੁਖ ਕੌਰ ਨਾਲ ਗਲ ਕੀਤੀ ਕਿ ਮੇਰੀ ਇੱਛਾ ਹੈ ਕਿ ਇਕ ਭੋਰਾ ਤਿਆਰ ਕੀਤਾ ਜਾਵੇ ਜਿਸ ਵਿਚ ਮੈਂ ਘਟੋ ਘਟ ਛੇ ਮਹੀਨੇ ਲਈ ਤਪ ਕਰਾਂ ਅਤੇ ਕੋਈ ਵੀ ਮੈਨੂੰ ਤੰਗ ਨਾ ਕਰੇ, ਪ੍ਰੇਸ਼ਾਨ ਨਾ ਕਰੇ, ਸੋ ਇਸ ਵਾਸਤੇ ਮੈਨੂੰ ਸਹਿਯੋਗ ਦੀ ਲੋੜ ਹੈ। ਦੋਵੇਂ ਜੀਅ, ਬਾਬਾ ਜੀ ਦਾ ਇਹ ਇਰਾਦਾ ਸੁਣ ਕੇ ਠਠੰਬਰ ਗਏ ਤੇ ਮਨ ਵਿਚ ਸੋਚਣ ਲੱਗੇ ਕਿ ਇਹ ਤਾਂ ਸ਼ਾਦੀ-ਸ਼ੁਦਾ ਹੈ ਤੇ ਜੇਕਰ ਇਹ ਬੇਟਾ ਸਾਧ ਬਣ ਗਿਆ ਤੇ ਕਿਤੇ ਘਰ ਬਾਰ ਹੀ ਨਾ ਤਿਆਗ ਦੇਵੇ। ਪਰ ਉਪਰੋਂ ਆਪ ਦੋਵਾਂ ਜੀਆਂ ਨੇ ਕਿਹਾ ਕਿ ਬੇਟਾ ਠੀਕ ਹੈ, ਜਿਵੇਂ ਤੁਹਾਡਾ ਜੀਅ ਕਰਦਾ ਹੈ, ਅਸੀਂ ਪੂਰੀ ਤਰ੍ਹਾਂ ਨਾਲ ਸਹਿਮਤ ਹਾਂ। ਕੁਝ ਦਿਨਾਂ ਬਾਅਦ ਗੱਲਾਂ ਬਾਤਾਂ ਵਿਚ ਮਾਤਾ ਜੀ ਨੇ ਆਪ ਤੋਂ ਪਿੰਡ ਦਾ ਪਤਾ ਟਿਕਾਣਾ ਪੁਛ ਲਿਆ ਅਤੇ ਸਰਦਾਰ ਚੰਦਾ ਸਿੰਘ ਤੇ ਮਾਤਾ ਸੁਖ ਕੌਰ ਨੇ ਪਿੰਡ ਧਮੋਟ

ਨੂੰ ਪਿਤਾ ਕਰਤਾਰ ਸਿੰਘ ਦੇ ਨਾਂ ਚਿਠੀ ਪਾ ਦਿਤੀ ਜਿਸ ਵਿਚ ਸਾਰਾ ਹਾਲ ਲਿਖ ਦਿਤਾ ਤੇ ਦੱਸ ਦਿਤਾ ਕਿ ਤੁਹਾਡਾ ਸਪੁਤਰ ਵਰਿਆਮ ਸਿੰਘ ਸਾਡੇ ਪਾਸ ਰਹਿ ਰਿਹਾ ਹੈ। ਅਸੀਂ ਇਸ ਨੂੰ ਆਪਣਾ ਸੱਤਵਾਂ ਪੁਤਰ ਬਣਾ ਲਿਆ ਹੈ। ਇਸ ਦੇ ਪਰਚਾਰ ਦਾ ਸਦਕਾ ਸਿੰਧ ਦੇ ਇਸ ਇਲਾਕੇ ਵਿਚ ਲੋਕਾਂ ਨੇ ਸ਼ਰਾਬਾਂ ਪੀਣੀਆਂ ਛੱਡ ਦਿਤੀਆਂ ਹਨ, ਮਾਸ ਆਦਿ ਖਾਣਾ ਛੱਡ ਦਿਤਾ ਹੈ, ਚੋਰੀ ਕਰਨੀ ਛੱਡ ਦਿਤੀ ਹੈ। ਸਾਰੇ ਪਰਿਵਾਰਾਂ ਨੂੰ ਸਿਖੀ ਵਿਚ ਲਿਆ ਕੇ ਗੁਰੂ ਗਰੰਥ ਸਾਹਿਬ ਦੇ ਲੜ ਲਾ ਰਹੇ ਹਨ। ਤੁਸੀਂ ਸਚਮੁਚ ਧੰਨ ਹੋ ਜਿਨ੍ਹਾਂ ਨੂੰ ਐਸਾ ਗੁਰਮੁਖ ਪੁਤਰ ਵਾਹਿਗੁਰੂ ਜੀ ਨੇ ਬਖਸ਼ਿਆ ਹੈ, ਜੋ ਆਪ ਵੀ ਨਾਮ ਜਪਦਾ ਹੈ ਤੇ ਦੂਸਰਿਆਂ ਨੂੰ ਵੀ ਨਾਮ ਜਪਾਉਂਦਾ ਹੈ। ਪਰ ਹੁਣ ਇਸ ਗੁਰਮੁਖ ਪੁਤਰ ਦੇ ਮਨ ਵਿਚ ਇਕ ਫੁਰਨਾ ਕੰਮ ਕਰ ਰਿਹਾ ਹੈ ਕਿ ਇਕ ਭੋਰਾ ਬਣਵਾ ਕੇ ਮੈਂ ਛੇ ਮਹੀਨੇ ਵਾਸਤੇ ਅੰਦਰ ਬੈਠਣਾ ਹੈ, ਤਪ ਕਰਨਾ ਹੈ। ਪਹਿਲਾਂ ਤਾਂ ਸਾਨੂੰ ਪਤਾ ਨਹੀਂ ਸੀ ਕਿ ਇਹ ਸ਼ਾਦੀ-ਸ਼ੁਦਾ ਹਨ, ਪਰ ਗੱਲਾਂ ਬਾਤਾਂ ਵਿਚ ਅਸੀਂ ਪੁਛ ਲਿਆ ਕਿ ਇਨ੍ਹਾਂ ਦੀ ਧਰਮ ਸੁਪਤਨੀ ਤੁਹਾਡੇ ਕੋਲ ਹੀ ਰਹਿ ਰਹੀ ਹੈ। ਸਾਡੀ ਬੇਨਤੀ ਹੈ ਕਿ ਆਪ ਤੁਰੰਤ ਹੀ ਇਸ ਬੇਟੀ ਨੂੰ ਸਾਡੇ ਕੋਲ ਸਿੰਧ ਭੇਜ ਦਿਉ ਤਾ ਕਿ ਐਸਾ ਨਾ ਹੋਵੇ ਕਿ ਬੇਟਾ ਭੋਰੇ ਵਿਚ ਬੈਠ ਜਾਵੇ, ਇਸ ਕਰਕੇ ਲੇਟ ਨਹੀਂ ਹੋਣਾ, ਜਲਦੀ ਤੋਂ ਜਲਦੀ ਬੇਟੀ ਰਣਜੀਤ ਕੌਰ ਨੂੰ ਭੇਜ ਦਿਉ। ਜਦੋਂ ਇਹ ਖਤ ਧਮੋਟ ਪੁਜਾ ਤਾਂ ਆਪ ਜੀ ਦੇ ਪਿਤਾ ਜਥੇਦਾਰ ਕਰਤਾਰ ਸਿੰਘ ਜੀ ਨੇ ਸਾਰੇ ਪਰਿਵਾਰ ਨਾਲ ਗਲ ਕੀਤੀ ਤੇ ਬੀਬੀ ਰਣਜੀਤ ਕੌਰ ਨੂੰ ਦੱਸਿਆ। ਬੀਬੀ ਜੀ ਕਹਿਣ ਲੱਗੇ, ਪਿਤਾ ਜੀ! ਮੈਨੂੰ ਭੇਜ ਦਿਓ, ਮੈਂ ਉਨ੍ਹਾਂ ਨੂੰ ਸਮਝਾਉਣ ਦਾ ਯਤਨ ਕਰਾਂਗੀ। ਸਾਰੇ ਪਰਿਵਾਰ ਨੇ ਸਲਾਹ ਕਰਕੇ ਬੀਬੀ ਜੀ ਨੂੰ ਗੱਡੀ ਚੜ੍ਹਾਅ ਦਿਤਾ। ਬੀਜੀ ਤਾਂ ਸ਼ੁਰੂ ਤੋਂ ਹੀ ਚੜ੍ਹਦੀ ਕਲਾ ਵਾਲੇ ਸਨ ਤੇ ਨਿਰਭੈ ਸਨ। ਆਪ ਜੀ ਪੁਛ-ਪੁਛਾ ਕੇ ਸਿੰਧ ਗੋਠ ਚੰਦਾ ਸਿੰਘ ਪਹੁੰਚ ਗਏ ਜਿਵੇਂ ਕਿ ਚਿਠੀ ਵਿਚ ਪਹੁੰਚਣ ਵਾਸਤੇ ਸੇਧ ਦਿਤੀ ਹੋਈ ਸੀ।

## ਸਤਿਕਾਰਤ ਬੀਜੀ ਸਿੰਧ ਵਿਚ

ਸਰਦਾਰ ਚੰਦਾ ਸਿੰਘ ਤੇ ਮਾਤਾ ਸੁਖ ਕੌਰ ਨੇ ਬੀਬੀ ਜੀ ਦਾ ਨਿਘਾ ਸਵਾਗਤ ਕੀਤਾ ਤੇ ਆਉ ਭਗਤ ਕੀਤੀ। ਬੀਜੀ ਦੇ ਆਉਣ ਨਾਲ ਸਾਰੇ ਪਰਿਵਾਰ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਤੇ ਸਾਰਾ ਪਰਿਵਾਰ ਚਾਂਈ ਚਾਂਈ ਉਨ੍ਹਾਂ ਦੇ ਅੱਗੇ ਪਿਛੇ ਘੁੰਮ ਰਿਹਾ ਸੀ। ਬਾਬਾ ਜੀ ਉਸ ਵੇਲੇ ਲਾਗ ਦੇ ਪਿੰਡ ਵਿਚ ਗਏ ਹੋਏ ਸਨ, ਸ਼ਾਮ ਨੂੰ ਘਰ ਪਹੁੰਚਣ ਤੇ ਪਤਾ ਲੱਗਾ ਕਿ ਬੀਜੀ ਧਮੋਟ ਤੋਂ ਪਹੁੰਚ ਚੁਕੇ ਹਨ। ਪਰਸਪਰ ਘਰ ਦਾ ਹਾਲ ਚਾਲ ਪੁਛ ਕੇ, ਬਾਬਾ ਜੀ ਨੇ ਉਨ੍ਹਾਂ ਦੇ ਆਉਣ ਦਾ ਕਾਰਨ ਪੁਛਿਆ ਤਾਂ ਬੀਜੀ ਕਹਿਣ ਲੱਗੇ ਕਿ ਮੈਨੂੰ ਪਿਤਾ ਜੀ ਅਤੇ ਮਾਤਾ ਜੀ ਨੇ ਧਮੋਟ ਤੋਂ ਭੇਜਿਆ ਹੈ ਕਿਉਂਕਿ ਇਥੋਂ ਮਾਤਾ ਸੁਖ ਕੌਰ ਦੀ ਚਿਠੀ ਗਈ ਸੀ ਜਿਸ ਵਿਚ ਲਿਖਿਆ ਸੀ ਕਿ ਆਪ ਇਕ ਭੋਰਾ ਬਣਵਾ ਰਹੇ ਹੋ ਅਤੇ ਆਪ ਨੇ ਛੇ ਮਹੀਨੇ ਲਈ ਸਮਾਧੀ ਲਾਉਣੀ ਹੈ। ਬਾਬਾ ਜੀ ਕਹਿਣ ਲੱਗੇ, ਠੀਕ ਹੈ, ਮੇਰਾ ਇਰਾਦਾ

ਤਾਂ ਇਸੇ ਤਰ੍ਹਾਂ ਹੈ। ਬੀਜੀ ਕਹਿਣ ਲੱਗੇ ਕਿ ਮੈਨੂੰ ਤੁਹਾਡੀ ਭਗਤੀ ਤੋਂ ਕੋਈ ਇਤਰਾਜ਼ ਨਹੀਂ ਹੈ ਸਗੋਂ ਮੈਂ ਖੁਸ਼ ਹਾਂ ਕਿ ਤੁਸੀਂ ਪਰਮੇਸ਼ਰ ਦੀ ਭਗਤੀ ਕਰਨਾ ਚਾਹੁੰਦੇ ਹੋ ਤੇ ਤੁਸੀਂ ਪਹਿਲਾਂ ਵੀ ਬਹੁਤ ਭਗਤੀ ਕੀਤੀ ਹੈ, ਪਿਛਲੇ ਜਨਮਾਂ ਦੀ ਵੀ ਤੁਹਾਡੀ ਬਹੁਤ ਭਗਤੀ ਕੀਤੀ ਹੋਈ ਹੈ। ਪਰ ਭੋਰੇ ਵਿਚ ਬੈਠਣ ਦਾ ਤੇ ਛੇ ਮਹੀਨੇ ਅੰਦਰ ਰਹਿਣ ਦਾ ਆਪ ਦਾ ਇਰਾਦਾ ਮੇਰੇ ਪਸੰਦ ਨਹੀਂ ਕਿਉਂਕਿ ਇਸ ਤਰਾਂ ਨਾਲ ਲੋਕਾਂ ਵਿਚ ਚਰਚਾ ਹੋਵੇਗੀ ਤੇ ਸੰਸਾਰ ਨੇ ਲਾਈਨਾਂ ਲਾ ਕੇ ਤੁਹਾਡੇ ਕੋਲ ਆਉਣਾ ਸ਼ੁਰੂ ਕਰ ਦੇਣਾ ਹੈ, ਇਹ ਮੈਨੂੰ ਠੀਕ ਨਹੀਂ ਲੱਗਦਾ। ਆਪ ਜੀ ਨੇ ਜੇ ਸੰਤ ਬਣਨਾ ਹੈ ਤਾਂ ਮੇਰੇ ਪਿਤਾ ਜੀ ਵਾਂਗ ਗ੍ਰਿਹਸਤ ਵਿਚ ਰਹਿ ਕੇ ਸੰਤ ਬਣੋ। ਮੈਂ ਆਪ ਜੀ ਨਾਲ ਵਾਅਦਾ ਕਰਦੀ ਹਾਂ ਕਿ ਮੈਂ ਕਦੀ ਵੀ ਤੁਹਾਡੀ ਭਗਤੀ ਵਿਚ ਵਿਘਨ ਦਾ ਕਾਰਨ ਨਹੀਂ ਬਣਾਂਗੀ, ਤੁਸੀਂ ਭਾਵੇਂ ਕਿੰਨਾਂ ਚਿਰ ਸਮਾਧੀ ਲਾ ਕੇ ਬੈਠੇ ਰਿਹਾ ਕਰੋ। ਮੇਰੀ ਹੱਥ ਬੰਨ੍ਹ ਕੇ ਤੁਹਾਡੇ ਅੱਗੇ ਬੇਨਤੀ ਹੈ ਕਿ ਆਪਾਂ ਨੇ ਸੰਤ ਨਹੀਂ ਬਣਨਾ, ਸਗੋਂ ਸੰਤਾਂ ਦੀ ਸੇਵਾ ਕਰਨੀ ਹੈ। ਕਿਸੇ ਅੱਗੇ ਹੱਥ ਅੱਡਣਾ ਨਹੀਂ ਸਗੋਂ ਹੱਥੋਂ ਦੇ ਕੇ ਭਲਾ ਮਨਾਉਣਾ ਹੈ। ਬੀਜੀ ਦੀਆਂ ਇਹ ਸਿਧੀਆਂ ਤੇ ਸਪਸ਼ਟ ਗੱਲਾਂ ਨੇ ਬਾਬਾ ਜੀ ਦੇ ਮਨ ਤੇ ਅਸਰ ਕੀਤਾ ਤੇ ਭੋਰੇ ਵਿਚ ਬੈਠਣ ਦਾ ਇਰਾਦਾ ਬਦਲ ਦਿਤਾ। ਇਹ ਖਬਰ ਸਰਦਾਰ ਚੰਦਾ ਸਿੰਘ ਤੇ ਮਾਤਾ ਸੁਖ ਕੌਰ ਨੂੰ ਦੱਸੀ ਤਾਂ ਸਾਰਿਆਂ ਨੇ ਬੀਜੀ ਦੀ ਪ੍ਰਸੰਸਾ ਕੀਤੀ ਕਿ ਬਾਬਾ ਜੀ ਨੂੰ ਸਹੀ ਤੇ ਠੋਸ ਦਲੀਲ ਦੇ ਕੇ ਮਨਾ ਲਿਆ ਹੈ। ਬਾਬਾ ਜੀ ਇਹ ਗੱਲ ਆਪ ਵੀ ਦੱਸਿਆ ਕਰਦੇ ਸਨ ਕਿ ਤੁਹਾਡੇ ਬੀਜੀ ਦੀ ਇਸ ਦਲੀਲ ਨਾਲ ਮੈਂ ਬਹੁਤ ਪ੍ਰਭਾਵਿਤ ਹੋਇਆ ਸੀ ਕਿ ਦਾਨ ਲੈਣ ਨਾਲੋਂ ਦਾਨ ਦੇਣਾ ਚੰਗਾ ਹੁੰਦਾ ਹੈ।

## ਬੀਜੀ ਦੀ ਸੇਵਾ ਘਾਲ

ਪਹਿਲਾਂ ਤਾਂ ਬਾਬਾ ਜੀ ਇਕੱਲੇ ਇਸ ਪਰਿਵਾਰ ਵਿਚ ਸਨ, ਹੁਣ ਬੀਜੀ ਵੀ ਸ਼ਾਮਲ ਹੋ ਗਏ। ਬੀਜੀ ਘਰ ਦਾ ਸਾਰਾ ਕੰਮ ਕਰਦੇ ਸਨ, ਪਰ ਮਾਤਾ ਸੁਖ ਕੌਰ ਜਦੋਂ ਵੀ ਇਨ੍ਹਾਂ ਨੂੰ ਕੰਮ ਕਰਦਿਆਂ, ਬਰਤਨ ਮਾਂਜਦਿਆਂ ਦੇਖਦੇ ਤਾਂ ਮਨ੍ਹਾ ਕਰ ਦਿੰਦੇ ਸਨ ਕਿ ਬੇਟਾ ਤੁਸੀਂ ਇਹ ਕੰਮ ਨਹੀਂ ਕਰਨਾ, ਪਰ ਬੀਜੀ ਕਿਥੇ ਹਟਦੇ ਸਨ, ਉਹ ਤਾਂ ਇਨ੍ਹਾਂ ਦੀ ਸੇਵਾ ਕਰਕੇ ਖੁਸ਼ ਹੁੰਦੇ ਸਨ। ਹੁਣ ਬੀਜੀ ਨੇ ਆਪਣੇ ਵਿਹਲੇ ਸਮੇਂ ਪਿੰਡ ਦੀਆਂ ਤੇ ਘਰ ਪਰਿਵਾਰ ਦੀਆਂ ਸਾਰੀਆਂ ਬੀਬੀਆਂ ਮਾਤਾਵਾਂ ਨੂੰ ਬੁਲਾ ਲੈਣਾ ਅਤੇ ਧਰਤੀ ਉਤੇ ਗੁਰਮੁਖੀ ਦੇ ਅੱਖਰ ਲਿਖ ਕੇ ਸਭ ਨੂੰ ਪੜ੍ਹਨਾ ਤੇ ਲਿਖਣਾ ਸਿਖਾਉਣਾ। ਫੇਰ ਸਾਰਿਆਂ ਨੂੰ ਗੁਰਬਾਣੀ ਕੰਠ ਕਰਵਾਉਣੀ ਸ਼ੁਰੂ ਕਰ ਦਿਤੀ। ਇਕ ਇਕ ਤੁਕ ਯਾਦ ਕਰਾ ਕੇ, ਫੇਰ ਸੁਣਦੇ ਸਨ। ਹੌਲੀ ਹੌਲੀ ਜਪੁਜੀ ਸਾਹਿਬ ਕੰਠ ਕਰਵਾ ਦਿਤਾ। ਦੋ ਕੁ ਮਹੀਨੇ ਵਿਚ ਸਾਰੇ ਬਾਣੀ ਪੜ੍ਹਨ ਲਾ ਦਿਤੇ। ਜਿਵੇਂ ਬਾਬਾ ਜੀ ਵਿਹਲੇ ਸਮੇਂ ਭਾਈਆਂ ਨੂੰ ਪੜ੍ਹਾਉਂਦੇ ਸਨ, ਇਸੇ ਤਰ੍ਹਾਂ ਬੀਜੀ ਨੇ ਬੀਬੀਆਂ ਨੂੰ ਪੜ੍ਹਾਇਆ। ਇਸ ਬਾਰੇ ਦਾਸ ਨੂੰ ਖੁਦ ਇਕ ਦੋ ਮਾਤਾਵਾਂ ਤੇ ਭਾਈਆਂ ਨੇ ਦੱਸਿਆ ਸੀ ਜਦੋਂ ਕਿ ਸ. ਨਿਰੰਜਨ ਸਿੰਘ ਦੇ ਗ੍ਰਹਿ ਵਿਖੇ ਆਸਾ ਦੀ

ਵਾਰ ਦਾ ਕੀਰਤਨ ਸੀ ਤੇ ਬਾਬਾ ਜੀ ਵੀ ਉਥੇ ਪ੍ਰਬਚਨ ਕਰਨ ਵਾਸਤੇ ਪੁਜੇ ਹੋਏ ਸਨ। ਉਹ ਦੱਸ ਰਹੇ ਸਨ ਕਿ ਬੀਬੀ ਦਾ ਲੱਖ ਲੱਖ ਧੰਨਵਾਦ ਹੈ ਕਿ ਅਸੀਂ ਅਨਪੜ੍ਹ ਵੀ ਬਾਣੀ ਪੜ੍ਹਨ ਜੋਗੇ ਹੋ ਗਏ ਤੇ ਅਖਬਾਰ ਵੀ ਪੜ੍ਹ ਲੈਂਦੇ ਹਾਂ। ਇਸ ਤਰ੍ਹਾਂ ਨਾਲ ਬੀਜੀ ਵੀ ਪਰਉਪਕਾਰੀ ਕਾਰਜਾਂ ਵਾਸਤੇ ਬਾਬਾ ਜੀ ਨਾਲੋਂ ਘੱਟ ਨਹੀਂ ਸਨ, ਸ਼ੁਰੂ ਤੋਂ ਹੀ ਹਰ ਕੰਮ ਵਿਚ ਪੂਰਾ ਸਾਥ ਦਿੰਦੇ ਰਹੇ ਹਨ।

## ਸਿੰਧ ਵਿਚ ਚੋਰੀ ਚਕਾਰੀ ਨੂੰ ਠੱਲ੍ਹ

ਕਰਾਚੀ, ਹੈਦਰਾਬਾਦ, ਸਿੰਧ ਤੇ ਇਲਾਕੇ ਮੱਖੀਬੇਲਾ ਵਿਚ ਚੋਰਾਂ ਦਾ ਬਹੁਤ ਜ਼ੋਰ ਸੀ ਤੇ ਇਹ ਚੋਰਾਂ ਦੇ ਗਰੋਹ ਇਸ ਇਲਾਕੇ ਵਿਚ ਆ ਜਾਂਦੇ ਸਨ। ਇਨ੍ਹਾਂ ਦਾ ਕੰਮ ਇਹ ਹੁੰਦਾ ਸੀ ਕਿ ਇਹ ਖੇਤਾਂ ਵਿਚ ਪਈ ਪੱਕੀ ਫਸਲ ਨੂੰ ਚੁਕ ਕੇ ਲੈ ਜਾਂਦੇ ਸਨ। ਜਿਵੇਂ ਕਿਸਾਨ ਨੇ ਕਣਕ ਕੱਟੀ ਹੈ, ਬੋਹਲ ਲੱਗਿਆ ਪਿਆ ਹੈ, ਛੱਲੀਆਂ ਕੱਢੀਆਂ, ਛੱਲੀਆਂ ਦਾ ਬੋਹਲ ਪਿਆ ਹੈ, ਰਾਤੋ ਰਾਤ ਚੁਕ ਕੇ ਲੈ ਜਾਂਦੇ ਸਨ। ਇਸ ਇਲਾਕੇ ਵਿਚ ਇਨ੍ਹਾਂ ਨੇ ਦਹਿਸ਼ਤ ਫੈਲਾਈ ਹੋਈ ਸੀ। ਬਾਬਾ ਜੀ ਨੇ ਪਿੰਡ ਪਿੰਡ ਵਿਚ ਭਾਈਆਂ ਨੂੰ ਇਕੱਠੇ ਕਰਨਾ ਅਤੇ ਬੀਜੀ ਨੇ ਬੀਬੀਆਂ ਨੂੰ ਇਕੱਠੇ ਕਰਨਾ। ਬਾਬਾ ਜੀ ਭਾਈਆਂ ਨੂੰ ਗਤਕਾ ਖੇਡਣ ਦੀ ਜਾਚ ਦਸ ਕੇ ਪਰੈਕਟਿਸ ਕਰਵਾਉਂਦੇ ਅਤੇ ਦੱਸਦੇ ਸਨ ਕਿ ਦੂਜੇ ਦਾ ਵਾਰ ਕਿਸ ਤਰ੍ਹਾਂ ਰੋਕਣਾ ਹੈ ਅਤੇ ਆਪ ਵਾਰ ਕਿਸ ਤਰ੍ਹਾਂ ਕਰਨਾ ਹੈ। ਇਕੱਠੇ ਹੋ ਕੇ ਠੀਕਰੀ ਪਹਿਰਾ ਦੇਣ ਦਾ ਦੱਸਿਆ ਕਿ ਰਾਤ ਨੂੰ ਜਾਗ ਕੇ ਪਹਿਰਾ ਦਿਓ ਤਾਂ ਕਿ ਚੋਰਾਂ ਨੂੰ ਪਤਾ ਲੱਗੇ ਕਿ ਇਥੇ ਤਾਂ ਸਾਰੇ ਸਾਵਧਾਨ ਹਨ ਤੇ ਉਨ੍ਹਾਂ ਦਾ ਦਾਅ ਇਥੇ ਨਹੀਂ ਲੱਗ ਸਕੇਗਾ। ਬਾਬਾ ਜੀ ਨੇ ਕੀਰਤਨ, ਸੇਵਾ, ਸਿਮਰਨ ਦੇ ਨਾਲ ਨਾਲ, ਆਪਣੀ ਰੱਖਿਆ ਆਪ ਕਰਨ ਦਾ ਵੀ ਢੰਗ ਸਿਖਾਇਆ। ਬੀਜੀ ਬੀਬੀਆਂ ਨੂੰ ਟ੍ਰੇਨਿੰਗ ਦਿੰਦੇ ਤੇ ਦੌੜ ਲਗਵਾਉਂਦੇ ਤਾਂ ਕਿ ਕਿਸੇ ਵੀ ਮੁਸੀਬਤ ਵਿਚ ਹਾਲਾਤ ਦਾ ਮੁਕਾਬਲਾ ਹੌਸਲੇ ਨਾਲ ਕੀਤਾ ਜਾ ਸਕੇ। ਬੀਬੀਆਂ ਨੂੰ, ਸਿੰਘ ਬੀਬੀਆਂ ਦੀਆਂ ਸਾਖੀਆਂ ਸੁਣਾ ਕੇ ਉਨ੍ਹਾਂ ਦੇ ਹੌਸਲੇ ਬੁਲੰਦ ਰੱਖਿਆ ਕਰਦੇ ਸਨ ਕਿ ਬੀਬੀਆਂ ਕਿਸੇ ਤਰ੍ਹਾਂ ਵੀ ਮਰਦਾਂ ਨਾਲੋਂ ਘੱਟ ਨਹੀਂ ਹੁੰਦੀਆਂ। ਮਾਤਾ ਭਾਗੋ, ਬੀਬੀ ਸਤਵੰਤ ਕੌਰ, ਦਲੇਰ ਕੌਰ ਦੇ ਕਾਰਨਾਮੇ ਉਨ੍ਹਾਂ ਨੂੰ ਸੁਣਾ ਕੇ ਨਵੀਂ ਰੂਹ ਭਰਨ ਦਾ ਕੰਮ ਕਰਿਆ ਕਰਦੇ ਸਨ। ਸੋ ਇਸ ਤਰ੍ਹਾਂ ਨਾਲ ਪਹਿਲਾਂ ਬਾਬਾ ਜੀ ਇਕੱਲੇ ਸਨ, ਪਰ ਹੁਣ ਬੀਜੀ ਨੇ ਆ ਕੇ ਇਸ ਪਰਚਾਰ ਨੂੰ ਤੇ ਪਰਉਕਾਰ ਨੂੰ ਹੋਰ ਵੀ ਅਸਰਦਾਇਕ ਕਰ ਦਿਤਾ। ਕੇਵਲ ਨਾਮ ਜੱਪਣ ਤੇ ਸੇਵਾ ਸਿਮਰਨ ਤਕ ਹੀ ਸੀਮਤ ਨਹੀਂ ਸਗੋਂ ਸਿਖੀ ਰਹੁ ਰੀਤ ਤੇ ਬਹਾਦਰੀ ਦੀ ਰੂਹ ਭਰ ਕੇ ਸਭ ਨੂੰ ਆਤਮ ਨਿਰਭਰ ਬਨਾਉਣ ਵਿਚ ਭਰਪੂਰ ਯੋਗਦਾਨ ਪਾਇਆ।

## ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦੇ ਦਰਸ਼ਨਾਂ ਦੀ ਤੜਪ

ਬਾਬਾ ਜੀ ਨੂੰ ਸਿੰਧ ਵਿਚ ਆਇਆਂ ਤਕਰੀਬਨ ਤਿੰਨ ਕੁ ਸਾਲ ਹੋ ਗਏ ਸਨ ਅਤੇ ਇਨ੍ਹਾਂ ਤਿੰਨਾਂ ਸਾਲਾਂ ਵਿਚ ਆਪ ਜੀ ਨੇ ਇਲਾਕੇ ਦੀ ਕਾਇਆ ਕਲਪ ਕਰ ਦਿਤੀ। ਗੁਰਸਿਖੀ ਪਰਚਾਰ ਦੇ ਨਾਲ ਨਾਲ ਆਤਮ ਵਿਸ਼ਵਾਸ, ਬਹਾਦਰੀ ਅਤੇ ਸਵੈਮਾਨ ਦੇ ਸਬਕ ਨੂੰ ਦ੍ਰਿੜ੍ਹ ਕਰਵਾਇਆ। ਉਹ ਹਾਲਤ ਇਸ ਤਰ੍ਹਾਂ ਸੀ ਕਿ ਜਿਧਰ ਨੂੰ ਵੀ ਬਾਬਾ ਜੀ ਜਾਂਦੇ, ਉਸ ਵੇਲੇ ਸੰਗਤ ਇਕੱਤਰ ਹੋ ਕੇ ਇਨ੍ਹਾਂ ਦੇ ਸੰਦੇਸ਼ ਦੀ ਉਡੀਕ ਕਰਦੀ ਸੀ। ਜਿਸ ਤਰ੍ਹਾਂ ਆਪ ਸਭ ਨੂੰ ਪਿਆਰ ਵੰਡਦੇ ਸਨ, ਇਸੇ ਤਰ੍ਹਾਂ ਸੰਗਤ ਵੀ ਆਪ ਦੇ ਪਿਆਰ ਵਿਚ ਗੱਦ ਗੱਦ ਹੁੰਦੀ ਸੀ। ਪਰ ਸਮਾਂ ਕਿਸੇ ਦੀ ਲਿਹਾਜ਼ ਨਹੀਂ ਕਰਦਾ, ਇਹ ਆਪਣੀ ਤੋਰ ਤੁਰਦਾ ਰਹਿੰਦਾ ਹੈ। ਬੀਜੀ ਦੇ ਆਉਣ ਕਰਕੇ ਵੱਡੇ ਮਹਾਰਾਜ ਸੰਤ ਈਸ਼ਰ ਸਿੰਘ ਜੀ ਦੀਆਂ ਗੱਲਾਂ ਹਰ ਵੇਲੇ ਹੁੰਦੀਆਂ ਰਹਿੰਦੀਆਂ ਸਨ ਅਤੇ ਦੋਵਾਂ ਜੀਆਂ ਨੂੰ ਸੰਤ ਮਹਾਰਾਜ ਜੀ ਦੇ ਦਰਸ਼ਨ ਕਰਨ ਦੀ ਖਿੱਚ ਪੈ ਰਹੀ ਸੀ। ਬਾਬਾ ਜੀ ਦਸਿਆ ਕਰਦੇ ਸਨ ਕਿ ਸੰਤ ਮਹਾਰਾਜ ਜੀ ਦੀ ਖਿੱਚ ਤਾਂ ਮੈਨੂੰ ਹਰ ਵੇਲੇ ਹੀ ਰਹਿੰਦੀ ਸੀ ਪਰ ਹੁਣ ਤੀਬਰਤਾ ਵਧਦੀ ਜਾ ਰਹੀ ਸੀ। ਮਨ ਵਿਚ ਫੁਰਨਾ ਬਣ ਰਿਹਾ ਸੀ ਕਿ ਕਿਹੜੀ ਘੜੀ ਮਹਾਰਾਜ ਜੀ ਦੇ ਦਰਸ਼ਨ ਕਰਕੇ ਨੇਤਰਾਂ ਨੂੰ ਤ੍ਰਿਪਤ ਕਰੀਏ। ਸਿੰਧ ਦੇ ਇਸ ਇਲਾਕੇ ਵਿਚ 30 ਮੀਲ ਦੇ ਏਰੀਏ ਦੇ ਅੰਦਰ ਗੁਰਸਿਖੀ ਫੈਲ ਚੁਕੀ ਸੀ, ਲੋਕਾਂ ਦੇ ਸੁਭਾਅ ਬਦਲ ਚੁਕੇ ਸਨ। ਆਪਸੀ ਪਿਆਰ ਤੇ ਭਾਈਚਾਰੇ ਦਾ ਵਾਤਾਵਰਣ ਪੈਦਾ ਹੋ ਚੁਕਿਆ ਸੀ ਤੇ ਇਸ ਦਾ ਸਾਰਾ ਸਿਹਰਾ ਬਾਬਾ ਜੀ ਨੂੰ ਜਾਂਦਾ ਸੀ ਜਿਨ੍ਹਾਂ ਨੇ ਦਿਨ ਰਾਤ ਇਕ ਕਰਕੇ ਇਥੇ ਜਾਗਰੂਪਤਾ ਲਿਆਂਦੀ ਤੇ ਲੋਕਾਂ ਦੀ ਰਹਿਣੀ ਬਹਿਣੀ ਤੇ ਕਰਨੀ ਨੂੰ ਗੁਰਮਤਿ ਅਨੁਸਾਰ ਢਾਲ ਦਿਤਾ। ਬਾਬਾ ਜੀ ਵੀ ਮਹਿਸੂਸ ਕਰ ਰਹੇ ਸੀ ਕਿ ਹੁਣ ਇਸ ਇਲਾਕੇ ਵਿਚ ਸਿਖੀ ਦਾ ਬੀਜ ਵਧੇਗਾ ਤੇ ਫੁਲੇਗਾ ਕਿਉਂਕਿ ਸਾਰਿਆਂ ਨੂੰ ਗੁਰੂ ਮਹਾਰਾਜ ਜੀ ਦੇ ਸਿਧਾਂਤ ਤੇ ਉਦੇਸ਼ ਕੁਝ ਹੱਦ ਤਕ ਸਮਝ ਪੈ ਚੁਕੇ ਹਨ ਤੇ ਹੁਣ ਮੇਰਾ ਕਾਰਜ ਵੀ ਇਥੇ ਪੂਰਾ ਹੁੰਦਾ ਜਾਪਦਾ ਹੈ। ਬੀਜੀ ਵੀ ਘਰ ਜਾਣ ਵਾਸਤੇ ਤੇ ਮਹਾਰਾਜ ਜੀ ਦੇ ਦਰਸ਼ਨ ਕਰਨ ਵਾਸਤੇ ਜ਼ੋਰ ਪਾਉਂਦੇ ਰਹਿੰਦੇ ਸਨ।

## ਸਿੰਧ ਤੋਂ ਵਿਦਾਇਗੀ ਦਾ ਸੰਕਲਪ

ਸੋ ਇਕ ਦਿਨ ਬਾਬਾ ਜੀ ਨੇ ਸਰਦਾਰ ਚੰਦਾ ਸਿੰਘ ਤੇ ਮਾਤਾ ਸੁਖ ਕੌਰ ਜੀ ਨੂੰ ਆਪਣੀ ਇੱਛਾ ਜ਼ਾਹਰ ਕੀਤੀ ਕਿ ਮੈਂ ਸਮਝਦਾ ਹਾਂ ਇਥੇ ਕਿਸੇ ਹੱਦ ਤਕ ਗੁਰੂ ਮਹਾਰਾਜ ਜੀ ਨੇ ਜੋ ਸੇਵਾ ਕਰਾਈ ਹੈ ਉਸ ਦਾ ਸਾਰਿਆਂ ਨੂੰ ਹੀ ਲਾਭ ਹੋਵੇਗਾ। ਮੇਰੀ ਹੁਣ ਇਥੋਂ ਚਲੇ ਜਾਣ ਦੀ ਇੱਛਾ ਹੈ ਤੇ ਆਪ ਸਾਰੇ ਪਰਿਵਾਰ ਨੇ ਜੋ ਪਿਆਰ ਤੇ ਅਪਣੱਤ ਵਿਖਾਈ ਹੈ, ਮੈਨੂੰ ਕਦੀ ਮਹਿਸੂਸ ਹੀ ਨਹੀਂ ਹੋਣ ਦਿਤਾ ਕਿ ਮੈਂ ਓਪਰੇ ਥਾਂ ਰਹਿ ਰਿਹਾ ਹਾਂ। ਆਪ ਦੋਵਾਂ ਨੇ ਮੈਨੂੰ ਪਿਤਾ ਤੇ ਮਾਤਾ ਵਾਲਾ ਪਿਆਰ ਦਿਤਾ ਹੈ ਜਿਸ ਲਈ ਮੈਂ ਆਪ ਦਾ ਬਹੁਤ ਰਿਣੀ ਹਾਂ। ਆਪ ਦੇ ਸਪੁੱਤਰਾਂ ਨੇ ਕਦੀ ਵੀ ਮੈਨੂੰ ਮਹਿਸੂਸ ਨਹੀਂ ਹੋਣ ਦਿਤਾ ਕਿ ਮੈਂ ਇਕ ਪਰਦੇਸੀ ਹਾਂ। ਭਰਾਵਾਂ ਤੋਂ ਵੀ ਵੱਧ ਪਿਆਰ ਦਿਤਾ

ਹੈ, ਕਦੇ ਕਿਸੇ ਗੱਲ ਵਿਚ ਵਿਤਕਰੇ ਵਾਲਾ ਵਰਤਾਅ ਨਹੀਂ ਕੀਤਾ। ਮੇਰੀ ਧਰਮ ਸੁਪਤਨੀ ਨੂੰ ਵੀ ਆਪ ਸਭ ਨੇ ਕਿੰਨਾ ਮਾਣ ਇੱਜ਼ਤ ਤੇ ਪਿਆਰ ਦਿਤਾ ਹੈ, ਇਸ ਬਾਰੇ ਕਿਹਾ ਨਹੀਂ ਜਾ ਸਕਦਾ, ਮਾਂ ਬਾਪ ਤੋਂ ਵੀ ਵੱਧ ਪਿਆਰ ਤੇ ਸਤਿਕਾਰ ਦਿਤਾ ਹੈ। ਅਸੀਂ ਦੋਵੇਂ ਜੀਅ ਆਪ ਦੇ ਪਿਆਰ ਭਰੇ ਵਤੀਰੇ ਤੇ ਅਪਣੱਤ ਤੋਂ ਬਹੁਤ ਖੁਸ਼ ਹਾਂ ਤੇ ਅਸੀਂ ਕਦੀ ਤੁਹਾਨੂੰ ਭੁਲਾ ਨਹੀਂ ਸਕਾਂਗੇ। ਜਿਥੇ ਤੁਸੀਂ ਮਾਤਾ ਪਿਤਾ ਦੀ ਡਿਊਟੀ ਨਿਭਾਈ ਹੈ, ਉਥੇ ਤੁਸੀਂ ਗੁਰਮਤਿ ਦੇ ਪਰਚਾਰ ਲਈ ਵੀ ਪੂਰਾ ਸਾਥ ਦਿਤਾ ਹੈ ਅਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਵੀ ਪ੍ਰਾਪਤ ਕੀਤੀਆਂ ਹਨ। ਬਾਬਾ ਜੀ ਤੋਂ ਇਸ ਤਰ੍ਹਾਂ ਦੇ ਬਚਨ ਸੁਣ ਕੇ ਸਰਦਾਰ ਚੰਦਾ ਸਿੰਘ ਤੇ ਮਾਤਾ ਸੁਖ ਕੌਰ ਜੀ ਹੈਰਾਨ ਹੋ ਗਏ ਤੇ ਅੱਖਾਂ ਵਿਚ ਪਿਆਰ ਦੇ ਹੰਝੂ ਵਗਣੇ ਸ਼ੁਰੂ ਹੋ ਗਏ ਤੇ ਕਹਿਣ ਲੱਗੇ, ਤੁਸੀਂ ਸਾਨੂੰ ਐਨਾ ਪਿਆਰ ਦਿਤਾ ਹੈ ਕਿ ਅਸੀਂ ਤਾਂ ਫੁਲੇ ਨਹੀਂ ਸੀ ਸਮਾਉਂਦੇ। ਵਾਹਿਗੁਰੂ ਨੇ ਸਾਨੂੰ ਤੁਹਾਡੀ ਸੇਵਾ ਕਰਨ ਦਾ ਅਵਸਰ ਬਖਸ਼ਿਆ ਹੈ, ਆਪਣੇ ਗੁਰਮੁਖ ਪਿਆਰੇ ਨੂੰ ਸਾਡੇ ਘਰ ਭੇਜ ਕੇ, ਸੰਗਤ ਕਰਨ ਦਾ ਮੌਕਾ ਦਿਤਾ ਹੈ। ਹੁਣ ਤੁਸੀਂ ਕਿਸ ਤਰ੍ਹਾਂ ਦੀਆਂ ਗੱਲਾਂ ਕਰਨ ਲੱਗ ਪਏ ਹੋ, ਹੁਣ ਅਸੀਂ ਤੁਹਾਥੋਂ ਵਿਛੜਨਾ ਨਹੀਂ ਚਾਹੁੰਦੇ, ਜੀਵਨ ਭਰ ਅਸੀਂ ਤੁਹਾਡਾ ਸਾਥ ਮਾਨਣਾ ਚਾਹੁੰਦੇ ਹਾਂ। ਅਸੀਂ ਤੁਹਾਨੂੰ ਆਪਣਾ ਪੁਤਰ ਬਣਾਇਆ ਹੈ ਅਤੇ ਪੁਤਰ ਆਪਣੇ ਮਾਤਾ ਪਿਤਾ ਦੀ ਆਗਿਆ ਬਿਨਾਂ ਕਿਸ ਤਰ੍ਹਾਂ ਜਾ ਸਕਦਾ ਹੈ? ਸਾਡੀ ਨੂੰਹ ਰਾਣੀ, ਜਿਸ ਨੂੰ ਅਸੀਂ ਆਪਣੀ ਸਕੀ ਧੀ ਸਮਝਦੇ ਹਾਂ, ਹਾਲੇ ਤਾਂ ਇਸ ਨਾਲ ਰਹਿ ਕੇ ਸਾਡੇ ਲਾਡ ਚਾਅ ਵੀ ਪੂਰੇ ਨਹੀਂ ਹੋਏ ਤੇ ਤੁਸੀਂ ਪੰਜਾਬ ਦੇਸ ਵਾਪਸ ਜਾਣ ਦੀਆਂ ਗੱਲਾਂ ਕਰਨ ਲੱਗ ਪਏ ਹੋ। ਪੁਤਰ! ਸਾਥੋਂ ਇਹ ਵਿਛੋੜਾ ਸਹਿ ਨਹੀਂ ਹੋਣਾ। ਇਸ ਤਰ੍ਹਾਂ ਨਾਲ ਗੱਲਾਂ ਕਰਦੇ ਕਰਦੇ ਮਾਤਾ ਸੁਖ ਕੌਰ ਦੀਆਂ ਡਾਡਾਂ ਨਿਕਲ ਗਈਆਂ ਤੇ ਬਾਬਾ ਜੀ ਨੂੰ ਜੱਫੀ ਵਿਚ ਲੈ ਲਿਆ ਕਿ ਪੁਤਰ! ਆਪਣੀ ਮਾਂ ਨੂੰ ਛੱਡ ਕੇ ਨਾ ਜਾਈਂ। ਮਾਤਾ ਜੀ ਦੇ ਰੋਣ ਦੀ ਆਵਾਜ਼ ਸੁਣ ਕੇ ਸਾਰਾ ਟੱਬਰ ਇਕੱਠਾ ਹੋ ਗਿਆ ਤੇ ਮਾਤਾ ਦੇ ਪੁਤਰ ਵੀ ਬਾਬਾ ਜੀ ਨੂੰ ਕਹਿਣ ਲੱਗੇ ਕਿ ਭਾਅ ਜੀ! ਅਸੀਂ ਤੁਹਾਨੂੰ ਕਿਵੇਂ ਭੇਜ ਸਕਦੇ ਹਾਂ, ਤੁਸੀਂ ਤਾਂ ਸਾਡੀ ਜਿੰਦ ਜਾਨ ਹੋ, ਤੁਸੀਂ ਸਾਨੂੰ ਨਵਾਂ ਜੀਵਨ ਬਖਸ਼ਿਆ ਹੈ। ਬਾਬਾ ਜੀ ਪਿਆਰ ਨਾਲ ਸਾਰੇ ਪਰਿਵਾਰ ਨੂੰ ਸਮਝਾਉਣ ਲੱਗੇ, ਕਹਿਣ ਲਗੇ ਦੇਖੋ! ਮੈਂ ਤਾਂ ਪਰਦੇਸੀ ਹਾਂ। ਕੁਝ ਸਮਾਂ ਠਹਿਰਨ ਵਾਸਤੇ ਮੈਂ ਆਇਆ ਸੀ ਤੇ ਮੈਨੂੰ ਮੇਰੇ ਪਿਆਰੇ ਨੇ ਇਸ ਕਾਰਜ ਲਈ ਭੇਜਿਆ ਸੀ ਤੇ ਮੇਰਾ ਪਿਆਰਾ ਹੀ ਮੈਨੂੰ ਖਿਚ ਪਾ ਰਿਹਾ ਹੈ ਕਿਉਂਕਿ ਹੁਣ ਉਸ ਦੀ ਮਰਜ਼ੀ ਮੈਨੂੰ ਹੋਰ ਕਿਧਰੇ ਭੇਜਣ ਦੀ ਹੈ। ਤੁਸੀਂ ਵੈਰਾਗ ਨਾ ਕਰੋ, ਮੈਂ ਕੱਲ ਨਹੀਂ ਜਾਂਦਾ, ਪੰਜ ਚਾਰ ਦਿਨ ਹੋਰ ਠਹਿਰ ਜਾਂਦਾ ਹਾਂ ਪਰ ਮੇਰਾ ਜਾਣਾ ਪੱਕਾ ਹੈ, ਮੈਂ ਜਾਣਾ ਹੀ ਜਾਣਾ ਹੈ, ਮੇਰਾ ਪਿਆਰਾ ਮੈਨੂੰ ਖਿਚ ਰਿਹਾ ਹੈ। ਇਸ ਤਰ੍ਹਾਂ ਦੇ ਬਚਨ ਕਰਕੇ ਸਭ ਨੂੰ ਧਰਵਾਸ ਦਿਤੀ।

## ਸਿੰਧ ਤੋਂ ਵਿਦਾਇਗੀ

ਸਰਦਾਰ ਚੰਦਾ ਸਿੰਘ ਤੇ ਮਾਤਾ ਸੁਖ ਕੌਰ ਨੇ ਆਪਸ ਵਿਚ ਸਲਾਹ ਕੀਤੀ ਕਿ ਪੁਤਰ ਦਾ ਜੋ ਮੁਰੱਬਾ ਹੈ, ਜ਼ਮੀਨ ਹੈ, ਉਸ ਦੀ ਆਮਦਨ ਦਾ ਹਿਸਾ ਅਸੀਂ ਜ਼ਰੂਰ ਦੇਣਾ ਹੈ ਕਿਉਂਕਿ ਮੈਂ ਪਹਿਲੇ ਦਿਨ ਇਨ੍ਹਾਂ ਨਾਲ ਬਚਨ ਕੀਤਾ ਸੀ। ਨੂੰਹ ਰਾਣੀ ਨੂੰ ਵੀ ਪੂਰੇ ਮਾਣ ਤੇ ਆਦਰ ਸਹਿਤ ਵਿਦਾ ਕਰਨਾ ਹੈ। ਕੀ ਪਤਾ ਫੇਰ ਇਨ੍ਹਾਂ ਦੇ ਸਾਨੂੰ ਦਰਸ਼ਨ ਹੋਣੇ ਹਨ ਕਿ ਨਹੀਂ। ਇਸ ਲਈ ਸਾਰੀ ਤਿਆਰੀ ਕਰਨੀ ਹੈ। ਇਧਰ ਜਿਉਂ ਹੀ ਬਾਬਾ ਜੀ ਨੇ ਆਪਣੇ ਵਾਪਸ ਜਾਣ ਦੀ ਇੱਛਾ ਪਰਗਟ ਕੀਤੀ, ਸਾਰੇ ਪਿੰਡ ਵਿਚ ਪਤਾ ਲੱਗ ਗਿਆ ਕਿ ਇਹ ਤਾਂ ਸਾਨੂੰ ਛੱਡ ਕੇ ਵਾਪਸ ਜਾ ਰਹੇ ਹਨ। ਇਹ ਖਬਰ ਜੰਗਲ ਦੀ ਅੱਗ ਵਾਂਗ ਸਾਰੇ ਇਲਾਕੇ ਵਿਚ ਫੈਲ ਗਈ ਅਤੇ ਨੇੜੇ ਤੇੜੇ ਦੇ ਇਲਾਕੇ ਦੇ ਪ੍ਰੇਮੀ ਵਹੀਰਾਂ ਘਤ ਕੇ ਆਉਣ ਲੱਗੇ ਤੇ ਸਾਰੇ ਹੀ ਬਾਬਾ ਜੀ ਨੂੰ ਹੰਝੂਆਂ ਭਰੇ ਨੇਤਰਾਂ ਨਾਲ ਇਹੀ ਕਹਿ ਰਹੇ ਸਨ ਕਿ ਜੇ ਤੁਸੀਂ ਜਾਣਾ ਸੀ ਤਾਂ ਸਾਨੂੰ ਪਿਆਰ ਦਾ ਸਬਕ ਕਿਉਂ ਸਿਖਾਇਆ ਸੀ, ਹੁਣ ਅਸੀਂ ਤੁਹਾਡੇ ਬਿਨਾਂ ਕਿਸ ਤਰ੍ਹਾਂ ਰਹਾਂਗੇ? ਤੁਰਨ ਤੋਂ ਪਹਿਲਾਂ ਸੰਗਤਾਂ ਦਾ ਆਉਣਾ ਜਾਣਾ ਲੱਗਿਆ ਰਿਹਾ, ਪਰ ਬਾਬਾ ਜੀ ਸਭ ਨੂੰ ਸਮਝਾਉਣ ਦਾ ਯਤਨ ਕਰਦੇ ਕਿ ਮੈਂ ਤਾਂ ਪਰਦੇਸੀ ਹਾਂ ਤੇ ਗੁਰੂ ਮਹਾਰਾਜ ਜੀ ਨੇ ਤੁਹਾਡੀ ਸੇਵਾ ਲਈ ਭੇਜਿਆ ਸੀ, ਆਖਰ ਪਰਦੇਸੀ ਨੇ ਤਾਂ ਆਪਣੇ ਦੇਸ ਜਾਣਾ ਹੀ ਹੁੰਦਾ ਹੈ ਕਿਉਂਕਿ ਜੋ ਕੁਝ ਹੋ ਰਿਹਾ ਹੈ ਸਭ ਗੁਰੂ ਦੇ ਹੁਕਮ ਵਿਚ ਹੋ ਰਿਹਾ ਹੈ। ਤੁਹਾਨੂੰ ਘਬਰਾਉਣ ਦੀ ਲੋੜ ਨਹੀਂ, ਗੁਰੂ ਮਹਾਰਾਜ ਤੁਹਾਡੇ ਅੰਗ ਸੰਗ ਹਨ। ਇਸ ਸੰਸਾਰ ਵਿਚ ਵਿਚਰਦਿਆਂ ਹੋਇਆਂ ਨੇਕ, ਸਦਾਚਾਰ ਵਾਲਾ ਤੇ ਚੜ੍ਹਦੀ ਕਲਾ ਵਾਲਾ ਜੀਵਨ ਬਤੀਤ ਕਰੋ ਅਤੇ ਪਰਲੋਕ ਦਾ ਸੁਖ ਪ੍ਰਾਪਤ ਕਰਨ ਲਈ ਵੱਧ ਤੋਂ ਵੱਧ ਨਾਮ ਜਪੋ, ਸਿਮਰਨ ਕਰੋ ਤੇ ਸੇਵਾ ਕਰੋ ਅਤੇ ਜੋ ਵੀ ਤੁਹਾਡੇ ਸੰਪਰਕ ਵਿਚ ਆਉਂਦਾ ਹੈ ਉਸ ਨੂੰ ਇਸ ਤਰ੍ਹਾਂ ਦੀ ਪ੍ਰੇਰਨਾ ਦਿਉ। ਇਸ ਤਰ੍ਹਾਂ ਕਰਨ ਨਾਲ ਤੁਹਾਨੂੰ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਹੋਣਗੀਆਂ। ਲੋਕ ਅਤੇ ਪਰਲੋਕ ਦੋਵੇਂ ਸੁਹੇਲੇ ਹੋ ਜਾਣਗੇ।

ਆਖਰ ਉਹ ਸਮਾਂ ਤੇ ਘੜੀ ਪਲ ਵੀ ਆ ਪਹੁੰਚੇ ਜਦੋਂ ਆਪ ਨੇ ਗੋਠ ਚੰਦਾ ਸਿੰਘ ਤੋਂ ਬੀਜੀ ਸਮੇਤ ਤੁਰਨਾ ਸੀ। ਸਰਦਾਰ ਚੰਦਾ ਸਿੰਘ ਤੇ ਮਾਤਾ ਸੁਖ ਕੌਰ ਨੇ ਬਾਬਾ ਜੀ ਤੇ ਬੀਜੀ ਨੂੰ ਸੋਹਣੇ ਵਸਤਰ ਆਦਿ ਭੇਟ ਕੀਤੇ ਤੇ ਨਾਲ ਜ਼ਮੀਨ ਦੀ ਆਮਦਨ ਦਾ ਜੋ ਹਿਸਾ ਬਣਦਾ ਸੀ, ਉਹ ਦਿਤਾ ਪਰ ਬਾਬਾ ਜੀ ਤੇ ਬੀਜੀ ਇਸ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਸਨ, ਪਰ ਉਨ੍ਹਾਂ ਦੇ ਜ਼ੋਰ, ਪਿਆਰ ਤੇ ਵੈਰਾਗ ਅੱਗੇ ਜ਼ੋਰ ਨਹੀਂ ਚਲਿਆ। ਸਾਰਾ ਪਰਿਵਾਰ ਗਲਵਕੜੀ ਪਾ ਕੇ ਮਿਲ ਰਿਹਾ ਹੈ, ਸਾਰਿਆਂ ਦੇ ਨੇਤਰ ਪਿਆਰ ਤੇ ਵੈਰਾਗ ਦੇ ਹੰਝੂਆਂ ਨਾਲ ਭਰੇ ਪਏ ਹਨ ਅਤੇ ਬੋਲਣ ਵਾਸਤੇ ਗਲਾ ਵੀ ਸਾਥ ਨਹੀਂ ਦੇ ਰਿਹਾ। ਬਾਬਾ ਜੀ ਘੋੜੀ ਤੇ ਸਵਾਰ ਹੋ ਗਏ ਅਤੇ ਗੱਡੇ ਉਤੇ ਬੀਜੀ, ਮਾਤਾ ਸੁਖ ਕੌਰ ਤੇ ਸਰਦਾਰ ਚੰਦਾ ਸਿੰਘ ਦੇ ਪਰਿਵਾਰ ਦੇ ਇਕ ਦੋ ਮੈਂਬਰ ਬੈਠ ਗਏ। ਦੋਵਾਂ ਜੀਆਂ ਨੇ ਸਾਰਿਆਂ ਨੂੰ ਫਤਹਿ ਗਜਾ ਕੇ ਅਲਵਿਦਾ ਲਈ ਤੇ ਆਪਣੇ ਰਾਹ ਤੇ ਟੁਰ ਪਏ ਕਿਉਂਕਿ ਗੱਡੀ ਨਵਾਬਸ਼ਾਹ ਸਟੇਸ਼ਨ ਤੋਂ ਹੀ ਮਿਲਣੀ ਸੀ। ਰਸਤੇ ਵਿਚ ਪ੍ਰੇਮੀ ਸੰਗਤਾਂ

ਬਾਬਾ ਜੀ ਦੇ ਦਰਸ਼ਨ ਤੇ ਉਨ੍ਹਾਂ ਨੂੰ ਆਖਰੀ ਵਾਰ ਮਿਲਣ ਵਾਸਤੇ ਥਾਂ ਥਾਂ ਤੇ ਖੜ੍ਹੇ ਸਨ। ਬਾਬਾ ਜੀ ਹਰ ਥਾਂ ਰੁਕ ਕੇ ਪਿਆਰ ਨਾਲ ਸਾਰਿਆਂ ਨੂੰ ਮਿਲ ਰਹੇ ਸਨ ਅਤੇ ਸਾਰੇ ਬਹੁਤ ਵੈਰਾਗ ਕਰਦੇ ਹੋਏ ਵਿਦਾਇਗੀ ਦੇ ਰਹੇ ਸਨ। ਬੜੀ ਮੁਸ਼ਕਲ ਨਾਲ ਪਿਆਰ ਪ੍ਰੇਮ ਤੇ ਗੁਰਮਤਿ ਦੇ ਉਪਦੇਸ਼ ਦਿੰਦੇ ਹੋਏ ਬਾਬਾ ਜੀ ਸਭ ਨੂੰ ਸਮਝਾਉਣ ਦਾ ਯਤਨ ਕਰਦੇ ਹੋਏ ਅੱਗੇ ਵਧਦੇ ਜਾ ਰਹੇ ਸਨ। ਬਾਬਾ ਜੀ ਦੇ ਨੇਤਰ ਵੀ ਸੇਜਲ ਸਨ ਕਿਉਂਕਿ ਬਾਬਾ ਜੀ ਨੂੰ ਵੀ ਉਨ੍ਹਾਂ ਦੇ ਪਿਆਰ ਨੂੰ ਪਿਠ ਦੇ ਕੇ ਜਾਣਾ ਅਸਹਿ ਹੋ ਰਿਹਾ ਸੀ ਪਰ ਪਿਆਰੇ ਦੇ ਹੁਕਮ ਨੂੰ ਮੰਨਣਾ ਵੀ ਜ਼ਰੂਰੀ ਸੀ। ਸੋ ਇਸ ਤਰ੍ਹਾਂ ਬੜੀ ਮੁਸ਼ਕਲ ਨਾਲ ਬਾਬਾ ਜੀ ਪਿਆਰ ਦੇ ਇਸ ਠਾਠਾਂ ਮਾਰਦੇ ਹੋਏ ਸਮੁੰਦਰ ਨੂੰ ਲੰਘ ਕੇ, ਸਟੇਸ਼ਨ ਤੇ ਪਹੁੰਚੇ, ਗੱਡੀ ਵੀ ਆ ਪਹੁੰਚੀ, ਸਰਦਾਰ ਚੰਦਾ ਸਿੰਘ ਤੇ ਮਾਤਾ ਜੀ ਨੂੰ ਦੋਵਾਂ ਜੀਆਂ ਨੇ ਨਮਸ਼ਕਾਰ ਕੀਤੀ ਤੇ ਗਲਵਕੜੀ ਵਿਚ ਲੈ ਕੇ ਆਖਰੀ ਪਿਆਰ ਕੀਤਾ ਕਿਉਂਕਿ ਬਾਬਾ ਜੀ ਕਹਿ ਰਹੇ ਸਨ ਕਿ ਹੁਣ ਆਪਣੇ ਮੇਲੇ ਸ਼ਾਇਦ ਹੀ ਕਦੀ ਹੋਣ ਕਿਉਂਕਿ-

***ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ॥***

***ਪੰਨਾ - 439***

ਬਾਬਾ ਜੀ ਤੇ ਬੀਜੀ ਗੱਡੀ ਵਿਚ ਬੈਠ ਗਏ, ਗਾਰਡ ਨੇ ਹਰੀ ਝੰਡੀ ਵਿਖਾਈ ਤੇ ਗੱਡੀ ਟੁਰ ਪਈ। ਸਰਦਾਰ ਚੰਦਾ ਸਿੰਘ ਤੇ ਮਾਤਾ ਸੁਖ ਕੌਰ ਇਸ ਸੁਭਾਗੀ ਜੋੜੀ ਦੇ ਦਰਸ਼ਨ ਕਰ ਕਰ ਕੇ ਤ੍ਰਿਪਤ ਹੋ ਰਹੇ ਸਨ ਅਤੇ ਪਿਆਰ ਭਰੀਆਂ ਅਸੀਸਾਂ ਦੇ ਰਹੇ ਸਨ। ਟ੍ਰੇਨ ਅੱਖਾਂ ਤੋਂ ਓਹਲੇ ਹੋ ਗਈ ਤੇ ਸਾਰਾ ਪਰਿਵਾਰ ਘਰ ਨੂੰ ਪਰਤ ਕੇ ਜਾਣ ਲੱਗਾ ਮਹਿਸੂਸ ਕਰ ਰਿਹਾ ਸੀ ਕਿ ਜਿਵੇਂ ਕੋਈ ਸਭ ਤੋਂ ਪਿਆਰੀ ਵਸਤੂ ਸਾਡੇ ਹੱਥੋਂ ਖੁਸ ਗਈ ਹੈ। ਜਦੋਂ ਘਰ ਪਹੁੰਚੇ ਤਾਂ ਸਾਰਾ ਘਰ ਸੁੰਨਾ ਜਾਪਦਾ ਹੈ। ਸਾਰਾ ਪਰਿਵਾਰ ਹੀ ਨਹੀਂ ਸਗੋਂ ਸਾਰਾ ਪਿੰਡ ਤੇ ਸਾਰਾ ਇਲਾਕਾ ਇਸੇ ਤਰ੍ਹਾਂ ਮਹਿਸੂਸ ਕਰ ਰਿਹਾ ਹੈ ਕਿ ਹੁਣ ਉਸ ਪਿਆਰੇ ਦੇ ਦਰਸ਼ਨ ਕਦੋਂ ਹੋਣਗੇ? ਤੇ ਹੁਣ ਕੌਣ ਸਾਡੀ ਰਹਿਨੁਮਾਈ ਕਰੇਗਾ?

## ਰਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦਰਸ਼ਨ

ਬੀਜੀ ਚੁੱਪ ਬੈਠੇ ਹਨ, ਦੂਜੇ ਪਾਸੇ ਬਾਬਾ ਜੀ ਵੀ ਚੁਪ ਚਾਪ ਬੈਠੇ ਹਨ, ਦੋਵੇਂ ਜੀ ਆਪਸ ਵਿਚ ਕੋਈ ਗਲ ਬਾਤ ਨਹੀਂ ਕਰ ਰਹੇ ਕਿਉਂਕਿ ਸਾਰੀ ਸੰਗਤ ਦੀ ਖਿਚ ਪੈ ਰਹੀ ਹੈ ਤੇ ਅੰਦਰ ਉਨ੍ਹਾਂ ਦੇ ਪਿਆਰ ਦੀਆਂ ਤਰੰਗਾਂ ਟਕਰਾਅ ਕੇ ਹਿਰਦੇ ਨੂੰ ਬਿਹਬਲ ਕਰ ਰਹੀਆਂ ਹਨ। ਸਮੇਂ ਦੇ ਹਿਸਾਬ ਨਾਲ ਗੱਡੀ ਸਫਰ ਤੈਅ ਕਰਦੀ ਹੋਈ ਲਾਹੌਰ ਪੁਜ ਗਈ। ਇਥੇ ਆਪ ਜੀ ਉਤਰ ਗਏ ਅਤੇ ਆਪ ਦੋਵਾਂ ਦਾ ਇਹੀ ਇਰਾਦਾ ਸੀ ਕਿ ਸਿੱਧੇ ਰਾੜਾ ਸਾਹਿਬ ਜਾ ਕੇ ਸੰਤ ਮਹਾਰਾਜ ਜੀ ਦੇ ਦਰਸ਼ਨ ਕਰਨੇ ਹਨ। ਇਥੇ ਬਜ਼ਾਰ ਵਿਚੋਂ ਮਹਾਰਾਜ ਜੀ ਵਾਸਤੇ ਵਸਤ੍ਰ ਅਤੇ ਪਲੰਘ ਤੇ ਵਿਛਾਉਣ ਵਾਸਤੇ ਮਖਮਲੀ ਚਾਦਰ ਖਰੀਦੀ ਅਤੇ ਸਿੱਧੇ ਆਪ ਲੁਧਿਆਣੇ ਪਹੁੰਚ ਗਏ। ਉਥੋਂ

ਸਵਾਰੀ ਲੈ ਕੇ ਦੁਰਾਹਾ ਅਤੇ ਫੇਰ ਜਦੋਂ ਰਾੜਾ ਸਾਹਿਬ ਪਹੁੰਚੇ ਤਾਂ ਉਸ ਵੇਲੇ ਮਹਾਰਾਜ ਜੀ ਬਗੀਚੀ ਵਿਚ ਟਹਿਲ ਰਹੇ ਸਨ ਤੇ ਇੰਜ ਲਗਦਾ ਸੀ ਕਿ ਜਿਵੇਂ ਇਨ੍ਹਾਂ ਦੀ ਹੀ ਇੰਤਜ਼ਾਰ ਕਰਦੇ ਹੋਣ ਕਿਉਂਕਿ ਸਾਰੀ ਸੰਗਤ ਮਿਲ ਕੇ ਵਾਪਸ ਪਰਤ ਗਈ ਸੀ। ਆਪ ਜੀ ਨੇ ਮਹਾਰਾਜ ਜੀ ਦੇ ਸੇਵਾਦਾਰ ਬਾਬੂ ਰਲਾ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਜੀ ਦੇ ਦਰਸ਼ਨ ਕਰਨੇ ਹਨ। ਉਹਨਾਂ ਨੇ ਦਸਿਆ ਕਿ ਮਹਾਰਾਜ ਜੀ ਟਹਿਲ ਰਹੇ ਹਨ, ਮੈਂ ਹੁਣੇ ਜਾ ਕੇ ਅਰਜ਼ ਕਰਦਾ ਹਾਂ ਤੇ ਤੁਹਾਡੇ ਬਾਰੇ ਦੱਸਦਾ ਹਾਂ। ਬਾਬੂ ਜੀ ਨੇ ਜਦੋਂ ਬਾਬਾ ਜੀ ਅਤੇ ਬੀਜੀ ਬਾਰੇ ਦੱਸਿਆ ਕਿ ਉਹ ਦਰਸ਼ਨ ਕਰਨਾ ਚਾਹੁੰਦੇ ਹਨ ਤਾਂ ਕਹਿਣ ਲੱਗੇ, ਉਨ੍ਹਾਂ ਨੂੰ ਲੈ ਆਵੋ। ਦੋਵਾਂ ਜੀਆਂ ਨੇ ਭੇਟਾ ਰੱਖ ਕੇ ਡੰਡਵਤ ਪਰਣਾਮ ਕੀਤੀ। ਮਹਾਰਾਜ ਜੀ ਨੇ ਹਾਲ ਚਾਲ ਪੁਛਿਆ ਤੇ ਕਹਿਣ ਲੱਗੇ ਕਿ ਮੈਂ ਤੁਹਾਡੀ ਹੀ ਇੰਤਜ਼ਾਰ ਕਰ ਰਿਹਾ ਸੀ, ਚੰਗਾ ਕੀਤਾ ਤੁਸੀਂ ਆ ਗਏ। ਬੀਬੀ ਵੀ ਇਥੇ ਰਹੇ, ਜੇ ਇਨ੍ਹਾਂ ਨੇ ਧਮੋਟ ਜਾਣਾ ਹੈ, ਉਥੇ ਛੱਡ ਆਵੋ ਤੇ ਤੁਸੀਂ ਵਾਪਸ ਆ ਜਾਣਾ। ਇਥੇ ਸਰਦਾਰ ਮੋਹਨ ਸਿੰਘ ਆਏ ਹੋਏ ਹਨ ਤੇ ਭੋਰਾ ਬਣਵਾ ਰਹੇ ਹਨ, ਤੁਸੀਂ ਉਨ੍ਹਾਂ ਦੇ ਨਾਲ ਲੱਗ ਕੇ ਸੇਵਾ ਕਰਵਾਉ। ਬਾਬਾ ਜੀ ਕਹਿਣ ਲੱਗੇ, ਸਤਿ ਬਚਨ। ਫੇਰ ਮਹਾਰਾਜ ਜੀ, ਬਾਬਾ ਜੀ ਨੂੰ ਸਿੰਧ ਬਾਰੇ ਸਾਰਾ ਹਾਲ ਪੁਛਣ ਲੱਗੇ ਕਿ ਉਥੇ ਕਿਵੇਂ ਕਿਵੇਂ ਤੁਸੀਂ ਪਰਚਾਰ ਕੀਤਾ। ਬਾਬਾ ਜੀ ਨੇ ਸਾਰਾ ਕੁਝ ਵਿਸਥਾਰ ਨਾਲ ਦੱਸਿਆ ਤੇ ਮਹਾਰਾਜ ਜੀ ਬਹੁਤ ਪ੍ਰਸੰਨ ਹੋਏ। ਮਹਾਰਾਜ ਕਹਿਣ ਲੱਗੇ, ਹੁਣ ਸ਼ਾਮ ਦਾ ਟਾਈਮ ਹੋ ਗਿਆ ਹੈ, ਰਹਿਰਾਸ ਦਾ ਵਕਤ ਹੋ ਗਿਆ ਹੈ, ਤੁਸੀਂ ਵੀ ਕੁਝ ਛਕ ਲਵੋ ਤੇ ਜੇ ਇਥੇ ਰਹਿਣਾ ਹੈ, ਇਥੇ ਹੀ ਰਹੋ; ਜੇ ਪਿੰਡ ਜਾਣਾ ਹੈ ਪਿੰਡ ਜਾਵੋ, ਤੁਹਾਨੂੰ ਖੁਲ੍ਹੀ ਛੁਟੀ ਹੈ। ਪਰ ਬਾਬਾ ਜੀ ਨੂੰ ਇਸ਼ਾਰਾ ਕਰਕੇ ਕਹਿਣ ਲੱਗੇ, ਤੁਸੀਂ ਸਵੇਰੇ ਜ਼ਰੂਰ ਪਹੁੰਚ ਜਾਇਓ। ਦੋਵਾਂ ਨੇ ਨਮਸ਼ਕਾਰ ਕਰਕੇ ਮਹਾਰਾਜ ਜੀ ਤੋਂ ਵਿਦਾ ਲਈ। ਮਹਾਰਾਜ ਜੀ ਸੇਵਾਦਾਰ ਨੂੰ ਕਹਿਣ ਲੱਗੇ ਕਿ ਭਾਈ ਇਹ ਵਸਤੂ ਅੰਦਰ ਰੱਖ ਦਿਓ ਤੇ ਇਹ ਚਾਦਰ ਸਾਡੇ ਪਲੰਘ ਤੇ ਵਿਛਾ ਦੇਣੀ। ਇਧਰ ਬਾਬਾ ਜੀ ਤੇ ਬੀਜੀ ਦੇ ਮਨ ਵਿਚ ਸੀ ਕਿ ਕਿੰਨਾ ਚੰਗਾ ਹੋਵੇ ਕਿ ਜੇ ਮਹਾਰਾਜ ਜੀ ਇਹ ਚਾਦਰ ਆਪਣੇ ਪਲੰਘ ਤੇ ਵਿਛਾਉਣ। ਇਹ ਭਾਵਨਾ ਮਹਾਰਾਜ ਜੀ ਕੋਲ ਪਹਿਲਾਂ ਹੀ ਪਹੁੰਚ ਚੁਕੀ ਸੀ ਤੇ ਮਹਾਰਾਜ ਜੀ ਨੇ ਉਨ੍ਹਾਂ ਦੀ ਭਾਵਨਾ ਨੂੰ ਪੂਰਾ ਕੀਤਾ। ਬਾਬਾ ਜੀ ਤੇ ਬੀਜੀ ਰਾਤ ਨੂੰ ਧਮੋਟ ਪਹੁੰਚ ਗਏ ਅਤੇ ਸਾਰਾ ਪਰਿਵਾਰ ਬਾਬਾ ਜੀ ਨੂੰ ਮਿਲਿਆ ਕਿਉਂਕਿ ਘਰੋਂ ਗਿਆਂ ਹੋਇਆਂ ਤਿੰਨ ਸਾਲ ਹੋ ਗਏ ਸਨ। ਦੂਜੇ ਦਿਨ ਸਵੇਰੇ ਹੀ ਬਾਬਾ ਜੀ ਰਾੜਾ ਸਾਹਿਬ ਪਹੁੰਚ ਗਏ ਅਤੇ ਸਿਧਾ ਮਹਾਰਾਜ ਜੀ ਨੂੰ ਮਿਲਣ ਵਾਸਤੇ ਸੇਵਾਦਾਰ ਨੂੰ ਅਰਜ਼ ਕੀਤੀ। ਭਾਵੇਂ ਮਹਾਰਾਜ ਜੀ ਨੇ ਹੋਰ ਸੰਗਤਾਂ ਨੂੰ ਮਿਲਣ ਦਾ ਟਾਈਮ ਰੱਖਿਆ ਹੋਇਆ ਸੀ ਪਰ ਸੇਵਾਦਾਰਾਂ ਨੂੰ ਇਹ ਹਦਾਇਤ ਕੀਤੀ ਹੋਈ ਸੀ ਕਿ ਜਦੋਂ ਇਹ (ਵਰਿਆਮ ਸਿੰਘ) ਆਉਣ ਤਾਂ ਮੈਨੂੰ ਉਸੇ ਵੇਲੇ ਮਿਲਣ, ਤੇ ਇਨ੍ਹਾਂ ਨੂੰ ਇੰਤਜ਼ਾਰ ਨਹੀਂ ਕਰਵਾਉਣੀ। ਸੋ ਆਪ ਸਿਧੇ ਅੰਦਰ ਚਲੇ ਗਏ, ਨਮਸ਼ਕਾਰ ਕੀਤੀ ਤੇ ਕੀ ਦੇਖ ਰਹੇ ਹਨ ਕਿ ਮਹਾਰਾਜ ਜੀ ਪਲੰਘ ਤੇ ਬਿਰਾਜਮਾਨ

ਹਨ ਤੇ ਪਲੰਘ ਉਤੇ ਓਹੀ ਚਾਦਰ ਵਿਛੀ ਹੋਈ ਹੈ, ਜੋ ਲਹੌਰ ਤੋਂ ਲਿਆਏ ਸਨ। ਆਪ ਦੀ ਭਾਵਨਾ ਸਮਝ ਕੇ ਮਹਾਰਾਜ ਜੀ ਮੁਸਕਰਾ ਰਹੇ ਹਨ ਅਤੇ ਬਾਬਾ ਜੀ ਦਰਸ਼ਨ ਕਰਕੇ ਗੱਦ ਗੱਦ ਹੋ ਰਹੇ ਹਨ ਤੇ ਮਨ ਹੀ ਮਨ ਇਹ ਕਹਿ ਰਹੇ ਹਨ –

***ਅੰਤਰਜਾਮੀ ਸੋ ਪ੍ਰਭੁ ਪੂਰਾ॥***
***ਦਾਨੁ ਦੇਇ ਸਾਧੂ ਕੀ ਧੂਰਾ॥*** ***ਪੰਨਾ – 563***

ਪ੍ਰਮਾਤਮਾ ਦੀ ਅੰਤਰਜਾਮਤਾ ਦਾ ਗੁਣ ਆਪ ਜੀ ਨੂੰ ਵੀ ਬਖਸ਼ਿਸ਼ ਵਿਚ ਪ੍ਰਾਪਤ ਸੀ।

ਜਿਸ ਤਰ੍ਹਾਂ ਕਿ ਬਾਬਾ ਜੀ ਸਿੰਧ ਵਿਚ ਤਾਂ ਨੌਕਰੀ ਦੀ ਭਾਲ ਵਿਚ ਗਏ ਸਨ ਪਰੰਤੂ ਆਪ ਨੇ ਸਰਕਾਰ ਦੀ ਨੌਕਰੀ ਦੀ ਥਾਂ ਗੁਰੂ ਮਹਾਰਾਜ ਜੀ ਦੀ ਨੌਕਰੀ ਨੂੰ ਬਿਹਤਰ ਸਮਝਿਆ ਤੇ ਇਸ ਨੂੰ ਪੂਰੀ ਤਨ ਦੇਹੀ ਨਾਲ ਨਿਭਾਇਆ। ਸੰਤ ਮਹਾਰਾਜ ਜੀ ਚਾਹੁੰਦੇ ਸਨ ਕਿ ਬਾਬਾ ਜੀ ਵਾਸਤੇ ਨੌਕਰੀ ਦਾ ਪ੍ਰਬੰਧ ਕੀਤਾ ਜਾਵੇ। ਭਾਵੇਂ ਪਰਿਵਾਰ ਵਲੋਂ ਇਹੋ ਜਿਹੀ ਕੋਈ ਮੰਗ ਨਹੀਂ ਸੀ ਤੇ ਸਾਰੇ ਪਰਿਵਾਰ ਵਿਚ ਸਾਂਝੇ ਤੌਰ ਤੇ ਸਭ ਕੁਝ ਠੀਕ ਤਰ੍ਹਾਂ ਨਾਲ ਨਿਭ ਰਿਹਾ ਸੀ, ਕਿਸੇ ਨੂੰ ਕਿਸੇ ਕਿਸਮ ਦੀ ਸ਼ਕਾਇਤ ਜਾਂ ਅਪੱਤੀ ਨਹੀਂ ਸੀ ਪਰੰਤੂ ਫੇਰ ਵੀ ਮਹਾਰਾਜ ਜੀ ਨੂੰ ਇਨ੍ਹਾਂ ਦਾ ਖਿਆਲ ਸੀ ਕਿ ਇਨ੍ਹਾਂ ਨੂੰ ਚੰਗੀ ਨੌਕਰੀ ਮਿਲੇ ਜਿਸ ਨਾਲ ਇਹ ਆਪਣੇ ਪਰਿਵਾਰ ਦਾ ਨਿਰਬਾਹ ਕਰ ਸਕਣ ਤੇ ਆਰਥਿਕ ਤੌਰ ਤੇ ਮਾਤਾ ਪਿਤਾ ਦੀ ਮੱਦਦ ਕਰ ਸਕਣ। ਇਹ ਗੱਲ ਬਾਬਾ ਜੀ ਨੇ ਸੰਗਤ ਵਿਚ ਵੀ ਤੇ ਕੁਰਸੀ ਤੇ ਬਚਨ ਕਰਦਿਆਂ ਕਈ ਵੇਰਾਂ ਦੱਸੀ ਸੀ ਕਿ ਸੰਤ ਮਹਾਰਾਜ ਜੀ ਆਪ ਹੀ ਮੇਰਾ ਖਿਆਲ ਰੱਖਦੇ ਸਨ ਤੇ ਹਰ ਗੱਲ ਵਲ ਧਿਆਨ ਦਿੰਦੇ ਸਨ। ਇਹ ਉਨ੍ਹਾਂ ਦੀ ਵਡੱਤਣ ਤੇ ਕ੍ਰਿਪਾ ਦ੍ਰਿਸ਼ਟੀ ਸੀ ਕਿ ਮੇਰੇ ਵਰਗੇ ਨਿਮਾਣੇ ਨੂੰ ਆਪਣੀ ਨਦਰ ਦਾ ਪਾਤਰ ਸਮਝਦੇ ਸਨ। ਸੰਤ ਮਹਾਰਾਜ ਜੀ ਦਾ ਆਪ ਜੀ ਨੂੰ ਰਾੜਾ ਸਾਹਿਬ ਬੁਲਾਉਣ ਦਾ ਇਹੀ ਕਾਰਨ ਸੀ। ਸੋ ਆਪ ਸਰਦਾਰ ਮੋਹਨ ਸਿੰਘ ਜੀ ਨਾਲ ਸੇਵਾ ਵਿਚ ਹਾਜ਼ਰ ਰਹਿੰਦੇ ਸਨ ਤੇ ਜੋ ਵੀ ਸੇਵਾ ਆਪ ਨੂੰ ਸੌਂਪੀ ਜਾਂਦੀ, ਆਪ ਨਿਭਾਉਂਦੇ ਸਨ।

## ਦਿੱਲੀ ਵਿਚ ਸਰਵਿਸ

ਉਹ ਸਮਾਂ ਵੀ ਆ ਗਿਆ ਜਦੋਂ ਭੋਰਾ ਬਣ ਕੇ ਤਿਆਰ ਹੋ ਗਿਆ। ਸਰਦਾਰ ਮੋਹਨ ਸਿੰਘ ਜੀ ਨੇ ਬਾਬਾ ਜੀ ਨਾਲ ਜਾ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ! ਆਪ ਜੀ ਦੇ ਭਜਨ ਸਿਮਰਨ ਵਾਸਤੇ ਭੋਰਾ ਸਾਹਿਬ ਤਿਆਰ ਹੋ ਗਿਆ ਹੈ, ਆਪ ਜੀ ਚਰਨ ਪਾਉਣ ਦੀ ਕ੍ਰਿਪਾਲਤਾ ਕਰੋ। ਸੰਤ ਮਹਾਰਾਜ ਅੱਗੇ ਤੁਰ ਪਏ, ਪਿਛੇ ਪਿਛੇ ਸਰਦਾਰ ਮੋਹਨ ਸਿੰਘ ਅਤੇ ਬਾਬਾ ਜੀ ਸਨ ਅਤੇ ਇਕ ਦੋ ਹੋਰ ਪ੍ਰੇਮੀ ਸਨ। ਸੰਤ ਮਹਾਰਾਜ ਜੀ ਭੋਰਾ ਵੇਖ ਕੇ ਬਹੁਤ ਪ੍ਰਸੰਨ ਹੋਏ। ਬਚਨ ਕਰਨ ਲੱਗੇ ਕਿ ਭਾਈ ਮੋਹਨ ਸਿੰਘ! ਤੁਸੀਂ ਸਾਡੇ ਭਜਨ ਵਾਸਤੇ, ਬੰਦਗੀ ਕਰਨ ਵਾਸਤੇ ਇਹ ਅਸਥਾਨ ਤਿਆਰ ਕਰਵਾਇਆ

ਹੈ, ਜਿਥੇ ਅਸੀਂ ਘੰਟਿਆਂ ਬੱਧੀ ਆਪਣੇ ਪਿਆਰੇ ਪ੍ਰਭੂ ਨਾਲ ਇਕ ਮਿਕ ਹੋ ਕੇ, ਬਿਨਾਂ ਕਿਸੇ ਬਾਹਰਲੇ ਰੌਲੇ ਰੱਪੇ ਤੋਂ ਬੈਠ ਸਕਦੇ ਹਾਂ। ਤੁਸੀਂ ਗੁਰੂ ਨਾਨਕ ਸਾਹਿਬ ਦੇ ਚਰਨਾਂ ਨਾਲ ਜੁੜਨ ਵਾਸਤੇ ਸਾਡੇ ਲਈ ਭੋਰਾ ਤਿਆਰ ਕੀਤਾ ਹੈ। ਹੁਣ ਤੁਸੀਂ ਦੱਸੋ ਕਿ ਤੁਹਾਨੂੰ ਗੁਰੂ ਨਾਨਕ ਮਹਾਰਾਜ ਤੋਂ ਕੀ ਚਾਹੀਦਾ ਹੈ, ਜੋ ਕਹੋ, ਓਹੀ ਕੁਝ ਪ੍ਰਾਪਤ ਹੋ ਜਾਵੇਗਾ, ਮਹਾਰਾਜ ਨੂੰ ਬੇਨਤੀ ਕਰਕੇ ਤੁਹਾਨੂੰ ਦਿਵਾ ਦਿੰਦੇ ਹਾਂ। ਅਸੀਂ ਤੁਹਾਡੇ ਤੇ ਬਹੁਤ ਪ੍ਰਸੰਨ ਹਾਂ, ਮੰਗੋ ਜੋ ਮੰਗਣਾ ਹੈ।

ਸਰਦਾਰ ਮੋਹਨ ਸਿੰਘ ਜੀ ਦੋਵੇਂ ਹੱਥ ਜੋੜ ਕੇ ਮਹਾਰਾਜ ਦੇ ਚਰਨਾਂ ਵਿਚ ਬੈਠੇ ਰਹੇ ਤੇ ਮੁਖ ਵਿਚੋਂ ਕੋਈ ਬਚਨ ਨਹੀਂ ਨਿਕਲ ਰਿਹਾ ਤੇ ਕੋਈ ਮੰਗ ਨਹੀਂ ਆ ਰਹੀ, ਬਸ ਇਹੀ ਸੀ ਕਿ ਮਹਾਰਾਜ! ਮੇਰੇ ਵਿਚ ਮੰਗਣ ਦੀ ਕੋਈ ਤਾਕਤ ਨਹੀਂ ਹੈ। ਸੰਤ ਮਹਾਰਾਜ ਕਹਿਣ ਲੱਗੇ, ਠੀਕ ਹੈ, ਜੇ ਤੁਸੀਂ ਖੁਦ ਨਹੀਂ ਮੰਗ ਰਹੇ ਤਾਂ ਤੁਹਾਨੂੰ ਗੁਰੂ ਨਾਨਕ ਸਾਹਿਬ ਤੋਂ 'ਦੀਨ ਤੇ ਦੁਨੀਆਂ' ਦੋਵੇਂ ਦਿਵਾ ਦਿੰਦੇ ਹਾਂ। ਭਾਵ ਤੁਸੀਂ ਗੁਰੂ ਘਰ ਨਾਲ ਵੀ ਜੁੜੇ ਰਹੋਗੇ ਤੇ ਮਾਇਆ ਦੀ ਵੀ ਕਮੀ ਨਹੀਂ ਰਹੇਗੀ। ਸਰਦਾਰ ਮੋਹਨ ਸਿੰਘ ਨੇ ਸੰਤ ਮਹਾਰਾਜ ਜੀ ਦੇ ਚਰਨਾਂ ਵਿਚ ਨਮਸ਼ਕਾਰ ਕੀਤੀ ਤੇ ਅਰਜ਼ ਕੀਤੀ ਕਿ ਮਹਾਰਾਜ ਜੀ! ਥੋੜ੍ਹੇ ਦਿਨਾਂ ਵਿਚ ਸਾਰਾ ਕੰਮ ਪੂਰਾ ਹੋ ਜਾਣਾ ਹੈ ਤੇ ਹੁਣ ਜਾਣ ਦੀ ਆਗਿਆ ਵੀ ਮੰਗਣੀ ਚਾਹੁੰਦਾ ਹਾਂ। ਮਹਾਰਾਜ ਜੀ ਕਹਿਣ ਲੱਗੇ, ਠੀਕ ਹੈ, ਤੁਸੀਂ ਜਦੋਂ ਜੀ ਚਾਹੇ ਜਾ ਸਕਦੇ ਹੋ, ਤੁਹਾਡੇ ਤੇ ਗੁਰੂ ਦੀਆਂ ਖੁਸ਼ੀਆਂ ਹਨ। ਹੁਣ ਅਸੀਂ ਵੀ ਤੁਹਾਡੇ ਨਾਲ ਇਕ ਬਚਨ ਕਰਨਾ ਚਾਹੁੰਦੇ ਹਾਂ। ਕਹਿਣ ਲੱਗੇ, ਮਹਾਰਾਜ ਜੀ! ਹੁਕਮ ਕਰੋ, ਦਾਸ ਹਾਜ਼ਰ ਹੈ। ਸੰਤ ਮਹਾਰਾਜ ਕਹਿਣ ਲੱਗੇ ਕਿ ਤੁਹਾਨੂੰ ਅਸੀਂ ਇਕ ਪੜ੍ਹਿਆ ਲਿਖਿਆ, ਈਮਾਨਦਾਰ ਤੇ ਗੁਰਮੁਖ ਨੌਜਵਾਨ ਦੇਣਾ ਚਾਹੁੰਦੇ ਹਾਂ ਜਿਹੜਾ ਕਿ ਕਰੋੜਾਂ ਰੁਪਏ ਦੇ ਵਿਚ ਵੀ ਖੜ੍ਹਾ ਹੋਵੇ ਤਾਂ ਵੀ ਡੋਲ ਨਹੀਂ ਸਕਦਾ। ਤੁਸੀਂ ਉਸ ਨੂੰ ਆਪਣੀ ਕੰਪਨੀ ਵਿਚ ਮੈਨੇਜਰ ਰਖਣਾ ਹੈ। ਸਰਦਾਰ ਮੋਹਨ ਸਿੰਘ ਨੇ ਸਤਿ ਬਚਨ ਕਹਿ ਕੇ ਸੀਸ ਨਿਵਾਇਆ ਤੇ ਸੰਤ ਮਹਾਰਾਜ ਜੀ ਨੇ ਬਾਬਾ ਜੀ ਵੱਲ ਇਸ਼ਾਰਾ ਕਰਕੇ ਕਿਹਾ ਕਿ ਇਹ ਅਮੋਲਕ ਹੀਰਾ ਤੁਹਾਡੇ ਸਾਮ੍ਹਣੇ ਖੜ੍ਹਾ ਹੈ ਤੇ ਤੁਸੀਂ ਇਸ ਨਾਲ ਗਲਬਾਤ ਕਰ ਲਵੋ ਕਿ ਇਹ ਤੁਹਾਡੇ ਪਾਸ ਕਦੋਂ ਹਾਜ਼ਰ ਹੋ ਕੇ ਕੰਮ ਸ਼ੁਰੂ ਕਰਨ। ਸਰਦਾਰ ਮੋਹਨ ਸਿੰਘ ਹੋਰਾਂ ਨੇ ਸੰਤ ਮਹਾਰਾਜ ਦਾ ਬਹੁਤ ਧੰਨਵਾਦ ਕੀਤਾ ਤੇ ਕਿਹਾ ਕਿ ਮਹਾਰਾਜ! ਮੈਨੂੰ ਇਸ ਤਰ੍ਹਾਂ ਦੇ ਗੁਰਮੁਖ ਦੀ ਹੀ ਤਲਾਸ਼ ਸੀ ਤੇ ਹੁਣ ਆਪ ਨੇ ਪੂਰੀ ਕਰ ਦਿਤੀ ਤੇ ਮੈਂ ਇਹਨਾਂ ਨੂੰ ਜਲਦੀ ਹੀ ਕੰਪਨੀ ਵਿਚ ਪ੍ਰਵੇਸ਼ ਕਰਨ ਲਈ ਕਹਾਂਗਾ ਤਾਂ ਕਿ ਇਹ ਸਾਰਾ ਕੁਝ ਸਮਝ ਕੇ ਆਪਣੀ ਜ਼ਿੰਮੇਵਾਰੀ ਸੰਭਾਲਣ। ਆਪ ਜੀ ਨੂੰ ਇਹ ਦਸਦਿਆਂ ਖੁਸ਼ੀ ਮਹਿਸੂਸ ਕਰ ਰਿਹਾ ਹਾਂ ਕਿ ਇਹ ਗੁਰਮੁਖ ਪਿਆਰੇ ਮੇਰੀ ਕੰਪਨੀ ਵਿਚ ਮੈਨੇਜਰ ਦੇ ਤੌਰ ਤੇ ਸੇਵਾ ਕਰਨਗੇ। ਬਾਬਾ ਜੀ ਵਲੋਂ ਹੁਣ ਨਾਂਹ ਕਰਨ ਦੀ ਕੋਈ ਗੁਜਾਇਸ਼ ਨਹੀਂ ਸੀ ਕਿਉਂਕਿ ਇਹ ਸੰਤ ਮਹਾਰਾਜ ਦੀ ਮਰਜ਼ੀ ਸੀ ਕਿ ਬਾਬਾ ਜੀ ਦਿਲੀ ਜਾਣ ਤੇ ਉਥੇ ਨੌਕਰੀ ਕਰਦਿਆਂ ਹੋਇਆਂ ਵੀ ਆਪਣੀ ਬਿਰਤੀ ਪ੍ਰਭੂ ਵਿਚ ਜੋੜ ਕੇ ਰੱਖਣ ਕਿਉਂਕਿ

ਇਹ ਨੌਕਰੀ ਕੋਈ ਆਮ ਨੌਕਰੀ ਨਹੀਂ ਸੀ, ਇਥੇ ਤਾਂ ਘਰ, ਪਰਿਵਾਰ ਵਾਂਗੂੰ ਸੇਵਾ ਕਰਨੀ ਸੀ। ਸਰਦਾਰ ਮੋਹਨ ਸਿੰਘ ਜੀ ਸੰਤ ਮਹਾਰਾਜ ਜੀ ਨਾਲ ਜੁੜੇ ਹੋਏ, ਗੁਰੂ ਘਰ ਦੇ ਪ੍ਰੇਮੀ ਸਨ ਅਤੇ ਇਥੇ ਬਾਬਾ ਜੀ ਨੂੰ ਸਾਰੀ ਸਹੂਲਤ ਪ੍ਰਦਾਨ ਕਰਨ ਵਾਸਤੇ ਬਚਨਬੱਧ ਹੀ ਨਹੀਂ ਸਨ ਸਗੋਂ ਆਪਣਾ ਸੁਭਾਗ ਸਮਝਦੇ ਸਨ। ਇਸ ਕਰਕੇ ਆਪ ਨੂੰ ਕੁਝ ਦਿਨਾਂ ਬਾਅਦ ਹੀ ਦਿਲੀ ਤੋਂ ਸੁਨੇਹਾ ਆ ਗਿਆ ਤੇ ਆਪ ਨੇ ਸੰਤ ਮਹਾਰਾਜ ਜੀ ਦਾ ਹੁਕਮ ਸਾਰੇ ਪਰਿਵਾਰ ਨੂੰ ਦੱਸਿਆ ਕਿ ਸੰਤ ਮਹਾਰਾਜ ਜੀ ਦੀ ਮਰਜ਼ੀ ਮੈਨੂੰ ਦਿੱਲੀ ਭੇਜਣ ਦੀ ਹੈ। ਮਾਤਾ ਪਿਤਾ ਜੀ ਕਹਿਣ ਲੱਗੇ, ਠੀਕ ਹੈ, ਉਹਨਾਂ ਦਾ ਹੁਕਮ ਸਿਰ ਮੱਥੇ ਹੈ, ਤੁਸੀਂ ਜਾਵੋ ਅਤੇ ਹੁਕਮ ਦੀ ਪਾਲਣਾ ਕਰੋ ਅਤੇ ਦਿੱਲੀ ਜਾ ਕੇ ਨੌਕਰੀ ਸ਼ੁਰੂ ਕਰ ਦਿਓ। ਇਸ ਵਾਸਤੇ ਬੀਜੀ ਨੇ ਵੀ ਪਰਵਾਨਗੀ ਦੇ ਦਿੱਤੀ ਤੇ ਹਸਦਿਆਂ ਹੋਇਆਂ ਬਚਨ ਕੀਤਾ ਕਿ ਹੁਣ ਪਹਿਲਾਂ ਵਾਂਗ ਨਾ ਕਰਿਓ ਤੇ ਦਿੱਲੀ ਤੋਂ ਕਿਧਰੇ ਹੋਰ ਪਾਸੇ ਨੂੰ ਨਿਕਲ ਜਾਵੋਂ। ਸੰਤ ਮਹਾਰਾਜ ਜੀ ਦਾ ਬਚਨ ਦਿੱਲੀ ਰਹਿਣ ਦਾ ਹੀ ਹੈ। ਬਾਬਾ ਜੀ ਨੇ ਵੀ ਮੰਦ ਜਿਹੀ ਮੁਸਕਾਨ ਰਾਹੀਂ 'ਹਾਂ' ਵਿਚ ਉਤਰ ਦਿਤਾ। ਸਰਦਾਰ ਮੋਹਨ ਸਿੰਘ ਜੀ ਦੀ ਕੰਪਨੀ ਦਾ ਨਾਮ ਔਰੀਐਂਟਲ ਫਰਨਿਸ਼ਿੰਗ ਕੰਪਨੀ ਸੀ, ਉਥੇ ਆਪ ਨੇ ਮੈਨੇਜਰ ਦੇ ਅਹੁਦੇ ਤੇ ਕੰਮ ਕਰਨਾ ਸ਼ੁਰੂ ਕਰ ਦਿਤਾ। ਆਪ ਦੇ ਰਹਿਣ ਦਾ ਬੰਦੋਬਸਤ ਵੀ ਕੰਪਨੀ ਦੁਆਰਾ ਕਰ ਦਿਤਾ ਗਿਆ ਸੀ। ਇਸ ਕਰਕੇ ਆਪ ਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆਈ। ਪਹਿਲੇ ਹੀ ਦਿਨ ਆਪ ਡਿਊਟੀ ਤੇ ਗਏ ਤਾਂ ਸਾਰਾ ਕੰਮ ਕਾਜ ਸਮਝਿਆ ਅਤੇ ਜਿੰਨੇ ਵਰਕਰ ਤੇ ਸਟਾਫ ਸੀ ਉਹਨਾਂ ਨਾਲ ਪਰੀਚੈ ਲਿਆ। ਫਰਨੀਚਰ ਦੀਆਂ ਕਿੰਨੀਆਂ ਆਈਟਮਾਂ ਬਣਦੀਆਂ ਹਨ, ਸਮਾਨ ਤੇ ਲੱਕੜ ਆਦਿ ਕਿਥੋਂ ਖਰੀਦੀ ਜਾਂਦੀ ਹੈ, ਮਾਲ ਕਿਸ ਕਿਸ ਨੂੰ ਭੇਜਣਾ ਹੁੰਦਾ ਹੈ ਅਤੇ ਕਿਹੜੇ ਕਿਹੜੇ ਗਾਹਕ ਹਨ ਆਦਿ ਹਰ ਇਕ ਚੀਜ਼ ਨੂੰ ਬੜੇ ਗਹੁ ਨਾਲ ਦੇਖਿਆ।

ਉਨ੍ਹਾਂ ਦਿਨਾਂ ਵਿਚ ਅੰਗਰੇਜ਼ ਹਕੂਮਤ ਸੀ ਅਤੇ ਇਸ ਕੰਪਨੀ ਦਾ ਸਾਰਾ ਮਾਲ ਤਕਰੀਬਨ ਅੰਗਰੇਜ਼ ਅਫਸਰਾਂ ਤੇ ਵੱਡੇ ਵੱਡੇ ਅਮੀਰ ਬੰਦਿਆਂ ਦੇ ਘਰਾਂ ਵਿਚ ਜਾਂਦਾ ਹੁੰਦਾ ਸੀ। ਕੰਪਨੀ ਦੇ ਆਪਣੇ ਰੇਟ ਸਨ ਕਿਉਂਕਿ ਇਸ ਦਾ ਨਾਮਣਾ ਚੰਗਾ ਸੀ, ਕੰਮ ਵੀ ਵਧੀਆ ਅਤੇ ਮੈਟੀਰੀਅਲ ਤਸੱਲੀਬਖਸ਼ ਲਗਾਇਆ ਜਾਂਦਾ ਸੀ ਜਿਸ ਨਾਲ ਕਿਸੇ ਨੂੰ ਸ਼ਕਾਇਤ ਦਾ ਮੌਕਾ ਘਟ ਹੀ ਮਿਲਦਾ ਸੀ। ਥੋੜ੍ਹੇ ਦਿਨਾਂ ਵਿਚ ਹੀ ਆਪ ਸਾਰਿਆਂ ਦੇ ਵਾਕਫ ਹੋ ਗਏ। ਆਪ ਨੂੰ ਮਿਲਣ ਵਾਸਤੇ ਵੱਡੇ ਅਮੀਰ ਲੋਕਾਂ ਦੇ ਘਰਾਂ ਵਿਚ ਵੀ ਜਾਣਾ ਪੈਂਦਾ ਸੀ ਜਿਸ ਕਰਕੇ ਸਾਰੇ ਵੱਡੇ ਆਦਮੀ ਆਪ ਨੂੰ ਜਾਣਨ ਤੇ ਪਹਿਚਾਨਣ ਲੱਗ ਪਏ। ਸਰਦਾਰ ਮੋਹਨ ਸਿੰਘ ਜੀ ਵੀ ਕਦੀ ਕਦੀ ਆਪ ਕੋਲ ਆ ਜਾਂਦੇ ਸਨ ਤੇ ਕੰਮ ਵੇਖ ਕੇ ਖੁਸ਼ ਹੁੰਦੇ ਸਨ ਕਿ ਇਹਨਾਂ ਦੇ ਆਉਣ ਨਾਲ ਕੰਪਨੀ ਨੂੰ ਅੱਗੇ ਤੋਂ ਜ਼ਿਆਦਾ ਲਾਭ ਹੋਣਾ ਸ਼ੁਰੂ ਹੋ ਗਿਆ ਹੈ। ਸਾਰੇ ਕਰਮਚਾਰੀ ਸਮੇਂ ਸਿਰ ਦਫਤਰ ਪਹੁੰਚਦੇ ਹਨ ਅਤੇ ਹਰ ਵਕਤ ਆਪਣੇ ਕੰਮ ਵਿਚ ਰੁਝੇ ਰਹਿੰਦੇ ਹਨ, ਸਾਰੇ ਜਣੇ ਕੰਮ ਵਿਚ ਪੂਰੀ ਦਿਲਚਸਪੀ ਲੈ ਰਹੇ ਹਨ। ਇਹ ਸਭ ਕੁਝ ਤਦ ਹੀ ਮੁਮਕਿਨ ਹੋਇਆ

ਕਰਦਾ ਹੈ ਜਦੋਂ ਮੈਨੇਜਰ ਖੁਦ ਇਕ ਮਿਸਾਲ ਬਣ ਕੇ ਸਾਰਿਆਂ ਨੂੰ ਗਾਈਡ ਕਰ ਸਕਦਾ ਹੋਵੇ। ਇਹ ਸਾਰੀਆਂ ਸਿਫਤਾਂ ਬਾਬਾ ਜੀ ਵਿਚ ਪਹਿਲਾਂ ਹੀ ਮੌਜੂਦ ਸਨ। ਆਪ ਜੀ ਖੁਦ ਵੀ ਤਨਦੇਹੀ ਨਾਲ ਕੰਮ ਕਰਦੇ ਸਨ ਅਤੇ ਇਸ ਤਰ੍ਹਾਂ ਜੋ ਵਰਕਰ ਸਨ ਤੇ ਸਟਾਫ ਸੀ, ਉਹ ਵੀ ਪੂਰਾ ਕੰਮ ਕਰਦੇ ਸਨ। ਸੁਭਾਵਿਕ ਹੀ ਸੀ ਕਿ ਕੰਪਨੀ ਤਰੱਕੀ ਦੀਆਂ ਲੀਹਾਂ ਤੇ ਤੁਰਨੀ ਸ਼ੁਰੂ ਹੋ ਗਈ।

ਇਸ ਕੰਪਨੀ ਦਾ ਜ਼ਿਆਦਾਤਰ ਵਾਹ, ਵੱਡੇ ਸ਼ਾਹੀ ਪਰਿਵਾਰਾਂ ਨਾਲ ਸੀ ਅਤੇ ਕਦੀ ਕਦੀ ਆਪ ਦੇ ਕੋਲ ਐਸੇ ਗਾਹਕ ਵੀ ਪਹੁੰਚ ਜਾਂਦੇ ਸਨ ਜਿਹੜੇ ਆਪ ਜੀ ਪਾਸ ਬੈਠ ਕੇ ਆਪ ਦੇ ਰੂਹਾਨੀ ਬਚਨ ਵੀ ਸੁਣਨਾ ਪਸੰਦ ਕਰਿਆ ਕਰਦੇ ਸਨ। ਪਰ ਆਪ ਜੀ ਇਹ ਪੂਰਾ ਖਿਆਲ ਰਖਦੇ ਸਨ ਕਿ ਰੂਹਾਨੀ ਗਲਬਾਤ ਕਰਦਿਆਂ ਕੰਪਨੀ ਦੇ ਕੰਮਕਾਰ ਵਿਚ ਕੋਈ ਵਿਘਨ ਨਾ ਪਵੇ। ਇਸੇ ਤਰ੍ਹਾਂ ਨਾਲ ਉਸ ਵੇਲੇ ਨਹਿਰੂ ਪਰਿਵਾਰ ਵਿਚੋਂ ਇਕ ਬੀਬੀ, ਜੋ ਪੰਡਿਤ ਜੀ ਦੀ ਰਿਸ਼ਤੇ ਵਿਚੋਂ ਭੈਣ ਲਗਦੀ ਸੀ, ਅਕਸਰ ਇਸ ਫਰਨਿਸ਼ਿੰਗ ਕੰਪਨੀ ਵਿਚ ਸਮਾਨ ਦੇਖਣ ਤੇ ਖਰੀਦਣ ਵਾਸਤੇ ਆਉਂਦੀ ਰਹਿੰਦੀ ਸੀ। ਉਹ ਬਾਬਾ ਜੀ ਦੀ ਸਖਸ਼ੀਅਤ ਅਤੇ ਗਲਬਾਤ ਦੇ ਨਿਰਾਲੇ ਢੰਗ ਤੋਂ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕੀ ਅਤੇ ਉਸ ਦੇ ਅੰਦਰ ਰੂਹਾਨੀਅਤ ਅਤੇ ਸਿਖ ਧਰਮ ਬਾਰੇ ਜਾਨਣ ਦੀ ਜਗਿਆਸਾ ਸੀ। ਗਲਬਾਤ ਵਿਚ ਉਸ ਨੇ ਬਾਬਾ ਜੀ ਨੂੰ ਦੱਸਿਆ ਕਿ ਮੈਂ ਆਪਣੇ ਪਿਤਾ ਜੀ ਤੋਂ ਸੁਣਿਆ ਹੋਇਆ ਹੈ ਕਿ ਕਸ਼ਮੀਰ ਵਿਚ ਜਦੋਂ ਪੰਡਤਾਂ ਨੂੰ ਜ਼ਬਰਦਸਤੀ ਇਸਲਾਮ ਧਾਰਨ ਕਰਵਾਇਆ ਜਾ ਰਿਹਾ ਸੀ ਤੇ ਉਸ ਵੇਲੇ ਦਿਲੀ ਦੇ ਤਖਤ ਉਤੇ ਔਰੰਗਜ਼ੇਬ ਦਾ ਰਾਜ ਸੀ ਅਤੇ ਕਸ਼ਮੀਰ ਦਾ ਹਾਕਮ ਅਫਗਾਨ ਖਾਨ ਹਿੰਦੂ ਕਲਚਰ ਨੂੰ ਮਲੀਆ ਮੇਟ ਕਰਨ ਵਿਚ ਲੱਗਾ ਹੋਇਆ ਸੀ। ਭਾਵੇਂ ਔਰੰਗਜ਼ੇਬ ਦਾ ਜ਼ੁਲਮ ਸਾਰੀ ਭਾਰਤੀ ਹਿੰਦੂ ਜਨਤਾ ਨੂੰ ਸਹਿਣਾ ਪੈ ਰਿਹਾ ਸੀ ਪਰੰਤੂ ਕਸ਼ਮੀਰ ਵਿਚ ਇਸ ਦਾ ਜ਼ਿਆਦਾ ਹੀ ਜ਼ੋਰ ਸੀ। ਉਸ ਵੇਲੇ ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਜੀ ਨੇ ਇਨ੍ਹਾਂ ਦੀ ਪੁਕਾਰ ਸੁਣ ਕੇ ਦੇਸ਼ ਤੇ ਹਿੰਦੂ ਧਰਮ ਦੀ ਰਾਖੀ ਲਈ ਆਪਣਾ ਸੀਸ ਬਲੀਦਾਨ ਦਿਤਾ ਸੀ। ਇਸ ਕਰਕੇ ਮੇਰੇ ਮਨ ਵਿਚ ਜਗਿਆਸਾ ਹੈ ਕਿ ਸਿੱਖਾਂ ਦੇ ਅਸਲੀ ਸਰੂਪ ਬਾਰੇ ਜਾਨਣਾ ਚਾਹੁੰਦੀ ਹਾਂ ਅਤੇ ਇਹ ਵੀ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੀ ਹਾਂ ਕਿ ਇਹ ਆਪਣਾ ਰੂਹਾਨੀ ਸਫਰ ਕਿਸ ਤਰ੍ਹਾਂ ਤੈਅ ਕਰਦੇ ਹਨ ਅਤੇ ਉਸ ਪਰਮ ਜੋਤ ਪਰਮਾਤਮਾ ਵਿਚ ਕਿਸ ਤਰ੍ਹਾਂ ਲੀਨਤਾ ਪ੍ਰਾਪਤ ਕਰਦੇ ਹਨ?

## ਸਿੱਖੀ ਆਦਰਸ਼

ਬਾਬਾ ਜੀ ਇਹ ਸੁਣ ਕੇ ਕਹਿਣ ਲੱਗੇ ਕਿ ਭੈਣ ਜੀ! ਤੁਸੀਂ ਬਹੁਤ ਅਹਿਮ ਤੇ ਗੰਭੀਰ ਸੁਆਲ ਕੀਤਾ ਹੈ ਜਿਸ ਦਾ ਉੱਤਰ ਜੇ ਵਿਸਥਾਰ ਵਿਚ ਦੇਣਾ ਹੋਵੇ ਤਾਂ ਬਹੁਤ ਸਮਾਂ ਲੱਗੇਗਾ ਪਰ ਫਿਰ ਵੀ ਤੁਹਾਡੀ ਜਾਣਕਾਰੀ ਲਈ ਮੈਂ ਇਸ ਨੂੰ ਵਿਸਥਾਰ ਦੀ ਥਾਂ ਸੂਤਰ ਰੂਪ ਵਿਚ ਦੇਣ ਦਾ ਯਤਨ

ਕਰਾਂਗਾ ਕਿਉਂਕਿ ਸਿੱਖੀ ਦੇ ਸਰੂਪ ਨੂੰ ਸਮਝਣ ਤੋਂ ਪਹਿਲਾਂ ਭਾਰਤ ਦਾ ਇਤਿਹਾਸਕ ਪਿਛੋਕੜ ਜਾਨਣਾ ਬਹੁਤ ਜ਼ਰੂਰੀ ਹੈ। ਇਸੇ ਤਰ੍ਹਾਂ ਬ੍ਰਹਿਮੰਡੀ ਹੋਂਦ ਪਰਮਜੋਤ ਪਰੀਪੂਰਨ ਪਰਮਾਤਮਾ ਬਾਰੇ ਪ੍ਰਾਚੀਨ ਆਚਾਰੀਆਂ ਵਲੋਂ ਦਰਸਾਏ ਗਏ ਚਾਰੇ ਜੁਗਾਂ ਦੇ ਧਰਮਾਂ ਬਾਰੇ ਵੀ ਜਾਨਣਾ ਪਵੇਗਾ ਜਿਸ ਨਾਲ ਇਤਿਹਾਸਕ ਪਿਛੋਕੜ ਦੇ ਨਾਲ ਨਾਲ ਇਹ ਵੀ ਪਤਾ ਲੱਗ ਜਾਵੇਗਾ ਕਿ ਇਨ੍ਹਾਂ ਜੁਗਾਂ ਵਿਚ ਕੀ ਵਰਤਾਰਾ ਸੀ।

ਪਹਿਲਾਂ 'ਅਰਬਦ ਨਰਬਦ ਧੰਧੂਕਾਰਾ' ਦੀ ਅਵਸਥਾ ਸੀ ਜਿਸ ਦਾ ਸਮਾਂ ਮਿਥਿਆ ਨਹੀਂ ਜਾ ਸਕਦਾ ਕਿ ਕਿੰਨੇ ਅਰਬ, ਖਰਬ ਸਾਲ ਰਿਹਾ। ਇਸ ਤੋਂ ਬਾਅਦ ਆਤਮਿਕ ਰੂਪ ਪ੍ਰਭੂ, ਜੋ ਸਤਿ ਚਿਤ ਤੇ ਅਨੰਦ ਹੈ, ਏਕੰਕਾਰ ਦੇ ਰੂਪ ਵਿਚ ਪ੍ਰਗਟ ਹੋਇਆ ਅਤੇ ਸ੍ਰਿਸ਼ਟੀ ਦਾ ਪਸਾਰਾ ਆਰੰਭ ਹੋ ਗਿਆ।

***ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥***
***ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥***
***ਪੰਨਾ - 19***

ਹਵਾ ਤੋਂ ਜਲ ਪੈਦਾ ਕਰਕੇ, ਜਲ ਤੋਂ ਤਿੰਨੇ ਭਵਣਾਂ ਦੀ ਰਚਨਾ ਰਚ ਦਿਤੀ ਜੋ ਕਿ ਸਾਇੰਟਿਫਿਕ ਤੌਰ ਤੇ ਸਿਧ ਹੋ ਗਈ ਹੈ। ਸਾਇੰਸਦਾਨਾਂ ਨੇ ਇਹ ਸਿਧ ਕੀਤਾ ਹੈ ਕਿ ਬ੍ਰਹਿਮੰਡ ਵਿਚ ਇਕ ਹਿੱਸਾ ਧਰਤੀ ਦਾ ਹੈ ਤੇ ਤਿੰਨ ਹਿੱਸੇ ਪਾਣੀ ਹੈ। ਇਸ ਵਿਚ ਪੰਜ ਤੱਤ ਪੈਦਾ ਕਰ ਦਿੱਤੇ ਅਤੇ ਪ੍ਰਭੂ ਨੇ ਆਤਮ ਜੋਤ ਧਾਰ ਕੇ, ਇਸ ਪੰਜ ਤੱਤ ਦੇ ਬਣੇ ਸਰੀਰ ਨੂੰ ਸੱਤਾ ਦੇ ਕੇ ਚਲਾਉਣ ਦਾ ਕੰਮ ਕੀਤਾ। ਇਨ੍ਹਾਂ ਪੰਜਾਂ ਤੱਤਾਂ ਦੇ ਨਾਲ ਇਸ ਵਿਚ 25 ਪ੍ਰਕਿਰਤੀਆਂ ਦੀ ਜੜਤ ਕਰ ਦਿਤੀ ਜਿਸ ਨਾਲ ਇਹ ਆਪਸੀ ਵਿਰੋਧੀ ਤੱਤਾਂ ਨੂੰ ਇਸ ਸਰੀਰ ਵਿਚ ਇਕੱਠੇ ਕਰਨ ਦਾ ਸੰਚਾਲਨ ਕੀਤਾ। ਚਾਰ ਖਾਣੀਆਂ - ਅੰਡਜ, ਜੇਰਜ, ਸੇਤਜ ਅਤੇ ਉਤਭਜ ਤੇ ਚਾਰ ਬਾਣੀਆਂ - ਪਰਾ, ਪਸੰਤੀ, ਮੱਧਮਾ ਤੇ ਬੈਖਰੀ, ਇਨ੍ਹਾਂ ਦਾ ਚਲਾਉ ਕਰਕੇ, 84 ਲੱਖ ਜੂਨਾਂ ਬਣਾ ਕੇ ਆਵਾਗਵਣ ਦਾ ਚੱਕਰ ਚਲਾ ਦਿੱਤਾ ਜਿਸ ਬਾਰੇ ਭਾਈ ਗੁਰਦਾਸ ਜੀ ਦਾ ਫੁਰਮਾਨ ਹੈ -

***ਪ੍ਰਿਥਮੈ ਸਾਸ ਨ ਮਾਸ ਸਨ ਅੰਧ ਧੁੰਧ ਕਛੁ ਖਬਰ ਨ ਪਾਈ।***
***ਰਕਤਬਿੰਦ ਕੀ ਦੇਹਿ ਰਚਿ, ਪਾਂਚ ਤਤ ਕੀ ਜੜਤ ਜੜਾਈ।***
***ਪਉਣ ਪਾਣੀ ਬੈਸੰਤਰੋ ਚਉਥੀ ਧਰਤੀ ਸੰਗਿ ਮਿਲਾਈ।***
***ਪੰਚਮਿ ਵਿਚਿ ਆਕਾਸ ਕਰਿ ਕਰਤਾ ਛਟਮੁ ਅਦਿਸਟੁ ਸਮਾਈ।***
***ਪੰਚ ਤਤ ਪੰਚੀਸਿ ਗੁਨਿ ਸਤ੍ਰ ਮਿਤ੍ਰ ਮਿਲਿ ਦੇਹਿ ਬਣਾਈ।***
***ਖਾਣੀ ਬਾਣੀ ਚਲਿਤ ਕਰਿ ਆਵਾਗਉਣੁ ਚਰਿਤ੍ਰ ਦਿਖਾਈ।***
***ਚਉਰਾਸੀ ਲਖ ਜੋਨਿ ਉਪਾਈ॥ ਭਾਈ ਗੁਰਦਾਸ ਜੀ ਦੀ ਵਾਰ 1/2***

ਇਸ ਬਾਰੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ -

*ਪ੍ਰਥਮ ਓਅੰਕਾਰ ਤਿਨ ਕਹਾ॥*
*ਸੋ ਧੁਨ ਪੂਰ ਜਗਤਿ ਮੋ ਰਹਾ॥*

ਸ੍ਰਿਸ਼ਟੀ ਦਾ ਪਸਾਰਾ 'ਓਅੰ' ਸ਼ਬਦ ਤੋਂ ਕਰਕੇ ਉਸ ਨੂੰ ਅਨੰਤ ਦਾ ਪਸਾਰਾ ਦੇ ਦਿਤਾ। ਉਸ ਧੁਨ ਦੇ ਆਸਰੇ ਇਹ ਜਗਤ ਖੜ੍ਹਾ ਹੈ ਤੇ ਓਹੀ ਸੱਤਾ, ਕੀਟ ਤੋਂ ਹਸਤੀ ਤਕ ਤੇ ਬਨਾਸਪਤੀ, ਪੰਜ ਤੱਤ, ਚਾਰੇ ਖਾਣੀਆਂ ਵਿਚ ਪਰੀਪੂਰਨ ਤੌਰ ਤੇ ਕੰਮ ਕਰ ਰਹੀ ਹੈ। ਜਪੁਜੀ ਸਾਹਿਬ ਦੀ ਪਵਿੱਤਰ ਬਾਣੀ ਵਿਚ ਵੀ ਇਹ ਫੁਰਮਾਨ ਹੈ ਕਿ –

*ਕੀਤਾ ਪਸਾਉ ਏਕੋ ਕਵਾਉ॥*
*ਤਿਸ ਤੇ ਹੋਏ ਲਖ ਦਰੀਆਉ॥* *ਪੰਨਾ - 3*

ਇਕ ਸ਼ਬਦ ਨਾਲ ਸ੍ਰਿਸ਼ਟੀ ਦਾ ਪਸਾਰਾ ਹੋ ਗਿਆ ਤੇ ਕੁਦਰਤ ਨੂੰ ਸਾਜ ਦਿਤਾ ਅਤੇ ਇਹ ਸਾਜਨਾ ਵਾਹਿਗੁਰੂ ਜੀ ਨੇ ਆਪਣੇ ਹੁਕਮ ਨਾਲ ਹੀ ਕੀਤੀ ਹੈ ਅਤੇ ਆਪਣਾ ਨਾਉਂ ਵੀ ਆਪ ਹੀ ਪਰਗਟ ਕੀਤਾ ਹੈ, ਕੁਦਰਤ ਦੀ ਸਾਜਨਾ ਵੀ ਆਪ ਹੀ ਕੀਤੀ ਹੈ, ਦੇਣ ਵਾਲਾ ਵੀ ਆਪ ਹੈ ਤੇ ਲੈਣ ਵਾਲਾ ਵੀ ਉਹ ਆਪ ਹੈ। ਉਹ ਦਾਤਾ ਤੇ ਕਰਤਾ ਆਪ ਹੀ ਜਦੋਂ ਇੱਛਾ ਹੋਵੇ ਪਸਾਰਾ ਕਰ ਦਿੰਦਾ ਹੈ, ਜਦੋਂ ਇੱਛਾ ਹੋਵੇ ਲੈਅ ਕਰ ਦਿੰਦਾ ਹੈ। ਜੀਵਾਂ ਨੂੰ ਪੈਦਾ ਕਰਨ ਵਾਲਾ ਵੀ ਉਹ ਹੈ ਤੇ ਉਨ੍ਹਾਂ ਦਾ ਸੰਘਾਰ ਕਰਨ ਵਾਲਾ ਵੀ ਆਪ ਹੈ। ਉਹ ਉਚੇ ਆਸਣ ਤੇ ਬੈਠ ਕੇ ਆਪਣੀ ਰਚਨਾਂ ਨੂੰ ਆਪ ਹੀ ਦੇਖ ਰਿਹਾ ਹੈ –

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*
*ਪੰਨਾ - 463*

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕਾਦਰ ਦੀ ਸਾਜੀ ਹੋਈ ਕੁਦਰਤ ਤਾਂ ਨਜ਼ਰ ਆ ਰਹੀ ਹੈ ਪਰ ਕਾਦਰ ਦਾ ਕਿਸ ਤਰ੍ਹਾਂ ਪਤਾ ਲੱਗੇ ਕਿ ਉਹ ਵੀ ਇਸ ਵਿਚ ਸਮਾਇਆ ਹੋਇਆ ਹੈ। ਇਸ ਨੂੰ ਸਮਝਣ ਲਈ ਅਨੁਭਵੀ ਮਹਾਂਪੁਰਸ਼ ਦੋ ਤਰ੍ਹਾਂ ਦੀਆਂ ਮਿਸਾਲਾਂ ਦੇ ਕੇ ਸਮਝਾਇਆ ਕਰਦੇ ਸਨ ਕਿ ਇਕ ਤਾਂ ਇਹ ਹੈ ਕਿ ਕਰੋੜਾਂ ਭਾਂਡਿਆਂ ਵਿਚ ਸਮੁੰਦਰ ਦਾ ਪਾਣੀ ਭਰਿਆ ਹੋਇਆ ਹੈ, ਵੱਡੀਆਂ ਵੱਡੀਆਂ ਝੀਲਾਂ ਵਿਚ ਵੀ ਪਾਣੀ ਹੈ। ਸੂਰਜ ਜਦੋਂ ਚਮਕਦਾ ਹੈ ਉਸ ਦਾ ਪਰਛਾਵਾਂ ਸਾਰੇ ਪਾਣੀ ਵਿਚ ਪੈਂਦਾ ਹੈ। ਇਕ ਨਿਕੇ ਜਿਹੇ ਮਿਟੀ ਦੇ ਬਰਤਨ ਵਿਚ ਪਏ ਪਾਣੀ ਦੇ ਅੰਦਰ ਸੂਰਜ ਦਾ ਪਰਛਾਵਾਂ ਦੇਖ ਕੇ ਜੇਕਰ ਕੋਈ ਇਹ ਸਮਝ ਲਵੇ ਕਿ ਸੂਰਜ ਇਸ ਬਰਤਨ ਵਿਚ ਬੰਦ ਹੋ ਗਿਆ, ਇਹ ਨਿਰਮੂਲ ਖਿਆਲ ਹੈ ਕਿਉਂਕਿ ਇਹ ਤਾਂ ਪਰਛਾਵਾਂ ਹੈ। ਜੇਕਰ ਹਵਾ ਦੇ ਨਾਲ ਪਾਣੀ ਹਿਲਦਾ ਹੈ ਜਾਂ ਭਾਂਡੇ ਨੂੰ ਹੱਥ ਲਾਇਆਂ ਪਾਣੀ ਹਿਲਦਾ ਹੈ ਤਾਂ ਇਸ ਤਰ੍ਹਾਂ ਲਗਦਾ ਹੈ ਕਿ ਸੂਰਜ ਹਿਲ ਰਿਹਾ ਹੈ ਪਰੰਤੂ ਸੂਰਜ ਤਾਂ ਨਿਰਲੇਪ ਹੈ। ਉਹ ਤਾਂ ਬਰਤਨ ਤੋਂ ਕਰੋੜਾਂ ਮੀਲਾਂ ਦੀ ਦੂਰੀ ਉਤੇ ਸਥਿਤ ਹੈ। ਇਸੇ ਤਰ੍ਹਾਂ ਨਾਲ ਵਾਹਿਗੁਰੂ ਜੀ ਦਾ ਪਰਛਾਵਾਂ ਵੀ ਸਰੀਰਾਂ ਵਿਚ ਪੈਂਦਾ ਹੈ ਜਿਸ ਨਾਲ ਚੇਤਨਤਾ ਪੈਦਾ ਹੁੰਦੀ ਹੈ ਪਰ ਸੂਰਜ

ਅਤੇ ਵਾਹਿਗੁਰੂ ਦੀ ਚੇਤਨਾ ਵਿਚ ਫਰਕ ਹੈ। ਸੂਰਜ ਪਾਣੀ ਦੀ ਹਾਲਤ ਨੂੰ ਨਹੀਂ ਜਾਣ ਸਕਦਾ ਪਰ ਵਾਹਿਗੁਰੂ ਘਟ-ਘਟ ਵਿਚ ਵਿਆਪਕ ਹੈ, ਉਹ ਸਭ ਨੂੰ ਜਾਣਦਾ ਹੈ ਤੇ ਸਭ ਕੁਝ ਜਾਣਦਾ ਹੈ। ਦੂਜੀ ਮਿਸਾਲ ਹੈ ਕਿ ਇਕ ਵੱਡੇ ਆਕਾਰ ਦੇ ਸ਼ੀਸ਼ੇ ਵਿਚ ਸੂਰਜ ਨਜ਼ਰ ਆਉਂਦਾ ਹੈ ਪਰ ਜਦੋਂ ਅਸੀਂ ਹਥੌੜੇ ਨਾਲ ਇਸ ਨੂੰ ਭੰਨ ਕੇ ਛੋਟੇ ਛੋਟੇ ਟੁਕੜੇ ਕਰ ਦੇਈਏ ਤਾਂ ਬਰੀਕ ਤੋਂ ਬਰੀਕ ਟੁਕੜੇ ਵਿਚ ਵੀ, ਜਿਹੜਾ ਹੱਥ ਤੇ ਧਰਨਾ ਵੀ ਔਖਾ ਹੋਵੇ, ਉਸ ਵਿਚ ਵੀ ਸੂਰਜ ਨਜ਼ਰ ਆਵੇਗਾ। ਇਸੇ ਤਰ੍ਹਾਂ ਨਾਲ ਵਾਹਿਗੁਰੂ ਜੀ ਰਚੇ ਹੋਏ ਸੰਸਾਰ ਦੇ ਕਣ ਕਣ ਵਿਚ ਵਿਆਪਕ ਹਨ। ਮਹਾਰਾਜ ਜੀ ਦਾ ਫੁਰਮਾਨ ਹੈ -

***ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥***
***ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ***
***ਜੀਆ॥***

***ਪੰਨਾ - 617***

ਨੌਵੇਂ ਪਾਤਸ਼ਾਹ, ਜਿਨ੍ਹਾਂ ਨੂੰ ਸਤਿਕਾਰ ਨਾਲ ਹਿੰਦ ਦੀ ਚਾਦਰ ਵੀ ਕਿਹਾ ਜਾਂਦਾ ਹੈ ਅਤੇ ਜਿਸ ਬਾਰੇ ਤੁਸੀਂ ਜ਼ਿਕਰ ਕੀਤਾ ਹੈ ਕਿ ਹਿੰਦੂ ਧਰਮ ਦੀ ਰੱਖਿਆ ਲਈ ਆਪਣਾ ਆਪ ਕੁਰਬਾਨ ਕੀਤਾ, ਬਾਰੇ ਦਸ਼ਮੇਸ਼ ਜੀ ਦਾ ਕਥਨ ਹੈ -

***ਤਿਲਕ ਜੰਞੂ ਰਾਖਾ ਪ੍ਰਭ ਤਾਕਾ।***
***ਕੀਨੋ ਬਡੋ ਕਲੂ ਮਹਿ ਸਾਕਾ।***
***ਸਾਧਨਿ ਹੇਤਿ ਇਤੀ ਜਿਨਿ ਕਰੀ।***
***ਸੀਸੁ ਦੀਆ ਪਰ ਸੀ ਨ ਉਚਰੀ।***     ***(ਬਚਿਤ੍ਰ ਨਾਟਕ***
***ਪਾ: ੧੦ ਵਿਚੋਂ)***

ਬੀਬੀ ਜੀ! ਇਥੇ ਇਹ ਗਲ ਜਾਣ ਲੈਣੀ ਬਹੁਤ ਜ਼ਰੂਰੀ ਹੈ ਕਿ ਅਧਿਆਤਮਵਾਦ ਦਾ ਰਸਤਾ ਦਿਖਾਉਣ ਵਾਲੇ ਰੂਹਾਨੀ ਤੇ ਧਾਰਮਿਕ ਆਗੂਆਂ ਵਿਚ ਦੋਨੋਂ ਕਿਸਮ ਦੀ ਸ਼ਕਤੀ ਹੁੰਦੀ ਹੈ ਅਤੇ ਉਹ ਰੂਹਾਨੀ ਸ਼ਕਤੀ ਦੁਆਰਾ ਆਪਣਾ ਪ੍ਰਭਾਵ ਪਾ ਕੇ ਆਪ-ਹੁਦਰੇ ਬੰਦਿਆਂ ਨੂੰ ਸਿਧੇ ਰਸਤੇ ਪਾ ਸਕਦੇ ਹਨ। ਉਹ ਦਰਿਆ ਨੂੰ ਹੁਕਮ ਦੇਣ ਤਾਂ ਦਰਿਆ ਰੁਕ ਜਾਂਦਾ ਹੈ, ਹਨ੍ਹੇਰੀ ਨੂੰ ਹੁਕਮ ਦੇਣ ਤਾਂ ਹਨ੍ਹੇਰੀ ਬੰਦ ਹੋ ਜਾਂਦੀ ਹੈ ਪਰੰਤੂ ਇਹਨਾਂ ਸਾਰੀਆਂ ਰੂਹਾਨੀ ਸ਼ਕਤੀਆਂ ਨਾਲ ਭਰਪੂਰ ਹੁੰਦੇ ਹੋਏ ਵੀ ਉਹ ਇਹਨਾਂ ਨਾਟਕਾਂ ਚੇਟਕਾਂ ਤੋਂ ਦੂਰ ਰਹਿੰਦੇ ਹਨ ਅਤੇ ਜੇ ਉਹ ਚਾਹੁਣ, ਕੋਈ ਵੈਰੀ ਉਨ੍ਹਾਂ ਦੇ ਸਰੀਰ ਦਾ ਵਾਲ ਵੀ ਵਿੰਗਾ ਨਹੀਂ ਕਰ ਸਕਦਾ।

ਉਸ ਸਮੇਂ ਗੁਰੂ ਮਹਾਰਾਜ ਜੀ ਨਾਲ ਭਾਈ ਮਤੀਦਾਸ, ਭਾਈ ਸਤੀਦਾਸ ਤੇ ਭਾਈ ਦਿਆਲਾ ਜੀ ਵੀ ਸ਼ਹੀਦ ਹੋਏ। ਭਾਈ ਮਤੀ ਦਾਸ ਜੀ ਨੇ ਮਹਾਰਾਜ ਜੀ ਨੂੰ ਅਰਜ਼ ਕੀਤੀ ਕਿ ਪਾਤਸ਼ਾਹ ਜੀ! ਜੇ ਆਪ ਹੁਕਮ ਦੇਵੋ ਤਾਂ ਮੈਂ ਦਿਲੀ ਤੇ ਲਾਹੌਰ ਦੇ ਛੈਣੇ ਵਜਾ ਦਿਆਂ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਮਤੀ ਦਾਸ! ਇਹ ਸ਼ਕਤੀ ਤਾਂ ਗੁਰਸਿਖਾਂ ਵਿਚ ਆਮ

ਹੀ ਹੁੰਦੀ ਹੈ; ਮੈਨੂੰ ਪਤਾ ਹੈ ਤੂੰ ਕਰ ਸਕਦਾ ਹੈਂ ਪਰ ਆਪਾਂ ਇਥੇ ਨਾਟਕ ਚੇਟਕ ਕਰਨ ਨਹੀਂ ਆਏ, ਵਾਹਿਗੁਰੂ ਵਲੋਂ ਆਏ ਹੁਕਮ ਦੀ ਕਾਰ ਕਮਾਉਣ ਆਏ ਹਾਂ। ਆਪਾਂ ਆਪਣੀ ਸ਼ਹੀਦੀ ਨਾਲ ਕੌਮ ਦੀ ਤਕਦੀਰ ਬਦਲਣੀ ਹੈ, ਆਪਾਂ ਰੂਹਾਨੀ ਸ਼ਕਤੀਆਂ ਨਹੀਂ ਵਰਤਣੀਆਂ। ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਸਭ ਤੋਂ ਵੱਡੀ ਕਰਾਮਾਤ ਉਹ ਹੁੰਦੀ ਹੈ ਕਿ ਆਤਮ ਸਾਖਸ਼ਾਤ ਕਰਕੇ ਨਾਮ ਮੰਡਲ ਵਿਚ ਨਿਵਾਸ ਪ੍ਰਾਪਤ ਹੋ ਜਾਵੇ ਅਤੇ ਨਿਰਵਾਣ ਪਦ ਦੀ ਪ੍ਰਾਪਤੀ ਹੀ ਸਭ ਤੋਂ ਵੱਡੀ ਕਰਾਮਾਤ ਹੈ।

*ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ*
*ਧਿਗੁ ਸਿਧੀ ਧਿਗੁ ਕਰਮਾਤਿ॥*
*ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ॥*
*ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ*
*ਏਹਾ ਸਿਧਿ ਏਹਾ ਕਰਮਾਤਿ॥ ਪੰਨਾ - 650*

ਇਨ੍ਹਾਂ ਦੇ ਸਾਹਮਣੇ ਇਨ੍ਹਾਂ ਦੇ ਤਿੰਨਾਂ ਸੇਵਕਾਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ ਗਿਆ ਅਤੇ ਆਖਰ ਵਿਚ ਗੁਰੂ ਮਹਾਰਾਜ ਜੀ ਕਹਿਣ ਲੱਗੇ ਕਿ ਔਰੰਗਜ਼ੇਬ! ਹਰ ਇਕ ਨੂੰ ਆਪਣੇ ਅਕੀਦੇ ਅਨੁਸਾਰ ਮਜ਼੍ਹਬੀ ਆਜ਼ਾਦੀ ਹੋਣੀ ਚਾਹੀਦੀ ਹੈ ਤੇ ਕਿਸੇ ਦਾ ਮਜ਼੍ਹਬ ਜ਼ਬਰਦਸਤੀ ਤਬਦੀਲ ਕਰਨਾ ਅਨਿਆਇ ਤੇ ਪਾਪ ਹੈ। ਸਾਡੇ ਲਈ ਸਾਰੇ ਮਜ਼੍ਹਬ ਸਤਿਕਾਰਯੋਗ ਹਨ ਪਰ ਹਰ ਇਕ ਨੂੰ ਆਪਣਾ ਸਵੈ ਧਰਮ ਪਿਆਰਾ ਹੁੰਦਾ ਹੈ। ਪਰੰਤੂ ਔਰੰਗਜ਼ੇਬ ਤਾਂ ਮਜ਼੍ਹਬੀ ਜਨੂੰਨ ਵਿਚ ਮਸਤ ਸੀ ਤੇ ਗੁਰੂ ਮਹਾਰਾਜ ਜੀ ਨੇ ਖੁਸ਼ੀ ਖੁਸ਼ੀ ਆਪਣਾ ਬਲੀਦਾਨ ਦੇ ਦਿਤਾ।

*ਧਰਮ ਹੇਤ ਸਾਕਾ ਜਿਨਿ ਕੀਆ।*
*ਸੀਸੁ ਦੀਆ, ਪਰ ਸਿਰਰੁ ਨ ਦੀਆ। (ਬਚਿਤ੍ਰ ਨਾਟਕ ਪਾ: ੧੦ ਵਿਚੋਂ)*

ਗੁਰੂ ਨਾਨਕ ਦੇਵ ਮਹਾਰਾਜ ਜੀ ਦੀ ਪਰਮ ਪਾਵਨ ਜੋਤ, ਦਸ ਸਰੀਰਾਂ ਵਿਚ ਹੋ ਕੇ ਵਰਤੀ ਜਿਸ ਨੇ ਚਾਰੇ ਵਰਨਾਂ ਦਾ ਭੇਦ ਮਿਟਾ ਕੇ ਜਾਤ ਪਾਤ ਦੀ ਕੰਧ ਤੋੜ ਦਿਤੀ ਅਤੇ ਇਹ ਉਪਦੇਸ਼ ਦ੍ਰਿੜ੍ਹ ਕਰਵਾ ਦਿਤਾ ਕਿ ਆਤਮਾ ਦੀ ਕੋਈ ਜਾਤ ਨਹੀਂ ਹੈ, ਕੋਈ ਮਜ੍ਹਬ ਨਹੀਂ ਹੈ, ਇਹ ਪੰਜ ਤੱਤ ਤੇ ਪੰਝੀ ਪ੍ਰਕਿਰਤੀਆਂ ਨਾਲ ਬਣੇ ਸਰੀਰ ਨੂੰ, ਬੁਧੀ ਬੱਲ ਰਾਹੀਂ ਹਰਕਤ ਦੇ ਕੇ ਚਲਾ ਰਹੀ ਹੈ। ਸਾਰੇ ਸਰੀਰ ਅੰਨ ਪਾਣੀ ਦੇ ਆਸਰੇ ਚਲਦੇ ਹਨ। ਨਾ ਹੀ ਅੰਨ ਦੀ ਕੋਈ ਜਾਤ ਹੈ ਤੇ ਨਾ ਹੀ ਪਾਣੀ ਦੀ ਕੋਈ ਜਾਤ ਹੈ; ਇਕੋ ਜਿਹੀ ਸਭ ਨੂੰ ਭੁਖ ਲੱਗਦੀ ਹੈ ਤੇ ਇਕੋ ਜਿਹਾ ਸਭ ਨੂੰ ਵਾਹਿਗੁਰੂ ਤੇ ਭਰੋਸਾ ਹੈ। ਕੋਈ ਉਸ ਨੂੰ ਰਾਮ ਕਹਿ ਕੇ ਪੁਕਾਰਦਾ ਹੈ ਤੇ ਕੋਈ ਰਹੀਮ ਕਹਿੰਦਾ ਹੈ। ਸੰਸਾਰ ਵਿਚ ਆਦਮੀ ਦੀ ਜਾਤ ਇਕੋ ਹੈ, ਚਾਰੇ ਵਰਨ ਮਨੁਖ ਦੀ ਅਗਿਆਨਤਾ ਦੇ ਪ੍ਰਤੀਕ ਹਨ। ਵਾਹਿਗੁਰੂ ਇਕ, ਸੰਪਰਦਾਵਾਂ ਅਨੇਕ ਹਨ, ਫੇਰ ਦੇਹੁਰੇ ਤੇ ਮਸੀਤ ਦਾ ਕੀ ਝਗੜਾ? ਸੋ ਇਸ ਤਰ੍ਹਾਂ ਦੇ ਉਪਦੇਸ਼ ਨੇ ਸਾਰੇ ਸੰਸਾਰ ਨੂੰ ਇਕੋ ਸੂਤਰ ਵਿਚ ਪਰੋਅ ਕੇ ਆਪਸੀ ਭਾਈਚਾਰੇ ਤੇ ਸਾਂਝ

ਦਾ ਵਾਤਾਵਰਣ ਪੈਦਾ ਕਰ ਦਿਤਾ। ਸਭ ਨੂੰ ਉਚੀ ਆਵਾਜ਼ ਵਿਚ ਸੁਣਾਇਆ –

*ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥*
*(ਅਕਾਲ ਉਸਤਤਿ)*

ਦਸਵੇਂ ਗੁਰੂ ਨਾਨਕ, ਦਸ਼ਮੇਸ਼ ਪਿਤਾ ਜੀ ਨੇ ਵਿਸਾਖੀ ਦੇ ਮਹਾਨ ਦਿਹਾੜੇ ਤੇ ਜਾਤ ਪਾਤ ਤੇ ਵਰਨਾਂ ਵਿਚ ਟੁਕੜੇ ਟੁਕੜੇ ਹੋਈ ਮਨੁਖਤਾ ਨੂੰ ਜੋੜ ਕੇ ਇਕ ਪੂਰਨ ਮਨੁਖ ਦੀ ਹੋਂਦ ਨੂੰ ਕਾਇਮ ਕੀਤਾ ਜੋ ਕਿ ਆਪਣੇ ਆਪ ਵਿਚ ਮੁਕੰਮਲ ਹਸਤੀ ਸੀ ਕਿਉਂਕਿ ਇਸ ਵਿਚ ਚਾਰੇ ਵਰਨਾਂ ਦੇ ਗੁਣ ਭਰ ਦਿਤੇ ਅਤੇ ਕੁਰਬਾਨੀ ਦਾ ਜਜ਼ਬਾ ਕੁਟ ਕੁਟ ਕੇ ਭਰ ਦਿਤਾ। ਲੱਖਾਂ ਦੇ ਇਕੱਠ ਨੂੰ ਨੰਗੀ ਤਲਵਾਰ ਲੈ ਕੇ ਸੰਬੋਧਨ ਕੀਤਾ –

*ਜਉ ਤਉ ਪ੍ਰੇਮ ਖੇਲਨ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥* *ਪੰਨਾ – 1412*

ਇਸ ਤਰ੍ਹਾਂ ਨਾਲ ਇਹ ਪੰਜ ਪਿਆਰੇ ਵਾਰੋ ਵਾਰੀ ਆਪਣੇ ਸੀਸ ਭੇਟ ਕਰਨ ਲਈ ਆਏ ਅਤੇ ਗੁਰੂ ਮਹਾਰਾਜ ਨੇ ਤੰਬੂ ਦੇ ਅੰਦਰ ਲੈ ਜਾ ਕੇ ਸੀਸ ਧੜ ਤੋਂ ਅਲੱਗ ਕਰਕੇ ਰੱਖ ਦਿਤੇ ਤੇ ਫੇਰ ਆਪ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ। ਇਸ ਘਟਨਾ ਨੂੰ ਔਰੰਗਜ਼ੇਬ ਦੇ ਖਾਸ ਜਸੂਸ ਅਬੂਤਰਾਬ ਨੇ ਵਰਨਣ ਕੀਤਾ ਹੈ ਕਿ ਫੇਰ ਗੁਰੂ ਮਹਾਰਾਜ ਨੇ ਧੜਾਂ ਦੇ ਨਾਲ ਸੀਸ ਜੋੜ ਕੇ ਰੱਖ ਦਿੱਤੇ ਅਤੇ ਇਹ ਪਤਾ ਨਹੀਂ ਲੱਗ ਸਕਿਆ ਕਿ ਕਿਸ ਦਾ ਸਰੀਰ ਤੇ ਕਿਸਦਾ ਧੜ ਸੀ ਅਤੇ ਉਹ ਸਾਰੇ ਸੁਰਜੀਤ ਹੋ ਕੇ ਉਠ ਖੜ੍ਹੇ ਹੋਏ, ਇਕੋ ਜਿਹੇ ਚੋਲੇ ਤੇ ਕਕਾਰ ਤੇ ਦਸਤਾਰਾਂ ਪਹਿਨਾਅ ਕੇ ਸਾਰੇ ਮੰਚ ਤੇ ਲਿਆਂਦੇ ਗਏ, ਉਪਰੰਤ ਖੰਡੇ ਬਾਟੇ ਦਾ ਅੰਮ੍ਰਿਤ ਪੰਜਾਂ ਨੂੰ ਛਕਾਇਆ ਅਤੇ ਫੇਰ ਦਸ਼ਮੇਸ਼ ਪਿਤਾ ਜੀ ਨੇ ਉਨ੍ਹਾਂ ਤੋਂ ਖੁਦ ਵੀ ਅੰਮ੍ਰਿਤ ਪਾਨ ਕਰਕੇ, ਗੁਰੂ ਤੇ ਚੇਲੇ ਦੇ ਫਰਕ ਨੂੰ ਮਿਟਾ ਦਿਤਾ।

*ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥*
*ਭਾਈ ਗੁਰਦਾਸ ਜੀ ਦੀ ਵਾਰ 41/1*

ਗੁਰੂ ਮਹਾਰਾਜ ਜੀ ਨੇ ਨਾਮ ਦੀ ਸੋਝੀ ਦੇ ਕੇ ਇਨ੍ਹਾਂ ਨੂੰ ਜੋਗੀਸ਼ਰ ਵੀ ਬਣਾਇਆ ਤੇ ਦੱਸਿਆ ਕਿ ਹੁਣ ਮੇਰਾ ਖਾਲਸਾ ਬ੍ਰਹਮ ਵਿਦਿਆ ਜੋ ਬ੍ਰਾਹਮਣਾਂ ਦੁਆਰਾ ਦਿਤੀ ਜਾਂਦੀ ਹੈ, ਇਹ ਵਿਦਿਆ ਪੜ੍ਹੇਗਾ ਤੇ ਸੰਸਾਰ ਵਿਚ ਵੰਡੇਗਾ। ਮੇਰਾ ਖਾਲਸਾ ਸ਼ਸ਼ਤਰਧਾਰੀ ਹੋ ਕੇ ਆਪਣੀ ਰੱਖਿਆ ਵੀ ਕਰੇਗਾ ਅਤੇ ਗਊ ਗਰੀਬ ਦੀ ਵੀ ਰੱਖਿਆ ਕਰੇਗਾ, ਮੇਰਾ ਖਾਲਸਾ ਕਿਰਤੀ ਹੋ ਕੇ ਸੰਸਾਰ ਦੀ ਭੁਖ ਮਿਟਾਏਗਾ, ਅੰਨ ਪੈਦਾ ਕਰੇਗਾ, ਵਣਜ ਵਪਾਰ ਕਰੇਗਾ ਤੇ ਧਰਮ ਦੀ ਕਿਰਤ ਕਰੇਗਾ। ਮੇਰਾ ਖਾਲਸਾ ਸੇਵਾ ਵਿਚ ਨਿਪੁੰਨ ਹੋਵੇਗਾ ਅਤੇ ਸੇਵਾ ਕਰਕੇ ਸੰਸਾਰ ਵਿਚ ਮਾਣ ਪ੍ਰਾਪਤ ਕਰੇਗਾ। ਇਸ ਮੁਕੰਮਲ ਆਦਰਸ਼ ਨੂੰ ਇਥੋਂ ਤਕ ਉਚਾ ਕਹਿ ਕੇ ਸਤਿਕਾਰਤ ਕੀਤਾ ਜਿਸ ਬਾਰੇ ਸਰਬਲੋਹ ਗ੍ਰੰਥ ਵਿਚ ਫੁਰਮਾਨ ਹੈ –

*ਖਾਲਸਾ ਮੇਰੋ ਰੂਪ ਹੈ ਖਾਸ॥*
*ਖਾਲਸੇ ਮਹਿ ਹੌਂ ਕਰੌਂ ਨਿਵਾਸ॥* (ਸਰਬ ਲੋਹ ਗ੍ਰੰਥ 'ਚੋਂ)

ਖਾਲਸਾ ਆਦਰਸ਼ ਵਾਹਿਗੁਰੂ ਜੀ ਦੀ ਮੌਜ ਵਿਚ ਪ੍ਰਗਟ ਹੋਇਆ ਹੈ, ਇਹ ਅਕਾਲ ਪੁਰਖ ਦੀ ਫੌਜ ਹੈ ਜਿਸਨੇ ਅਨਿਆਏ, ਗਰੀਬਾਂ ਨਾਲ ਧੱਕਾਸ਼ਾਹੀ, ਮਿਲਾਵਟਾਂ ਆਦਿ ਨੂੰ ਰੋਕ ਕੇ ਅੰਦਰਲੇ ਗਿਆਨ ਦੇ ਦੀਪਕ ਪਰਚੰਡ ਕਰਨੇ ਹਨ। ਖਾਲਸਾ ਇਕ ਆਦਰਸ਼ਕ ਜੀਵਨ ਹੈ, ਇਸ ਨੂੰ ਭੇਖਾਂ ਦੀ ਭਰਮਾਰ ਦਬਾਅ ਨਹੀਂ ਸਕਦੀ, ਇਹ ਸਾਰੀ ਸ੍ਰਿਸ਼ਟੀ ਦੇ ਸਾਂਝੇ ਜੀਵਨ ਦੀ ਧੜਕਣ ਹੈ। ਖਾਲਸਾ ਕਿਸੇ ਨਾਲ ਧੱਕਾ ਸ਼ਾਹੀ, ਧ੍ਰੋਹ ਨਹੀਂ ਕਰਦਾ ਕਿਉਂਕਿ ਦਸ਼ਮੇਸ਼ ਪਿਤਾ ਦਾ ਉਪਦੇਸ਼ ਹੈ ਕਿ ਭਾਵੇਂ ਕੋਈ ਕਿਵੇਂ ਦਾ ਵੀ ਹੈ, ਆਪਣੀ ਸੰਪਰਦਾ ਵਿਚ ਰਹੇ, ਕੋਈ ਫਰਕ ਨਹੀਂ ਪੈਂਦਾ ਪਰ ਸਤਿ ਦੀ ਪਹਿਚਾਣ ਹੋਣੀ ਜ਼ਰੂਰੀ ਹੈ। ਮਹਾਨ ਸਤਿਗੁਰੂ ਸ੍ਰੀ ਦਸ਼ਮੇਸ਼ ਪਿਤਾ ਜੀ ਦਾ ਇਹ ਪਵਿੱਤਰ ਫੁਰਮਾਨ ਹੈ -

*ਕੋਊ ਭਇਓ ਮੂੰਡੀਆ ਸੰਨਿਆਸੀ, ਕੋਊ ਜੋਗੀ ਭਇਓ,*
*ਕੋਈ ਬ੍ਰਹਮਚਾਰੀ, ਕੋਊ ਜਤੀਅਨੁ ਮਾਨਬੋ॥*
*ਹਿੰਦੂ ਤੁਰਕ ਕੋਊ, ਰਾਫਜੀ ਇਮਾਮ ਸ਼ਾਫੀ,*
*ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥*
*ਕਰਤਾ ਕਰੀਮ ਸੋਈ, ਰਾਜਕ ਰਹੀਮ ਓਈ,*
*ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥*
*ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ,*
*ਏਕ ਹੀ ਸਰੂਪ, ਸਬੈ ਏਕੈ ਜੋਤ ਜਾਨਬੋ॥* (ਅਕਾਲ ਉਸਤਤਿ)

ਗੁਰਸਿਖ ਦੋਵੇਂ ਵੇਲੇ ਸਰਬਤ ਦੇ ਭਲੇ ਦੀ ਅਰਦਾਸ ਕਰਦਾ ਹੈ ਤੇ ਸਭ ਦਾ ਭਲਾ ਮਨਾਉਂਦਾ ਹੈ। ਬਾਬਾ ਜੀ ਦੇ ਮੁਖਾਰਬਿੰਦ ਤੋਂ ਇਹ ਬਚਨ ਸੁਣ ਕੇ ਉਹ ਬੀਬੀ ਹੈਰਾਨ ਹੋ ਰਹੀ ਸੀ ਤੇ ਬਾਰ ਬਾਰ ਹੱਥ ਜੋੜ ਕੇ ਨਮਸ਼ਕਾਰ ਕਰ ਰਹੀ ਸੀ ਕਿ ਸਰਦਾਰ ਸਾਹਿਬ! ਆਪ ਨੇ ਬੜੇ ਸਰਲ ਢੰਗ ਨਾਲ ਸਿਖੀ ਦਾ ਫਲਸਫਾ ਸਮਝਾ ਦਿਤਾ ਅਤੇ ਮੇਰੇ ਸਾਰੇ ਭਰਮ ਭੁਲੇਖੇ ਦੂਰ ਕਰ ਦਿੱਤੇ ਹਨ। ਇਸ ਕੌਮ ਦਾ ਸਤਿਕਾਰ ਤਾਂ ਪਹਿਲਾਂ ਵੀ ਮੇਰੇ ਮਨ ਅੰਦਰ ਸੀ ਪਰ ਹੁਣ ਤਾਂ ਸਿਖ ਕਲਚਰ, ਸਿਖ ਮਰਿਆਦਾ ਤੇ ਸਿਖ ਫਲਸਫੇ ਦੀ ਸਾਰੀ ਸਮਝ ਪੈ ਗਈ ਹੈ ਤੇ ਮੈਨੂੰ ਇਹ ਭਾਸਦਾ ਹੈ ਕਿ ਸਿਖ ਲੋਕ ਦੇਸ਼ ਭਗਤੀ, ਪ੍ਰਭੂ ਭਗਤੀ, ਸ਼ਕਤੀ ਤੇ ਸੇਵਾ ਦਾ ਜ਼ਿੰਦਾ ਜਾਗਦਾ ਨਮੂਨਾ ਹਨ, ਭਾਰਤਵਰਸ਼ ਦੀ ਸ਼ਾਨ ਹਨ ਅਤੇ ਭਾਰਤਵਾਸੀਆਂ ਨੂੰ ਇਸ ਕੌਮ ਉਤੇ ਜਿੰਨਾ ਮਾਣ ਹੋਵੇ, ਓਨਾਂ ਥੋੜ੍ਹਾ ਹੈ। ਤੁਹਾਡੇ ਇਹ ਬਚਨ ਮੈਂ ਲਗਾਤਾਰ ਕਈ ਦਿਨਾਂ ਤੋਂ ਭਾਵੇਂ ਟੁਟਵੇਂ ਸੁਣੇ ਹਨ ਪਰ ਮੇਰੇ ਜ਼ਿਹਨ ਵਿਚ ਇਹ ਸਾਰੀ ਰੂਪ ਰੇਖਾ ਬਣ ਗਈ ਹੈ। ਮੇਰੇ ਦਿਲ ਵਿਚ ਹਰ ਵੇਲੇ ਇਹ ਸਤਿਕਾਰ ਕਾਇਮ ਰਹੇਗਾ ਜਿਸ ਬਾਰੇ ਮੈਂ ਹੋਰਨਾਂ ਨੂੰ ਵੀ ਦੱਸਣ ਦਾ ਯਤਨ ਕਰਾਂਗੀ ਤੇ ਆਪ ਦਾ ਮੈਂ ਬਹੁਤ ਧੰਨਵਾਦ ਕਰਦੀ ਹਾਂ। ਬਾਬਾ ਜੀ ਕਹਿਣ ਲੱਗੇ, ਭੈਣ ਜੀ! ਇਸ ਵਿਚ ਕੋਈ ਧੰਨਵਾਦ ਦੀ ਜ਼ਰੂਰਤ ਨਹੀਂ, ਮੈਂ ਤਾਂ ਗੁਰੂ ਦਾ ਚਾਕਰ ਹਾਂ ਤੇ

ਇਹ ਜਾਣਕਾਰੀ ਦੇਣੀ ਮੇਰਾ ਫਰਜ਼ ਹੈ। ਸੋ ਇਸ ਤਰ੍ਹਾਂ ਨਾਲ ਇਸ ਵਿਚਾਰ ਨੂੰ ਕਈ ਦਿਨ ਲੱਗੇ। ਜਦ ਵੀ ਸਮਾਂ ਮਿਲਦਾ, ਬਾਬਾ ਜੀ ਇਸੇ ਤਰ੍ਹਾਂ ਗੁਰਮਤਿ ਦੇ ਵੱਖ ਵੱਖ ਸਿਧਾਂਤਾਂ ਤੇ ਜਗਿਆਸੂਆਂ ਦੀ ਜਗਿਆਸਾ ਪੂਰੀ ਕਰਨ ਵਿਚ ਲੱਗੇ ਰਹਿੰਦੇ ਸੀ।

ਇਕ ਵੇਰਾਂ ਬਾਬਾ ਜੀ ਨੂੰ ਦਿੱਲੀ ਦੇ ਬਹੁਤ ਵੱਡੇ ਵੱਡੇ ਧਨਾਢਾਂ ਦੀ ਮੀਟਿੰਗ ਵਿਚ ਬੈਠਣ ਦਾ ਮੌਕਾ ਮਿਲਿਆ ਜਿਸ ਵਿਚ ਸਰਦਾਰ ਮੋਹਨ ਸਿੰਘ, ਸਰਦਾਰ ਬਹਾਦਰ ਰਾਮ ਸਿੰਘ ਅਤੇ ਇਕ ਦੋ ਹੋਰ ਸਿਰ ਕੱਢ ਅਮੀਰ ਬੰਦੇ ਸ਼ਾਮਲ ਸਨ। ਇਸ ਵਿਚ ਬਾਬਾ ਜੀ ਵੀ ਗੁਰਮਤਿ ਦੀ ਗੱਲ ਚਲਾ ਦਿਆ ਕਰਦੇ ਸਨ ਤਾਕਿ ਇਨ੍ਹਾਂ ਲੋਕਾਂ ਨੂੰ ਵੀ ਗੁਰਮਤਿ ਦੀ ਸੋਝੀ ਪੈ ਜਾਵੇ। ਇਨ੍ਹਾਂ ਪਾਸ ਪੈਸੇ ਦੀ ਕਮੀ ਨਹੀਂ ਸੀ, ਕਾਰੋਬਾਰ ਦੀ ਕਮੀ ਨਹੀਂ ਸੀ, ਪਰੰਤੂ ਇਹਨਾਂ ਦੇ ਮਨ ਵਿਚ ਸ਼ਾਂਤੀ ਨਹੀਂ ਸੀ। ਸਾਰੇ ਜਣੇ ਇਕੱਠੇ ਹੋ ਕੇ ਬਾਬਾ ਜੀ ਨੂੰ ਪੁਛਣ ਲੱਗੇ ਕਿ ਇਸ ਦਾ ਕਾਰਨ ਕੀ ਹੈ, ਸਾਡੀ ਸਿਹਤ ਠੀਕ ਨਹੀਂ ਰਹਿੰਦੀ, ਹਰ ਵੇਲੇ ਡਾਕਟਰ ਸਾਡੇ ਸਿਰ ਤੇ ਖੜ੍ਹੇ ਰਹਿੰਦੇ ਹਨ, ਬਲੱਡ ਪ੍ਰੈਸ਼ਰ ਤੇ ਹੋਰ ਬੀਮਾਰੀਆਂ ਨੇ ਸਾਨੂੰ ਘੇਰਿਆ ਹੋਇਆ ਹੈ। ਸਰਦਾਰ ਮੋਹਨ ਸਿੰਘ ਕਹਿਣ ਲੱਗੇ ਕਿ ਮੈਂ ਹੈਰਾਨ ਹੋ ਜਾਂਦਾ ਹਾਂ ਜਦੋਂ ਸਾਡੇ ਘਰ ਦੇ ਪਿਛੇ ਵਾਲੀ ਜੋ ਬਗੀਚੀ ਹੈ, ਉਸ ਵਿਚ ਸਾਡੇ ਮਾਲੀ ਤੇ ਮਾਲਣ ਤੇ ਉਸ ਦਾ ਪਰਿਵਾਰ ਰਹਿੰਦਾ ਹੈ, ਉਹ ਸਭ ਕੁਝ ਖਾ ਲੈਂਦੇ ਹਨ, ਜਿੰਨਾ ਮਰਜ਼ੀ ਦੇ ਦਿਓ; ਇਸ ਕਰਕੇ ਮੈਂ ਕਈ ਦਫਾ ਸੋਚਿਆ ਕਰਦਾ ਹਾਂ ਕਿ ਕਈ ਪੱਖੋਂ ਇਹ ਸਾਡੇ ਨਾਲੋਂ ਚੰਗੇ ਹਨ। ਇਹ ਲੋਕ ਬਿਨਾਂ ਪੈਸੇ ਤੋਂ ਖੁਸ਼ ਹਨ। ਸਾਡੇ ਕੋਲ ਪੈਸੇ ਦਾ ਅੰਤ ਨਹੀਂ, ਕਾਰੋਬਾਰ ਦਾ ਅੰਤ ਨਹੀਂ ਤੇ ਸਾਨੂੰ ਤਾਂ ਹਰ ਵੇਲੇ ਫਿਕਰ ਲੱਗਾ ਰਹਿੰਦਾ ਹੈ। ਹੁਣ ਤੁਸੀਂ ਸਾਡੇ ਹੀ ਨਹੀਂ ਸਗੋਂ ਸਾਡੇ ਵਰਗੇ ਅਨੇਕਾਂ ਲੋਕਾਂ ਦੇ ਰਹਿਨੁਮਾ ਹੋ। ਅਸੀਂ ਤਾਂ ਸਾਰੇ ਦੁਨੀਆਂਦਾਰ ਬੰਦੇ ਹਾਂ ਪਰ ਤੁਸੀਂ ਸੰਤ ਮਹਾਰਾਜ ਜੀ ਦੀ ਕਿਰਪਾ ਦੇ ਪਾਤਰ ਵੀ ਹੋ ਅਤੇ ਤੁਹਾਡਾ ਜੀਵਨ ਵੀ ਗੁਰਮੁਖਾਂ ਵਾਲਾ ਹੈ। ਸੋ ਤੁਸੀਂ ਸਾਨੂੰ ਇਸ ਦੁਖ ਦੇ ਘੋਲ ਅੰਦਰ ਪਰਮ ਸ਼ਾਂਤੀ ਪਾਉਣ ਦਾ ਰਾਹ ਦੱਸਣ ਦੀ ਕ੍ਰਿਪਾ ਕਰੋ।

ਬਾਬਾ ਜੀ ਕਹਿਣ ਲੱਗੇ, ਆਪ ਸਾਰਿਆਂ ਨੇ ਇਥੇ ਮਾਨਸਿਕ, ਸਰੀਰਕ ਤੇ ਰਾਜਸੀ ਦੁਖਾਂ ਦਾ ਹੀ ਜ਼ਿਕਰ ਕੀਤਾ ਹੈ ਪਰੰਤੂ ਇਸ ਤੋਂ ਇਲਾਵਾ ਕਈ ਹੋਰ ਦੁਖ ਵੀ ਹਨ ਜਿਸ ਨਾਲ ਆਮ ਮਨੁਖ ਨੂੰ ਵੀ ਦੋ ਚਾਰ ਹੋਣਾ ਪੈਂਦਾ ਹੈ ਜਿਸ ਵਿਚ ਵਿਛੋੜੇ ਦਾ ਦੁਖ ਹੈ, ਘਰ ਵਿਚ ਗਰੀਬੀ ਹੈ, ਪੈਸਾ ਟਕਾ ਨਹੀਂ, ਭੁਖ ਦਾ ਦੁਖ ਹੈ ਕਿ ਪੇਟ ਭਰਕੇ ਰੋਟੀ ਵੀ ਨਹੀਂ ਮਿਲਦੀ ਅਤੇ ਇਕ ਦੁਖ ਬੀਮਾਰੀ ਦਾ ਹੈ ਕਿ ਸਰੀਰ ਨੂੰ ਕੋਈ ਐਸਾ ਰੋਗ ਲਗ ਜਾਵੇ ਜੋ ਲਾਇਲਾਜ ਹੋਵੇ। ਪਰੰਤੂ ਇਨ੍ਹਾਂ ਸਾਰਿਆਂ ਦੁਖਾਂ ਤੋਂ ਵੱਧ ਦੁਖਦਾਈ ਜਮਦੂਤਾਂ ਦਾ ਦੁਖ ਹੈ ਜੋ ਅੰਤ ਸਮੇਂ ਸਹਿਣਾ ਪੈਂਦਾ ਹੈ ਅਤੇ ਸਭ ਤੋਂ ਵੱਡਾ ਇਕ ਹੋਰ ਦੁਖ ਹੈ ਕਿ 84 ਲੱਖ ਜੂਨ ਵਿਚ ਪੈ ਕੇ ਬਾਰ ਬਾਰ ਜੰਮਣਾ ਤੇ ਮਰਨਾ ਪੈਂਦਾ ਹੈ। ਇਹ ਦੁਖ ਉਪਰਲੇ ਦੁਖ ਤੋਂ ਵੀ ਸਵਾਇਆ ਹੈ ਭਾਵ ਜ਼ਿਆਦਾ ਹੈ।

ਗੁਰੂ ਮਹਾਰਾਜ ਜੀ ਨੇ ਇਸ ਦਾ ਇਲਾਜ ਵੀ ਨਾਲ ਹੀ ਦੱਸ ਦਿਤਾ ਕਿ ਭਾਵੇਂ ਹਉਮੈ ਦਾ ਰੋਗ ਬਹੁਤ ਵੱਡਾ ਹੈ ਪਰ ਇਸ ਦਾ ਇਲਾਜ ਵੀ ਇਸ ਦੇ ਵਿਚ ਹੀ ਹੈ।

***ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥***
***ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥***
***ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥***

***ਪੰਨਾ - 466***

ਇਸ ਵਿਚ ਤਿੰਨ ਵੱਡੇ ਦੋਸ਼ ਹਨ ਜਿਸ ਕਰਕੇ ਇਹ ਆਪਣੇ ਆਪ ਨੂੰ ਵਾਹਿਗੁਰੂ ਜੀ ਤੋਂ ਵੱਖਰਾ ਸਮਝਣ ਲੱਗ ਪਿਆ ਹੈ - ਮਲ, ਆਵਰਨ ਤੇ ਵਿਕਸ਼ੇਪ।

ਮਲ ਦੋਸ਼ ਨਾਮ ਜਪਣ ਨਾਲ ਦੂਰ ਹੁੰਦਾ ਹੈ, ਆਵਰਨ ਦੋਸ਼ ਗਿਆਨ ਨਾਲ ਦੂਰ ਹੁੰਦਾ ਹੈ ਅਤੇ ਵਿਕਸ਼ੇਪਤਾ ਉਪਾਸ਼ਨਾ ਦੁਆਰਾ ਦੂਰ ਹੁੰਦੀ ਹੈ। ਬਾਰ ਬਾਰ ਜਨਮ ਲੈਣ ਕਰਕੇ ਇਸ ਦੇ ਅੰਤਸ਼ਕਰਣ ਉਤੇ ਮੈਲ ਜੰਮ ਗਈ ਹੈ ਅਤੇ ਇਸ ਨੂੰ ਆਪਣਾ ਅਸਲੀ ਸਰੂਪ ਦਿਸਣਾ ਬੰਦ ਹੋ ਗਿਆ। ਮਹਾਰਾਜ ਜੀ ਦਾ ਫੁਰਮਾਨ ਹੈ -

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥***

***ਪੰਨਾ - 135***

***ਖਸਮੁ ਵਿਸਾਰਿ ਕੀਏ ਰਸ ਭੋਗ॥***
***ਤਾਂ ਤਨਿ ਉਠਿ ਖਲੋਏ ਰੋਗ॥*** ***ਪੰਨਾ - 1256***

ਸੋ ਰੋਗ ਦਾ ਕਾਰਨ ਪ੍ਰਮੇਸ਼ਰ ਤੋਂ ਭੁਲਣਾ ਹੈ। ਜਦੋਂ ਪ੍ਰਮੇਸ਼ਰ ਚਿਤ ਆਉਂਦਾ ਹੈ, ਉਸ ਵੇਲੇ ਵੱਡੇ ਵੱਡੇ ਰੋਗਾਂ ਦਾ ਖਾਤਮਾ ਹੋ ਜਾਂਦਾ ਹੈ। ਪ੍ਰਮੇਸ਼ਰ ਚਿਤ ਆਉਣ ਲਈ ਇਸ ਨੂੰ ਲਗਾਤਾਰੀ ਵਾਹਿਗੁਰੂ ਦਾ ਨਾਮ ਜਪਣਾ ਪੈਂਦਾ ਹੈ। ਜਦੋਂ ਇਸ ਰਸ ਵਿਚ ਲੀਨ ਹੋ ਜਾਂਦਾ ਹੈ ਤਾਂ ਇਸ ਦਾ ਖਿਚਾਓ ਅੰਦਰ ਵੱਲ ਹੁੰਦਾ ਹੈ ਅਤੇ ਬਾਹਰੋਂ ਘਟ ਜਾਂਦਾ ਹੈ ਅਤੇ ਹਰ ਵੇਲੇ ਅੰਤਰਮੁਖ ਬਿਰਤੀ ਵਿਚ ਰਹਿਣ ਨੂੰ ਜੀਅ ਕਰਨ ਲੱਗ ਜਾਂਦਾ ਹੈ। ਸੁਰਤੀ, ਅੰਦਰ ਅੰਮ੍ਰਿਤ ਸਰੋਵਰ ਵਿਤ ਦਾਖਲ ਹੋ ਕੇ ਸਿਮਰਨਾ ਸ਼ੁਰੂ ਕਰ ਦਿੰਦੀ ਹੈ ਅਤੇ ਇਸ ਦੇ ਨਾਲ ਮਨ ਅਤੇ ਤਨ ਦੋਵੇਂ ਅਰੋਗ ਹੋ ਜਾਂਦੇ ਹਨ।

***ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥***
***ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ॥***

***ਪੰਨਾ - 611***

ਉਸ ਵੇਲੇ, ਉਸ ਅਵਸਥਾ ਵਿਚ ਲਗਾਤਾਰ ਰਸ ਮਾਨਣ ਨਾਲ ਕਰੋੜਾਂ ਵਿਘਨਾਂ ਦਾ ਨਾਸ਼ ਹੋ ਜਾਂਦਾ ਹੈ, ਪ੍ਰਭੂ ਨਾਲ ਇਕ ਮਿਕ ਹੋਣ ਦਾ ਸੁਨਹਿਰੀ ਅਵਸਰ ਪ੍ਰਾਪਤ ਹੁੰਦਾ ਹੈ। ਜਦੋਂ ਇਹ ਅਵਸਥਾ ਤਾਰੀ ਹੋ ਜਾਵੇ ਤਾਂ ਹਰ ਵੇਲੇ ਉਸ ਅਨੰਦ ਨੂੰ ਮਾਨਣ ਨੂੰ ਜੀਅ ਕਰਦਾ ਹੈ। ਜਿਸ ਤਰ੍ਹਾਂ

ਨਾਲ ਭੁਖੇ ਨੂੰ ਰੋਟੀ ਮਿਲਣ ਤੇ ਅਨੰਦ ਮਿਲਦਾ ਹੈ, ਉਸ ਤਰ੍ਹਾਂ ਜਦੋਂ ਸੱਚੇ ਨਾਮ ਦੀ ਭੁਖ ਲੱਗਣੀ ਸ਼ੁਰੂ ਹੋ ਜਾਵੇ ਤਾਂ ਉਹ ਭੁਖ ਸਾਰੇ ਦੁਖਾਂ ਨੂੰ ਖਾ ਜਾਂਦੀ ਹੈ, ਭਾਵ ਦੁਖਾਂ ਦਾ ਖਾਤਮਾ ਕਰ ਦਿੰਦੀ ਹੈ।

*ਸਾਚੇ ਨਾਮ ਕੀ ਲਾਗੈ ਭੂਖ॥*
*ਉਤੁ ਭੂਖੈ ਖਾਇ ਚਲੀਅਹਿ ਦੂਖ॥* *ਪੰਨਾ - 9*

ਗੁਰੂ ਮਹਾਰਾਜ ਜੀ ਨੇ ਤਾਂ ਸਾਰੀਆਂ ਬਿਮਾਰੀਆਂ ਦਾ ਇਲਾਜ ਹੀ ਨਾਮ ਦੀ ਦਵਾਈ ਲੈਣ ਨਾਲ ਠੀਕ ਹੋਣਾ ਦਸਿਆ ਹੈ।

*ਸਰਬ ਰੋਗ ਕਾ ਅਉਖਦੁ ਨਾਮੁ॥*
*ਕਲਿਆਣ ਰੂਪ ਮੰਗਲ ਗੁਣ ਗਾਮ॥* *ਪੰਨਾ - 274*

ਇਹ ਨਾਮ ਕੇਵਲ ਬੀਮਾਰੀ ਦਾ ਹੀ ਇਲਾਜ ਨਹੀਂ ਕਰਦਾ, ਸਗੋਂ ਇਹ ਕਲਿਆਣ ਰੂਪ ਵੀ, ਉਧਾਰ ਕਰਨ ਵਾਲਾ ਵੀ ਹੈ ਅਤੇ ਸਰੀਰ ਨੂੰ ਅਰੋਗ ਤੇ ਮਨ ਨੂੰ ਖੇੜੇ ਵਿਚ ਲਿਆਉਣ ਵਾਲਾ ਹੈ। ਜਿਉਂ ਜਿਉਂ ਗੁਣ ਗਾਈਏ, ਤਿਉਂ ਤਿਉਂ ਅੰਦਰ ਉਮਾਹ ਤੇ ਉਤਸ਼ਾਹ ਪੈਦਾ ਹੁੰਦਾ ਹੈ।

ਹੁਣ ਇਥੇ ਸਵਾਲ ਪੈਦਾ ਹੋ ਗਿਆ ਕਿ ਜਦ ਸਾਰੇ ਦੁਖਾਂ ਦਾ ਇਲਾਜ ਨਾਮ ਹੈ, ਫੇਰ ਵੀ ਦੁਖਾਂ ਤੋਂ ਛੁਟਕਾਰਾ ਕਿਉਂ ਨਹੀਂ ਮਿਲਦਾ? ਇਸ ਦਾ ਕੀ ਕਾਰਨ ਹੈ? ਇਸ ਵਿਚ ਕੋਈ ਸ਼ਕ ਵਾਲੀ ਗੱਲ ਨਹੀਂ ਕਿ ਸਾਬਣ ਨੇ ਤਾਂ ਮੈਲ ਕੱਟਣੀ ਹੀ ਕੱਟਣੀ ਹੈ, ਭਾਵੇਂ ਸਾਬਣ ਨੂੰ ਸਿਧਾ ਕਰਕੇ ਲਾਵੋ ਭਾਵੇਂ ਪੁਠਾ ਕਰ ਕੇ ਲਾਵੋ। ਇਸੇ ਤਰ੍ਹਾਂ ਨਾਮ ਨੇ ਤਾਂ ਸੁਖ ਦੇਣਾ ਹੀ ਦੇਣਾ ਹੈ। ਜਪ ਨੇ, ਸਿਮਰਨ ਨੇ ਸੁਖ ਦੇਣਾ ਹੀ ਦੇਣਾ ਹੈ, ਬਾਣੀ ਪੜ੍ਹਨ ਨਾਲ ਸੁਖ ਪ੍ਰਾਪਤ ਹੋਣਾ ਹੀ ਹੋਣਾ ਹੈ, ਪਰੰਤੂ ਇਸ ਵਿਚ ਇਕ ਸ਼ਰਤ ਹੈ, ਜਦ ਤਕ ਇਹ ਸ਼ਰਤ ਪੂਰੀ ਨਾ ਹੋਵੇ, ਉਦੋਂ ਤਕ ਪੂਰਾ ਲਾਭ ਪ੍ਰਾਪਤ ਨਹੀਂ ਹੋਇਆ ਕਰਦਾ ਜਿਸ ਬਾਰੇ ਗੁਰੂ ਮਹਾਰਾਜ ਜੀ ਦਾ ਪਵਿਤਰ ਫੁਰਮਾਨ ਹੈ -

*ਹਰਿ ਅਉਖਧੁ ਸਭ ਘਟ ਹੈ ਭਾਈ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ॥*
*ਗੁਰਿ ਪੂਰੈ ਸੰਜਮੁ ਕਰਿ ਦੀਆ॥*
*ਨਾਨਕ ਤਉ ਫਿਰਿ ਦੂਖ ਨ ਥੀਆ॥* *ਪੰਨਾ - 259*

ਮਹਾਰਾਜ ਜੀ ਨੇ ਦੱਸ ਦਿਤਾ ਹੈ ਕਿ ਪ੍ਰੇਮੀਓਂ! ਇਹ ਦਵਾਈ ਤਾਂ ਸਭ ਥਾਂ ਤੇ ਸਾਰੀਆਂ ਘਟਾਂ ਵਿਚ ਪਰੀਪੂਰਨ ਹੈ ਪਰੰਤੂ ਇਸ ਦਾ ਫਲ ਉਦੋਂ ਤਕ ਪੂਰਾ ਪ੍ਰਾਪਤ ਨਹੀਂ ਹੋਏਗਾ ਜਦੋਂ ਤਕ ਇਹ ਨਾਮ ਸਤਿਗੁਰੂ ਦੇ ਰਾਹੀਂ ਨਹੀਂ ਦਿਤਾ ਜਾਵੇਗਾ ਕਿਉਂਕਿ ਸਤਿਗੁਰੂ ਜੀ ਪਾਸ ਪੂਰੀ ਵਿਧੀ ਹੈ। ਸਤਿਗੁਰੂ ਸਿਖ ਨੂੰ ਇਸ ਵਿਧੀ ਨੂੰ ਪਾਲਣ ਦੇ ਪੂਰੇ ਸੰਜਮ ਦੱਸ ਕੇ ਨਾਮ ਦੀ ਕਣੀ ਇਸ ਦੇ ਅੰਦਰ ਵਸਾ ਦੇਵੇਗਾ। ਜਦੋਂ ਨਾਮ ਅੰਦਰ ਵਸ ਜਾਵੇਗਾ, ਫਿਰ ਦੁਖਾਂ ਦਾ ਖਾਤਮਾ ਹੋ ਜਾਵੇਗਾ। ਗੁਰਮਤਿ ਅਨੁਸਾਰ ਇਹ ਕਿਰਿਆ ਪੰਜ ਪਿਆਰਿਆਂ ਰਾਹੀਂ ਪ੍ਰਜ੍ਵਲਤ ਹੈ ਜੋ ਇਸ ਦੀ ਵਿਧੀ ਦੱਸਦੇ ਹਨ ਅਤੇ

ਫਿਰ ਗੁਰਸਿਖ ਸਿੰਘ ਨੂੰ ਗੁਰਮੁਖਾਂ ਦੀ ਸੰਗਤ ਕਰਨੀ ਪੈਂਦੀ ਹੈ ਕਿਉਂਕਿ ਸੰਤ ਜਾਂ ਗੁਰਮੁਖ ਇਕੋ ਗੱਲ ਹੈ। ਉਸ ਨੂੰ ਹੀ ਖਾਲਸਾ ਕਹਿੰਦੇ ਹਨ ਜਿਸ ਦੇ ਅੰਦਰ ਹਰ ਵਕਤ ਨਾਮ ਦੀ ਰੌਅ ਰੁਮਕਦੀ ਰਹਿੰਦੀ ਹੈ ਅਤੇ ਉਸ ਨੇ ਆਤਮ ਰਸ ਨੂੰ ਜਾਣ ਲਿਆ ਹੈ। ਉਹ ਅੱਗੇ ਅਨੇਕਾਂ ਨੂੰ ਤਾਰ ਦਿਆ ਕਰਦੇ ਹਨ।

***ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥***

***ਪੰਨਾ – 608***

ਦਸ਼ਮੇਸ਼ ਪਿਤਾ ਜੀ ਖਾਲਸਾ ਵੀ ਇਸ ਪੂਰਨ ਗੁਰਮੁਖ ਨੂੰ ਹੀ ਕਹਿੰਦੇ ਹਨ। ਮਹਾਰਾਜ ਜੀ ਦਾ ਪਵਿੱਤਰ ਫੁਰਮਾਨ ਹੈ –

***ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ ਰੰਚਕ ਨਾਹਨ ਭੇਵ॥***

***ਸਰਬ ਲੋਹ ਗ੍ਰੰਥ 'ਚੋਂ***

ਕਿਉਂਕਿ ਗੁਰਮੁਖ ਅਭੇਦ ਅਵਸਥਾ ਨੂੰ ਪ੍ਰਾਪਤ ਹੁੰਦਾ ਹੈ। ਵਾਹਿਗੁਰੂ ਵਿਚ, ਮੇਰੇ ਵਿਚ ਤੇ ਉਸ ਵਿਚ ਕੋਈ ਰੰਚਕ ਮਾਤਰ ਵੀ ਭੇਦ ਨਹੀਂ ਹੋਇਆ ਕਰਦਾ, ਇਹ ਮੇਰਾ ਖਾਲਸਾ ਮੇਰਾ ਹੀ ਰੂਪ ਹੈ। ਦਸ਼ਮੇਸ਼ ਜੀ ਫੁਰਮਾਨ ਕਰਦੇ ਹਨ ਕਿ ਜਦੋਂ ਗੁਰਮੁਖ ਦੁਆਰਾ ਸੋਝੀ ਪੈ ਜਾਂਦੀ ਹੈ ਤਾਂ ਫਿਰ ਦੁਖ ਤੇ ਸੁਖ ਵਿਚ ਕੋਈ ਫਰਕ ਨਹੀਂ ਰਿਹਾ ਕਰਦਾ, ਉਸ ਤੋਂ ਅੱਗੇ ਹੁਕਮ ਦੀ ਕ੍ਰਿਆ ਕੰਮ ਕਰਿਆ ਕਰਦੀ ਹੈ। ਇਸ ਨੂੰ ਪਿਆਰੇ ਦਾ ਹੁਕਮ ਸਮਝ ਕੇ ਖਿੜੇ ਮੱਥੇ ਪਰਵਾਨ ਕਰ ਲਿਆ ਜਾਂਦਾ ਹੈ ਅਤੇ ਉਸ ਨੂੰ ਫੇਰ ਦੁਖ ਵੀ ਦਾਰੂ ਹੀ ਲੱਗਿਆ ਕਰਦਾ ਹੈ –

***ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ॥***

***ਰਹਿਰਾਸ ਸਾਹਿਬ***

ਹੁਣ ਇਹ ਅਵਸਥਾ ਤਾਂ ਉਸ ਪ੍ਰੇਮੀ ਦੀ ਹੈ ਜਿਸ ਨੇ ਗੁਰੂ ਸੰਗਤ ਕਰਕੇ, ਗੁਰੂ ਦੀ ਆਗਿਆ ਤੇ ਚਲ ਕੇ ਸਾਰਾ ਕੁਝ ਸਮਝ ਲਿਆ ਅਤੇ ਮਨ ਵਿਚ ਵਸਾ ਲਿਆ। ਹੁਣ ਜੋ ਆਮ ਬੰਦਾ ਹੈ ਉਹ ਇਹ ਕਹਿੰਦਾ ਹੈ ਕਿ ਦੇਖੋ ਜੀ! ਮੈਂ ਤਾਂ ਕਦੇ ਕਿਸੇ ਦਾ ਮਾੜਾ ਨਹੀਂ ਕੀਤਾ ਤੇ ਫੇਰ ਮੈਨੂੰ ਦੁਖ ਕਿਥੋਂ ਆ ਗਿਆ? ਇਸ ਦਾ ਜਵਾਬ ਗੁਰੂ ਮਹਾਰਾਜ ਜੀ ਇਸ ਤਰ੍ਹਾਂ ਦਿੰਦੇ ਹਨ –

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥***

***ਪੰਨਾ – 433***

ਪਿਆਰਿਆ! ਇਹ ਤਾਂ ਤੇਰੇ ਪੂਰਬਲੇ ਕਰਮਾਂ ਦਾ ਹੀ ਦੋਸ਼ ਹੈ। ਠੀਕ ਹੈ ਇਸ ਜਨਮ ਵਿਚ ਤੂੰ ਕੋਈ ਮੰਦਾ ਕਰਮ ਨਹੀਂ ਕੀਤਾ ਪਰ ਪੂਰਬਲੇ ਜਨਮਾਂ

ਦਾ ਤੈਨੂੰ ਕੀ ਪਤਾ ਹੈ? ਇਸ ਲਈ ਕਿਸੇ ਨੂੰ ਦੋਸ਼ੀ ਨਾ ਠਹਿਰਾਅ ਅਤੇ ਅੱਗੇ ਵਾਸਤੇ ਸਾਵਧਾਨ ਹੋ ਜਾ ਕਿ ਹੁਣ ਵਰਤਮਾਨ ਸਮੇਂ ਵਿਚ ਮੈਂ ਕੀ ਕਰ ਰਿਹਾ ਹਾਂ। ਆਪਣੇ ਆਪ ਤੇ ਸਵਾਲ ਕਰ ਕਿ ਮੈਂ ਕਿਤੇ ਹੁਣ ਅਜਿਹੇ ਕਰਮ ਤਾਂ ਨਹੀਂ ਬੀਜ ਰਿਹਾ ਕਿ ਮੈਨੂੰ ਅਗਲੇ ਜਨਮ ਵਿਚ ਫੇਰ ਦੁਖਾਂ ਦਾ ਸਾਮ੍ਹਣਾ ਕਰਨਾ ਪਵੇ? ਜਦੋਂ ਇਹ ਗੱਲ ਸਮਝ ਵਿਚ ਆ ਜਾਵੇਗੀ, ਬਸ ਫੇਰ ਤਾਂ ਸੁਖ ਹੀ ਸੁਖ ਹੈ।

*ਦੂਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥*
*ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥*
*ਪੰਨਾ - 1302*

ਬਾਬਾ ਜੀ ਦੇ ਇਹ ਬਚਨ ਸੁਣ ਕੇ ਸਾਰੇ ਹੈਰਾਨ ਹੋ ਰਹੇ ਸਨ ਕਿ ਦੇਖੋ, ਇਨ੍ਹਾਂ ਗੁਰਮੁਖ ਪਿਆਰਿਆਂ ਨੇ ਕਿਸ ਤਰ੍ਹਾਂ ਸਹਿਜ ਨਾਲ ਹੀ ਸਾਡੇ ਅੰਦਰ ਇਹ ਗੱਲ ਬਿਠਾ ਦਿਤੀ ਹੈ ਕਿ ਦੁਖ ਦੀ ਉਪਜ ਕਿਥੋਂ ਹੋਈ ਤੇ ਇਹ ਕਿਵੇਂ ਪਸਰਦਾ ਹੈ ਤੇ ਇਸ ਦਾ ਇਲਾਜ ਕਿਵੇਂ ਹੋ ਸਕਦਾ ਹੈ। ਅਸੀਂ ਤਾਂ ਆਪਣੇ ਆਪ ਨੂੰ ਸਮਝਦੇ ਸੀ ਕਿ ਅਸੀਂ ਪੜ੍ਹੇ ਲਿਖੇ ਹਾਂ, ਅਮੀਰ ਹਾਂ, ਸਾਡੇ ਨਾਲੋਂ ਜ਼ਿਆਦਾ ਕਿਸੇ ਨੂੰ ਕੀ ਪਤਾ ਹੋਵੇਗਾ ਅਤੇ ਅਸੀਂ ਇਸ ਦੁਖ ਦਾ ਕਾਰਨ ਪ੍ਰਭੂ ਨੂੰ ਦੱਸਦੇ ਸਾਂ। ਹੁਣ ਪਤਾ ਲਗਿਆ ਹੈ ਕਿ ਇਨ੍ਹਾਂ ਦੁਖਾਂ ਦਾ ਕਾਰਨ ਤਾਂ ਬੰਦਾ ਆਪ ਹੀ ਹੈ। ਸਾਰਿਆਂ ਨੇ ਬਹੁਤ ਧੰਨਵਾਦ ਕੀਤਾ। ਕਹਿਣ ਲੱਗੇ ਕਾਫੀ ਸਮਾਂ ਗੁਜ਼ਰ ਗਿਆ ਤੁਹਾਡੇ ਬਚਨ ਸੁਣਦਿਆਂ, ਟਾਈਮ ਦਾ ਪਤਾ ਹੀ ਨਹੀਂ ਲੱਗਾ। ਉਪਰੰਤ ਸਾਰੇ ਆਪੋ ਆਪਣੇ ਘਰਾਂ ਨੂੰ ਚਲੇ ਗਏ। ਬਾਬਾ ਜੀ ਵੀ ਘਰ ਪਹੁੰਚ ਗਏ। ਆਪਜੀ ਨੇ ਨਿਯਮ ਅਨੁਸਾਰ ਰਹਿਰਾਸ ਕੀਤੀ ਅਤੇ ਦੂਜੇ ਦਿਨ ਸਵੇਰੇ ਤੇ ਨਿਤਨੇਮ ਕੀਤਾ, ਫੇਰ ਆਪਣੇ ਕੰਮ ਤੇ ਨੇਤ ਅਨੁਸਾਰ ਚਲੇ ਗਏ। ਸੋ ਇਸ ਤਰ੍ਹਾਂ ਨਾਲ ਆਪ ਨੇ ਔਰੀਐਂਟਲ ਫਰਨਿਸ਼ਿੰਗ ਕੰਪਨੀ ਵਿਚ ਆਪਣਾ ਸਮਾਂ ਬਤੀਤ ਕੀਤਾ। ਜਿਸ ਨਾਲ ਵੀ ਆਪ ਦਾ ਸੰਪਰਕ ਹੋਇਆ, ਉਸ ਨੂੰ ਸਹੀ ਸੇਧ ਦੇ ਕੇ ਗੁਰਮਤਿ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਅਤੇ ਹਰ ਇਕ ਦੇ ਸਵਾਲ ਦਾ ਜਵਾਬ ਦੇ ਕੇ ਉਸ ਦਾ ਸ਼ੰਕਾ ਨਵਿਰਤ ਕਰਨਾ ਆਪ ਜੀ ਭਲੀ ਭਾਂਤ ਜਾਣਦੇ ਸਨ। ਇਥੇ ਵੀ ਆਪ ਜੀ ਨੂੰ ਸੰਤ ਮਹਾਰਾਜ ਦਾ ਬੁਲਾਵਾ ਆ ਗਿਆ ਕਿ ਰਾੜਾ ਸਾਹਿਬ ਆਵੋ। ਆਪ ਨੇ ਆਪਣਾ ਚਾਰਜ ਤੇ ਹਿਸਾਬ ਕਿਤਾਬ ਹਵਾਲੇ ਕਰਕੇ ਇਸ ਕੰਪਨੀ ਤੋਂ ਵੀ ਰੁਖਸਤ ਲਈ ਅਤੇ ਸਾਰੇ ਮੁਲਾਜ਼ਮਾਂ ਨੂੰ ਕਿਹਾ ਕਿ ਧਰਮ ਦੀ ਕਿਰਤ ਕਰੋ ਅਤੇ ਨਾਲ ਦੀ ਨਾਲ ਜਦੋਂ ਸਮਾਂ ਮਿਲੇ, ਪ੍ਰਭੂ ਦੀ ਯਾਦ ਵਿਚ ਸਿਮਰਨ ਵੀ ਕਰਦੇ ਰਹੋ। ਹੁਣ ਫਤਹਿ ਪਰਵਾਨ ਕਰਨਾ।

*ਇਹ ਲੋਕ ਸੁਖੀਏ ਪਰਲੋਕ ਸੁਹੇਲੇ॥*
*ਨਾਨਕ ਹਰਿ ਪ੍ਰਭਿ ਆਪਹਿ ਮੇਲੇ॥* *ਪੰਨਾ - 293*

ਸਰਦਾਰ ਮੋਹਨ ਸਿੰਘ ਕੋਕਾ ਕੋਲਾ ਵਾਲਿਆਂ ਦੀ ਕੰਪਨੀ ਤੋਂ ਵਿਦਾ ਹੋ ਕੇ ਆਪ ਸਿਧੇ ਸੰਤ ਮਹਾਰਾਜ ਜੀ ਪਾਸ ਰਾੜਾ ਸਾਹਿਬ ਪਹੁੰਚੇ। ਸੰਤ

ਮਹਾਰਾਜ ਜੀ ਨੇ ਬੜੇ ਪਿਆਰ ਨਾਲ ਸਾਰਾ ਹਾਲ ਪੁਛਿਆ ਕਿ ਕਿਵੇਂ ਸਮਾਂ ਬਤੀਤ ਹੋਇਆ। ਬਾਬਾ ਜੀ ਨੇ ਉਤਰ ਦਿਤਾ ਕਿ ਮਹਾਰਾਜ ਜੀ! ਆਪ ਜੀ ਤੋਂ ਦੂਰ ਰਹਿ ਕੇ ਤਾਂ ਸਮਾਂ ਬਤੀਤ ਕਰਨਾ ਮੁਸ਼ਕਲ ਹੁੰਦਾ ਹੈ। ਜੋ ਅਨੰਦ ਆਪ ਜੀ ਦੇ ਚਰਨਾਂ ਵਿਚ ਹੈ ਉਹ ਕਿਸੇ ਥਾਂ ਤੇ ਵੀ ਨਹੀਂ ਮਿਲ ਸਕਦਾ। ਇਸ ਕਰਕੇ ਆਪ ਜੀ ਮੈਨੂੰ ਆਪਣੀ ਸੇਵਾ ਵਿਚ ਹੀ ਰਖੋ। ਸੰਤ ਮਹਾਰਾਜ ਜੀ ਕਹਿਣ ਲੱਗੇ ਕਿ ਸਾਨੂੰ ਪਤਾ ਹੈ ਤੁਸੀਂ ਜਿਥੇ ਵੀ ਜਾਣਾ ਹੈ, ਸਾਡੀ ਹੀ ਸੇਵਾ ਕਰਨੀ ਹੈ। ਜਿਹੜਾ ਕੰਮ ਕਰਨ ਵਾਸਤੇ ਗੁਰੂ ਮਹਾਰਾਜ ਜੀ ਨੇ ਸਾਨੂੰ ਭੇਜਿਆ ਹੈ, ਤੁਸੀਂ ਵੀ ਉਹੀ ਕੰਮ ਕਰ ਰਹੇ ਹੋ ਅਤੇ ਅੱਗੇ ਚਲ ਕੇ ਤੁਹਾਥੋਂ ਇਹ ਸਾਰਾ ਕੰਮ ਕਰਵਾਉਣਾ ਹੈ। ਸੋ ਇਸ ਤਰ੍ਹਾਂ ਦੇ ਭਵਿਖਤ ਬਚਨ ਬੜੇ ਪ੍ਰਸੰਨ ਚਿਤ ਹੋ ਕੇ ਸੰਤ ਮਹਾਰਾਜ ਜੀ ਕਰ ਰਹੇ ਸਨ। ਬਾਬਾ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ! ਹੁਣ ਦਾਸ ਵਾਸਤੇ ਕੀ ਹੁਕਮ ਹੈ? ਸੰਤ ਮਹਾਰਾਜ ਜੀ ਕਹਿਣ ਲੱਗੇ ਕਿ ਹਾਲੇ ਤੁਸੀਂ ਥੋੜ੍ਹਾ ਸਮਾਂ ਸਾਡੇ ਨਾਲ ਰਹੋ ਅਤੇ ਵਿਚ ਵਿਚ ਨੂੰ ਤੁਸੀਂ ਆਪਣੇ ਪਰਿਵਾਰ ਕੋਲ ਵੀ ਜਾ ਆਇਆ ਕਰੋ ਤੇ ਜਦੋਂ ਸਮਾਂ ਆ ਗਿਆ। ਫੇਰ ਤੁਹਾਡੇ ਨਾਲ ਬਚਨ ਕਰਾਂਗੇ ਕਿ ਹੁਣ ਅਗੇ ਕੀ ਕਰਨਾ ਹੈ। ਹੁਣ ਕਾਫੀ ਸਮਾਂ ਹੋ ਗਿਆ ਹੈ, ਦਿੱਲੀ ਤਕਰੀਬਨ ਛੇ ਮਹੀਨੇ ਨੌਕਰੀ ਕੀਤੀ ਹੈ ਤੇ ਤੁਹਾਡੀਆਂ ਪਿਆਰ ਭੇਟਾਵਾਂ ਪਰਵਾਨ ਹਨ ਅਤੇ ਤੁਸੀਂ ਹੁਣ ਪਰਿਵਾਰ ਦੀ ਖਬਰਸਾਰ ਲਵੋ, ਤੁਹਾਡੇ ਵਾਸਤੇ ਹਾਲ ਦੀ ਘੜੀ ਇਹੋ ਹੁਕਮ ਹੈ।

ਇਥੇ ਇਕ ਵਿਚਾਰ ਆਉਂਦੀ ਹੈ ਕਿ ਬਾਬਾ ਜੀ ਤਾਂ ਬੜੇ ਸਹਿਜ ਨਾਲ ਕੋਕਾ ਕੋਲਾ ਵਾਲਿਆਂ ਦੀ ਕੰਪਨੀ ਵਿਚ ਮੈਨੇਜਰ ਦੇ ਅਹੁਦੇ ਤੇ ਸਰਵਿਸ ਕਰ ਰਹੇ ਸਨ ਤੇ ਫੇਰ ਸੰਤ ਮਹਾਰਾਜ ਜੀ ਦਾ ਉਨ੍ਹਾਂ ਨੂੰ ਉਥੋਂ ਬੁਲਾ ਲੈਣਾ, ਇਸ ਵਿਚ ਕੋਈ ਅਗੰਮੀ ਰਾਜ਼ ਵਾਲੀ ਗੱਲ ਹੀ ਹੋ ਸਕਦੀ ਹੈ। ਸੰਤ ਮਹਾਰਾਜ ਜੀ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਬਾਬਾ ਜੀ ਦੀ ਅਵਸਥਾ ਕੀ ਹੈ ਪਰ ਫੇਰ ਵੀ ਮਹਾਂਪੁਰਸ਼ ਕਸਵੱਟੀ ਲਾ ਕੇ ਪਰਖ ਲਿਆ ਕਰਦੇ ਹਨ ਕਿ ਦੇਖੀਏ ਕਿ ਇਹ ਹੁਣ ਆਪਣੇ ਅਹੁਦੇ ਤੇ ਮਾਣ ਨਾਲ ਜੁੜ ਤਾਂ ਨਹੀਂ ਗਏ? ਕੀ ਇਨ੍ਹਾਂ ਦੇ ਅੰਦਰ ਉਹ ਪਿਆਰ ਤੇ ਤਿਆਗ ਦੀ ਭਾਵਨਾ ਮੌਜੂਦ ਹੈ? ਸੋ ਇਸ ਕਸਵੱਟੀ ਤੇ ਬਾਬਾ ਜੀ ਪੂਰੇ ਉਤਰ ਕੇ ਸੰਤ ਮਹਾਰਾਜ ਜੀ ਦੇ ਹੁਕਮ ਅਨੁਸਾਰ, ਚਰਨਾਂ ਵਿਚ ਪਹੁੰਚ ਗਏ।

ਦੂਸਰੀ ਗੱਲ ਇਹ ਹੈ ਕਿ ਸੰਤ ਮਹਾਰਾਜ ਜੀ ਚਾਹੁੰਦੇ ਸਨ ਕਿ ਬਾਬਾ ਜੀ ਇਕ ਥਾਂ ਤੇ ਟਿਕ ਕੇ ਨਾ ਰਹਿਣ ਕਿਉਂਕਿ ਸਾਧੂ ਚਲਦੇ ਫਿਰਦੇ ਜੰਗਮ ਹੋਇਆ ਕਰਦੇ ਹਨ। ਉਹ ਜਿਥੇ ਵੀ ਜਾਣਗੇ, ਉਨ੍ਹਾਂ ਨੇ ਆਪਣੀ ਸੰਗਤ ਤੇ ਪ੍ਰੇਮ ਭਰੇ ਬਚਨਾਂ ਦੁਆਰਾ ਵੱਧ ਤੋਂ ਵੱਧ ਪ੍ਰਾਣੀਆਂ ਨੂੰ ਪ੍ਰਮਾਰਥ ਦੇ ਰਾਹ ਉਤੇ ਪਾ ਕੇ ਗੁਰੂ ਨਾਲ ਜੋੜਨਾ ਹੁੰਦਾ ਹੈ। ਜਿੰਨੇ ਵੱਧ ਤੋਂ ਵੱਧ ਜਗਿਆਸੂ ਉਨ੍ਹਾਂ ਦੇ ਸੰਪਰਕ ਵਿਚ ਆਉਣਗੇ, ਓਨਾਂ ਹੀ ਵੱਧ ਗੁਰਮਤਿ ਦਾ ਪ੍ਰਚਾਰ ਹੋਵੇਗਾ ਅਤੇ ਗੁਰੂ ਦੀ ਸੰਗਤ ਵਿਚ ਵਾਧਾ ਹੋਵੇਗਾ, ਲੋਕਾਂ ਦੇ ਮਨ ਵਿਚ ਸ਼ਾਂਤੀ ਆਵੇਗੀ, ਪਰਵਾਰਿਕ, ਧਾਰਮਿਕ ਤੇ ਰਾਜਸੀ ਬਖੇੜੇ

ਘਟਣਗੇ, ਭਾਈਚਾਰਕ ਵਾਤਾਵਰਣ ਪੈਦਾ ਹੋਵੇਗਾ। ਜਿਸ ਤਰ੍ਹਾਂ ਨਾਲ ਇਕ ਉਤਮ ਗੁਰਸਿਖ ਦੀ ਕਹਿਣੀ, ਕਰਨੀ, ਕਮਾਈ, ਰਹਿਣ ਸਹਿਣ ਅਤੇ ਪ੍ਰਸਪਰ ਵਰਤਾਵ ਉਸ ਦੇ ਆਲੇ ਦੁਆਲੇ ਨੂੰ ਪ੍ਰਭਾਵਿਤ ਕਰਦਾ ਹੈ ਉਸੇ ਤਰ੍ਹਾਂ ਇਕ ਗੁਰਮੁਖ ਨਾਲ, ਆਪਣੀ ਕਰਨੀ ਕਮਾਈ ਦੇ ਪ੍ਰਭਾਵ ਨਾਲ ਕੇਵਲ ਆਪਣਾ ਚੁਗਿਰਦਾ ਤੇ ਆਲਾ ਦੁਆਲਾ ਹੀ ਨਹੀਂ ਸਗੋਂ ਦੂਰ ਦੂਰ ਤਕ ਉਸ ਦੀ ਖੁਸ਼ਬੂ ਫੈਲ ਜਾਂਦੀ ਹੈ ਅਤੇ ਉਹ ਅਪਣੱਤ ਭਰੇ ਵਤੀਰੇ ਤੇ ਰੂਹਾਨੀ ਸ਼ਕਤੀ ਨਾਲ ਸਭ ਦੀ ਖਿਚ ਦਾ ਕੇਂਦਰ ਬਣ ਜਾਂਦਾ ਹੈ। ਇਸ ਕਰਕੇ ਐਸੇ ਹੀ ਕੁਝ ਕੌਤਕ ਮਹਾਂਪੁਰਸ਼ ਕਰਿਆ ਕਰਦੇ ਹਨ ਜਿਨ੍ਹਾਂ ਨੂੰ ਆਮ ਮਨੁਖ ਨੂੰ ਸਮਝਣਾ ਬੜੀ ਔਖੀ ਗਲ ਹੋਇਆ ਕਰਦੀ ਹੈ। ਉਹਨਾਂ ਦਾ ਚੁਗਿਰਦਾ ਕੇਵਲ ਆਪਣਾ ਆਲਾ ਦੁਆਲਾ ਹੀ ਨਹੀਂ ਹੁੰਦਾ ਸਗੋਂ ਸਾਰਾ ਦੇਸ਼ ਤੇ ਸਾਰਾ ਸੰਸਾਰ ਹੋਇਆ ਕਰਦਾ ਹੈ। ਸੋ ਇਸ ਤਰ੍ਹਾਂ ਨਾਲ ਬਾਬਾ ਜੀ ਕੁਝ ਸਮਾਂ ਪਰਿਵਾਰ ਵਿਚ ਰਹਿ ਕੇ ਬਤੀਤ ਕਰਦੇ ਅਤੇ ਜ਼ਿਆਦਾ ਸਮਾਂ ਰਾੜਾ ਸਾਹਿਬ ਸੰਤ ਮਹਾਰਾਜ ਦੇ ਚਰਨਾਂ ਵਿਚ ਰਹਿ ਕੇ ਸੇਵਾ, ਸਿਮਰਨ ਤੇ ਦੀਵਾਨਾਂ ਵਿਚ ਰਹਿ ਕੇ ਆਪਣੀ ਡਿਊਟੀ ਨਿਭਾਉਂਦੇ ਰਹੇ। ਯਥਾਸ਼ਕਤ ਪਰਿਵਾਰ ਵਿਚ ਰਹਿੰਦਿਆਂ ਹੋਇਆਂ ਖੇਤੀ ਬਾੜੀ ਦੇ ਕੰਮ ਧੰਦੇ ਵਿਚ ਲੱਗੇ ਰਹਿੰਦੇ ਸਨ ਅਤੇ ਨਾਲ ਦੀ ਨਾਲ ਸੇਵਾ ਸਿਮਰਨ ਤੇ ਭਗਤੀ ਲਈ ਪੂਰਾ ਸਮਾਂ ਲਾਉਂਦੇ ਸਨ। ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁਕਾ ਹੈ ਕਿ ਬਾਬਾ ਜੀ ਦੇ ਪਰਿਵਾਰ ਵਿਚ ਸੁਖਾਵਾਂ ਵਾਤਾਵਰਣ ਹੋਣ ਕਰਕੇ ਇਨ੍ਹਾਂ ਦੇ ਮਾਤਾ ਪਿਤਾ ਜਾਂ ਬੀਜੀ ਨੇ ਕਦੇ ਵੀ ਇਨ੍ਹਾਂ ਦੇ ਭਗਤੀ ਭਾਵ ਅਤੇ ਪਰਮਾਰਥਕ ਜੀਵਨ ਤੇ ਪ੍ਰਸ਼ਨ ਚਿੰਨ੍ਹ ਨਹੀਂ ਸੀ ਲਾਇਆ ਸਗੋਂ ਇਸ ਗੱਲ ਦੀ ਸਾਰਿਆਂ ਨੂੰ ਖੁਸ਼ੀ ਸੀ ਕਿ ਇਹ ਗੁਰੂ ਘਰ ਦੀ ਸੇਵਾ ਕਰ ਰਹੇ ਸਨ। ਸੋ ਪਰਿਵਾਰਿਕ ਬੰਧਨ ਆਪਦੇ ਰਾਹ ਦਾ ਕਦੀ ਵੀ ਰੋੜਾ ਨਹੀਂ ਸਨ ਬਣੇ ਅਤੇ ਆਪ ਜੀ ਇਕ ਰਸ ਤੇ ਇਕ ਧੁਨ ਵਿਚ ਸਹਿਜ ਨਾਲ ਆਪਣਾ ਜੀਵਨ ਬਤੀਤ ਕਰ ਰਹੇ ਸਨ।

## ਪਟਿਆਲੇ ਫੌਜ ਦੀ ਸਰਵਿਸ

ਸੰਨ 1941 ਦੀ ਗੱਲ ਹੈ ਕਿ ਉਸ ਵੇਲੇ ਪੰਜਾਬ ਵਿਚ ਤਾਂ ਪੂਰੀ ਤਰ੍ਹਾਂ ਅੰਗਰੇਜ਼ਾਂ ਦਾ ਰਾਜ ਸੀ ਪਰੰਤੂ ਛੋਟੀਆਂ ਛੋਟੀਆਂ ਰਿਆਸਤਾਂ ਦੇ ਰਾਜੇ ਸੁਤੰਤਰ ਸਨ ਕਿਉਂਕਿ ਵਿਦੇਸ਼ੀ ਹਾਕਮ ਦੀ ਇਹ ਨੀਤੀ ਸੀ ਤੇ ਉਹ ਜਾਣਦਾ ਸੀ ਕਿ ਸਿੰਘ ਇਕ ਬਹਾਦਰ ਕੌਮ ਹੈ ਅਤੇ ਇਸ ਦਾ ਸਿੱਕਾ ਮੰਨਦੇ ਸਨ। ਉਹਨਾਂ ਨੇ ਆਪਣੀ ਅੱਖੀਂ ਉਹਨਾਂ ਦੀ ਬਹਾਦਰੀ ਦੇ ਕਾਰਨਾਮੇ ਪੰਜਾਬ ਤੇ ਹਿੰਦ ਦੇ ਜੰਗ ਵਿਚ ਦੇਖ ਲਏ ਸਨ ਜਿਸ ਨਾਲ ਇਕ ਮੁਸਲਮਾਨ ਕਵੀ ਸ਼ਾਹ ਮੁਹੰਮਦ ਨੇ ਲਿਖਿਆ ਹੈ -

***ਸ਼ਾਹ ਮੁੰਹਮਦਾ ਸਿੰਘਾ ਨੇ ਗੋਰਿਆਂ ਦੇ ਵਾਂਗ ਨਿਬੂੰਆ ਲਹੂ ਨਿਚੋੜ ਸੁਟੇ॥***

ਪਰ ਧੋਖਾ, ਦਗੇਬਾਜ਼ੀ ਤੇ ਆਪਸੀ ਫੁਟ ਦੇ ਸ਼ਿਕਾਰ ਹੋਏ ਬਹਾਦਰ ਸਿੰਘ ਜਰਨੈਲਾਂ ਦੀ ਗੋਰਿਆਂ ਦੀ ਚਾਲ ਅੱਗੇ ਕੋਈ ਪੇਸ਼ ਨਾ ਗਈ। ਇਸ

ਸਮੇਂ ਵੀ ਸਿੰਘਾਂ ਤੇ ਥਾਂ ਥਾਂ ਤੇ ਮੋਰਚੇ ਲੱਗਦੇ ਸਨ ਅਤੇ ਆਜ਼ਾਦੀ ਦਾ ਸੰਘਰਸ਼ ਅੰਦਰੋ ਅੰਦਰੀ ਜਾਰੀ ਸੀ। ਇਨ੍ਹਾਂ ਰਿਆਸਤਾਂ ਵਿਚ ਹਾਲੇ ਅਮਨ ਅਮਾਨ ਸੀ ਅਤੇ ਪਟਿਆਲੇ ਵਾਲੇ ਰਾਜੇ ਦੀ ਰਿਆਸਤ ਨੂੰ ਪੈਪਸੂ ਆਖਿਆ ਜਾਂਦਾ ਸੀ। ਸੰਤ ਮਹਾਰਾਜ ਜੀ ਰਾੜੇ ਵਾਲਿਆਂ ਨੇ ਵੀ ਸਕੂਲ ਦੀ ਪੜ੍ਹਾਈ ਇਥੇ ਹੀ ਆ ਕੇ ਕੀਤੀ ਸੀ ਕਿਉਂਕਿ ਆਪ ਜੀ ਦੇ ਬਹੁਤ ਨਜ਼ਦੀਕੀ ਰਿਸ਼ਤੇਦਾਰ ਮਹਾਰਾਜਾ ਪਟਿਆਲਾ ਦੀ Royal family (ਸ਼ਾਹੀ ਪਰਿਵਾਰ) ਨਾਲ ਤੁਅੱਲਕ ਰਖਦੇ ਸਨ ਅਤੇ ਉਨ੍ਹਾਂ ਦਾ ਚੰਗਾ ਅਸਰ ਰਸੂਖ ਸੀ। ਸੰਤ ਮਹਾਰਾਜ ਜੀ ਤਾਂ ਪਹਿਲਾਂ ਹੀ ਜਾਣਦੇ ਸਨ ਕਿ ਬਾਬਾ ਜੀ ਦੇ ਭਵਿੱਖਤ ਵਿਚ ਕੀ ਕੀ ਡਿਊਟੀ ਕਰਨੀ ਲਿਖੀ ਹੋਈ ਹੈ ਪਰੰਤੂ ਸਤਪੁਰਸ਼ ਕਦੀ ਇਹ ਭੇਦ ਪਹਿਲਾਂ ਨਹੀਂ ਦੱਸਿਆ ਕਰਦੇ, ਉਹਨਾਂ ਦਾ ਹਰ ਬਚਨ ਸਹਿਜ ਸੁਭਾਵਿਕਤਾ ਵਿਚ ਹੋਇਆ ਕਰਦਾ ਹੈ। ਸੰਤ ਮਹਾਰਾਜ ਜੀ ਨੇ ਇਕ ਦਿਨ ਆਪਣੇ ਪਾਸ ਬੁਲਾ ਕੇ ਬਚਨ ਕਰ ਦਿਤਾ ਕਿ ਤੁਸੀਂ ਮਹਾਰਾਜਾ ਪਟਿਆਲਾ ਦੀ ਫੌਜ ਵਿਚ ਭਰਤੀ ਹੋ ਜਾਵੋ, ਇਸ ਨਾਲ ਦੋ ਤਿੰਨ ਗੱਲਾਂ ਦੀ ਸਹੂਲੀਅਤ ਰਹਿੰਦੀ ਹੈ। ਪਹਿਲੀ ਤਾਂ ਇਹ ਹੈ ਕਿ ਰਿਜ਼ਕ ਮਿਲਦਾ ਹੈ, ਰੋਜ਼ਗਾਰ ਮਿਲ ਜਾਵੇਗਾ, ਦੂਸਰਾ ਫੌਜ ਦਾ ਜੀਵਨ ਅਨੁਸਾਸ਼ਨ ਵਾਲਾ ਹੁੰਦਾ ਹੈ। ਕਸਰਤ, ਘੋੜ ਸਵਾਰੀ ਅਤੇ ਹੋਰ ਅਨੇਕਾਂ ਤਰੀਕਿਆਂ ਨਾਲ ਸਰੀਰ ਰਿਸ਼ਟਪੁਸ਼ਟ ਹੋਵੇਗਾ, ਉਹ ਪ੍ਰਭੂ ਦੀ ਭਗਤੀ ਵੀ ਕਰ ਸਕਦਾ ਹੈ, ਆਪਣਾ ਨਿਤਨੇਮ ਵੀ ਕਰ ਸਕਦਾ ਹੈ ਕਿਉਂਕਿ ਸ਼ਾਂਤੀਦਾਇਕ ਵਾਤਾਵਰਣ ਮਿਲ ਜਾਂਦਾ ਹੈ। ਇਸ ਕਰਕੇ ਸਾਡੀ ਤੁਹਾਡੇ ਤੇ ਖੁਸ਼ੀ ਹੈ, ਤੁਸੀਂ ਉਥੇ ਜਾ ਕੇ ਰਿਪੋਰਟ ਕਰੋ ਤੇ ਡਿਊਟੀ ਸੰਭਾਲੋ।

ਬਾਬਾ ਜੀ ਨੇ ਸੰਤ ਮਹਾਰਾਜ ਜੀ ਦਾ ਇਹ ਹੁਕਮ ਧਮੋਟ ਜਾ ਕੇ ਪਰਿਵਾਰ ਨੂੰ ਦੱਸਿਆ ਜੋ ਮਾਤਾ ਪਿਤਾ ਜੀ ਨੇ ਤੇ ਬੀਜੀ ਨੇ ਪਰਵਾਨ ਕੀਤਾ ਕਿ ਠੀਕ ਹੈ, ਜਿਸ ਤਰ੍ਹਾਂ ਹੁਕਮ ਹੈ ਉਸੇ ਤਰ੍ਹਾਂ ਕਮਾਉਣ ਵਿਚ ਹੀ ਸਾਡਾ ਭਲਾ ਹੈ। ਸਰੀਰ ਤਾਂ ਆਪ ਜੀ ਦਾ ਪਹਿਲਾਂ ਹੀ ਰਿਸ਼ਟ ਪੁਸ਼ਟ ਤੇ ਚੁਸਤ ਸੀ ਜੋ ਭਰਤੀ ਦੇ ਨਿਯਮਾਂ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਸੀ ਇਸ ਕਰਕੇ ਭਰਤੀ ਹੋਣ ਵਿਚ ਆਪ ਨੂੰ ਕੋਈ ਮੁਸ਼ਕਿਲ ਪੇਸ਼ ਨਹੀਂ ਆਈ। ਆਪ ਜੀ ਕੋਲ ਇਕ ਹੋਰ ਪਲੱਸ ਪੁਆਇੰਟ ਸੀ ਕਿ ਆਪ ਨੂੰ ਘੋੜ ਸਵਾਰੀ ਵੀ ਆਉਂਦੀ ਸੀ ਜਿਸ ਕਰਕੇ ਆਪ ਜੀ ਨੂੰ ਕੈਵਲਰੀ ਬਰਗੇਡ ਵਿਚ ਸ਼ਾਮਲ ਕਰ ਲਿਤਾ ਗਿਆ। ਘੋੜ ਸਵਾਰੀ ਦੀਆਂ ਖੇਡਾਂ ਨੇਜੇਬਾਜ਼ੀ, ਪੋਲੋ ਆਦਿ ਕਿਲਾ ਪੁਟਣਾ ਇਨ੍ਹਾਂ ਵਿਚ ਆਪ ਨੂੰ ਉਤਮ ਘੋੜ ਸਵਾਰ ਜਵਾਨਾਂ ਵਿਚ ਗਿਣਿਆ ਜਾਂਦਾ ਸੀ। ਦੂਜੇ ਪਾਸੇ ਫੌਜੀ ਗੁਰਦੁਆਰਾ ਸਾਹਿਬ ਦੇ ਨਿਤਨੇਮ ਵਿਚ ਆਪ ਪੂਰੀ ਤਰ੍ਹਾਂ ਵੱਧ ਚੜ੍ਹ ਕੇ ਹਿਸਾ ਲੈਂਦੇ ਸਨ। ਅੰਮ੍ਰਿਤ ਵੇਲੇ ਜਪੁਜੀ ਸਾਹਿਬ ਤੇ ਸ਼ਾਮ ਨੂੰ ਰਹਿਰਾਸ ਤੇ ਕੀਰਤਨ ਸੋਹਿਲੇ ਦਾ ਪਾਠ ਆਪ ਹੀ ਕਰਿਆ ਕਰਦੇ ਸੀ। ਇਸ ਪੱਖੋਂ ਵੀ ਆਪ ਨੂੰ ਸਾਰੇ ਮਾਣ ਦਿੰਦੇ ਸੀ ਕਿਉਂਕਿ ਆਪ ਦਾ ਪਾਠ ਕਰਨ ਦਾ ਤਰੀਕਾ ਬੜਾ ਸਰਲ ਤੇ ਰਸ ਭਿੰਨਾ ਸੀ ਜਿਸ ਦੀ ਚਰਚਾ ਸ਼ਾਹੀ ਘਰਾਣੇ ਭਾਵ ਮਹਾਰਾਜਾ ਪਰਿਵਾਰ ਤਕ ਫੈਲ ਚੁਕੀ ਸੀ। ਸ਼ਾਹੀ ਮਹਿਲਾਂ ਵਿਚ ਅਕਸਰ ਅਖੰਡ ਪਾਠ ਚਲਦੇ ਰਹਿੰਦੇ ਸੀ ਤੇ ਫੌਜੀਆਂ ਵਿਚੋਂ ਹੀ ਸੁਲਝੇ ਹੋਏ

ਪਾਠੀ ਸ਼ਾਹੀ ਪਰਿਵਾਰ ਨੂੰ ਪਾਠ ਸਰਵਣ ਕਰਵਾਉਣ ਲਈ ਭੇਜੇ ਜਾਇਆ ਕਰਦੇ ਸਨ। ਬਾਬਾ ਜੀ ਨੂੰ ਅਕਸਰ ਸ਼ਾਹੀ ਪਰਿਵਾਰ ਨੂੰ ਅਖੰਡ ਪਾਠ ਜਾਂ ਸਾਧਾਰਨ ਪਾਠ ਸੁਣਾਉਣ ਵਾਸਤੇ ਜਾਣਾ ਪੈਂਦਾ ਸੀ ਅਤੇ ਇਥੋਂ ਤਕ ਕਿ ਰਾਣੀ ਸਾਹਿਬਾ ਵੀ ਆਪ ਦਾ ਰਸ ਭਿੰਨਾ ਪਾਠ ਸੁਣ ਕੇ ਪ੍ਰਸੰਨ ਹੁੰਦੇ ਸਨ ਤੇ ਉਚੇਚੇ ਤੌਰ ਤੇ ਆਪ ਨੂੰ ਬੁਲਾਇਆ ਜਾਂਦਾ ਸੀ। ਆਪ ਜੀ ਨੇ ਦੱਸਿਆ ਸੀ ਕਿ ਉਨ੍ਹਾਂ ਦਿਨਾਂ ਵਿਚ ਸ਼ਾਹੀ ਮਹਿਲਾਂ ਦੇ ਅੰਦਰ ਜਾਣ ਦੇ ਬਹੁਤ ਸਖਤ ਕਨੂੰਨ ਸਨ। ਜਿਸ ਤਰ੍ਹਾਂ ਕਿ ਕੋਈ ਫੌਜੀ ਜਵਾਨ ਗਸ਼ਤ ਕਰ ਰਿਹਾ ਹੈ ਅਤੇ ਸਾਹਮਣੇ ਤੋਂ ਕੋਈ ਸ਼ਾਹੀ ਮਹਿਲ ਵਿਚੋਂ ਬੀਬੀ ਆ ਜਾਵੇ ਤਾਂ ਫੌਜੀ ਨੂੰ ਉਸੇ ਵੇਲੇ ਆਪਣਾ ਮੂੰਹ ਕੰਧ ਵੱਲ ਕਰਕੇ ਖੜ੍ਹਨਾ ਪੈਂਦਾ ਸੀ; ਜਿੰਨਾਂ ਚਿਰ ਉਹ ਲੰਘ ਨਾ ਜਾਵੇ, ਉਦੋਂ ਤਕ ਇਸੇ ਮੁਦਰਾ ਵਿਚ ਰਹਿਣਾ ਪੈਂਦਾ ਸੀ। ਚਿਹਰੇ ਵੱਲ ਦੇਖਣਾ ਸਖਤ ਮਨ੍ਹਾ ਸੀ। ਜੇਕਰ ਅਚਾਨਕ ਸਾਮ੍ਹਣੇ ਆ ਜਾਵੇ ਤਾਂ ਅੱਖਾਂ ਨੀਵੀਆਂ ਕਰਕੇ ਲੰਘਣਾ ਪੈਂਦਾ ਸੀ। ਬਾਬਾ ਜੀ ਦੱਸਿਆ ਕਰਦੇ ਸੀ ਕਿ ਅਕਸਰ ਸ਼ਾਹੀ ਮਹਿਲਾਂ ਵਿਚ ਰਾਣੀ ਸਾਹਿਬਾ ਉਨ੍ਹਾਂ ਨੂੰ ਗੁਰਮਤਿ ਬਾਰੇ ਕਾਫੀ ਕੁਝ ਪੁਛਦੇ ਰਹਿੰਦੇ ਸੀ। ਪਰ ਆਪ  ਨੇ ਕਦੀ ਵੀ ਉਨ੍ਹਾਂ ਦਾ ਚੇਹਰਾ ਨਹੀਂ ਦੇਖਿਆ। ਗਲਬਾਤ ਕਰਨ ਸਮੇਂ ਵਿਚਕਾਰ ਇਕ ਪੜਦਾ ਹੁੰਦਾ ਸੀ ਤੇ ਉਹ ਸਵਾਲ ਕਰਦੇ ਸਨ ਤੇ ਬਾਬਾ ਜੀ ਗੁਰਮਤਿ ਅਨੁਸਾਰ ਉਤਰ ਦੇ ਕੇ ਉਨ੍ਹਾਂ ਦੇ ਸ਼ੰਕੇ ਨਵਿਰਤ ਕਰਦੇ ਰਹਿੰਦੇ ਸਨ।

## ਸੇਵਾ ਦਾ ਮਹਾਤਮ

ਇਕ ਵੇਰਾਂ ਦਾ ਜ਼ਿਕਰ ਹੈ ਕਿ ਸ਼ਾਹੀ ਘਰਾਣੇ ਵਿਚ ਅਖੰਡ ਪਾਠ ਰੱਖਿਆ ਗਿਆ ਅਤੇ ਸ਼ਾਹੀ ਪਰਿਵਾਰ ਦੀਆਂ ਰਾਣੀਆਂ ਵੀ ਪਰਦੇ ਵਿਚ ਹੀ ਪਾਠ ਸੁਣਨ ਆਇਆ ਕਰਦੀਆਂ ਸਨ ਅਤੇ ਲੰਗਰ ਪਾਣੀ ਦੀ ਸੇਵਾ ਨੌਕਰਾਂ-ਚਾਕਰਾਂ ਦੁਆਰਾ ਕੀਤੀ ਜਾਂਦੀ ਸੀ। ਜਿਸ ਦਿਨ ਪਾਠ ਦਾ ਭੋਗ ਪਿਆ ਤੇ ਅਰਦਾਸ ਕੀਤੀ ਗਈ ਤਾਂ ਬਾਬਾ ਜੀ ਨੇ ਖੁਦ ਅਰਦਾਸ ਕੀਤੀ ਤੇ ਇਸ ਤਰ੍ਹਾਂ ਨਾਲ ਕਿਹਾ ਕਿ 'ਸਚੇ ਪਾਤਸ਼ਾਹ ਜੀ! ਜਿਨ੍ਹਾਂ ਪ੍ਰੇਮੀਆਂ ਨੇ ਲੰਗਰ ਪਾਣੀ ਬਨਾਉਣ, ਵਰਤਾਣ, ਬਰਤਨ ਮਾਂਜਣ ਅਤੇ ਸਿੰਘਾਂ ਨੂੰ ਪ੍ਰਸ਼ਾਦਾ ਛਕਾਉਣ ਦੀ ਸੇਵਾ ਕੀਤੀ ਹੈ, ਉਨ੍ਹਾਂ ਦੀ ਸੇਵਾ ਘਾਲ ਥਾਇ ਪਾਉਣੀ'। ਅਰਦਾਸ ਤੋਂ ਬਾਅਦ ਹੁਕਮਨਾਮਾ ਲਿਆ ਗਿਆ ਤੇ ਸਾਰੇ ਆਪੋ ਆਪਣੀ ਥਾਂ ਤੇ ਚਲੇ ਗਏ। ਬਾਬਾ ਜੀ ਤਾਂ ਤਕਰੀਬਨ ਹਰ ਰੋਜ਼ ਸੁਖਮਨੀ ਸਾਹਿਬ ਦਾ ਪਾਠ ਸੁਣਾਉਣ ਜਾਇਆ ਕਰਦੇ ਸੀ ਤਾਂ ਉਸ ਵੇਲੇ ਰਾਣੀ ਸਾਹਿਬਾ ਨੇ ਪੁਛਿਆ ਕਿ ਸਿੰਘ ਸਾਹਿਬ! ਤੁਸੀਂ ਅਰਦਾਸ ਵਿਚ ਸ਼ਾਹੀ ਪਰਿਵਾਰ ਦਾ ਤਾਂ ਨਾਂ ਹੀ ਨਹੀਂ ਲਿਆ, ਕੇਵਲ ਸੇਵਾਦਾਰਾਂ ਦੀ ਹੀ ਅਰਦਾਸ ਕੀਤੀ ਹੈ। ਬਾਬਾ ਜੀ ਨੇ ਕਿਹਾ, ਮਾਤਾ ਜੀ! ਅਰਦਾਸ ਤਾਂ ਉਸੇ ਦੀ ਹੁੰਦੀ ਹੈ ਜੋ ਸੇਵਾ ਕਰਦਾ ਹੈ। ਤੁਸੀਂ ਤਾਂ ਸਾਰਿਆਂ ਨੇ ਪਾਠ ਸਰਵਣ ਹੀ ਕੀਤਾ ਹੈ ਪਰ ਗੁਰੂ ਕੇ ਲੰਗਰ ਦੀ, ਬਰਤਣ ਮਾਂਜਣ ਦੀ, ਵਿਛਾਈ ਕਰਨ ਦੀ, ਝਾੜੂ ਮਾਰਨ ਦੀ ਤਾਂ ਕੋਈ ਸੇਵਾ ਨਹੀਂ ਕੀਤੀ, ਇਸ ਵਾਸਤੇ ਇਸ ਸੇਵਾ ਦਾ ਫਲ ਤਾਂ ਉਹਨਾਂ ਸੇਵਾਦਾਰਾਂ ਨੂੰ ਹੀ ਮਿਲੇਗਾ, ਤੁਹਾਨੂੰ ਕਿਸ ਤਰ੍ਹਾਂ ਮਿਲ

ਸਕਦਾ ਹੈ ਕਿਉਂਕਿ ਤੁਸੀਂ ਤਾਂ ਆਪਣੇ ਹੱਥਾਂ ਨਾਲ ਸੇਵਾ ਹੀ ਨਹੀਂ ਕੀਤੀ? ਗੁਰੂ ਘਰ ਵਿਚ ਤਾਂ ਸੇਵਾ ਨੂੰ ਪ੍ਰਧਾਨਤਾ ਦਿਤੀ ਜਾਂਦੀ ਹੈ ਅਤੇ ਗੁਰੂ ਮਹਾਰਾਜ ਜੀ ਹੱਥੀਂ ਸੇਵਾ ਕਰਨ ਵਾਲੇ ਸਿੰਘਾਂ ਨੂੰ ਬਹੁਤ ਉਚਾ ਦਰਜ਼ਾ ਦਿੰਦੇ ਹਨ ਜਿਵੇਂ ਕਿ ਭਾਈ ਗੁਰਦਾਸ ਜੀ ਦਾ ਕਥਨ ਹੈ –

***ਵਿਣੁ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ॥***
***ਭਾਈ ਗੁਰਦਾਸ ਜੀ ਦੀ ਵਾਰ 27/10***

ਸੇਵਾ ਤੋਂ ਬਿਨਾਂ ਹੱਥਾਂ ਪੈਰਾਂ ਨੂੰ ਧ੍ਰਿਕਾਰ ਯੋਗ ਦਸਿਆ ਗਿਆ ਹੈ ਕਿ ਜੋ ਵੀ ਦੁਨੀਆਂਦਾਰੀ ਦਾ ਇਹ ਕੰਮ ਕਰਦੇ ਹਨ ਇਸ ਦਾ ਕੋਈ ਫਲ ਪ੍ਰਾਪਤ ਨਹੀਂ ਹੋਇਆ ਕਰਦਾ। ਸੇਵਾ ਕਰਨ ਵਾਲਾ ਦਰਗਾਹ ਵਿਚ ਪਰਵਾਨ ਮੰਨਿਆ ਜਾਂਦਾ ਹੈ, ਉਸ ਨੂੰ ਦਰਗਾਹ ਵਿਚ ਥਾਂ ਮਿਲਦੀ ਹੈ ਅਤੇ ਸੁੰਗੜ ਕੇ ਤੇ ਸ਼ਰਮਸਾਰ ਹੋਣ ਦੀ ਬਜਾਇ ਉਹ ਬਾਂਹ ਉਚੀ ਕਰਕੇ ਚਲ ਸਕਦਾ ਹੈ।

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥ ਪੰਨਾ – 26***

ਅਨੰਦਪੁਰ ਸਾਹਿਬ ਵਿਖੇ, ਦਸ਼ਮੇਸ਼ ਪਿਤਾ ਜੀ ਦਾ ਦਰਬਾਰ ਲੱਗਿਆ ਹੋਇਆ ਹੈ ਤੇ ਗਰਮੀ ਦਾ ਮੌਸਮ ਹੈ। ਗੁਰੂ ਮਹਾਰਾਜ ਜੀ ਦਾ ਚੌਰ-ਬਰਦਾਰ ਕਿਧਰੇ ਪਾਸੇ ਗਿਆ ਹੋਇਐ ਤੇ ਗੁਰੂ ਮਹਾਰਾਜ ਜੀ ਨੇ ਇਸ਼ਾਰੇ ਨਾਲ ਬਚਨ ਕੀਤਾ ਕਿ 'ਪਾਣੀ'। ਸਾਹਮਣੇ ਬੈਠੀ ਹੋਈ ਸੰਗਤ ਨੇ ਵੀ ਸੁਣਿਆ ਤੇ ਉਨ੍ਹਾਂ ਵਿਚੋਂ ਇਕ ਨੌਜਵਾਨ ਝੱਟ ਪੱਟ ਉਠਿਆ ਤੇ ਲੰਗਰ ਵੱਲ ਚਲਾ ਗਿਆ ਅਤੇ ਥੋੜ੍ਹੀ ਦੇਰ ਬਾਅਦ ਪਾਣੀ ਦਾ ਇਕ ਕੌਲ ਭਰ ਕੇ ਲੈ ਆਇਆ ਤੇ ਦਸ਼ਮੇਸ਼ ਪਿਤਾ ਜੀ ਨੂੰ ਪੇਸ਼ ਕੀਤਾ। ਜਿਸ ਵੇਲੇ ਸਤਿਗੁਰੂ ਜੀ ਨੇ ਉਸ ਦੇ ਹੱਥੋਂ ਪਾਣੀ ਦਾ ਕੌਲ ਫੜਿਆ ਤੇ ਉਸ ਦੇ ਹੱਥਾਂ ਵੱਲ ਤੱਕਿਆ ਕਿ ਉਸ ਦੇ ਹੱਥ ਬਹੁਤ ਨਰਮ ਹਨ, ਮਹਾਰਾਜ ਜੀ ਨੇ ਸਵਾਲ ਕੀਤਾ ਕਿ ਪ੍ਰੇਮੀਆਂ! ਤੂੰ ਪਹਿਲਾਂ ਵੀ ਇਨ੍ਹਾਂ ਹੱਥਾਂ ਨਾਲ ਕਦੀ ਸੇਵਾ ਕੀਤੀ ਹੈ? ਕਿਸੇ ਨੂੰ ਜਲ ਪਿਲਾਇਆ ਹੈ, ਲੰਗਰ ਛਕਾਇਆ ਹੋਵੇ ਜਾਂ ਲੰਗਰ ਦੇ ਬਰਤਣ ਮਾਂਜੇ ਹੋਣਗੇ? ਉਹ ਨੌਜਵਾਨ ਬੱਚਾ ਕਹਿਣ ਲੱਗਿਆ ਕਿ ਮਹਾਰਾਜ! ਮੇਰੇ ਮਾਤਾ ਪਿਤਾ ਬਹੁਤ ਰਹੀਸ ਹਨ ਅਤੇ ਸਾਡੇ ਘਰ ਦਾ ਸਾਰਾ ਕੰਮ ਨੌਕਰ ਚਾਕਰ ਕਰਦੇ ਹਨ, ਮੈਂ ਤਾਂ ਅੱਜ ਤਕ ਇਹਨਾਂ ਹੱਥਾਂ ਨਾਲ ਕਦੀ ਕੋਈ ਕੰਮ ਨਹੀਂ ਕੀਤਾ, ਨਾ ਹੀ ਸੇਵਾ ਕੀਤੀ ਹੈ ਤੇ ਅੱਜ ਪਹਿਲਾ ਦਿਨ ਹੈ ਕਿ ਆਪ ਜੀ ਨੂੰ ਇਨ੍ਹਾਂ ਹੱਥਾਂ ਨਾਲ ਜਲ ਲਿਆ ਕੇ ਦਿਤਾ ਹੈ। ਸਤਿਗੁਰੂ ਜੀ ਨੇ ਦੁਬਾਰਾ ਫੇਰ ਸਵਾਲ ਕੀਤਾ ਕਿ ਪ੍ਰੇਮੀਆਂ! ਤੂੰ ਕਦੀ ਇਨ੍ਹਾਂ ਹੱਥਾਂ ਨਾਲ ਗੁਰਦੁਆਰਾ ਸਾਹਿਬ ਝਾੜੂ ਦਿਤਾ ਹੋਵੇ, ਜਾਂ ਤੱਪੜ ਤੇ ਦਰੀਆਂ ਝਾੜੀਆਂ ਹੋਣ ਜਾਂ ਕਦੀ ਕਿਸੇ ਬੀਮਾਰ ਦੀ ਸੇਵਾ ਕੀਤੀ ਹੋਵੇ, ਮੁਠੀ ਚਾਪੀ ਕੀਤੀ ਹੋਵੇ? ਕਹਿਣ ਲੱਗਿਆ, ਨਹੀਂ ਮਹਾਰਾਜ! ਮੈਂ ਕਦੇ ਵੀ ਕਿਸੇ ਤਰ੍ਹਾਂ ਦੀ ਸੇਵਾ ਨਹੀਂ ਕੀਤੀ। ਮੈਂ ਤਾਂ ਅੱਜ ਪਹਿਲੇ ਦਿਨ ਹੀ ਆਪ ਜੀ ਨੂੰ ਜਲ ਲਿਆ ਕੇ ਦਿਤਾ

ਹੈ। ਇੰਨਾਂ ਕਹਿਣ ਦੀ ਦੇਰ ਸੀ ਕਿ ਦਸ਼ਮੇਸ਼ ਪਿਤਾ ਜੀ ਨੇ ਜਲ ਦਾ ਭਰਿਆ ਹੋਇਆ ਕੌਲ, ਪੀਣ ਦੀ ਬਜਾਇ ਪਿਛਲੇ ਪਾਸੇ ਨੂੰ ਡੋਲ੍ਹ ਦਿਤਾ ਤੇ ਸਾਰੀ ਸੰਗਤ ਸਾਹਮਣੇ ਬੈਠੀ ਇਹ ਕੌਤਕ ਵੇਖ ਰਹੀ ਸੀ ਪਰ ਇਹ ਸਮਝ ਵਿਚ ਨਹੀਂ ਸੀ ਆ ਰਿਹਾ ਕਿ ਆਖਰ ਉਸ ਨੌਜਵਾਨ ਤੇ ਸਤਿਗੁਰੂ ਜੀ ਵਿਚ ਕੀ ਗਲ ਬਾਤ ਹੋਈ ਤੇ ਫੇਰ ਸਤਿਗੁਰੂ ਜੀ ਨੇ ਜਲ ਕਿਉਂ ਨਹੀਂ ਪੀਤਾ ਤੇ ਜਲ ਹੇਠਾਂ ਰੋੜ੍ਹ ਦਿਤਾ। ਆਖਰਕਾਰ ਇਸ ਤਰ੍ਹਾਂ ਕਰਕੇ ਗੁਰੂ ਮਹਾਰਾਜ ਜੀ ਉਸ ਨੂੰ ਕੀ ਸਮਝਾਉਣਾ ਚਾਹੁੰਦੇ ਸੀ? ਸਾਰੀ ਸੰਗਤ ਦੇ ਚਿਹਰਿਆਂ ਤੇ ਇਹ ਪ੍ਰਸ਼ਨ ਚਿੰਨ੍ਹ ਬਣਿਆ ਹੋਇਆ ਸੀ। ਸੰਗਤ ਦੀ ਭਾਵਨਾ ਨੂੰ ਮਹਿਸੂਸ ਕਰਦੇ ਹੋਏ, ਸਤਿਗੁਰੂ ਜੀ ਨੇ ਉਚੀ ਆਵਾਜ਼ ਵਿਚ ਸੰਗਤ ਨੂੰ ਪੁਛਿਆ ਕਿ ਤੁਸੀਂ ਸਾਰੇ ਇਹੋ ਜਾਣਨਾ ਚਾਹੁੰਦੇ ਹੋ ਕਿ ਅਸੀਂ ਇਸ ਨੌਜਵਾਨ ਦੇ ਹੱਥੋਂ ਪਾਣੀ ਕਿਉਂ ਨਹੀਂ ਪੀਤਾ? ਕਹਿਣ ਲੱਗੇ ਹਾਂ ਮਹਾਰਾਜ! ਸਾਡੇ ਮਨ ਵਿਚ ਇਹੋ ਸਵਾਲ ਹੈ। ਇਕ ਸਿੰਘ ਉਠ ਕੇ ਕਹਿਣ ਲੱਗਿਆ, ਮਹਾਰਾਜ ਜੀ! ਅਸੀਂ ਖੁਦ ਦੇਖਿਆ ਹੈ ਕਿ ਪਹਿਲਾਂ ਇਸ ਨੇ ਆਪਣੇ ਹੱਥ ਸਾਫ ਤੇ ਸੁੱਚੇ ਕੀਤੇ, ਫੇਰ ਕੌਲ ਨੂੰ ਮਾਂਜ, ਸਵਾਰ ਕੇ ਚੰਗੀ ਤਰ੍ਹਾਂ ਧੋਤਾ, ਉਪਰੰਤ ਘੜੇ ਵਿਚੋਂ ਠੰਢਾ ਜਲ ਆਪ ਜੀ ਨੂੰ ਲਿਆ ਕੇ ਪੇਸ਼ ਕੀਤਾ ਤੇ ਆਪ ਜੀ ਨੇ ਫੇਰ ਵੀ ਸਵੀਕਾਰ ਨਹੀਂ ਕੀਤਾ। ਇਸ ਬਾਰੇ ਅਸੀਂ ਜਾਨਣਾ ਚਾਹੁੰਦੇ ਹਾਂ ਤਾਂ ਕਿ ਅੱਗੇ ਵਾਸਤੇ ਅਸੀਂ ਸਾਵਧਾਨ ਰਹਿ ਕੇ ਸੇਵਾ ਕਰ ਸਕੀਏ। ਦਸ਼ਮੇਸ਼ ਪਿਤਾ ਜੀ ਨੇ ਸਾਰੀ ਸੰਗਤ ਵੱਲ ਇਸ਼ਾਰਾ ਕਰਕੇ ਕਿਹਾ, "ਤੁਸੀਂ ਦੱਸੋ ਕਿ ਜੇਕਰ ਮੁਰਦੇ ਨਾਲ ਜਲ ਛੁਹਿਆ ਹੋਵੇ ਤਾਂ ਤੁਹਾਡੇ ਵਿਚੋਂ ਕੋਈ ਪੀ ਸਕਦਾ ਹੈ?" ਸਾਰੇ ਕਹਿਣ ਲੱਗੇ, "ਨਹੀਂ ਮਹਾਰਾਜ ਜੀ! ਅਸੀਂ ਤਾਂ ਜਦੋਂ ਮੁਰਦੇ ਦਾ ਸਸਕਾਰ ਕਰਨ ਲਈ ਸ਼ਮਸ਼ਾਨ ਘਾਟ ਨਾਲ ਜਾਂਦੇ ਹਾਂ, ਵਾਪਸ ਆ ਕੇ ਜਦੋਂ ਤਕ ਸਣੇ ਕੇਸੀਂ ਇਸ਼ਨਾਨ ਨਾ ਕਰੀਏ, ਪੰਜ ਇਸ਼ਨਾਨਾ ਨਾ ਕਰੀਏ, ਉਦੋਂ ਤਕ ਕੋਈ ਚੀਜ਼ ਅੰਗੀਕਾਰ ਨਹੀਂ ਕਰਦੇ ਤੇ ਮੁਰਦੇ ਨੂੰ ਛੁਹ ਕੇ ਪੀਣਾਂ ਤਾਂ ਇਕ ਪਾਸੇ ਦੀ ਗੱਲ ਹੈ।"

ਮਹਾਰਾਜ ਜੀ ਕਹਿਣ ਲੱਗੇ ਕਿ ਭਾਈ ਇਹੋ ਕਾਰਨ ਹੈ ਜਿਸ ਕਰਕੇ ਅਸੀਂ ਜਲ ਅੰਗੀਕਾਰ ਨਹੀਂ ਕੀਤਾ। ਇਕ ਸਿੰਘ ਉਠ ਕੇ ਕਹਿਣ ਲੱਗਿਆ, ਮਹਾਰਾਜ ਜੀ! ਖਿਮਾ ਕਰਨਾ, ਇਹ ਤਾਂ ਮੁਰਦਾ ਨਹੀਂ ਹੈ, ਇਹ ਤਾਂ ਬੜਾ ਖੂਬਸੂਰਤ, ਰਿਸ਼ਟਪੁਸ਼ਟ ਤੇ ਉਚੇ ਘਰਾਣੇ ਦਾ ਨੌਜਵਾਨ ਦਿਖਾਈ ਦੇ ਰਿਹਾ ਹੈ, ਇਹ ਮੁਰਦਾ ਕਿਸ ਤਰ੍ਹਾਂ ਹੋ ਸਕਦਾ ਹੈ? ਗੁਰੂ ਮਹਾਰਾਜ ਜੀ ਕਹਿਣ ਲੱਗੇ, "ਪਿਆਰਿਓ! ਤੁਹਾਨੂੰ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਬਚਨ ਚੇਤੇ ਨਹੀਂ, ਤੁਸੀਂ ਭੁਲ ਗਏ ਹੋ? ਜੇ ਤੁਸੀਂ ਭੁਲ ਗਏ, ਅਸੀਂ ਚੇਤੇ ਕਰਵਾ ਦਿੰਦੇ ਹਾਂ।"

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥***

***ਪੰਨਾ - 253***

ਜੇਕਰ ਕਿਸੇ ਇਕ ਇਨਸਾਨ ਵਿਚ ਐਨੀਆਂ ਸਿਫਤਾਂ ਹੋਣ ਕਿ ਉਹ ਅਤਿ ਦਰਜੇ ਦਾ (ਭਾਵ ਉਸ ਤੋਂ ਉਪਰ ਹੋਰ ਕੋਈ ਨਾ ਹੋਵੇ) ਸੁੰਦਰ, ਉਚੀ ਕੁਲ ਨਾਲ ਸੰਬੰਧ ਰੱਖਣ ਵਾਲਾ, ਅਤਿ ਦਰਜੇ ਦਾ ਚਲਾਕ ਤੇ ਹੁਸ਼ਿਆਰ, ਅਤੇ ਗੱਲਾਂ ਬਾਤਾਂ ਇੰਨੀਆਂ ਜਾਣਦਾ ਹੋਵੇ ਕਿ ਦੂਜੇ ਨੂੰ ਅੱਗੇ ਬੋਲਣ ਨਾ ਦਿੰਦਾ ਹੋਵੇ ਤੇ ਉਸ ਦਾ ਗਿਆਨ ਅਤਿ ਦਰਜੇ ਦਾ ਹੋਵੇ ਅਤੇ ਉਸ ਤੋਂ ਵੱਧ ਕੋਈ ਅਮੀਰ ਨਾ ਹੋਵੇ, ਇੰਨਾ ਕੁਝ ਹੁੰਦਿਆਂ ਹੋਇਆਂ ਵੀ ਜੇਕਰ ਉਸ ਦੇ ਮਨ ਵਿਚ ਪ੍ਰਭੂ ਦੀ ਪ੍ਰੀਤ ਨਹੀਂ ਹੈ ਤੇ ਪ੍ਰਭੂ ਦੇ ਬਣਾਏ ਹੋਏ ਸੰਸਾਰ ਦੇ ਦੀਨ ਦੁਖੀਆਂ ਦਾ ਦਰਦ ਤੇ ਸੇਵਾ ਭਾਵ ਨਹੀਂ ਹੈ ਤਾਂ ਉਹ ਕੇਵਲ ਇਕ ਮੁਰਦੇ ਦੀ ਨਿਆਈਂ ਹੋਇਆ ਕਰਦਾ ਹੈ ਕਿਉਂਕਿ ਮੁਰਦੇ ਵੀ ਦੋ ਪ੍ਰਕਾਰ ਦੇ ਹੁੰਦੇ ਹਨ। ਇਕ ਤਾਂ ਉਹ ਹਨ ਜਿਨ੍ਹਾਂ ਵਿਚੋਂ ਚੇਤਨ ਕਲਾ ਨਿਕਲ ਚੁਕੀ ਹੁੰਦੀ ਹੈ ਤੇ ਉਨ੍ਹਾਂ ਦੇ ਸਰੀਰ ਦਾ ਸਸਕਾਰ ਕਰ ਦਿਤਾ ਜਾਂਦਾ ਹੈ। ਦੂਜੇ ਮੁਰਦੇ, ਚਲਦੀਆਂ ਫਿਰਦੀਆਂ ਲਾਸ਼ਾਂ ਹੋਇਆ ਕਰਦੀਆਂ ਹਨ ਜਿਨ੍ਹਾਂ ਵਿਚ ਨਾ ਹੀ ਪ੍ਰਭੂ ਦਾ ਪਿਆਰ ਤੇ ਨਾ ਹੀ ਪ੍ਰਭੂ ਪਿਆਰਿਆਂ ਲਈ ਸਤਿਕਾਰ, ਨਾ ਹੀ ਸਿਮਰਨ, ਨਾ ਹੀ ਸੇਵਾ, ਉਹ ਇਨ੍ਹਾਂ ਸਾਰੀਆਂ ਦਾਤਾਂ ਤੋਂ ਖਾਲੀ ਹੋਇਆ ਕਰਦੇ ਹਨ।

ਗੁਰੂ ਘਰ ਵਿਚ ਤਾਂ ਸੇਵਾ ਕਰਨ ਵਾਲਿਆਂ ਨੂੰ ਹੀ ਥਾਂ ਮਿਲਦਾ ਹੈ ਕਿਉਂਕਿ ਇਥੇ ਸਿਖਾਂ ਨੇ ਹੀ ਨਹੀਂ ਸਗੋਂ ਗੁਰੂ ਸਾਹਿਬਾਨ ਨੇ ਆਪ ਸੰਗਤਾਂ ਦੀ ਸੇਵਾ ਕੀਤੀ ਹੈ। ਗੁਰੂ ਘਰ ਵਿਚ ਅਨੇਕਾਂ ਅਜਿਹੀਆਂ ਮਿਸਾਲਾਂ ਹਨ, ਇਥੇ ਤਾਂ ਸੇਵਾ ਕਰਨ ਵਾਲਿਆਂ ਨੂੰ ਮਾਣ ਪ੍ਰਾਪਤ ਹੁੰਦਾ ਹੈ।

***ਗੁਰ ਕੀ ਸੇਵਾ ਪਾਏ ਮਾਨੁ॥ ਪੰਨਾ - 864***

ਗੁਰੂ ਅੰਗਦ ਦੇਵ ਮਹਾਰਾਜ ਜੀ ਨੇ ਭਾਈ ਲਹਿਣੇ ਦੇ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੀ ਸੇਵਾ ਕਰਕੇ ਉਨ੍ਹਾਂ ਦੀ ਪ੍ਰਸੰਨਤਾ ਪ੍ਰਾਪਤ ਕੀਤੀ ਤੇ ਗੁਰਗੱਦੀ ਦੀ ਬਖਸ਼ਸ਼ ਹੋਈ। ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੀ ਸੇਵਾ ਕੀਤੀ ਅਤੇ ਸਿਰ ਉਤੇ ਪਾਣੀ ਦੀ ਗਾਗਰ ਚੁਕ ਕੇ ਬਿਆਸਾ ਦਰਿਆ ਤੋਂ ਹਰ ਰੋਜ਼ ਜਲ ਲਿਆ ਕੇ ਇਸ਼ਨਾਨ ਕਰਵਾਉਂਦੇ ਰਹੇ ਤੇ ਕਦੀ ਵੀ ਨਿਯਮ ਨਹੀਂ ਤੋੜਿਆ ਤੇ ਗੁਰੂ ਮਹਾਰਾਜ ਜੀ ਦੀ ਪ੍ਰਸੰਨਤਾ ਸਦਕਾ ਗੁਰੂ ਪਦਵੀ ਨੂੰ ਪ੍ਰਾਪਤ ਹੋਏ। ਗੁਰੂ ਰਾਮਦਾਸ ਮਹਾਰਾਜ ਜੀ ਨੇ ਰਾਮਦਾਸ ਸਰ ਦੀ ਸੇਵਾ ਕਰਵਾ ਕੇ ਸੇਵਾ ਦਾ ਕੁੰਭ ਚਾਲੂ ਕੀਤਾ ਅਤੇ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਕਰਵਾਈ ਅਤੇ ਸਤਿਗੁਰੂ ਜੀ ਆਪ ਸੰਗਤ ਦੀ ਸੇਵਾ ਕਰਿਆ ਕਰਦੇ ਸਨ। ਸੇਵਾ ਦੀ ਇਹ ਪਰਪਾਟੀ ਸਿਖ ਗੁਰੂ ਸਾਹਿਬਾਨ ਤੋਂ ਬਾਅਦ ਇਸੇ ਤਰ੍ਹਾਂ ਚਲਦੀ ਰਹੀ ਤੇ ਵੱਧਦੀ ਫੁਲਦੀ ਰਹੀ।

ਜਦੋਂ ਸਿਖ ਮਿਸਲਾਂ ਦਾ ਰਾਜ ਹੋਇਆ ਅਤੇ ਨਵਾਬ ਕਪੂਰ ਸਿੰਘ ਨੂੰ ਦਿੱਲੀ ਤਖਤ ਵਲੋਂ ਨਵਾਬੀ ਭੇਟ ਕੀਤੀ ਗਈ ਤਾਂ ਉਸ ਵੇਲੇ ਵੀ ਉਹ ਘੋੜਿਆਂ ਦੇ ਤਬੇਲੇ ਵਿਚ ਲਿਦ ਚੁੱਕਣ ਦੀ ਸੇਵਾ ਕਰ ਰਹੇ ਸੀ ਅਤੇ ਉਨ੍ਹਾਂ ਨੇ ਭਰੇ ਦਰਬਾਰ ਵਿਚ ਨਿਮਰਤਾ ਨਾਲ ਕਿਹਾ ਸੀ ਕਿ ਖਾਲਸਾ ਜੀ! ਜੇ

ਤੁਸੀਂ ਮੈਨੂੰ ਨਵਾਬੀ ਦੇਣਾ ਚਾਹੁੰਦੇ ਹੋ, ਤੁਹਾਡੀ ਇਛਾ ਹੈ ਪਰ ਮੇਰੀ ਵੀ ਇਕ ਸ਼ਰਤ ਹੈ ਕਿ ਮੈਥੋਂ ਸੇਵਾ ਨਾ ਖੋਹਣਾ ਕਿਉਂਕਿ ਮੈਨੂੰ ਜੋ ਅਨੰਦ ਸੇਵਾ ਵਿਚ ਹੈ ਉਹ ਨਵਾਬੀ ਵਿਚ ਨਹੀਂ।

ਸੋ ਗੁਰੂ ਘਰ ਵਿਚ ਸੇਵਾ ਦਾ ਬਹੁਤ ਵੱਡਾ ਮਰਤੱਬਾ ਹੈ। ਦਸ਼ਮੇਸ਼ ਪਿਤਾ ਜੀ ਨੇ ਤਾਂ ਆਪਣੇ ਗੁਰਸਿਖ ਨੂੰ ਸਾਫ ਹੀ ਹੁਕਮ ਕਰ ਦਿਤਾ ਕਿ ਮੈਨੂੰ ਤਾਂ ਆਪਣੇ ਖਾਲਸੇ ਦੀ ਹੀ ਸੇਵਾ ਚੰਗੀ ਲਗਦੀ ਹੈ ਕਿਉਂਕਿ 'ਖਾਲਸਾ' ਅੰਮ੍ਰਿਤ ਵੇਲੇ ਜਾਗਦਾ ਹੈ ਤੇ ਫੇਰ ਇਸ਼ਨਾਨ ਕਰਕੇ ਨਾਮ ਦਾ ਖੰਡਾ ਖੜਕਾ ਕੇ ਅੰਦਰਲੇ ਦੁਸ਼ਮਨਾਂ ਨਾਲ ਯੁੱਧ ਕਰਦਾ ਹੈ ਅਤੇ ਗਰੀਬ ਤੇ ਦੁਖੀਆਂ ਦੀ ਰੱਖਿਆ ਲਈ ਸਸ਼ਤ੍ਰ ਨਾਲ ਦੁਸ਼ਮਨਾਂ ਨੂੰ ਪਛਾੜਦਾ ਹੈ।

***ਸੇਵ ਕਰੀ ਇਨਹੀ ਕੀ ਭਾਵਤ,***
***ਅਉਰ ਕੀ ਸੇਵ ਸੁਹਾਤ ਨ ਜੀ ਕੋ॥***
***ਦਾਨ ਦਯੋ ਇਨਹੀ ਕੋ ਭਲੋ,***
***ਅਰੁ ਆਨ ਕੋ ਦਾਨ ਨ ਲਾਗਤ ਨੀਕੋ॥***

***ਗਿਆਨ ਪ੍ਰਬੋਧ ਪਾ: ੧੦ – ਸਵੈਯਾ***

ਸਭ ਤੋਂ ਸ੍ਰੇਸ਼ਠ ਸੇਵਾ ਨਾਮ ਜਪਣ ਵਾਲੇ ਤੇ ਨਾਮ ਜਪਾਉਣ ਵਾਲੇ ਖਾਲਸੇ ਦੀ ਹੈ ਜਿਹੜੇ ਗੁਰਮੁਖ ਪਦਵੀ ਨੂੰ ਪ੍ਰਾਪਤ ਹੋ ਚੁਕੇ ਹੁੰਦੇ ਹਨ। ਇਨ੍ਹਾਂ ਦੀ ਕੀਤੀ ਹੋਈ ਸੇਵਾ ਦਰਗਾਹ ਵਿਚ ਪਰਵਾਨ ਹੁੰਦੀ ਹੈ ਅਤੇ ਸਤਿਗੁਰੂ ਮਹਾਰਾਜ ਜੀ ਦੀਆਂ ਖੁਸ਼ੀਆਂ ਤੇ ਬਰਕਤਾਂ ਪ੍ਰਾਪਤ ਹੁੰਦੀਆਂ ਹਨ। ਜਦੋਂ ਰਾਣੀ ਸਹਿਬਾਂ ਨੇ ਬਾਬਾ ਜੀ ਤੋਂ ਇਸ ਤਰ੍ਹਾਂ ਦੇ ਬਚਨ ਸੁਣੇ ਤਾਂ ਉਨ੍ਹਾਂ ਨੇ ਬਹੁਤ ਪਛਤਾਵਾ ਕੀਤਾ ਤੇ ਕਿਹਾ ਕਿ ਸਾਨੂੰ ਤਾਂ ਇਨ੍ਹਾਂ ਗੱਲਾਂ ਦਾ ਪਤਾ ਹੀ ਨਹੀਂ ਸੀ। ਇਸ ਕਰਕੇ ਬੇਨਤੀ ਹੈ ਕਿ ਇਕ ਅਖੰਡਪਾਠ ਹੋਰ ਕੀਤਾ ਜਾਵੇ ਅਤੇ ਅਸੀਂ ਸਾਰੀਆਂ ਬੀਬੀਆਂ ਤੇ ਪਰਿਵਾਰ ਇਹ ਸੇਵਾ ਕਰਨਾ ਚਾਹੁੰਦੇ ਹਾਂ ਤਾਂ ਕਿ ਇਹ ਪਾਠ ਤੇ ਸੇਵਾ ਕੀਤੀ ਹੋਈ ਸਫਲ ਹੋ ਜਾਵੇ। ਬਾਬਾ ਜੀ ਨੇ ਕਿਹਾ ਕਿ ਮਾਤਾ ਜੀ! ਠੀਕ ਹੈ ਜਿਵੇਂ ਤੁਹਾਡੀ ਇਛਾ ਹੈ। ਅਸੀਂ ਇਕ ਹੋਰ ਅਖੰਡ ਪਾਠ ਆਰੰਭ ਕਰ ਦਿੰਦੇ ਹਾਂ। ਇਸ ਪਾਠ ਤੇ ਸਾਰੀਆਂ ਮਾਤਾਵਾਂ ਤੇ ਪਰਿਵਾਰ ਨੇ ਯਥਾਸ਼ਕਤ ਹੱਥਾਂ ਨਾਲ ਸੇਵਾ ਕੀਤੀ ਅਤੇ ਨੌਕਰਾਂ ਨੂੰ ਕਿਹਾ ਕਿ ਸਿੰਘਾਂ ਦੇ ਬਰਤਨ ਅਸੀਂ ਖੁਦ ਸਾਫ ਕਰਾਂਗੀਆਂ। ਇਸ ਵਾਰੀ ਜਦੋਂ ਅਰਦਾਸ ਹੋਈ ਤਾਂ ਬਾਬਾ ਜੀ ਨੇ ਇਸ ਸੇਵਾ ਦਾ ਫਲ ਸਾਰੇ ਪਰਿਵਾਰ ਨੂੰ ਮਿਲਣ ਵਾਸਤੇ ਅਰਦਾਸ ਕੀਤੀ।

ਇਸ ਕਰਕੇ ਗੁਰੂ ਘਰ ਵਿਚ ਸੇਵਾ ਦਾ ਮਰਾਤਬਾ ਬਹੁਤ ਵੱਡਾ ਹੈ। ਸੇਵਾ ਕਰਨ ਨਾਲ ਵੱਡੇ ਵੱਡੇ ਦੁਖ, ਕਲੇਸ਼ ਤੇ ਪਾਪ ਨਾਸ਼ ਹੋ ਜਾਂਦੇ ਹਨ।

***ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥***
***ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ॥***

*ਪੰਨਾ - 314*

ਪਰੰਤੂ ਇਹ ਸੇਵਾ ਕਰਨ ਵਾਲਿਆਂ ਵਾਸਤੇ ਇਕ ਵੱਡੀ ਭਾਰੀ ਸ਼ਰਤ ਵੀ ਗੁਰੂ ਮਹਾਰਾਜ ਜੀ ਨੇ ਰੱਖੀ ਹੈ ਕਿ ਜਿਹੜੇ ਪ੍ਰੇਮੀ ਹਉਮੈ ਵਿਚ ਆ ਕੇ ਸੇਵਾ ਕਰਦੇ ਹਨ ਉਨ੍ਹਾਂ ਦੀ ਸੇਵਾ ਕੀਤੀ ਹੋਈ, ਘਾਲ ਕੀਤੀ ਹੋਈ ਥਾਇ ਨਹੀਂ ਪੈਂਦੀ ਕਿਉਂਕਿ ਇਹ ਗੁਰੂ ਮਹਾਰਾਜ ਜੀ ਦੇ ਉਦੇਸ਼ ਤੇ ਪੂਰੀ ਨਹੀਂ ਉਤਰਦੀ। ਜੇਕਰ ਸੇਵਾ ਕਰਨ ਵਾਲਾ ਸਮਝਦਾ ਹੈ ਕਿ ਮੈਂ ਸੇਵਾ ਕਰਦਾ ਹਾਂ ਤਾਂ ਸਾਰੀ ਸੇਵਾ ਬਿਰਥੀ ਚਲੀ ਜਾਂਦੀ ਹੈ ਤੇ ਗੁਰੂ ਦੇ ਦਰ ਤੇ ਪਰਵਾਨ ਨਹੀਂ ਮੰਨੀ ਜਾਂਦੀ।

ਜਿਹੜਾ ਸੇਵਾ ਕਰਕੇ ਇਹ ਮੰਨ ਲਵੇ ਕਿ ਮੈਂ ਕੁਝ ਨਹੀਂ ਕੀਤਾ, ਜੋ ਕੁਝ ਕੀਤਾ ਹੈ, ਸਤਿਗੁਰੂ ਜੀ ਦੀ ਮਿਹਰ ਦੁਆਰਾ, ਮੇਰੇ ਸਰੀਰ ਤੋਂ ਇਹ ਸੇਵਾ ਕਰਾ ਲਈ ਗਈ ਹੈ, ਕਿਉਂਕਿ ਜੇ ਅਤਿ ਚੰਗੇ ਭਾਗ ਹੋਣ ਤਾਂ ਗੁਰੂ ਘਰ ਦੀ ਸੇਵਾ ਮਿਲਿਆ ਕਰਦੀ ਹੈ।

***ਸੇਵਾ ਕਰਤ ਹੋਇ ਨਿਹਕਾਮੀ॥***
***ਤਿਸ ਕਉ ਹੋਤ ਪਰਾਪਤਿ ਸੁਆਮੀ॥*** *ਪੰਨਾ - 286*

ਗੁਰੂ ਘਰ ਦੀ ਨਿਸ਼ਕਾਮ ਸੇਵਾ ਕਰਨ ਵਾਲਾ ਸਭ ਤੋਂ ਸ੍ਰੇਸ਼ਠ ਪੁਰਸ਼ਾਂ ਦੀ ਸ਼੍ਰੇਣੀ ਵਿਚ ਮੰਨਿਆਂ ਜਾਂਦਾ ਹੈ ਕਿਉਂਕਿ ਉਹ ਪ੍ਰਾਪਤੀ ਦੀ ਮੰਜ਼ਲ ਤੇ ਸਹਿਜ ਨਾਲ ਹੀ ਪੁਜ ਜਾਂਦਾ ਹੈ।

ਸੋ ਇਸ ਤਰ੍ਹਾਂ ਨਾਲ ਫੌਜ ਦੀ ਸਰਵਿਸ ਕਰਦਿਆਂ ਹੋਇਆਂ ਵੀ ਆਪ ਦਾ ਜੀਵਨ ਪੂਰੀ ਤਰ੍ਹਾਂ ਪਰਮਾਰਥ ਨਾਲ ਜੁੜਿਆ ਹੋਇਆ ਸੀ। ਸੇਵਾ ਤੇ ਸਿਮਰਨ ਦੇ ਦੋਵੇਂ ਪਹੀਆਂ ਤੇ ਜੀਵਨ ਸਫਰ ਦੀ ਇਹ ਗੱਡੀ ਬੜੇ ਸਹਿਜ ਨਾਲ ਤੋਰਦੇ ਹੋਏ ਅਤੇ ਆਪਣੀਆਂ ਫੌਜੀ ਡਿਊਟੀਆਂ ਕਰਦੇ ਹੋਏ, ਬਾਖੂਬੀ ਉਚੀਆਂ ਚੜ੍ਹਾਈਆਂ ਵੱਲ ਤੋਰ ਰਹੇ ਸਨ। ਜਿਥੇ ਕਿਤੇ ਵੀ ਗੁਰਮਤਿ ਤੋਂ ਉਲਟ ਕੰਮ ਹੁੰਦਾ ਦਿਸਦਾ ਜਾਂ ਕੋਈ ਜਵਾਨ ਜਾਂ ਅਫਸਰ ਆਪਣੀ ਜ਼ਮੀਰ ਤੋਂ ਉਲਟ ਕੰਮ ਕਰਦਾ ਦਿਸਦਾ ਤਾਂ ਆਪ ਜੀ ਉਸ ਨੂੰ ਸੁਧਾਰਨ ਵਿਚ ਬਿਲਕੁਲ ਝਿਜਕ ਨਹੀਂ ਸਨ ਕਰਦੇ ਅਤੇ ਬੜੀ ਜ਼ੁਅਰਤ ਨਾਲ ਉਸ ਦੇ ਔਗੁਣਾਂ ਨੂੰ ਫਾਸ਼ ਕਰਕੇ ਅਤੇ ਉਸਦੀ ਗਲਤੀ ਦਾ ਅਹਿਸਾਸ ਕਰਵਾ ਕੇ ਸੱਚ ਦੇ ਰਾਹ ਉਤੇ ਤੋਰਨ ਦੀ ਰਹਿਨੁਮਾਈ ਕਰਿਆ ਕਰਦੇ ਸਨ। ਇਨ੍ਹਾਂ ਸਦਗੁਣਾਂ ਕਰਕੇ ਫੌਜੀ ਜਵਾਨ, ਅਫਸਰ ਸਾਰੇ ਆਪ ਦੀ ਸ਼ਖਸ਼ੀਅਤ ਤੋਂ ਕਾਇਲ ਸਨ ਅਤੇ ਆਪ ਦਾ ਮਾਣ ਸਤਿਕਾਰ ਕਰਦੇ ਸਨ। ਸ਼ਾਹੀ ਘਰਾਣੇ ਵਿਚ ਵੀ ਆਪ ਦੀ ਬਹੁਤ ਪੁਛ ਗਿਛ ਸੀ। ਆਪ ਜੀ ਦੀ ਚੰਗੀ ਰਿਪੋਰਟ ਤੇ ਅਸਰ ਰਸੂਖ ਸਦਕਾ ਆਪ ਦੀ ਬਦਲੀ ਕੈਵਲਰੀ ਬਰਗੇਡ ਤੋਂ ਬਦਲ ਕੇ ਸਪਲਾਈ ਦੇ ਦਫਤਰ ਵਿਚ ਕਰ ਦਿਤੀ ਗਈ ਕਿਉਂਕਿ ਆਪ ਪੜ੍ਹੇ ਲਿਖੇ ਹੋਣ ਕਰਕੇ ਦਫਤਰੀ ਕੰਮ ਦਾ ਤੇ ਲਿਖ ਲਿਖਾਈ ਦਾ ਤਜ਼ਰਬਾ ਸੀ। ਫੌਜੀ ਜਵਾਨਾਂ ਲਈ ਵਰਦੀਆਂ ਤੋਂ ਲੈ ਕੇ ਘੋੜਿਆਂ ਦਾ ਦਾਣਾ, ਘਾਹ ਆਦਿ ਦਾ ਸਾਰਾ ਇੰਤਜ਼ਾਮ ਇਸ ਦਫਤਰ ਵਲੋਂ ਕੀਤਾ ਜਾਂਦਾ ਸੀ ਜੋ ਕਿ ਇਕ

ਬਹੁਤ ਵੱਡੀ ਜ਼ਿੰਮੇਵਾਰੀ ਦਾ ਕੰਮ ਸੀ। ਇਸ ਕੰਮ ਵਿਚ ਆਪ ਦਾ ਵਾਹ ਵੱਡੇ ਅਫਸਰਾਂ, ਜਰਨੈਲਾਂ, ਮਾਲ ਸਪਲਾਈ ਕਰਨ ਵਾਲੇ ਠੇਕੇਦਾਰਾਂ ਨਾਲ ਪੈਂਦਾ ਸੀ। ਇਸ ਵਿਚ ਸਪਲਾਈ ਲਾਈਨ ਨੂੰ ਕਾਇਮ ਰੱਖਣ ਦੇ ਨਾਲ ਨਾਲ ਇਸਤੇਮਾਲ ਵਿਚ ਆਉਣ ਵਾਲੀਆਂ ਚੀਜ਼ਾਂ, ਵਸਤਾਂ, ਵਰਦੀਆਂ ਆਦਿ ਦੀ ਕੁਆਲਟੀ ਦਾ ਵੀ ਸਵਾਲ ਸੀ ਅਤੇ ਨਾਲੇ ਇਨ੍ਹਾਂ ਚੀਜ਼ਾਂ ਦਾ ਰੇਟ ਵੀ ਮਾਰਕੀਟ ਵਿਚ ਕੰਪੀਟੀਸ਼ਨ ਦੇ ਅਧਾਰ ਤੇ ਘੱਟੋ ਘੱਟ ਹੋਣਾ ਜ਼ਰੂਰੀ ਹੋਇਆ ਕਰਦਾ ਸੀ। ਆਪ ਜੀ ਨੇ ਦੱਸਿਆ ਸੀ ਕਿ ਇਥੇ ਮੇਰਾ ਇਕ ਦੋ ਐਸੇ ਠੇਕੇਦਾਰਾਂ ਨਾਲ ਵਾਹ ਪਿਆ ਜੋ ਜ਼ਬਰਦਸਤੀ ਮੈਨੂੰ ਰਿਸ਼ਵਤ ਦੇਣਾ ਚਾਹੁੰਦੇ ਸੀ ਪਰ ਉਹ ਕਿਸੇ ਤਰ੍ਹਾਂ ਵੀ ਕਾਮਯਾਬ ਨਹੀਂ ਹੋਏ ਅਤੇ ਮਹਾਰਾਜ ਜੀ ਨੇ ਇਸ ਮਾਇਆ ਨਾਗਣੀ ਤੋਂ ਬਚਾਅ ਕੇ ਰੱਖਿਆ।

## ਰਿਸ਼ਵਤ ਤੋਂ ਇਨਕਾਰ ਅਤੇ ਉਪਦੇਸ਼

ਫੌਜ ਦੇ ਘੋੜਿਆਂ ਵਾਸਤੇ ਘਾਹ ਦੀ ਸਪਲਾਈ ਦਾ ਆਰਡਰ ਦਿਤਾ ਜਾਣਾ ਸੀ ਜਿਸ ਦੀ ਕੀਮਤ ਹਜ਼ਾਰਾਂ ਵਿਚ ਨਹੀਂ ਸਗੋਂ ਲੱਖਾਂ ਰੁਪਏ ਦਾ ਟੈਂਡਰ ਸੀ। ਜਿਹੜਾ ਠੇਕੇਦਾਰ ਪਹਿਲਾਂ ਤੋਂ ਘਾਹ ਸਪਲਾਈ ਕਰਦਾ ਸੀ ਉਸ ਨੇ ਆਪਣਾ ਰੇਟ ਦੇ ਦਿਤਾ। ਬਾਬਾ ਜੀ ਨੇ ਇਸ ਬਾਰੇ ਹੋਰ ਘਾਹ ਸਪਲਾਈ ਕਰਨ ਵਾਲੇ ਠੇਕੇਦਾਰਾਂ ਤੋਂ ਰੇਟ ਦਾ ਪਤਾ ਕੀਤਾ ਜੋ ਕਿ ਪਹਿਲੇ ਸਪਲਾਇਰ ਨਾਲੋਂ ਅੱਧਾ ਸੀ। ਆਪ ਨੇ ਆਰਡਰ ਪਾਸ ਕਰਨ ਦੀ ਥਾਂ ਤੇ ਫਾਈਲ ਤੇ ਲਿਖ ਕੇ ਭੇਜ ਦਿਤਾ ਕਿ ਇਸਦਾ ਰੇਟ ਡਬਲ ਹੈ ਤੇ ਸਟੇਟ ਨੂੰ ਇਸ ਸਪਲਾਈ ਵਿਚ ਐਨੀ ਰਕਮ ਦਾ ਨੁਕਸਾਨ ਹੋ ਜਾਵੇਗਾ ਜਿਸ ਕਰਕੇ ਜਾਂ ਤਾਂ ਇਹ ਠੇਕੇਦਾਰ ਰੇਟ ਘਟ ਕਰੇ ਜਾਂ ਫਿਰ ਸਪਲਾਈ ਕਿਸੇ ਹੋਰ ਤੋਂ ਕਰਵਾਈ ਜਾਵੇ। ਜਦੋਂ ਕਮਾਂਡਿੰਗ ਅਫਸਰ ਕੋਲ ਇਹ ਫਾਈਲ ਪਹੁੰਚੀ ਤਾਂ ਉਸ ਨੂੰ ਬੜੀ ਹੈਰਾਨੀ ਹੋਈ ਕਿ ਅਜ ਤਕ ਤਾਂ ਇਹੋ ਠੇਕੇਦਾਰ ਘਾਹ ਸਪਲਾਈ ਕਰਦਾ ਰਿਹਾ ਹੈ ਤੇ ਹੁਣ ਇਸੇ ਨੂੰ ਆਰਡਰ ਕਿਉਂ ਨਹੀਂ ਦਿਤਾ ਜਾ ਰਿਹਾ। ਵਿਚਲੀ ਗੱਲ ਇਹ ਸੀ ਕਿ ਠੇਕੇਦਾਰ ਦੀ ਅਫਸਰ ਨਾਲ ਗੱਠ ਸੱਠ ਸੀ ਅਤੇ ਲਾਭ ਦਾ ਅੱਧਾ ਹਿੱਸਾ ਇਸ ਨੂੰ ਠੇਕੇਦਾਰ ਵਲੋਂ ਮਿਲਦਾ ਸੀ। ਇਸ ਕਰਕੇ ਉਹ ਵਾਰ ਵਾਰ ਜ਼ੋਰ ਪਾ ਰਿਹਾ ਸੀ। ਉਸ ਨੇ ਬਾਬਾ ਜੀ ਨੂੰ ਬੁਲਾ ਕੇ ਪੁਛਿਆ ਤੇ ਬਾਬਾ ਜੀ ਨੇ ਸਾਰੀ ਗੱਲ ਖੋਲ੍ਹ ਦਿਤੀ ਕਿ ਇਸ ਨਾਲ ਇੰਨੇ ਰੁਪਏ ਦਾ ਨੁਕਸਾਨ ਹੁੰਦਾ ਹੈ। ਜੇਕਰ ਤੁਸੀਂ ਇਸ ਨੂੰ ਹੀ ਆਰਡਰ ਦੇਣਾ ਚਾਹੁੰਦੇ ਹੋ ਤਾਂ ਮੈਂ ਵੱਡੇ ਅਫਸਰ ਕੋਲ ਲਿਖ ਕੇ ਸ਼ਕਾਇਤ ਕਰਾਂਗਾ। ਇਸ ਗਲ ਤੇ ਅਫਸਰ ਦੀ ਥੋੜ੍ਹੀ ਫੂਕ ਸਰਕੀ ਤੇ ਠੰਢਾ ਹੋ ਗਿਆ। ਉਸ ਨੇ ਠੇਕੇਦਾਰ ਨੂੰ ਸਿਖਾ ਕੇ ਬਾਬਾ ਜੀ ਦੇ ਘਰ ਭੇਜਿਆ ਕਿ ਤੁਸੀਂ ਘਰ ਜਾ ਕੇ ਇਨ੍ਹਾਂ ਨੂੰ ਰਿਸ਼ਵਤ ਦੇ ਕੇ ਆਉ। ਹੋ ਸਕਦਾ ਹੈ ਮੰਨ ਜਾਣ। ਜੋ ਆਪ ਰਿਸ਼ਵਤ ਖੋਰ ਹੋਵੇ ਤਾਂ ਉਹ ਦੂਜੇ ਨੂੰ ਵੀ ਆਪਣੇ ਵਰਗਾ ਹੀ ਸਮਝਿਆ ਕਰਦਾ ਹੈ ਕਿਉਂਕਿ ਜਿਸ ਦੇ ਆਪਣੇ ਅੰਤਸ਼ਕਰਣ ਦਾ ਸ਼ੀਸ਼ਾ ਮੈਲਾ ਹੋਵੇ ਤਾਂ ਉਸ ਨੂੰ ਦੂਜੇ ਵਿਚ ਵੀ ਉਸੇ ਤਰ੍ਹਾਂ ਦੀ ਮੈਲ ਨਜ਼ਰ ਆਇਆ ਕਰਦੀ ਹੈ।

ਉਹ ਠੇਕੇਦਾਰ ਬਾਬਾ ਜੀ ਦੇ ਕੁਆਟਰ ਤੇ ਪਹੁੰਚ ਗਿਆ। ਘਰ ਆਇਆਂ ਨੂੰ ਤਾਂ ਕੋਈ ਤ੍ਰਿਸਕਾਰ ਨਹੀਂ ਕਰਿਆ ਕਰਦਾ, ਸ਼ਿਸ਼ਟਾਚਾਰ ਦੇ ਨਾਤੇ ਪੁਛ-ਗਿਛ ਕਰਨੀ ਜ਼ਰੂਰੀ ਹੁੰਦੀ ਹੈ। ਗਲ ਬਾਤ ਕਰਦਿਆਂ ਕਰਦਿਆਂ ਉਹ ਉਠ ਕੇ ਜਾਣ ਲੱਗਿਆ ਤਾਂ ਕਿੱਲੀ ਤੇ ਕੋਟ ਟੰਗਿਆ ਵੇਖ ਕੇ ਅੰਦਰਲੀ ਜੇਬ ਵਿਚ ਰਿਸ਼ਵਤ ਦੇ ਪੈਸੇ ਪਾ ਕੇ ਤੁਰਨ ਲੱਗਾ। ਬਾਬਾ ਜੀ ਨੇ ਝੱਟ ਹੀ ਫੜ ਲਿਆ, ਕਹਿਣ ਲੱਗੇ, "ਇਹ ਕੀ ਕੀਤਾ ਹੈ? ਤੈਨੂੰ ਇਹ ਕੰਮ ਕਰਨ ਵਾਸਤੇ ਕਿਸ ਨੇ ਕਿਹਾ ਹੈ? ਤੂੰ ਮੈਨੂੰ ਰਿਸ਼ਵਤ ਦੇਣਾ ਚਾਹੁੰਦਾ ਹੈਂ? ਆਪਣੇ ਹੱਥਾਂ ਨਾਲ ਹੀ ਇਹ ਪੈਸਾ ਕੱਢ ਲੈ। ਪ੍ਰੇਮੀਆਂ! ਮੈਂ ਉਨ੍ਹਾਂ ਵਿਚੋਂ ਨਹੀਂ ਹਾਂ ਜੋ ਵੱਢੀ ਲੈ ਕੇ ਕੰਮ ਕਰਦੇ ਹਨ। ਮੈਂ ਤਾਂ ਆਪਣੀ ਡਿਊਟੀ ਇਮਾਨਦਾਰੀ ਨਾਲ ਕਰਨੀ ਹੈ ਤੇ ਜੇਕਰ ਤੂੰ ਬਾਜ਼ਾਰ ਦੇ ਰੇਟ ਤੇ ਸਪਲਾਈ ਕਰਾ ਸਕਦਾ ਹੈਂ ਤਾਂ ਕਰ ਦੇ, ਮੈਨੂੰ ਕੋਈ ਇਤਰਾਜ਼ ਨਹੀਂ ਪਰ ਇਹ ਰਿਸ਼ਵਤ ਲੈਣੀ ਤਾਂ ਮਹਾਂ ਪਾਪ ਹੈ, ਆਪਣੇ ਆਪ ਨਾਲ ਧੋਖਾ ਹੈ, ਸਰਕਾਰ ਨਾਲ ਧੋਖਾ ਹੈ। ਇਸ ਤਰ੍ਹਾਂ ਕਰਨ ਨਾਲ ਤਾਂ ਜੀਵਨ ਬਰਬਾਦ ਹੋ ਜਾਂਦਾ ਹੈ। ਠੇਕੇਦਾਰ ਚੁਪ ਕਰਕੇ ਸੁਣਦਾ ਰਿਹਾ ਤੇ ਕਹਿਣ ਲੱਗਾ, ਸਰਦਾਰ ਜੀ! ਮੁਆਫ ਕਰਨਾ; ਜੇ ਇਕ ਗਲ ਕਰਨ ਦੀ ਇਜਾਜ਼ਤ ਦੇਵੋ ਤਾਂ ਕਹਾਂ? ਬਾਬਾ ਜੀ ਕਹਿਣ ਲੱਗੇ, ਦੱਸ ਭਾਈ। ਕਹਿਣ ਲੱਗਾ ਤੁਹਾਡੇ ਤੋਂ ਪਹਿਲੇ ਜੋ ਇਸ ਸੀਟ ਤੇ ਸੀ, ਉਹ ਤਾਂ ਇਸੇ ਤਰ੍ਹਾਂ ਪੈਸੇ ਲੈ ਲੈਂਦਾ ਸੀ ਕਿ ਮੈਂ ਇਸ ਦਾ ਹਿੱਸਾ ਕਮਾਂਡਿੰਗ ਅਫਸਰ ਨੂੰ ਵੀ ਦੇਣਾ ਹੈ। ਇਸ ਕਰਕੇ ਮੈਨੂੰ ਪਤਾ ਨਹੀਂ ਸੀ, ਮੈਨੂੰ ਮੁਆਫ ਕਰਨਾ। ਬਾਬਾ ਜੀ ਕਹਿਣ ਲੱਗੇ, ਜੇ ਕਮਾਂਡਿੰਗ ਅਫਸਰ ਰਿਸ਼ਵਤ ਲੈਂਦਾ ਹੈ, ਫੇਰ ਤਾਂ ਬਿਲਕੁਲ ਹੀ ਆਰਡਰ ਤੈਨੂੰ ਨਹੀਂ ਮਿਲੇਗਾ।

ਦੂਜੇ ਦਿਨ ਦਫਤਰ ਜਾ ਕੇ ਬਾਬਾ ਜੀ ਆਪਣੀ ਫਾਈਲ ਲੈਣ ਲਈ ਗਏ ਤਾਂ ਕਮਾਂਡਿੰਗ ਅਫਸਰ ਲਾਲ ਪੀਲਾ ਹੋਣ ਲੱਗਾ ਬਾਬਾ ਜੀ ਨੇ ਨਿਡਰ ਹੋ ਕੇ ਕਿਹਾ ਕਿ ਸਾਹਿਬ ਬਹਾਦਰ! ਆਪਣੇ ਆਪੇ ਵਿਚ ਰਹੋ, ਮੈਨੂੰ ਤੁਹਾਡੀ ਸਾਰੀ ਕਰਤੂਤ ਪਤਾ ਹੈ ਜਿਸ ਕਰਕੇ ਤੁਸੀਂ ਉਸ ਨੂੰ ਇਹ ਆਰਡਰ ਦੇਣਾ ਚਾਹੁੰਦੇ ਹੋ। ਇਹ ਗੱਲ ਸੁਣ ਕੇ ਉਹ ਚੁਪ ਹੋ ਗਿਆ ਤੇ ਅਗੋਂ ਬੋਲਣ ਦੀ ਜ਼ੁਰਅਤ ਨਾ ਕਰ ਸਕਿਆ ਤੇ ਕਹਿਣ ਲੱਗਿਆ ਕਿ ਹੁਣ ਐਨੇ ਥੋੜ੍ਹੇ ਸਮੇਂ ਵਿਚ ਸਪਲਾਈ ਕੌਣ ਕਰੇਗਾ? ਬਾਬਾ ਜੀ ਕਹਿਣ ਲੱਗੇ, ਇਹ ਮੇਰੀ ਜ਼ਿੰਮੇਵਾਰੀ ਰਹੀ, ਇਸ ਦਾ ਇੰਤਜ਼ਾਮ ਮੈਂ ਕਰਾਂਗਾ ਅਤੇ ਘਟ ਰੇਟ ਤੇ ਕਰਾਂਗਾ। ਬਾਬਾ ਜੀ ਨੇ ਝਟ ਪਟ ਹੀ ਜੋ ਬਾਹਰਲੇ ਪ੍ਰਾਂਤਾਂ ਦੇ ਸਪਲਾਇਰ ਸਨ, ਉਨ੍ਹਾਂ ਨੂੰ ਤਾਰਾਂ ਭੇਜ ਦਿਤੀਆਂ ਤੇ ਹਫਤੇ ਵਿਚ ਹੀ ਮਾਲ ਗੱਡੀ ਰਾਹੀਂ ਸਾਰਾ ਘਾਹ ਪਹੁੰਚ ਗਿਆ ਅਤੇ ਤਬੇਲਿਆਂ ਦੇ ਸਟੋਰਾਂ ਵਿਚ ਰਖਵਾ ਦਿਤਾ ਗਿਆ। ਸਾਰੇ ਅਫਸਰ ਆਪ ਦੀ ਇਸ ਕਾਰਜ ਕੁਸ਼ਲਤਾ ਤੋਂ ਹੈਰਾਨ ਹੋਏ ਕਿ ਕਿੰਨੇ ਥੋੜ੍ਹੇ ਸਮੇਂ ਵਿਚ ਸਾਰਾ ਇੰਤਜ਼ਾਮ ਹੋ ਗਿਆ, ਉਹ ਵੀ ਸਸਤੇ ਭਾਅ ਵਿਚ।

ਇਸੇ ਤਰ੍ਹਾਂ ਨਾਲ ਇਕ ਹੋਰ ਠੇਕੇਦਾਰ ਬਾਰੇ ਆਪ ਜੀ ਦੱਸਿਆ ਕਰਦੇ ਸੀ ਜਿਸ ਦਾ ਨਾਮ ਹੁਕਮ ਚੰਦ ਸੀ ਅਤੇ ਉਹ ਫੌਜ ਨੂੰ ਵਰਦੀਆਂ ਤੇ

ਮੱਛਰਦਾਨੀਆਂ ਆਦਿ ਸਪਲਾਈ ਕਰਨ ਦਾ ਠੇਕਾ ਲਿਆ ਕਰਦਾ ਸੀ। ਇਸਨੇ ਵੀ ਇਕ ਦੋ ਪੈਸੇ ਘੱਟ ਕਰਕੇ ਆਪਣਾ ਟੈਂਡਰ ਮਨਜ਼ੂਰ ਕਰਵਾ ਲਿਆ। ਇਕ ਲੱਖ ਮੱਛਰਦਾਨੀ ਅਤੇ ਇਕ ਲੱਖ ਬੂਟਾਂ ਦੇ ਜੋੜਿਆਂ ਦਾ ਆਰਡਰ ਸੀ। ਪਰੰਤੂ ਬਾਬਾ ਜੀ ਨੇ ਜਦੋਂ ਬਾਜ਼ਾਰੋਂ ਰੇਟ ਪਤਾ ਕੀਤੇ ਤਾਂ ਬੂਟਾਂ ਦਾ ਰੇਟ 50 ਪੈਸੇ ਜ਼ਿਆਦਾ ਸੀ ਤੇ ਮਛਰਦਾਨੀਆਂ ਦਾ ਜੋ ਸੈਂਪਲ ਇਸ ਨੇ ਦਿਖਾਇਆ ਸੀ, ਉਸ ਦਾ ਕਪੜਾ ਇਕ ਇੰਚ ਛੋਟਾ ਸੀ ਤੇ ਬਾਬਾ ਜੀ ਨੇ ਹਿਸਾਬ ਲਗਾਇਆ ਕਿ ਇਸ ਨੇ ਤਾਂ ਕੱਪੜੇ ਵਿਚ ਹੀ ਲੱਖਾਂ ਰੁਪਏ ਕਮਾ ਲੈਣੇ ਹਨ ਤੇ ਫੇਰ ਰੇਟ ਵੀ ਜ਼ਿਆਦਾ ਹੈ। ਆਪਨੇ ਇਸ ਦੀ ਫਾਈਲ ਵੀ ਕਲੀਅਰ ਨਾ ਕੀਤੀ ਅਤੇ ਆਪਣੇ comments ਲਿਖਣ ਵਾਸਤੇ pending ਰੱਖ ਦਿਤੀ ਅਤੇ ਦਸਤਖਤ ਨਾ ਕੀਤੇ। ਹੁਕਮ ਚੰਦ ਬਾਰ ਬਾਰ ਚੱਕਰ ਮਾਰ ਰਿਹਾ ਸੀ ਪਰੰਤੂ ਬਾਬਾ ਜੀ ਨੇ ਉਸ ਨੂੰ ਸਾਰੀ ਗੱਲ ਦੱਸ ਦਿਤੀ ਕਿ ਤੇਰੇ ਰੇਟ ਜ਼ਿਆਦਾ ਹਨ। ਜੇਕਰ ਤੂੰ ਰੇਟ ਘੱਟ ਕਰ ਕੇ ਲਿਖ ਦੇਵੇਂ ਤਾਂ ਹੋ ਸਕਦਾ ਹੈ ਇਸ ਨੂੰ ਮਨਜ਼ੂਰੀ ਮਿਲ ਜਾਵੇ ਕਿਉਂਕਿ ਤੇਰੇ ਇਸ ਰੇਟ ਨਾਲ ਸਰਕਾਰ ਨੂੰ ਬਹੁਤ ਨੁਕਸਾਨ ਹੋ ਰਿਹਾ ਹੈ। ਉਹ ਕਹਿਣ ਲੱਗਾ, ਤੁਸੀਂ ਕਰ ਦੇਵੋ, ਮੈਂ ਸਾਹਿਬ ਤੋਂ ਪਾਸ ਕਰਵਾ ਲਵਾਂਗਾ। ਪਰੰਤੂ ਬਾਬਾ ਜੀ ਤਾਂ ਅਸੂਲਾਂ ਦੇ ਪੱਕੇ ਸਨ। ਜਿਹੜਾ ਕੰਮ ਗਲਤ ਹੈ ਤੇ ਆਪ ਨੂੰ ਪਤਾ ਲੱਗਾ ਗਿਆ ਤਾਂ ਉਹ ਕੰਮ ਕਿਸ ਤਰ੍ਹਾਂ ਹੋ ਸਕਦਾ ਹੈ।

ਹੁਕਮ ਚੰਦ ਠੇਕੇਦਾਰ ਨੇ ਤੇ ਕਮਾਂਡਿੰਗ ਅਫਸਰ ਨੇ ਇਕ ਹੋਰ ਸਕੀਮ ਬਣਾ ਕੇ ਬਾਬਾ ਜੀ ਤੋਂ ਇਹ ਟੈਂਡਰ ਪਾਸ ਕਰਵਾਉਣ ਦਾ ਮਨਸੂਬਾ ਬਣਾ ਲਿਆ। ਇਸ ਸਕੀਮ ਅਨੁਸਾਰ ਠੇਕੇਦਾਰ ਹੁਕਮ ਚੰਦ ਨੇ ਉਸ ਸਮੇਂ ਦੇ ਦਸ ਹਜ਼ਾਰ ਰੁਪਏ ਲਏ ਤੇ ਨਾਲ ਬਾਬਾ ਜੀ ਵਲੋਂ ਬੀਮਾਰ ਹੋਣ ਦੀ ਵਜ੍ਹਾ ਕਰਕੇ ਛੁਟੀ ਦੀ ਅਰਜ਼ੀ ਲਿਖ ਕੇ ਅਫਸਰ ਤੋਂ ਦਸਖਤ ਕਰਵਾ ਲਏ ਅਤੇ ਨਾਲ ਡਾਕਟਰ ਤੋਂ ਬੀਮਾਰੀ ਦਾ ਮੈਡੀਕਲ ਸਰਟੀਫੀਕੇਟ ਵੀ ਲਾ ਦਿਤਾ। ਇਸ ਦਾ ਮਤਲਬ ਇਹ ਸੀ ਕਿ ਬਾਬਾ ਜੀ ਛੁਟੀ ਤੇ ਹੋਣਗੇ ਤੇ ਇਹ ਕੰਮ ਕਿਸੇ ਹੋਰ ਕਲਰਕ ਵਗੈਰਾ ਪਾਸੋਂ ਕਰਵਾ ਕੇ ਟੈਂਡਰ ਪਾਸ ਕਰ ਦਿਤਾ ਜਾਵੇਗਾ। ਇਹ ਦੋਵੇਂ ਸਕੀਮਾਂ ਲੈ ਕੇ ਇਹ ਠੇਕੇਦਾਰ ਬਾਬਾ ਜੀ ਦੇ ਘਰ ਪਹੁੰਚ ਗਿਆ। ਬਾਬਾ ਜੀ ਨੂੰ ਦਸ ਹਜ਼ਾਰ ਰੁਪਏ ਦੀ ਥੱਦੀ ਵਿਖਾ ਕੇ ਕਹਿਣ ਲੱਗਿਆ ਕਿ ਸਰਦਾਰ ਜੀ! ਮੇਰਾ ਕੰਮ ਕਰਵਾ ਦਿਓ ਤੇ ਇਹ ਤੁਛ ਜਿਹੀ ਮਾਇਆ ਸਵੀਕਾਰ ਕਰੋ। ਇਹ ਛੁਟੀ ਦੀ ਅਰਜ਼ੀ ਹੈ, ਇਸ ਉਪਰ ਦਸਖਤ ਕਰ ਦਿਓ ਤੇ ਮੈਡੀਕਲ ਸਰਟੀਫੀਕੇਟ ਨਾਲ ਲਗਾ ਹੋਇਐ ਤੇ ਸਾਹਿਬ ਦੇ ਵੀ ਦਸਖਤ ਕੀਤੇ ਹੋਏ ਹਨ। ਇਸ ਤਰ੍ਹਾਂ ਤੁਹਾਡੇ ਤੇ ਕੋਈ ਗਲ ਨਹੀਂ ਆਵੇਗੀ ਕਿਉਂਕਿ ਤੁਸੀਂ ਤਾਂ ਛੁਟੀ ਤੇ ਹੀ ਹੋਵੋਗੇ। ਬਾਬਾ ਜੀ ਨੇ ਉਹ ਛੁਟੀ ਵਾਲਾ ਕਾਗਜ਼ ਤਾਂ ਫੜ ਲਿਆ ਪਰੰਤੂ ਉਹ ਦਸ ਹਜ਼ਾਰ ਦੀ ਰਿਸ਼ਵਤ ਨੂੰ ਸਵੀਕਾਰ ਨਾ ਕੀਤਾ। ਇਸ ਗੱਲ ਤੇ ਹੁਕਮ ਚੰਦ ਹੈਰਾਨ ਹੋ ਰਿਹਾ ਸੀ ਕਿ ਅਜ ਤਕ ਮੈਂ ਤਾਂ ਕੋਈ ਦੇਖਿਆ ਨਹੀਂ ਜਿਹੜਾ ਇੰਨੇ ਪੈਸੇ ਨੂੰ ਵੀ ਠੋਕਰ ਮਾਰ ਦੇਵੇ। ਉਹ ਕਹਿਣ ਲੱਗਿਆ, "ਸਰਦਾਰ ਜੀ! ਸੋਚ ਲਵੋ, ਇਸ ਨਾਲ ਚੰਡੀਗੜ੍ਹ ਵਿਚ ਤਿੰਨ ਕੋਠੀਆਂ ਬਣ ਸਕਦੀਆਂ ਹਨ ਤੇ ਤੁਸੀਂ ਅਤੇ ਤੁਹਾਡੀ ਔਲਾਦ ਆਰਾਮ ਨਾਲ ਸਾਰੀ ਜਿੰਦਗੀ ਬਸਰ

ਕਰੇਗੀ। ਬਾਬਾ ਜੀ ਉਸ ਨੂੰ ਕਹਿਣ ਲੱਗੇ ਕਿ ਹੁਕਮ ਚੰਦ! ਇਹ ਖੋਟੀ ਕਮਾਈ ਹੈ। ਜੇਕਰ ਇਹ ਕਮਾਈ ਘਰ ਵਿਚ ਆ ਜਾਵੇ ਤਾਂ ਸਾਰਾ ਧਰਮ ਕਰਮ ਨਸ਼ਟ ਕਰਕੇ ਰੱਖ ਦਿੰਦੀ ਹੈ। ਮੈਨੂੰ ਇਸ ਤਰ੍ਹਾਂ ਦੀ ਮਾਇਆ ਦੀ ਲੋੜ ਨਹੀਂ ਤੇ ਨਾ ਹੀ ਕੋਠੀਆਂ ਦੀ ਲੋੜ ਹੈ। ਉਹ ਪੈਸੇ ਤੇ ਉਹ ਜਾਇਦਾਦ ਕਿਸ ਕੰਮ ਦੀ ਹੈ ਜੋ ਆਪਣੀ ਜ਼ਮੀਰ ਤੋਂ ਗਿਰ ਕੇ ਸਵੀਕਾਰ ਕੀਤੀ ਜਾਵੇ। ਜੇਕਰ ਮੈਂ ਤੈਥੋਂ ਇਹ ਪੈਸੇ ਲੈ ਲੈਂਦਾ ਹਾਂ, ਕੀ ਮੈਂ ਉਨ੍ਹਾਂ ਕੋਠੀਆਂ ਵਿਚ ਬੈਠ ਕੇ ਭਜਨ ਕਰ ਸਕਦਾ ਹਾਂ? ਕੀ ਮੇਰਾ ਮਨ ਪ੍ਰਮੇਸ਼ਰ ਨਾਲ ਜੁੜੇਗਾ? ਸਾਰੀ ਜ਼ਿੰਦਗੀ ਤੇਰੇ ਇਹ ਰਿਸ਼ਵਤ ਦੇ ਦਸ ਹਜ਼ਾਰ ਰੁਪਏ ਮੇਰੇ ਸਾਮ੍ਹਣੇ ਘੁੰਮਦੇ ਰਹਿਣਗੇ, ਭਜਨ ਵਿਚ ਤਾਂ ਮਨ ਨਹੀਂ ਲਗਣਾ। ਮੇਰਾ ਤਾਂ ਸਾਰਾ ਜਨਮ ਬਰਬਾਦ ਹੋ ਜਾਵੇਗਾ ਜਿਸ ਦੀ ਕੀਮਤ ਤੇਰੇ ਦਸ ਹਜ਼ਾਰ ਨਾਲੋਂ ਲੱਖਾਂ ਕ੍ਰੋੜਾਂ ਗੁਣਾ ਜ਼ਿਆਦਾ ਹੈ। ਮੈਂ ਗੁਰੂ ਦਾ ਸਿੱਖ ਹਾਂ, ਮੇਰੇ ਗੁਰੂ ਦਾ ਇਹ ਹੁਕਮ ਨਹੀਂ। ਮੇਰੇ ਸਤਿਗੁਰੂ ਦਾ ਫੁਰਮਾਨ ਹੈ ਕਿ-

***ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥***
***ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥***
***ਪੰਨਾ - 141***

ਜਿਸ ਤਰ੍ਹਾਂ ਮੁਸਲਮਾਨਾਂ ਵਾਸਤੇ ਸੂਰ ਦੀ ਆਨ ਹੈ ਤੇ ਹਿੰਦੂਆਂ ਵਾਸਤੇ ਗਊ ਦੀ ਆਨ ਹੈ ਕਿ ਜੇਕਰ ਮੁਸਲਮਾਨ ਰਿਸ਼ਵਤ ਖਾਵੇ ਤਾਂ ਸਮਝੋ ਸੂਰ ਖਾ ਲਿਆ; ਤੇ ਜੇ ਹਿੰਦੂ ਖਾਏ ਤਾਂ ਸਮਝੋ ਗਊ ਦਾ ਮਾਸ ਖਾ ਲਿਆ। ਇਸ ਲਈ ਇਹ ਪਰਾਇਆ ਹੱਕ ਖਾਣਾ ਗੁਰਸਿਖ ਵਾਸਤੇ ਸਖਤ ਮਨ੍ਹਾ ਹੈ ਕਿਉਂਕਿ ਜਦੋਂ ਦਰਗਾਹ ਵਿਚ ਲੇਖਾ ਪੱਤਾ ਹੋਵੇਗਾ ਤਾਂ ਉਸ ਵੇਲੇ ਰਿਸ਼ਵਤ-ਖੋਰ ਬੰਦਿਆਂ ਦੀ ਸਾਖਸ਼ੀ ਉਸ ਦਾ ਗੁਰੂ ਪੀਰ ਨਹੀਂ ਕਰੇਗਾ। ਇਸ ਕਰਕੇ ਨਹੀਂ ਕਰੇਗਾ ਕਿ ਉਸ ਨੇ ਤਾਂ ਮੁਰਦਾਰ ਖਾਧਾ ਹੈ, ਮੁਰਦੇ ਦੇ ਮਾਸ ਨੂੰ ਮੁਰਦਾਰ ਕਹਿੰਦੇ ਹਨ ਤੇ ਇਹ ਪਰਾਇਆ ਹਕ ਗੁਰਸਿਖਾਂ ਲਈ ਮੁਰਦਾਰ ਹੈ। ਗੁਰੂ ਦਾ ਸਿਖ ਇਸ ਨੂੰ ਕਦੇ ਵੀ ਕਬੂਲ ਨਹੀਂ ਕਰ ਸਕਦਾ ਕਿਉਂਕਿ ਜੇਕਰ ਕੋਈ ਭੁਲ ਭੁਲੇਖੇ ਇਸ ਤਰ੍ਹਾਂ ਦਾ ਪਾਪ ਕਰ ਦੇਵੇ ਤਾਂ ਉਸ ਦੇ ਅੰਦਰ ਕਦੀ ਵੀ ਨਾਮ ਦਾ ਨਿਵਾਸ ਨਹੀਂ ਹੋ ਸਕੇਗਾ, ਨਾਮ ਦਾ ਰਸ ਤੇ ਅਨੰਦ ਅੰਦਰੋਂ ਅਲੋਪ ਹੋ ਜਾਵੇਗਾ ਤੇ ਉਸ ਦਾ ਜੀਵਨ ਰੁਖਾ ਤੇ ਬੇਪ੍ਰਤੀਤਾ ਜਿਹਾ ਬਣ ਕੇ ਰਹਿ ਜਾਵੇਗਾ ਕਿਉਂਕਿ ਉਸ ਨੇ ਮੁਰਦਾਰ ਖਾ ਲਿਆ। ਜੀਵਨ ਰੌਅ ਰੁਮਕਣੀ ਬੰਦ ਹੋ ਜਾਵੇਗੀ। ਉਸ ਦੀ ਜ਼ਮੀਰ, ਉਸ ਦੀ ਅੰਤਰ ਆਤਮਾ ਹਰ ਵੇਲੇ ਉਸ ਨੂੰ ਫਿਟਕਾਰਾਂ ਤੇ ਲਾਹਨਤਾਂ ਪਾਉਂਦੀ ਰਹੇਗੀ ਕਿ ਪਿਆਰਿਆ! ਹੁਣ ਤੂੰ ਭਾਵੇਂ ਲੱਖ ਵੇਰੀ ਅੱਖਾਂ ਮੀਚ ਕੇ ਧਿਆਨ ਧਰਨ ਦੀ ਕੋਸ਼ਿਸ਼ ਕਰ ਲੈ ਪਰ ਤੇਰੀ ਉਸ ਧਿਆਨ ਤੱਕ ਰੁਸਵਾਈ ਨਹੀਂ ਹੋ ਸਕੇਗੀ ਤੇ ਨਾ ਹੀ ਰੂਹਾਨੀ ਝਰਨ੍ਹਾਟਾਂ ਦਾ ਅਨੰਦ ਤੇਰੇ ਤੀਕ ਪਹੁੰਚ ਸਕੇਗਾ ਕਿਉਂਕਿ ਮੈਲਾ ਕਰਮ ਕਰਕੇ ਅੰਤਸ਼ਕਰਣ ਮੈਲਾ ਹੋ ਗਿਆ। ਜੇਕਰ ਇਕ ਵਾਰੀ ਮੈਲਾ ਹੋ ਗਿਆ ਤਾਂ ਫੇਰ ਇਸ ਤੇ ਮੈਲ ਦੀਆਂ ਤੈਹਾਂ ਜੰਮਣੀਆਂ ਸ਼ੁਰੂ ਹੋ ਜਾਣਗੀਆਂ, ਜੋ ਇਕ ਦਿਨ ਇਸ ਨੂੰ ਬਿਲਕੁਲ ਨਾਸਤਿਕ ਬਣਾ ਦੇਣਗੀਆਂ। ਇਸ ਦੇ ਅੰਦਰ ਜੋ ਤੱਤ ਵਸਤੂ ਹੈ ਜਿਸ ਨੂੰ 'ਜੀਵਨ ਸਤਯ'

ਕਹਿੰਦੇ ਹਨ, ਉਹ ਅਲੋਪ ਹੋ ਕੇ ਦਿਸਣਾ ਬੰਦ ਹੋ ਜਾਵੇਗਾ। ਸਤਿ ਦਾ ਜੀਵਨ ਬਤੀਤ ਕਰਨ ਵਾਲਾ ਮਨੁਖ ਸੰਸਾਰ ਲਈ ਸੁਖਦਾਈ ਹੋਇਆ ਕਰਦਾ ਹੈ ਕਿਉਂਕਿ ਅੰਦਰ, ਬਾਹਰ ਸਚਾਈ ਹੋਣ ਕਰਕੇ ਉਸ ਦਾ ਚਿਹਰਾ ਹਸੂੰ ਹਸੂੰ ਕਰਦਾ ਰਹਿੰਦਾ ਹੈ ਅਤੇ ਦੂਜਿਆਂ ਨੂੰ ਵੀ ਖੁਸ਼ੀ ਵੰਡਦਾ ਰਹਿੰਦਾ ਹੈ। ਉਸ ਸੱਚੇ ਦੀ ਯਾਦ ਵਿਚ ਸ਼ਾਂਤ ਚਿਤ ਰਹਿੰਦਾ ਹੈ ਅਤੇ ਉਹ ਹਰ ਵੇਲੇ ਉਸ ਸੱਚੇ ਨੂੰ ਆਪਣੇ ਅੰਦਰ ਅਨੁਭਵ ਕਰਦਾ ਹੈ। ਜਦੋਂ ਅੰਦਰ ਸੱਚਾ ਵਸ ਰਿਹਾ ਹੈ ਤਾਂ ਫਿਰ ਉਹ ਇਸ ਝੂਠ ਦਾ ਆਸਰਾ ਲੈ ਕੇ ਉਸ ਸੱਚੇ ਦਾ ਅਪਮਾਨ ਕਿਸ ਤਰ੍ਹਾਂ ਕਰ ਸਕਦਾ ਹੈ ਭਾਵੇਂ ਤੁਹਾਡੇ ਵਰਗੇ ਪੈਸੇ ਵਾਲੇ ਕਿੰਨੇ ਗਲਤ ਤਰੀਕਿਆਂ ਨਾਲ ਉਸ ਨੂੰ ਬਹਿਕਾਉਣ ਦੀ ਲੱਖ ਕੋਸ਼ਿਸ਼ ਕਰਨ, ਕਿਉਂਕਿ ਉਸ ਨੂੰ ਸਤਿ ਦਾ ਤੇ ਝੂਠ ਦਾ ਪੂਰਾ ਗਿਆਨ ਹੈ, ਉਸ ਦੇ ਅੰਦਰ ਸੱਚ ਦਾ ਪ੍ਰਕਾਸ਼ ਹੋ ਚੁੱਕਾ ਹੈ। ਉਹ ਇਸ ਚਿਕੜ ਵਿਚ ਕਿਸ ਤਰ੍ਹਾਂ ਫਸ ਸਕਦਾ ਹੈ ਜੋ ਕਿ ਨਿਰੀ ਮਾਇਆ ਦਾ ਛਲਾਵਾ ਹੈ। ਵਾਹਿਗੁਰੂ ਮੇਰੇ ਅੰਦਰ ਬੈਠਾ ਵੇਖਦਾ ਹੈ, ਮੈਂ ਕਿਸ ਤਰ੍ਹਾਂ ਉਸ ਤੋਂ ਛੁਪ ਕੇ ਪਾਪ ਕਰ ਸਕਦਾ ਹਾਂ?

***ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਰ ਹੂ ਤੇ ਨੇਰਿਆ॥***
***ਪੰਨਾ - 704***

ਮੈਨੂੰ ਪਤਾ ਹੈ ਕਿ ਅਜੋਕੇ ਸਮੇਂ ਵਿਚ ਸਤਿ ਆਚਰਨ ਵਾਲੇ ਨੂੰ ਆਪਣਾ ਜੀਵਨ ਬਤੀਤ ਕਰਨਾ ਬੜਾ ਔਖਾ ਹੈ ਕਿਉਂਕਿ ਚਾਰ ਚੁਫੇਰੇ ਕੂੜ ਦਾ ਅੰਧੇਰਾ ਪਿਆ ਹੈ। ਸਤਿ ਅਤੇ ਅਸਤਿ ਦਾ ਸਦਾ ਤੋਂ ਵਿਰੋਧ ਚਲਿਆ ਆ ਰਿਹਾ ਹੈ ਜਿਵੇਂ ਰੋਸ਼ਨੀ ਤੇ ਹਨ੍ਹੇਰਾ, ਅੱਗ ਤੇ ਪਾਣੀ, ਗਰੀਬੀ ਤੇ ਅਮੀਰੀ, ਗਿਆਨ ਤੇ ਅਗਿਆਨ, ਇਨ੍ਹਾਂ ਦਾ ਸੁਭਾਵਿਕ ਹੀ ਅਜੋੜ ਹੈ। ਇਸੇ ਤਰ੍ਹਾਂ ਸਤਿ ਦਾ ਜੀਵਨ ਬਤੀਤ ਕਰਨ ਵਾਲੇ ਸਤਪੁਰਸ਼ਾਂ, ਭਗਤਾਂ, ਗੁਰਮੁਖਾਂ ਤੇ ਸੰਸਾਰੀਆਂ ਦਾ ਕਦੇ ਜੋੜ ਨਹੀਂ ਹੋਇਆ ਕਰਦਾ। ਮਹਾਰਾਜ ਜੀ ਦਾ ਐਸਾ ਫੁਰਮਾਨ ਹੈ-

***ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥***
***ਪੰਨਾ - 145***

ਵਾਹਿਗੁਰੂ ਆਪ ਸੱਤਿ ਹੈ ਅਤੇ ਉਸ ਨੂੰ ਸਤਿਵਾਦੀ ਪੁਰਖ ਹੀ ਅੱਛਾ ਲਗਦਾ ਹੈ ਅਤੇ ਝੂਠਿਆਂ ਨੂੰ, ਰਿਸ਼ਵਤ ਖੋਰਾਂ ਨੂੰ ਤਾਂ ਦਰਗਾਹ ਵਿਚ ਥਾਂ ਨਹੀਂ ਮਿਲਿਆ ਕਰਦੀ ਤੇ ਉਨ੍ਹਾਂ ਦਾ ਮੂੰਹ ਕਾਲਾ ਕੀਤਾ ਜਾਂਦਾ ਹੈ।

***ਨਾਨਕ ਜੀਅ ਉਪਾਇਕੈ ਲਿਖ ਨਾਵੈ ਧਰਮੁ ਬਹਾਲਿਆ॥***
***ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥***
***ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ॥***
***ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥***

ਝੂਠੇ ਨੂੰ, ਨਿੰਦਕ ਨੂੰ, ਪਾਪੀ ਨੂੰ ਧਰਮਰਾਜ ਦੀ ਕਚਹਿਰੀ ਵਿਚ ਸ਼ਰਮਿੰਦਾ ਹੋਣਾ ਪੈਂਦਾ ਹੈ ਕਿਉਂਕਿ ਉਥੇ ਸੱਚ ਦਾ ਨਿਬੇੜਾ ਹੁੰਦਾ ਹੈ, ਝੂਠੇ ਨੂੰ ਥਾਂ ਨਹੀਂ ਮਿਲਿਆ ਕਰਦੀ, ਉਸਨੂੰ ਤਾਂ ਦੋਜ਼ਕ ਵਿਚ ਸੁਟ ਦਿਤਾ ਜਾਂਦਾ ਹੈ। ਜਿਹੜੇ ਮਨੁਖ ਸੰਸਾਰ ਤੇ ਆ ਕੇ ਲੋਕਾਂ ਨੂੰ ਠੱਗਦੇ ਹਨ, ਧੋਖੇ ਕਰਦੇ ਹਨ, ਲੋਭ ਵਸ ਹੋ ਕੇ ਪਾਪ ਕਰਦੇ ਹਨ, ਉਹ ਦਰਗਾਹ ਵਿਚ ਜਾ ਕੇ ਹਾਰ ਜਾਂਦੇ ਹਨ ਕਿਉਂਕਿ ਉਥੇ ਤਾਂ 'ਸਚੇ ਹੀ ਸਚਿ ਨਿਬੜੈ' ਸੱਚ ਦਾ ਨਿਬੇੜਾ ਹੁੰਦਾ ਹੈ, ਇਨਸਾਫ ਹੁੰਦਾ ਹੈ। ਗੁਰੂ ਘਰ ਦੇ ਵੇਦ ਵਿਆਸ ਭਾਈ ਗੁਰਦਾਸ ਜੀ ਨੇ ਸੱਚ ਝੂਠ ਦਾ ਨਿਬੇੜਾ ਕਰਦਿਆਂ ਫੁਰਮਾਨ ਕੀਤਾ ਹੈ -

*ਕੂੜੁ ਸੁਤਾ ਸਚੁ ਜਾਗਦਾ ਸਚੁ ਸਾਹਿਬ ਦੇ ਮਨਿ ਭਾਇਆ।*
*ਸਚੁ ਸਚੈ ਕਰਿ ਪਾਹਰੂ ਸਚ ਭੰਡਾਰ ਉਤੇ ਬਹਿਲਾਇਆ।*
*ਸਚੁ ਆਗੂ ਆਨ੍ਹੇਰ ਕੂੜ ਉਝੜਿ ਦੂਜਾ ਭਾਉ ਚਲਾਇਆ।*
*ਸਚੁ ਸਚੇ ਕਰਿ ਫਉਜਦਾਰ ਰਾਹੁ ਚਲਾਵਣ ਜੋਗੁ ਪਠਾਇਆ।*
*ਜਗ ਭਵਜਲ ਮਿਲਿ ਸਾਧ ਸੰਗਿ ਗੁਰ ਬੋਹਿਥੈ ਚਾੜਿ ਤਰਾਇਆ।*
*ਕਾਮੁ ਕ੍ਰੋਧੁ ਲੋਭੁ ਮੋਹੁ ਫੜਿ ਅਹੰਕਾਰੁ ਗਰਦਨਿ ਮਰਵਾਇਆ।*
*ਪਾਰਿ ਪਏ ਗੁਰੁ ਪੂਰਾ ਪਾਇਆ॥ ਭਾਈ ਗੁਰਦਾਸ ਜੀ ਦੀ ਵਾਰ 30/13*

ਕੂੜ ਸੁਤਾ ਰਹਿੰਦਾ ਹੈ ਤੇ ਸੱਚ ਹਮੇਸ਼ਾ ਜਾਗਦਾ ਹੈ। ਪ੍ਰਭੂ ਨੂੰ ਸੱਚ ਹੀ ਚੰਗਾ ਲਗਦਾ ਹੈ ਕਿਉਂਕਿ ਪ੍ਰਭੂ ਨੇ ਸਚ ਨੂੰ ਪਹਿਰੇਦਾਰ ਬਣਾ ਕੇ ਸੱਚ ਦੇ ਖਜ਼ਾਨੇ ਦੀ ਰਾਖੀ ਬਿਠਾਇਆ ਹੈ। ਸੱਚ ਆਗੂ ਹੈ ਤੇ ਝੂਠ ਹਨ੍ਹੇਰ ਹੈ ਤੇ ਹਨ੍ਹੇਰਾ ਤਾਂ ਸੰਸਾਰ ਨੂੰ ਉਝੜ ਵਿਚ ਪਾ ਦਿੰਦਾ ਹੈ। ਪ੍ਰਭੂ ਨੇ ਸੱਚ ਨੂੰ ਫੌਜਦਾਰ ਬਣਾ ਕੇ ਸਹੀ ਰਸਤਾ ਦੱਸਣ ਲਈ ਭੇਜਿਆ ਹੈ। ਸਤਿ ਸਰੂਪ ਸਤਿਗੁਰੂ ਜੀ ਨੇ ਜੀਵਾਂ ਨੂੰ ਸਾਧ ਸੰਗਤ ਰੂਪੀ ਜਹਾਜ਼ ਤੇ ਚੜ੍ਹਾ ਕੇ ਪਾਰ ਕਰ ਦਿਤਾ ਹੈ ਅਤੇ ਕਾਮ, ਕਰੋਧ, ਲੋਭ, ਮੋਹ, ਅਹੰਕਾਰ ਵਰਗੇ ਵੈਰੀਆਂ ਨੂੰ ਸੱਚ ਦੀ ਸ਼ਕਤੀ ਨਾਲ ਮਾਰ ਦਿਤਾ ਹੈ। ਜਿਨ੍ਹਾਂ ਨੂੰ ਪੂਰਾ ਗੁਰੂ, ਸੱਚਾ ਮਲਾਹ ਮਿਲ ਜਾਂਦਾ ਹੈ, ਉਹ ਸੰਸਾਰ ਸਾਗਰ ਤੋਂ ਪਾਰ ਹੋ ਜਾਂਦੇ ਹਨ।

ਇਸ ਕਰਕੇ ਭਾਈ ਹੁਕਮ ਚੰਦ! ਤੂੰ ਮੈਨੂੰ ਕੀ ਦੱਸ ਰਿਹਾ ਹੈਂ ਕਿ ਇਸ ਧਨ ਨਾਲ ਬਾਲ ਬੱਚੇ ਸੁਖੀ ਰਹਿਣਗੇ? ਇਹ ਧਨ ਤਾਂ ਉਹਨਾਂ ਨੂੰ ਭੈੜੀਆਂ ਆਦਤਾਂ ਤੇ ਵਿਕਾਰਾਂ ਵਿਚ ਪਰਵਿਰਤ ਕਰੇਗਾ ਕਿਉਂਕਿ ਇਹ ਪਰਾਇਆ ਹੱਕ ਹੈ। ਬਾਕੀ ਤੂੰ ਕੋਠੀਆਂ ਦੀ ਗੱਲ ਕਰਦਾ ਹੈਂ, ਸ਼ਾਇਦ ਤੈਨੂੰ ਪਤਾ ਨਹੀਂ ਕਿ ਨਾਮ ਤੋਂ ਹੀਣਾ, ਪ੍ਰਭੂ ਦੇ ਪਿਆਰ ਤੋਂ ਹੀਣਾ ਪੁਰਸ਼ ਭਾਵੇਂ ਸ਼ਾਹੀ ਮਹਿਲਾਂ ਵਿਚ ਨਿਵਾਸ ਰੱਖੇ, ਸੁੰਦਰ ਸੇਜਾਂ ਮਾਣਦਾ ਹੋਵੇ, ਸਾਰੇ ਭੋਗ ਤੇ

ਰਸ ਮਾਣਦਾ ਹੋਵੇ, ਘਰ ਦੇ ਅੰਦਰ ਮੋਤੀਆਂ ਤੇ ਹੀਰਿਆਂ ਨਾਲ ਜੜਤ ਜੜੀ ਹੋਵੇ; ਜੋ ਉਸ ਦੇ ਮਨ ਵਿਚ ਸੁਖ ਮਾਨਣ ਦੀ ਇਛਾ ਹੋਵੇ, ਉਸ ਸੁਖ ਨੂੰ ਪ੍ਰਾਪਤ ਕਰ ਸਕਦਾ ਹੋਵੇ ਤੇ ਉਸ ਨੂੰ ਕਿਸੇ ਗੱਲ ਦਾ ਫਿਕਰ ਤੇ ਝੋਰਾ ਨਾ ਹੋਵੇ, ਪਰ ਇੰਨਾਂ ਕੁਝ ਹੁੰਦਿਆਂ ਹੋਇਆਂ ਵੀ ਜੇਕਰ ਉਸ ਨੂੰ ਪ੍ਰਭੂ ਪਿਆਰਾ ਚਿਤ ਨਹੀਂ ਆਉਂਦਾ, ਉਸ ਦੇ ਅੰਦਰ ਪ੍ਰਭੂ ਦਾ ਪਿਆਰ ਨਹੀਂ ਹੈ ਤਾਂ ਉਸ ਦੀ ਹਾਲਤ ਵਿਸ਼ਟਾ ਦੇ ਕੀੜੇ ਵਰਗੀ ਹੁੰਦੀ ਹੈ ਜੋ ਵਿਸ਼ਟਾ ਵਿਚ ਹੀ ਰਹਿੰਦਾ ਹੈ, ਵਿਸ਼ਟਾ ਹੀ ਖਾਂਦਾ ਹੈ। ਵਾਹਿਗੁਰੂ ਦੇ ਨਾਮ ਤੋਂ ਬਿਨਾਂ ਮਨ ਸ਼ਾਂਤ ਨਹੀਂ ਹੋ ਸਕਿਆ ਕਰਦਾ। ਫੇਰ ਇਹ ਕੋਠੀਆਂ ਕਿਸ ਕੰਮ ਦੀਆਂ ਹਨ, ਜਿਥੇ ਰਹਿ ਕੇ ਪ੍ਰਭੂ ਦਾ ਪਿਆਰ ਤੇ ਪ੍ਰਭੂ ਦੀ ਯਾਦ ਹੀ ਵਿਸਰ ਜਾਵੇ? ਇਸ ਨਾਲੋਂ ਕੱਖਾਂ ਦੀ ਕੁੱਲੀ ਚੰਗੀ ਹੈ ਜਿਥੇ ਬੈਠ ਕੇ ਹਰੀ ਦੇ ਗੁਣ ਗਾ ਕੇ ਮਨ ਨੂੰ ਸ਼ਾਂਤੀ ਮਿਲਦੀ ਹੈ।

***ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ॥***
***ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ॥***
***ਪੰਨਾ - 745***

ਪ੍ਰਭੂ ਦਾ ਪਿਆਰਾ ਜਿਸ ਦਾ ਮਨ ਹਰੀ ਦੇ ਨਾਮ ਨਾਲ ਲੱਗਿਆ ਹੋਵੇ ਉਹ ਸਾਰੀ ਦੁਨੀਆਂ ਦਾ ਬਾਦਸ਼ਾਹ ਹੋਇਆ ਕਰਦਾ ਹੈ ਭਾਵੇਂ ਉਹ ਟੁਟੀ ਹੋਈ ਝੌਂਪੜੀ ਵਿਚ ਹੀ ਰਹਿ ਰਿਹਾ ਹੋਵੇ। ਭਾਵੇਂ ਉਹ ਉਚੀ ਜਾਤ ਦਾ ਨਾ ਵੀ ਹੋਵੇ, ਉਸ ਦਾ ਕੋਈ ਆਦਰ ਨਾ ਕਰਦਾ ਹੋਵੇ, ਜੰਗਲਾਂ ਵਿਚ ਰਹਿ ਕੇ ਆਪਣਾ ਜੀਵਨ ਬਸਰ ਕਰਦਾ ਹੋਵੇ, ਭਾਵੇਂ ਉਸ ਦਾ ਕੋਈ ਮਿਤਰ ਨਾ ਹੋਵੇ, ਕੋਈ ਸਾਕ ਸੰਬੰਧੀ ਨਾ ਵੀ ਹੋਵੇ ਪਰ ਫੇਰ ਵੀ ਜੇਕਰ ਉਸ ਦਾ ਮਨ ਹਰੀ ਦੇ ਪਿਆਰ ਵਿਚ ਭਿਜਿਆ ਹੋਇਆ ਹੈ, ਹਰੀ ਦੇ ਨਾਮ ਵਿਚ ਰੰਗਿਆ ਹੋਇਆ ਹੈ, ਉਹ ਸਾਰੀ ਦੁਨੀਆਂ ਦਾ ਬਾਦਸ਼ਾਹ ਹੈ ਕਿਉਂਕਿ ਉਸ ਦੀ ਚਰਨ ਧੂੜ ਲੈ ਕੇ ਅਨੇਕਾਂ ਦਾ ਉਧਾਰ ਹੋ ਜਾਂਦਾ ਹੈ ਤੇ ਪ੍ਰਭੂ ਦੀ ਪ੍ਰਸੰਨਤਾ ਪ੍ਰਾਪਤ ਹੋ ਜਾਂਦੀ ਹੈ।

***ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥***
***ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥***
***ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥***
***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥***
***ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ॥***
***ਪੰਨਾ - 707***

ਇਸ ਕਰਕੇ ਭਾਈ ਹੁਕਮ ਚੰਦ! ਇਹ ਧਨ ਤੇ ਮਾਇਆ ਮੇਰੇ ਵਾਸਤੇ ਕੋਈ ਮਾਇਨੇ ਨਹੀਂ ਰੱਖਦੀ, ਮੈਂ ਤਾਂ ਡਿਊਟੀ ਕਰਨੀ ਹੈ ਤੇ ਮੈਂ ਸੱਚ ਤੇ ਖੜ੍ਹਾ ਹਾਂ ਅਤੇ ਸੱਚ ਤੇ ਪਹਿਰਾ ਦਿਆਂਗਾ। ਇਨ੍ਹਾਂ ਚੀਜ਼ਾਂ ਨਾਲ ਨਾ ਹੀ ਤੂੰ ਮੈਨੂੰ ਵਰਗਲਾ ਸਕਦਾ ਹੈਂ ਤੇ ਨਾ ਹੀ ਮੈਨੂੰ ਮੇਰੇ ਨਿਜ ਧਰਮ ਤੇ ਨਿਸਚੇ ਤੋਂ ਗਿਰਾ ਸਕਦਾ ਹੈਂ। ਸਤ ਸਾਸ਼ਤਰਾਂ ਵਿਚ ਲਿਖਿਆ ਹੈ ਕਿ ਹਜ਼ਾਰ ਅਸਮੇਧ ਜਗ ਜੇਕਰ ਇਕ ਸਤਿ ਬਚਨ ਅਰਥਾਤ ਸੱਚ ਕਥਨ ਦੇ ਮੁਕਾਬਲੇ ਤੋਲਿਆ

ਜਾਵੇ ਤਾਂ ਸਤਿ ਹੀ ਭਾਰੂ ਹੋਇਆ ਕਰਦਾ ਹੈ।

*ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ॥*

*ਪੰਨਾ - 922*

ਤੂੰ ਭਾਵੇਂ ਕਮਾਂਡਿੰਗ ਅਫਸਰ ਨਾਲ ਮਿਲਿਆ ਹੋਇਆ ਹੈਂ ਕਿਉਂਕਿ ਇਹਨਾਂ ਕਾਗਜ਼ਾਂ ਤੋਂ ਸਾਫ ਪ੍ਰਤੀਤ ਹੁੰਦਾ ਹੈ ਕਿ ਉਸ ਨੇ ਪਹਿਲਾਂ ਹੀ ਛੁਟੀ ਤੇ ਦਸਖਤ ਕਰ ਦਿਤੇ ਹਨ ਕਿ ਮੈਂ ਘਰ ਬੈਠ ਜਾਵਾਂ ਤੇ ਤੁਸੀਂ ਮਿਲ ਮਿਲਾ ਕੇ ਇਹ ਸੌਦੇ ਬਾਜ਼ੀ ਖੁਲ੍ਹੇ ਤੌਰ ਤੇ ਕਰ ਸਕੋ ਅਤੇ ਤੁਹਾਨੂੰ ਕੋਈ ਰੋਕਣ ਟੋਕਣ ਵਾਲਾ ਨਾ ਹੋਵੇ। ਇਸ ਕਰਕੇ ਮੈਂ ਡਿਊਟੀ ਤੇ ਜਾ ਰਿਹਾ ਹਾਂ ਤੇ ਇਸ ਦਾ ਫੈਸਲਾ ਉਥੇ ਪਹੁੰਚ ਕੇ ਹੀ ਕੀਤਾ ਜਾਵੇਗਾ। ਹੁਕਮ ਚੰਦ ਠੇਕੇਦਾਰ ਹੈਰਾਨ ਹੋਈ ਜਾ ਰਿਹਾ ਸੀ ਕਿ ਇਹ ਅਜੀਬ ਕਿਸਮ ਦੇ ਇਨਸਾਨ ਹਨ ਜਿਸਨੂੰ ਮਾਇਆ ਦਾ ਲਾਲਚ ਹੀ ਨਹੀਂ। ਮੇਰਾ ਤਾਂ ਹਜ਼ਾਰਾਂ ਬੰਦਿਆਂ ਨਾਲ ਵਾਹ ਪਿਆ ਹੈ ਪਰ ਪਹਿਲੀ ਵਾਰੀ ਮੈਨੂੰ ਇਸ ਤਰ੍ਹਾਂ ਦਾ ਇਨਸਾਨ ਦੇਖਣ ਵਿਚ ਆਇਐ ਜਿਸ ਨੇ ਰਿਸ਼ਵਤ ਲੈਣ ਤੋਂ ਇਨਕਾਰ ਕੀਤਾ ਹੈ। ਉਹ ਵੀ ਐਨੀ ਵੱਡੀ ਰਿਸ਼ਵਤ ਪੂਰੇ ਦਸ ਹਜ਼ਾਰ ਰੁਪਏ ਜਿਸ ਨਾਲ ਸਿਧਾ ਹੀ ਇਕ ਧਨੀ ਪੁਰਸ਼ ਬਣ ਸਕਦਾ ਸੀ। ਇਹ ਸਭ ਕੁਝ ਸੋਚਦਾ ਹੋਇਆ ਵਾਪਸ ਤੁਰਦਾ ਜਾ ਰਿਹਾ ਹੈ ਤੇ ਸਿਧਾ ਕਮਾਂਡਿੰਗ ਅਫਸਰ ਦੇ ਘਰ ਪਹੁੰਚ ਕੇ ਸਾਰੀ ਰਿਪੋਰਟ ਦੇ ਦਿਤੀ ਤੇ ਦੱਸਿਆ ਕਿ ਸਰਦਾਰ ਸਾਹਿਬ ਤਾਂ ਆਪਣੀ ਜ਼ਿੱਦ ਅਤੇ ਸੱਚ ਦੇ ਅਸੂਲਾਂ ਤੇ ਅੜੇ ਹੋਏ ਹਨ, ਨਾ ਉਹ ਰਿਸ਼ਵਤ ਲੈਣ ਨੂੰ ਤਿਆਰ ਹਨ ਤੇ ਮੈਨੂੰ ਲੱਗਦਾ ਹੈ ਕਿ ਇਹ ਆਰਡਰ ਵੀ ਖੁਸ ਜਾਣਾ ਹੈ। ਕਮਾਂਡਿੰਗ ਅਫਸਰ ਨੇ ਆਪਣੀ ਅਫਸਰੀ ਤੇ ਅਹੁਦੇ ਦਾ ਘੁਮੰਡ ਕਰਦਿਆਂ ਕਿਹਾ ਕਿ ਮੈਂ ਦੇਖਾਂਗਾ ਕਿ ਉਹ ਮੇਰੀ ਗੱਲ ਕਿਸ ਤਰ੍ਹਾਂ ਨਹੀਂ ਮੰਨਦੇ, ਮੈਂ ਉਨ੍ਹਾਂ ਤੇ ਐਕਸ਼ਨ ਲੈ ਕੇ ਡਿਸਮਿਸ ਕਰਵਾ ਦਿਆਂਗਾ। ਉਸ ਵਿਚ ਰਾਜ ਮੱਦ ਬੋਲ ਰਿਹਾ ਸੀ ਕਿ ਮੇਰੇ ਕੋਲ ਕੁਰਸੀ ਹੈ ਤੇ ਇਸ ਵਿਚ ਤਾਕਤ ਹੈ ਕਿਉਂਕਿ ਇਸ ਮਦ ਦੇ ਨਸ਼ੇ ਵਿਚ ਇਨਸਾਨ ਅੰਨ੍ਹਾ ਤੇ ਬੋਲਾ ਹੋ ਜਾਂਦਾ ਹੈ। ਉਹ ਨਾ ਹੀ ਸੱਚ ਨੂੰ ਸੁਣ ਸਕਦਾ ਹੈ ਤੇ ਨਾ ਹੀ ਇਸ ਨੂੰ ਦੇਖ ਸਕਦਾ ਹੈ। ਉਸ ਨੂੰ ਇਹ ਤਾਂ ਪਤਾ ਹੀ ਸੀ ਕਿ ਮੈਂ ਠੇਕੇਦਾਰ ਤੋਂ ਰਿਸ਼ਵਤ ਲੈ ਰਿਹਾ ਹਾਂ ਜੋ ਗਲਤ ਕੰਮ ਹੈ। ਗਲਤ ਕੰਮ ਕਰਨ ਲੱਗਿਆਂ ਹਰ ਭੈੜੇ ਤੋਂ ਭੈੜੇ ਬੰਦੇ ਦੀ ਜ਼ਮੀਰ ਵੀ ਉਸ ਨੂੰ ਟੋਕ ਦਿਆ ਕਰਦੀ ਹੈ ਕਿ ਇਹ ਕੰਮ ਗਲਤ ਹੈ ਪਰੰਤੂ ਮੱਦ ਦੇ ਨਸ਼ੇ ਵਿਚ ਅਤੇ ਮਾਇਆ ਦੇ ਭਰਮ ਭੁਲਾਵੇ ਵਿਚ ਉਸ ਨੂੰ ਅੰਦਰਲੇ ਸੱਚ ਦੀ ਆਵਾਜ਼ ਸੁਣਿਆ ਨਹੀਂ ਕਰਦੀ। ਕੁਝ ਇਹੋ ਜਿਹੀ ਹਾਲਤ ਇਸ ਅਫਸਰ ਦੀ ਸੀ।

*ਮਾਇਆਧਾਰੀ ਅਤਿ ਅੰਨਾ ਬੋਲਾ॥*
*ਸਬਦੁ ਨ ਸੁਣਈ ਬਹੁ ਰੋਲ ਘਚੋਲਾ॥* *ਪੰਨਾ - 313*

ਇਸ ਦੇ ਅੰਦਰ ਤਾਂ ਵਾਸ਼ਨਾਵਾਂ ਦਾ ਰੌਲਾ ਘਚੌਲਾ ਮਚਿਆ ਹੋਇਆ ਸੀ, ਉਸ ਨੂੰ ਅੰਦਰਲੇ ਸੱਚ ਦੀ ਆਵਾਜ਼ ਕਿਵੇਂ ਸੁਣ ਸਕਦੀ ਸੀ।

ਦੂਜੇ ਦਿਨ ਬਾਬਾ ਜੀ ਆਪਣੇ ਦਫਤਰ ਗਏ ਅਤੇ ਫਾਈਲ ਉਤੇ ਟਿਪਣੀ ਲਿਖ ਕੇ ਭੇਜ ਦਿੱਤੀ ਕਿ ਇਹ ਰੇਟ ਬਹੁਤ ਜ਼ਿਆਦਾ ਹਨ, ਇਹ ਕੰਮ ਅੱਧੇ ਰੇਟਾਂ ਤੇ ਕਰਵਾਇਆ ਜਾ ਸਕਦਾ ਹੈ, ਵੈਸੇ ਵੀ ਸੈਂਪਲ ਦਾ ਸਾਈਜ਼ ਇਕ ਇੰਚ ਘੱਟ ਹੈ ਜੋ ਪਾਸ ਕੀਤਾ ਗਿਆ ਹੈ। ਇਸ ਨਾਲ ਇਕ ਲੱਖ ਮਛਰਦਾਨੀਆਂ ਵਿਚ ਵੈਸੇ ਵੀ ਮਾਲ ਵਿਚ ਹੀ ਠੇਕੇਦਾਰ ਦੀ ਲਾਗਤ ਘੱਟ ਲਗੇਗੀ ਤੇ ਜੁਆਨਾਂ ਵਾਸਤੇ ਇਹ ਸਾਈਜ਼ ਘੱਟ ਰਹੇਗਾ। ਇਸ ਕਰਕੇ ਇਹ ਆਰਡਰ ਕੈਂਸਲ ਕਰ ਦਿਤਾ ਜਾਵੇ। ਇਹ ਲਿਖ ਕੇ ਆਪ ਨੇ ਫਾਈਲ ਭੇਜ ਦਿਤੀ। ਜਦੋਂ ਫਾਈਲ ਇਸ ਅਫਸਰ ਪਾਸ ਪਹੁੰਚੀ, ਉਹ ਤਾਂ ਪਹਿਲਾਂ ਹੀ ਲਾਲ ਪੀਲਾ ਹੋਇਆ ਬੈਠਾ ਸੀ ਕਿਉਂਕਿ ਰਿਸ਼ਵਤ ਦਾ ਵੱਡਾ ਹਿਸਾ ਉਸਦੀ ਜੇਬ ਵਿਚ ਪੈਣਾ ਸੀ ਅਤੇ ਨਾਲੇ ਉਸ ਨੇ ਜੋ ਛੁਟੀ ਦਾ ਪਲਾਨ ਬਣਾਇਆ ਸੀ ਉਹ ਵੀ ਫੇਲ੍ਹ ਹੋ ਗਿਆ। ਉਸਨੇ ਦਫਤਰ ਵਿਚ ਬਾਬਾ ਜੀ ਨੂੰ ਬੁਲਾਇਆ ਅਤੇ ਰੋਅਬ-ਦਾਬ ਨਾਲ ਕਹਿਣ ਲੱਗਾ ਕਿ ਤੁਸੀਂ ਇਹ ਕਿਉਂ ਲਿਖਿਆ ਹੈ? ਤੁਹਾਨੂੰ ਪਤਾ ਹੈ ਤੁਹਾਨੂੰ ਮੈਂ ਡਿਸਮਿਸ ਕਰਵਾ ਸਕਦਾ ਹਾਂ, ਕੁਆਟਰ ਗਾਰਡ ਕਰਵਾ ਸਕਦਾ ਹਾਂ। ਬਾਬਾ ਜੀ ਨੇ ਦਫਤਰ ਨੂੰ ਅੰਦਰੋਂ ਕੁੰਡੀ ਲਾ ਲਈ। ਉਸ ਨੇ ਕਿਹਾ, ਕੁੰਡੀ ਕਿਉਂ ਬੰਦ ਕੀਤੀ ਹੈ? ਬਾਬਾ ਜੀ ਨੇ ਕਿਹਾ ਕਿ ਇਹ ਤਾਂ ਬੰਦ ਕੀਤੀ ਹੈ ਕਿ ਹਾਲੇ ਤਾਂ ਤੁਸੀਂ ਕੇਵਲ ਮੇਰੀਆਂ ਨਜ਼ਰਾਂ ਤੋਂ ਡਿੱਗੇ ਹੋ, ਜੇ ਬਾਹਰ ਆਵਾਜ਼ ਜਾਵੇਗੀ ਤਾਂ ਸਾਰੇ ਤੁਹਾਨੂੰ ਲਾਹਨਤ ਪਾਉਣਗੇ। ਇਸ ਕਰਕੇ ਤੁਹਾਡਾ ਪੜਦਾ ਕੱਜਣ ਲਈ ਇਸ ਤਰ੍ਹਾਂ ਕੀਤਾ ਹੈ। ਬਾਬਾ ਜੀ ਨੇ ਰੋਅਬ ਨਾਲ, ਨਿਰਭੈਤਾ ਨਾਲ ਜਵਾਬ ਦਿਤਾ ਕਿ ਸਾਹਿਬ ਬਹਾਦਰ! ਕੁਆਟਰ ਗਾਰਡ ਤਾਂ ਮੈਂ ਤੁਹਾਨੂੰ ਕਰਵਾਵਾਂਗਾ ਕਿਉਂਕਿ ਤੁਸੀਂ ਠੇਕੇਦਾਰ ਨਾਲ ਮਿਲ ਕੇ ਇਹ ਸਾਰਾ ਕੰਮ ਗਲਤ ਕਰਵਾ ਰਹੇ ਹੋ। ਆਹ ਦੇਖੋ ਮੇਰੇ ਕੋਲ ਤੁਹਾਡੀ ਪਲੈਨਿੰਗ ਦਾ ਸਾਰਾ ਸਬੂਤ ਹੈ, ਇਸ ਛੁਟੀ ਦੀ ਅਰਜ਼ੀ ਤੇ ਤੁਹਾਡੀ ਮਨਜ਼ੂਰੀ ਦੇ ਦਸਖਤ ਹਨ ਤੇ ਮੈਂ ਹੁਣੇ ਜਰਨਲ ਸਾਹਿਬ ਪਾਸ ਲੈ ਕੇ ਚਲਿਆ ਹਾਂ ਤੇ ਨਾਲੇ ਤੁਹਾਡੀ ਨੌਕਰੀ ਖਾਰਜ ਹੋਵੇਗੀ ਅਤੇ ਨਾਲ ਹੀ ਕੁਆਟਰ ਗਾਰਡ ਵੀ ਤੁਹਾਨੂੰ ਹੀ ਹੋਵੇਗੀ। ਜਦੋਂ ਬਾਬਾ ਜੀ ਪਾਸੋਂ ਇਸ ਤਰ੍ਹਾਂ ਦੇ ਬਚਨ ਸੁਣੇ ਤਾਂ ਉਹ ਪਾਣੀ ਪਾਣੀ ਹੋ ਗਿਆ ਕਿ ਸਚਮੁਚ ਜੇਕਰ ਇਹ ਇਨ੍ਹਾਂ ਨੇ ਵਿਖਾ ਦਿਤੇ ਤਾਂ ਉਸ ਦੀ ਛੁਟੀ ਹੋ ਜਾਵੇਗੀ ਅਤੇ ਸਜ਼ਾ ਵੀ ਮਿਲੇਗੀ। ਝੱਟ ਪੱਟ ਬਰਫ ਵਾਂਗੂੰ ਠੰਢਾ ਹੋ ਗਿਆ ਅਤੇ ਉਸ ਦੀ ਅਫਸਰੀ ਦਾ ਸਾਰਾ ਨਸ਼ਾ ਚੂਰ ਚੂਰ ਹੋ ਗਿਆ। ਉਸ ਵੇਲੇ ਉਸ ਨੇ ਆਪਣੇ ਮੇਜਰੀ ਦੇ ਬੈਜ, ਤਗਮੇ ਅਤੇ ਆਪਣੀ ਪੱਗ ਲਾਹ ਕੇ ਬਾਬਾ ਜੀ ਦੇ ਚਰਨਾਂ ਤੇ ਰੱਖ ਕੇ ਕਿਹਾ ਕਿ ਕਿਰਪਾ ਕਰਕੇ ਮੇਰੀ ਗਲਤੀ ਮੁਆਫ ਕਰੋ। ਮੇਰੀ ਇਹ ਸ਼ਿਕਾਇਤ ਵੱਡੇ ਅਫਸਰ ਪਾਸ ਨਾ ਕਰਨਾ ਕਿਉਂਕਿ ਇਸ ਨਾਲ ਮੇਰੀ ਨੌਕਰੀ ਚਲੀ ਜਾਵੇਗੀ ਅਤੇ ਮੈਨੂੰ ਕੁਆਟਰ ਗਾਰਡ (ਕੈਦ) ਹੋ ਜਾਵੇਗੀ। ਮੇਰੇ ਤੇ ਮੇਹਰਬਾਨੀ ਕਰੋ, ਮੈਂ ਭੁਲਿਆ ਰਿਹਾਂ ਤੇ ਤੁਸੀਂ ਜਿਸ ਤਰ੍ਹਾਂ ਕਹੋਗੇ, ਉਸੇ ਤਰ੍ਹਾਂ ਨਾਲ ਆਰਡਰ ਦਿਤਾ ਜਾਵੇਗਾ ਅਤੇ ਮੈਂ ਵਾਅਦਾ ਕਰਦਾ ਹਾਂ ਕਿ ਤੁਸੀਂ ਜੋ ਵੀ ਲਿਖੋਗੇ, ਮੈਂ ਉਸੇ ਤਰ੍ਹਾਂ ਪਾਸ ਕਰ ਦਿਆ ਕਰਾਂਗਾ।

ਬਾਬਾ ਜੀ ਨੇ ਉਸ ਦੀ ਪੱਗ ਉਸ ਦੇ ਸਿਰ ਤੇ ਰੱਖੀ ਅਤੇ ਬੈਜ ਵੀ ਆਪਣੇ ਹੱਥ ਨਾਲ ਲਾਏ ਅਤੇ ਕਿਹਾ ਕਿ ਪ੍ਰੇਮੀਆਂ! ਮੇਰਾ ਮਕਸਦ ਤੁਹਾਨੂੰ ਕੁਆਟਰ ਗਾਰਡ ਕਰਵਾਉਣਾ ਜਾਂ ਨੌਕਰੀ ਤੋਂ ਕਢਵਾਉਣਾ ਨਹੀਂ ਸੀ ਸਗੋਂ ਤੁਹਾਨੂੰ ਸਿਧੇ ਰਸਤੇ ਪਾਉਣਾ ਸੀ। ਇਸ ਕਰਕੇ ਹੀ ਮੈਂ ਕਮਰੇ ਦੀ ਕੁੰਡੀ ਬੰਦ ਕੀਤੀ ਸੀ ਕਿ ਸਾਡੀ ਗਲ ਬਾਤ ਕੋਈ ਬਾਹਰਲਾ ਨਾ ਸੁਣ ਸਕੇ ਅਤੇ ਤੁਹਾਡੀ ਇੱਜ਼ਤ ਤੇ ਅਹੁਦੇ ਤੇ ਕੋਈ ਉਂਗਲ ਨਾ ਕਰ ਸਕੇ। ਗੁਰੂ ਨਾਨਕ ਸਾਹਿਬ ਨੇ ਭੂਮੀਏ ਚੋਰ ਨੂੰ ਮਾਰਿਆ ਨਹੀਂ, ਸਗੋਂ ਉਸ ਦੇ ਅੰਦਰ ਜੋ ਬੁਰਿਆਈ ਸੀ, ਔਗੁਣ ਸਨ, ਉਨ੍ਹਾਂ ਨੂੰ ਮਾਰਿਆ ਸੀ। ਕੌਡੇ ਰਾਖਸ਼ ਨੂੰ ਨਹੀਂ ਸੀ ਮਾਰਿਆ, ਸੱਜਨ ਠੱਗ ਨੂੰ ਨਹੀਂ ਸੀ ਮਾਰਿਆ ਸਗੋਂ ਉਨ੍ਹਾਂ ਦੇ ਅੰਦਰ ਦੀਆਂ ਬੁਰਿਆਈਆਂ ਨੂੰ ਮਾਰਿਆ ਸੀ। ਗੁਰੂ ਨਾਨਕ ਦੇ ਸਿਖ ਵੀ ਇਸੇ ਤਰ੍ਹਾਂ ਕਰਿਆ ਕਰਦੇ ਹਨ, ਉਨ੍ਹਾਂ ਦਾ ਕਿਸੇ ਨਾਲ ਵੈਰ ਨਹੀਂ ਹੁੰਦਾ, ਉਹ ਤਾਂ ਬੁਰਿਆਈ ਤੋਂ ਪਿਛਾ ਛੁਡਾ ਕੇ ਸੱਚ ਦੇ ਰਾਹ ਵੱਲ ਤੋਰਿਆ ਕਰਦੇ ਹਨ। ਇਹ ਸੰਸਾਰ ਦੇ ਅਹੁਦੇ, ਮਾਇਆ ਤਾਂ ਚਾਰ ਦਿਨ ਦਾ ਛਲਾਵਾ ਹੈ। ਇਹ ਠੱਗ ਹਰ ਵੇਲੇ ਬੰਦੇ ਨੂੰ ਅੰਦਰੋ ਅੰਦਰੀ ਲੁਟਦੇ ਰਹਿੰਦੇ ਹਨ ਅਤੇ ਲੁਟਦੇ ਵੀ ਇਸ ਤਰੀਕੇ ਨਾਲ ਹਨ ਕਿ ਪੂਰੇ ਨਿਲੱਜ ਹਨ, ਇਹਨਾਂ ਨੂੰ ਕੋਈ ਲੱਜਾ ਨਹੀਂ ਹੈ।

***ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥***
***ਏਨੀ ਠੱਗੀਂ ਜਗੁ ਠਗਿਆ ਕਿਨੈ ਨ ਰਖੀ ਲਜ॥ ਪੰਨਾ – 1288***

ਚੋਰ ਦਾ ਤਾਂ ਫੇਰ ਵੀ ਪਤਾ ਲੱਗ ਜਾਂਦਾ ਹੈ ਕਿ ਘਰ ਅੰਦਰ ਕੋਈ ਵੜ ਗਿਆ, ਖੜ੍ਹਕਾ ਹੋ ਗਿਆ ਕਿ ਇਹ ਲੁਟ ਕੇ ਲੈ ਜਾਵੇਗਾ ਪਰੰਤੂ ਠੱਗ ਦਾ ਪਤਾ ਨਹੀਂ ਲੱਗਿਆ ਕਰਦਾ ਕਿਉਂਕਿ ਠੱਗ ਨੇ ਜਦੋਂ ਠੱਗੀ ਕਰਨੀ ਹੈ ਕਿਸੇ ਨੂੰ ਪਤਾ ਹੀ ਨਹੀਂ ਲੱਗਣ ਦੇਣਾ। ਇਸੇ ਤਰ੍ਹਾਂ ਦੇ ਇਹ ਠੱਗ ਹਨ। ਰਾਜਸੀ ਤਾਕਤ ਦਾ ਨਸ਼ਾ ਹੈ, ਜ਼ਿਆਦਾ ਧਨ ਦੌਲਤ ਦਾ ਨਸ਼ਾ ਹੈ, ਆਪਣੇ ਸੁੰਦਰ ਰੂਪ ਦਾ ਨਸ਼ਾ ਹੈ ਕਿ ਮੈਂ ਬਹੁਤ ਸੋਹਣਾ ਹਾਂ; ਆਪਣੀ ਜਾਤ ਦਾ ਨਸ਼ਾ ਹੈ ਕਿ ਮੈਂ ਉਚੀ ਜਾਤ ਦਾ ਹਾਂ; ਆਪਣੇ ਬਲ ਦਾ, ਸਰੀਰਕ ਤਾਕਤ ਦਾ ਨਸ਼ਾ ਹੈ ਕਿ ਮੇਰੇ ਵਰਗਾ ਤਾਂ ਕੋਈ ਜ਼ੋਰਾਵਰ ਹੀ ਨਹੀਂ; ਇਹ ਸਾਰੇ ਨਸ਼ੇ ਹਨ। ਜਿਵੇਂ ਨਸ਼ੇ ਦੇ ਮੱਦ ਵਿਚ ਇਨਸਾਨ ਆਪਣੀ ਹੋਸ਼ ਭੁਲਾ ਦਿੰਦਾ ਹੈ ਤੇ ਉਸ ਨੂੰ ਚੰਗੇ ਮਾੜੇ ਦੀ ਸੋਝੀ ਨਹੀਂ ਰਹਿੰਦੀ, ਇਸੇ ਤਰ੍ਹਾਂ ਦੇ ਨਾਲ ਇਹ ਠੱਗ ਹਨ ਜੋ ਹਰ ਵਕਤ ਲੁਟਦੇ ਰਹਿੰਦੇ ਹਨ ਅਤੇ ਠੱਗੇ ਜਾਣ ਤੋਂ ਬਾਅਦ ਹੀ ਪਤਾ ਲਗਦਾ ਹੈ ਕਿ ਮੈਂ ਠੱਗਿਆ ਗਿਆ। ਜਿਹੜੇ ਪੰਜੇ ਚੋਰ ਹਨ, ਇਹਨਾਂ ਬਾਰੇ ਜੇ ਪਤਾ ਲੱਗ ਜਾਵੇ ਤਾਂ ਬਚਿਆ ਜਾ ਸਕਦਾ ਹੈ ਪਰੰਤੂ ਇਹ ਜਦੋਂ ਹਾਵੀ ਹੋ ਜਾਣ ਤਾਂ ਫਿਰ ਕਾਬੂ ਕਰਨੇ ਮੁਸ਼ਕਲ ਹੋ ਜਾਂਦੇ ਹਨ। ਲੱਖ ਪੁਕਾਰ ਕਰੀਏ, ਇਸ ਹਾਲਤ ਵਿਚ ਇਹ ਸੁਣਦੇ ਹੀ ਨਹੀਂ, ਹਾਵੀ ਹੋ ਜਾਂਦੇ ਹਨ।

***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥***
***ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ***

*ਪੁਕਾਰਾ॥*

*ਪੰਨਾ - 600*

ਜੇਕਰ ਚੋਰ ਅੰਦਰ ਵੜ ਜਾਵੇ, ਘਰ ਵਾਲੇ ਸੁੱਤੇ ਰਹਿਣ ਤਾਂ ਚੋਰ ਸਹਿਜੇ ਹੀ ਲੁਟ ਕੇ ਲੈ ਜਾਂਦਾ ਹੈ ਅਤੇ ਬਾਅਦ ਵਿਚ ਨੀਂਦ ਖੁੱਲ੍ਹਣ ਤੇ ਪਤਾ ਲਗਦਾ ਹੈ ਕਿ ਮੇਰਾ ਘਰ ਤਾਂ ਚੋਰਾਂ ਨੇ ਲੁਟ ਲਿਆ, ਠੀਕ ਇਸੇ ਤਰੀਕੇ ਨਾਲ ਇਹ ਪੰਜ ਚੋਰ ਲੁਟ ਰਹੇ ਹਨ ਅਤੇ ਲੁਟਦੇ ਵੀ ਮਨਮੁਖਾਂ ਨੂੰ ਹਨ। ਗੁਰਮੁਖਾਂ ਉਤੇ ਇਹਨਾਂ ਦਾ ਕੋਈ ਅਸਰ ਨਹੀਂ ਹੁੰਦਾ ਕਿਉਂਕਿ ਗੁਰਮੁਖ ਇਨ੍ਹਾਂ ਤੋਂ ਉਪਰ ਹੋ ਕੇ ਵਿਚਰਦੇ ਹਨ।

ਇਸ ਕਰਕੇ ਮੇਜਰ ਸਾਹਿਬ! ਤੁਸੀਂ ਗੁਰਸਿਖ ਹੋ, ਚੰਗੀ ਨੌਕਰੀ ਹੈ, ਤਨਖਾਹ ਵੀ ਚੰਗੀ ਹੈ, ਤੁਸੀਂ ਆਪਣੀ ਸੁਚੀ ਕਿਰਤ ਨਾਲ, ਇਮਾਨਦਾਰੀ ਨਾਲ ਕਿਉਂ ਨਹੀਂ ਆਪਣੇ ਬੱਚਿਆਂ ਦਾ ਪੇਟ ਪਾਲਦੇ ਜਦਕਿ ਇਹ ਤੁਹਾਡੇ ਚੰਗੇ ਗੁਜ਼ਾਰੇ ਵਾਸਤੇ ਕਾਫੀ ਹੈ, ਫੇਰ ਤੁਹਾਨੂੰ ਇਹ ਪਰਪੰਚ ਕਰਨ ਦੀ ਕੀ ਲੋੜ ਹੈ ਕਿ ਇਹ ਹਰਾਮ ਦਾ ਪੈਸਾ ਆਪਣੇ ਘਰ ਲੈ ਜਾ ਕੇ, ਆਪਣੇ ਪਰਿਵਾਰ ਤੇ ਵਾਰਦੇ ਹੋ ਤੇ ਉਹਨਾਂ ਤੇ ਖਰਚ ਕਰਦੇ ਹੋ? ਅਖੀਰ ਵਿਚ ਇਸ ਦਾ ਲੇਖਾ ਤਾਂ ਤੁਹਾਨੂੰ ਹੀ ਦੇਣਾ ਪਵੇਗਾ ਤੇ ਫੇਰ ਦਰਗਾਹ ਵਿਚ ਨਾ ਹੀ ਬੱਚਿਆਂ ਨੇ ਤੇ ਨਾ ਹੀ ਘਰਵਾਲੀ ਨੇ ਤੁਹਾਨੂੰ ਛੁਡਾਉਣਾ ਹੈ।

*ਬਹੁ ਪਰੰਪਚ ਕਰਿ ਪਰ ਧਨੁ ਲਿਆਵੈ॥*
*ਸੁਤ ਦਾਰਾ ਪਹਿ ਆਨਿ ਲੁਟਾਵੈ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥* *ਪੰਨਾ - 656*

ਫੇਰ ਇਹ ਕਪਟ ਕਰਨ ਦੀ ਕੀ ਲੋੜ ਹੈ ਜਦ ਲੇਖਾ ਤਾਂ ਤੁਹਾਨੂੰ ਆਪ ਨੂੰ ਦੇਣਾ ਪੈਣਾ ਹੈ। ਇਹ ਰਿਸ਼ਵਤ ਲੈਣ ਦੀ ਕੀ ਲੋੜ ਹੈ। ਹੁਣ ਮੇਜਰ ਸਾਹਿਬ ਨੂੰ ਕੋਈ ਗੱਲ ਨਹੀਂ ਸੀ ਆ ਰਹੀ ਅਤੇ ਸ਼ਰਮ ਨਾਲ ਅੱਖਾਂ ਹੇਠਾਂ ਕੀਤੀਆਂ ਹੋਈਆਂ ਸਨ ਅਤੇ ਅੱਖਾਂ ਵਿਚੋਂ ਛਮ ਛਮ ਕਰਦੇ ਪਛਤਾਵੇ ਦੇ ਹੰਝੂ ਵਹਿ ਰਹੇ ਸਨ। ਉਸ ਨੇ ਵਾਅਦਾ ਕੀਤਾ ਕਿ ਅੱਗੇ ਲਈ ਇਸ ਕੰਮ ਤੋਂ ਤੋਬਾ ਕਰਕੇ, ਧਰਮ ਦੀ ਕਿਰਤ ਉਤੇ ਹੀ ਗੁਜ਼ਰ ਕਰਾਂਗਾ ਅਤੇ ਆਪਣੇ ਆਪ ਨੂੰ ਗੁਰੂ ਦੀ ਮਤਿ ਅਨੁਸਾਰ ਢਾਲਣ ਦਾ ਯਤਨ ਕਰਾਂਗਾ। ਹੁਣ ਤੁਸੀਂ ਆਪਣੇ ਹਿਸਾਬ ਨਾਲ ਇਹ ਆਰਡਰ ਭੁਗਤਾਨ ਕਰੋ, ਮੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਹੋਵੇਗਾ। ਬਾਬਾ ਜੀ ਨੇ ਕਿਹਾ, ਠੀਕ ਹੈ, ਮੈਂ ਦਰਜ਼ੀਆਂ ਨਾਲ ਤੇ ਬਾਂਸ ਵਾਲਿਆਂ ਨਾਲ ਗਲ ਕੀਤੀ ਹੈ, ਸਾਰੀਆਂ ਮੱਛਰਦਾਨੀਆਂ ਇਥੇ ਹੀ ਬਣਾਈਆਂ ਜਾਣਗੀਆਂ ਅਤੇ ਬੂਟਾਂ ਦਾ ਆਰਡਰ ਮੈਂ ਸਿਧਾ ਬਾਟਾ ਕੰਪਨੀ ਨੂੰ ਦੇ ਦਿਆਂਗਾ। ਸੋ ਇਸੇ ਤਰ੍ਹਾਂ ਹੀ ਹੋਇਆ, ਬਾਬਾ ਜੀ ਨੇ ਆਪਣੀ ਸੁਪਰਵੀਜ਼ਨ ਹੇਠ ਇਹ ਸਾਰਾ ਕੰਮ ਇਕ ਮਹੀਨੇ ਦੇ ਸਮੇਂ ਅੰਦਰ ਹੀ ਪੂਰਾ ਕਰਵਾ ਲਿਆ ਅਤੇ ਇਸ ਵਿਚ ਕਈ ਲੱਖ ਰੁਪਏ ਦੀ ਬਚਤ ਕਰ ਕੇ ਵਿਖਾ ਦਿਤੀ। ਇਸੇ ਤਰ੍ਹਾਂ ਬੂਟ ਵੀ ਠੇਕੇਦਾਰ ਦੇ ਰੇਟ ਤੋਂ ਸਸਤੇ ਮਿਲ ਗਏ ਅਤੇ ਉਸ ਵਿਚ ਵੀ ਕਾਫੀ ਪੈਸੇ ਦੀ ਬਚਤ ਕਰ

ਦਿਤੀ। ਸੋ ਇਸ ਤਰ੍ਹਾਂ ਆਪ ਨੇ ਹਮੇਸ਼ਾ ਹੀ ਸਾਰੇ ਕੰਮ ਬਹੁਤ ਖੂਬੀ ਅਤੇ ਇਮਾਨਦਾਰੀ ਨਾਲ ਨਿਭਾਏ ਅਤੇ ਕਮਾਂਡਿੰਗ ਅਫਸਰ ਆਪ ਦੇ ਕੰਮ ਤੋਂ ਬਹੁਤ ਖੁਸ਼ ਸੀ।

ਇਕ ਹੋਰ ਪ੍ਰੇਮੀ ਦਾ ਜ਼ਿਕਰ ਬਾਬਾ ਜੀ ਨੇ ਕੀਤਾ ਸੀ, ਉਹ ਵੀ ਫੌਜ ਵਿਚ ਚੰਗੇ ਅਹੁਦੇ ਤੇ ਸੀ। ਬੜਾ ਰੋਅਬ ਦਾਬ ਵਾਲਾ ਚੇਹਰਾ ਸੀ ਅਤੇ ਮੇਜਰ ਤੋਂ ਉਪਰਲੇ ਰੈਂਕ ਦਾ ਸੀ। ਇਹ ਅਕਸਰ ਗੁਰਦੁਆਰਾ ਸਾਹਿਬ ਵਿਚ ਕੀਰਤਨ ਕਰਿਆ ਕਰਦਾ ਸੀ ਅਤੇ ਸਾਰੇ ਹੀ ਇਸ ਦਾ ਮਾਣ ਸਤਿਕਾਰ ਕਰਦੇ ਸੀ ਅਤੇ ਜਦੋਂ ਗੁਰਬਾਣੀ ਦਾ ਕੀਰਤਨ ਕਰਦਾ ਸੀ ਤਾਂ ਆਪ ਵੀ ਝੂਮਿਆ ਕਰਦਾ ਸੀ ਅਤੇ ਸੰਗਤ ਨੂੰ ਵੀ ਝੂਮਣ ਲਾ ਦਿੰਦਾ ਸੀ। ਇਸ ਉਤੇ ਲੋਭ ਨੇ ਐਸਾ ਝਪਟਾ ਮਾਰਿਆ ਕਿ ਫੌਜੀਆਂ ਦੇ ਕੁਆਟਰ ਬਣਾਉਣ ਲਈ ਗਾਰਡਰ ਲਿਆਂਦੇ ਹੋਏ ਸਨ ਜੋ ਬਾਹਰ ਖੁਲ੍ਹੀ ਥਾਂ ਹੀ ਪਏ ਹੋਏ ਸਨ। ਇਸ ਨੇ ਇਕ ਦਿਨ ਰਾਤ ਨੂੰ ਜਵਾਨਾਂ ਨੂੰ ਕਹਿ ਕੇ ਦੋ ਗਾਰਡਰ ਆਪਣੇ ਘਰ ਚੁਕਵਾ ਲੈ ਆਂਦੇ ਅਤੇ ਮਨ ਵਿਚ ਸਮਝਿਆ ਕਿ ਸ਼ਾਇਦ ਕਿਸੇ ਨੂੰ ਕੰਨੀ ਖਬਰ ਵੀ ਨਹੀਂ ਪਵੇਗੀ। ਪਰੰਤੂ ਸਿਆਣਿਆਂ ਦਾ ਕਥਨ ਹੈ ਕਿ ਚੋਰੀ ਨੂੰ ਮੋਰੀ ਜ਼ਰੂਰ ਰਹਿ ਜਾਇਆ ਕਰਦੀ ਹੈ ਜਿਸ ਤੋਂ ਚੋਰ ਦਾ ਪਤਾ ਲੱਗ ਜਾਇਆ ਕਰਦਾ ਹੈ। ਸੋ ਇਸੇ ਤਰ੍ਹਾਂ ਹੋਇਆ ਕਿ ਇਕ ਦਿਨ ਅਚਾਨਕ ਬਾਬਾ ਜੀ ਰਾਹੀਂ ਸਟਾਕ ਦੀ ਇਨਸਪੈਕਸ਼ਨ ਹੋ ਗਈ, ਗਾਰਡਰਾਂ ਦੀ ਗਿਣਤੀ ਕੀਤੀ ਗਈ ਤਾਂ ਪਤਾ ਲੱਗਿਆ ਕਿ ਦੋ ਗਾਰਡਰ ਚੋਰੀ ਹੋ ਗਏ ਹਨ। ਹੁਣ ਤਫਤੀਸ਼ ਸ਼ੁਰੂ ਹੋ ਗਈ ਅਤੇ ਇਹ ਡਿਊਟੀ ਵੀ ਬਾਬਾ ਜੀ ਨੂੰ ਸੌਂਪੀ ਗਈ। ਗੱਲ ਨਿਕਲਦੀ ਨਿਕਲਦੀ ਪਤਾ ਲੱਗ ਗਿਆ ਕਿ ਇਹ ਤਾਂ ਉਹ ਸਰਦਾਰ ਸਾਹਿਬ ਜੋ ਮੇਜਰ ਤੋਂ ਵੱਡੇ ਅਹੁਦੇ ਤੇ ਹਨ, ਉਨ੍ਹਾਂ ਵਲੋਂ ਚੁਕਵਾਏ ਗਏ ਹਨ। ਬਾਬਾ ਜੀ ਨੇ ਪੂਰੀ ਤਸੱਲੀ ਕਰ ਲਈ ਕਿ ਅਸਲੀ ਚੋਰ ਉਹ ਹੀ ਹਨ। ਪਹਿਲਾਂ ਤਾਂ ਬਾਬਾ ਜੀ ਨੂੰ ਵਿਸ਼ਵਾਸ ਹੀ ਨਾ ਆਵੇ ਕਿਉਂਕਿ ਉਨ੍ਹਾਂ ਤੇ ਸ਼ੱਕ ਕਰਨ ਦਾ ਕੋਈ ਸਵਾਲ ਹੀ ਨਹੀਂ ਸੀ ਉਠ ਸਕਦਾ। ਉਹ ਤਾਂ ਕੀਰਤਨ ਕਰਨ ਵਾਲੇ ਗੁਰਮੁਖ ਅਤੇ ਦੋਨੋਂ ਵਕਤ ਨਿਤਨੇਮ ਕਰਨ ਵਾਲੇ ਸਨ ਅਤੇ ਸਾਰੇ ਉਨ੍ਹਾਂ ਦਾ ਸਤਿਕਾਰ ਕਰਦੇ ਸੀ। ਬਾਬਾ ਜੀ ਹੈਰਾਨ ਹੋ ਰਹੇ ਸਨ ਕਿ ਇਸ ਪ੍ਰੇਮੀ ਦਾ ਇਕ ਰੂਪ ਤਾਂ ਕਿੰਨਾ ਪ੍ਰਭਾਵਸ਼ਾਲੀ ਹੈ ਕਿ ਹਰ ਇਕ ਉਸ ਦੇ ਚੇਹਰੇ ਨੂੰ ਦੇਖ ਕੇ ਪ੍ਰਭਾਵਿਤ ਹੁੰਦਾ ਹੈ ਤੇ ਸਤਿਕਾਰ ਨਾਲ ਸੀਸ ਝੁਕਦਾ ਹੈ ਕਿਉਂਕਿ ਇਹ ਗੁਰੂ ਦੀ ਬਾਣੀ ਦਾ ਕੀਰਤਨ ਕਰਦੇ ਹਨ। ਸਤਿਕਾਰ ਸਹਿਜ ਸੁਭਾਅ ਇਸ ਕਰਕੇ ਹੁੰਦਾ ਹੈ ਕਿ ਸੁਣਨ ਵਾਲਾ ਅੰਦਾਜ਼ਾ ਲਗਾ ਲੈਂਦਾ ਹੈ ਕਿ ਜੋ ਕੁਝ ਇਹ ਗਾ ਰਹੇ ਹਨ, ਇਸ ਦੀ ਕਮਾਈ ਵੀ ਕਰਦੇ ਹੋਣਗੇ, ਇਸ ਤੇ ਅਮਲ ਵੀ ਕਰਦੇ ਹੋਣਗੇ। ਜਦੋਂ ਉਹ ਕੀਰਤਨ ਕਰਦੇ ਸਨ, ਕਈ ਵੇਰਾਂ ਉਨ੍ਹਾਂ ਦੀਆਂ ਅੱਖਾਂ ਵਿਚੋਂ ਹੰਝੂ ਵੀ ਆ ਜਾਇਆ ਕਰਦੇ ਸਨ। ਬਾਬਾ ਜੀ ਨੇ ਸੋਚਿਆ, ਇਹ ਤਾਂ ਬੜੀ ਮਾੜੀ ਗੱਲ ਹੈ। ਇਸ ਤਰ੍ਹਾਂ ਦਾ ਬਾਹਰਲਾ ਰੂਪ ਹੋਵੇ ਤੇ ਕੰਮ ਕਿਸ ਤਰ੍ਹਾਂ ਦੇ ਕਰਦੇ ਹਨ। ਇਸ ਨੂੰ ਤਾਂ ਸਮਝਾਉਣਾ ਪਵੇਗਾ ਕਿ ਪ੍ਰੇਮੀਆਂ! ਤੂੰ ਕਾਹਦੇ ਲਈ ਆਪਣਾ ਟਾਈਮ ਖਰਾਬ ਕਰ ਰਿਹਾ ਹੈਂ? ਪਹਿਲਾਂ ਤੂੰ ਆਪਣੇ ਕਿਰਦਾਰ ਨੂੰ ਠੀਕ ਕਰ

ਲੈ, ਆਪਣੇ ਅੰਦਰ ਝਾਤੀ ਮਾਰ ਕੇ ਵੇਖ ਲੈ ਕਿ ਤੈਨੂੰ ਇਹ ਕੰਮ ਸੋਭਾ ਦਿੰਦੇ ਹਨ?

ਇਹ ਸਾਰਾ ਕੁਝ ਸੋਚਦੇ ਹੋਏ, ਬਾਬਾ ਜੀ ਉਸ ਦੇ ਦਫਤਰ ਵਿਚ ਪਹੁੰਚ ਗਏ ਅਤੇ ਉਸ ਨੇ ਉਠ ਕੇ ਸਤਿਕਾਰ ਕੀਤਾ ਤੇ ਬਿਠਾਇਆ। ਹੁਣ ਬਾਬਾ ਜੀ ਨੇ ਗਲ ਬਾਤ ਤੋਰ ਦਿਤੀ ਤੇ ਕਿਹਾ ਕਿ ਦੇਖੋ ਤੁਸੀਂ ਕਿੰਨੇ ਗੁਰਮੁਖ ਹੋ, ਕਿੰਨਾ ਸੋਹਣਾ ਕੀਰਤਨ ਕਰਦੇ ਹੋ ਅਤੇ ਸੰਗਤ ਤੁਹਾਥੋਂ ਕਿੰਨੀ ਪ੍ਰਭਾਵਤ ਹੁੰਦੀ ਹੈ ਅਤੇ ਸਾਰੇ ਤੁਹਾਡਾ ਕਿੰਨਾ ਸਤਿਕਾਰ ਕਰਦੇ ਹਨ। ਕਹਿਣ ਲਗੇ ਸਾਹਿਬ ਬਹਾਦਰ! ਜੇਕਰ ਸਾਰੀ ਸੰਗਤ ਨੂੰ ਇਹ ਪਤਾ ਲੱਗ ਜਾਵੇ ਕਿ ਇਹ ਕੀਰਤਨ ਕਰਨ ਵਾਲੇ ਸਾਹਿਬ ਚੋਰ ਹਨ, ਫੇਰ ਤੁਹਾਡੀ ਮਾਨ ਪ੍ਰਤਿਸ਼ਟਾ ਕਿਥੇ ਜਾਵੇਗੀ ਤੇ ਲੋਕ ਤੁਹਾਨੂੰ ਕੀ ਕਹਿਣਗੇ? ਇਹ ਤਾਂ ਰਹੀ ਸੰਗਤ ਦੀ ਗਲ ਤੇ ਦੂਜੇ ਪਾਸੇ ਕਮਾਂਡਿੰਗ ਅਫਸਰ ਸਾਹਿਬ ਨੂੰ ਖਬਰ ਪਹੁੰਚ ਗਈ ਤਾਂ ਤੁਹਾਡੀ ਨੌਕਰੀ ਵੀ ਜਾਵੇਗੀ ਅਤੇ ਕੁਆਟਰ ਗਾਰਡ ਵੀ ਤੁਹਾਨੂੰ ਕੀਤਾ ਜਾਵੇਗਾ। ਬਾਬਾ ਜੀ ਦੇ ਇਹ ਬਚਨ ਸੁਣ ਕੇ, ਉਸਦੇ ਚੇਹਰੇ ਤੇ ਇਕ ਰੰਗ ਆਵੇ ਤੇ ਇਕ ਜਾਵੇ ਅਤੇ ਬਾਰ ਬਾਰ ਪਸੀਨਾ ਪੂੰਝ ਰਿਹਾ ਹੈ। ਕਹਿਣ ਲਗਿਆ ਤੁਸੀਂ ਕਹਿਣਾ ਕੀ ਚਾਹੁੰਦੇ ਹੋ? ਬਾਬਾ ਜੀ ਨੇ ਉਤਰ ਦਿਤਾ ਕਿ ਜੋ ਤੁਸੀਂ ਸਮਝ ਰਹੇ ਹੋ, ਮੈਂ ਓਹੀ ਕਹਿਣਾ ਚਾਹੁੰਦਾ ਹਾਂ। ਕਹਿਣ ਲਗਿਆ, ਸਾਫ ਸਾਫ ਦੱਸੋ, ਮੈਂ ਸਮਝਿਆ ਨਹੀਂ। ਬਾਬਾ ਜੀ ਕਹਿਣ ਲੱਗੇ, ਉਹ ਗਾਰਡਰ ਜੋ ਤੁਸੀਂ ਚੁਕਵਾ ਕੇ ਘਰ ਲੈ ਗਏ ਹੋ, ਉਨ੍ਹਾਂ ਬਾਰੇ ਪੁਛ ਰਿਹਾ ਹਾਂ ਕਿ ਤੁਹਾਨੂੰ ਇਹ ਨੀਵੀਂ ਹਰਕਤ ਕਰਨੀ ਸ਼ੋਭਾ ਦਿੰਦੀ ਹੈ? ਹੁਣ ਤੁਸੀਂ ਜੇਕਰ ਕਹੋਗੇ ਕਿ ਤੁਸੀਂ ਇਹ ਕੰਮ ਨਹੀਂ ਕੀਤਾ, ਮੈਨੂੰ ਇਹ ਵੀ ਪਤਾ ਹੈ ਕਿ ਇਸ ਵੇਲੇ ਉਹ ਗਾਰਡਰ ਕਿਥੇ ਪਏ ਹਨ ਕਿਉਂਕਿ ਉਨ੍ਹਾਂ ਤੇ ਮਾਰਕੇ ਵੀ ਲੱਗੇ ਹੋਏ ਹਨ। ਤੁਹਾਨੂੰ ਪਤਾ ਹੈ ਕਿ ਇਸ ਦੇ ਬਦਲੇ ਤੁਹਾਡੇ ਤੇ ਕੀ ਐਕਸ਼ਨ ਹੋ ਸਕਦਾ ਹੈ? ਦੋਵੇਂ ਗੱਲਾਂ ਹਨ - ਤੁਹਾਡੀ ਨੌਕਰੀ ਵੀ ਜਾ ਸਕਦੀ ਹੈ ਅਤੇ ਕੁਆਟਰ ਗਾਰਡ ਵੀ ਕੀਤੇ ਜਾ ਸਕਦੇ ਹੋ, ਬਸ ਮੇਰੇ ਰਿਪੋਰਟ ਕਰਨ ਦੀ ਹੀ ਦੇਰ ਹੈ, ਤੁਰੰਤ ਐਕਸ਼ਨ ਹੋ ਜਾਵੇਗਾ। ਹੁਣ ਤਾਂ ਅੱਖਾਂ ਨੀਵੀਆਂ ਕੀਤੀਆਂ ਹੋਈਆਂ ਹਨ, ਮੂੰਹ ਨੂੰ ਜਿਵੇਂ ਤਾਲਾ ਲੱਗ ਗਿਆ ਹੋਵੇ ਤੇ ਜ਼ੁਬਾਨ ਸੁਕ ਰਹੀ ਹੋਵੇ। ਬੇਵਸ ਹੋਇਆ ਖੜ੍ਹਾ ਹੈ ਤੇ ਕਹਿੰਦਾ ਕਿ ਗੁਰਮੁਖੋ ਮੈਥੋਂ ਗਲਤੀ ਹੋ ਗਈ, ਐਕਸ਼ਨ ਨਾ ਲਿਓ, ਮੇਰੇ ਬਾਲ ਬੱਚੇ ਰੁਲ ਜਾਣਗੇ। ਬਾਬਾ ਜੀ ਕਹਿਣ ਲੱਗੇ, ਪ੍ਰੇਮੀਆਂ! ਤੁਹਾਨੂੰ ਪਹਿਲਾਂ ਇਸ ਦਾ ਖਿਆਲ ਨਹੀਂ ਸੀ? ਤੁਸੀਂ ਆਪਣੀ ਮਾਣ-ਪ੍ਰਤਿਸ਼ਟਾ ਵੱਲ ਧਿਆਨ ਕਰਨਾ ਸੀ ਅਤੇ ਸੰਗਤ ਦਾ ਧਿਆਨ ਕਰਨਾ ਸੀ। ਕਮ-ਸੇ-ਕਮ ਇੰਨਾਂ ਸੋਚ ਕੇ ਹੀ ਇਸ ਤੋਂ ਗੁਰੇਜ਼ ਕਰ ਲੈਂਦੇ ਕਿ ਮੈਨੂੰ ਸੰਗਤ ਕੀ ਕਹੇਗੀ, ਮੈਂ ਤਾਂ ਗੁਰਬਾਣੀ ਦਾ ਕੀਰਤਨ ਬੜੇ ਰਸ ਭਿੰਨੇ ਢੰਗ ਨਾਲ ਕਰਦਾ ਹਾਂ ਤੇ ਸੰਗਤ ਵੀ ਝੂਮ ਉਠਦੀ ਹੈ। ਪਰ ਕੀ ਸਾਰਾ ਇਹ ਤੁਹਾਡਾ ਡਰਾਮਾ ਹੀ ਹੁੰਦਾ ਹੈ? ਕੀ ਤੁਸੀਂ ਸਮਝਦੇ ਹੋ ਕਿ ਵਾਹਿਗੁਰੂ ਜੀ ਤੁਹਾਡੇ ਇਸ ਮਨੋਹਰ ਤੇ ਰਸ ਭਿੰਨੇ ਕੀਰਤਨ ਤੇ ਰੀਝ ਜਾਂਦੇ ਹੋਣਗੇ? ਨਹੀਂ, ਹਰਗਿਜ਼ ਨਹੀਂ। ਤੁਹਾਨੂੰ ਗੁਰੂ ਮਹਾਰਾਜ ਜੀ ਦਾ ਫੁਰਮਾਨ ਭੁਲ ਗਿਆ ਹੈ ਜੋ ਤੁਸੀਂ ਹਰ ਰੋਜ਼ ਆਸਾ ਦੀ

ਵਾਰ ਵਿਚ ਪੜ੍ਹਦੇ ਹੋ ?

***ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ***
***ਨਹੀ ਹਰਿ ਹਰਿ ਭੀਜੈ ਰਾਮ ਰਾਜੇ॥***
***ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ॥***
***ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ॥***
***ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ॥***

***ਪੰਨਾ - 450***

ਵਾਹਿਗੁਰੂ ਜੀ ਨੂੰ ਭਾਵੇਂ ਤੁਸੀਂ ਜਿੰਨਾਂ ਮਰਜ਼ੀ ਰਾਗਾਂ ਵਿਚ, ਸੁਰਾਂ ਵਿਚ, ਮਿਠੇ ਰਸ ਭਰੇ ਬੋਲਾਂ ਨਾਲ ਗਾ ਲਵੋ, ਕੀਰਤਨ ਕਰ ਲਵੋ; ਜੇਕਰ ਤੁਹਾਡੇ ਅੰਦਰ ਕਪਟ ਤੇ ਵਿਕਾਰ ਭਰੇ ਹੋਏ ਹਨ, ਉਹ ਕਦੀ ਵੀ ਤੁਹਾਡੇ ਕੀਰਤਨ ਤੇ ਨਹੀਂ ਭਿਜੇਗਾ ਕਿਉਂਕਿ ਉਹ ਤਾਂ ਆਪ ਕਰਤਾਰ ਹੈ, ਸਭ ਦੇ ਘਟ ਘਟ ਦੀਆਂ ਜਾਨਣ ਵਾਲਾ ਹੈ। ਉਸ ਨੂੰ ਤਾਂ ਕੇਵਲ ਜਿਹੜੇ ਸ਼ੁਧ ਹਿਰਦੇ ਵਾਲੇ ਗੁਰਮੁਖ ਹਨ, ਉਹ ਹੀ ਪਾ ਸਕਦੇ ਹਨ ਤੇ ਉਸ ਨੂੰ ਰਿਝਾਅ ਸਕਦੇ ਹਨ ਕਿਉਂਕਿ ਉਨ੍ਹਾਂ ਨੇ ਭਗਤੀ ਕਰਕੇ ਵਸ ਕਰ ਲਿਆ ਹੁੰਦਾ ਹੈ। ਗੁਰਮੁਖ ਜਿਸ ਤਰ੍ਹਾਂ ਦਾ ਬਾਹਰੋਂ ਹੁੰਦਾ ਹੈ, ਉਸੇ ਤਰ੍ਹਾਂ ਅੰਦਰੋਂ ਹੁੰਦਾ ਹੈ। ਉਸ ਦੇ ਤੁਹਾਡੇ ਵਾਂਗੂ ਦੋ ਰੂਪ ਨਹੀਂ ਹੁੰਦੇ ਕਿ ਬਾਹਰੋਂ ਸੰਸਾਰ ਨੂੰ ਦਿਖਾਵਾ ਕਰਨ ਵਾਸਤੇ ਹੋਰ ਰੂਪ ਅਤੇ ਅੰਦਰੋਂ ਚੋਰੀ ਦਾ ਮਾਲ ਲਿਆ ਕੇ ਬਦਗੁਮਾਨੀ ਕਰਨੀ ਤੇ ਲੋਕਾਂ ਨੂੰ ਵੀ ਧੋਖਾ ਦੇਣਾ, ਆਪਣੇ ਆਪ ਨੂੰ ਵੀ ਧੋਖਾ ਦੇਣਾ। ਤੁਸੀਂ ਸਮਝਦੇ ਹੋ ਕਿ ਵਾਹਿਗੁਰੂ ਜੀ ਤੋਂ ਕੁਝ ਭੁਲਿਆ ਹੋਇਆ ਹੈ ? ਉਸ ਤੋਂ ਕੋਈ ਕੁਝ ਵੀ ਛੁਪਾ ਨਹੀਂ ਸਕਦਾ। ਚੋਰ ਜਦੋਂ ਚੋਰੀ ਕਰਦਾ ਹੈ, ਆਪਣੇ ਆਪ ਵਿਚ ਸਮਝਦਾ ਹੈ ਕਿ ਮੈਨੂੰ ਤਾਂ ਕਿਸੇ ਨੇ ਵੇਖਿਆ ਹੀ ਨਹੀਂ, ਮੈਂ ਤਾਂ ਸਹੀ ਸਲਾਮਤ ਘਰ ਪਹੁੰਚ ਗਿਆ ਹਾਂ; ਇਹ ਸੋਚ ਕੇ ਖੁਸ਼ ਹੁੰਦਾ ਹੈ ਅਤੇ ਆਪਣੇ ਆਪ ਨੂੰ ਧੋਖਾ ਦਿੰਦਾ ਹੈ।

***ਹਟੁ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ॥***
***ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ॥***
***ਪੰਨਾ - 156***

ਵਾਹਿਗੁਰੂ ਤਾਂ ਤੁਹਾਡੇ ਅੰਦਰ ਬੈਠਾ ਹੀ ਦੇਖ ਰਿਹਾ ਹੈ, ਉਸ ਨੇ ਆਉਣਾ ਜਾਣਾ ਕਿਥੋਂ ਹੈ, ਤੁਹਾਡੇ ਸਾਰੇ, ਬੁਰੇ ਅਤੇ ਚੰਗੇ ਐਕਸ਼ਨ ਦੇਖੇ ਜਾ ਰਹੇ ਹਨ ਤੇ ਉਨ੍ਹਾਂ ਦੀ ਫਿਲਮ ਨਾਲ ਦੀ ਨਾਲ ਬਣਦੀ ਜਾ ਰਹੀ ਹੈ। ਜਦੋਂ ਧਰਮਰਾਜ ਦੀ ਕਚਿਹਰੀ ਵਿਚ ਇਹ ਫਿਲਮ ਚਿਤਰ ਗੁਪਤ ਦੁਆਰਾ ਪੇਸ਼ ਕੀਤੀ ਜਾਵੇਗੀ, ਫੇਰ ਪਤਾ ਲੱਗੇਗਾ ਕਿ ਮੈਂ ਕੀ ਚੰਗਾ ਤੇ ਕੀ ਮਾੜਾ ਕਰਕੇ ਆਇਆ ਹਾਂ। ਉਥੇ ਤਾਂ ਫਿਰ ਪੈਰ ਧਰਨ ਦੀ ਵੀ ਇਜਾਜ਼ਤ ਨਹੀਂ ਮਿਲਣੀ ਤੇ ਮੂੰਹ ਕਾਲਾ ਕਰਕੇ ਨਰਕ ਵਿਚ ਸੁਟਿਆ ਜਾਵੇਗਾ ਕਿਉਂਕਿ ਉਥੇ ਤਾਂ ਸੱਚ ਦਾ ਨਿਬੇੜਾ ਹੋਣਾ ਹੈ, ਝੂਠੇ ਨੂੰ ਤਾਂ ਬਾਹਰ ਕੱਢ ਕੇ

ਨਰਕ ਵਿਚ ਸੁਟਿਆ ਜਾਵੇਗਾ, ਸਜ਼ਾ ਦਿਤੀ ਜਾਵੇਗੀ।

*ਨਾਨਕ ਜੀਅ ਉਪਾਇਕੈ ਲਿਖ ਨਾਵੈ ਧਰਮ ਬਹਾਲਿਆ॥*
*ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥*
*ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥*
*ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥*
*ਲਿਖਿ ਨਾਵੈ ਧਰਮੁ ਬਹਾਲਿਆ॥ ਪੰਨਾ - 463*

ਹੁਣ ਤਾਂ ਇਸ ਪ੍ਰੇਮੀ ਨੂੰ ਜ਼ਮੀਨ ਵੀ ਥਾਂ ਨਹੀਂ ਸੀ ਦੇ ਰਹੀ। ਬਾਬਾ ਜੀ ਦੇ ਸਾਰੇ ਬਚਨ ਸਰਵਣ ਕਰ ਰਿਹਾ ਹੈ ਤੇ ਨਾਲੇ ਪਛਤਾ ਰਿਹਾ ਹੈ। ਸ਼ਾਮ ਦੇ ਵੇਲੇ ਆਪ ਤੇ ਆਪਣੇ ਘਰੋਂ ਬੀਬੀ ਨੂੰ ਲੈ ਕੇ ਬਾਬਾ ਜੀ ਦੇ ਘਰ ਪਹੁੰਚ ਗਿਆ ਤੇ ਬੀਜੀ ਵੀ ਘਰ ਹੀ ਸਨ, ਉਨ੍ਹਾਂ ਨੇ ਆਉ ਭਗਤ ਕੀਤੀ। ਜਦੋਂ ਬਾਬਾ ਜੀ ਸਾਮ੍ਹਣੇ ਆਏ ਤਾਂ ਉਸ ਨੇ ਆਪਣੀ ਪੱਗ ਲਾਹ ਕੇ ਚਰਨਾਂ ਤੇ ਰੱਖ ਦਿਤੀ। ਬਾਬਾ ਜੀ ਨੇ ਕਿਹਾ, ਇਸ ਤਰ੍ਹਾਂ ਨਾ ਕਰੋ, ਤੁਸੀਂ ਗੁਰਸਿਖ ਹੋ। ਕਹਿਣ ਲੱਗਿਆ ਕਿ ਹੁਣ ਮੇਰੀ ਨੌਕਰੀ ਤੇ ਮੇਰਾ ਭਵਿੱਖ ਤੁਹਾਡੇ ਹੱਥਾਂ ਵਿਚ ਹੈ, ਕਿਰਪਾ ਕਰਕੇ ਰਿਪੋਰਟ ਨ ਕਰਿਓ, ਨਹੀਂ ਤਾਂ ਮੇਰੇ ਬਾਲ ਬੱਚੇ ਰੁਲ ਜਾਣਗੇ ਅਤੇ ਘਰ ਵਾਲੀ ਬੀਬੀ ਵੀ ਰੁਦਨ ਕਰ ਰਹੀ ਹੈ। ਬੀਜੀ ਨੇ ਚੁਪ ਕਰਾਇਆ। ਕਹਿਣ ਲੱਗੇ, ਕੋਈ ਨਹੀਂ, ਇਹ ਕੁਝ ਨਹੀਂ ਕਰਦੇ, ਅੱਗੇ ਵਾਸਤੇ ਗਲਤੀ ਨਾ ਕਰਿਓ। ਤੁਸੀਂ ਗੁਰੂ ਦੇ ਸਿਖ ਹੋ, ਗੁਰੂ ਦੇ ਸਿਖ ਨੂੰ ਇਸ ਤਰ੍ਹਾਂ ਕਰਨਾ ਸੋਭਾ ਨਹੀਂ ਦਿਆ ਕਰਦਾ। ਜਿਹੋ ਜਿਹੇ ਬਾਹਰੋਂ ਹੋ, ਉਸੇ ਤਰ੍ਹਾਂ ਦੇ ਅੰਦਰੋਂ ਰਹੋ ਤਾਂ ਹੀ ਭਗਤੀ ਮਨਜ਼ੂਰ ਹੋਇਆ ਕਰਦੀ ਹੈ।

*ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥*
*ਪੰਨਾ - 488*

ਬੀਜੀ ਨੇ ਮਿਠੀ ਮਿਠੀ ਝਾੜ ਪਾ ਕੇ ਨਾਲ ਦਿਲਾਸਾ ਵੀ ਦਿਤਾ ਅਤੇ ਬਾਬਾ ਜੀ ਨੇ ਵੀ ਕਿਹਾ ਕਿ ਮੇਰਾ ਮਤਲਬ ਤੁਹਾਡਾ ਨੁਕਸਾਨ ਕਰਨਾ ਨਹੀਂ ਹੈ, ਮੈਂ ਤਾਂ ਆਪ ਦੇ ਔਗੁਣਾਂ ਨੂੰ ਸੁਧਾਰਨ ਵਾਸਤੇ ਇਹ ਸਾਰਾ ਕੁਝ ਕੀਤਾ ਹੈ ਕਿ ਅਗੇ ਵਾਸਤੇ ਤੁਸੀਂ ਸਿਖ ਸਿਆਣੇ ਹੋ ਜਾਵੋ ਅਤੇ ਮੁੜ ਕੇ ਇਸ ਤਰ੍ਹਾਂ ਦੀ ਗਲਤੀ ਨਾ ਕਰੋ। ਦੋਵੇਂ ਜੀਅ ਬਹੁਤ ਖੁਸ਼ ਹੋਏ ਅਤੇ ਉਹਨਾਂ ਦੇ ਮਨ ਦਾ ਭਾਰ ਹੌਲਾ ਹੋ ਗਿਆ ਅਤੇ ਸਚਮੁਚ ਉਹਨਾਂ ਨੇ ਇਹ ਮਹਿਸੂਸ ਕੀਤਾ ਕਿ ਕਿੰਨਾ ਗਲਤ ਕੰਮ ਸਾਥੋਂ ਹੋ ਗਿਆ ਸੀ ਤੇ ਇਹ ਗੁਰਮੁਖ ਪਿਆਰਿਆਂ ਨੇ ਸਾਨੂੰ ਮਾਫ ਕਰ ਦਿਤਾ ਹੈ। ਇਹ ਤਾਂ ਇਨਸਾਨ ਨਹੀਂ, ਦੇਵਤੇ ਹਨ ਜਿਹੜੇ ਔਗੁਣਾਂ ਨੂੰ ਉਭਾਰਨ ਦੀ ਥਾਂ ਤੇ ਔਗੁਣਾਂ ਤੇ ਪੜਦਾ ਪਾਉਂਦੇ ਹਨ। ਇਹਨਾਂ ਦੋਵਾਂ ਨੇ ਵਿਸ਼ਵਾਸ ਦਿਵਾਇਆ ਕਿ ਅਸੀਂ ਅਗੋਂ ਵਾਸਤੇ ਸੁਚੇਤ ਰਹਾਂਗੇ ਅਤੇ ਗੁਰੂ ਦੇ ਹੁਕਮ ਤੇ ਪਹਿਰਾ ਦੇਣ ਦਾ ਯਤਨ

ਕਰਾਂਗੇ। ਤੁਸੀਂ ਸਾਨੂੰ ਅਹਿਸਾਸ ਕਰਵਾ ਦਿਤਾ ਹੈ ਕਿ ਧਰਮ ਦੀ ਕਿਰਤ ਹੀ ਸੁੱਚੀ ਹੁੰਦੀ ਹੈ। ਬੰਦਾ ਅੰਦਰ ਬੈਠ ਕੇ ਲੱਖ ਬੁਰਿਆਈਆਂ ਕਰਦਾ ਰਹੇ ਕਿ ਮੈਨੂੰ ਤਾਂ ਦੇਖਦਾ ਹੀ ਕੋਈ ਨਹੀਂ ਪਰ ਵਾਹਿਗੁਰੂ ਤਾਂ ਦੇਖਦਾ ਹੈ, ਉਸ ਤੋਂ ਕੁਝ ਵੀ ਛੁਪਿਆ ਨਹੀਂ ਹੈ। ਅਸੀਂ ਆਪ ਦੇ ਬਹੁਤ ਧੰਨਵਾਦੀ ਹਾਂ। ਬਾਬਾ ਜੀ ਤੇ ਬੀਜੀ ਨੇ ਦੋਵਾਂ ਨੂੰ ਵਿਦਾ ਕੀਤਾ। ਬਾਬਾ ਜੀ, ਬੀਜੀ ਨੂੰ ਕਹਿਣ ਲੱਗੇ ਕਿ ਮੇਰਾ ਮਤਲਬ ਸਿਰਫ ਇਹਨਾਂ ਨੂੰ ਗਲਤੀ ਦਾ ਅਹਿਸਾਸ ਕਰਵਾਉਣਾ ਸੀ, ਸੋ ਉਹ ਮਕਸਦ ਪੂਰਾ ਹੋ ਗਿਆ। ਜੇਕਰ ਫੇਰ ਇਸ ਨੂੰ ਦੁਹਰਾਉਣਗੇ ਤਾਂ ਇਹ ਆਪਣੇ ਆਪ ਗੁਨਹਗਾਰ ਸਾਬਤ ਹੋ ਜਾਣਗੇ। ਜੇਕਰ ਇਹ ਗਲ ਚੇਤੇ ਵਿਚ ਰਹੇਗੀ ਤਾਂ ਇਹਨਾਂ ਦਾ ਜੀਵਨ ਸੁਧਰ ਜਾਵੇਗਾ।

## ਵੇਪਰਵਾਹ ਸੰਤ

ਪਟਿਆਲੇ ਵਿਚ ਸਰਵਿਸ ਕਰਦਿਆਂ ਅਕਸਰ ਆਪ ਕਦੀ ਕਦੀ ਧਮੋਟ ਮਾਤਾ ਪਿਤਾ, ਪਰਿਵਾਰ ਨੂੰ ਮਿਲਣ ਵਾਸਤੇ ਅਤੇ ਰਾੜਾ ਸਾਹਿਬ, ਵੱਡੇ ਮਹਾਰਾਜ ਜੀ ਦੇ ਦਰਸ਼ਨ ਕਰਨ ਜਾਂਦੇ ਰਹਿੰਦੇ ਸੀ ਅਤੇ ਉਹਨਾਂ ਨਾਲ ਕਾਫੀ ਸਮਾਂ ਨੇੜੇ ਰਹਿ ਕੇ ਬਿਤਾਉਣ ਦਾ ਅਵਸਰ ਮਿਲ ਜਾਂਦਾ ਸੀ। ਇਸ ਕਰਕੇ ਭਗਤੀ ਭਾਵ ਤੇ ਰੂਹਾਨੀ ਜੀਵਨ ਦੇ ਗੁਹਝ ਤੇ ਸੂਖਸ਼ਮ ਭੇਦਾਂ ਦਾ ਅਦਾਨ-ਪਰਦਾਨ ਸੰਤ ਮਹਾਰਾਜ ਜੀ ਨਾਲ ਹੁੰਦਾ ਰਹਿੰਦਾ ਸੀ ਜੋ ਕਿ ਕਿਸੇ ਵੀ ਉਤਮ ਗੁਰਮੁਖ ਗੁਰਸਿਖ ਲਈ ਲੋੜੀਂਦਾ ਹੋਇਆ ਕਰਦਾ ਹੈ। ਇਸ ਤੋਂ ਇਲਾਵਾ ਆਪ ਪਟਿਆਲਾ ਵਿਖੇ ਵੀ ਸੰਤ ਹਸਤੀਆਂ ਦੇ ਦਰਸ਼ਨ ਤੇ ਸਤਸੰਗ ਸਮਾਗਮਾਂ ਵਿਚ ਵੀ ਹਾਜ਼ਰੀ ਭਰਿਆ ਕਰਦੇ ਸੀ। ਇਹਨਾਂ ਦਿਨਾਂ ਵਿਚ ਹੀ ਆਪ ਨੂੰ ਸੰਤ ਨਿਰੰਜਨ ਸਿੰਘ ਅਤੇ ਬਾਬਾ ਜੱਸਾ ਸਿੰਘ ਹੋਰਾਂ ਦੇ ਦਰਸ਼ਨ ਕਰਨ ਦਾ ਅਵਸਰ ਪ੍ਰਾਪਤ ਹੋਇਆ ਸੀ। ਆਪ ਜੀ ਦੱਸਿਆ ਕਰਦੇ ਸੀ ਕਿ ਇਹਨਾਂ ਦਾ ਮਾਤਾ ਦਾ ਸਰੀਰ ਸੀ ਅਤੇ ਬਹੁਤ ਬੇਪਰਵਾਹ ਬਿਰਤੀ ਦੇ ਬਿਰੱਕਤ ਸਾਧੂ ਸਨ ਅਤੇ ਕਿਸੇ ਨੂੰ ਘੱਟ ਹੀ ਮਿਲਦੇ ਸਨ। ਇਨ੍ਹਾਂ ਬਾਰੇ ਬਾਬਾ ਜੀ ਨੇ ਦੱਸਿਆ ਸੀ ਕਿ ਮਹਾਰਾਜਾ ਨਾਭਾ ਸੰਤਾਂ ਦਾ ਬੜਾ ਖੋਜੀ ਸੀ ਅਤੇ ਸੰਤਾਂ ਦੇ ਟੈਸਟ ਲੈ ਕੇ ਦੇਖਦਾ ਰਹਿੰਦਾ ਸੀ ਕਿ ਇਹ ਵਾਕਿਆ ਹੀ ਸੰਤ ਹਨ ਜਾਂ ਐਵੇਂ ਹੀ ਤੁਰੇ ਫਿਰਦੇ ਹਨ। ਐਸੀ ਹੀ ਭਾਵਨਾ ਨਾਲ ਉਹ 8-9 ਦਫਾ ਦਰਸ਼ਨਾਂ ਨੂੰ ਆਇਆ ਪਰੰਤੂ ਇਸ ਨੂੰ ਬਾਬਾ ਜੱਸਾ ਸਿੰਘ ਦੇ ਦਰਸ਼ਨ ਨਾ ਹੋਏ ਅਤੇ ਹਰ ਵਾਰੀ ਨਿਰਾਸ ਮੁੜਦਾ ਰਿਹਾ ਕਿਉਂਕਿ ਮਨ ਵਿਚ ਭਾਵਨਾ ਟੈਸਟ ਲੈਣ ਦੀ ਹੋਇਆ ਕਰਦੀ ਸੀ। ਐਤਕੀਂ ਦਸਮੀ ਦਫਾ ਇਸ ਨੇ ਅਰਦਾਸ ਕੀਤੀ ਕਿ ਹੇ ਸਚੇ ਪਾਤਸ਼ਾਹ! ਬਾਬਾ ਜੀ ਦੇ ਦਰਸ਼ਨ ਹੋ ਜਾਣ ਅਤੇ ਮੈਂ ਉਹਨਾਂ ਦਾ ਕੋਈ ਟੈਸਟ ਨਹੀਂ ਲਵਾਂਗਾ, ਸਿਰਫ ਦਰਸ਼ਨਾਂ ਦੀ ਤਮੰਨਾ ਹੈ। ਉਧਰ ਬਾਬਾ ਜੀ ਨੇ ਆਪਣੇ ਸੇਵਾਦਾਰਾਂ ਨੂੰ ਕਿਹਾ ਕਿ ਭਾਈ ਦਸ ਤਸਲੇ (ਤਕਾਰੀਆਂ) ਗਾਰੇ ਦੀਆਂ ਭਰ ਕੇ ਸਾਡੇ ਕੋਲ ਮਨ੍ਹੇ ਤੇ ਰੱਖ ਦਿਓ। ਬਾਬਾ ਜੱਸਾ ਸਿੰਘ ਜੀ 10 ਫੁਟ ਉਚੇ ਮਨ੍ਹੇ ਤੇ ਹੀ ਬੈਠਿਆ ਕਰਦੇ ਸੀ ਅਤੇ ਉਤੋਂ ਹੀ ਸੰਗਤਾਂ ਨੂੰ ਦਰਸ਼ਨ ਦਿਆ ਕਰਦੇ ਸੀ। ਜਿਸ

ਵੇਲੇ ਮਹਾਰਾਜਾ ਨਾਭਾ ਪਹੁੰਚਿਆ ਤੇ ਆ ਕੇ ਨਮਸ਼ਕਾਰ ਕੀਤੀ ਤਾਂ ਬਾਬਾ ਜੀ ਨੇ ਤਸਲਾ ਗਾਰੇ ਦਾ ਭਰਿਆ ਹੋਇਆ ਸਿਰ ਤੇ ਪਾ ਦਿਤਾ ਤੇ ਨਾਲ ਦੀ ਨਾਲ ਦੂਜਾ, ਤੀਜਾ ਅਤੇ ਸਾਰੇ 10 ਤਸਲੇ ਸਿਰ ਵਿਚ ਪਾ ਦਿੱਤੇ ਅਤੇ ਰਾਜੇ ਦਾ ਮੂੰਹ, ਸਿਰ, ਕੱਪੜੇ ਸਭ ਗਾਰੇ ਨਾਲ ਲੱਥ ਪੱਥ ਹੋ ਗਏ। ਨਾਲ ਖੜ੍ਹੇ ਅਰਦਲੀ ਸਕਿਓਰਟੀ ਗਾਰਡ ਨੇ ਕਿਰਚ ਖਿਚ ਲਈ। ਮਹਾਰਾਜਾ ਨੇ ਇਸ਼ਾਰੇ ਨਾਲ ਮਨ੍ਹਾ ਕਰ ਦਿਤਾ ਕਿ ਸੰਤਾਂ ਦੀ ਖੁਸ਼ੀ ਹੈ, ਜੋ ਕਰਨਾ ਹੈ ਕਰਨ ਦਿਓ। ਜਦੋਂ ਸਾਰੇ ਤਸਲੇ ਢੇਰੀ ਹੋ ਗਏ ਤਾਂ ਸੰਤਾਂ ਨੇ ਪੁਛਿਆ, ਕਿਉਂ ਭਾਈ ਮਹਾਰਾਜੇ! ਤੇਰੇ ਅੰਦਰ ਕੁਝ ਠੰਢ ਪਈ? ਤੂੰ ਕਾਫੀ ਦੇਰ ਦਾ ਤਪਿਆ ਹੋਇਆ ਸੀ ਤੇ ਬਾਰ ਬਾਰ ਸਾਡੀ ਪਰੀਖਿਆ ਕਰਨ ਲਈ ਚੱਕਰ ਕੱਢ ਕੇ ਵਾਪਸ ਮੁੜਦਾ ਰਿਹਾ ਹੈਂ। ਹੁਣ ਪਤਾ ਲੱਗ ਗਿਆ ਕਿ ਸੰਤਾਂ ਦਾ ਅੰਤਬਾਰਾ ਨਹੀਂ ਲਿਆ ਕਰਦੇ? ਮਹਾਰਾਜਾ ਨਾਭਾ ਗਾਰੇ ਵਿਚ ਲੱਥ ਪੱਥ ਹੋਇਆ ਹੱਥ ਬੰਨ੍ਹੀ ਖੜ੍ਹਾ ਹੈ ਤੇ ਕਹਿ ਰਿਹਾ ਹੈ ਕਿ ਬਾਬਾ ਜੀ! ਤੁਸੀਂ ਮੇਰੇ ਤੇ ਬੜੀ ਮੇਹਰ ਕੀਤੀ ਹੈ ਅਤੇ ਮੇਰੇ ਤਾਂ ਸਿਰ ਵਿਚ ਤੁਸੀਂ ਕੇਸਰ ਦੀ ਵਰਖਾ ਕਰ ਦਿਤੀ ਹੈ ਤੇ ਮੈਂ ਧੰਨ ਹੋ ਗਿਆ ਹਾਂ। ਤੁਹਾਡੀ ਖੁਸ਼ੀ ਵਿਚ ਹੀ ਮੇਰੀ ਖੁਸ਼ੀ ਹੈ, ਆਪ ਨੇ ਬਹੁਤ ਕ੍ਰਿਪਾ ਕੀਤੀ ਹੈ।

ਇਸੇ ਤਰ੍ਹਾਂ ਇਕ ਵਾਰੀ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਇੰਗਲੈਂਡ ਤੋਂ ਗਲੀਚੇ ਲੈ ਕੇ ਆਇਆ ਤਾਂ ਬਾਬਾ ਜੀ ਦੇ ਕੁਤਿਆਂ ਨੇ ਫਾੜ ਕੇ ਰੂੰਈ ਉਡਾ ਦਿਤੀ। ਰਾਜਾ ਦੇਖਣ ਆਇਆ ਕਿ ਮੈਂ ਦੇਖ ਕੇ ਆਉਂਦਾ ਹਾਂ ਕਿ ਗਲੀਚੇ ਕਿਹੋ ਜਿਹੇ ਲਗਦੇ ਹੋਣਗੇ ਕਿਉਂਕਿ ਬਹੁਤ ਕੀਮਤੀ ਸਨ। ਜਾ ਕੇ ਦੇਖਿਆ ਤਾਂ ਚੀਥੜੇ ਉਡੇ ਪਏ ਹਨ। ਬਾਬਾ ਜੀ ਨੇ ਕਿਹਾ ਕਿ ਸਾਡੇ ਕੁਤਿਆਂ ਦਾ ਫਾੜਨ ਵਿਚ ਬਹੁਤ ਜ਼ੋਰ ਲੱਗਿਐ, ਇਨ੍ਹਾਂ ਨੂੰ 500 ਰੁਪਏ ਦਾ ਕੜਾਹ ਪ੍ਰਸ਼ਾਦ ਛਕਾ ਤਾਕਿ ਤੇਰਾ ਦਾਨ ਸਫਲ ਹੋ ਜਾਵੇ। ਇਸ ਤਰ੍ਹਾਂ ਕਰਕੇ ਬਾਬਾ ਜੱਸਾ ਸਿੰਘ ਜੀ ਪਟਿਆਲੇ ਵਾਲੇ ਬੇਪਰਵਾਹ ਸੰਤ ਸਨ।

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥***
***ਪੰਨਾ - 473***

ਬਾਬਾ ਰਾਮ ਸਿੰਘ ਜੀ ਨਾਮਧਾਰੀ ਬਾਰੇ ਵੀ ਬਾਬਾ ਜੀ ਬਚਨ ਕਰਿਆ ਕਰਦੇ ਸੀ ਕਿ ਮਹਾਰਾਜਾ ਨਾਭਾ ਨੇ ਉਨ੍ਹਾਂ ਦੀ ਸੰਗਤ ਵਿਚ ਆਪਣਾ ਇਕ ਖਾਸ ਵਜ਼ੀਰ ਭੇਜ ਦਿਤਾ ਤੇ ਉਸ ਨੂੰ ਕਿਹਾ ਕਿ ਤੂੰ ਜਾ ਕੇ ਪੂਰੀ ਰਿਪੋਰਟ ਲਿਆ ਕਿ ਉਹ ਕਿਸ ਤਰ੍ਹਾਂ ਨਾਲ ਅੰਮ੍ਰਿਤ ਛਕਾਉਂਦੇ ਹਨ ਅਤੇ ਕਿਸ ਤਰ੍ਹਾਂ ਨਾਮ ਦਿੰਦੇ ਹਨ। ਇਸ ਦਾ ਨਾਮ ਹੀਰਾ ਸਿੰਘ ਸੀ। ਇਸ ਨੇ ਅੰਮ੍ਰਿਤ ਛਕ ਲਿਆ ਅਤੇ ਇਸ ਨੂੰ ਕੰਨ ਵਿਚ ਗੁਰਮੰਤਰ ਦੇ ਦਿਤਾ। ਇਸ ਦੀ ਬਿਰਤੀ ਲੱਗ ਗਈ ਅਤੇ ਸੁਰਤੀ ਦਸਮ ਦੁਆਰ ਪਰਵੇਸ਼ ਕਰ ਗਈ। ਇਹ ਹਰ ਵੇਲੇ ਨਾਮ ਦੀ ਮਸਤੀ ਵਿਚ ਰਿਹਾ ਕਰਦਾ ਸੀ ਅਤੇ ਇਸ ਤਰ੍ਹਾਂ ਰਹਿੰਦੇ ਨੂੰ ਕਈ ਮਹੀਨੇ ਬੀਤ ਗਏ ਤਾਂ ਮਹਾਰਾਜਾ ਨਾਭਾ ਨੇ ਆਪਣਾ ਇਕ ਖਾਸ ਆਦਮੀ

ਭੇਜਿਆ ਕਿ ਤੁਸੀਂ ਪਤਾ ਕਰਕੇ ਆਉ ਕਿ ਹੀਰਾ ਸਿੰਘ ਉਥੇ ਕੀ ਕਰਦਾ ਹੈ। ਛੇ ਮਹੀਨੇ ਬੀਤ ਗਏ ਹਨ ਕੋਈ ਰਿਪੋਰਟ ਨਹੀਂ ਦਿਤੀ। ਜਿਸ ਵੇਲੇ ਉਹ ਬੰਦਾ ਉਨ੍ਹਾਂ ਕੋਲ ਪਹੁੰਚਿਆ ਤਾਂ ਉਹ ਇਕੱਲਾ ਹੀ ਬੈਠਾ ਸੀ ਤੇ ਪੁਛਿਆ ਕਿ ਹੀਰਾ ਸਿੰਘ! ਤੁਹਾਡੀ ਮਹਾਰਾਜਾ ਨਾਭਾ ਨੇ ਇਥੋਂ ਦੀ ਰਿਪੋਰਟ ਭੇਜਣ ਲਈ ਡਿਊਟੀ ਲਾਈ ਸੀ, ਤੂੰ ਖਬਰ ਨਹੀਂ ਦਿਤੀ ਤੇ ਮਹਾਰਾਜਾ ਗੁੱਸੇ ਹੋ ਰਿਹਾ ਹੈ ਅਤੇ ਮੈਨੂੰ ਪਤਾ ਕਰਨ ਲਈ ਭੇਜਿਆ ਹੈ। ਕਹਿਣ ਲੱਗਿਆ ਤੂੰ ਕਿਹੜੇ ਮਹਾਰਾਜੇ ਦੀ ਗੱਲ ਕਰਦੈਂ? ਮੈਂ ਤਾਂ ਦਰਗਾਹ ਵਿਚ ਇਹੋ ਜਿਹੇ ਸੈਂਕੜੇ ਰਾਜੇ ਠੇਡੇ ਖਾਂਦੇ ਦੇਖੇ ਹਨ, ਜਾਹ, ਜਾ ਕੇ ਕਹਿ ਦੇ ਕਿ ਮੈਨੂੰ ਹੁਣ ਰਾਜਿਆਂ ਦਾ ਰਾਜਾ ਮਿਲ ਗਿਆ ਹੈ, ਮੈਂ ਤਾਂ ਇਥੇ ਹੀ ਰਹਾਂਗਾ। ਸੋ ਇਹ ਨਾਮ ਦੀ ਕਮਾਈ ਸੀ, ਕਮਾਇਆ ਹੋਇਆ ਨਾਮ ਹੀ ਉਥੇ ਤਕ ਰੁਸਵਾਈ ਕਰਾ ਸਕਿਆ ਕਰਦਾ ਹੈ। ਕਈ ਪ੍ਰੇਮੀ ਇਸ ਗੱਲ ਤੇ ਕਿੰਤੂ ਪਰੰਤੂ ਕਰਨ ਲੱਗ ਜਾਂਦੇ ਹਨ ਕਿ ਉਹ ਕੰਨ ਵਿਚ ਨਾਮ ਮੰਤਰ ਕਿਉਂ ਦਿੰਦੇ ਸੀ ਅਤੇ ਅੰਮ੍ਰਿਤ ਬਣਾ ਕੇ ਪਿੰਡਾਂ ਵਿਚ ਕਿਉਂ ਛਕਾਇਆ ਕਰਦੇ ਸੀ? ਇਹ ਪ੍ਰੇਮੀ ਸ਼ਾਇਦ ਇਤਿਹਾਸ ਦੀ ਜਾਣਕਾਰੀ ਤੋਂ ਸੱਖਣੇ ਹਨ। ਇਸ ਬਾਰੇ ਬਾਬਾ ਜੀ ਨੇ ਕਈ ਵੇਰਾਂ ਬਚਨ ਕੀਤੇ ਸਨ ਕਿ ਉਸ ਵੇਲੇ ਅੰਗਰੇਜ਼ਾਂ ਨੇ ਸਿਖਾਂ ਦੇ ਇਕੱਠੇ ਹੋਣ ਤੇ ਪਾਬੰਦੀਆਂ ਲਗਾ ਦਿਤੀਆਂ ਸਨ ਅਤੇ ਕਿਰਪਾਨ ਰੱਖਣ ਦੀ ਮਨਾਹੀ ਕਰ ਦਿਤੀ ਸੀ। ਇਕੱਠੇ ਹੋ ਕੇ ਨਾ ਹੀ ਸਤਸੰਗ ਕਰ ਸਕਦੇ ਸਨ ਤੇ ਨਾ ਹੀ ਉਚੀ ਆਵਾਜ਼ ਵਿਚ ਬੋਲ ਸਕਦੇ ਸਨ। ਇਸ ਕਰਕੇ ਪੰਜ ਪਿਆਰੇ ਇਕ ਗੁਪਤ ਥਾਂ ਤੇ ਅੰਮ੍ਰਿਤ ਤਿਆਰ ਕਰਕੇ ਪਿੰਡਾਂ ਵਿਚ ਜਾਂਦੇ ਅਤੇ ਘਰ ਘਰ ਜਾ ਕੇ, ਪਿੰਡ ਪਿੰਡ ਜਾ ਕੇ ਅੰਮ੍ਰਿਤ ਛਕਾ ਕੇ ਗੁਰ ਮੰਤਰ ਕੰਨ ਵਿਚ ਦਿਆ ਕਰਦੇ ਸੀ। ਗੁਰੂ ਘਰ ਦੇ ਗੁਰਮੰਤਰ ਵਿਚ ਕੋਈ ਉਚਾਰਨ ਦੀ ਮਨਾਹੀ ਨਹੀਂ ਹੈ, ਕੋਈ ਭਾਵੇਂ ਕਿੰਨੀ ਉਚੀ ਆਵਾਜ਼ ਵਿਚ ਇਸ ਦਾ ਉਚਾਰਨ ਕਰੇ ਜਾਂ ਗੁਪਤ ਕਰੇ ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਗਟ ਤੌਰ ਤੇ ਇਹ ਸੰਸਾਰ ਨੂੰ ਸੁਣਾਇਆ ਅਤੇ ਇਸ ਰਾਹੀਂ ਸੰਸਾਰ ਦਾ ਉਧਾਰ ਕੀਤਾ ਜਿਵੇਂ ਕਿ ਭਾਈ ਗੁਰਦਾਸ ਜੀ ਦਾ ਫੁਰਮਾਨ ਹੈ -

***ਵਾਹਿਗੁਰੂ ਗੁਰਮੰਤ੍ਰੁ ਹੈ ਜਪਿ ਹਉਮੈ ਖੋਈ।***

***ਭਾਈ ਗੁਰਦਾਸ ਜੀ ਦੀ ਵਾਰ 13/2***

ਜਿਥੋਂ ਤਕ ਨਾਮ ਦੀ ਕਮਾਈ ਦਾ ਸੰਬੰਧ ਹੈ, ਇਸ ਬਾਰੇ ਬਾਬਾ ਜੀ ਨੇ ਬਹੁਤ ਦਫਾ ਸੰਗਤ ਵਿਚ ਗੱਲ ਦੱਸੀ ਹੈ ਕਿ ਬੀਜੀ ਦੇ ਪਿਤਾ ਜੀ ਸੰਤ ਹੀਰਾ ਸਿੰਘ ਜੀ ਨੇ ਆਪਣੇ ਪਿੰਡ ਦਾਉਦਪੁਰ ਵਿਖੇ ਆਪਣੀ ਚਾਚੀ ਜੀ ਦੇ ਕਹਿਣ ਤੇ ਉਸ ਦੇ ਕੰਨ ਵਿਚ ਵਾਹਿਗੁਰੂ ਕਿਹਾ ਸੀ ਤੇ ਉਸ ਦੀ 48 ਘੰਟੇ ਦੀ ਸਮਾਧੀ ਲੱਗ ਗਈ ਸੀ। ਇਸੇ ਤਰ੍ਹਾਂ ਲੁਧਿਆਣਾ ਵਿਖੇ ਜਦੋਂ ਅੰਮ੍ਰਿਤ ਪ੍ਰਚਾਰ ਹੋ ਰਿਹਾ ਸੀ, ਉਥੇ ਫਲ੍ਹੇਵਾਲ ਦਾ ਇਕ ਲੜਕਾ ਸੀ। ਜਦੋਂ ਉਸ ਨੂੰ ਕਿਹਾ ਬੋਲ 'ਵਾਹਿਗੁਰੂ' ਤਾਂ ਉਸ ਦੀ ਬਿਰਤੀ ਇੰਨੀ ਚੜ੍ਹ ਗਈ , 48 ਘੰਟੇ ਸਮਾਧੀ ਵਿਚ ਬੈਠਾ ਰਿਹਾ ਅਤੇ ਫੇਰ ਸਰੀਰ ਦਾ balance gravityless ਹੋ ਗਿਆ ਤੇ ਉਹ ਉਡ ਕੇ ਛੱਤ ਨੂੰ ਜਾ ਲੱਗਾ ਤੇ ਹਵਾ ਵਿਚ ਇਸ ਤਰ੍ਹਾਂ ਤੈਰ ਰਿਹਾ ਸੀ ਜਿਵੇਂ ਮੱਛੀ ਪਾਣੀ ਵਿਚ ਤੈਰਿਆ ਕਰਦੀ

ਹੈ। ਫੇਰ ਕੀਰਤਨ ਕਰਨ ਵਾਲੇ ਸਿੰਘਾਂ ਦੇ ਅੱਗੋਂ ਦੀ ਹੋ ਕੇ ਗੁਰੂ ਗਰੰਥ ਸਾਹਿਬ ਸਾਹਮਣੇ ਲੰਮਾ ਪੈ ਗਿਆ ਤੇ ਉਸ ਨੂੰ ਬਿਠਾ ਦਿਤਾ ਤੇ ਉਸ ਵੇਲੇ ਸੰਤ ਹੀਰਾ ਸਿੰਘ ਜੀ ਨੇ ਰਾਗੀਆਂ ਨੂੰ ਕਿਹਾ ਕਿ ਤੁਸੀਂ ਲਾਵਾਂ ਦਾ ਪਾਠ ਕਰੋ, ਇਸ ਦੀ ਰੂਹ ਦਰਗਾਹ ਵਿਚ ਸੰਯੋਗ ਮੰਗ ਰਹੀ ਹੈ। ਸੋ ਇਹ ਅੱਖੀਂ ਦੇਖੇ ਕੌਤਕ ਹਨ ਜੋ ਬਾਬਾ ਜੀ ਨੇ ਦੇਖੇ ਸਨ ਤੇ ਸੰਗਤ ਵਿਚ ਸਾਂਝੇ ਕੀਤੇ ਸਨ। ਇਸੇ ਕਰਕੇ ਬਾਬਾ ਜੀ ਕਿਹਾ ਕਰਦੇ ਸਨ ਕਿ ਨਾਮ ਜਿੰਨਾਂ ਜਪਿਆ ਜਾਵੇ ਥੋੜ੍ਹਾ ਹੈ। ਇਹ ਨਹੀਂ ਕਿ ਢਾਈ ਘੰਟੇ ਹੀ ਜਪਣਾ ਹੈ, ਇਸ ਨੂੰ ਤਾਂ 24 ਘੰਟੇ ਜਪੀ ਜਾਵੋ ਉਹ ਵੀ ਥੋੜ੍ਹਾ ਹੈ ਕਿਉਂਕਿ ਉਹ ਆਪ ਇਸ ਕਥਨੀ ਤੇ ਪਹਿਰਾ ਦੇ ਕੇ ਨਾਮ ਦੀ ਕਮਾਈ ਕਰਿਆ ਕਰਦੇ ਸਨ। ਮਹਾਂਪੁਰਸ਼ ਸੱਤਵਾਦੀ ਹੋਇਆ ਕਰਦੇ ਹਨ। ਜੋ ਤਜਰਬਾ ਉਨ੍ਹਾਂ ਨੇ ਖੁਦ ਕੀਤਾ ਹੁੰਦਾ ਹੈ, ਕੇਵਲ ਓਹੀ ਸੰਗਤ ਵਿਚ ਸਾਂਝਾ ਕਰਿਆ ਕਰਦੇ ਹਨ। ਜਿਨ੍ਹਾਂ ਨੇ ਖੁਦ ਕੋਈ ਕਮਾਈ ਨਹੀਂ ਕੀਤੀ, ਉਹ ਕਿੰਤੂ ਪ੍ਰੰਤੂ ਕਰਦੇ ਰਹਿੰਦੇ ਹਨ।

ਇਕ ਮਿਸਾਲ ਦੇ ਕੇ ਬਾਬਾ ਜੀ ਸਮਝਾਇਆ ਕਰਦੇ ਸੀ ਕਿ ਇਕ ਵੇਰਾਂ ਇਕ ਹੰਸ ਇਕ ਖੂਹ ਦੀ ਮੌਣ ਤੇ ਆ ਕੇ ਬੈਠ ਗਿਆ। ਖੂਹ ਦੇ ਪਾਣੀ ਵਿਚ ਇਕ ਡੱਡੂ ਸੀ, ਉਸ ਨੇ ਉਪਰ ਨੂੰ ਦੇਖਿਆ ਕਿ ਉਪਰ ਕੋਈ ਓਪਰਾ ਜਿਹਾ ਪੰਛੀ ਬੈਠਾ ਹੈ। ਉਸ ਨੂੰ ਕਹਿਣ ਲੱਗਿਆ ਕਿ ਭਾਈ ਤੂੰ ਕੌਣ ਹੈਂ? ਉਸ ਨੇ ਜਵਾਬ ਦਿਤਾ, "ਮੈਂ ਹੰਸ ਹਾਂ।" ਦੂਜਾ ਸਵਾਲ ਕੀਤਾ ਕਿ ਤੂੰ ਕਿਥੇ ਰਹਿੰਦਾ ਹੈਂ? ਕਹਿੰਦਾ, ਮੈਂ ਮਾਨਸਰੋਵਰ ਝੀਲ ਤੇ ਰਹਿੰਦਾ ਹਾਂ। ਡੱਡੂ ਕਹਿਣ ਲੱਗਿਆ, ਮਾਨ ਸਰੋਵਰ ਕਿੱਡਾ ਕੁ ਹੈ? ਹੰਸ ਨੇ ਕਿਹਾ, ਬਹੁਤ ਵੱਡਾ ਹੈ। ਡੱਡੂ ਨੇ ਖੂਹ ਵਿਚ ਇਕ ਛਾਲ ਮਾਰ ਕੇ ਪੁਛਿਆ ਕਿ ਐਨਾ ਕੁ ਹੈ ਜਿੰਨੀ ਕੁ ਮੈਂ ਛਾਲ ਮਾਰੀ ਹੈ? ਹੰਸ ਕਹਿਣ ਲੱਗਿਆ, ਨਹੀਂ, ਉਹ ਤਾਂ ਬਹੁਤ ਵੱਡਾ ਹੈ। ਫੇਰ ਉਸ ਨੇ ਦੂਜੀ ਛਾਲ ਮਾਰੀ ਤੇ ਖੂਹ ਦੇ ਦੂਜੇ ਕੰਢੇ ਚਲਿਆ ਗਿਆ ਤੇ ਕਿਹਾ, ਫੇਰ ਐਨਾ ਕੁ ਹੋਵੇਗਾ ਤੇਰਾ ਮਾਨ ਸਰੋਵਰ। ਹੰਸ ਕਹਿਣ ਲੱਗਿਆ, ਨਹੀਂ ਭਾਈ, ਇਸ ਤੋਂ ਵੀ ਵੱਡਾ ਹੈ। ਡੱਡੂ ਨੇ ਖੂਹ ਦੇ ਆਲੇ ਦੁਆਲੇ ਪੂਰਾ ਗੇੜਾ ਕੱਢ ਕੇ ਕਿਹਾ, ਫੇਰ ਐਡਾ ਕੁ ਹੋਵੇਗਾ। ਹੰਸ ਕਹਿਣ ਲੱਗਿਆ, ਨਹੀਂ, ਮਾਨਸਰੋਵਰ ਤਾਂ ਬਹੁਤ ਵੱਡਾ ਹੈ ਤੇ ਇਸ ਖੂਹ ਵਰਗੇ ਤਾਂ ਉਸ ਵਿਚੋਂ ਲੱਖਾਂ ਖੂਹ ਬਣ ਸਕਦੇ ਹਨ, ਉਹ ਤਾਂ ਬਹੁਤ ਵਿਸ਼ਾਲ ਹੁੰਦਾ ਹੈ। ਇੰਨੀ ਗੱਲ ਸੁਣ ਕੇ ਡੱਡੂ ਨੂੰ ਬਹੁਤ ਗੁੱਸਾ ਆਇਆ ਤੇ ਠੱਠਿਆ ਕੇ ਕਹਿਣ ਲੱਗਿਆ, ਵਾਹ ਬਈ ਵਾਹ! ਤੇਰੇ ਵਰਗਾ ਝੂਠਾ ਤਾਂ ਮੈਂ ਅੱਜ ਤੱਕ ਨਹੀਂ ਦੇਖਿਆ ਤੇ ਨਾ ਹੀ ਸੁਣਿਆਂ ਹੈ; ਤੂੰ ਵੀ ਝੂਠਾ ਤੇ ਤੇਰਾ ਮਾਨ ਸਰੋਵਰ ਵੀ ਝੂਠਾ, ਮੇਰੇ ਖੂਹ ਨਾਲੋਂ ਤਾਂ ਵੱਡਾ ਕੋਈ ਸਰੋਵਰ ਜਾਂ ਝੀਲ ਜਾਂ ਸਮੁੰਦਰ ਹੋ ਹੀ ਨਹੀਂ ਸਕਦਾ ਤੇ ਤੂੰ ਸਭ ਮਿਥਿਆ ਬੋਲ ਰਿਹਾ ਹੈਂ। ਹੁਣ ਡੱਡੂ ਵਿਚਾਰਾ ਵੀ ਆਪਣੀ ਜਗ੍ਹਾ ਠੀਕ ਸੀ ਕਿਉਂਕਿ ਉਸ ਨੇ ਖੂਹ ਤੋਂ ਬਗੈਰ ਹੋਰ ਕੁਝ ਦੇਖਿਆ ਹੀ ਨਹੀਂ। ਉਸ ਨੂੰ ਕੀ ਪਤਾ ਕਿ ਮਾਨ ਸਰੋਵਰ ਝੀਲ ਕੀ ਹੈ, ਉਸ ਨੂੰ ਸਮੁੰਦਰ ਦੀ ਵਿਸ਼ਾਲਤਾ ਦਾ ਅੰਦਾਜ਼ਾ ਕਿਵੇਂ ਲੱਗ ਸਕਦਾ ਹੈ? ਉਹ ਕੀ ਜਾਣ ਸਕਦਾ ਹੈ ਕਿ ਮਾਨ ਸਰੋਵਰ ਤੇ ਰਹਿਣ ਵਾਲੇ ਹੰਸ ਕੇਵਲ ਮੋਤੀ ਹੀ ਚੁਗਦੇ ਹਨ?

*ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ॥*
*ਬਗੁਲਾ ਕਾਗੁ ਨ ਰਹਈ ਸਰਵਰਿ ਜੇ ਹੋਵੈ ਅਤਿ ਸਿਆਣਾ॥*

*ਪੰਨਾ - 956*

ਦੂਜੇ ਪਾਸੇ ਬਗਲੇ ਨੇ ਮੱਛੀਆਂ ਖਾਣੀਆਂ ਹਨ ਪਰੰਤੂ ਜਦੋਂ ਕੰਢੇ ਤੇ ਬੈਠਾ ਹੁੰਦਾ ਹੈ ਉਹ ਹੰਸ ਵਰਗਾ ਹੀ ਜਾਪਿਆ ਕਰਦਾ ਹੈ। ਪਤਾ ਉਦੋਂ ਲਗਦਾ ਹੈ ਜਦੋਂ ਡੱਡੀਆਂ ਤੇ ਮੱਛੀਆਂ ਨੂੰ ਝਪਟ ਮਾਰ ਕੇ ਖਾਂਦਾ ਹੈ। ਕਾਂ ਦੀ ਖੁਰਾਕ ਹੀ ਵਿਸ਼ਟਾ ਹੈ। ਸੋ ਨਿੰਦਕ ਬੰਦੇ ਦੇ ਪੱਲੇ ਤਰਕ ਤੋਂ ਬਿਨਾਂ ਕੁਝ ਨਹੀਂ ਹੁੰਦਾ ਪਰ ਉਸ ਵਿਚਾਰੇ ਦਾ ਕਸੂਰ ਵੀ ਨਹੀਂ ਕਿਉਂਕਿ ਉਸ ਨੂੰ ਅਗਾਂਹ ਦੀ ਗੱਲ ਦਾ ਪਤਾ ਹੀ ਨਹੀਂ। ਵਾਹਿਗੁਰੂ ਨੂੰ ਇਵੇਂ ਹੀ ਭਾਉਂਦਾ ਹੈ। ਇਸ ਕਰਕੇ ਜਿਸ ਨੂੰ ਜਿਸ ਅਵਸਥਾ ਬਾਰੇ ਪਤਾ ਹੀ ਨਹੀਂ, ਉਹ ਉਸ ਬਾਰੇ ਕੀ ਜਾਣ ਸਕਦਾ ਹੈ।

ਗੁਰੂ ਨਾਨਕ ਦੇਵ ਜੀ ਮਹਾਰਾਜ ਜਦੋਂ ਬਗਦਾਦ ਗਏ ਤਾਂ ਆਪ ਜੀ ਨੇ ਜਪੁਜੀ ਸਾਹਿਬ ਦਾ ਸ਼ਬਦ ਗਾਇਨ ਕਰਨਾ ਸ਼ੁਰੂ ਕੀਤਾ ਤੇ ਭਾਈ ਮਰਦਾਨਾ ਰਬਾਬ ਵਜਾ ਰਹੇ ਸਨ। ਹਿੰਦੋਸਤਾਨ ਦੇ ਰਹਿਣ ਵਾਲਾ ਇਕ ਬੰਦਾ ਪੀਰ ਦਸਤਗੀਰ ਦਾ ਚੇਲਾ ਸੀ, ਉਸ ਨੇ ਸ਼ਕਾਇਤ ਕੀਤੀ ਕਿ ਪੀਰ-ਏ-ਹਿੰਦ ਗੁਰੂ ਨਾਨਕ ਕੁਫਰ ਤੋਲ ਰਿਹਾ ਹੈ ਅਤੇ ਕਹਿ ਰਿਹਾ ਹੈ ਕਿ -

*ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥ ਪੰਨਾ - 5*

ਲੱਖਾਂ ਹੀ ਪਾਤਾਲ ਹਨ ਤੇ ਲੱਖਾਂ ਹੀ ਆਕਾਸ਼ ਹਨ ਜਦ ਕਿ ਸਾਡੇ ਪੈਗੰਬਰ ਨੇ ਤਾਂ ਸੱਤ ਅਕਾਸ਼ ਤੇ ਸੱਤ ਪਾਤਾਲ ਹੀ ਦੱਸੇ ਹਨ। ਪੀਰ ਨੇ ਗੁੱਸੇ ਹੋ ਕੇ ਫਤਵਾ ਲਾ ਦਿਤਾ ਕਿ ਗੁਰੂ ਨਾਨਕ ਤੇ ਉਸ ਦੇ ਮੁਰੀਦਾਂ ਨੂੰ ਸੰਗਸਾਰ ਕਰਕੇ ਮਾਰ ਦਿਓ। ਸੰਗਸਾਰ ਹੁੰਦਾ ਹੈ - ਪੱਥਰ ਮਾਰ ਕੇ ਜੀਵਨ ਖਤਮ ਕਰ ਦੇਣਾ। ਸਾਰਾ ਹਜੂਮ ਇਕੱਠਾ ਹੋ ਕੇ ਜਦੋਂ ਪੱਥਰ ਮਾਰਨ ਲਗਿਆ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਵੱਲ ਦੇਖਿਆ ਤੇ ਮੁਖੋਂ 'ਗੁਰਬਰ ਅਕਾਲ' ਦਾ ਉਚਾਰਨ ਕੀਤਾ ਤਾਂ ਸਾਰੇ ਜੜ੍ਹ ਬਣ ਗਏ ਤੇ ਜਿਥੇ ਹੱਥ ਸੀ ਉਥੇ ਹੀ ਰਹਿ ਗਏ, ਹਿਲ ਜੁਲ ਨਹੀਂ ਸਕਦੇ। ਜਦੋਂ ਪੀਰ ਦਸਤਗੀਰ ਨੂੰ ਪਤਾ ਲੱਗਾ ਤਾਂ ਉਸ ਨੇ ਆਪਣੀ ਤਾਕਤ ਬਥੇਰੀ ਲਾਈ ਪਰੰਤੂ ਕੁਝ ਨਾ ਕਰ ਸਕਿਆ ਤੇ ਆਖਰ ਮਹਾਰਾਜ ਜੀ ਨੂੰ ਸਿਜਦਾ ਕੀਤਾ ਕਿ ਹੇ ਵਲੀ ਅੱਲਾ! ਗੁਸਤਾਖੀ ਮਾਫ ਕਰੋ, ਇਨ੍ਹਾਂ ਦੀ ਗੁਸਤਾਖੀ ਵੀ ਮਾਫ ਕਰੋ, ਇਨ੍ਹਾਂ ਨੂੰ ਜੜ੍ਹ ਤੋਂ ਚੇਤਨ ਕਰ ਦਿਓ। ਮਹਾਰਾਜ ਕਹਿਣ ਲੱਗੇ ਕਿ ਤੁਹਾਨੂੰ ਕਿਸ ਚੀਜ਼ ਦਾ ਗੁੱਸਾ ਲੱਗਾ? ਅਸੀਂ ਤਾਂ ਤੁਹਾਨੂੰ ਕੁਝ ਕਿਹਾ ਹੀ ਨਹੀਂ, ਤੁਸੀਂ ਖਾਹਮਖਾਹ ਸਾਡੇ ਗਲ ਪਏ ਹੋ, ਅਸੀਂ ਤਾਂ ਪ੍ਰਮੇਸ਼ਰ ਦੇ ਗੁਣ ਗਾਇਨ ਕਰ ਰਹੇ ਸੀ। ਕਹਿਣ ਲੱਗਿਆ, ਤੁਸੀਂ ਕੁਫਰ ਬੋਲ ਰਹੇ ਹੋ। ਸਾਡੇ ਧਰਮ ਵਿਚ ਤਾਂ ਸੱਤ ਆਕਾਸ਼, ਸੱਤ ਪਾਤਾਲ ਹਨ, ਤੁਸੀਂ ਲੱਖਾਂ ਦੱਸ ਰਹੇ ਹੋ। ਮਹਾਰਾਜ

ਕਹਿਣ ਲੱਗੇ, ਇਸ ਵਿਚ ਸਾਡਾ ਕੋਈ ਕਸੂਰ ਨਹੀਂ, ਨਾ ਹੀ ਤੁਹਾਡੇ ਪੈਗੰਬਰ ਦਾ ਕਸੂਰ ਹੈ। ਜਿਸ ਦੀ ਨਜ਼ਰ ਸੱਤ ਤਕ ਜਾਂਦੀ ਹੈ ਉਹ ਸੱਤ ਹੀ ਦੱਸੇਗਾ ਤੇ ਜਿਸ ਦੀ ਨਜ਼ਰ ਅਨੰਤ ਤਕ ਜਾਂਦੀ ਹੈ ਉਸ ਦੀ ਨਜ਼ਰ ਵਿਚ ਲੱਖਾਂ ਹਨ। ਇਹ ਸਿਰਫ ਵੇਖਣ ਵਿਚ ਫਰਕ ਹੈ, ਆਪਣੀ ਆਪਣੀ ਪਹੁੰਚ ਦਾ ਫਰਕ ਹੈ। ਉਸ ਨੇ ਕਿਹਾ, ਵਿਖਾਓ ਤਾਂ। ਮਹਾਰਾਜ ਜੀ ਨੇ ਉਸ ਦੇ ਬੇਟੇ ਨੂੰ ਨਾਲ ਲੈ ਕੇ ਸਾਰੇ ਪਾਤਾਲ ਆਕਾਸ਼ ਵਿਖਾਏ ਅਤੇ ਹਰ ਥਾਂ ਤੋਂ ਕਚਕੌਲ ਵਿਚ ਪ੍ਰਸ਼ਾਦ ਵੀ ਲਿਆ ਕੇ ਉਸ ਨੇ ਦਿਤਾ। ਉਸ ਦੇ ਲੜਕੇ ਦਾ ਨਾਮ ਬਹਿਲੋਲ ਸੀ ਜੋ ਸਾਰੀ ਜਿੰਦਗੀ ਗੁਰੂ ਨਾਨਕ ਸਾਹਿਬ ਦਾ ਮੁਰੀਦ ਬਣਕੇ ਹੀ ਰਿਹਾ ਅਤੇ ਉਸ ਨੇ ਹੋਰ ਕਿਸੇ ਦੇ ਦਰਸ਼ਨ ਨਹੀਂ ਕੀਤੇ। ਬਾਬਾ ਜੀ ਦਸਿਆ ਕਰਦੇ ਸੀ ਕਿ ਉਹ ਕੰਧ ਵੱਲ ਨੂੰ ਮੂੰਹ ਕਰਕੇ ਬੈਠਾ ਰਹਿੰਦਾ ਸੀ ਅਤੇ ਹਮੇਸ਼ਾ ਗੁਰੂ ਨਾਨਕ ਸਾਹਿਬ ਦੇ ਧਿਆਨ ਵਿਚ ਰਹਿੰਦਾ ਸੀ।

ਜਿਸ ਤਰ੍ਹਾਂ ਵਾਹਿਗੁਰੂ ਅਗੰਮ ਤੇ ਅਗੋਚਰ ਹੈ, ਉਸ ਦਾ ਅੰਤ ਨਹੀਂ ਲਿਆ ਜਾ ਸਕਦਾ, ਇਸੇ ਤਰ੍ਹਾਂ ਗੁਰੂ ਦੇ ਪਿਆਰੇ ਮਹਾਂਪੁਰਸ਼ ਜੋ ਉਸ ਵਿਚ ਲੀਨ ਹੋ ਚੁਕੇ ਹੁੰਦੇ ਹਨ, ਉਨ੍ਹਾਂ ਦੀ ਬੇਅੰਤਤਾ ਦਾ ਵੀ ਪਾਰ ਨਹੀਂ ਪਾਇਆ ਜਾ ਸਕਦਾ। ਆਪ ਜੀ ਸਮੇਂ ਸਮੇਂ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੇ ਦੀਵਾਨ ਵੀ ਪਟਿਆਲੇ ਵਿਖੇ ਲਗਵਾਉਂਦੇ ਰਹਿੰਦੇ ਸਨ ਅਤੇ ਇਸ ਦੀ ਪਹਿਲ ਆਪ ਨੇ ਹੀ ਕਰਵਾਈ ਸੀ ਕਿਉਂਕਿ ਆਪ ਚਾਹੁੰਦੇ ਸੀ ਕਿ ਯੂਨਿਟ ਦੇ ਫੌਜੀ ਭਰਾ ਅਤੇ ਪਟਿਆਲੇ ਦੀ ਸੰਗਤ ਵੀ ਸੰਤ ਮਹਾਰਾਜ ਦੇ ਰੂਹਾਨੀ ਕੀਰਤਨ ਦਾ ਲਾਹਾ ਪ੍ਰਾਪਤ ਕਰ ਸਕੇ। ਆਪ ਦੱਸਿਆ ਕਰਦੇ ਸੀ ਕਿ ਸੰਤ ਮਹਾਰਾਜ ਜੀ ਦੇ ਦੀਵਾਨਾਂ ਦੌਰਾਨ ਸਾਰਾ ਇੰਤਜ਼ਾਮ ਆਪ ਜੀ ਕਰਿਆ ਕਰਦੇ ਸੀ ਜਿਸ ਵਿਚ ਪੰਡਾਲ ਦਾ ਪ੍ਰਬੰਧ, ਸਟੇਜ ਦਾ ਪ੍ਰਬੰਧ, ਸੰਤ ਮਹਾਰਾਜ ਜੀ ਨੂੰ ਸੰਗਤ ਦੇ ਮਿਲਾਉਣ ਦਾ ਪ੍ਰਬੰਧ ਅਤੇ ਸੰਗਤਾਂ ਵਾਸਤੇ ਲੰਗਰ ਆਦਿ ਦਾ ਪ੍ਰਬੰਧ, ਇਹ ਜ਼ਿੰਮੇਵਾਰੀ ਆਪ ਖੁਦ ਨਿਭਾਇਆ ਕਰਦੇ ਸੀ ਅਤੇ ਸੰਤ ਮਹਾਰਾਜ ਆਪ ਦੇ ਪ੍ਰਬੰਧ ਤੋਂ ਬਹੁਤ ਖੁਸ਼ ਹੋਇਆ ਕਰਦੇ ਸੀ। ਇਸੇ ਤਰ੍ਹਾਂ ਜਦੋਂ ਪਟਿਆਲਾ ਵਿਖੇ ਸੰਤ ਮਹਾਰਾਜ, ਰਾੜੇ ਸਾਹਿਬ ਵਾਲਿਆਂ ਦੇ ਦੀਵਾਨ ਲੱਗਿਆ ਕਰਦੇ ਸਨ ਤਾਂ ਬੀਜੀ ਵੀ ਨਾਲ ਹੀ ਦੀਵਾਨ ਦੀ ਹਾਜ਼ਰੀ ਭਰਨ ਜਾਇਆ ਕਰਦੇ ਅਤੇ ਸੇਵਾ ਵਿਚ ਪੂਰਾ ਹਿੱਸਾ ਲਿਆ ਕਰਦੇ ਸੀ।

## ਸਤਿਸੰਗਤ ਵਿਚ ਮੁੱਖ ਦੇਵਤਿਆਂ ਦਾ ਵਾਸਾ

ਇਕ ਦਿਨ ਦੀ ਗੱਲ ਹੈ ਕਿ ਜਦੋਂ ਸੰਤ ਮਹਾਰਾਜ ਜੀ ਦਾ ਦੀਵਾਨ ਚਲ ਰਿਹਾ ਸੀ ਤਾਂ ਬੀਜੀ ਨੇ ਇਕ ਅਜੀਬ ਕੌਤਕ ਦੇਖਿਆ। ਕੀ ਦੇਖਦੇ ਹਨ ਕਿ ਤਿੰਨ ਦਿਬ ਰੂਹਾਂ ਭਗਵੇਂ ਕਪੜਿਆਂ ਵਿਚ ਗੁਰੂ ਗਰੰਥ ਸਾਹਿਬ ਦੇ ਅੱਗੇ ਮੱਥਾ ਟੇਕ ਕੇ ਬੈਠ ਗਈਆਂ ਅਤੇ ਜਿੰਨਾਂ ਚਿਰ ਦੀਵਾਨ ਵਿਚ ਕੀਰਤਨ ਵਖਿਆਨ ਹੋ ਰਿਹਾ ਸੀ, ਇਹ ਤਿੰਨੇ ਦਿਬ ਰੂਹਾਂ ਬੈਠੀਆਂ ਰਹੀਆਂ ਅਤੇ ਜਦੋਂ ਕੀਰਤਨ ਦੀ ਸਮਾਪਤੀ ਹੋਈ ਤਾਂ ਨਮਸ਼ਕਾਰ ਕਰਕੇ ਪੰਡਾਲ ਤੋਂ

ਬਾਹਰ ਜਾਂਦੀਆਂ ਦਿਸੀਆਂ, ਉਪਰੰਤ ਗਾਇਬ ਹੋ ਗਈਆਂ। ਦੀਵਾਨ ਦੀ ਸਮਾਪਤੀ ਮਗਰੋਂ ਜਦੋਂ ਰਾਤ ਦੇ 12 ਵਜੇ ਦੇ ਕਰੀਬ ਬੀਜੀ, ਬਾਬਾ ਜੀ ਘਰ ਪਹੁੰਚੇ ਤਾਂ ਬੀਜੀ ਨੇ ਬਾਬਾ ਜੀ ਨੂੰ ਪੁਛਿਆ ਕਿ ਗੁਰੂ ਗਰੰਥ ਸਾਹਿਬ ਸਾਮ੍ਹਣੇ ਜੋ ਤਿੰਨ ਸਾਧੂ ਬੈਠੇ ਸਨ, ਜਿੰਨ੍ਹਾਂ ਨੇ ਸੰਤ ਮਹਾਰਾਜ ਜੀ ਦਾ ਸਾਰਾ ਦੀਵਾਨ ਸੁਣਿਆ ਹੈ, ਉਹ ਕੌਣ ਸਨ? ਬਾਬਾ ਜੀ ਕਹਿਣ ਲੱਗੇ, ਹਾਂ ਕੁਝ ਝਲਕ ਤਾਂ ਪਈ ਸੀ ਪਰ ਮੈਂ ਧਿਆਨ ਨਹੀਂ ਦਿਤਾ ਕਿਉਂਕਿ ਮੇਰਾ ਧਿਆਨ ਪੰਡਾਲ ਦੇ ਪ੍ਰਬੰਧ ਵੱਲ ਸੀ। ਬੀਜੀ ਕਹਿਣ ਲੱਗੇ ਕਿ ਆਪਾਂ ਕਲ੍ਹ ਨੂੰ ਸੰਤ ਮਹਾਰਾਜ ਜੀ ਪਾਸੋਂ ਪੁਛਣਾ ਹੈ ਕਿ ਇਹ ਤਿੰਨੇ ਸਾਧੂ ਕੌਣ ਸਨ। ਦੂਜੇ ਦਿਨ ਸੰਤ ਮਹਾਰਾਜ ਜੀ ਪਹੁੰਚੇ। ਦੀਵਾਨ ਲੱਗਣ ਤੋਂ ਪਹਿਲਾਂ ਕੁਰਸੀ ਤੇ ਬਿਰਾਜਮਾਨ ਸਨ ਤੇ ਸੰਗਤ ਨੂੰ ਮਿਲ ਰਹੇ ਸਨ, ਬਾਬਾ ਜੀ, ਬੀਜੀ ਵੀ ਕੋਲ ਹੀ ਸੇਵਾ ਵਿਚ ਹਾਜ਼ਰ ਸਨ। ਬੀਜੀ, ਬੀਬੀਆਂ ਦੀ ਲਾਈਨ ਲਗਵਾ ਕੇ ਕੰਟਰੋਲ ਕਰ ਰਹੇ ਸਨ ਅਤੇ ਬਾਬਾ ਜੀ ਭਾਈਆਂ ਨੂੰ ਨੰਬਰਵਾਰ ਸੰਤ ਮਹਾਰਾਜ ਜੀ ਨਾਲ ਮਿਲਾ ਰਹੇ ਸਨ। ਜਦੋਂ ਥੋੜ੍ਹੀ ਭੀੜ ਘਟੀ ਤਾਂ ਬਾਬਾ ਜੀ ਨੇ ਮੌਕਾ ਦੇਖ ਕੇ ਸੰਤ ਮਹਾਰਾਜ ਜੀ ਪਾਸ ਅਰਜ਼ ਕੀਤੀ ਤੇ ਦੀਵਾਨ ਵਿਚ ਤਿੰਨ ਦਿਬ ਰੂਹਾਂ ਦੀ ਹਾਜ਼ਰੀ ਬਾਰੇ ਦੱਸਿਆ ਕਿ ਇਹ ਅਲੌਕਿਕ ਨਜ਼ਾਰਾ ਬੀਜੀ ਨੂੰ ਪ੍ਰਤੱਖ ਨਜ਼ਰ ਆਇਆ ਹੈ। ਮਹਾਰਾਜ ਜੀ ਨੇ ਇਹ ਸੁਣ ਕੇ ਨੇਤਰ ਬੰਦ ਕਰ ਲਏ ਅਤੇ ਥੋੜ੍ਹੀ ਦੇਰ ਬਾਅਦ ਮੁਸਕਰਾ ਕੇ ਕਹਿਣ ਲੱਗੇ ਕਿ ਹਾਂ ਭਾਈ ਠੀਕ ਹੈ, ਬੀਜੀ ਨੇ ਠੀਕ ਹੀ ਦੇਖਿਆ ਹੈ, ਇਹ ਬੀਬੀ ਧੰਨ ਹੈ। ਬਾਬਾ ਜੀ ਨੇ ਦੁਬਾਰਾ ਪੁਛਿਆ ਕਿ ਮਹਾਰਾਜ ਜੀ ਕਿਰਪਾ ਕਰਕੇ ਦੱਸੋ ਕਿ ਉਹ ਤਿੰਨੇ ਸਾਧੂ ਕੌਣ ਸਨ? ਮਹਾਰਾਜ ਜੀ ਕਹਿਣ ਲੱਗੇ, ਪ੍ਰੇਮੀਓਂ! ਜਿਥੇ ਪ੍ਰਭੂ ਦਾ ਸਤਸੰਗ ਹੁੰਦਾ ਹੈ, ਪ੍ਰਭੂ ਦੀ ਉਸਤਤ ਹੁੰਦੀ ਹੈ, ਨਾਮ ਦੀ ਮਹਿਮਾ ਹੁੰਦੀ ਹੈ, ਨਾਮ ਜਪਣ ਵਾਲਿਆਂ ਦੀ ਮਹਿਮਾ ਹੁੰਦੀ ਹੈ, ਉਥੇ ਦੇਵਤੇ ਤੇ ਦਿਬ ਰੂਹਾਂ ਆ ਜਾਇਆ ਕਰਦੀਆਂ ਹਨ, ਮੁਕਤ ਆਤਮਾਵਾਂ ਤੇ ਸ਼ਹੀਦ ਸਿੰਘ ਵੀ ਆ ਜਾਇਆ ਕਰਦੇ ਹਨ। ਜੋ ਬੀਬੀ ਜੀ ਨੇ ਦੇਖਿਆ ਹੈ, ਉਹ ਤਿੰਨੇ ਮੁਖ ਦੇਵਤੇ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਜੀ ਸਤਸੰਗ ਵਿਚ ਹਾਜ਼ਰੀ ਭਰਨ ਆਏ ਸਨ। ਸੋ ਇਸ ਵਿਚ ਹੈਰਾਨ ਹੋਣ ਵਾਲੀ ਕੋਈ ਗੱਲ ਨਹੀਂ। ਪਰ ਦੂਜੀ ਗੱਲ ਇਹ ਵੀ ਹੈ ਕਿ ਜਿਸ ਦੇ ਦਿਬ ਨੈਣ ਖੁਲ੍ਹੇ ਹੋਣ, ਕੇਵਲ ਉਹ ਪ੍ਰੇਮੀ ਹੀ ਇਹਨਾਂ ਦੇ ਦਰਸ਼ਨ ਕਰ ਸਕਿਆ ਕਰਦਾ ਹੈ। ਦੇਵਤੇ ਤਾਂ ਆਉਂਦੇ ਹੀ ਹਨ ਪਰੰਤੂ ਪ੍ਰਭੂ ਜੀ ਵੀ ਸਤਸੰਗ ਵਿਚ ਵਸਿਆ ਕਰਦੇ ਹਨ।

............... ***ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥***
***ਪੰਨਾ – 94***

ਜਿਥੇ ਹਰੀ ਦੀ ਕਥਾ ਹੋ ਰਹੀ ਹੋਵੇ, ਉਥੇ ਦੇਵਤੇ ਆ ਜਾਇਆ ਕਰਦੇ ਹਨ।

***ਹਰਿ ਕੀ ਕਥਾ ਹੋਤ ਹੈ ਜਹਾਂ॥ ਗੰਗਾ ਭੀ ਚਲ ਆਵਤ ਤਹਾਂ॥***

ਬਾਬਾ ਜੀ ਤੇ ਬੀਜੀ ਨੇ ਸੰਤ ਮਹਾਰਾਜ ਜੀ ਦੀ ਸੰਗਤ ਵਿਚ ਅਨੇਕਾਂ ਕੌਤਕ ਤੱਕੇ ਹਨ ਜੋ ਕੇਵਲ ਪੁਗੀਆਂ ਹੋਈਆਂ ਰੂਹਾਂ ਦੇ ਕਰਮ ਖੇਤਰ ਵਿਚ ਹੀ ਹੋਇਆ ਕਰਦੇ ਹਨ।

ਪਟਿਆਲੇ ਆਉਣ ਤੋਂ ਪਹਿਲਾਂ ਬਾਬਾ ਜੀ ਦਾ ਕਾਫੀ ਸਮਾਂ ਸੰਤ ਮਹਾਰਾਜ ਜੀ ਦੀ ਸੰਗਤ ਵਿਚ ਬੀਤਿਆ ਅਤੇ ਉਨ੍ਹਾਂ ਨੇ ਬਹੁਤ ਨੇੜੇ ਹੋ ਕੇ ਅਜਿਹੇ ਕੌਤਕ ਦੇਖੇ ਜੋ ਆਮ ਜਗਿਆਸੂ ਦੀ ਸਮਝ ਤੋਂ ਬਾਹਰ ਹੋਇਆ ਕਰਦੇ ਹਨ। ਬਾਬਾ ਜੀ ਨੇ ਦੱਸਿਆ ਸੀ ਕਿ ਮੈਂ ਜਦੋਂ ਰਾੜੇ ਸਾਹਿਬ ਰਿਹਾ ਕਰਦਾ ਸੀ ਤਾਂ ਇਕ ਦਿਨ ਮੈਂ ਕੀ ਦੇਖਦਾ ਹਾਂ ਕਿ ਮੈਂ ਆਪਣੇ ਸਰੀਰ 'ਚੋਂ ਬਾਹਰ ਹੋ ਗਿਆ ਤੇ ਮੈਂ ਆਪਣਾ ਸਰੀਰ ਵੀ ਵੇਖ ਰਿਹਾ ਹਾਂ ਤੇ ਇਕ ਮੇਰਾ ਇਹ ਸੂਖਸ਼ਮ ਸਰੀਰ ਵੀ ਹੈ। ਮੈਂ ਉਸ ਸਰੀਰ ਨਾਲ ਕੰਧ ਵਿਚੋਂ ਦੀ ਹੀ ਲੰਘ ਕੇ ਦੂਜੇ ਕਮਰਿਆਂ ਵਿਚੋਂ ਦੀ ਦੇਖ ਰਿਹਾ ਹਾਂ ਕਿ ਸਿੰਘ ਸੁੱਤੇ ਪਏ ਹਨ ਤੇ ਇਸ ਤਰ੍ਹਾਂ ਨਾਲ ਉਸ ਸਰੀਰ ਨਾਲ ਕਾਫੀ ਦੇਰ ਦੇਖਿਆ ਕਿ ਮੇਰੇ ਵਸਤ੍ਰ ਪਏ ਹਨ ਤੇ ਹੈਰਾਨ ਹੋ ਰਿਹਾ ਹਾਂ। ਥੋੜ੍ਹੀ ਦੇਰ ਬਾਅਦ ਮੈਂ ਵਾਪਸ ਆਇਆ ਤੇ ਮੈਂ ਆਪਣੇ ਸਰੀਰ ਵਿਚ ਪਰਵੇਸ਼ ਕਰ ਗਿਆ। ਮੈਨੂੰ ਝਟਕਾ ਜਿਹਾ ਲੱਗਿਆ ਤੇ ਮੈਂ ਥੋੜ੍ਹੀ ਦੇਰ ਬਾਅਦ ਉਠ ਕੇ ਖੜ੍ਹਾ ਹੋ ਗਿਆ। ਇਸ਼ਨਾਨ ਆਦਿ ਕੀਤਾ, ਨਿਤਨੇਮ ਕੀਤਾ ਅਤੇ ਦਿਨ ਚੜ੍ਹੇ ਸੰਤ ਮਹਾਰਾਜ ਜੀ ਜਦੋਂ ਸੈਰ ਕਰ ਰਹੇ ਸਨ ਤਾਂ ਮੈਂ ਨਮਸ਼ਕਾਰ ਕਰਕੇ ਇਹ ਰਾਤ ਵਾਲਾ ਕੌਤਕ ਮਹਾਰਾਜ ਜੀ ਨੂੰ ਦੱਸਿਆ ਕਿ ਮਹਾਰਾਜ ਜੀ ਮੈਂ ਸਰੀਰ ਵਿਚੋਂ ਨਿਕਲ ਕੇ ਸੂਖਸ਼ਮ ਸਰੀਰ ਨਾਲ ਇਧਰ ਉਧਰ ਘੁੰਮ ਕੇ ਕਾਫੀ ਕੁਝ ਦੇਖਿਆ ਤੇ ਫੇਰ ਸਰੀਰ ਵਿਚ ਪਰਵੇਸ਼ ਕਰ ਗਿਆ। ਸੰਤ ਮਹਾਰਾਜ ਜੀ ਇਹ ਸੁਣ ਕੇ ਮੁਸਕਰਾ ਪਏ ਤੇ ਕਹਿਣ ਲੱਗੇ ਕਿ ਬੱਸ ਐਨੇ ਵਿਚ ਹੀ ਤੁਸੀਂ ਡਰ ਗਏ? ਅਸੀਂ ਤਾਂ ਹਰ ਰੋਜ਼ ਸਰੀਰ ਨੂੰ ਇਥੇ ਛੱਡ ਕੇ, ਬਿਦੇਹ ਹੋ ਜਾਂਦੇ ਹਾਂ ਅਤੇ ਜਿਥੇ ਜਿਥੇ ਪ੍ਰੇਮੀ ਯਾਦ ਕਰਦੇ ਹਨ ਉਨ੍ਹਾਂ ਦੇ ਕੰਮ ਕਰਦੇ ਹਾਂ ਕਿਉਂਕਿ ਪ੍ਰੇਮੀਆਂ ਦੀਆਂ ਭਾਵਨਾਵਾਂ ਸਾਨੂੰ ਪੂਰੀਆਂ ਕਰਨੀਆਂ ਪੈਂਦੀਆਂ ਹਨ। ਸੋ ਇਹ ਵਿਦੇਹ ਅਵਸਥਾ ਹੈ ਜੋ ਤੁਹਾਨੂੰ ਪ੍ਰਾਪਤ ਹੋ ਗਈ ਹੈ ਪਰੰਤੂ ਇਸ ਵਿਚ ਸਾਵਧਾਨੀ ਦੀ ਲੋੜ ਹੋਇਆ ਕਰਦੀ ਹੈ ਕਿ ਜਦੋਂ ਕੋਈ ਮਹਾਤਮਾ ਇਸ ਤਰ੍ਹਾਂ ਸਰੀਰ ਛੱਡ ਕੇ ਵਿਦੇਹ ਹੋਇਆ ਹੁੰਦਾ ਹੈ, ਉਸ ਵੇਲੇ ਉਸ ਨੂੰ ਜਗਾਉਣਾ ਨਹੀਂ ਚਾਹੀਦਾ ਕਿਉਂਕਿ ਉਸ ਦਾ ਸੰਬੰਧ ਇਕ ਬਰੀਕ ਸੂਖਸ਼ਮ ਤਾਰ, ਜਿਸ ਨੂੰ ਸਿਲਵਰ ਕੋਡ ਕਹਿੰਦੇ ਹਨ, ਰਾਹੀਂ ਸਥੂਲ ਸਰੀਰ ਦਾ ਤੇ ਸੂਖਸ਼ਮ ਸਰੀਰ ਦਾ ਸੰਬੰਧ ਜੁੜਿਆ ਹੁੰਦਾ ਹੈ। ਇਸ ਦੌਰਾਨ ਜੇ ਕੋਈ ਜਗਾ ਦੇਵੇ ਤਾਂ ਉਹ ਸਿਲਵਰ ਕੋਡ ਟੁਟ ਜਾਇਆ ਕਰਦੀ ਹੈ ਤੇ ਸੂਖਸ਼ਮ ਸਰੀਰ ਫਿਰ ਦੁਬਾਰਾ ਸਥੂਲ ਸਰੀਰ ਵਿਚ ਪ੍ਰਵੇਸ਼ ਨਹੀਂ ਕਰ ਸਕਿਆ ਕਰਦਾ। ਜਿਸ ਤਰ੍ਹਾਂ ਨਾਲ ਬਾਬਾ ਰਾਮ ਰਾਇ ਜੀ ਦੇ ਸੇਵਕਾਂ ਨੇ ਉਨ੍ਹਾਂ ਦੇ ਸਥੂਲ ਸਰੀਰ ਦਾ

ਸਸਕਾਰ ਕਰ ਦਿਤਾ ਸੀ ਅਤੇ ਜਦੋਂ ਸੂਖਸ਼ਮ ਸਰੀਰ ਦੇ ਰੂਪ ਵਿਚ ਪ੍ਰਵੇਸ਼ ਕਰਨਾ ਚਾਹਿਆ, ਉਦੋਂ ਤਕ ਸਰੀਰ ਅਗਨੀ ਭੇਟ ਹੋ ਕੇ ਸੁਆਹ ਬਣ ਚੁਕਿਆ ਸੀ। ਜਦੋਂ ਦਸ਼ਮੇਸ਼ ਪਿਤਾ ਜੀ ਨੂੰ ਉਨ੍ਹਾਂ ਦੇ ਮਹਿਲ ਮਾਤਾ ਜੀ ਨੇ ਬੇਨਤੀ ਕੀਤੀ ਤਾਂ ਗੁਰੂ ਮਹਾਰਾਜ ਜੀ ਨੇ ਗੁਰੂ ਅੰਸ ਜਾਣ ਕੇ ਉਹਨਾਂ ਦਾ ਉਧਾਰ ਕੀਤਾ ਸੀ।

ਸੋ ਇਸ ਕਰਕੇ ਬਾਬਾ ਜੀ ਤੇ ਬੀਜੀ ਨੇ ਪਟਿਆਲਾ ਵਿਖੇ ਰਹਿੰਦਿਆਂ ਅਨੇਕਾਂ ਪ੍ਰੇਮੀਆਂ ਨੂੰ ਗੁਰਮਤਿ ਦੇ ਰਾਹ ਤੇ ਤੋਰਿਆ। ਨਿਡਰਤਾ ਤੇ ਨਿਰਭੈਤਾ ਨਾਲ ਦੂਜੇ ਦੀ ਖਾਮੀ ਨੂੰ ਮੂੰਹ ਉਤੇ ਹੀ ਦੱਸ ਦਿੰਦੇ ਸਨ ਅਤੇ ਦਲੀਲ ਦੇ ਕੇ ਉਸ ਦੀ ਪੂਰੀ ਤਸੱਲੀ ਕਰਵਾ ਦਿੰਦੇ ਸਨ ਜਿਸ ਨਾਲ ਉਸ ਨੂੰ ਗਲਤੀ ਦਾ ਅਹਿਸਾਸ ਹੋ ਜਾਇਆ ਕਰਦਾ ਸੀ। ਸੋ ਮਿਲਟਰੀ ਦੀ ਸਰਵਿਸ ਦਾ ਜੀਵਨ ਵੀ ਬਹੁਤ ਸਾਫ ਸੁਥਰਾ, ਭਗਤੀ ਭਰਪੂਰ ਤੇ ਪਰਉਪਕਾਰੀ ਹੀ ਰਿਹਾ। ਪਰਿਵਾਰਿਕ ਤੇ ਗ੍ਰਿਹਸਤ ਦੀਆਂ ਜ਼ਿੰਮੇਵਾਰੀਆਂ ਦੇ ਬਾਵਜੂਦ ਵੀ ਆਪ ਦੇ ਜੀਵਨ ਵਿਚ ਕਦੀ ਢਹਿੰਦੀ ਕਲਾ ਨੇ ਸਿਰ ਨਹੀਂ ਚੁਕਿਆ, ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿ ਕੇ ਨਵਾਂ ਨਰੋਆ ਜੀਵਨ ਆਪ ਬਿਤਾਇਆ ਤੇ ਜਿੰਨੇ ਵੀ ਉਨ੍ਹਾਂ ਦੇ ਸੰਪਰਕ ਵਿਚ ਆਏ, ਉਨ੍ਹਾਂ ਨੂੰ ਵੀ ਜਾਚ ਸਿਖਾਈ। ਤਕਰੀਬਨ ਦਸ ਸਾਲ ਫੌਜ ਦੀ ਨੌਕਰੀ ਕਰਕੇ 1951 ਵਿਚ ਆਪ ਜੀ ਨੂੰ ਚੰਡੀਗੜ੍ਹ ਸੈਕਟਰੀਏਟ ਵਿਚ ਪੋਸਟਿੰਗ ਕਰਕੇ ਭੇਜ ਦਿਤਾ ਗਿਆ ਕਿਉਂਕਿ 1947 ਵਿਚ ਦੇਸ਼ ਆਜ਼ਾਦ ਹੋਣ ਕਰਕੇ ਪੈਪਸੂ ਦੀ ਰਿਆਸਤ ਖਤਮ ਕਰ ਦਿਤੀ ਗਈ ਅਤੇ ਇਸ ਨੂੰ ਪੰਜਾਬ ਵਿਚ ਸ਼ਾਮਲ ਕਰ ਦਿਤਾ ਗਿਆ ਤੇ ਉਸ ਵੇਲੇ ਦਾ ਪੰਜਾਬ ਅੱਜ ਦੇ ਛੋਟੇ ਜਿਹੇ ਪੰਜਾਬ ਵਰਗਾ ਨਹੀਂ ਸੀ। ਇਸ ਵਿਚ ਹਿਮਾਚਲ ਤੇ ਹਰਿਆਣਾ ਵੀ ਸ਼ਾਮਲ ਸਨ। ਚੰਡੀਗੜ੍ਹ, ਪੰਜਾਬ ਦੀ ਰਾਜਧਾਨੀ ਬਣ ਗਈ ਅਤੇ ਇਹ ਆਪਣੀ ਕਿਸਮ ਦਾ ਨਵਾਂ ਉਸਰ ਰਿਹਾ ਸ਼ਹਿਰ ਸੀ। ਉਸ ਵੇਲੇ ਆਬਾਦੀ ਘਟ ਸੀ। ਕੇਵਲ 22 ਅਤੇ 23 ਸੈਕਟਰ ਹੀ ਆਬਾਦ ਸਨ, ਪੰਜਾਬ ਯੂਨੀਵਰਸਿਟੀ ਅਤੇ ਸੈਕਟਰੀਏਟ, ਹਾਈਕੋਰਟ ਆਦਿ ਦੀਆਂ ਇਮਾਰਤਾਂ ਹੀ ਬਣੀਆਂ ਸਨ।

## ਚੰਡੀਗੜ੍ਹ ਸਰਵਿਸ ਭਗਤੀ ਦੇ ਰੂਪ ਵਿਚ

ਸੰਨ 1951 ਵਿਚ ਜਦੋਂ ਆਪ ਜੀ ਪਟਿਆਲੇ ਤੋਂ ਚੰਡੀਗੜ੍ਹ ਆਏ, ਉਸ ਵੇਲੇ ਇਹ ਸ਼ਹਿਰ ਪੰਜਾਬ ਦੀ ਨਵੀਂ ਰਾਜਧਾਨੀ ਦੇ ਤੌਰ ਤੇ ਨਵਾਂ ਉਸਰ ਰਿਹਾ ਸੀ ਅਤੇ ਇਸ ਦਾ ਨਕਸ਼ਾ ਫਰਾਂਸ ਦੇ ਆਰਕੀਟੈਕਟ ਲੀ. ਕਾਰਬੂਜ਼ੀਅਰ ਨੇ ਤਿਆਰ ਕੀਤਾ। ਇਸ ਵਿਚ ਹਰ ਤਰ੍ਹਾਂ ਦੀ ਸੁਵਿਧਾ, ਹਰ ਸੈਕਟਰ ਵਿਚ ਮਾਰਕੀਟ, ਸਕੂਲ, ਪਾਰਕ ਅਤੇ ਚੌੜੀਆਂ ਸੜਕਾਂ ਦਾ ਡੀਜ਼ਾਈਨ ਤਿਆਰ ਕੀਤਾ ਗਿਆ ਸੀ। ਪਰੰਤੂ ਉਸ ਵੇਲੇ ਆਬਾਦੀ ਬਹੁਤ ਘੱਟ ਸੀ ਤੇ ਗੌਰਮਿੰਟ ਇਥੇ ਵਸੋਂ ਵਧਾਉਣ ਵਾਲੇ ਸਸਤੇ ਪਲਾਟ ਤੇ ਬਣੇ ਬਣਾਏ ਕੁਆਟਰ ਮੁਹੱਈਆ ਕਰ ਰਹੀ ਸੀ ਅਤੇ ਜਿੰਨੇ ਵੀ ਸਰਕਾਰੀ

ਮੁਲਾਜ਼ਮ ਸਨ, ਉਨ੍ਹਾਂ ਦੇ ਰਹਿਣ ਵਾਸਤੇ ਮਕਾਨ ਬਣਾ ਕੇ ਦਿਤੇ ਜਾਂਦੇ ਸਨ। ਸੈਕਟਰ 22 ਅਤੇ ਸੈਕਟਰ 23 ਵਿਚ ਹੀ ਵਸੋਂ ਜ਼ਿਆਦਾ ਸੀ ਅਤੇ ਇਥੇ ਦੀਆਂ ਮਾਰਕੀਟਾਂ ਬਣ ਗਈਆਂ ਸਨ ਪਰੰਤੂ ਮੱਧਯ ਮਾਰਗ ਤੋਂ ਪਾਰ 2 ਸੈਕਟਰ ਵਿਚ ਮਨਿਸਟਰਾਂ ਦੀਆਂ ਕੋਠੀਆਂ, ਸੈਕਟਰ 3 ਵਿਚ ਐਮ. ਐਲ. ਏ. ਫਲੈਟ, 4 ਤੋਂ 8 ਸੈਕਟਰਾਂ ਵਿਚ ਟਾਂਵੀਂ ਟਾਂਵੀਂ ਵਸੋਂ ਸੀ। ਸੈਕਟਰ 15 ਤੋਂ 16 ਵਿਚ ਵੀ ਟਾਂਵੇਂ ਟਾਂਵੇਂ ਮਕਾਨ ਸਨ। ਸੈਕਟਰ 14 ਵਿਚ ਪੰਜਾਬ ਯੂਨੀਵਰਸਿਟੀ ਅਤੇ ਸੈਕਟਰ 12 ਵਿਚ ਪੀ.ਜੀ.ਆਈ. ਦੀ ਉਸਾਰੀ ਵੀ ਹੋ ਰਹੀ ਸੀ। ਪੰਜਾਬ ਸਿਵਲ ਸਕੱਤਰੇਤ ਅਤੇ ਪੰਜਾਬ ਹਾਈ ਕੋਰਟ ਦੀਆਂ ਇਮਾਰਤਾਂ ਪਹਿਲਾਂ ਹੀ ਬਣ ਚੁਕੀਆਂ ਸਨ ਅਤੇ ਇਥੇ ਸਾਰੇ ਮਹਿਕਮਿਆਂ ਦੇ ਅਫਸਰ ਤੇ ਅਮਲਾ ਤਾਇਨਾਤ ਸੀ ਜੋ ਹਰ ਰੋਜ਼ ਕੰਮ ਕਾਰ ਤੇ ਆਉਂਦੇ ਜਾਂਦੇ। ਸੋ ਇਸ ਤਰ੍ਹਾਂ ਕਰਕੇ ਸਾਰੀ ਰੌਣਕ ਕੇਵਲ ਸਰਕਾਰੀ ਮੁਲਾਜ਼ਮਾਂ ਤੇ ਅਫਸਰਾਂ ਦੀ ਸੀ। ਬਾਬਾ ਜੀ ਵੀ ਪਰਿਵਾਰ ਸਮੇਤ ਚੰਡੀਗੜ੍ਹ ਪਹੁੰਚ ਗਏ ਜਿਥੇ ਉਨ੍ਹਾਂ ਨੂੰ 23 ਸੈਕਟਰ ਵਿਚ ਮਕਾਨ ਦੀ ਅਲਾਟਮੈਂਟ ਹੋ ਚੁਕੀ ਸੀ। ਇਸ ਵਾਸਤੇ ਆਪ ਨੂੰ ਇਸ ਪੱਖੋਂ ਕੋਈ ਮੁਸ਼ਕਲ ਪੇਸ਼ ਨਾ ਆਈ। ਇਥੇ ਆਉਣ ਤੋਂ ਪਹਿਲਾਂ ਆਪ ਨੇ ਰਾੜਾ ਸਾਹਿਬ ਜਾ ਕੇ ਸੰਤ ਮਹਾਰਾਜ ਜੀ ਦੀ ਆਗਿਆ ਪ੍ਰਾਪਤ ਕਰ ਲਈ ਸੀ ਅਤੇ ਉਨ੍ਹਾਂ ਨੇ ਬਚਨ ਕੀਤਾ ਸੀ ਕਿ ਇਥੇ ਠੀਕ ਰਹੇਗਾ। ਨਾਲੇ ਬੱਚਿਆਂ ਦੀ ਪੜ੍ਹਾਈ ਵੀ ਹੋ ਜਾਵੇਗੀ ਅਤੇ ਨਵਾਂ ਸ਼ਹਿਰ ਆਬਾਦ ਹੋ ਰਿਹਾ ਹੈ, ਖੁਲ੍ਹਾ ਹੋਣ ਕਰਕੇ ਸਿਹਤ ਵਾਸਤੇ ਵੀ ਠੀਕ ਰਹੇਗਾ। ਸੈਕਟਰੀਏਟ ਵਿਚ ਆਪ ਦੀ ਪੋਸਟਿੰਗ ਨੈਚਰਲ ਕਲੈਮਟੀ (ਕੁਦਰਤੀ ਆਫਤਾਂ) ਦੇ ਮਹਿਕਮੇ ਵਿਚ ਹੋਈ। ਸਾਰਾ ਕੰਮਕਾਰ ਬੜੀ ਸਹਿਜ ਨਾਲ ਹੀ ਆਪ ਨੇ ਸਮਝ ਲਿਆ ਅਤੇ ਆਪ ਨੂੰ ਇਹ ਵੀ ਦੱਸਿਆ ਗਿਆ ਕਿ ਇਹ ਸੀਟ ਬਹੁਤ ਹੀ ਮਹੱਤਤਾ ਵਾਲੀ ਹੈ। ਪੰਜਾਬ ਵਿਚ ਆਉਂਦੇ ਹੜ੍ਹਾਂ ਕਾਰਨ ਜੋ ਨੁਕਸਾਨ ਹੁੰਦਾ ਹੈ ਉਸ ਦੇ ਬਚਾਵ ਲਈ ਪਹਿਲਾਂ ਹੀ ਕਾਰਵਾਈ ਕਰਨੀ ਪੈਂਦੀ ਹੈ ਇਸ ਕਰਕੇ ਜਿੰਨੇ ਨਦੀ ਨਾਲੇ ਤੇ ਚੋਅ ਹਨ, ਸਭ ਦੀ ਭੂਗੋਲਿਕ ਸਥਿਤੀ ਦਾ ਪਤਾ ਹੋਣ ਦੇ ਨਾਲ ਨਾਲ ਉਚੀਆਂ ਨੀਵੀਆਂ ਥਾਵਾਂ ਦਾ ਪਤਾ ਹੋਣਾ ਚਾਹੀਦਾ ਹੈ ਕਿ ਜੇਕਰ ਪਹਾੜੀ ਇਲਾਕੇ ਵਿਚ ਬਾਰਸ਼ ਹੁੰਦੀ ਹੈ ਤਾਂ ਪਾਣੀ ਦਾ ਬਹਾਵ ਕਿਸ ਪਾਸੇ ਨੂੰ ਜਾ ਕੇ ਫਸਲਾਂ ਤੇ ਪਿੰਡਾਂ ਦੀ ਆਬਾਦੀ ਦਾ ਨੁਕਸਾਨ ਕਰ ਸਕਦਾ ਹੈ। ਇਸ ਦੇ ਨਾਲ ਨਾਲ ਮੌਸਮ ਦੀ ਜਾਣਕਾਰੀ ਅਤੇ ਮੀਂਹ ਪੈਣ ਦੇ ਆਸਾਰ ਤੇ ਪ੍ਰਭਾਵ ਦਾ ਵੀ ਅਨੁਭਵ ਹੋਣਾ ਬਹੁਤ ਜ਼ਰੂਰੀ ਹੈ। ਫਾਈਲ ਉਤੇ ਨੋਟ ਚੜ੍ਹਾ ਕੇ, ਕਮਿਸ਼ਨਰ ਤੋਂ ਮਨਜ਼ੂਰੀ ਲੈ ਕੇ ਦੂਜੇ ਮਹਿਕਮਿਆਂ ਨੂੰ ਸੂਚਨਾ ਦੇਣੀ ਤੇ ਨਾਲ ਹਦਾਇਤ ਦੇਣੀ, ਇਹ ਸਾਰੇ ਕੰਮ ਇਸ ਸੀਟ ਨਾਲ ਸੰਬੰਧਤ ਸਨ। ਆਪ ਨੇ ਇਹ ਜ਼ਿੰਮੇਵਾਰੀ ਬੜੀ ਕਾਰਜ ਕੁਸ਼ਲਤਾ ਨਾਲ ਨਿਭਾਈ। ਇਕ ਵੇਰਾਂ ਦਾ ਆਪ ਜ਼ਿਕਰ ਕਰਿਆ ਕਰਦੇ ਸਨ ਕਿ ਜੋ ਅਜਕਲ ਹਰਿਆਣਾ ਜਾਣਿਆਂ ਜਾਂਦਾ ਹੈ, ਇਹ ਤੇ

ਹਿਮਾਚਲ ਵੀ ਜੋ ਪੰਜਾਬ ਦਾ ਹੀ ਹਿਸਾ ਸਨ, ਉਸ ਵੇਲੇ ਕਰਨਾਲ ਦੇ ਪਿੰਡਾਂ ਵਿਚ ਕੋਈ ਬਰਸਾਤੀ ਨਾਲਾ ਵਗਦਾ ਸੀ ਅਤੇ ਆਪ ਜੀ ਨੇ ਬਾਰਸ਼ਾਂ ਤੋਂ ਪਹਿਲਾਂ ਹੀ ਲਿਖ ਕੇ ਭੇਜ ਦਿਤਾ ਕਿ ਇਨ੍ਹਾਂ ਪਿੰਡਾਂ ਵਿਚ ਹੜ੍ਹ ਆਉਣ ਦਾ ਖਤਰਾ ਹੈ, ਫਲਾਣੀ ਤਾਰੀਖ ਤੋਂ ਪਹਿਲਾਂ ਪਹਿਲਾਂ ਪਿੰਡ ਖਾਲੀ ਕਰਵਾ ਕੇ ਪਿੰਡਾਂ ਵਾਲਿਆਂ ਨੂੰ ਸੁਰਖਿਅਤ ਥਾਂ ਤੇ ਭੇਜਿਆਂ ਜਾਵੇ। ਜਦੋਂ ਇਹ ਫਾਈਲ ਮਨਜ਼ੂਰੀ ਲਈ ਕਮਿਸ਼ਨਰ ਸਾਹਿਬ ਕੋਲ ਗਈ ਤਾਂ ਉਨ੍ਹਾਂ ਨੇ ਆਪ ਜੀ ਨੂੰ ਬੁਲਾਇਆ ਤੇ ਕਿਹਾ ਕਿ ਜੇਕਰ ਬਾਰਸ਼ ਨਾ ਹੋਈ ਤਾਂ ਪਿੰਡਾਂ ਨੂੰ ਉਠਾਲਣ, ਉਨ੍ਹਾਂ ਨੂੰ ਸੁਰਖਿਅਤ ਥਾਂ ਤੇ ਭੇਜਣ ਦਾ ਤਾਂ ਬਹੁਤ ਖਰਚਾ ਹੋਵੇਗਾ ਤੇ ਫੇਰ ਦੁਬਾਰਾ ਉਨ੍ਹਾਂ ਨੂੰ ਪਿੰਡਾਂ ਵਿਚ ਵਸਾਉਣਾ ਪਵੇਗਾ। ਬਾਬਾ ਜੀ ਨੇ ਕਿਹਾ ਕਿ ਇਹ ਵੀ ਤਾਂ ਹੋ ਸਕਦਾ ਹੈ ਕਿ ਜੇ ਬਾਰਸ਼ ਕਾਰਨ ਹੜ੍ਹ ਆ ਗਿਆ ਤਾਂ ਇਹ ਸਾਰੇ ਪਿੰਡ ਰੁੜ੍ਹ ਜਾਣੇ ਹਨ ਤੇ ਕਿਤਨਾ ਮਾਲੀ ਤੇ ਜਾਨੀ ਨੁਕਸਾਨ ਹੋਵੇਗਾ ਤਾਂ ਉਸ ਦਾ ਖਰਚਾ ਹੋਣ ਵਾਲੇ ਖਰਚੇ ਤੋਂ ਕਿਤੇ ਜ਼ਿਆਦਾ ਹੋਵੇਗਾ ਤੇ ਫੇਰ ਜਿਹੜੀਆਂ ਜਾਨਾਂ ਜਾਣਗੀਆਂ, ਉਹ ਤਾਂ ਵਾਪਸ ਨਹੀਂ ਆ ਸਕਦੀਆਂ। ਅਫਸਰ ਨੂੰ ਆਪ ਨੇ ਦਲੀਲ ਦੇ ਕੇ ਮਨਾ ਲਿਆ ਤੇ ਜਿਲ੍ਹਾ ਹੈਡਕੁਆਟਰ ਵਾਲਿਆਂ ਨੇ ਵੀ ਇਹੋ ਸਵਾਲ ਕੀਤਾ ਪਰ ਕਿਉਂਕਿ ਕਮਿਸ਼ਨਰ ਸਾਹਿਬ ਦਾ ਹੁਕਮ ਸੀ, ਕੋਈ ਨਹੀਂ ਸੀ ਟਾਲ ਸਕਦਾ। ਹੁਕਮ ਅਨੁਸਾਰ ਪਹਿਲਾਂ ਹੀ ਪਿੰਡਾਂ ਨੂੰ ਖਾਲੀ ਕਰਵਾ ਲਿਆ ਤੇ ਜੋ ਬਚਾਓ ਦੇ ਵਸੀਲੇ ਸਨ, ਸਭ ਬਾਰਸ਼ਾਂ ਤੋਂ ਪਹਿਲਾਂ ਪੂਰੇ ਕਰ ਲਏ ਗਏ। ਮਿਥੇ ਸਮੇਂ ਤੇ ਬਾਰਸ਼ ਹੋਣੀ ਸ਼ੁਰੂ ਹੋਈ, ਝੜੀ ਲੱਗ ਗਈ ਅਤੇ ਬਾਰਸ਼ ਦਾ ਇੰਨਾ ਪਾਣੀ ਇਕੱਠਾ ਹੋ ਗਿਆ ਕਿ ਉਸ ਨਾਲੇ ਵਿਚ ਹੜ੍ਹ ਆ ਗਿਆ ਤੇ ਪਾਣੀ ਨੀਵੇਂ ਥਾਵਾਂ ਤੇ ਕੰਨਟੂਰਾਂ ਵੱਲ ਵਗਣਾ ਸ਼ੁਰੂ ਹੋ ਗਿਆ। ਬਸ ਫੇਰ ਕੀ, ਜਿੰਨੇ ਪਿੰਡਾਂ ਨੂੰ ਖਾਲੀ ਕੀਤਾ ਸੀ, ਸਾਰੇ ਪਿੰਡ ਪਾਣੀ ਨਾਲ ਭਰ ਗਏ, ਮਕਾਨ ਢਹਿ ਗਏ, ਘਰਾਂ ਵਿਚ ਪਾਣੀ ਦਾਖਲ ਹੋ ਗਿਆ ਪਰ ਕਿਸੇ ਦਾ ਵੀ ਮਾਲੀ ਤੇ ਜਾਨੀ ਨੁਕਸਾਨ ਨਾ ਹੋਇਆ। ਜਿਲਾ ਅਧਿਕਾਰੀਆਂ ਨੇ ਕਮਿਸ਼ਨਰ ਸਾਹਿਬ ਨੂੰ ਚਿਠੀ ਲਿਖ ਕੇ ਧੰਨਵਾਦ ਕੀਤਾ ਕਿ ਜੇਕਰ ਤੁਸੀਂ ਸਾਨੂੰ ਸਮੇਂ ਤੋਂ ਪਹਿਲਾਂ ਖਬਰਦਾਰ ਨਾ ਕਰਦੇ ਤਾਂ ਬਹੁਤ ਜ਼ਿਆਦਾ ਮਾਲੀ ਤੇ ਜਾਨੀ ਨੁਕਸਾਨ ਹੋਣਾ ਸੀ। ਆਪ ਦੇ ਹੁਕਮ ਅਨੁਸਾਰ ਅਸੀਂ ਪਹਿਲਾਂ ਹੀ ਪਿੰਡ ਖਾਲੀ ਕਰਵਾ ਲਏ ਸਨ ਤੇ ਹੁਣ ਕੋਈ ਨੁਕਸਾਨ ਨਹੀਂ ਹੋਇਆ, ਕੇਵਲ ਖੜ੍ਹੀਆਂ ਫਸਲਾਂ ਦਾ ਨੁਕਸਾਨ ਹੋਇਐ ਅਤੇ ਮਕਾਨ ਢਹਿ ਗਏ ਹਨ ਜਿਸ ਦਾ ਮੁਆਵਜ਼ਾ ਮਿਥੀ ਕੀਮਤ ਅਨੁਸਾਰ ਦੇ ਦਿਤਾ ਜਾਵੇਗਾ। ਜਦੋਂ ਇਹ ਚਿੱਠੀ ਕਮਿਸ਼ਨਰ ਪਾਸ ਪੁਜੀ ਤਾਂ ਉਨ੍ਹਾਂ ਨੇ ਬਾਬਾ ਜੀ ਨੂੰ ਉਨ੍ਹਾਂ ਦੇ ਅਨੁਭਵ ਤੇ ਤੁਰੰਤ ਕਾਰਵਾਈ ਲਈ ਸ਼ਾਬਾਸ਼ ਦਿਤੀ।

ਦਫਤਰ ਦਾ ਟਾਈਮ ਭਾਵੇਂ ਸਵੇਰ 9.00 ਵਜੇ ਤੋਂ ਸ਼ਾਮ 5.00 ਵਜੇ ਤੱਕ ਦਾ ਸੀ ਪਰੰਤੂ ਆਪ ਜੀ ਰਾਤ ਦੇ 9-10 ਵਜੇ ਤਕ, ਕਈ ਦਫਾ

ਰਾਤ ਦੇ 11 ਵੱਜ ਜਾਇਆ ਕਰਦੇ, ਇਸ ਤਰ੍ਹਾਂ ਕੰਮ ਕਰਦੇ ਰਹਿੰਦੇ ਸੀ ਤੇ ਜਦ ਤਕ ਮੇਜ਼ ਤੋਂ ਸਾਰੀਆਂ ਫਾਈਲਾਂ ਭੁਗਤ ਨਹੀਂ ਸਨ ਜਾਂਦੀਆਂ, ਉਦੋਂ ਤਕ ਬੈਠੇ ਰਹਿੰਦੇ ਸੀ। ਆਪ ਦੇ ਸਾਥੀ ਅਤੇ ਸੁਪ੍ਰਡੈਂਟ ਵਗੈਰਾ ਸਾਰੇ ਹੈਰਾਨ ਸਨ ਕਿ ਇਹਨਾਂ ਦਾ ਕੰਮ ਕਦੀ ਵੀ ਪੈਂਡਿੰਗ ਨਹੀਂ ਹੁੰਦਾ, ਰੋਜ਼ ਦਾ ਰੋਜ਼ ਕੰਮ ਮੁਕਾ ਕੇ ਘਰ ਜਾਂਦੇ ਹਨ। ਕਈ ਤਾਂ ਇਸ ਗੱਲੋਂ ਨਰਾਜ਼ ਵੀ ਸਨ ਕਿ ਇਹ ਇੰਨਾਂ ਜ਼ਿਆਦਾ ਕੰਮ ਕਿਉਂ ਕਰਦੇ ਹਨ ਕਿਉਂਕਿ ਉਹਨਾਂ ਨੂੰ ਆਪਣੇ ਅਫਸਰ ਵਲੋਂ ਡਾਂਟ ਪਿਆ ਕਰਦੀ ਸੀ, ਪਰੰਤੂ ਆਪ ਆਪਣੀ ਮਸਤੀ ਵਿਚ ਸਾਰਾ ਕੰਮ ਕਰ ਦਿਆ ਕਰਦੇ ਸਨ। ਇਕ ਦੋ ਸਾਥੀ ਤਾਂ ਆਪ ਦੇ ਬਹੁਤ ਨੇੜਲੇ ਸਨ ਜਿਨ੍ਹਾਂ ਨੂੰ ਆਪ ਬਾਰੇ ਪਤਾ ਸੀ ਕਿ ਆਪ ਜੀ ਤਾਂ ਨਾਮ ਦੇ ਰਸੀਏ ਹਨ ਅਤੇ ਸਵਾਸ ਸਵਾਸ ਨਾਮ ਜਪਦੇ ਹਨ ਪਰੰਤੂ ਉਹ ਹੈਰਾਨ ਸਨ ਕਿ ਇਹ ਹਰ ਵਕਤ ਤਾਂ ਫਾਈਲਾਂ ਦੇ ਪੜ੍ਹਨ ਤੇ ਲਿਖਣ ਵਿਚ ਲੱਗੇ ਰਹਿੰਦੇ ਹਨ ਤੇ ਫੇਰ ਨਾਮ ਕਿਹੜੇ ਵੇਲੇ ਤੇ ਕਿਵੇਂ ਜਪਦੇ ਹੋਣਗੇ? ਇਸ ਬਾਰੇ ਪੁਛਣਾ ਚਾਹੀਦਾ ਹੈ। ਆਪ ਜੀ ਨੂੰ ਇਹੋ ਸਵਾਲ ਉਨ੍ਹਾਂ ਨੇ ਕੀਤਾ ਹੈ। ਬਾਬਾ ਜੀ ਕਹਿਣ ਲੱਗੇ, ਤੁਸੀਂ ਮੈਨੂੰ ਓਹੀ ਸਵਾਲ ਕੀਤਾ ਹੈ ਜੋ ਭਗਤ ਤ੍ਰਿਲੋਚਨ ਜੀ ਨੇ ਭਗਤ ਨਾਮਦੇਵ ਜੀ ਨੂੰ ਕੀਤਾ ਸੀ। ਪੁੱਛਣ ਲੱਗੇ, ਉਨ੍ਹਾਂ ਨੇ ਕੀ ਸਵਾਲ ਕੀਤਾ ਸੀ?

***ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ॥***
***ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ॥***
***ਪੰਨਾ - 1376***

ਤ੍ਰਿਲੋਚਨ ਜੀ ਕਹਿਣ ਲੱਗੇ ਕਿ ਮੈਂ ਸੁਣਿਆ ਸੀ ਕਿ ਨਾਮ ਦੇਵ ਜੀ ਬਹੁਤ ਵੱਡੇ ਪ੍ਰਭੂ ਦੇ ਭਗਤ ਹਨ ਤੇ ਹਰ ਵਕਤ ਸਿਮਰਨ, ਭਜਨ ਕਰਦੇ ਰਹਿੰਦੇ ਹਨ ਪਰ ਮੈਂ ਇਥੇ ਆ ਕੇ ਦੇਖਿਆ ਕਿ ਇਨ੍ਹਾਂ ਦੇ ਦੁਆਲੇ ਤਾਂ ਗਾਹਕਾਂ ਦੀ ਭੀੜ ਲੱਗੀ ਹੋਈ ਹੈ। ਕੋਈ ਪੈਸੇ ਦੇ ਰਿਹਾ ਹੈ, ਕੋਈ ਚੰਦੇ ਛਾਪਣ ਵਾਸਤੇ ਕਹਿ ਰਿਹਾ ਹੈ, ਕਿਸੇ ਗਾਹਕ ਨੂੰ ਛਾਪੇ ਹੋਏ ਚੰਦੇ ਫੜਾ ਰਹੇ ਹਨ, ਇਨ੍ਹਾਂ ਨੂੰ ਤਾਂ ਕੰਮ ਵਿਚੋਂ ਹੀ ਫੁਰਸਤ ਨਹੀਂ, ਇਹ ਤਾਂ ਬੱਸ ਮਾਇਆ ਦੇਣ ਲੈਣ ਦਾ ਹੀ ਵਣਜ ਕਰ ਰਹੇ ਹਨ, ਨਾਮ ਸਿਮਰਨ ਤਾਂ ਬਹੁਤ ਦੂਰ ਦੀ ਗੱਲ ਹੈ। ਇਸ ਤਰ੍ਹਾਂ ਦੇ ਵਿਚਾਰ ਭਗਤ ਤ੍ਰਿਲੋਚਨ ਜੀ ਦੇ ਮਨ ਵਿਚ ਆ ਰਹੇ ਹਨ ਤੇ ਉਹ ਇਕ ਪਾਸੇ ਹੋ ਕੇ ਬੈਠੇ ਸਭ ਕੁਝ ਦੇਖ ਰਹੇ ਹਨ। ਜਦੋਂ ਗਾਹਕਾਂ ਦੀ ਭੀੜ ਘੱਟ ਹੋਈ, ਇਕ ਦੋ ਰਹਿ ਗਏ ਤਾਂ ਨਾਮਦੇਵ ਜੀ ਨੇ ਦੇਖਿਆ ਕਿ ਇਹ ਪ੍ਰੇਮੀ ਵੀ ਬੈਠੇ ਹਨ। ਕਹਿਣ ਲੱਗੇ ਆਓ, ਭਗਤ ਜੀ, ਤੁਸੀਂ ਵੀ ਦਸੋ ਕੀ ਕੰਮ ਆਏ ਸੀ, ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ। ਭਗਤ ਤ੍ਰਿਲੋਚਨ ਜੀ ਕਹਿਣ ਲੱਗੇ ਕਿ ਮੈਂ ਤਾਂ ਤੁਹਾਡੀ ਮਹਿਮਾ ਸੁਣ ਕੇ ਦਰਸ਼ਨ ਕਰਨ ਆਇਆ ਸੀ ਪਰ ਇਥੇ ਆ ਕੇ ਦੇਖਿਆ, ਤੁਸੀਂ ਤਾਂ ਨਾਮ ਜਪਣ ਦੀ ਥਾਂ ਤੇ ਮਾਇਆ ਵਿਚ ਖਚਤ ਹੋਏ ਪਏ ਹੋ, ਮੈਨੂੰ ਇਹ ਦੱਸਣ ਦੀ ਕ੍ਰਿਪਾਲਤਾ ਕਰੋ ਕਿ ਤੁਸੀਂ ਨਾਮ ਕਿਹੜੇ

ਵੇਲੇ ਜਪਦੇ ਹੋ? ਨਾਮਦੇਵ ਜੀ ਹੱਸ ਪਏ ਤੇ ਕਹਿਣ ਲਗੇ, "ਨਾਮ ਦਾ ਸੰਬੰਧ ਸਰੀਰ ਨਾਲ ਨਹੀਂ, ਚਿਤ ਨਾਲ ਹੋਇਆ ਕਰਦਾ ਹੈ। ਤੁਸੀਂ ਮੈਨੂੰ ਦੇਖਿਐ ਕਿ ਮੈਂ ਹੱਥਾਂ ਨਾਲ ਗਾਹਕਾਂ ਕੋਲੋਂ ਲੈਣ ਦੇਣ ਕਰ ਰਿਹਾ ਸੀ ਪਰ ਮੇਰਾ ਮਨ ਤਾਂ ਪ੍ਰਭੂ ਨਾਲ ਲੱਗਿਆ ਹੋਇਆ ਸੀ।" ਤ੍ਰਿਲੋਚਨ ਜੀ ਕਹਿਣ ਲੱਗੇ, "ਇਹ ਕਿਵੇਂ ਹੋ ਸਕਦਾ ਹੈ ਕਿ ਹੱਥ ਕੰਮ ਕਰਨ ਅਤੇ ਚਿਤ ਪ੍ਰਭੂ ਨਾਲ ਲੱਗਿਆ ਹੋਵੇ? ਕਹਿਣ ਲੱਗੇ, "ਭਗਤ ਜੀ! ਤੁਸੀਂ ਬੀਬੀਆਂ ਨੂੰ ਪਿੰਡਾਂ ਵਿਚ ਸਿਰ ਤੇ ਦੋ ਦੋ ਘੜੇ ਪਾਣੀ ਦੇ ਰੱਖ ਕੇ ਤੁਰਦਿਆਂ ਦੇਖਿਆ ਹੋਵੇਗਾ ਕਿ ਉਹ ਆਪਸ ਵਿਚ ਗੱਲਾਂ ਵੀ ਕਰਦੀਆਂ ਰਹਿੰਦੀਆਂ ਹਨ ਪਰੰਤੂ ਉਨ੍ਹਾਂ ਦਾ ਚਿਤ ਘੜਿਆਂ ਵਿਚ ਹੁੰਦਾ ਹੈ ਕਿ ਕਿਤੇ ਸਿਰ ਤੋਂ ਘੜਾ ਨਾ ਡਿਗ ਪਵੇ, ਅੰਦਰੋਂ ਸਾਵਧਾਨ ਹੁੰਦੀਆਂ ਹਨ।

ਜਿਵੇਂ ਇਕ ਤਾਜ਼ੀ ਸੂਈ ਹੋਈ ਗਊ ਜਦੋਂ ਖੇਤ ਵਿਚ ਘਾਹ ਚਰ ਰਹੀ ਹੁੰਦੀ ਹੈ ਤਾਂ ਉਹ ਥੋੜ੍ਹੀ ਦੇਰ ਬਾਅਦ ਮੂੰਹ ਚੁਕ ਕੇ ਪਿੰਡ ਵੱਲ ਨੂੰ ਦੇਖ ਕੇ ਰੰਭਦੀ ਹੈ ਕਿਉਂਕਿ ਉਹ ਘਾਹ ਤਾਂ ਦੂਰ ਖੇਤ ਵਿਚ ਚਰ ਰਹੀ ਹੈ ਪਰੰਤੂ ਉਸਦਾ ਧਿਆਨ ਨਵੇਂ ਜਨਮੇ ਬਛਰੇ ਵਲ ਹੋਇਆ ਕਰਦਾ ਹੈ। ਬੱਚੇ ਪਤੰਗ ਨੂੰ ਅਸਮਾਨ ਵਿਚ ਉਡਾ ਰਹੇ ਹੁੰਦੇ ਹਨ। ਉਨ੍ਹਾਂ ਦਾ ਧਿਆਨ ਤਾਂ ਪਤੰਗ ਵੱਲ ਹੁੰਦਾ ਹੈ ਪਰੰਤੂ ਆਪਸ ਵਿਚ ਗਲ ਬਾਤ ਵੀ ਕਰਦੇ ਰਹਿੰਦੇ ਹਨ ਅਤੇ ਪਤੰਗ ਨੂੰ ਟੁਣਕੇ ਵੀ ਲਾਉਂਦੇ ਹਨ, ਡੋਰੀ ਕਸਦੇ ਤੇ ਢਿਲੀ ਵੀ ਕਰਦੇ ਰਹਿੰਦੇ ਹਨ ਪਰੰਤੂ ਧਿਆਨ ਸਾਰਾ ਪਤੰਗ ਵਿਚ ਹੁੰਦਾ ਹੈ। ਇਕ ਸੁਨਿਆਰਾ ਜੋ ਸੋਨੇ ਦੇ ਗਹਿਣਿਆਂ ਦੀ ਘਾੜਤ ਕਰ ਰਿਹਾ ਹੈ, ਉਸ ਪਾਸ ਕੋਈ ਗਾਹਕ ਆ ਜਾਵੇ ਤਾਂ ਉਹ ਉਸੇ ਤਰ੍ਹਾਂ ਕੰਮ ਕਰਦਾ ਹੋਇਆ ਵੀ ਉਸ ਨਾਲ ਗਲਬਾਤ ਕਰਦਾ ਰਹਿੰਦਾ ਹੈ ਪਰੰਤੂ ਉਸ ਦਾ ਧਿਆਨ ਗਹਿਣੇ ਵੱਲ ਹੁੰਦਾ ਹੈ ਜਿਸ ਦੀ ਉਹ ਘਾੜਤ ਘੜ ਰਿਹਾ ਹੁੰਦਾ ਹੈ। ਨਾਮਦੇਵ ਜੀ ਕਹਿਣ ਲੱਗੇ, "ਤ੍ਰਿਲੋਚਨ ਜੀ! ਮੈਂ ਵੀ ਇਸੇ ਤਰ੍ਹਾਂ ਨਾਲ ਹੱਥਾਂ ਨਾਲ ਕੰਮ ਕਰਦਾ ਹਾਂ ਅਤੇ ਮੇਰਾ ਚਿਤ ਉਸ ਪ੍ਰਭੂ ਨਾਲ ਲੱਗਿਆ ਰਹਿੰਦਾ ਹੈ।" ਇਹ ਬਚਨ ਸੁਣ ਕੇ ਤ੍ਰਿਲੋਚਨ ਜੀ ਦੀ ਤਸੱਲੀ ਹੋ ਗਈ। ਕਹਿਣ ਲੱਗੇ ਠੀਕ ਹੈ ਜਿਸ ਦੀ ਬਿਰਤੀ ਦਾ ਨਿਵਾਸ ਨਾਮ ਵਿਚ ਹੋ ਜਾਵੇ, ਦ੍ਰਿੜ੍ਹ ਹੋ ਜਾਵੇ, ਉਹ ਹਰ ਵਕਤ ਪ੍ਰਭੂ ਦੇ ਧਿਆਨ ਵਿਚ ਰਹਿ ਸਕਦਾ ਹੈ।

ਬਾਬਾ ਜੀ ਕਹਿਣ ਲੱਗੇ ਕਿ ਮੈਂ ਇਕ ਫਾਈਲ ਰੱਖਣ ਤੇ ਦੂਜੀ ਫਾਈਲ ਚੁਕਣ ਵਿਚ ਜੋ ਸਮਾਂ ਮਿਲਦਾ ਹੈ, ਉਸ ਵਿਚ ਵੀ ਨਾਮ ਜਪ ਲੈਂਦਾ ਹਾਂ। ਫਾਈਲ ਉਤੇ ਲਿਖਦਿਆਂ ਲਿਖਦਿਆਂ ਜੋ ਵਿਚ ਵਕਫਾ ਹੁੰਦਾ ਹੈ, ਉਸ ਵਿਚ ਨਾਮ ਜਪ ਲਈਦਾ ਹੈ ਕਿਉਂਕਿ ਮਨ ਵਿਚ ਭਾਵਨਾ ਉਸ ਪ੍ਰਭੂ ਨੂੰ ਚੇਤੇ ਰੱਖਣ ਦੀ, ਭਾਵ ਚਿਤ ਵਿਚ ਰੱਖਣ ਦੀ ਹੋਣੀ ਚਾਹੀਦੀ ਹੈ, ਉਸ ਨੂੰ ਭੁਲਾਉਣ ਦੀ ਨਹੀਂ। ਜਦੋਂ ਇਸ ਤਰ੍ਹਾਂ ਨਾਲ ਮਨ ਦਾ ਝੁਕਾਅ ਹੋ ਜਾਵੇ ਤਾਂ ਫੇਰ ਪ੍ਰਭੂ ਵਿਸਰਿਆ ਨਹੀਂ ਕਰਦਾ। ਸਾਥੀ ਕਹਿਣ ਲੱਗੇ ਕਿ ਇਹ ਤਾਂ

ਗੱਲ ਸਾਡੇ ਸਮਝ ਵਿਚ ਆ ਗਈ। ਪਰ ਇਥੇ ਅਸੀਂ ਦੇਖਿਐ ਕਿ ਕਈ ਪ੍ਰੇਮੀ ਆਪ ਦੀ ਮਿਹਨਤ ਤੇ ਕਾਰਜ ਕੁਸ਼ਲਤਾ ਨੂੰ ਦੇਖ ਕੇ ਈਰਖਾ ਕਰਦੇ ਹਨ ਕਿ ਕਮਿਸ਼ਨਰ ਸਾਹਿਬ ਹਮੇਸ਼ਾ ਆਪ ਨੂੰ ਹੀ ਕਿਉਂ ਯਾਦ ਕਰਦੇ ਹਨ, ਆਪ ਤੋਂ ਹੀ ਕਿਉਂ ਸਲਾਹ ਲੈਂਦੇ ਹਨ। ਬਾਬਾ ਜੀ ਕਹਿਣ ਲੱਗੇ, "ਇਸ ਵਿਚ ਮੇਰਾ ਕੀ ਕਸੂਰ ਹੈ, ਇਹ ਤਾਂ ਕੁਦਰਤੀ ਗੱਲ ਹੈ, ਉਨ੍ਹਾਂ ਦਾ ਸੁਭਾਵ ਈਰਖਾਲੂ ਹੋਣਾ ਕੁਦਰਤੀ ਹੈ ਕਿਉਂਕਿ ਜਿਥੇ ਇਕੋ ਜਿਹੇ ਕੰਮ ਕਰਨ ਵਾਲੇ ਹੋਣ, ਇਹ ਭਾਵਨਾ ਬਣ ਜਾਂਦੀ ਹੈ। ਦੋ ਪਹਿਲਵਾਨ ਟਾਕਰੇ ਦੇ ਹੋਣ, ਉਨ੍ਹਾਂ ਵਿਚ ਈਰਖਾ, ਦੋ ਵਿਦਿਆਰਥੀ ਪੜ੍ਹਦੇ ਹੋਣ, ਉਨ੍ਹਾਂ ਵਿਚ ਈਰਖਾ ਬਣ ਹੀ ਜਾਂਦੀ ਹੈ ਕਿਉਂਕਿ ਮੁਕਾਬਲਾ ਹੈ, ਇਥੋਂ ਤਕ ਕਿ ਦੋ ਨਾਮ ਜਪਣ ਵਾਲਿਆਂ ਵਿਚ ਵੀ ਈਰਖਾ ਹੋ ਜਾਂਦੀ ਹੈ, ਇਥੇ ਵੀ ਮੁਕਾਬਲਾ ਹੈ, ਇਕ ਦੂਜੇ ਤੋਂ ਉਪਰ ਜਾਣਾ ਚਾਹੁੰਦਾ ਹੈ। ਪਰੰਤੂ ਇਸ ਨੂੰ (positive mind) ਸਹੀ ਦਿਮਾਗ ਨਾਲ ਸੋਚਣਾ ਚਾਹੀਦਾ ਹੈ। ਜਿਹੜਾ ਬੰਦਾ ਮਿਹਨਤ ਕਰਦਾ ਹੈ, ਦੂਜੇ ਨੂੰ ਉਸ ਦੀ ਪ੍ਰਸੰਸਾ ਕਰਨੀ ਬਣਦੀ ਹੈ ਤੇ ਉਸ ਨਾਲ ਮਿਤਰਤਾ ਕਰਨੀ ਬਣਦੀ ਹੈ ਤੇ ਉਸ ਨੂੰ ਇਸ ਦੀ ਪੜਚੋਲ ਕਰਨੀ ਚਾਹੀਦੀ ਹੈ ਕਿ ਇਹ ਉਪਰ ਵੱਲ ਨੂੰ ਕਿਵੇਂ ਵੱਧ ਰਿਹਾ ਹੈ, ਪਿਆਰ ਨਾਲ ਉਸ ਹੁਨਰ ਅਤੇ ਗੁਣ ਨੂੰ ਖੁਦ ਵੀ ਅਪਨਾਉਣਾ ਚਾਹੀਦਾ ਹੈ, ਫੇਰ ਆਪਣੀ ਵੀ ਤਰੱਕੀ ਹੋ ਜਾਂਦੀ ਹੈ। ਪਰ ਈਰਖਾ ਕਰਨ ਨਾਲ, ਈਰਖਾਲੂ ਆਪਣਾ ਨੁਕਸਾਨ ਆਪ ਹੀ ਕਰਦਾ ਹੈ, ਖਾਹਮਖਾਹ ਉਹ ਆਪਣੇ ਖ਼ੂਨ ਦੇ ਸੈਲਾਂ ਨੂੰ ਸਾੜ ਕੇ ਬਰਬਾਦ ਕਰ ਦਿੰਦਾ ਹੈ ਅਤੇ ਬੀਮਾਰੀ ਲੱਗਣ ਦਾ ਵੀ ਡਰ ਰਹਿੰਦਾ ਹੈ। ਇਸ ਈਰਖਾ ਨੂੰ ਗੁਰੂ ਮਹਾਰਾਜ ਜੀ ਨੇ 'ਤਾਤਿ ਪਰਾਈ' ਕਿਹਾ ਹੈ। ਜਿਸ ਦੇ ਅੰਦਰ ਇਹ ਈਰਖਾ ਦੀ ਬੀਮਾਰੀ ਹੋਵੇ, ਉਸ ਦਾ ਕਦੀ ਵੀ ਭਲਾ ਨਹੀਂ ਹੋਇਆ ਕਰਦਾ ਭਾਵੇਂ ਉਹ ਕਿਤਨੇ ਹੀ ਨੇਕ ਕੰਮ ਕਰੇ, ਭਜਨ ਬੰਦਗੀ ਕਰੇ।

> ***ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਕਾ ਕਦੇ ਨ ਹੋਵੀ ਭਲਾ॥***
>
> ***ਪੰਨਾ - 308***

ਇਸ ਈਰਖਾ ਰੂਪੀ ਬੀਮਾਰੀ ਨੂੰ ਹੋਰ ਗਹਿਰਾਈ ਨਾਲ ਸਮਝਣ ਲਈ ਬਾਬਾ ਜੀ ਇਥੇ ਹਾਸ ਰਸ ਦੀ ਵਿਅੰਗਮਈ ਕਥਾ ਦਾ ਜ਼ਿਕਰ ਕਰਿਆ ਕਰਦੇ ਸਨ ਕਿ ਈਰਖਾਲੂ ਬੰਦਾ ਇਸ ਵੇਗ ਵਿਚ ਆ ਕੇ ਕਿਥੋਂ ਤਕ, ਕੀ ਕਰ ਗੁਜ਼ਰਦਾ ਹੈ। ਇਕ ਵੇਰਾਂ ਇਕ ਗਰੀਬ ਬੰਦਾ ਜਿਸ ਦੇ ਘਰ ਦੀ ਹਾਲਤ ਐਨੀ ਪਤਲੀ ਸੀ ਕਿ ਦੋ ਵਕਤ ਦੀ ਰੋਟੀ ਦਾ ਗੁਜ਼ਾਰਾ ਵੀ ਕਰਨਾ ਮੁਸ਼ਕਲ ਸੀ। ਉਹ ਇਕ ਸਾਧੂ ਕੋਲ ਚਲਿਆ ਗਿਆ ਤੇ ਹਰ ਰੋਜ਼ ਉਹਨਾਂ ਦੀ ਸੇਵਾ ਕਰਿਆ ਕਰੇ, ਸਾਰਾ ਕੰਮ ਕਰਕੇ ਤੇ ਮੁੱਠੀ-ਚਾਪੀ ਵੀ ਕਰਿਆ ਕਰੇ। ਜਦੋਂ ਇਕ ਦੋ ਮਹੀਨੇ ਬੀਤੇ ਤੇ ਸੰਤਾਂ ਨੇ ਪੁਛਿਆ, ਪ੍ਰੇਮੀਆਂ! ਤੇਰਾ ਕੀ ਮਨੋਰਥ ਹੈ ਜੋ ਤੂੰ ਹਰ ਰੋਜ਼ ਇਥੇ ਸੇਵਾ ਵਿਚ ਹਾਜ਼ਰ ਹੁੰਦਾ ਹੈਂ। ਕਹਿਣ ਲੱਗਾ

ਕਿ ਮੈਂ ਬਹੁਤ ਗਰੀਬ ਹਾਂ, ਘਰ ਵਿਚ ਦੋ ਵਕਤ ਦੀ ਰੋਟੀ ਵੀ ਨਸੀਬ ਹੋਣੀ ਮੁਸ਼ਕਲ ਹੈ ਤੇ ਮੇਰੇ ਤੇ ਕਿਰਪਾ ਕਰੋ ਕਿ ਮੇਰਾ ਗੁਜ਼ਾਰਾ ਸੌਖਾ ਚਲੇ ਅਤੇ ਗਰੀਬੀ ਦੂਰ ਹੋ ਜਾਵੇ। ਸੰਤ ਕਹਿਣ ਲੱਗੇ ਠੀਕ ਹੈ, ਆਹ ਤੈਨੂੰ ਅਸੀਂ ਸੰਖ ਦਿੰਦੇ ਹਾਂ ਤੇ ਜਦੋਂ ਇਸ ਤੋਂ ਕੁਝ ਮੰਗਣਾ ਹੋਵੇ ਤਾਂ ਥਾਂ ਲਿੱਪ ਲਿਆ ਕਰੀਂ ਅਤੇ ਇਸ ਤੋਂ ਜੋ ਚਾਹੀਦੈ, ਸੋ ਮੰਗ ਲਿਆ ਕਰੀਂ, ਤੇਰੇ ਹਾਜ਼ਰ ਹੋ ਜਾਇਆ ਕਰੇਗਾ। ਪਰ ਪ੍ਰੇਮੀਆਂ! ਇਸ ਵਿਚ ਇਕ ਦੋਸ਼ ਹੈ। ਪਰ ਅਸੀਂ ਦੋਸ਼ ਨਹੀਂ ਸਗੋਂ ਸਿਫਤ ਕਹਾਂਗੇ ਕਿ ਜੋ ਕੁਝ ਤੇਰੇ ਘਰ ਆਵੇਗਾ, ਉਸ ਤੋਂ ਦੁਗਣਾ ਤੇਰੇ ਗਵਾਂਢੀਆਂ ਦੇ ਆਪਣੇ ਆਪ ਹੀ ਆ ਜਾਇਆ ਕਰੇਗਾ। ਸੋ ਬੋਲ, ਜੇ ਇਹ ਮਨਜ਼ੂਰ ਹੈ ਤਾਂ ਤੈਨੂੰ ਇਹ ਸੰਖ ਅਸੀਂ ਦੇ ਦਿੰਦੇ ਹਾਂ। ਕਹਿਣ ਲੱਗਿਆ, "ਮਹਾਤਮਾ ਜੀ! ਮੈਨੂੰ ਇਸ ਦੇ ਵਿਚ ਕੋਈ ਇਤਰਾਜ਼ ਨਹੀਂ, ਜੇ ਗਵਾਂਢੀਆਂ ਦੇ ਦੁਗਣਾ ਆ ਜਾਵੇ, ਇਸ ਵਿਚ ਕੋਈ ਗੱਲ ਨਹੀਂ। ਸੰਤ ਕਹਿਣ ਲੱਗੇ, ਠੀਕ ਹੈ, ਆਹ ਲੈ ਫੜ ਸੰਖ ਤੇ ਲੈ ਜਾ ਘਰ ਨੂੰ ਅਤੇ ਆਪਣੀ ਗਰੀਬੀ ਦੂਰ ਕਰ। ਇਹ ਬਹੁਤ ਖੁਸ਼ ਹੋਇਆ, ਚਾਂਈ ਚਾਂਈ ਘਰ ਪੁਜਾ, ਘਰਵਾਲੀ ਨੂੰ ਕਹਿਣ ਲੱਗਿਆ ਕਿ ਭਾਗਵਾਨੇ! ਜ਼ਰਾ ਥੋੜ੍ਹਾ ਜਿਹਾ ਥਾਂ ਲਿੱਪ ਦੇ, ਮੈਂ ਸੰਖ ਪੂਰਨੈ, ਤੇ ਨਾਲੇ ਜੋ ਚਾਹੀਦੈ ਉਹ ਵੀ ਦੱਸ ਦੇ। ਮੈਂ ਸੰਤਾਂ ਤੋਂ ਸੰਖ ਲਿਆਂਦੈ, ਇਸ ਤੋਂ ਜੋ ਮੰਗੀਏ ਸੋ ਮਿਲ ਜਾਵੇਗਾ। ਉਹ ਕਹਿਣ ਲੱਗੀ, ਮੈਂ ਲਿਪ ਦਿੰਦੀ ਹਾਂ ਪਰ ਘਰ ਵਿਚ ਤਾਂ ਕੋਈ ਵੀ ਚੀਜ਼ ਨਹੀਂ। ਨਾ ਅਨਾਜ ਹੈ, ਨਾ ਡੰਗਰ ਪਸ਼ੂ ਹਨ, ਨਾ ਕਪੜੇ ਹਨ, ਨਾ ਭਾਂਡੇ ਹਨ, ਨਾ ਸੋਨੇ ਦੇ ਗਹਿਣੇ ਹਨ, ਸਾਰਾ ਕੁਝ ਹੀ ਚਾਹੀਦਾ ਹੈ। ਕਹਿਣ ਲੱਗਿਆ, "ਠੀਕ ਹੈ।" ਉਸ ਨੇ ਸੰਖ ਦੇਵਤਾ ਤੋਂ ਸਾਰੀਆਂ ਚੀਜ਼ਾਂ ਮੰਗ ਲਈਆਂ ਤੇ ਸਾਰਾ ਕੁਝ ਮਿਲ ਗਿਆ ਤੇ ਘਰ ਵਿਚ ਲਹਿਰੇ ਬਹਿਰੇ ਹੋ ਗਏ। ਜਦੋਂ ਉਸ ਪ੍ਰੇਮੀ ਦੀ ਘਰਵਾਲੀ ਬਾਹਰ ਨਿਕਲੀ ਤਾਂ ਕੀ ਦੇਖਦੀ ਹੈ ਕਿ ਗਵਾਂਢੀ ਵੀ ਖੁਸ਼ ਨਜ਼ਰ ਆ ਰਹੇ ਹਨ ਕਿਉਂਕਿ ਉਨ੍ਹਾਂ ਦੇ ਘਰ ਵੀ ਓਹੀ ਚੀਜ਼ਾਂ ਪਈਆਂ ਹਨ ਸਗੋਂ ਉਨ੍ਹਾਂ ਤੋਂ ਵੀ ਦੁਗਣੀਆਂ ਹਨ। ਇਹ ਦੇਖ ਕੇ ਦੋਵੇਂ ਜੀਅ ਬਹੁਤ ਦੁਖੀ ਹੋਏ, ਖਾਣਾ ਪੀਣਾ ਚੰਗਾ ਨਹੀਂ ਲੱਗਦਾ, ਭੁਖ ਮਰ ਗਈ ਕਿਉਂਕਿ ਈਰਖਾ ਦੀ ਬੀਮਾਰੀ ਨੇ ਜਨਮ ਲੈ ਲਿਆ। ਦੋਵੇਂ ਇਕ ਦੂਜੇ ਦੇ ਮੂੰਹ ਵੱਲ ਤੱਕੀ ਜਾਂਦੇ ਨੇ। ਘਰਵਾਲੀ ਨੇ ਪੁਛਿਆ ਕਿ ਗਵਾਂਢੀਆਂ ਦੇ ਤਾਂ ਦੂਣਾ ਮਾਲ ਪਿਐ ਜੋ ਸਾਡੇ ਘਰ ਆਇਆ। ਉਹ ਕਹਿਣ ਲੱਗਿਆ ਕਿ ਇਸ ਸੰਖ ਵਿਚ ਇਹੀ ਦੋਸ਼ ਹੈ ਕਿ ਗਵਾਂਢੀ ਦੇ ਵੀ ਦੁਗਣੀ ਚੀਜ਼ ਆਪਣੇ ਆਪ ਆ ਜਾਂਦੀ ਹੈ। ਕਹਿਣ ਲੱਗੀ, ਸੰਤਾਂ ਦੀ ਸੇਵਾ ਤਾਂ ਤੁਸੀਂ ਕੀਤੀ ਹੈ ਤੇ ਗਵਾਂਢੀ ਮੁਫਤ ਵਿਚ ਹੀ ਸਭ ਕੁਝ ਕਿਉਂ ਲੈ ਜਾਣ? ਇਹ ਸਾਰੀਆਂ ਚੀਜ਼ਾਂ ਵੀ ਸਾਨੂੰ ਹੀ ਮਿਲਣੀਆਂ ਚਾਹੀਦੀਆਂ ਹਨ। ਕਹਿਣ ਲੱਗਿਆ, ਭਾਗਵਾਨੇ! ਮੈਨੂੰ ਇਕ ਜੁਗਤ ਫੁਰ ਆਈ, ਤੂੰ ਜਲਦੀ ਥਾਂ ਲਿੱਪ ਤੇ ਮੈਂ ਸੰਖ ਪੂਰਨਾ ਹੈ। ਕਹਿਣ ਲੱਗੀ, "ਅਜੇ ਕੋਈ ਕਸਰ ਬਾਕੀ ਹੈ ਕਿ ਗਵਾਂਢੀ ਦਾ ਹੋਰ ਘਰ ਭਰਨਾ ਹੈ? ਕਹਿਣ ਲੱਗਿਆ, ਨਹੀਂ, ਤੂੰ ਦੇਖ ਤਾਂ

ਸਹੀ, ਮੈਂ ਕੀ ਕਰਦਾ ਹਾਂ। ਉਸ ਨੇ ਥਾਂ ਲਿਪਿਆ, ਸੰਖ ਪੂਰਿਆ ਗਿਆ ਤੇ ਕਹਿਣ ਲੱਗਿਆ ਕਿ ਸੰਖ ਦੇਵਤਾ! ਮੇਰੇ ਘਰ ਅੱਗੇ ਇਕ ਖੂਹ ਲਗਵਾ ਦੇ। ਗਵਾਂਢੀਆਂ ਦੇ ਘਰ ਅੱਗੇ ਦੋ ਖੂਹ ਲੱਗ ਗਏ। ਫੇਰ ਕਿਹਾ ਕਿ ਐ ਸੰਖ ਦੇਵਤਾ! ਸਾਡੀ ਇਕ ਅੱਖ ਕਾਣੀ ਕਰ ਦੇ। ਗਵਾਂਢੀ ਸਾਰੇ ਹੀ ਅੰਨ੍ਹੇ ਹੋ ਗਏ ਤੇ ਘਬਰਾ ਕੇ ਬਾਹਰ ਨੂੰ ਨਿਕਲ ਰਹੇ ਹਨ ਤੇ ਜਿਹੜਾ ਵੀ ਆਉਂਦੈ, ਧੜੰਮ ਕਰਕੇ ਖੂਹ ਵਿਚ ਡਿਗ ਪੈਂਦਾ ਹੈ। ਇਹ ਦੋਵੇਂ ਜੀਅ ਕਾਣੀਆਂ ਅੱਖਾਂ ਨਾਲ ਦੇਖ ਕੇ ਖੁਸ਼ ਹੋ ਰਹੇ ਹਨ ਤੇ ਨਾਲੇ ਕਹਿੰਦੇ ਨੇ, ਹੁਣ ਆਇਆ ਸੁਆਦ, ਹੁਣ ਇਨ੍ਹਾਂ ਦਾ ਵੀ ਸਾਰਾ ਮਾਲ ਸਾਡਾ ਹੀ ਹੈ। ਸੋ ਇਹ ਈਰਖਾਲੂ ਬੰਦਿਆਂ ਦੀ ਹਾਲਤ ਹੋਇਆ ਕਰਦੀ ਹੈ।

ਬਾਬਾ ਜੀ ਕਹਿਣ ਲੱਗੇ ਕਿ ਈਰਖਾਲੂ ਬੰਦਿਆਂ ਦੀ ਇਹ ਫਿਤਰਤ ਬਣ ਚੁਕੀ ਹੁੰਦੀ ਹੈ ਕਿ ਉਹ ਦੂਜੇ ਨੂੰ ਆਪਣੇ ਤੋਂ ਉਚਾ ਤੇ ਤਰੱਕੀ ਕਰਦਾ ਹੋਇਆ ਦੇਖ ਕੇ ਜਰ ਨਹੀਂ ਸਕਿਆ ਕਰਦੇ।

ਬਾਕੀ ਅਸੀਂ ਆਪਣਾ ਕੰਮ ਇਸੇ ਤਰ੍ਹਾਂ ਈਮਾਨਦਾਰੀ ਤੇ ਤਨਦੇਹੀ ਨਾਲ ਕਰਦੇ ਰਹਿਣਾ ਹੈ ਕਿਉਂਕਿ ਇਹ ਵੀ ਗੁਰੂ ਦਾ ਕੰਮ ਹੈ, ਆਪਣੇ ਕੰਮ ਨੂੰ, ਡਿਊਟੀ ਨੂੰ ਪੂਰੀ ਤਨਦੇਹੀ ਨਾਲ ਹੀ ਕਰਨਾ ਚਾਹੀਦਾ ਹੈ, ਉਸ ਵਿਚ ਕੁਤਾਹੀ ਨਹੀਂ ਕਰਨੀ ਚਾਹੀਦੀ ਕਿਉਂਕਿ ਇਹ ਵੀ ਬਹੁਤ ਵੱਡੀ ਸੇਵਾ ਹੈ ਜਿਸ ਤੋਂ ਪ੍ਰਮੇਸ਼ਰ ਪ੍ਰਸੰਨ ਹੁੰਦਾ ਹੈ। ਫਰਜ਼ ਕਰੋ ਕੋਈ ਬੰਦਾ ਅੰਮ੍ਰਿਤਸਰ ਤੋਂ ਆਪਣੇ ਕੇਸ ਦਾ ਪਤਾ ਕਰਨ ਆਇਆ ਹੋਵੇ, ਉਹ ਕਿੰਨੀ ਮੁਸ਼ਕਲ ਨਾਲ ਤੇ ਕਿੰਨਾ ਕਿਰਾਇਆ ਖਰਚ ਕਰਕੇ ਪਹੁੰਚਦਾ ਹੈ। ਇਥੇ ਆ ਕੇ ਉਹ ਕਲਰਕ ਨੂੰ ਕਹਿੰਦਾ ਹੈ ਕਿ ਮੇਰੀ ਫਾਈਲ ਕੱਢ ਦਿਓ, ਅਫਸਰ ਪਾਸ ਭੇਜ ਦਿਓ। ਜੇਕਰ ਉਹ ਮੁਲਾਜ਼ਮ ਉਸ ਦਾ ਕੰਮ ਨਹੀਂ ਕਰਦਾ, ਟਾਲ ਮਟੋਲ ਕਰਦਾ ਹੈ ਤਾਂ ਉਸ ਬੰਦੇ ਨਾਲ ਬਹੁਤ ਵੱਡੀ ਬੇਇਨਸਾਫੀ ਕਰ ਰਿਹਾ ਹੈ। ਉਸਨੂੰ ਕਹਿੰਦਾ ਹੈ ਕਿ ਕਲ੍ਹ ਨੂੰ ਪਤਾ ਕਰਿਓ ਜਾਂ ਤੁਹਾਡਾ ਕੰਮ ਕਲ੍ਹ ਕਰਾਂਗਾ। ਉਸ ਬੰਦੇ ਨੂੰ ਬਹੁਤ ਮਹਿੰਗਾ ਪਵੇਗਾ, ਵਿਚਾਰਾ ਰਾਤ ਕਿਥੇ ਰਹੇਗਾ, ਪਰਸ਼ਾਦਾ ਕਿਥੇ ਛਕੇਗਾ, ਇਸ ਦੇ ਬਦਲੇ ਕਿੰਨੀ ਪਰੇਸ਼ਾਨੀ ਉਸ ਨੂੰ ਉਠਾਉਣੀ ਪਵੇਗੀ। ਜੇਕਰ ਉਸ ਦਾ ਕੰਮ ਵੇਲੇ ਸਿਰ ਹੋ ਜਾਂਦਾ ਤਾਂ ਉਹ ਸ਼ਾਮ ਨੂੰ ਹੀ ਬੱਸ ਲੈ ਕੇ ਰਾਤ ਤਕ ਘਰ ਪਹੁੰਚ ਸਕਦਾ ਸੀ। ਸੋ ਉਸ ਮੁਲਾਜ਼ਮ ਦੇ ਨਾਂਹ ਕਰਨ ਨਾਲ, ਉਸ ਦੇ ਮਾੜੇ ਰਵੱਈਏ ਨਾਲ ਉਸ ਬੰਦੇ ਨੂੰ, ਕਿੰਨਾ ਨੁਕਸਾਨ ਉਠਾਉਣਾ ਪਿਆ, ਇਸ ਬਾਰੇ ਉਸ ਮੁਲਾਜ਼ਮ ਨੂੰ ਅੰਦਾਜ਼ਾ ਲਗਾ ਕੇ ਉਸ ਦਾ ਕੰਮ ਤੁਰੰਤ ਕਰ ਦੇਣਾ ਚਾਹੀਦਾ ਹੈ।

ਇਕ ਦਿਨ ਬਾਬਾ ਜੀ ਦੇ ਕਮਿਸ਼ਨਰ ਸਾਹਿਬ ਨੇ ਇਹਨਾਂ ਨੂੰ ਦਫਤਰ ਵਿਚ ਬੁਲਾ ਕੇ ਪੁਛਿਆ ਕਿ ਮੈਂ ਹੈਰਾਨ ਹਾਂ ਕਿ ਤੁਸੀਂ ਇੰਨਾ ਕੰਮ ਕਿਸ ਤਰ੍ਹਾਂ ਕਰਦੇ ਹੋ ਜਦ ਕਿ ਤੁਹਾਡੇ ਦਫਤਰ ਦੇ ਦੂਸਰੇ ਸਾਥੀ ਪੰਜ ਵੱਜਣ

ਤੋਂ 15 ਮਿੰਟ ਪਹਿਲਾਂ ਹੀ ਪਉੜੀਆਂ ਉਤਰਨੀਆਂ ਸ਼ੁਰੂ ਕਰ ਦਿੰਦੇ ਹਨ ਤੇ ਤੁਸੀਂ ਬੈਠੇ ਹੁੰਦੇ ਹੋ। ਮੈਂ ਬਹੁਤ ਵੇਰਾਂ ਇਸ ਚੀਜ਼ ਨੂੰ ਨੋਟ ਕੀਤਾ ਹੈ। ਤੁਹਾਡੇ ਟੇਬਲ ਉਤੇ ਕੋਈ ਵੀ ਫਾਈਲ ਪੈਂਡਿੰਗ ਨਹੀਂ ਹੁੰਦੀ। ਤੁਸੀਂ ਹਰ ਰੋਜ਼ ਆਪਣਾ ਕੰਮ ਸਮੇਟ ਕੇ ਜਾਂਦੇ ਹੋ। ਮੈਂ ਸੁਣਿਆਂ ਹੈ ਕਿ ਤੁਸੀਂ ਬਹੁਤ ਧਾਰਮਿਕ ਬਿਰਤੀ ਵਾਲੇ ਇਨਸਾਨ ਹੋ ਤੇ ਆਪਣੇ ਨਿਤਨੇਮ ਦੇ ਵੀ ਪੱਕੇ ਹੋ। ਤੁਸੀਂ ਤਾਂ ਸ਼ਾਮ ਦੇ ਵਕਤ ਗੁਰਦੁਆਰਾ ਸਾਹਿਬ ਵੀ ਜਾਣਾ ਹੁੰਦਾ ਹੈ ਤਾਂ ਤੁਹਾਡਾ ਨਿਤ ਕਰਮ ਖੁੰਝ ਜਾਂਦਾ ਹੈ ਪਰ ਫੇਰ ਵੀ ਤੁਸੀਂ ਕੰਮ ਵਿਚ ਲੱਗੇ ਰਹਿੰਦੇ ਹੋ। ਜੇਕਰ ਥੋੜ੍ਹਾ ਬਹੁਤ ਕੰਮ ਰਹਿ ਵੀ ਗਿਆ ਤਾਂ ਉਹ ਦੂਜੇ ਦਿਨ ਵੀ ਕੀਤਾ ਜਾ ਸਕਦਾ ਹੈ। ਮੈਂ ਇਸ ਦਾ ਕਾਰਨ ਜਾਨਣ ਲਈ ਉਤਸੁਕ ਹਾਂ। ਬਾਬਾ ਜੀ ਕਹਿਣ ਲੱਗੇ ਕਮਿਸ਼ਨਰ ਸਾਹਿਬ! ਮੈਂ ਜਾਣਦਾ ਹਾਂ ਕਿ ਤੁਸੀਂ ਈਸਾਈ ਮਜ਼੍ਹਬ ਨਾਲ ਸੰਬੰਧ ਰੱਖਦੇ ਹੋ। ਪਰ ਕੋਈ ਮਜ਼੍ਹਬ ਆਪਣੇ ਅਨੁਆਈਆਂ ਨੂੰ ਕੁਤਾਹੀ ਤੇ ਲਾਪਰਵਾਹੀ ਕਰਨ ਦੀ ਇਜਾਜ਼ਤ ਨਹੀਂ ਦਿੰਦਾ ਪਰੰਤੂ ਸਾਡੇ ਮਜ਼੍ਹਬ ਵਿਚ ਤਾਂ ਸੱਚੀ ਕਿਰਤ ਨੂੰ ਬਹੁਤ ਮਹਾਨਤਾ ਦਿਤੀ ਗਈ ਹੈ। ਇਸ ਬਦਲੇ ਜੋ ਵੀ ਤਨਖਾਹ ਮਿਲਦੀ ਹੈ, ਉਸ ਨਾਲ ਬੱਚਿਆਂ ਨੂੰ ਪੜ੍ਹਾਉਣਾ, ਉਨ੍ਹਾਂ ਦਾ ਪੇਟ ਪਾਲਣ, ਗ੍ਰਿਹਸਤ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣਾ ਅਤੇ ਵੰਡ ਕੇ ਛਕਣਾ ਸਾਡੇ ਸਤਿਗੁਰੂ ਜੀ ਨੇ ਦੱਸਿਆ ਹੈ। ਦੂਜੀ ਗਲ ਇਹ ਹੈ ਕਿ ਮੈਂ ਇਸ ਨੂੰ ਕੇਵਲ ਇਕ ਰੋਜ਼ੀ ਰੋਟੀ ਦਾ ਵਸੀਲਾ ਹੀ ਨਹੀਂ ਸਮਝਦਾ ਸਗੋਂ ਇਸ ਨੂੰ ਸੇਵਾ ਸਮਝਦਾ ਹਾਂ ਕਿਉਂਕਿ ਗੁਰੂ ਪ੍ਰਮੇਸ਼ਰ ਰੂਪ ਹੈ ਤੇ ਸਾਰਾ ਸੰਸਾਰ ਉਸ ਨੇ ਪੈਦਾ ਕੀਤਾ ਹੈ ਤੇ ਸਾਰੇ ਬੰਦੇ ਉਸ ਦੇ ਹਨ ਅਤੇ ਸਾਰੀ ਕਿਰਤ ਦਾ ਮਾਲਕ ਵੀ ਓਹੀ ਹੈ ਤੇ ਉਸ ਨੇ ਸਭ ਨੂੰ ਆਪੋ ਆਪਣੇ ਧੰਦਿਆਂ ਵਿਚ ਲਾਇਆ ਹੋਇਆ ਹੈ। ਸੋ ਇਸ ਕਰਕੇ ਇਹ ਕੰਮ ਸਰਕਾਰ ਦਾ ਨਹੀਂ ਸਗੋਂ ਆਪਣੇ ਗੁਰੂ ਦਾ ਕੰਮ ਸਮਝਦਾ ਹਾਂ ਕਿ ਇਹ ਡਿਊਟੀ ਮੈਨੂੰ ਮੇਰੇ ਪਿਆਰੇ ਨੇ ਦਿਤੀ ਹੈ। ਜਿਹੜੀ ਡਿਊਟੀ ਗੁਰੂ ਨੇ ਦਿਤੀ ਹੋਵੇ, ਭਲਾ ਉਸ ਨੂੰ ਅੱਧ ਵਿਚਾਲੇ ਛੱਡ ਕੇ ਮੈਂ ਕਿਵੇਂ ਘਰ ਜਾ ਸਕਦਾ ਹਾਂ? ਜੇਕਰ ਮੈਂ ਕੋਈ ਫਾਈਲ ਅਧੂਰੀ ਛੱਡ ਕੇ ਜਾਂਦਾ ਹਾਂ ਤੇ ਮੇਰੇ ਕਾਰਨ ਕਿਸੇ ਦਾ ਘਰ ਰੁੜ੍ਹ ਜਾਵੇ, ਕਿਸੇ ਦਾ ਮਾਲੀ ਜਾਨੀ ਨੁਕਸਾਨ ਹੋ ਜਾਵੇ ਤਾਂ ਮੈਨੂੰ ਗੁਰੂ ਦੀ ਖੁਸ਼ੀ ਪ੍ਰਾਪਤ ਨਹੀਂ ਹੋਵੇਗੀ। ਮੇਰੇ ਗੁਰੂ ਦਾ ਹੁਕਮ ਹੈ ਕਿ ਜੋ ਵੀ ਡਿਊਟੀ ਹੈ, ਉਸ ਨੂੰ ਪੂਰੀ ਤਨਦੇਹੀ ਨਾਲ ਕਰੋ। ਜਦੋਂ ਕੰਮ ਗੁਰੂ ਦਾ ਸਮਝ ਕੇ ਕੀਤਾ ਜਾਵੇ ਤਾਂ ਉਹ ਕੰਮ, ਕੰਮ ਨਹੀਂ ਰਹਿੰਦਾ, ਸੇਵਾ ਬਣ ਜਾਂਦੀ ਹੈ, ਸਿਮਰਨ ਬਣ ਜਾਂਦਾ ਹੈ, ਪੂਜਾ ਬਣ ਜਾਇਆ ਕਰਦੀ ਹੈ। ਜਿਸ ਤਰ੍ਹਾਂ ਕਿ ਅੰਗਰੇਜ਼ੀ ਵਿਚ ਕਿਸੇ ਸਿਆਣੇ ਨੇ ਕਿਹਾ ਹੈ ਕਿ 'Work is worship' ਕੰਮ ਹੀ ਪੂਜਾ ਹੈ। ਇਸ ਕਰਕੇ ਕਿਰਤ ਜਿਥੇ ਰੋਜ਼ੀ ਰੋਟੀ ਦਾ ਸਾਧਨ ਹੈ, ਉਥੇ ਇਸ ਨੂੰ ਪੂਰਨ ਯੋਗਤਾ ਤੇ ਮਿਹਨਤ ਨਾਲ ਨਿਭਾਉਣ ਦੀ ਵੀ ਵੱਡੀ ਮਹੱਤਤਾ ਹੈ। ਬਾਕੀ ਜੋ ਤੁਸੀਂ ਗੁਰਦੁਆਰਾ ਸਾਹਿਬ ਦੀ ਗੱਲ ਕੀਤੀ ਹੈ, ਮੇਰਾ ਗੁਰਦੁਆਰਾ ਵੈਸੇ ਤਾਂ ਸਾਰਾ

ਹੀ ਸੰਸਾਰ ਹੈ ਪਰ ਐਸ ਵੇਲੇ ਮੇਰਾ ਗੁਰਦੁਆਰਾ ਸਾਰਾ ਪੰਜਾਬ ਹੈ ਅਤੇ ਮੇਰੀ ਅਣਗਹਿਲੀ ਨਾਲ ਜੇਕਰ ਕਿਤੇ ਵੀ ਕੁਦਰਤੀ ਆਫਤ ਨਾਲ ਮਹਾਂਮਾਰੀ ਹੋ ਗਈ ਤਾਂ ਇਸ ਦੀ ਜ਼ਿੰਮੇਵਾਰੀ ਮੇਰੀ ਹੋਵੇਗੀ। ਇਹ ਜ਼ਿੰਮੇਵਾਰੀ ਮੈਂ, ਤਾਂ ਸੰਭਾਲ ਸਕਦਾ ਹਾਂ ਜੇਕਰ ਮੈਂ ਆਪਣਾ ਕੰਮ ਪੂਰਾ ਕਰਾਂਗਾ ਅਤੇ ਵੇਲੇ ਸਿਰ ਹਰ ਫਾਈਲ ਤੇ ਦਸਖਤ ਹੋਣ ਉਪਰੰਤ ਦੂਜੇ ਮਹਿਕਮਿਆਂ ਨੂੰ ਕਾਰਵਾਈ ਲਈ ਨਹੀਂ ਭੇਜਾਂਗਾ ਤਾਂ ਦੇਰੀ ਹੋਣ ਕਰਕੇ ਕਿਸਾਨਾਂ ਦਾ ਨੁਕਸਾਨ ਹੋ ਸਕਦਾ ਹੈ, ਫਸਲਾਂ ਦਾ ਨੁਕਸਾਨ ਹੋ ਸਕਦੈ, ਆਬਾਦੀ ਦਾ ਨੁਕਸਾਨ ਹੋ ਸਕਦੈ, ਚਾਰੇ ਦਾ ਨੁਕਸਾਨ ਹੋ ਸਕਦੈ, ਖਾਦ ਸਮੱਗਰੀ ਦਾ ਨੁਕਸਾਨ ਹੋ ਸਕਦੈ, ਡੰਗਰ, ਪਸ਼ੂਆਂ ਦਾ ਨੁਕਸਾਨ ਹੋ ਸਕਦਾ ਹੈ। ਇਸ ਕਰਕੇ ਇਹੀ ਮੇਰਾ ਗੁਰਦੁਆਰਾ ਹੈ ਤੇ ਇਹ ਕੰਮ ਆਪਣੇ ਗੁਰੂ ਦਾ ਸਮਝ ਕੇ ਕਰ ਰਿਹਾ ਹਾਂ ਤੇ ਇਹੋ ਮੇਰੀ ਸੇਵਾ ਹੈ। ਬਸ ਇਹੋ ਹੀ ਲਗਨ ਹੈ ਜੋ ਮੇਰੇ ਅੰਦਰ ਇਸ ਕੰਮ ਨੂੰ ਨਿਬੇੜਨ ਦੀ ਪ੍ਰੇਰਨਾ ਦਿੰਦੀ ਰਹਿੰਦੀ ਹੈ। ਦੂਜੀ ਗਲ ਇਹ ਵੀ ਹੈ ਕਿ ਮੈਨੂੰ ਇਸ ਨਾਲ ਕੋਈ ਥਕੇਵਾਂ ਤੇ ਖੇਚਲ ਮਹਿਸੂਸ ਨਹੀਂ ਹੁੰਦੀ। ਬਾਬਾ ਜੀ ਨੇ ਦਸਿਆ ਕਿ ਹੋਰ ਵੱਡੀ ਗੱਲ ਸਮਝਣ ਯੋਗ ਹੈ ਕਿ ਜਿਹੜਾ ਬੰਦਾ ਆਪਣੀ ਡਿਊਟੀ ਪੂਰੀ ਤਰ੍ਹਾਂ ਨਹੀਂ ਨਿਭਾਉਂਦਾ, ਭਾਵੇਂ ਉਹ ਕਲਰਕ ਹੈ, ਅਫਸਰ ਹੈ, ਇੰਨਜੀਨੀਅਰ ਹੈ, ਟੀਚਰ ਹੈ ਜਾਂ ਕਿਸੇ ਹੋਰ ਕਿੱਤੇ ਨਾਲ ਸੰਬੰਧ ਰਖਦਾ ਹੈ ਤੇ ਆਪਣਾ ਸਮਾਂ ਇਧਰ ਓਧਰ ਘੁੰਮ ਕੇ ਗੱਪਾਂ ਮਾਰ ਕੇ ਗਵਾ ਦਿੰਦਾ ਹੈ, ਆਪਣਾ ਕੰਮ ਸਹੀ ਢੰਗ ਨਾਲ ਪੂਰਾ ਨਹੀਂ ਕਰਦਾ ਪਰ ਸ਼ਾਮ ਸਵੇਰੇ ਜਾ ਕੇ ਗੁਰਦੁਆਰੇ, ਮੰਦਰ ਤੇ ਗਿਰਜੇ ਵਿਚ ਜੋੜੇ ਝਾੜਦਾ ਹੈ, ਸੇਵਾ ਕਰਦਾ ਹੈ, ਉਸ ਦੀ ਸੇਵਾ ਕਦੀ ਪਰਵਾਨ ਨਹੀਂ ਹੋਇਆ ਕਰਦੀ ਕਿਉਂਕਿ ਉਹ ਆਪਣੀ ਡਿਊਟੀ ਪੂਰੀ ਨਹੀਂ ਕਰ ਰਿਹਾ। ਇਸ ਵਿਚ ਕਾਰਜ ਖੇਤਰ ਜਾਂ ਸੰਸਥਾ ਦਾ ਸੰਬੰਧ ਨਹੀਂ ਭਾਵੇਂ ਉਹ ਸਰਕਾਰੀ ਮੁਲਾਜ਼ਮ ਹੈ, ਭਾਵੇਂ ਪ੍ਰਾਈਵੇਟ ਹੈ ਜਾਂ ਕਿਸੇ ਧਾਰਮਕ ਸੰਸਥਾ ਵਿਚ ਕੰਮ ਕਰਦਾ ਹੈ। ਕਮਿਸ਼ਨਰ ਬਾਬਾ ਜੀ ਦੇ ਇਸ ਉਤਰ ਤੋਂ ਪ੍ਰਭਾਵਿਤ ਹੀ ਨਹੀਂ ਹੋਇਆ ਸਗੋਂ ਕਾਇਲ ਹੋ ਗਿਆ। ਉਸ ਨੇ ਕਿਹਾ, ਸਰਦਾਰ ਸਾਹਿਬ! ਇਥੇ ਓਵਰਟਾਈਮ ਦਾ ਕੋਈ ਪ੍ਰਬੰਧ ਨਹੀਂ ਹੈ, ਤੁਸੀਂ ਜਿੰਨਾਂ ਸਮਾਂ ਫਾਲਤੂ ਬੈਠਦੇ ਹੋ, ਲਿਖ ਲਿਆ ਕਰੋ, ਉਸ ਦੇ ਬਦਲੇ ਆਪ ਛੁਟੀ ਲੈ ਲਿਆ ਕਰੋ। ਬਾਬਾ ਜੀ ਨੇ ਸਾਫ ਨਾਂਹ ਕਰ ਦਿਤੀ। ਕਹਿਣ ਲੱਗੇ, ਓਵਰਟਾਈਮ ਜਾਂ ਛੁਟੀ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਜੇ ਮੈਂ ਇਹ ਲੈ ਲਿਆ ਫੇਰ ਮੇਰੀ ਸੇਵਾ ਕਾਹਦੀ ਹੋਈ? ਤਨਖਾਹ ਤਾਂ ਮੈਂ ਲੈਂਦਾ ਹੀ ਹਾਂ। ਇਸ ਕਰਕੇ ਇਹ ਸੇਵਾ ਇਸੇ ਤਰ੍ਹਾਂ ਹੀ ਮੈਨੂੰ ਕਰਦੇ ਰਹਿਣ ਦਿਓ। ਕਮਿਸ਼ਨਰ ਫਲੈਚਰ ਸਾਹਿਬ ਬਹੁਤ ਪ੍ਰਸੰਨ ਹੋਇਆ ਅਤੇ ਉਸ ਨੇ ਦੂਜੇ ਦਿਨ ਆਪਣੇ ਦਫਤਰ ਆ ਕੇ ਬਾਬਾ ਜੀ ਨੂੰ ਬੁਲਾਇਆ ਅਤੇ ਇਕ 'ਸ਼ਲਾਘਾ ਪੱਤਰ' (appreciation letter) ਭੇਟ ਕੀਤਾ। ਬਾਬਾ ਜੀ ਦੱਸਿਆ ਕਰਦੇ ਸਨ ਕਿ ਇਹ ਮਿਸਟਰ ਫਲੈਚਰ ਬਹੁਤ ਸਖਤ ਕਿਸਮ ਦਾ ਅਫਸਰ ਸੀ ਤੇ ਕਿਸੇ ਦੇ ਕੰਮ ਤੋਂ ਖੁਸ਼ ਨਹੀਂ ਸੀ ਹੁੰਦਾ ਬਲਕਿ ਸਭ

ਨੂੰ ਡਾਂਟਦਾ ਰਹਿੰਦਾ ਸੀ। ਇਹ ਪਹਿਲਾ ਮੌਕਾ ਸੀ ਕਿ ਉਸ ਨੇ ਇਹ ਸ਼ਲਾਘਾ ਪੱਤਰ ਮੈਨੂੰ ਦਿਤਾ ਸੀ। ਸੋ ਨੇਕ ਕੰਮ ਤੇ ਕਿਰਤ ਦੇ ਮਾਮਲੇ ਵਿਚ ਆਪ ਦਾ ਕੋਈ ਜਵਾਬ ਨਹੀਂ ਸੀ। ਜਿਥੇ ਆਪਦੇ ਸਾਥੀ ਆਪ ਉਤੇ ਮਾਣ ਕਰਦੇ ਸਨ, ਉਥੇ ਅਫਸਰ ਲੋਕ ਵੀ ਪੂਰਾ ਮਾਣ ਸਤਿਕਾਰ ਕਰਦੇ ਸੀ ਕਿਉਂਕਿ ਉਹ ਜਾਣਦੇ ਸਨ ਕਿ ਇਹਨਾਂ ਨੂੰ ਜੋ ਵੀ ਕੰਮ ਸੌਂਪਿਆ ਜਾਵੇਗਾ, ਪੂਰੀ ਤਸੱਲੀ ਨਾਲ ਸਮੇਂ ਸਿਰ ਨੇਪਰੇ ਚੜ੍ਹ ਜਾਵੇਗਾ।

ਦੁਪਿਹਰ ਵੇਲੇ ਜਦੋਂ ਸਕੱਤਰੇਤ ਵਿਚ ਮੁਲਾਜ਼ਮਾਂ ਨੂੰ ਰੋਟੀ ਖਾਣ ਵਾਸਤੇ ਛੁਟੀ ਹੁੰਦੀ ਤਾਂ ਆਪ ਜੀ ਦਾ ਨਿਤ ਕਰਮ ਸੀ ਕਿ ਨਾਮ ਵਿਚ ਦਿਲਚਸਪੀ ਰੱਖਣ ਵਾਲੇ ਅਤੇ ਦੂਜੀਆਂ ਸੰਪਰਦਾਵਾਂ ਦੇ ਪ੍ਰੇਮੀ, ਸਾਰੇ ਇਕੱਠੇ ਕਰ ਲੈਂਦੇ ਸੀ, ਕਹਿੰਦੇ ਸੀ ਤੁਸੀਂ 15 ਮਿੰਟ ਵਿਚ ਪ੍ਰਸ਼ਾਦਾ ਛਕ ਲਵੋ ਤੇ ਬਾਕੀ ਦਾ ਪੌਣਾ ਘੰਟਾ ਆਪਾਂ ਸਾਰੇ ਸਤਸੰਗ ਕਰਾਂਗੇ ਜੋ ਕੇਵਲ ਨਾਮ ਤੇ ਹੀ ਵਿਚਾਰ ਕੀਤੀ ਜਾਵੇਗੀ। ਇਸ ਤਰ੍ਹਾਂ ਨਾਲ ਸਾਰੇ ਪ੍ਰੇਮੀ ਇਕੱਤਰ ਹੋ ਜਾਂਦੇ ਅਤੇ ਗੁਰਬਾਣੀ ਵਿਚਾਰ ਸ਼ੁਰੂ ਹੋ ਜਾਇਆ ਕਰਦੀ ਸੀ। ਬਾਬਾ ਜੀ ਨੇ ਸਾਰਿਆਂ ਨੂੰ ਇਹ ਚੰਗੀ ਤਰ੍ਹਾਂ ਜ਼ਹਿਨ-ਨਸ਼ੀਨ ਕਰਵਾ ਦਿਤਾ ਸੀ ਕਿ ਸਮਾਂ ਬਹੁਤ ਕੀਮਤੀ ਹੈ ਤੇ ਇਸ ਦਾ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ, ਇਸ ਨੂੰ ਅਜਾਈਂ ਨਹੀਂ ਗਵਾਉਣਾ ਚਾਹੀਦਾ। ਪ੍ਰਭੂ ਦੇ ਨਾਮ ਬਾਰੇ, ਪ੍ਰਭੂ ਦੇ ਪਿਆਰੇ ਭਗਤਾਂ ਬਾਰੇ ਜਿੰਨਾਂ ਵੀ ਸਮਾਂ ਲੱਗ ਜਾਵੇ, ਸਫਲ ਹੋ ਜਾਂਦਾ ਹੈ ਜਿਵੇਂ ਕਿ ਪਵਿਤਰ ਫੁਰਮਾਨ ਹੈ -

***ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥***<br>
***ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥*** ***ਪੰਨਾ - 1378***

## ਸਤਿਸੰਗ ਦਾ ਮਹਾਤਮ

ਇਕ ਘੜੀ 12 ਮਿੰਟ ਦੀ ਹੁੰਦੀ ਹੈ ਤੇ ਅੱਧੀ ਘੜੀ 6 ਮਿੰਟ ਦੀ, ਉਸ ਤੋਂ ਅੱਧੀ 3 ਮਿੰਟ ਤੇ ਉਸ ਤੋਂ ਅੱਧੀ ਡੇਢ ਮਿੰਟ ਹੋਇਆ ਕਰਦੀ ਹੈ। ਜੇਕਰ ਇੰਨੇ ਸਮੇਂ ਲਈ ਪ੍ਰਭੂ ਤੇ ਪ੍ਰਭੂ ਦੇ ਪਿਆਰੇ ਭਗਤਾਂ ਬਾਰੇ ਸਤਸੰਗ ਕੀਤਾ ਜਾਵੇ ਤੇ ਨਾਮ ਦੀ ਮਹਿਮਾ ਕੀਤੀ ਜਾਵੇ ਤਾਂ ਇਸ ਦਾ ਬਹੁਤ ਵੱਡਾ ਲਾਭ ਹੋਇਆ ਕਰਦਾ ਹੈ। ਇਸ ਦੀ ਮਹੱਤਤਾ ਨੂੰ ਸਮਝਣ ਵਾਸਤੇ ਬਾਬਾ ਜੀ ਇਕ ਸਾਖੀ ਸੁਣਾਇਆ ਕਰਦੇ ਸੀ ਕਿ ਇਕ ਸੇਠ ਸੀ ਜੋ ਪਿੰਡਾਂ ਵਿਚ ਲੋਕਾਂ ਨੂੰ ਵਿਆਜ ਤੇ ਪੈਸੇ ਆਦਿ ਦਿਆ ਕਰਦਾ ਸੀ ਅਤੇ ਜਦੋਂ ਫਸਲ ਆ ਜਾਂਦੀ, ਲੋਕਾਂ ਕੋਲ ਪੈਸਾ ਟਕਾ ਹੋ ਜਾਂਦਾ ਤਾਂ ਰਕਮ ਵਸੂਲ ਕਰਨ ਲਈ ਥਾਂ ਥਾਂ ਤੇ ਜਾ ਕੇ ਪੈਸਾ ਵਸੂਲ ਲੈਂਦਾ ਤੇ ਫੇਰ ਦੂਜੇ ਪਿੰਡ ਚਲਾ ਜਾਂਦਾ ਜਾਂ ਕਿਸੇ ਵੇਲੇ ਸਮੇਂ ਸਿਰ ਘਰ ਵੀ ਪਹੁੰਚ ਜਾਇਆ ਕਰਦਾ ਸੀ। ਇਕ ਦਿਨ ਦੀ ਗੱਲ ਹੈ ਕਿ ਇਸ ਨੂੰ ਉਗਰਾਹੀ ਕਰਦਿਆਂ ਅਚਾਨਕ ਇਸ

ਦੇ ਘਰੋਂ ਸੁਨੇਹਾ ਆਇਆ ਕਿ ਉਗਰਾਹੀ ਦਾ ਕੰਮ ਵਿਚ ਹੀ ਛੱਡ ਕੇ ਤੁਰੰਤ ਘਰ ਪਹੁੰਚ ਜਾਵੇ। ਜਦੋਂ ਇਹ ਸੁਨੇਹਾ ਮਿਲਿਆ ਤਾਂ ਰਾਤ ਪੈ ਗਈ। ਇਸ ਕੋਲ ਉਗਰਾਹੀ ਹੋਈ ਮਾਇਆ ਵੀ ਸੀ ਤੇ ਇਕ ਗਠੜੀ ਵੀ ਸੀ ਤੇ ਇਸ ਨੇ ਫੈਸਲਾ ਕੀਤਾ ਕਿ ਇਸ ਵੇਲੇ ਤੁਰ ਕੇ ਪਿੰਡ ਪਹੁੰਚਣਾ ਹੀ ਠੀਕ ਹੈ, ਪਰ ਰਾਤ ਹੋ ਗਈ ਹੈ। ਜੇ ਮੈਂ ਇਕੱਲਾ ਗਿਆ ਤਾਂ ਐਸਾ ਨਾ ਹੋਵੇ ਕਿ ਰਸਤੇ ਵਿਚ ਮੈਨੂੰ ਕੋਈ ਚੋਰ ਉਚੱਕਾ ਮਿਲ ਜਾਵੇ, ਮੈਨੂੰ ਮਾਰ ਦੇਵੇ ਤੇ ਮੇਰੀ ਮਾਇਆ ਵੀ ਖੋਹ ਲਵੇ। ਇਸ ਤੋਂ ਬੇਹਤਰ ਹੈ ਕਿ ਇਥੋਂ ਕਿਸੇ ਬੰਦੇ ਨੂੰ ਨਾਲ ਲੈ ਲਵਾਂ, ਉਸ ਨੂੰ ਮਜ਼ਦੂਰੀ ਦੇ ਪੈਸੇ ਦੇ ਦਿਆਂਗਾ ਤੇ ਮੇਰਾ ਸਾਥ ਹੋ ਜਾਵੇਗਾ। ਦੋਵੇਂ ਜਣੇ ਗਲ ਬਾਤ ਕਰਦਿਆਂ ਸਫਰ ਤੈਅ ਕਰ ਲਵਾਂਗੇ, ਨਾਲ ਬੁਲਾਰਾ ਹੁੰਦਾ ਰਹੇਗਾ, ਕੋਈ ਨੇੜੇ ਨਹੀਂ ਆਵੇਗਾ ਤੇ ਜਾਨ ਦਾ ਖਤਰਾ ਵੀ ਨਹੀਂ ਰਹੇਗਾ। ਉਸ ਨੇ ਪਿੰਡ ਵਿਚ ਕਈ ਬੰਦਿਆਂ ਨੂੰ ਪੁਛਿਆ ਕਿ ਇਸ ਤਰ੍ਹਾਂ ਮੇਰੇ ਨਾਲ ਜਾਣਾ ਹੈ, ਸਵੇਰੇ ਤੜਕੇ ਤਕ ਘਰ ਪਹੁੰਚ ਜਾਣਾ ਹੈ। ਪਰ ਰਾਤ ਦਾ ਸਮਾਂ ਹੋਣ ਕਰਕੇ ਕੋਈ ਵੀ ਉਸ ਦੇ ਨਾਲ ਜਾਣ ਨੂੰ ਤਿਆਰ ਨਹੀਂ ਸੀ। ਉਸ ਨੇ ਬਥੇਰਾ ਕਿਹਾ ਕਿ ਮੈਂ ਦੁਗਣੀ ਮਜ਼ਦੂਰੀ ਦਿਆਂਗਾ ਪਰ ਕੋਈ ਤਿਆਰ ਨਾ ਹੋਵੇ। ਸੇਠ ਬਹੁਤ ਪ੍ਰੇਸ਼ਾਨ ਸੀ। ਉਸ ਨੇ ਪੁਛਿਆ, ਇਥੇ ਅਜਿਹਾ ਹੋਰ ਵੀ ਕੋਈ ਬੰਦਾ ਹੈ ਜੋ ਰਾਤ ਦੇ ਸਮੇਂ ਮੇਰੇ ਨਾਲ ਟੁਰ ਸਕਦਾ ਹੈ? ਵਿਚੋਂ ਹੀ ਇਕ ਜਣੇ ਨੇ ਦੱਸਿਆ ਕਿ ਐਥੇ ਇਕ ਗੁਰੂ ਨਾਨਕ ਮਹਾਰਾਜ ਦਾ ਸਿਖ ਰਹਿੰਦਾ ਹੈ, ਉਹ ਬਹੁਤ ਪਰਉਪਕਾਰੀ ਹੈ ਤੇ ਭਜਨ ਬੰਦਗੀ ਕਰਨ ਵਾਲਾ ਹੈ ਤੇ ਹਰ ਵੇਲੇ ਜਿਹੜਾ ਵੀ ਉਸ ਨੂੰ ਮਿਲੇ ਗੁਰੂ ਦੀ, ਪ੍ਰਮੇਸ਼ਰ ਦੀ ਹੀ ਗੱਲ ਕਰਦਾ ਰਹਿੰਦਾ ਹੈ। ਇਸ ਵੇਲੇ ਤਾਂ ਕੇਵਲ ਉਹ ਹੀ ਤੁਹਾਡੇ ਨਾਲ ਜਾ ਸਕਦਾ ਹੈ। ਸੇਠ ਉਸ ਸਿਖ ਦੇ ਘਰ ਪਹੁੰਚਿਆ ਤੇ ਬੇਨਤੀ ਕੀਤੀ ਕਿ ਮੈਂ ਆਪਣੇ ਪਿੰਡ ਇਸੇ ਵਕਤ ਜਾਣਾ ਚਾਹੁੰਦਾ ਹਾਂ, ਰਾਤ ਦਾ ਹਨ੍ਹੇਰਾ ਹੈ, ਮੈਨੂੰ ਤੁਹਾਡਾ ਸਾਥ ਚਾਹੀਦਾ ਹੈ ਤੇ ਤੁਹਾਨੂੰ ਮੂੰਹ ਮੰਗੀ ਮਜ਼ਦੂਰੀ ਦੇਣ ਨੂੰ ਤਿਆਰ ਹਾਂ। ਗੁਰਸਿਖ ਕਹਿਣ ਲੱਗਿਆ, "ਸੇਠ ਜੀ! ਮਜ਼ਦੂਰੀ ਦੀ ਕੋਈ ਗੱਲ ਨਹੀਂ, ਜੋ ਮੁਨਾਸਬ ਹੋਵੇ ਦੇ ਦੇਣਾ ਤੇ ਫਾਲਤੂ ਦੀ ਲੋੜ ਨਹੀਂ। ਜੋ ਮਿਹਨਤਾਨਾ ਬਣਦਾ ਹੋਵੇ ਓਨਾਂ ਹੀ ਦੇ ਦੇਣਾ, ਮੈਂ ਉਸ ਵਿਚ ਹੀ ਖੁਸ਼ ਹਾਂ। ਹੁਣ ਤੁਸੀਂ ਤੁਰੋ, ਤੁਸੀਂ ਲੰਮਾ ਸਫਰ ਦੱਸਿਆ ਹੈ, ਝਟ ਪਟ ਚਲਣਾ ਚਾਹੀਦਾ ਹੈ। ਗੁਰਸਿਖ ਅਗੇ ਅਗੇ ਤੇ ਸੇਠ ਪਿਛੇ ਪਿਛੇ ਤੁਰਿਆ ਜਾ ਰਿਹਾ ਹੈਂ। ਪਿੰਡ ਦੇ ਬਾਹਰ ਨਿਕਲਦਿਆਂ ਹੀ ਰਾਤ ਦੇ ਹਨ੍ਹੇਰੇ ਦਾ ਸਰਨਾਟਾ ਛਾਇਆ ਹੋਇਆ ਹੈ, ਗਿਦੜਾਂ ਤੇ ਉਲੂਆਂ ਦੀਆਂ ਆਵਾਜ਼ਾਂ ਸੁਣਾਈ ਦੇ ਰਹੀਆਂ ਹਨ ਤੇ ਕਿਧਰੇ ਚਮਗਾਦੜਾਂ ਦੇ ਝੁਰਮੁਟ ਚੀਂ-ਚੀਂ ਦਾ ਸ਼ੋਰ ਕਰ ਰਹੇ ਹਨ ਤੇ ਸੇਠ ਬਹੁਤ ਸਹਿਮਿਆ ਹੋਇਆ ਸੀ। ਉਸ ਨੇ ਸੋਚਿਆ, ਬਾਹਰਲੀਆਂ ਆਵਾਜ਼ਾਂ ਤੇ ਰਾਤ ਦੇ ਹਨ੍ਹੇਰੇ ਤੋਂ ਡਰ ਲੱਗ ਰਿਹਾ ਹੈ, ਕਿਉਂ ਨਾ ਗੁਰਸਿਖ ਦੇ ਨਾਲ ਕੋਈ ਗਲ ਬਾਤ ਕਰੀਏ। ਕਹਿਣ ਲੱਗਾ, "ਭਾਈ! ਤੂੰ ਚੁਪ ਚਾਪ ਤੁਰਿਆ ਜਾ

ਰਿਹਾ ਹੈਂ, ਕੋਈ ਬਾਤ ਸੁਣਾ ਜਿਸ ਨਾਲ ਸਫਰ ਵੀ ਅਸਾਨੀ ਨਾਲ ਤੈਅ ਹੋ ਜਾਵੇ। ਤੁਸੀਂ ਆਪਣੇ ਪਿੰਡ ਦੀ ਹੀ ਕੋਈ ਗਲ ਸੁਣਾਓ, ਕੋਈ ਸਾਕ ਸੰਬੰਧੀਆਂ ਦੀ, ਆਢੀਆਂ ਗੁਆਂਢੀਆਂ ਦੀ ਕਿਉਂਕਿ ਸੰਸਾਰ ਵਿਚ ਤਾਂ ਅਨੇਕਾਂ ਕਿਸਮ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ ਹਨ। ਗੁਰਸਿਖ ਕਹਿਣ ਲੱਗਿਆ ਸੇਠ ਜੀ! ਸੰਸਾਰ ਦੀਆਂ ਗੱਲਾਂ ਤੋਂ ਕੀ ਲੈਣਾ ਹੈ, ਇਥੇ ਤਾਂ ਨਿੰਦਿਆ, ਚੁਗਲੀ, ਈਰਖਾ, ਬਖੀਲੀ ਦਾ ਵਰਤਾਰਾ ਹੈ। ਮੈਨੂੰ ਜਿਹੜਾ ਕੰਮ ਮੇਰੇ ਗੁਰੂ ਨੇ ਦੱਸਿਆ ਹੈ ਉਹ ਕਰਦਾ ਜਾ ਰਿਹਾ ਹਾਂ ਤੇ ਮੈਨੂੰ ਸਫਰ ਦਾ ਵੀ ਪਤਾ ਨਹੀਂ ਲੱਗਦਾ, ਨਾ ਥਕੇਵਾਂ ਭਾਸਦਾ ਹੈ ਤੇ ਨਾ ਅਕੇਵਾਂ ਲਗਦਾ ਹੈ। ਸੇਠ ਹੈਰਾਨ ਹੋ ਗਿਆ, ਕਹਿਣ ਲੱਗਿਆ, ਭਾਈ ਅਸੀਂ ਗ੍ਰਹਿਸਤੀ ਬੰਦੇ ਹਾਂ, ਸੰਸਾਰ ਵਿਚ ਹੀ ਅਸੀਂ ਰਹਿਣਾ ਹੈ, ਸੰਸਾਰ ਨਾਲ ਹੀ ਲੈਣ ਦੇਣ ਹੈ ਤੇ ਫੇਰ ਸੰਸਾਰ ਦੀਆਂ ਗੱਲਾਂ ਕਰਨ ਤੋਂ ਕਾਹਦਾ ਸੰਕੋਚ, ਤੁਸੀਂ ਕਿਸੇ ਦੀ ਵੀ, ਚੋਰੀ, ਯਾਰੀ, ਦਗਾ, ਫਰੇਬ, ਧੋਖਾਧੜੀ ਦੀ ਕੋਈ ਵੀ ਗੱਲ ਸੁਣਾ ਦਿਓ, ਕਿਉਂਕਿ ਇਹੋ ਜਿਹੀਆਂ ਗੱਲਾਂ ਕਰਕੇ ਮਨ ਥਕੇਵਾਂ ਨਹੀਂ ਮੰਨਦਾ, ਨਾ ਹੀ ਨੀਂਦ ਆਉਂਦੀ ਹੈ। ਗੁਰਸਿਖ ਇਨੀ ਗੱਲ ਸੁਣ ਕੇ ਖਲੋ ਗਿਆ ਤੇ ਸੇਠ ਜੀ ਨੂੰ ਕਹਿਣ ਲੱਗਿਆ, ਆਹ ਲਵੋ ਆਪਣੀ ਗਠੜੀ ਤੇ ਮੈਂ ਵਾਪਸ ਚਲਿਆ ਹਾਂ। ਸੇਠ ਹੱਕਾ ਬੱਕਾ ਰਹਿ ਗਿਆ। ਪੁਛਣ ਲੱਗਿਆ ਕਿ ਐਸੀ ਕੀ ਗੱਲ ਹੈ ਕਿ ਤੁਸੀਂ ਵਾਪਸ ਜਾ ਰਹੇ ਹੋ, ਤੁਸੀਂ ਤਾਂ ਮੇਰੇ ਨਾਲ ਮੇਰੇ ਪਿੰਡ ਜਾਣ ਦਾ ਵਾਅਦਾ ਕੀਤਾ ਸੀ। ਗੁਰਸਿਖ ਕਹਿਣ ਲੱਗਿਆ, ਠੀਕ ਹੈ ਮੈਂ ਵਾਅਦਾ ਕੀਤਾ ਸੀ, ਪਰ ਮੈਂ ਤੁਹਾਨੂੰ ਕਿਸੇ ਦੀ ਨਿੰਦਿਆ ਜਾਂ ਹੋਰ ਦੁਨੀਆਂਦਾਰੀ ਦੀਆਂ ਫਜ਼ੂਲ ਗੱਲਾਂ ਨਹੀਂ ਸੁਣਾ ਸਕਦਾ ਕਿਉਂਕਿ ਇਹ ਗੱਲਾਂ ਮੈਨੂੰ ਆਉਂਦੀਆਂ ਹੀ ਨਹੀਂ ਤੇ ਨਾ ਹੀ ਮੇਰੇ ਗੁਰੂ ਨੇ ਇਹ ਸਿਖਿਆ ਮੈਨੂੰ ਦਿਤੀ ਹੈ। ਮੇਰੇ ਗੁਰੂ ਦਾ ਤਾਂ ਫੁਰਮਾਨ ਹੈ ਕਿ ਨਿੰਦਿਆ ਕਰਨ ਵਾਲੇ ਦਾ ਦਰਗਾਹ ਵਿਚ ਜਾ ਕੇ ਮੂੰਹ ਕਾਲਾ ਕੀਤਾ ਜਾਂਦਾ ਹੈ ਅਤੇ ਉਸ ਨੂੰ ਨਰਕਾਂ ਵਿਚ ਸੁਟ ਦਿਤਾ ਜਾਂਦਾ ਹੈ –

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥***

***ਪੰਨਾ – 755***

ਕਿਸੇ ਦੀ ਨਿੰਦਿਆ ਕਰਨਾ, ਦੂਸਰਿਆਂ ਦੇ ਔਗੁਣ ਚਿਤਾਰਨਾ ਮੂਰਖ ਬੰਦਿਆਂ ਦਾ ਕੰਮ ਹੋਇਆ ਕਰਦਾ ਹੈ ਬਲਕਿ ਮੂਰਖ ਤੋਂ ਉਪਰਲਾ ਦਰਜਾ ਉਨ੍ਹਾਂ ਬੰਦਿਆਂ ਦਾ ਹੁੰਦਾ ਹੈ, ਜਿਹੜੇ ਇਹੋ ਜਿਹਾ ਕਰਦੇ ਹਨ। ਇਸ ਕਰਕੇ ਮੈਂ ਕਿਸੇ ਦੀ ਨਿੰਦਿਆ ਨਹੀਂ ਕਰ ਸਕਦਾ। ਤੂੰ ਟਾਈਮ ਦੀ ਗੱਲ ਕਰਦਾ ਹੈਂ, ਮੇਰਾ ਤਾਂ ਟਾਈਮ ਬਹੁਤ ਵਧੀਆ ਬੀਤ ਰਿਹਾ ਹੈ ਤੇ ਮੈਨੂੰ ਬੜਾ ਅਨੰਦ ਆ ਰਿਹਾ ਹੈ ਕਿਉਂਕਿ ਮੈਂ ਤਾਂ ਪ੍ਰਭੂ ਦਾ ਭਜਨ ਕਰਦਾ ਜਾ ਰਿਹਾ ਹਾਂ। ਖੱਬੇ ਪੈਰ ਨਾਲ ਸਤਿਨਾਮ ਤੇ ਸੱਜੇ ਪੈਰ ਨਾਲ ਵਾਹਿਗੁਰੂ ਕਹਿੰਦਾ ਹੋਇਆ ਮੈਂ ਕਦਮ ਧਰਦਾ ਚਲਿਆ ਜਾ ਰਿਹਾ ਸੀ। ਮੈਨੂੰ ਕੋਈ ਥਕੇਵਾਂ ਨਹੀਂ ਮਹਿਸੂਸ ਹੁੰਦਾ, ਮੈਂ

ਤਾਂ ਅਨੰਦ ਵਿਚ ਜਾ ਰਿਹਾ ਸੀ। ਸੇਠ ਗਿੜ-ਗਿੜਾ ਕੇ ਕਹਿਣ ਲੱਗਿਆ, ਗੁਰਸਿਖ ਜੀ! ਮੇਰੀ ਗਲਤੀ ਮੁਆਫ ਕਰਨਾ, ਮੈਨੂੰ ਪਤਾ ਨਹੀਂ ਸੀ। ਤੁਸੀਂ ਮੈਨੂੰ ਉਹ ਸੁਣਾ ਦਿਓ ਜੋ ਤੁਹਾਨੂੰ ਚੰਗਾ ਲਗਦਾ ਹੈ, ਉਹ ਮੈਂ ਸੁਣਦਾ ਰਹਾਂਗਾ। ਇੰਨਾ ਸੁਣ ਕੇ ਗੁਰਸਿਖ ਫੇਰ ਤੁਰ ਪਿਆ। ਗੁਰਸਿਖ ਨੇ ਸੇਠ ਨੂੰ ਗੁਰੂ ਨਾਨਕ ਦੇਵ ਜੀ ਬਾਰੇ ਅਨੇਕਾਂ ਬਚਨ ਸਰਵਣ ਕਰਾਉਣੇ ਸ਼ੁਰੂ ਕੀਤੇ ਕਿ ਕਿਸ ਤਰ੍ਹਾਂ ਨਾਲ ਗੁਰੂ ਮਹਾਰਾਜ ਇਸ ਕਲਜੁਗ ਵਿਚ ਪ੍ਰਗਟ ਹੋ ਕੇ ਸੰਸਾਰ ਦਾ ਉਧਾਰ ਕਰਨ ਵਾਸਤੇ ਆਏ ਹਨ। ਆਪ ਹੀ ਨਿਰੰਕਾਰ ਗੁਰੂ ਨਾਨਕ ਦਾ ਰੂਪ ਧਾਰ ਕੇ ਇਸ ਸੰਸਾਰ ਵਿਚ ਆਇਆ ਹੈ ਤਾਂ ਕਿ ਸਭ ਨੂੰ ਨਾਮ ਬਾਣੀ ਨਾਲ ਜੋੜ ਕੇ ਸੰਗਤ ਦੇ ਰੂਪ ਵਿਚ ਨਾਮ ਦੇ ਬੇੜੇ ਵਿਚ ਬਿਠਾ ਕੇ ਇਸ ਭਵਸਾਗਰ ਤੋਂ ਪਾਰ ਕਰ ਦਿਤਾ ਜਾਵੇ ਤੇ ਜਨਮ ਮਰਨ ਦੇ ਬੰਧਨਾ ਤੋਂ ਮੁਕਤ ਕੀਤਾ ਜਾਵੇ ਕਿਉਂਕਿ ਸੰਸਾਰ ਨਾਮ ਤੋਂ ਵਿਛੁੜ ਕੇ ਦੁਖੀ ਹੋ ਰਿਹਾ ਹੈ।

***ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥***
***ਪੰਨਾ - 1396***

ਜਿਹੜਾ ਵੀ ਗੁਰੂ ਨਾਨਕ ਦੀ ਬਾਣੀ ਨਾਲ ਜੁੜ ਗਿਆ ਅਤੇ ਜਿਸ ਨੂੰ ਵੀ ਗੁਰੂ ਦੀ ਸੰਗਤ ਪ੍ਰਾਪਤ ਹੋ ਗਈ, ਉਸ ਦਾ ਬੇੜਾ ਪਾਰ ਹੋ ਜਾਵੇਗਾ।

ਗੁਰੂ ਨਾਨਕ ਜੀ ਨੇ ਵੱਡੇ ਵੱਡੇ ਚੋਰਾਂ ਨੂੰ, ਠੱਗਾਂ ਨੂੰ ਅਤੇ ਆਦਮਖੋਰ ਰਾਖਸ਼ਾਂ ਨੂੰ ਪਲ ਵਿਚ ਸੰਤ ਬਣਾ ਦਿਤਾ। ਗੁਰੂ ਜੀ ਸਾਰੇ ਸੰਸਾਰ ਵਿਚ ਪ੍ਰਮੇਸ਼ਰ ਦੇ ਨਾਮ ਦਾ ਛਿਟਾ ਦੇ ਰਹੇ ਹਨ ਅਤੇ ਨਾਮ ਹੀ ਜਪਾ ਰਹੇ ਹਨ, ਸਭ ਨੂੰ ਨਾਮ ਦੀ ਦਾਤ ਦੇ ਕੇ ਪ੍ਰਭੂ ਨਾਲ ਜੋੜ ਰਹੇ ਹਨ ਅਤੇ ਨਾਮ ਜਪਣ ਤੇ ਹੀ ਜ਼ੋਰ ਦਿੰਦੇ ਹਨ ਕਿ ਮਨੁਖਾ ਜਨਮ ਨਾਮ ਜਪਣ ਵਾਸਤੇ ਮਿਲਿਆ ਹੈ ਤੇ ਇਹ ਅਮੋਲਕ ਜਨਮ ਚੁਰਾਸੀ ਲੱਖ ਜੂਨੀਆਂ ਤੋਂ ਬਾਅਦ ਪ੍ਰਾਪਤ ਹੋਇਆ ਹੈ। ਇਸ ਨੂੰ ਅਜਾਈਂ ਨਹੀਂ ਗਵਾਉਣਾ ਚਾਹੀਦਾ। ਇਹ ਪ੍ਰਕਿਰਤੀ ਦਾ ਸਭ ਤੋਂ ਉਤਮ ਫਲ ਹੈ ਤੇ ਇਸ ਨੂੰ ਨਰ ਨਰਾਇਣੀ ਦੇਹੀ ਦਾ ਦਰਜ਼ਾ ਦਿਤਾ ਗਿਆ ਹੈ ਕਿਉਂਕਿ ਇਸ ਮਨੁਖਾ ਦੇਹੀ ਦੁਆਰਾ ਹੀ ਪ੍ਰਭੂ ਵਿਚ ਲੀਨ ਹੋਇਆ ਜਾ ਸਕਦਾ ਹੈ, ਹੋਰ ਕਿਸੇ ਜਾਨਵਰ ਜਾਂ ਪੰਛੀ ਜਾਂ ਦੇਵਤੇ ਦੇ ਸਰੀਰ ਨੂੰ ਇਹ ਸੁਵਿਧਾ ਪ੍ਰਾਪਤ ਨਹੀਂ ਹੈ। ਗੁਰੂ ਜੀ ਦਾ ਫੁਰਮਾਨ ਹੈ ਕਿ ਸਭ ਤੇ ਦਇਆ ਕਰਨੀ ਚਾਹੀਦੀ ਹੈ, ਕਿਸੇ ਨੂੰ ਦੁਖ ਨਹੀਂ ਦੇਣਾ ਚਾਹੀਦਾ, ਅਨਿਆਇ ਨਹੀਂ ਕਰਨਾ ਚਾਹੀਦਾ। ਇੰਜ ਕਰਨ ਨਾਲ ਮਨੁਖ ਮਾੜੇ ਕਰਮ ਬੀਜ ਲੈਂਦਾ ਹੈ ਤੇ ਫੇਰ ਮਾੜੇ ਕਰਮਾਂ ਨੂੰ ਭੋਗਣ ਵਾਸਤੇ ਬਾਰ ਬਾਰ ਜਨਮ ਲੈਣਾ ਪੈਂਦਾ ਹੈ ਤੇ ਧ੍ਰਿਗਦ ਜੂਨੀਆਂ ਭੋਗਣੀਆਂ ਪੈਂਦੀਆਂ ਹਨ। ਇਸ ਸਰੀਰ ਰੂਪੀ ਖੇਤ ਵਿਚ ਜੋ ਬੀਜੋਗੇ, ਓਹੀ ਵੱਢਣਾ ਪਵੇਗਾ।

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ ਪੰਨਾ - 134***

ਜੇ ਕੋਈ ਕਿਸਾਨ ਆਪਣੇ ਖੇਤ ਵਿਚ ਕਿਕਰਾਂ ਦੇ ਬੀਜ, ਬੀਜ ਦੇਵੇ ਤਾਂ ਉਸ ਤੋਂ ਕਿਕਰਾਂ ਹੀ ਪੈਦਾ ਹੋਣਗੀਆਂ, ਉਸ ਨੂੰ ਅੰਗੂਰ ਨਹੀਂ ਲੱਗ ਸਕਦੇ। ਕਿਕਰਾਂ ਦੇ ਬੀਜ ਬੀਜ ਕੇ ਅੰਗੂਰਾਂ ਦੀ ਆਸ ਕਰਨ ਵਾਲਾ ਬੰਦਾ ਮੂਰਖ ਆਖਿਆ ਜਾਂਦਾ ਹੈ ਕਿਉਂਕਿ ਜਦੋਂ ਬੀਜਣ ਦਾ ਸਮਾਂ ਸੀ ਉਸ ਵੇਲੇ ਉਸ ਨੇ ਧਿਆਨ ਨਹੀਂ ਦਿਤਾ ਤੇ ਕਿਕਰਾਂ ਰੂਪੀ ਮਾੜੇ ਕਰਮ ਬੀਜਦਾ ਰਿਹਾ ਤੇ ਫੇਰ ਜਦੋਂ ਇਨ੍ਹਾਂ ਨੂੰ ਭੁਗਤਣਾ ਪਵੇਗਾ, ਫੇਰ ਦੁਖੀ ਹੋਵੇਗਾ।

***ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥***
***ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥ ਪੰਨਾ - 1380***

ਇਸ ਕਰਕੇ ਇਸ ਮਨੁਖਾ ਸਰੀਰ ਨੂੰ ਅਜਾਂਈ ਨਹੀਂ ਗਵਾਉਣਾ ਚਾਹੀਦਾ ਕਿਉਂਕਿ ਇਸ ਦੇਹੀ ਦੀ ਲੋਚਾ ਤਾਂ ਸਵਰਗਾਂ ਦੇ ਦੇਵਤੇ ਵੀ ਕਰਦੇ ਹਨ ਕਿ ਕਦੋਂ ਸਾਡਾ ਸਵਰਗ ਖਤਮ ਹੋਵੇ ਤੇ ਅਸੀਂ ਮਨੁਖਾ ਸਰੀਰ ਧਾਰਨ ਕਰੀਏ। ਫੇਰ ਗੁਰੂ ਧਾਰਨ ਕਰਕੇ ਕਰਮ, ਉਪਾਸ਼ਨਾ, ਗਿਆਨ ਵਿਚੋਂ ਦੀ ਲੰਘਦੇ ਹੋਏ ਵਿਗਿਆਨ, ਭਾਵ ਪ੍ਰਾਪਤੀ ਦੀ ਮੰਜ਼ਲ ਤੇ ਪਹੁੰਚ ਸਕੀਏ ਜਿਸ ਨੂੰ ਚੌਥਾ ਪਦ ਕਹਿੰਦੇ ਹਨ ਜਿਥੇ ਜੀਵ ਤੇ ਆਤਮਾ ਦਾ ਮੇਲ ਹੋ ਜਾਂਦਾ ਹੈ, ਪ੍ਰਭੂ ਨਾਲ ਇਕ ਮਿਕ ਹੋ ਜਾਈਦਾ ਹੈ।

ਗੁਰਸਿਖ ਇਸ ਤਰ੍ਹਾਂ ਨਾਲ ਸੇਠ ਨੂੰ ਬਚਨ ਸੁਣਾਉਂਦਿਆਂ ਹੋਇਆਂ ਤੁਰਿਆ ਜਾ ਰਿਹਾ ਸੀ ਤਾਂ ਸੇਠ ਕਹਿਣ ਲੱਗਿਆ ਕਿ ਭਾਈ ਜੀ! ਤੁਹਾਡੀ ਬਹੁਤ ਮਿਹਰਬਾਨੀ, ਤੁਹਾਡੇ ਬਚਨ ਬੜੇ ਗਹੁ ਨਾਲ ਸੁਣੇ ਹਨ ਪਰ ਪਹਿਲਾਂ ਤਾਂ ਮੈਨੂੰ ਇਸ ਬਾਰੇ ਪਤਾ ਹੀ ਨਹੀਂ ਸੀ, ਬਸ ਮੈਂ ਤਾਂ ਸਮਝਦਾ ਸੀ ਕਿ ਜਿਵੇਂ ਬਨਸਪਤੀ ਪੈਦਾ ਹੁੰਦੀ ਹੈ, ਇਸੇ ਤਰ੍ਹਾਂ ਇਨਸਾਨ ਪੈਦਾ ਹੁੰਦਾ ਹੈ, ਆਪਣੀ ਉਮਰ ਭੋਗ ਕੇ ਖਤਮ ਹੋ ਜਾਂਦਾ ਹੈ ਤੇ ਇਥੇ ਕੀਤੇ ਚੰਗੇ ਮਾੜੇ ਕਰਮਾਂ ਦਾ ਕੋਈ ਲੇਖਾ ਜੋਖਾ ਨਹੀਂ ਹੋਇਆ ਕਰਦਾ। ਮੈਂ ਤਾਂ ਸਮਝਦਾ ਸੀ ਕਿ ਜੋ ਕੁਝ ਵੀ ਹੈ, ਉਹ ਪੈਸਾ ਟਕਾ, ਧਨ ਦੌਲਤ ਹੀ ਹੁੰਦੀ ਹੈ, ਬਸ ਇਥੇ ਆ ਕੇ ਖਾਓ, ਪੀਓ, ਬਾਲ ਬੱਚੇ ਪਾਲੋ ਅਤੇ ਹਰ ਜਾਇਜ਼ ਤੇ ਨਜਾਇਜ਼ ਤਰੀਕੇ ਨਾਲ ਧਨ ਇਕੱਠਾ ਕਰਕੇ ਬੱਚਿਆਂ ਵਾਸਤੇ ਛੱਡ ਜਾਵੋ। ਪਰ ਹੁਣ ਪਤਾ ਲੱਗਿਐ ਕਿ ਦਰਗਾਹ ਵਿਚ ਵੀ ਲੇਖੇ ਦੇਣੇ ਪੈਣਗੇ। ਕਹਿਣ ਲੱਗਾ ਕਿ ਸਚਮੁਚ ਇਸੇ ਤਰ੍ਹਾਂ ਦਰਗਾਹ ਵਿਚ ਲੇਖੇ ਦੇਣੇ ਪੈਣਗੇ? ਗੁਰਸਿਖ ਕਹਿਣ ਲੱਗਿਆ, ਸੇਠ ਜੀ! ਮੈਂ ਤਾਂ ਤੁਹਾਨੂੰ ਆਪਣੇ ਗੁਰੂ ਦਾ ਉਪਦੇਸ਼ ਸਰਵਣ ਕਰਵਾਇਆ ਹੈ, ਅਗੇ ਜਿਵੇਂ ਤੁਸੀਂ ਕਰਨਾ ਹੈ ਤੁਹਾਡੀ ਮਰਜ਼ੀ ਹੈ। ਖੈਰ ਹੁਣ ਮੈਂ ਵਾਪਸ ਜਾਣਾ ਹੈ, ਮੇਰਾ ਵੀ ਪੰਧ ਲੰਮਾ ਹੈ, ਵੇਲੇ ਸਿਰ ਪਹੁੰਚ ਕੇ ਕਿਰਤ ਕਰਨੀ ਹੈ ਤੇ ਤੁਸੀਂ ਮੈਨੂੰ ਆਗਿਆ ਦਿਓ। ਸੇਠ ਨੇ ਜੋ ਮੁਨਾਸਬ ਮਜ਼ਦੂਰੀ ਬਣਦੀ ਸੀ, ਉਸ ਤੋਂ ਵੱਧ ਦੇਣੀ ਚਾਹੀ ਪਰੰਤੂ ਗੁਰਸਿਖ ਕਹਿਣ ਲੱਗਿਆ, ਜਿੰਨੀ ਮੁਨਾਸਬ ਹੈ ਓਨੀ ਹੀ ਲਵਾਂਗਾ। 'ਸੱਤ ਕਰਤਾਰ' ਦਾ

ਬਚਨ ਕਹਿ ਕੇ ਸੇਠ ਤੋਂ ਵਿਦਾ ਲਈ ਤੇ ਆਪਣੇ ਰਸਤੇ ਟੁਰ ਪਿਆ। ਇਹ ਗੁਰਸਿਖ ਕਰਨੀ ਕਮਾਈ ਵਾਲਾ ਸੀ। ਹਾਲੇ ਸੌ ਕਦਮ ਹੀ ਤੁਰਿਆ ਸੀ ਕਿ ਵਾਪਸ ਆ ਕੇ ਸੇਠ ਦਾ ਦਰਵਾਜ਼ਾ ਖੜਕਾਇਆ। ਉਸ ਨੇ ਦੇਖਿਆ ਤੇ ਪੁਛਿਆ, ਕੀ ਗੱਲ ਤੁਸੀਂ ਵਾਪਸ ਕਿਉਂ ਆ ਗਏ? ਜੇ ਤੁਸੀਂ ਆਰਾਮ ਕਰਨਾ ਹੈ, ਆਰਾਮ ਕਰ ਲਵੋ, ਜੇ ਮਜ਼ਦੂਰੀ ਘੱਟ ਹੈ ਹੋਰ ਲੈ ਲਵੋ। ਗੁਰਸਿਖ ਕਹਿਣ ਲੱਗਾ, ਸੇਠ ਜੀ! ਇਹ ਗਲ ਨਹੀਂ, ਮੈਂ ਤਾਂ ਤੁਹਾਨੂੰ ਇਕ ਬਹੁਤ ਭੇਦ ਦੀ ਗੱਲ ਦੱਸਣ ਆਇਆ ਹਾਂ। ਕਹਿਣ ਲੱਗਿਆ, ਕੀ? ਸੇਠ ਜੀ! ਤੁਸੀਂ ਅੱਜ ਤੋਂ ਸੱਤ ਦਿਨ ਬਾਅਦ ਇਹ ਸਰੀਰ ਛੱਡ ਜਾਣਾ ਹੈ ਭਾਵ ਤੁਹਾਡੀ ਮੌਤ ਹੋ ਜਾਣੀ ਹੈ ਤੇ ਤੁਹਾਨੂੰ ਜਮਦੂਤ ਲੈਣ ਵਾਸਤੇ ਆਉਣਗੇ। ਵੈਸੇ ਤਾਂ ਪਾਪੀ ਬੰਦਿਆਂ ਨੂੰ ਇਹ ਮਾਰਦੇ ਕੁਟਦੇ ਲੈ ਕੇ ਜਾਇਆ ਕਰਦੇ ਹਨ, ਪਰ ਤੁਹਾਡੇ ਨਾਲ ਥੋੜ੍ਹੀ ਨਰਮੀ ਵਰਤਣਗੇ ਤੇ ਧਰਮ ਰਾਜ ਦੇ ਪੇਸ਼ ਕਰਕੇ, ਤੁਹਾਡੇ ਕਰਮਾਂ ਦਾ ਲੇਖਾ ਜੋਖਾ ਹੋਵੇਗਾ ਤੇ ਤੁਹਾਥੋਂ ਪੁਛਿਆ ਜਾਵੇਗਾ ਕਿ ਪਹਿਲਾਂ ਤੈਨੂੰ ਪਾਪ ਕਰਮ ਦਾ ਫਲ ਭੁਗਤਾਈਏ ਭਾਵ ਨਰਕਾਂ ਵਿਚ ਸੁਟੀਏ ਕਿ ਤੈਨੂੰ ਪੁੰਨ ਕਰਮ ਦਾ ਫਲ ਭੁਗਤਾਈਏ। ਸੇਠ ਜੀ! ਤੁਸੀਂ ਕਹਿ ਦੇਣਾ ਕਿ ਪਹਿਲਾਂ ਪੁੰਨ ਕਰਮ ਦਾ ਫਲ ਚਾਹੀਦਾ ਹੈ ਤੇ ਮੈਨੂੰ ਸੰਤ ਮੰਡਲ ਵਿਚ ਭੇਜ ਦਿਓ। ਗੁਰਸਿਖ ਇੰਨੇ ਬਚਨ ਕਹਿ ਕੇ ਤੁਰ ਪਿਆ। ਸੇਠ ਨੂੰ ਤਾਂ ਫਿਕਰ ਪੈ ਗਿਆ ਤੇ ਹਰ ਵਕਤ ਗੁਰਸਿਖ ਦੇ ਬਚਨ ਉਸ ਦੇ ਕੰਨਾਂ ਵਿਚ ਸੁਣਦੇ ਹਨ ਕਿ ਮੈਂ ਕਿੰਨਾ ਵੱਡਾ ਗੁਨਹਗਾਰ ਤੇ ਪਾਪੀ ਹਾਂ। ਆਖਰ ਉਹ ਸਮਾਂ ਵੀ ਆ ਗਿਆ ਜੋ ਸਭ ਤੇ ਆਉਣਾ ਹੈ। ਜਮਦੂਤ ਆਏ ਤੇ ਇਸ ਦੇ ਸੂਖਸ਼ਮ ਸ਼ਰੀਰ ਨੂੰ ਦਰਗਾਹ ਵਿਚ ਧਰਮਰਾਜ ਦੇ ਸਾਮ੍ਹਣੇ ਪੇਸ਼ ਕਰ ਦਿਤਾ। ਧਰਮਰਾਜ ਨੇ ਚਿਤਰ ਗੁਪਤ ਨੂੰ ਕਿਹਾ ਕਿ ਇਸ ਦਾ ਹਿਸਾਬ ਦੇਖੋ। ਉਹ ਕਹਿਣ ਲੱਗਿਆ ਕਿ ਇਸ ਦੇ ਤਾਂ ਸਾਰੇ ਪਾਪ ਹੀ ਪਾਪ ਹਨ, ਇਸ ਨੇ ਕੋਈ ਚੰਗਾ ਕੰਮ ਨਹੀਂ ਕੀਤਾ। ਹਾਂ, ਇਕ ਪੁੰਨ ਦਾ ਕੰਮ ਕੀਤਾ ਹੈ ਕਿ ਇਸ ਨੇ ਗੁਰੂ ਨਾਨਕ ਦੇ ਸਿਖ ਦੀ ਸੰਗਤ ਕਰਕੇ ਉਸ ਦੇ ਮੁਖੋਂ ਸਤਸੰਗ ਸਰਵਣ ਕੀਤਾ ਹੈ, ਕੇਵਲ ਇਤਨਾ ਹੀ ਇਸ ਦਾ ਪੁੰਨ ਕਰਮ ਹੈ। ਧਰਮ ਰਾਜ ਪੁਛਣ ਲੱਗਿਆ ਕਿ ਪਹਿਲਾਂ ਤੂੰ ਪਾਪ ਕਰਮ ਦਾ ਫਲ ਭੋਗਣਾ ਹੈ ਜਾਂ ਪੁੰਨ ਕਰਮ ਦਾ? ਕਹਿਣ ਲੱਗਿਆ ਕਿ ਪੁੰਨ ਦਾ ਫਲ ਦੇਣ ਦੀ ਕਿਰਪਾ ਕਰੋ ਤੇ ਮੈਨੂੰ ਸੰਤ ਮੰਡਲ ਦੇ ਦਰਸ਼ਨ ਕਰਵਾ ਦਿਓ। ਦੂਤਾਂ ਨੂੰ ਕਿਹਾ ਕਿ ਇਸ ਨੂੰ ਸਿਰਫ ਅੱਧੀ ਘੜੀ ਵਾਸਤੇ ਸੰਤ ਮੰਡਲ ਵਿਚ ਲੈ ਜਾਉ। ਦੂਤ ਨੇ ਇਸ ਨੂੰ ਲਿਜਾ ਕੇ ਸੰਤ ਮੰਡਲ ਵਿਚ ਛੱਡ ਦਿਤਾ ਤੇ ਆਪ ਬਾਹਰ ਖੜ੍ਹੇ ਹੋ ਗਏ ਅਤੇ ਇਸ ਨੂੰ ਤਾੜ ਕੇ ਕਿਹਾ ਕਿ ਜਦੋਂ ਤੇਰਾ ਸਮਾਂ ਖਤਮ ਹੋਇਆ, ਅਸੀਂ ਤੈਨੂੰ ਇਸ਼ਾਰਾ ਕਰਾਂਗੇ, ਉਸੇ ਵੇਲੇ ਆ ਜਾਵੀਂ। ਕਹਿਣ ਲੱਗਿਆ, ਠੀਕ ਹੈ, ਮੈਂ ਉਸ ਵੇਲੇ ਵਾਪਸ ਆ ਜਾਵਾਂਗਾ। ਜਿਸ ਵੇਲੇ ਇਹ ਅੰਦਰ ਪਹੁੰਚਿਆ ਤਾਂ ਉਥੇ ਤਾਂ ਅਨੰਦ ਹੀ ਅਨੰਦ ਹੈ, ਸਾਰੇ ਸਾਧੂ, ਸੰਤ, ਮੁਕਤ ਆਤਮਾਵਾਂ ਦਾ ਵਾਸਾ ਉਸ ਮੰਡਲ ਵਿਚ ਹੈ, ਹਰੀ ਜਸ

ਕੀਰਤਨ ਤੇ ਮਹਿਮਾਂ ਦੀਆਂ ਅਨਹਦ ਧੁਨਾਂ ਵਜ ਰਹੀਆਂ ਹਨ ਤੇ ਅਕਹਿ ਮਸਤੀ ਹੈ। ਸਾਹਮਣੇ ਕੀ ਦੇਖਦਾ ਹੈ ਕਿ ਉਹੀ ਗੁਰਸਿਖ ਵੀ ਉਥੇ ਬਿਰਾਜਮਾਨ ਹੈ ਜਿਸ ਨੇ ਇਸ ਦੀ ਮਜ਼ਦੂਰੀ ਕੀਤੀ ਸੀ। ਦੇਖ ਕੇ ਪ੍ਰਣਾਮ ਕੀਤੀ ਤੇ ਉਨ੍ਹਾਂ ਨੇ ਬਿਠਾ ਲਿਆ। ਕਹਿਣ ਲੱਗੇ, ਇਥੇ ਹੀ ਬੈਠਾ ਰਹਿ। ਪਰੰਤੂ ਉਹ ਥੋੜ੍ਹੀ ਥੋੜ੍ਹੀ ਦੇਰ ਬਾਅਦ ਬਾਹਰ ਖੜ੍ਹੇ ਜਮਦੂਤਾਂ ਵੱਲ ਦੇਖੀ ਜਾ ਰਿਹਾ ਹੈ। ਗੁਰਸਿਖ ਕਹਿਣ ਲੱਗਿਆ, ਪ੍ਰੇਮੀਆਂ ਬਾਹਰ ਕੀ ਬਾਰ ਬਾਰ ਦੇਖ ਰਿਹਾ ਹੈਂ, ਇਥੇ ਦਾ ਅਨੰਦ ਮਾਣ। ਕਹਿਣ ਲੱਗਿਆ ਕਿ ਬਾਹਰ ਧਰਮਰਾਜ ਦੇ ਜਮਦੂਤ ਖੜ੍ਹੇ ਹਨ ਤੇ ਮੈਨੂੰ ਇਸ਼ਾਰਾ ਕਰ ਰਹੇ ਹਨ ਕਿ ਤੇਰਾ ਟਾਈਮ ਖਤਮ ਹੋਣ ਵਾਲਾ ਹੈ, ਬਾਹਰ ਆ ਜਾ। ਗੁਰਸਿਖ ਕਹਿਣ ਲੱਗਿਆ, "ਪ੍ਰੇਮੀਆਂ! ਹੁਣ ਤੂੰ ਜਿਥੇ ਆਉਣਾ ਸੀ ਆ ਗਿਆ, ਇਥੇ ਆ ਕੇ ਬਾਹਰ ਨਹੀਂ ਜਾਈਦਾ। ਜਿਹੜੀ ਤੂੰ ਜਮਦੂਤਾਂ ਦੀ ਗੱਲ ਕਰਦਾ ਹੈਂ, ਉਨ੍ਹਾਂ ਦੀ ਇਥੇ ਆਉਣ ਦੀ ਕੋਈ ਤਾਕਤ ਨਹੀਂ, ਕਿਉਂਕਿ ਇਥੇ ਹਰੀ ਕੀਰਤਨ ਹੋ ਰਿਹਾ ਹੈ ਤੇ ਪ੍ਰਮੇਸ਼ਰ ਦੇ ਪਿਆਰੇ ਸੰਤਾਂ ਦਾ ਮੰਡਲ ਹੈ, ਉਨ੍ਹਾਂ ਨੂੰ ਇਥੇ ਆਉਣ ਦਾ ਹੁਕਮ ਨਹੀਂ ਹੈ, ਉਹ ਆਪ ਹੀ ਵਾਪਸ ਚਲੇ ਜਾਣਗੇ।"

> ***ਜਹ ਸਾਧੂ ਗੋਬਿੰਦ ਭਜਨੁ ਕੀਰਤਨੁ ਨਾਨਕ ਨੀਤ॥***
> ***ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥***
>
> ***ਪੰਨਾ - 256***

ਸੋ ਪਿਆਰਿਓ! ਥੋੜ੍ਹੇ ਸਮੇਂ ਦਾ ਸਤਸੰਗ ਕਰਨ ਦਾ ਉਸ ਸੇਠ ਨੂੰ ਕਿਡਾ ਵੱਡਾ ਫਲ ਪ੍ਰਾਪਤ ਹੋਇਆ ਕਿ ਸੰਤ ਮੰਡਲ ਵਿਚ ਵਾਸਾ ਮਿਲ ਗਿਆ ਜਿਥੇ ਵੱਡੀ ਵੱਡੀ ਘਾਲਣਾ ਕਰਕੇ ਸੰਤ ਮਹਾਂਪੁਰਸ਼ ਜਾਂਦੇ ਹਨ, ਉਥੇ ਸਦਾ ਦਾ ਨਿਵਾਸ ਮਿਲ ਗਿਆ। ਇਸ ਕਰਕੇ ਆਪ ਸਾਰਿਆਂ ਨੂੰ ਬੇਨਤੀ ਕੀਤੀ ਹੈ ਕਿ ਆਪ ਭਾਵੇਂ ਕਿਸੇ ਵੀ ਸੰਪਰਦਾ ਨਾਲ ਸੰਬੰਧ ਰਖਦੇ ਹੋਵੋ, ਕੋਈ ਫਰਕ ਨਹੀਂ ਪੈਂਦਾ, ਆਪਾਂ ਇਥੇ ਰਲ ਮਿਲ ਕੇ ਹਰ ਰੋਜ਼ ਅੱਧੀ ਛੁਟੀ ਵੇਲੇ ਸਤਸੰਗ, ਨਾਮ ਦੀ ਵਿਚਾਰ ਕਰਿਆ ਕਰਾਂਗੇ ਜਿਸ ਦਾ ਫਲ ਆਪ ਸਾਰਿਆਂ ਨੇ ਸੁਣ ਹੀ ਲਿਆ ਹੈ। ਸਾਰਿਆਂ ਨੇ ਇਕ ਜ਼ੁਬਾਨ ਹੋ ਕੇ ਹਾਮੀ ਭਰੀ ਕਿ ਅਸੀਂ ਹਰ ਰੋਜ਼ ਇਸ ਵਿਚ ਸ਼ਾਮਲ ਹੋਣ ਵਾਸਤੇ ਬੈਠਿਆ ਕਰਾਂਗੇ।

## ਅੱਧੀ ਛੁੱਟੀ ਵੇਲੇ ਸਤਿਸੰਗ ਨਾਮ ਤੇ ਵਿਚਾਰ

ਆਪ ਜੀ ਦੱਸਿਆ ਕਰਦੇ ਸੀ ਕਿ ਜਿੰਨਾਂ ਚਿਰ ਮੈਂ ਸਕੱਤਰੇਤ ਦੀ ਸਰਵਿਸ ਕੀਤੀ, ਓਨਾਂ ਚਿਰ ਹਰ ਰੋਜ਼ ਅੱਧੀ ਛੁਟੀ ਸਮੇਂ ਸਾਰੇ ਪ੍ਰੇਮੀ ਇਕੱਤਰ ਹੋ ਕੇ ਬਹਿ ਜਾਂਦੇ ਅਤੇ ਸਤਸੰਗ ਰੂਪੀ ਵਿਚਾਰ ਸ਼ੁਰੂ ਹੋ ਜਾਇਆ ਕਰਦੀ ਸੀ। ਸਾਰੇ ਮੁਲਾਜ਼ਮ ਪੜ੍ਹੇ ਲਿਖੇ ਤੇ ਜਗਿਆਸੂ ਹੋਇਆ ਕਰਦੇ ਸਨ ਕਿਉਂਕਿ ਜਿਸ ਦੇ ਅੰਦਰ ਜਗਿਆਸਾ ਨਾ ਹੋਵੇ, ਉਸ ਨੂੰ ਇਹਨਾਂ ਗੱਲਾਂ ਦੀ, ਇਹਨਾਂ ਕੀਮਤੀ ਵਿਚਾਰਾਂ ਦੀ ਕੋਈ ਕਦਰ ਨਹੀਂ ਹੋਇਆ ਕਰਦੀ। ਜਦੋਂ ਬਾਬਾ ਜੀ ਇਕ ਨੁਕਤੇ ਤੇ ਆਪਣੇ ਵਿਚਾਰ ਦਿੰਦੇ ਸਨ ਤਾਂ ਵਿਚੋਂ ਕੋਈ ਟੋਕਿਆ

ਨਹੀਂ ਸੀ ਕਰਦਾ ਸਗੋਂ ਵਿਚੋਂ ਸਵਾਲ ਬਣਾ ਕੇ ਬਾਅਦ ਵਿਚ ਦੱਸ ਦਿਆ ਕਰਦੇ ਸਨ। ਸਾਰੇ ਆਪੋ ਆਪਣੇ ਸਵਾਲ ਘਰਾਂ ਤੋਂ ਲਿਖ ਕੇ ਲਿਆਇਆ ਕਰਦੇ ਸਨ। ਵਾਰੀ ਵਾਰੀ ਬਾਬਾ ਜੀ ਨੂੰ ਪੁਛਿਆ ਕਰਦੇ ਸਨ ਅਤੇ ਬਾਬਾ ਜੀ ਸਾਰਿਆਂ ਦੇ ਜਵਾਬ ਦੇ ਕੇ ਪੂਰੀ ਤਸੱਲੀ ਕਰਵਾ ਦਿਆ ਕਰਦੇ ਸਨ। ਖਾਸ ਕਰਕੇ ਸਾਰੀਆਂ ਵਿਚਾਰਾਂ ਨਾਮ ਤੇ ਕੇਂਦਰਿਤ ਹੋਇਆ ਕਰਦੀਆਂ ਸਨ ਜਿਨ੍ਹਾਂ ਵਿਚ ਬੜੇ ਅਹਿਮ ਪਹਿਲੂਆਂ ਤੇ ਬਹੁਤ ਗੁੱਝੇ ਭੇਦਾਂ ਦਾ ਪਤਾ ਲੱਗ ਜਾਂਦਾ ਸੀ। ਬਾਬਾ ਜੀ ਨੇ ਦੱਸਿਆ ਸੀ ਕਿ ਇਹ ਸਾਰੇ ਸਤਸੰਗੀ ਭਾਵੇਂ ਵੱਖ ਵੱਖ ਸੰਪਰਦਾਵਾਂ ਤੇ ਮਜ਼੍ਹਬਾਂ ਨਾਲ ਤੁਅੱਲਕ ਰਖਦੇ ਸਨ ਪਰੰਤੂ ਸਾਰੇ ਨਾਮ ਜਪਿਆ ਕਰਦੇ ਸਨ, ਇਸ ਕਰਕੇ ਹੀ ਸਾਰੇ ਦਿਲਚਸਪੀ ਰਖਦੇ ਸਨ। ਮਜ਼ਹਬ ਭਾਵੇਂ ਕੋਈ ਵੀ ਹੋਵੇ, ਸੰਪਰਦਾ ਭਾਵੇਂ ਕੋਈ ਵੀ ਹੋਵੇ ਪਰ ਸਾਰਿਆਂ ਦਾ ਟੀਚਾ ਇਕੋ ਹੋਇਆ ਕਰਦਾ ਹੈ ਕਿ ਪ੍ਰਭੂ ਪ੍ਰਾਪਤੀ ਕਿਵੇਂ ਹੋਵੇ।

ਸੋ ਜਗਿਆਸੂ ਪ੍ਰੇਮੀ ਜਦੋਂ ਨਾਮ ਬਾਰੇ ਕੋਈ ਸਵਾਲ ਕਰਦੇ ਤਾਂ ਆਪ ਜੀ ਉਸ ਦਾ ਜਵਾਬ ਗੁਰਮਤਿ ਅਨੁਸਾਰ ਦੇ ਕੇ ਤਸੱਲੀ ਕਰਵਾ ਦਿੰਦੇ ਸੀ। ਇਕ ਪ੍ਰੇਮੀ ਨੇ ਸਵਾਲ ਕੀਤਾ ਕਿ ਨਾਮ ਕੀ ਹੈ? ਇਹਨਾਂ ਸਵਾਲਾਂ ਦੇ ਜਵਾਬ ਕੇਵਲ ਟੂਕ ਮਾਤਰ ਦਿਤੇ ਜਾ ਰਹੇ ਹਨ ਕਿਉਂਕਿ ਪਿਛੇ ਆਪ ਜੀ ਨੂੰ ਦੱਸਿਆ ਹੈ ਕਿ ਬਾਬਾ ਜੀ ਕਿਹਾ ਕਰਦੇ ਸੀ ਕਿ ਇਸ ਉਤੇ ਤਾਂ ਇਕ ਪੂਰੀ ਪੁਸਤਕ ਬਣ ਜਾਂਦੀ ਜੇ ਸਾਰਾ ਕੁਝ ਵੇਰਵੇ ਸਹਿਤ ਦਿਤਾ ਜਾਵੇ। ਨਾਮ ਇਕ ਪਰੀਪੂਰਣ ਸ਼ਕਤੀ ਹੈ ਜੋ ਸਾਰੇ ਬ੍ਰਹਿਮੰਡ ਵਿਚ ਸਮਾਈ ਹੋਈ ਹੈ ਤੇ ਉਸ ਸ਼ਕਤੀ ਨੇ ਇਕ ਤੋਂ ਅਨੇਕ ਦਾ ਵਰਤਾਰਾ ਕੀਤਾ ਹੈ। ਉਸ ਨੂੰ ਕੋਈ ਬਿਆਨ ਨਹੀਂ ਕਰ ਸਕਦਾ ਕਿਉਂਕਿ ਉਹ ਅਗੰਮ ਤੇ ਅਗੋਚਰ ਹੈ, ਉਹ 'ਸੈਭੰ' ਆਪਣੇ ਆਪ ਤੋਂ, ਸੁਤੇ ਪ੍ਰਕਾਸ਼ ਹੈ। ਛੱਤੀ ਜੁਗ ਗੁਬਾਰ ਰਹਿਣ ਉਪਰੰਤ, ਜਿਸ ਦੇ ਬਾਰੇ ਫੁਰਮਾਨ ਹੈ ਕਿ –

***ਅਰਬਦ ਨਰਬਦ ਧੁੰਧੂਕਾਰਾ॥***
***ਧਰਣਿ ਨ ਗਗਨਾ ਹੁਕਮੁ ਅਪਾਰਾ॥*** ***ਪੰਨਾ – 1035***

ਵਾਹਿਗੁਰੂ ਨੇ ਆਪਣੀ ਮੌਜ ਵਿਚ ਆ ਕੇ ਓਅੰਕਾਰ ਦੀ ਧੁਨੀ ਨਾਲ ਇਸ ਜਗਤ ਦੀ ਰਚਨਾ ਕੀਤੀ ਤੇ ਉਹ ਧੁਨ ਨਿਰੰਤਰ ਇਸ ਜਗਤ ਵਿਚ ਪਰੀਪੂਰਨ ਰੂਪ ਵਿਚ ਗੂੰਜ ਰਹੀ ਹੈ ਅਤੇ ਗੂੰਜਦੀ ਰਹੇਗੀ।

***ਪ੍ਰਥਮੇ ਓਅੰਕਾਰ ਤਿਨ ਕਹਾ॥***
***ਸੋ ਧੁਨ ਪੂਰ ਜਗਤ ਮੋ ਰਹਾ॥***

***ਨਿਰੰਕਾਰੁ ਅਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।***
***ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।***

***ਭਾਈ ਗੁਰਦਾਸ ਜੀ ਦੀ ਵਾਰ 26/2***

ਇਸ ਪਵਿਤਰ ਪਾਵਨ ਸਵਰੂਪ ਦੀ ਵਿਆਖਿਆ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਮੂਲ ਮੰਤਰ ਵਿਚ ਕੀਤੀ ਹੈ ਅਤੇ ਇਹ ਵੀ ਸੰਸਾਰ ਨੂੰ

ਦਸਿਆ ਕਿ ਉਹ ਅਗੰਮੀ ਸ਼ਕਤੀ ਇਕੋ ਹੀ ਹੈ ਇਸੇ ਕਰਕੇ ਆਪ ਜੀ ਨੇ ਪਹਿਲੇ 'ਏਕਾ' ਲਗਾਇਆ – ੧ੴ। ਉਸ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ।

***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥ ਪੰਨਾ – 1291***

ਸਾਰੇ ਖੰਡ ਤੇ ਬ੍ਰਹਿਮੰਡ ਨਾਮ ਤੋਂ ਹੀ ਬਣੇ ਹਨ ਅਤੇ ਸਾਰਾ ਪਸਾਰਾ ਕੇਵਲ ਨਾਮ ਨੇ ਹੀ ਧਾਰਨ ਕੀਤਾ ਹੋਇਆ ਹੈ।

***ਨਾਮ ਕੇ ਧਾਰੇ ਸਗਲੇ ਜੰਤ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ॥ ਪੰਨਾ – 284***

ਉਹ ਨਿਰਾਕਾਰ ਤੇ ਨਿਰਗੁਣ ਸੱਤਾ, ਉਹ ਇਹ ਸੰਸਾਰ ਬਣਨ ਤੋਂ ਪਹਿਲਾਂ ਵੀ ਸੀ ਅਤੇ ਉਸ ਤੋਂ ਪਹਿਲੇ ਜੁਗਾਂ ਵਿਚ ਵੀ ਉਹੀ ਸੱਤਾ ਸੀ ਅਤੇ ਇਸ ਵਕਤ ਵੀ ਉਹੀ ਸੱਚਾ ਹੈ ਅਤੇ ਆਉਣ ਵਾਲੇ ਸਮੇਂ ਵਿਚ ਵੀ ਉਹ ਪਰੀਪੂਰਣ ਸੱਤਾ ਜਿਸ ਨੂੰ ਨਾਮ ਕਹਿੰਦੇ ਹਨ ਉਹ ਹੀ ਰਹੇਗੀ।

***ਆਦਿ ਸਚੁ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਪੰਨਾ – 1***

ਨਾਮ ਤੋਂ ਹੀ ਸਭ ਪੈਦਾ ਹੁੰਦੀ ਹੈ, ਨਾਮ ਤੋਂ ਵਿਨਾਸ਼ ਹੁੰਦੀ ਹੈ ਅਤੇ ਨਾਮ ਤੋਂ ਹੀ ਉਸ ਪਰੀਪੂਰਨ ਸਤਾ ਵਿਚ ਸਮਾਈ ਹੋ ਜਾਂਦੀ ਹੈ।

***ਨਾਮੇ ਉਪਜੈ ਨਾਮੇ ਬਿਨਸੈ ਨਾਮੇ ਸਚਿ ਸਮਾਏ॥ ਪੰਨਾ – 246***

ਨਾਮ ਦਾ ਵਾਸਾ ਪ੍ਰਕਿਰਤੀ ਦੇ ਕਣ ਕਣ ਵਿਚ, ਪਸ਼ੂਆਂ ਪੰਛੀਆਂ ਵਿਚ ਵੀ ਹੈ ਤੇ ਮਨੁਖਾ ਸਰੀਰ ਦੇ ਅੰਦਰ ਵੀ ਹੈ?

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥ ਪੰਨਾ – 293***

ਪ੍ਰਕਿਰਤੀ ਜੜ੍ਹ ਰੂਪ ਹੋਣ ਕਰਕੇ ਇਸ ਨੂੰ ਪਤਾ ਨਹੀਂ। ਪੰਛੀਆਂ ਵਿਚ ਚੇਤਨਤਾ ਤਾਂ ਹੈ ਪਰ ਗਿਆਨ ਨਹੀਂ ਪਰੰਤੂ ਉਸ ਨਾਮ ਸ਼ਕਤੀ ਕਰਕੇ ਉਹਨਾਂ ਵਿਚ ਜੀਵਨ ਦੀ ਰੌ ਰੁਮਕਦੀ ਹੈ। ਮਨੁਖ ਪੰਜ਼ੀ ਪ੍ਰਕਿਰਤੀਆਂ ਦਾ ਸੁਮੇਲ ਹੋਣ ਕਰਕੇ ਇਸ ਨੂੰ ਬਾਹਰਲਾ ਤਾਂ ਪਤਾ ਹੈ, ਸੰਸਾਰ ਦਾ ਪਤਾ ਹੈ, ਆਪਣੇ ਸਾਕ ਸੰਬੰਧੀਆਂ ਦਾ ਪਤਾ ਹੈ, ਕਿਤਾਬੀ ਪੜ੍ਹਾਈ ਦਾ ਪਤਾ ਹੈ ਪਰੰਤੂ ਇਸ ਨੂੰ ਇਹ ਨਹੀਂ ਪਤਾ ਕਿ ਮੇਰੇ ਅੰਦਰ ਅੰਮ੍ਰਿਤ ਦਾ ਕੁੰਡ ਹੈ ਜਿਸ ਨਾਲ ਨਵਨਿਧੀ ਪ੍ਰਾਪਤ ਹੋ ਜਾਂਦੀ ਹੈ। ਇਸ ਕਰਕੇ ਇਸ ਨੂੰ ਆਪਣੇ ਆਪ ਇਸ ਦਾ ਪਤਾ ਨਹੀਂ ਲਗਦਾ। ਜਿਹੜੇ ਪੰਜ ਚੋਰ ਹਨ ਇਸ ਨੂੰ ਹਰ ਵਕਤ ਲੁਟਦੇ ਰਹਿੰਦੇ ਹਨ। ਇਸ ਬਾਰੇ ਇਸ ਨੂੰ ਖਬਰ ਨਹੀਂ ਹੈ, ਇਹ ਕੇਵਲ ਗੁਰਮੁਖ ਜਾਣਦੇ ਹਨ।

***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥***
***ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ॥***

***ਪੰਨਾ - 600***

ਨਾਮ ਦੀ ਸੋਝੀ ਕਿਥੋਂ ਪ੍ਰਾਪਤ ਹੁੰਦੀ ਹੈ?

***ਨਾਨਕ ਕੈ ਘਰਿ ਕੇਵਲ ਨਾਮੁ॥*** ***ਪੰਨਾ - 293***

ਗੁਰੂ ਨਾਨਕ ਪਾਤਸ਼ਾਹ ਦੇ ਘਰੋਂ ਕੇਵਲ ਨਾਮ ਹੀ ਮਿਲਦਾ ਹੈ ਅਤੇ ਵਾਹਿਗੁਰੂ ਜੀ ਤੋਂ ਇਹ ਭੰਡਾਰਾ ਗੁਰੂ ਪ੍ਰਮੇਸ਼ਰ ਦਾ ਰੂਪ ਧਾਰ ਕੇ ਸੰਸਾਰ ਵਿਚ ਵੰਡਣ ਵਾਸਤੇ ਲਿਆਏ ਅਤੇ ਸੰਸਾਰ ਦਾ ਉਧਾਰ ਕੀਤਾ, ਉਪਰੰਤ ਨੌਂ ਪਾਤਸ਼ਾਹੀਆਂ ਦੇ ਰੂਪ ਧਾਰ ਕੇ, ਦਸਮੇਂ ਜਾਮੇ ਵਿਚ ਇਸ ਨੂੰ ਖੰਡੇ ਬਾਟੇ ਦੇ ਰੂਪ ਵਿਚ ਪੰਜ ਪਿਆਰਿਆਂ ਰਾਹੀਂ, ਇਸ ਦਾਤ ਦੀ ਬਖਸ਼ਿਸ਼ ਦਾ ਰਾਹ ਪ੍ਰਚਲਤ ਕੀਤਾ ਅਤੇ ਗੁਰਬਾਣੀ ਦੇ ਰੂਪ ਵਿਚ ਨਾਮ ਦੇ ਭੰਡਾਰੇ ਨੂੰ ਗੁਰੂ ਗਰੰਥ ਸਾਹਿਬ ਵਿਚ ਕਲਮਬੰਦ ਕਰਕੇ ਇਸ ਨੂੰ ਗੁਰੂ ਦਾ ਦਰਜਾ ਦੇ ਕੇ ਸਨਮਾਨਿਤ ਕੀਤਾ। ਗੁਰਮੁਖਾਂ ਦੀ ਸੰਗਤ ਕਰਕੇ ਨਾਮ ਵਿਚ ਚੜ੍ਹਾਈ ਕਰਨ ਦਾ ਹੁਕਮ ਕੀਤਾ। ਪਰਚਾ ਸ਼ਬਦ ਦਾ ਤੇ ਦੀਦਾਰ ਖਾਲਸੇ ਦਾ ਤੋਂ ਭਾਵ ਹੈ, ਇਸ ਗੁਰਬਾਣੀ ਦੇ ਭੇਦ ਨੂੰ ਸਮਝਣ ਲਈ ਆਤਮ ਰਸ ਨੂੰ ਜਾਨਣ ਵਾਲੇ ਅਭੇਦ ਪੁਰਸ਼ ਜਿਸ ਨੂੰ 'ਖਾਲਸਾ' ਕਹਿੰਦੇ ਹਨ ਉਸ ਦੀ ਸੰਗਤ ਕਰਨ ਦਾ ਆਦੇਸ਼ ਹਰ ਗੁਰਸਿਖ ਨੂੰ ਹੈ ਕਿਉਂਕਿ ਨਾਮ ਕੇਵਲ ਪੂਰਨ ਸਤਿਗੁਰੂ ਹੀ ਦੇ ਸਕਦਾ ਹੈ। ਭਾਵੇਂ ਨਾਮ ਘਟ ਘਟ ਵਿਚ ਸਮਾਇਆ ਹੋਇਆ ਹੈ ਪਰ ਪੂਰੇ ਗੁਰੂ ਬਿਨਾਂ ਗਲ ਨਹੀਂ ਬਣਦੀ।

***ਹਰਿ ਅਉਖਧੁ ਸਭ ਘਟ ਹੈ ਭਾਈ॥***
***ਗੁਰ ਪੂਰੇ ਬਿਨੁ ਬਿਧਿ ਨ ਬਨਾਈ॥*** ***ਪੰਨਾ - 259***

***ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ॥***
***ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ॥***

***ਪੰਨਾ - 40***

ਨਾਮ ਜਪਣ ਦਾ ਕੀ ਫਾਇਦਾ ਹੈ?

ਪਰਮੇਸ਼ਰ ਦਾ ਨਾਮ ਸਿਮਰਨ ਕਰਨ ਵਾਲਾ ਜਦੋਂ ਸੰਸਾਰ ਤੋਂ ਜਾਂਦਾ ਹੈ ਤਾਂ ਧੰਨ ਧੰਨ ਹੁੰਦੀ ਹੈ ਤੇ ਦਰਗਾਹ ਵਿਚ ਮਾਣ ਪ੍ਰਾਪਤ ਹੁੰਦਾ ਹੈ।

***ਰੇ ਰੇ ਦਰਗਹ ਕਹੈ ਨ ਕੋਊ॥***
***ਆਉ ਬੈਠੁ ਆਦਰੁ ਸੁਭ ਦੇਊ॥*** ***ਪੰਨਾ - 252***
***ਧੰਨਿ ਧੰਨਿ ਕਹੈ ਸਭੁ ਕੋਇ॥***
***ਮੁਖ ਊਜਲ ਹਰਿ ਦਰਗਹ ਸੋਇ॥*** ***ਪੰਨਾ - 283***

*ਰਾਮ ਨਾਮ ਜਪਿ ਹਿਰਦੇ ਮਾਹਿ॥*
*ਨਾਨਕ ਪਤਿ ਸੇਤੀ ਘਰਿ ਜਾਹਿ॥* *ਪੰਨਾ - 283*

ਸਾਰੇ ਦੁਖਾਂ, ਕਲੇਸ਼ਾਂ ਤੇ ਬੀਮਾਰੀਆਂ ਦਾ ਇਲਾਜ ਕੇਵਲ ਨਾਮ ਹੈ ਅਤੇ ਵਾਹਿਗੁਰੂ ਦੇ ਗੁਣ ਗਾਇਨ ਕਰਨ ਨਾਲ ਖੇੜਾ ਤੇ ਖੁਸ਼ੀ ਪ੍ਰਾਪਤੀ ਹੁੰਦੀ ਹੈ।

*ਸਰਬ ਰੋਗ ਕਾ ਅਉਖਦੁ ਨਾਮੁ॥*
*ਕਲਿਆਣ ਰੂਪ ਮੰਗਲ ਗੁਣ ਗਾਮ॥* *ਪੰਨਾ - 274*

ਸੰਸਾਰ ਵਿਚ ਲੋੜੀਂਦੀਆਂ ਸਾਰੀਆਂ ਵਸਤਾਂ ਪ੍ਰਭੂ ਦਾ ਨਾਮ ਜਪ ਕੇ ਪ੍ਰਾਪਤ ਹੋ ਜਾਂਦੀਆਂ ਹਨ।

*ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਣ ਰਸਾਇਣ॥*

*ਪੰਨਾ - 714*

ਜਿਸ ਦੇ ਹਿਰਦੇ ਵਿਚ ਨਾਮ ਦਾ ਵਾਸਾ ਹੋ ਜਾਂਦਾ ਹੈ, ਉਹ ਸਾਰੀ ਸ੍ਰਿਸ਼ਟੀ ਦਾ ਬਾਦਸ਼ਾਹ ਹੈ।

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥*
*ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥*
*ਪੰਨਾ - 707*

ਜਿਹੜਾ ਹਰ ਵੇਲੇ ਪ੍ਰਭੂ ਦੀ ਸਿਫਤ ਸਲਾਹ ਕਰਦਾ ਹੈ, ਉਹ ਬਾਦਸ਼ਾਹਾਂ ਦਾ ਬਾਦਸ਼ਾਹ ਹੈ।

*ਜਿਸ ਨੋ ਬਖਸੇ ਸਿਫਤਿ ਸਾਲਾਹ॥*
*ਨਾਨਕ ਪਾਤਿਸਾਹੀ ਪਾਤਿਸਾਹੁ॥* *ਪੰਨਾ - 5*

ਚੰਦਨ, ਚੰਦਰਮਾ ਤੇ ਸਰਦਿ ਰੁਤ ਠੰਢੇ ਹਨ ਪਰੰਤੂ ਮਨ ਦੀ ਤਪਸ਼ ਨੂੰ ਨਹੀਂ ਮਿਟਾ ਸਕਦੇ। ਇਸ ਦੇ ਉਲਟ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਨ ਨਾਲ ਮਨ ਸ਼ਾਂਤ ਚਿਤ ਅਤੇ ਠੰਢਾ ਹੋ ਜਾਂਦਾ ਹੈ ਤੇ ਠਹਿਰਾਅ ਵਿਚ ਆ ਜਾਂਦਾ ਹੈ, ਘੁੰਮਣ ਘੇਰੀਆਂ ਵਿਚੋਂ ਕੱਢ ਕੇ ਸ਼ੀਤਲ ਕਰ ਦਿੰਦਾ ਹੈ, ਜਿਸ ਦੇ ਬਾਰੇ ਫੁਰਮਾਨ ਹੈ -

*ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ॥*
*ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ॥* *ਪੰਨਾ - 709*

ਕਲਜੁਗ ਦੀ ਹਨ੍ਹੇਰੀ ਕਰਕੇ ਦੁਨੀਆਂ ਵਿਚ ਤਪਸ਼ ਹੈ ਅਤੇ ਅੱਗ ਦੀ

ਤਰ੍ਹਾਂ ਤੱਤੀ ਹੈ ਪਰੰਤੂ ਪਰਮੇਸ਼ਰ ਦਾ ਨਾਮ ਠੰਢਾ ਹੈ।

*ਆਤਮ ਦੁਨੀਆ ਖੁਨਕ ਨਾਮੁ ਖੁਦਾਇਆ॥ ਪੰਨਾ – 1291*

ਜਿਸ ਨੂੰ ਨਾਮ ਦੀ ਪ੍ਰਾਪਤੀ ਨਹੀਂ ਹੋਈ ਤੇ ਨਾ ਹੀ ਵਿਧੀ ਪੂਰਬਕ ਗੁਰੂ ਧਾਰਨ ਕੀਤਾ ਹੈ, ਉਸ ਦਾ ਕੀ ਬਣੇਗਾ?

ਜਿਨ੍ਹਾਂ ਨੇ ਹਾਲੇ ਗੁਰੂ ਧਾਰਨ ਨਹੀਂ ਕੀਤਾ ਅਤੇ ਗੁਰੂ ਮੰਤਰ ਹੀ ਨਹੀਂ ਲਿਆ, ਉਨ੍ਹਾਂ ਦੀ ਤੁਲਨਾ ਗੁਰੂ ਮਹਾਰਾਜ ਜੀ ਨੇ ਕੁਤਿਆ, ਸੂਰਾਂ, ਗੱਧਿਆਂ, ਕਾਵਾਂ ਤੇ ਸੱਪਾਂ ਨਾਲ ਕੀਤੀ ਹੈ ਅਤੇ ਉਨ੍ਹਾਂ ਦੇ ਜੀਵਨ ਨੂੰ ਧਿਰਕਾਰ ਕਿਹਾ ਹੈ। ਜੇਕਰ ਕਿਸੇ ਨੂੰ ਸੌ ਵਾਰ ਫਿਟੇ ਮੂੰਹ ਕਹੀਏ ਤਾਂ ਇਕ ਵੇਰਾਂ ਧਿਰਕਾਰ ਕਹਿਣ ਦੇ ਬਰਾਬਰ ਹੁੰਦਾ ਹੈ। ਮਹਾਰਾਜ ਜੀ ਦਾ ਫੁਰਮਾਨ ਹੈ –

*ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥*
*ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥*

*ਪੰਨਾ – 1357*

ਇਹ ਮਨੁਖਾ ਜਨਮ ਕੇਵਲ ਨਾਮ ਜੱਪਣ ਵਾਸਤੇ ਹੀ ਮਿਲਿਆ ਹੈ ਕਿਉਂਕਿ ਇਸ ਦੇਹੀ ਦੇ ਦੁਆਰਾ ਹੀ ਪ੍ਰਭੂ ਨੂੰ ਮਿਲਿਆ ਜਾ ਸਕਦਾ ਹੈ। ਨਾਮ ਤੋਂ ਬਿਨਾਂ ਹੋਰ ਸਾਰੇ ਕੰਮ ਵਿਅਰਥ ਹਨ।

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ਪੰਨਾ – 12*

ਮਨੁਖਾ ਜਨਮ ਧਾਰ ਕੇ ਜਿਸ ਨੇ ਨਾਮ ਨਹੀਂ ਜਪਿਆ, ਉਹ ਆਪਣੀ ਮੌਤ ਆਪ ਹੀ ਸਹੇੜਦਾ ਹੈ। ਉਸ ਦੀ ਆਤਮਿਕ ਤੌਰ ਤੇ ਮ੍ਰਿਤੂ ਹੋ ਜਾਂਦੀ ਹੈ।

*ਨਾਮੁ ਨ ਜਪਹਿ ਤੇ ਆਤਮ ਘਾਤੀ॥ ਪੰਨਾ – 188*

ਦੁਨੀਆਂਦਾਰੀ ਦੇ ਹੋਰ ਸਾਰੇ ਕੰਮ ਜਿਵੇਂ ਪੈਸਾ ਟਕਾ ਕਮਾਉਣਾ, ਜਇਦਾਦਾਂ ਬਣਾਉਣੀਆਂ, ਵੱਡੇ ਵੱਡੇ ਅਹੁਦੇ ਹਾਸਲ ਕਰ ਲੈਣੇ, ਧੀਆਂ ਪੁੱਤਰਾਂ, ਰਿਸ਼ਤੇਦਾਰਾਂ ਦੇ ਸੰਬੰਧ, ਕੁਟੰਬ ਆਦਿ ਦੇ ਧੰਧੇ ਕਰਦੇ ਰਹਿਣਾ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿਚ ਆ ਕੇ ਕਰਮ ਕਰਦੇ ਰਹਿਣਾ, ਇਨ੍ਹਾਂ ਸਾਰਿਆਂ ਕਰਕੇ ਧਰਮ ਰਾਇ ਦੇ ਜਮਦੂਤ ਲੈ ਜਾਇਆ ਕਰਦੇ ਹਨ। ਧਰਮਰਾਜ ਦੀ ਕਚਿਹਰੀ ਵਿਚ ਪੇਸ਼ ਹੋਣਾ ਪੈਂਦਾ ਹੈ ਕਿਉਂਕਿ ਉਸ ਨੇ ਇਹੀ ਸਵਾਲ ਕਰਨਾ ਹੈ ਕਿ ਤੈਨੂੰ ਨਾਮ ਜਪਣ ਲਈ ਭੇਜਿਆ ਸੀ, ਨਾਮ ਕਿਉਂ

ਨਹੀਂ ਜਪਿਆ ?

***ਅਵਰ ਕਰਤੂਤਿ ਸਗਲੀ ਜਮੁ ਡਾਨੈ॥***
***ਗੋਬਿੰਦ ਭਜਨ ਬਿਨੁ ਤਿਲੁ ਨਹੀ ਮਾਨੈ॥ ਪੰਨਾ - 266***

ਇਸ ਲਈ ਨਾਮ ਤੋਂ ਬਗੈਰ ਜਿੰਨਾਂ ਵੀ ਕਾਰ ਵਿਹਾਰ ਕਰਨਾ ਹੈ ਉਹ ਮ੍ਰਿਤਕ ਨੂੰ ਸ਼ਿੰਗਾਰਨ ਦੀ ਨਿਆਂਈਂ ਹੋਇਆ ਕਰਦਾ ਹੈ।

***ਨਾਮ ਬਿਨਾ ਜੇਤਾ ਬਿਉਹਾਰੁ॥***
***ਜਿਉ ਮਿਰਤਕ ਮਿਥਿਆ ਸੀਗਾਰੁ॥ ਪੰਨਾ - 240***

ਨਾਮ ਤੋਂ ਬਿਨਾਂ ਪਹਿਨਣ ਤੇ ਖਾਣ ਨੂੰ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਜਿਵੇਂ ਕੁਤਾ ਝੂਠੇ ਬਰਤਨਾਂ ਵਿਚੋਂ ਜੂਠ ਖਾਂਦਾ ਹੈ -

***ਨਾਮ ਬਿਨਾ ਜੋ ਪਹਿਰੈ ਖਾਇ॥***
***ਜਿਉ ਕੂਕਰ ਜੂਠਨ ਮਹਿ ਪਾਇ॥ ਪੰਨਾ - 240***

ਮਨੁਖਾ ਸਰੀਰ ਪ੍ਰਾਪਤ ਕਰਕੇ ਵੀ ਜਿਹੜੇ ਨਾਮ ਨਹੀਂ ਜਪਦੇ, ਉਹ ਇਸ ਧਰਤੀ ਤੇ ਭਾਰੂ ਹਨ ਕਿਉਂਕਿ ਉਹਨਾਂ ਨੇ ਪ੍ਰਭੂ ਦਾ ਨਾਮ ਵਿਸਾਰ ਦਿਤਾ।

***ਵਿਸਰਿਆ ਜਿਨ ਨਾਮੁ ਤੇ ਭੁਇ ਭਾਰੁ ਥੀਏ॥ ਪੰਨਾ - 488***

ਸੰਸਾਰ ਤੇ ਆ ਕੇ ਜੋ ਮਨੁਖ ਠੱਗੀਆਂ ਕਰਦੇ ਹਨ, ਧੋਖੇ ਕਰਦੇ ਹਨ, ਪਰ ਉਹ ਆਪ ਹੀ ਲੋਭ, ਮੋਹ ਵਸ ਹੋ ਕੇ ਠੱਗੇ ਜਾਂਦੇ ਹਨ, ਉਨ੍ਹਾਂ ਨੂੰ ਦਰਗਾਹ ਵਿਚ ਸਿਰ ਨੀਵਾਂ ਕਰਨਾ ਪੈਂਦਾ ਹੈ। ਜਨਮ ਹਾਰ ਕੇ ਚਲੇ ਜਾਂਦੇ ਹਨ।

***ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥***
***ਪੰਨਾ - 463***

ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਐਸੇ ਮਨੁਖਾਂ ਨਾਲੋਂ ਤਾਂ ਪਸ਼ੂ ਚੰਗੇ ਹਨ ਜੋ ਰੁਖਾ ਸੁਖਾ ਘਾਹ ਖਾ ਕੇ, ਖਲ ਖਾ ਕੇ ਅੰਮ੍ਰਿਤ ਰੂਪੀ ਦੁਧ ਦਿੰਦੇ ਹਨ ਅਤੇ ਇਨ੍ਹਾਂ ਦਾ ਜੀਵਨ ਤਾਂ ਪਸ਼ੂਆਂ ਤੋਂ ਵੀ ਬਦਤਰ ਹੈ ਕਿਉਂਕਿ ਇਨ੍ਹਾਂ ਦੇ ਕੀਤੇ ਕਰਮ, ਗੁਰੂ ਦੀ ਮੱਤ ਨਾ ਧਾਰਨ ਕਰਕੇ ਲੇਖੇ ਵਿਚ ਨਹੀਂ ਪੈਂਦੇ।

***ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥***
***ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ॥***
***ਪੰਨਾ - 489***

ਇਹੋ ਜਿਹੇ ਮਨੁਖ 'ਖਾਓ, ਪੀਓ ਤੇ ਐਸ਼ ਕਰੋ' ਦੀ ਬਿਰਤੀ ਦੇ ਧਾਰਨੀ

ਹੋਣ ਕਰਕੇ ਸੰਸਾਰ ਤੇ ਆ ਕੇ ਅਮੋਲਕ ਮਨੁਖਾ ਜਨਮ ਬਰਬਾਦ ਕਰਕੇ ਚਲੇ ਜਾਂਦੇ ਹਨ। ਜਿਸ ਤਰ੍ਹਾਂ ਨਾਲ ਖਾਲੀ ਹੱਥ ਆਏ ਸੀ, ਉਸੇ ਤਰ੍ਹਾਂ ਦੋਵੇਂ ਹੱਥ ਝਾੜ ਕੇ, ਖਾਲੀ ਹੱਥ ਸੰਸਾਰ ਤੋਂ ਚਲੇ ਜਾਂਦੇ ਹਨ ਕਿਉਂਕਿ ਨਾਮ ਰੂਪੀ ਤੋਸਾ ਉਨ੍ਹਾਂ ਦੇ ਪੱਲੇ ਨਹੀਂ ਹੁੰਦਾ ਜਿਸ ਕਰਕੇ ਦਰਗਾਹ ਵਿਚ ਕੋਈ ਸਹਾਇਤਾ ਕਰਨ ਵਾਲਾ ਨਹੀਂ ਹੁੰਦਾ ਕਿਉਂਕਿ ਇਸ ਪ੍ਰਥਾਇ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ –

***ਜਹ ਮੁਸਕਲ ਹੋਵੈ ਅਤਿ ਭਾਰੀ॥***
***ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥*** ***ਪੰਨਾ – 264***

ਨਾਮ ਜਪਣਾ ਕਿਉਂ ਜ਼ਰੂਰੀ ਹੈ ਤੇ ਨਾਮ ਦੀ ਮਹਿਮਾ ਕੀ ਹੈ?

ਇਸ ਬਾਰੇ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਮਨੁਖ ਸੰਸਾਰ ਵਿਚ ਕੇਵਲ ਨਾਮ ਜਪਣ ਵਾਸਤੇ ਹੀ ਆਇਆ ਹੈ ਪਰੰਤੂ ਜਨਮ ਹੁੰਦਿਆਂ ਸਾਰ ਹੀ ਇਸ ਨੂੰ ਤ੍ਰਿਗੁਣੀ ਮਾਇਆ ਨੇ ਮੋਹ ਲਿਆ ਅਤੇ ਮਾਇਆ ਦੀਆਂ ਭੁਲ ਭੁਲਾਈਆਂ ਵਿਚ ਇਸ ਨੂੰ ਸਭ ਕੁਝ ਭੁਲ ਗਿਆ। ਵੈਰ, ਵਿਰੋਧ, ਕਾਮ, ਕ੍ਰੋਧ, ਲੋਭ, ਮੋਹ ਦੇ ਚਿਕੜ ਵਿਚ ਫਸ ਕੇ ਅਨੇਕਾਂ ਜਨਮ ਇਸ ਦੇ ਲੰਘ ਗਏ।

***ਯਾ ਜੁਗ ਮਹਿ ਏਕਹਿ ਕਉ ਆਇਆ॥***
***ਜਨਮਤ ਮੋਹਿਓ ਮੋਹਨੀ ਮਾਇਆ॥*** ***ਪੰਨਾ – 251***

ਮਾਤਾ ਦੇ ਗਰਭ ਵਿਚ ਇਸ ਦੀ ਲਿਵ ਪ੍ਰਭੂ ਨਾਲ ਲੱਗੀ ਹੋਈ ਸੀ, ਉਹ ਟੁਟ ਗਈ।

***ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥***

***ਪੰਨਾ – 921***

ਇਸ ਦੇ ਫਲਸਰੂਪ ਇਹ ਜਨਮ ਮਰਨ ਦੇ ਚਕਰ ਵਿਚ ਫਸ ਗਿਆ।

***ਬੈਰ ਬਿਰੋਧ ਕਾਮ ਕ੍ਰੋਧ ਮੋਹ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥*** ***ਪੰਨਾ – 267***

ਇਹ ਪਰਮਾਤਮਾ ਦੀ ਜੋਤ ਤੋਂ ਪੈਦਾ ਹੋ ਕੇ ਜੀਵ ਆਤਮਾ ਬਣਿਆ ਤੇ ਫੇਰ ਇਸ ਤੋਂ ਵੀ ਹੇਠਾਂ ਇਹ ਜੀਵ ਬਣ ਗਿਆ ਅਤੇ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਸਮਝਣ ਲਗ ਪਿਆ। ਹੁਣ ਇਸ ਨੂੰ ਵਾਪਸ ਆਪਣੇ ਸਰੋਤ ਪ੍ਰਭੂ ਵਿਚ ਲੀਨ ਹੋਣ ਦੀ ਲੋੜ ਹੈ ਜਿਥੋਂ ਇਹ ਪੈਦਾ ਹੋਇਆ ਸੀ। ਇਸ ਨੂੰ ਆਪਣੇ ਆਤਮ ਸਰੂਪ ਦਾ ਅਨੁਭਵ ਕਰਨਾ ਪਵੇਗਾ ਇਸ ਸਾਰੀ ਕਿਰਿਆ ਲਈ ਇਸ ਨੂੰ ਨਾਮ ਜਪਣ ਦੀ ਲੋੜ ਹੈ।

ਨਾਮ ਇਸ ਜੀਵ ਨੂੰ ਹਰ ਮੁਸੀਬਤ ਤੋਂ ਬਰੀ ਕਰਨ ਦੇ ਸਮੱਰਥ ਹੈ।

ਜਿਵੇਂ ਹਾਥੀ ਨੇ ਅਰਦਾਸ ਕੀਤੀ ਸੀ ਕਿ ਹੇ ਪ੍ਰਭੂ! ਮੈਨੂੰ ਤੰਦੂਏ ਨੇ ਫੜ ਲਿਆ, ਮੇਰਾ ਹੁਣ ਬਲ ਨਹੀਂ ਚਲਦਾ, ਮੇਰੀ ਸਹਾਇਤਾ ਕਰੋ। ਝਟਪਟ ਉਸ ਦੇ ਬੰਧਨ ਟੁੱਟ ਗਏ ਅਤੇ ਪਾਣੀ 'ਚੋਂ ਸਹੀ ਸਲਾਮਤ ਬਾਹਰ ਆ ਗਿਆ।

***ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ॥***

***ਪੰਨਾ - 632***

ਅੰਤ ਦੇ ਸਮੇਂ ਜੇ ਇਕ ਵਾਰ ਵੀ ਪ੍ਰਭੂ ਦੇ ਨਾਮ ਦੀ ਸੋਝੀ ਆ ਜਾਵੇ ਤਾਂ ਵੀ ਉਸ ਦਾ ਉਧਾਰ ਹੋ ਜਾਂਦਾ ਹੈ ਭਾਵ ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ ਜਿਵੇਂ ਕਿ ਅਜਾਮਲ ਨੂੰ ਸੋਝੀ ਆਈ ਸੀ।

***ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥***
***ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥***

***ਪੰਨਾ - 902***

ਨਾਮ ਦੀ ਰਹਿਤ ਕੀ ਹੁੰਦੀ ਹੈ?

ਜਿਸ ਤਰ੍ਹਾਂ ਗੁਰਸਿਖ ਨੂੰ ਬਾਹਰਲੀ ਰਹਿਤ ਅਪਨਾਉਣ ਦਾ ਹੁਕਮ ਹੈ ਕਿ ਪੰਜ ਕਕਾਰਾਂ ਦਾ ਧਾਰਨੀ ਹੋਵੇ, ਨਿਤਨੇਮ ਵਿਚ ਪੱਕਾ ਹੋਵੇ, ਅੰਮ੍ਰਿਤ ਵੇਲੇ ਜਾਗ ਕੇ, ਇਸ਼ਨਾਨ ਕਰਕੇ ਗੁਰਮੰਤਰ ਦਾ ਜਾਪ ਢਾਈ ਘੰਟੇ ਕਰੇ ਭਾਵ ਸਮੇਂ ਦਾ ਦਸਵੰਧ ਵੀ ਦੇਵੇ ਅਤੇ ਕਿਰਤ ਕਮਾਈ ਵਿਚੋਂ ਵੀ ਦਸਵੰਧ ਗੁਰੂ ਕਾਰਜਾਂ ਵਿਚ ਦੇ ਕੇ ਮਾਇਆ ਸਫਲ ਕਰੇ। ਗੁਰਮੁਖਾਂ ਦੀ ਸੰਗਤ ਕਰਦਾ ਰਹੇ ਅਤੇ ਸਤਸੰਗਤ ਰੂਪੀ ਕਿਲੇ ਵਿਚ ਰਹਿ ਕੇ ਵਿਸ਼ੇ ਵਿਕਾਰਾਂ ਤੋਂ ਦੂਰ ਰਹਿਣ ਦੀ ਲਗਾਤਾਰ ਕੋਸ਼ਿਸ਼ ਕਰੇ, ਸਾਕਤਾਂ ਤੇ ਨਿਗੁਰਿਆਂ ਦੀ ਸੰਗਤ ਤੋਂ ਦੂਰ ਰਹੇ। ਸੰਸਾਰ ਵਿਚ ਵਿਚਰਦਿਆਂ ਹੋਇਆਂ ਕਰੁਣਾ, ਮੁਦਤਾ, ਮੈਤਰੀ ਤੇ ਉਪੇਖਿਆ ਧਾਰਦਾ ਹੋਇਆ ਸਮ ਬਿਰਤੀ ਧਾਰਨ ਕਰੇ ਅਤੇ ਰਾਗ, ਦ੍ਵੈਸ਼ ਰੂਪੀ ਬਿਰਤੀ ਦਾ ਤਿਆਗ ਕਰਨ ਲਈ ਸਦਾ ਯਤਨਸ਼ੀਲ ਰਹੇ।

ਆਪਣੇ ਅੰਦਰ ਧਰਮ ਦੇ ਸ਼ੁਭ ਗੁਣਾਂ ਦਾ ਪਰਵੇਸ਼ ਕਰਵਾਉਂਦਾ ਰਹੇ ਕਿਉਂਕਿ ਧਰਮ ਨਾਲ ਆਪਣੇ ਅੰਦਰ ਹੀ ਨਹੀਂ ਸਗੋਂ ਸਾਰੇ ਆਲੇ ਦੁਆਲੇ ਤੇ ਸੰਸਾਰ ਅੰਦਰ ਸ਼ਾਂਤੀ ਫੈਲ ਸਕਦੀ ਹੈ। ਆਪਣੇ ਸੰਪਰਕ ਵਿਚ ਆਉਣ ਵਾਲੇ ਬੰਦਿਆਂ ਨਾਲ ਐਸਾ ਵਿਵਹਾਰ ਕਰਨਾ ਜਿਸ ਨਾਲ ਕਿਸੇ ਨੂੰ ਦੁਖ ਜਾਂ ਠੇਸ ਨਾ ਪਹੁੰਚੇ ਸਗੋਂ ਸਾਰਿਆਂ ਨੂੰ ਸੁਖ ਤੇ ਸ਼ਾਂਤੀ ਮਿਲੇ। ਮਨੁਖ ਨੂੰ ਦੁਨੀਆਂ ਵਿਚ ਆ ਕੇ ਉਹ ਕਰਮ ਕਰਨੇ ਚਾਹੀਦੇ ਹਨ ਜਿਸ ਨਾਲ ਇਸ ਨੂੰ ਦੀਨ ਤੇ ਦੁਨੀਆਂ ਵਿਚ ਸੁਖ ਮਿਲੇ ਅਤੇ ਸੰਸਾਰ ਅੰਦਰ ਸ਼ਾਂਤੀ ਦਾ ਵਰਤਾਰਾ ਹੋ ਜਾਵੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ ਬਚਿਤਰ ਨਾਟਕ ਵਿਚ

ਫੁਰਮਾਨ ਕੀਤਾ ਹੈ ਕਿ ਅਕਾਲ ਪੁਰਖ ਨੇ ਮੈਨੂੰ ਸੰਸਾਰ ਵਿਚ ਧਰਮ ਦਾ ਰਾਹ ਚਲਾਉਣ ਲਈ ਭੇਜਿਆ ਹੈ।

*ਜਾਹਿ ਤਹਾ ਤੈ ਧਰਮ ਚਲਾਇ॥*
*ਕਬੁਧ ਕਰਨ ਤੇ ਲੋਕ ਹਟਾਇ॥*

ਐਸਾ ਜੀਵਨ ਅਪਨਾਉਣ ਲਈ ਹੇਠ ਲਿਖੇ ਸ਼ੁਭ ਗੁਣ ਹੋਣੇ ਜ਼ਰੂਰੀ ਹਨ।

**ਧੀਰਜ** – ਅਨੇਕਾਂ ਤਰ੍ਹਾਂ ਦੇ ਕਸ਼ਟ ਆਉਣ ਤੇ ਸ਼ਾਂਤ ਤੇ ਅਡੋਲ ਚਿਤ ਰੱਖਣ ਵਾਲੀ ਸ਼ਕਤੀ ਨੂੰ ਧੀਰਜ ਆਖਦੇ ਹਨ। ਆਤਮਿਕ ਉਨਤੀ ਲਈ ਧੀਰਜ ਦੇ ਧਾਰਨੀ ਹੋਣਾ ਅਤੀ ਜ਼ਰੂਰੀ ਹੈ।

**ਖਿਮਾ** – ਕਿਸੇ ਦੇ ਕੀਤੇ ਹੋਏ ਗੁਨਾਹ ਨੂੰ ਮੁਆਫ ਕਰ ਦੇਣ ਨੂੰ ਖਿਮਾ ਕਹਿੰਦੇ ਹਨ ਜਿਸ ਬਾਰੇ ਮਹਾਰਾਜ ਜੀ ਦਾ ਫੁਰਮਾਨ ਹੈ –

*ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ॥*
*ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ॥*
*ਪੰਨਾ – 937*

**ਦਯਾ** – ਕਿਸੇ ਦੇ ਦੁਖ ਨੂੰ ਨਾ ਸਹਾਰ ਸਕਣਾ ਅਤੇ ਉਸ ਦੀ ਪੀੜਾ ਨੂੰ ਹਰਨ ਕਰਨ ਵਾਲੀ ਸ਼ਕਤੀ ਨੂੰ ਦਯਾ ਆਖਦੇ ਹਨ ਜਿਸ ਬਾਰੇ ਫੁਰਮਾਨ ਹੈ –

*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥*
*ਪੰਨਾ – 136*

**ਸੰਤੋਖ** – ਜੀਅ ਭਰ ਕੇ ਮਿਹਨਤ ਕਰਨੀ ਅਤੇ ਜੋ ਕੁਝ ਵੀ ਉਸ ਤੋਂ ਪ੍ਰਾਪਤ ਹੋਇਆ, ਉਸ ਵਿਚ ਸੰਤੁਸ਼ਟੀ ਰੱਖਣੀ।

*ਯਥਾ ਲਾਭ ਸੰਤੁਸ਼ਟੇ॥*

**ਉਦਮ** – ਆਪਣੇ ਮਨੁਖੀ ਜਾਮੇ ਦੇ ਫਰਜ਼ ਨੂੰ ਤੱਤਪਰ ਹੋ ਕੇ ਨਿਭਾਉਣਾ ਤੇ ਆਲਸ ਤੋਂ ਦੂਰ ਰਹਿਣਾ। ਇਸ ਨੂੰ ਉਦਮ ਕਹਿੰਦੇ ਹਨ –

*ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥*
*ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥*
*ਪੰਨਾ – 522*

**ਸ਼ੀਲ** – ਅੰਗਰੇਜ਼ੀ ਵਿਚ ਇਸ ਨੂੰ ਕਰੈਕਟਰ ਕਹਿੰਦੇ ਹਨ। ਵਿਸ਼ੇ ਵਾਸ਼ਨਾਵਾਂ ਦੀਆਂ ਲਹਿਰਾਂ ਵਿਚ ਸਥਿਰ ਤੇ ਅਡੋਲ ਰਹਿਣ ਨੂੰ ਸ਼ੀਲ ਆਖਦੇ ਹਨ।

**ਸੌਚ (ਪਵਿੱਤਰਤਾ)** – ਇਹ ਦੋ ਤਰ੍ਹਾਂ ਦੀ ਹੈ – ਇਕ ਬਾਹਰਲੀ ਪਵਿੱਤਰਤਾ ਜਿਵੇਂ ਕਿ ਸਰੀਰ ਦੀ ਪਵਿਤਰਤਾ, ਬਸਤਰਾਂ, ਘਰ ਤੇ ਆਲੇ ਦੁਆਲੇ ਦੀ ਪਵਿੱਤਰਤਾ। ਦੂਜੀ ਹੈ ਅੰਤਸ਼ਕਰਣ ਦੀ ਪਵਿੱਤਰਤਾ; ਮਨ,

ਬਚਨ ਤੇ ਕਰਮ ਨਾਲ ਪਵਿੱਤਰ ਜੀਵਨ ਬਤੀਤ ਕਰਨਾ। ਪਰਾਈ ਨਿੰਦਿਆ, ਚੁਗਲੀ, ਈਰਖਾ, ਬਖੀਲੀ ਦਾ ਪੂਰਨ ਤਿਆਗ ਕਰਨਾ ਅਤੇ ਸਰਬਤ ਦਾ ਭਲਾ ਮੰਗਣਾ।

**ਬੁਧੀ ਤੇ ਵਿਦਿਆ** – ਇਨ੍ਹਾਂ ਨੂੰ ਸੰਸਾਰ ਦੇ ਭਲੇ ਲਈ ਵਰਤਣਾ –

***ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥***
***ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ॥***
***ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ॥***
***ਪੰਨਾ – 1245***

ਇਸ ਤਰ੍ਹਾਂ ਨਾਮ ਨਾਲ ਸੰਬੰਧਤ ਹੋਰ ਅਨੇਕਾਂ ਸਵਾਲ ਕੀਤੇ ਜਾਇਆ ਕਰਦੇ ਸਨ ਜਿਵੇਂ ਕਿ ਇਹ ਜੀਵ ਪ੍ਰਮੇਸ਼ਰ ਦੀ ਅੰਸ ਹੁੰਦਾ ਹੋਇਆ ਵੀ ਫਿਰ ਕਿਉਂ ਦੁਖੀ ਹੈ ? ਇਸ ਦੇ ਦੁਖਾਂ ਦਾ ਖਾਤਮਾ ਕਿਵੇਂ ਹੋ ਸਕਦਾ ਹੈ ? ਇਤਆਦਿ। ਬਾਬਾ ਜੀ ਨੇ ਇਹੋ ਜਿਹੇ ਹੋਰ ਅਨੇਕਾਂ ਸਵਾਲਾਂ ਦੇ ਜਵਾਬ ਉਸ ਸਤਸੰਗ ਵਿਚ ਦਿਤੇ ਸਨ। ਮੈਂ ਤਾਂ ਕੇਵਲ ਟੂਕ ਮਾਤਰ ਹੀ ਕੁਝ ਲਿਖਿਆ ਹੈ ਪਰੰਤੂ ਮਹਾਂਪੁਰਸ਼ਾਂ ਦੁਆਰਾ ਲਿਖਤ ਪੁਸਤਕਾਂ ਤੇ ਆਤਮ ਮਾਰਗ ਮੈਗਜ਼ੀਨ ਅਤੇ ਉਨ੍ਹਾਂ ਦੁਆਰਾ ਬਣਾਈਆਂ ਹੋਈਆਂ ਆਡੀਓ, ਵੀਡੀਓ ਕੈਸਟਾਂ ਵਿਚ ਇਨ੍ਹਾਂ ਦੇ ਜਵਾਬ ਬਹੁਤ ਹੀ ਵਿਸਥਾਰ ਤੇ ਵੇਰਵੇ ਸਹਿਤ ਲਿਖੇ ਤੇ ਬਿਆਨ ਕੀਤੇ ਗਏ ਹਨ। ਸੋ ਦਾਸ (ਲੇਖਕ) ਇਸ ਪ੍ਰਸੰਗ ਨੂੰ ਇਥੇ ਹੀ ਸੰਕੋਚਦਾ ਹੋਇਆ ਅੱਗੇ ਲਿਖਣ ਦੀ ਕੋਸ਼ਿਸ਼ ਕਰਦਾ ਹਾਂ ਕਿਉਂਕਿ ਜੇ ਇਹ ਸਾਰਾ ਕੁਝ ਮੈਂ ਦੱਸਣ ਲੱਗਾਂ ਤਾਂ ਇਹ ਆਪਣੇ ਆਪ ਵਿਚ ਇਕ ਵੱਡੀ ਪੁਸਤਕ ਬਣ ਜਾਏਗੀ ਜਿਸ ਤਰ੍ਹਾਂ ਕਿ ਮਹਾਂਪੁਰਸ਼ ਬਚਨ ਕਰਿਆ ਕਰਦੇ ਸੀ।

ਜਿਸ ਤਰ੍ਹਾਂ ਨਾਲ ਬਾਬਾ ਜੀ ਨੌਕਰੀ ਕਰਦਿਆਂ ਹੋਇਆਂ ਵੀ ਦੁਪਿਹਰ ਦੇ ਸਮੇਂ ਸਤਸੰਗ ਕਰਿਆ ਕਰਦੇ ਸੀ, ਉਸੇ ਤਰ੍ਹਾਂ ਆਪ ਜੀ ਨੇ ਸਤਿਸੰਗ ਦਾ ਇਕ ਹੋਰ ਮੰਡਲ ਵੀ ਕਾਇਮ ਕੀਤਾ ਹੋਇਆ ਸੀ ਜੋ ਕਿ ਹਰ ਐਤਵਾਰ ਨੂੰ ਤੇ ਛੁਟੀ ਵਾਲੇ ਦਿਨ 15 ਸੈਕਟਰ ਦੇ ਗੁਰਦੁਆਰਾ ਸਾਹਿਬ ਵਿਚ ਹੋਇਆ ਕਰਦਾ ਸੀ। ਉਸ ਸਮੇਂ 15 ਸੈਕਟਰ ਇਸ ਤਰ੍ਹਾਂ ਆਬਾਦ ਨਹੀਂ ਸੀ। ਇਥੇ ਪਿੰਡ ਵਿਚ ਇਹ ਗੁਰਦੁਆਰਾ ਸੀ। ਬਾਬਾ ਜੀ, ਬੀਜੀ ਤੇ ਸਾਰੇ ਸਾਥੀ ਅੰਮ੍ਰਿਤ ਵੇਲੇ ਤਿੰਨ ਸਾਢੇ ਤਿੰਨ ਵਜੇ ਤੋਂ ਪੁਜਣੇ ਸ਼ੁਰੂ ਹੋ ਜਾਂਦੇ ਸਨ ਅਤੇ ਸਾਢੇ ਚਾਰ ਵਜੇ ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋਇਆ ਕਰਦਾ ਸੀ। ਬਾਬਾ ਜੀ ਦੱਸਿਆ ਕਰਦੇ ਸੀ ਕਿ ਜਿਹੜਾ ਵੀ ਪਹਿਲਾਂ ਪਹੁੰਚਦਾ, ਮਿੰਨੀ ਜਿਹੀ ਲਾਲਟੈਨ ਦੀ ਰੋਸ਼ਨੀ ਵਿਚ, ਕੰਧ ਵੱਲ ਨੂੰ ਮੂੰਹ ਕਰਕੇ ਚੌਂਕੜਾ ਮਾਰ ਕੇ ਬੈਠ ਜਾਂਦਾ ਤੇ ਭਜਨ ਕਰਨ ਲੱਗ ਜਾਂਦਾ ਸੀ। ਇਸੇ ਤਰ੍ਹਾਂ ਬਗੈਰ ਕਿਸੇ

ਨੂੰ ਡਿਸਟਰਬ ਕਰੇ, ਵਾਰੋ ਵਾਰੀ ਸਭ ਮਾਈ, ਭਾਈ ਬੈਠ ਜਾਂਦੇ ਅਤੇ ਕੋਈ ਕਿਸੇ ਨਾਲ ਗੱਲ ਨਹੀਂ ਸੀ ਕਰਦਾ ਤੇ ਨਾ ਹੀ ਬੁਲਾਉਂਦਾ ਸੀ। ਆਪਣੀ ਆਪਣੀ ਥਾਂ ਤੇ ਬੈਠੇ ਭਜਨ ਵਿਚ ਮਸਤ ਹੋ ਜਾਇਆ ਕਰਦੇ ਸੀ। ਗੁਰਦੁਆਰੇ ਦੇ ਹਾਲ ਵਿਚ ਨਾਮ ਦੀ ਸੁਗੰਧੀ ਫੈਲ ਜਾਇਆ ਕਰਦੀ ਸੀ, ਸਾਰਿਆਂ ਦੇ ਨੇਤਰ ਬੰਦ ਹੁੰਦੇ ਅਤੇ ਅਕਹਿ ਰਸ ਵਿਚ ਪ੍ਰਭੂ ਦੀ ਯਾਦ ਵਿਚ ਲੀਨ ਹੋ ਕੇ ਬੈਠਿਆ ਕਰਦੇ ਸੀ। ਇਕ ਪ੍ਰੇਮੀ ਦੀ ਡਿਊਟੀ ਲੱਗੀ ਹੁੰਦੀ ਸੀ, ਉਹ ਗੁਰੂ ਗ੍ਰੰਥ ਸਾਹਿਬ ਦੇ ਤਾਬਿਆ ਬੈਠ ਜਾਂਦਾ ਸੀ। ਜਦੋਂ ਪੰਜ ਵੱਜਣ ਵਾਲੇ ਹੁੰਦੇ, ਉਸ ਨੇ ਪ੍ਰਕਾਸ਼ ਕਰਕੇ, ਵਾਕ ਲੈ ਲੈਣਾ, ਉਸ ਵਕਤ ਸਾਰੇ ਸਾਵਧਾਨ ਹੋ ਕੇ ਸਰਵਣ ਕਰਦੇ। ਅਰਦਾਸ ਤੋਂ ਬਾਅਦ ਢੋਲਕੀ, ਛੈਣੇ ਤੇ ਵਾਜਾ ਆਦਿ ਸਾਜ ਰੱਖ ਦਿਤੇ ਜਾਂਦੇ ਅਤੇ ਜਿਸ ਦਾ ਵੀ ਜੀਅ ਕਰਦਾ, ਕੋਈ ਵਾਜਾ ਫੜ ਲੈਂਦਾ, ਕੋਈ ਢੋਲਕੀ, ਕੋਈ ਛੈਣੇ। ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਹੋ ਜਾਂਦਾ ਤੇ ਬੱਤੀ ਭਾਵ ਲਾਈਟ ਬੰਦ ਕਰ ਦਿਤੀ ਜਾਂਦੀ। ਆਸਾ ਜੀ ਦੀ ਵਾਰ ਦਾ ਕੀਰਤਨ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਸਮਾਪਤ ਹੋ ਜਾਂਦਾ, ਉਪਰੰਤ ਅਰਦਾਸ ਹੁੰਦੀ ਅਤੇ ਕਿਸੇ ਨਾਲ ਗੱਲਬਾਤ ਕੀਤੇ ਬਗੈਰ ਹੀ ਇਧਰ ਉਧਰ ਖਿੰਡ ਜਾਂਦੇ ਕਿਉਂਕਿ ਉਸ ਵੇਲੇ ਉਥੇ ਕੁਦਰਤੀ ਵਾਤਾਵਰਣ ਸੀ, ਦਰਖਤ ਸਨ, ਝਾੜੀਆਂ ਸਨ, ਸਰਕੜੇ ਸਨ, ਸਾਰੇ ਇਕ ਦੂਜੇ ਤੋਂ ਦੂਰ ਬੈਠ ਕੇ ਫੇਰ ਭਜਨ ਵਿਚ ਲੱਗ ਜਾਂਦੇ ਸਨ। ਜਿੰਨਾ ਜਿੰਨਾ ਵੀ ਜਿਸ ਕੋਲ ਸਮਾਂ ਹੁੰਦਾ, ਸਿਮਰਨ ਕਰਨ ਵਾਸਤੇ ਇਕਾਂਤ ਵਿਚ ਬੈਠਦਾ ਅਤੇ ਮਰਜ਼ੀ ਅਨੁਸਾਰ ਘਰ ਨੂੰ ਤੁਰ ਪਿਆ ਕਰਦਾ ਸੀ। ਬਾਬਾ ਜੀ ਦੱਸਿਆ ਕਰਦੇ ਸੀ ਕਿ ਮੈਂ ਸਾਰਿਆਂ ਤੋਂ ਬਾਅਦ ਵਿਚ ਆਇਆ ਕਰਦਾ ਸੀ, ਉਸ ਵੇਲੇ ਸਾਰੇ ਹੀ ਪ੍ਰੇਮੀ ਘਰ ਜਾ ਚੁਕੇ ਹੁੰਦੇ ਸਨ।

ਸੋ ਇਸ ਤਰ੍ਹਾਂ ਸਿਮਰਨ ਭਜਨ ਦਾ ਹਰ ਰੋਜ਼ ਦਾ ਨਿਤਨੇਮ ਬਣ ਜਾਂਦਾ ਸੀ। ਬਾਬਾ ਜੀ ਨੇ ਨੌਕਰੀ ਕਰਦਿਆਂ ਹੋਇਆਂ ਵੀ ਆਪਣੇ ਸਾਥੀਆਂ ਨੂੰ ਭਜਨ ਬੰਦਗੀ ਵਿਚ ਲਾਉਣ ਦਾ ਉਪਰਾਲਾ ਕੀਤਾ ਹੋਇਆ ਸੀ। ਬਾਬਾ ਜੀ ਕਿਹਾ ਕਰਦੇ ਸੀ ਕਿ ਇਸ ਤਰ੍ਹਾਂ ਸਭ ਨੂੰ ਇਕ ਦੂਜੇ ਤੋਂ ਵਧ ਭਜਨ ਕਰਨ ਦਾ ਸ਼ੌਕ ਸੀ ਕਿ ਫਲਾਣਾ ਇਕ ਘੰਟਾ ਬੈਠਦਾ ਹੈ, ਮੈਂ ਵੀ ਇਕ ਘੰਟੇ ਤੋਂ ਵੱਧ ਕਰਾਂ। ਇਸ ਤਰ੍ਹਾਂ ਦੀ ਲਗਨ ਲਗਾਉਣ ਦਾ ਸਾਧਨ ਬਾਬਾ ਜੀ ਨੇ ਬਣਾਇਆ ਹੋਇਆ ਸੀ ਕਿਉਂਕਿ ਉਹ ਖੁਦ ਨਾਮ ਜਪਦੇ ਸਨ ਅਤੇ ਦੂਸਰਿਆਂ ਨੂੰ ਜਪਾਉਂਦੇ ਸਨ। ਫੇਰ ਜਦੋਂ ਦੂਜੇ ਸਾਥੀ ਇਕ ਦੂਜੇ ਨੂੰ ਮਿਲਦੇ ਤਾਂ ਨਾਮ ਦੀਆਂ ਗੱਲਾਂ ਬਾਤਾਂ, ਸਤਸੰਗ ਦੇ ਹੀ ਬਚਨ ਕਰਿਆ ਕਰਦੇ ਸਨ। ਇਧਰ ਉਧਰ ਦੀਆਂ ਫਾਲਤੂ ਗੱਲਾਂ ਘੱਟ ਹੀ ਕਰਦੇ ਸਨ। ਜੋ ਵੀ ਬਾਬਾ ਜੀ ਦੇ ਸੰਪਰਕ ਵਿਚ ਆਇਆ, ਉਸ ਨੂੰ ਗੁਰਮਤਿ ਦੀ ਪੂਰੀ ਸੇਧ ਦਿਤੀ। ਨਾਮ ਜੱਪਣ ਦੀ ਚੇਟਕ ਲਾਈ ਅਤੇ ਨਾਮ ਦੀ ਮਹੱਤਤਾ ਬਾਰੇ ਦੱਸਿਆ ਹੀ ਨਹੀਂ ਸਗੋਂ ਪਰੈਕਟੀਕਲ ਜੀਵਨ ਦੀ ਮਿਸਾਲ ਆਪ ਪੇਸ਼ ਕੀਤੀ ਕਿਉਂਕਿ ਆਪ ਖੁਦ ਨਾਮ ਅਭਿਆਸੀ ਸਨ।

## ਸਮਝਦਾਰ ਤੇ ਸਿਆਣੇ ਬੱਚੇ

ਜਦੋਂ ਆਪ ਜੀ ਇਥੇ ਚੰਡੀਗੜ੍ਹ ਨਿਵਾਸ ਰੱਖਦੇ ਸੀ ਤਾਂ ਆਪ ਦੇ ਬੱਚੇ ਛੋਟੀਆਂ ਕਲਾਸਾਂ ਵਿਚ ਪੜ੍ਹਿਆ ਕਰਦੇ ਸਨ ਤੇ ਬੀਜੀ ਨੇ ਇਹ ਗੱਲ ਮੈਨੂੰ ਕਈ ਵੇਰਾਂ ਦੱਸੀ ਸੀ ਕਿ ਮੈਂ ਬੱਚਿਆਂ ਨੂੰ ਕਹਿਣਾ ਕਿ 'ਪਾਪਾ ਜੀ' ਪਾਸੋਂ ਸਕੂਲ ਦਾ ਕੰਮ ਪੁਛ ਲਵੋ ਤੇ ਉਨ੍ਹਾਂ ਦੇ ਕੋਲ ਬੈਠ ਕੇ ਪੜ੍ਹਾਈ ਕਰੋ, ਤਾਂ ਚਾਰੇ ਬੱਚਿਆਂ ਨੇ ਆ ਜਾਣਾ। ਥੋੜੀ ਦੇਰ ਤਾਂ ਬਾਬਾ ਜੀ ਨੇ ਦੱਸਦੇ ਰਹਿਣਾ ਤੇ ਉਨ੍ਹਾਂ ਨੂੰ ਕੰਮ ਕਰਵਾ ਦੇਣਾ, ਉਨ੍ਹਾਂ ਦੇ ਪ੍ਰਸ਼ਨ ਦਾ ਉਤਰ ਦੇ ਦੇਣਾ। ਉਸ ਤੋਂ ਬਾਅਦ ਉਨ੍ਹਾਂ ਨੇ ਅੱਖਾਂ ਮੀਟ ਕੇ ਬੈਠ ਜਾਣਾ। ਬੱਚਿਆਂ ਨੇ ਦੇਖਣਾ ਕਿ ਪਾਪਾ ਜੀ ਤਾਂ ਸਮਾਧੀ ਸਥਿਤ ਹੋ ਗਏ ਹਨ, ਥੋੜ੍ਹਾ ਖੜਕਾ ਵਗੈਰਾ ਕਰਨ ਤੇ ਜਦ ਉਨ੍ਹਾਂ ਨੇ ਨੇਤਰ ਨਾ ਖੋਲ੍ਹਣੇ ਤਾਂ ਸਾਰਿਆਂ ਨੇ ਅੱਖ ਬਚਾ ਕੇ, ਇਕ ਇਕ ਕਰਕੇ ਖਿਸਕ ਜਾਣਾ ਤੇ ਬਾਬਾ ਜੀ ਨੂੰ ਬਿਲਕੁਲ ਪਤਾ ਨਾ ਲਗਣਾ ਕਿ ਬੱਚੇ ਕਦੋਂ ਦੇ ਖੇਡਣ ਗਏ ਹੋਏ ਹਨ। ਜਦੋਂ ਬੀਜੀ ਨੇ ਉਸ ਕਮਰੇ ਵਿਚ ਆ ਕੇ ਦੇਖਣਾ ਤੇ ਹੈਰਾਨ ਹੋ ਜਾਣਾ ਕਿ ਬੱਚੇ ਤਾਂ ਹੈ ਨਹੀਂ ਪਰ ਉਨ੍ਹਾਂ ਦੀਆਂ ਕਿਤਾਬਾਂ ਕਾਪੀਆਂ ਪਈਆਂ ਹਨ। ਪਰ ਬੀਜੀ ਕਦੀ ਵੀ ਬਾਬਾ ਜੀ ਦੀ ਭਗਤੀ ਵਿਚ ਵਿਘਨ ਨਹੀਂ ਸਨ ਪਾਉਂਦੇ। ਬੱਸ ਇਤਨਾ ਹੀ ਕਹਿ ਛੱਡਦੇ ਸੀ ਕਿ ਤੁਸੀਂ ਤਾਂ ਅੱਖਾਂ ਮੀਟ ਕੇ ਬੈਠੇ ਹੋਏ ਸੀ ਤੇ ਬੱਚੇ ਇਕ ਇਕ ਕਰਕੇ ਖੇਡਣ ਚਲੇ ਗਏ। ਬਾਬਾ ਜੀ ਨੇ ਕਹਿਣਾ ਕਿ ਮੈਂ ਉਨ੍ਹਾਂ ਨੂੰ ਦੱਸ ਦਿਤਾ ਸੀ ਜੋ ਪੁਛਦੇ ਸੀ। ਤੇ ਹੱਸ ਕੇ ਟਾਲ ਦਿੰਦੇ ਸਨ। ਕਈ ਦਫਾ ਘਰ ਵਿਚ ਬੱਚਿਆਂ ਨੇ ਰੇਡਿਓ ਦੀ ਆਵਾਜ਼ ਉਚੀ ਕਰ ਦੇਣੀ ਪਰੰਤੂ ਬਾਬਾ ਜੀ ਦੀ ਸਮਾਧੀ ਵਿਚ ਕੋਈ ਫਰਕ ਨਹੀਂ ਸੀ ਪਿਆ ਕਰਦਾ। ਉਹ ਆਪ ਇਹ ਗੱਲ ਦਸਿਆ ਕਰਦੇ ਸੀ ਕਿ ਮੇਰੇ ਲਾਗੇ ਭਾਵੇਂ ਕੁਝ ਵੀ ਰੌਲਾ ਰੱਪਾ ਹੁੰਦਾ ਰਹਿੰਦਾ ਸੀ ਪਰ ਮੇਰੀ ਸਮਾਧੀ ਇੰਨੀ ਡੂੰਘੀ ਹੁੰਦੀ ਸੀ ਕਿ ਮੈਨੂੰ ਬਾਹਰਲੇ ਕੰਨਾਂ ਰਾਹੀਂ ਕੋਈ ਆਵਾਜ਼ ਨਹੀਂ ਸੀ ਸੁਣਦੀ, ਮੈਂ ਤਾਂ ਕੇਵਲ ਅੰਦਰਲੇ ਕੰਨਾਂ ਨਾਲ ਸ਼ਬਦ ਦੀ ਗੂੰਜ ਤੇ ਅਨੇਕ ਤਰ੍ਹਾਂ ਦੇ ਸਾਜਾਂ ਦੀਆਂ ਆਵਾਜ਼ਾਂ ਵਿਚ ਮਸਤ ਹੁੰਦਾ ਸੀ। ਇਸ ਕਰਕੇ ਮੈਂ ਬੱਚਿਆਂ ਨੂੰ ਕਦੀ ਕੁਝ ਨਹੀਂ ਕਿਹਾ ਕਿ ਤੁਸੀਂ ਕਿਉਂ ਰੌਲਾ ਪਾਉਂਦੇ ਹੋ ਅਤੇ ਨਾ ਹੀ ਕਿਸੇ ਨੂੰ ਝਿੜਕਿਆ ਸੀ, ਮਾਰਨਾ ਤਾਂ ਕਿਧਰੇ ਰਿਹਾ। ਗ੍ਰਿਹਸਤ ਵਿਚ ਰਹਿੰਦਿਆਂ ਹੋਇਆਂ ਆਪ ਨੇ ਪੂਰਨ ਗੁਰਮੁਖ ਦਾ, ਭਗਤੀ ਭਾਵ ਵਾਲਾ ਜੀਵਨ, ਬਤੀਤ ਕੀਤਾ ਜੋ ਆਪਣੇ ਆਪ ਵਿਚ ਇਕ ਮਿਸਾਲ ਹੈ ਤੇ ਸਤਿਗੁਰੂ ਜੀ ਦਾ ਇਸ ਬਾਰੇ ਫੁਰਮਾਨ ਹੈ –

***ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥***

***ਪੰਨਾ – 522***

ਬੀਜੀ ਦੱਸਿਆ ਕਰਦੇ ਸੀ ਕਿ ਉਸ ਵੇਲੇ ਚਾਰੇ ਬੱਚੇ ਪੜ੍ਹਦੇ ਸੀ ਅਤੇ

ਕੇਵਲ ਬਾਬਾ ਜੀ ਦੀ ਨੌਕਰੀ ਤੇ ਹੀ ਗੁਜ਼ਾਰਾ ਚਲਦਾ ਸੀ। ਪਿੰਡ ਦੀ ਜ਼ਮੀਨ ਆਦਿ ਤੋਂ ਕਦੀ ਵੀ ਉਨ੍ਹਾਂ ਨੇ ਕੋਈ ਵਟਤ ਨਹੀਂ ਸੀ ਲਈ ਅਤੇ ਨਾ ਹੀ ਕਿਸੇ ਨੇ ਦਿਤੀ ਸੀ। ਬਾਬਾ ਜੀ ਦੇ ਹਿਸੇ ਦੀ ਜ਼ਮੀਨ ਦੀ ਵਟਾਈ ਆਦਿ ਤਾਂ ਕਿਧਰੇ ਰਹੀ, ਹਿੱਸਾ ਵੀ ਇਨ੍ਹਾਂ ਨੂੰ ਨਹੀਂ ਸੀ ਮਿਲਿਆ। ਪਰ ਬਾਬਾ ਜੀ ਨੇ ਕਦੀ ਕੋਈ ਸ਼ਿਕਵਾ ਨਹੀਂ ਸੀ ਕੀਤਾ, ਨਾ ਹੀ ਕਦੇ ਕਿਸੇ ਨੂੰ ਕਿਹਾ ਸੀ ਕਿਉਂਕਿ ਸਾਰਾ ਪਰਿਵਾਰ ਸਾਂਝਾ ਸੀ। ਬੱਚੇ ਬਹੁਤ ਸਮਝਦਾਰ ਤੇ ਸਿਆਣੇ ਸਨ ਕਿ ਕਦੀ ਉਨ੍ਹਾਂ ਨੇ ਕੋਈ ਮੰਗ ਨਹੀਂ ਸੀ ਰੱਖੀ ਕਿ ਅਸੀਂ ਫਲਾਣੀ ਚੀਜ਼ ਲੈਣੀ ਹੈ ਜਾਂ ਸਾਨੂੰ ਇਹ ਕੱਪੜੇ ਲੈ ਕੇ ਦਿਓ। ਜਿਸ ਤਰ੍ਹਾਂ ਦੇ ਸਿਧੇ ਸਾਦੇ ਕਪੜੇ ਹੁੰਦੇ ਸੀ, ਉਹ ਪਾ ਕੇ ਸਕੂਲ ਚਲੇ ਜਾਂਦੇ ਸੀ ਪਰ ਪੜ੍ਹਾਈ ਵਿਚ ਸਾਰੇ ਹੀ ਹੁਸ਼ਿਆਰ ਸਨ।

## ਚੰਡੀਗੜ੍ਹ ਵਿਚ ਸੰਤ ਮਹਾਰਾਜ ਜੀ ਦੇ ਦੀਵਾਨ

ਚੰਡੀਗੜ੍ਹ ਵਿਚ ਸੰਤ ਮਹਾਰਾਜ ਜੀ ਰਾੜਾ ਸਾਹਿਬ ਵਾਲਿਆਂ ਦੇ ਦੀਵਾਨ ਲਗਾਉਣ ਦਾ ਸਿਹਰਾ ਬਾਬਾ ਜੀ ਦੇ ਸਿਰ ਜਾਂਦਾ ਹੈ। ਬਾਬਾ ਜੀ ਹਰ ਸਾਲ ਸੰਤ ਮਹਾਰਾਜ ਜੀ ਦੇ ਦੀਵਾਨ ਚੰਡੀਗੜ੍ਹ ਦੇ ਸੈਕਟਰ 22, ਸੈਕਟਰ 19, ਅਤੇ ਸੈਕਟਰ 27 ਦੇ ਗੁਰਦਵਾਰਿਆਂ ਵਿਚ ਕਰਵਾਇਆ ਕਰਦੇ ਸਨ ਜਿਸ ਦਾ ਸਦਕਾ ਹਜ਼ਾਰਾਂ ਦੀ ਤਦਾਦ ਵਿਚ ਸੰਗਤਾਂ ਰੂਹਾਨੀ ਪ੍ਰਬਚਨਾਂ ਦਾ ਅਨੰਦ ਮਾਣ ਕੇ ਗੱਦ ਗੱਦ ਹੁੰਦੀਆਂ ਸਨ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਗੁਰੂ ਦੇ ਲੜ ਲਗਦੀਆਂ ਸਨ। ਸੰਤ ਮਹਾਰਾਜ ਜੀ ਦੇ ਵਿਸ਼ਰਾਮ ਤੇ ਲੰਗਰ ਆਦਿ ਦਾ ਸਾਰਾ ਪਰਬੰਧ ਬਾਬਾ ਜੀ ਦੇ ਜ਼ਿੰਮੇ ਹੁੰਦਾ ਸੀ। ਬਾਬਾ ਜੀ ਦੱਸਿਆ ਕਰਦੇ ਸੀ ਕਿ ਜਦੋਂ ਸੰਤ ਮਹਾਰਾਜ ਜੀ ਨੇ ਚੰਡੀਗੜ੍ਹ ਆਉਣਾ ਹੁੰਦਾ ਤਾਂ ਮੈਂ ਕਰਜ਼ਾ ਲੈ ਲਿਆ ਕਰਦਾ ਸੀ। ਪਹਿਲਾਂ ਪਹਿਲ ਤਿੰਨ ਚਾਰ ਵੇਰਾਂ ਤਾਂ ਸੰਤ ਮਹਾਰਾਜ ਡਾਕਟਰ ਅਜਮੇਰ ਸਿੰਘ ਦੇ ਗ੍ਰਹਿ ਉਨ੍ਹਾਂ ਦੀ ਕੋਠੀ ਵਿਸ਼ਰਾਮ ਕਰਿਆ ਕਰਦੇ, ਉਸ ਤੋਂ ਬਾਅਦ ਜਿੰਨੀ ਵੇਰਾਂ ਵੀ ਦੀਵਾਨ ਚੰਡੀਗੜ੍ਹ ਵਿਖੇ ਲੱਗੇ, ਸਾਰਾ ਪ੍ਰਬੰਧ ਬਾਬਾ ਜੀ ਕਰਿਆ ਕਰਦੇ ਸੀ। ਜਿੰਨਾਂ ਕਰਜ਼ਾ ਲਿਆ ਹੁੰਦਾ ਸੀ, ਉਹ ਸਾਲ ਵਿਚ ਥੋੜ੍ਹਾ ਥੋੜ੍ਹਾ ਕਰਕੇ ਉਤਾਰ ਦਿੰਦੇ ਸੀ ਅਤੇ ਨਵੇਂ ਸਾਲ ਵਿਚ ਫੇਰ ਬੁਲਾ ਲੈਣਾ। ਬੀਜੀ ਦੇ ਨਾਲ ਇਕ ਬੀਬੀ ਹੋਰ ਸੇਵਾ ਕਰਨ ਆਇਆ ਕਰਦੀ ਸੀ। ਬੀਜੀ ਨੇ ਸੰਤ ਮਹਾਰਾਜ ਜੀ ਨਾਲ ਜਿੰਨੀ ਸੰਗਤ ਹੋਣੀ ਅਤੇ ਜਥੇ ਦੇ ਲੰਗਰ ਦਾ ਸਾਰਾ ਪ੍ਰਬੰਧ ਆਪ ਕਰਨਾ ਹੁੰਦਾ ਸੀ। ਸਰਦੀਆਂ ਦੇ ਦਿਨਾਂ ਵਿਚ ਅੰਮ੍ਰਿਤ ਵੇਲੇ ਜਾਗ ਕੇ ਸੰਤ ਮਹਾਰਾਜ ਜੀ ਦੇ ਨਹਾਉਣ ਵਾਸਤੇ ਪਾਣੀ ਗਰਮ ਕਰਨਾ, ਫੇਰ ਚਾਹ ਪਾਣੀ ਲੰਗਰ ਦਾ ਪ੍ਰਬੰਧ ਸਮੇਂ ਸਿਰ ਕਰਨਾ ਹੁੰਦਾ ਸੀ। ਬੀਜੀ ਦਿਨ ਰਾਤ ਸੇਵਾ ਵਿਚ ਲੱਗੇ ਰਹਿੰਦੇ ਸੀ। ਰਾਤ ਨੂੰ ਜਥੇ ਨੇ ਤੇ ਸੰਤ ਮਹਾਰਾਜ ਜੀ ਨੇ ਦੀਵਾਨ ਤੋਂ ਆਉਣਾ ਤਾਂ ਲੰਗਰ ਆਦਿ ਛਕਾ ਕੇ ਤੇ ਬਰਤਨ ਵਗੈਰਾ ਸਾਫ ਕਰਕੇ ਰਾਤ ਦੇ 12 ਵਜੇ ਆਰਾਮ ਕਰਨਾ। ਸੰਤ

ਮਹਾਰਾਜ ਸਵੇਰੇ 2 ਵਜੇ ਫਿਰ ਜਾਗ ਪੈਂਦੇ ਸੀ। ਸੰਤ ਮਹਾਰਾਜ ਜੀ ਦਾ ਵਿਸ਼ਰਾਮ ਉਪਰਲੀ ਮੰਜ਼ਲ ਤੇ ਸੀ ਅਤੇ ਬਾਬਾ ਜੀ, ਬੀਜੀ ਥੱਕ ਕੇ ਪੌੜੀਆਂ ਦੇ ਅੱਗੇ ਜ਼ਮੀਨ ਤੇ ਸੌਂ ਜਾਇਆ ਕਰਦੇ ਸਨ। ਬਾਬਾ ਜੀ ਦਸਿਆ ਕਰਦੇ ਸੀ ਕਿ ਸੰਤ ਮਹਾਰਾਜ ਜੀ ਬਹੁਤ ਦਿਆਲੂ ਤੇ ਕ੍ਰਿਪਾਲੂ ਸਨ। ਉਨ੍ਹਾਂ ਨੇ ਜਦੋਂ ਹੇਠਾਂ ਉਤਰਨਾ, ਸਾਡੇ ਉਤੋਂ ਦੀ ਲੰਘ ਕੇ ਜਾਇਆ ਕਰਦੇ ਸੀ। ਐਡੇ ਵੱਡੇ ਮਹਾਤਮਾ ਦਾ ਸਰੀਰ ਦੇ ਉਪਰੋਂ ਦੀ ਲੰਘ ਜਾਣਾ ਵੱਡੀ ਕਿਰਪਾ ਸੀ ਕਿਉਂਕਿ ਬ੍ਰਹਮਗਿਆਨੀ ਦੀ ਇਤਨੀ ਚਰਨ ਛੋਹ ਨਾਲ ਹੀ ਅਨੇਕਾਂ ਵਿਘਨਾਂ ਤੇ ਪਾਪਾਂ ਦਾ ਨਾਸ਼ ਹੋ ਜਾਇਆ ਕਰਦਾ ਹੈ। ਇਕ ਵੇਰਾਂ ਬੀਜੀ ਬਿਮਾਰ ਹੋ ਗਏ ਤੇ ਸੰਤ ਮਹਾਰਾਜ ਨੂੰ ਬਾਬਾ ਜੀ ਕਿਸੇ ਤਰ੍ਹਾਂ ਦੱਸ ਬੈਠੇ ਕਿ ਬੀਜੀ ਦੀ ਸਿਹਤ ਠੀਕ ਨਹੀਂ। ਉਸੇ ਦਿਨ ਬੀਜੀ ਠੀਕ ਹੋ ਗਏ ਅਤੇ ਸੰਤ ਮਹਾਰਾਜ ਜੀ ਦੇ ਉਂਗਲ ਤੇ ਪੱਟੀ ਬੱਧੀ ਹੋਈ ਦੇਖੀ ਜੋ ਆਪਨੇ 15 ਦਿਨ ਬੰਨ੍ਹ ਕੇ ਰੱਖੀ। ਜਦੋਂ ਬਾਬਾ ਜੀ ਨੇ ਪੁਛਿਆ ਕਿ ਮਹਾਰਾਜ ਜੀ! ਆਪ ਦੀ ਉਂਗਲੀ ਤੇ ਕੀ ਹੋਇਆ ਹੈ, ਹੱਸ ਕੇ ਕਹਿਣ ਲੱਗੇ ਕਿ ਕੋਈ ਪ੍ਰੇਮੀ ਬੀਮਾਰ ਸੀ, ਉਸ ਦੀ ਬੀਮਾਰੀ ਅਸੀਂ ਲੈ ਕੇ ਰੱਖੀ ਹੋਈ ਹੈ ਤਾਂ ਕਿ ਉਹ ਸੇਵਾ ਕਰ ਸਕੇ। ਇੰਨਾਂ ਕਹਿਣ ਦੀ ਦੇਰ ਸੀ ਕਿ ਬਾਬਾ ਜੀ ਤੇ ਬੀਜੀ ਜੇ ਨੇਤਰਾਂ ਵਿਚੋਂ ਪਿਆਰ ਦੇ ਜਲ ਦੀ ਧਾਰਾ ਵਹਿ ਤੁਰੀ ਤੇ ਬਹੁਤ ਦੇਰ ਬਾਅਦ ਦੋਵੇਂ ਜਣੇ ਸੰਭਲੇ ਅਤੇ ਸੰਤ ਮਹਾਰਾਜ ਜੀ ਦੀ ਦਿਆਲਤਾ ਤੋਂ ਕ੍ਰਿਤ-ਕ੍ਰਿਤ ਹੋ ਰਹੇ ਸਨ ਕਿ ਦੇਖੋ ਕਿਵੇਂ ਉਨ੍ਹਾਂ ਨੇ ਕਸ਼ਟ ਆਪਣੇ ਉਤੇ ਲੈ ਕੇ ਸੇਵਕ ਤੋਂ ਸੇਵਾ ਕਰਵਾਈ ਹੈ। ਪਰੰਤੂ ਜਿਸ ਦਿਨ ਸੰਤ ਮਹਾਰਾਜ ਨੂੰ ਵਿਦਾ ਕੀਤਾ ਤਾਂ ਬੀਜੀ ਫਿਰ ਉਸੇ ਤਰ੍ਹਾਂ ਬੀਮਾਰ ਹੋ ਗਏ ਤੇ ਡਾਕਟਰਾਂ ਪਾਸੋਂ ਦਵਾਈ ਲਈ, ਫੇਰ ਠੀਕ ਹੋਏ।

ਬਾਬਾ ਜੀ ਦੱਸਿਆ ਕਰਦੇ ਸੀ ਕਿ ਸੰਤ ਮਹਾਰਾਜ ਜੀ ਪਾਸੋਂ ਸਾਡੇ ਘਰ ਦੀ ਮਾਲੀ ਹਾਲਤ ਭੁਲੀ ਹੋਈ ਨਹੀਂ ਸੀ ਤੇ ਪੂਰੇ ਜਾਣੀ ਜਾਣ ਸਨ। ਇਕ ਦਿਨ ਅਸੀਂ ਦੋਵੇਂ ਜਣੇ ਸੰਤ ਮਹਾਰਾਜ ਪਾਸ ਬੈਠੇ ਹੋਏ ਸੀ ਤੇ ਸੰਗਤ ਦਾ ਹੋਰ ਕੋਈ ਪ੍ਰੇਮੀ ਪਾਸ ਨਹੀਂ ਸੀ। ਸੰਤ ਮਹਾਰਾਜ ਬਾਬਾ ਜੀ ਵੱਲ ਇਸ਼ਾਰਾ ਕਰਕੇ ਕਹਿਣ ਲੱਗੇ, ਕਿਉਂ ਭਾਈ! ਦਾਨ ਦੇਣ ਨਾਲ ਮਾਇਆ ਘਟ ਜਾਂਦੀ ਹੈ? ਬਾਬਾ ਜੀ ਨੇ ਉਤਰ ਦਿਤਾ ਕਿ ਨਹੀਂ ਮਹਾਰਾਜ। ਸੰਤ ਮਹਾਰਾਜ ਕਹਿਣ ਲੱਗੇ ਕਿ ਜਿਸ ਤਰ੍ਹਾਂ ਜ਼ਮੀਨ ਵਿਚੋਂ ਪਾਣੀ ਦਾ ਚਸ਼ਮਾ ਫੁਟ ਕੇ ਪਾਣੀ ਪੂਰੇ ਜ਼ੋਰ ਨਾਲ ਨਿਕਲਦਾ ਹੈ, ਇਸ ਤਰ੍ਹਾਂ 'ਉਭਲ' ਲੱਗ ਜਾਂਦੀ ਹੈ। ਸੰਤ ਮਹਾਰਾਜ ਜੀ ਦੇ ਬਚਨ ਕਰਨ ਤੋਂ ਭਾਵ ਸੀ ਕਿ ਤੱਤ ਬੇਤੇ ਬ੍ਰਹਮਗਿਆਨੀ ਅਤੇ ਸੰਗਤ ਦੀ ਸੇਵਾ ਕੀਤੀ ਹੋਈ ਨਿਹਫਲ ਨਹੀਂ ਜਾਂਦੀ, ਦਾਨ ਕੀਤਾ ਹੋਇਆ ਨਿਹਫਲ ਨਹੀਂ ਜਾਂਦਾ ਸਗੋਂ ਇਹ ਦਾਨ ਹਜ਼ਾਰਾਂ ਗੁਣਾਂ ਵਧ ਜਾਂਦਾ ਹੈ। ਬਾਬਾ ਜੀ ਤੇ ਬੀਜੀ, ਦੋਵਾਂ ਨੇ ਸਿਰ ਝੁਕਾ ਕੇ ਕਿਹਾ, ਮਹਾਰਾਜ ਜੀ! ਆਪ ਜੀ ਦਾ ਬਚਨ ਸੱਤ ਹੈ ਅਤੇ ਸਾਨੂੰ ਸੌ ਫੀ ਸਦੀ ਵਿਸ਼ਵਾਸ ਹੈ। ਸੰਤ ਮਹਾਰਾਜ ਜੀ ਦੇ ਇਹ ਬਚਨ ਯੂ.ਪੀ. ਫਾਰਮ

ਨੂੰ ਆਬਾਦ ਕਰਨ ਤੋਂ ਬਾਅਦ ਪੂਰੇ ਹੋਏ ਜਿਸ ਬਾਰੇ ਪਾਠਕਾਂ ਨੂੰ ਪੁਸਤਕ ਦੇ ਅਗਲੇ ਭਾਗ ਵਿਚ ਗਿਆਤ ਕਰਵਾਇਆ ਜਾਵੇਗਾ।

ਚਾਰੇ ਬੱਚਿਆਂ ਬਾਰੇ ਵੀ ਸੰਤ ਮਹਾਰਾਜ ਜੀ ਨੇ ਪਹਿਲਾਂ ਹੀ ਭਵਿਖਤ ਬਚਨ ਕਰ ਦਿਤੇ ਸੀ ਅਤੇ ਬਾਬਾ ਜੀ ਦੱਸਿਆ ਕਰਦੇ ਸਨ ਕਿ ਇੰਨੀ ਅਪੱਣਤ ਨਾਲ ਉਨ੍ਹਾਂ ਨੇ ਬਚਨ ਕੀਤਾ ਸੀ ਕਿ ਤੁਹਾਨੂੰ ਇਨ੍ਹਾਂ ਦੇ ਭਵਿੱਖਤ ਦਾ ਕੋਈ ਫਿਕਰ ਨਹੀਂ, ਇਹ ਬੱਚੇ ਮੇਰੇ ਹੀ ਹਨ, ਤੁਸੀਂ ਬੇਫਿਕਰ ਰਹੋ। ਜਦੋਂ ਵੀ ਸੰਤ ਮਹਾਰਾਜ ਚੰਡੀਗੜ੍ਹ ਆਉਂਦੇ ਤਾਂ ਬੱਚਿਆਂ ਨਾਲ ਬਹੁਤ ਪਿਆਰ ਕਰਿਆ ਕਰਦੇ ਸਨ। ਵੱਡੇ ਕਾਕੇ ਮਨਜੀਤ ਨੂੰ ਆਪਣੇ ਕਮਰੇ ਵਿਚ ਬੁਲਾ ਲਿਆ ਕਰਦੇ ਸਨ ਅਤੇ ਉਸ ਪਾਸੋਂ ਸਾਇੰਸ ਤੇ ਅੰਗਰੇਜ਼ੀ ਦੀ ਪੁਸਤਕ ਵਿਚੋਂ ਸੁਣਿਆ ਕਰਦੇ ਸਨ। ਇਕ ਵੇਰਾਂ ਕਾਕਾ ਮਨਜੀਤ ਬਿਜਲੀ ਤੇ ਰੋਸ਼ਨੀ ਬਾਰੇ ਪੜ੍ਹ ਕੇ ਸੁਣਾ ਰਿਹਾ ਸੀ ਕਿ ਬਿਜਲੀ ਦੇ ਕਰੰਟ ਤੋਂ ਕਿਸ ਤਰ੍ਹਾਂ ਰੋਸ਼ਨੀ ਉਤਪੰਨ ਹੁੰਦੀ ਹੈ ਅਤੇ ਲਾਈਟ ਦੀ ਸਪੀਡ 1,86,000 ਕਿਲੋਮੀਟਰ ਪ੍ਰਤੀ ਸਕਿੰਟ ਦੀ ਹੈ। ਸਭ ਤੋਂ ਪਹਿਲਾਂ ਸਾਇੰਸਦਾਨ ਐਡੀਸਨ ਨੇ ਇਸ ਦਾ ਈਜ਼ਾਦ ਕੀਤਾ। ਇਸ ਤਰ੍ਹਾਂ ਨਾਲ ਲਾਈਟ ਦਾ ਕਿੰਨਾ ਸੁਖ ਹੈ ਅਤੇ ਜੇ ਥੋੜ੍ਹੀ ਦੇਰ ਵੀ ਲਾਈਟ ਚਲੀ ਜਾਵੇ ਤਾਂ ਅੰਧੇਰਾ ਛਾ ਜਾਂਦਾ ਹੈ। ਸੰਤ ਮਹਾਰਾਜ ਜੀ ਨੇ ਦੱਸਿਆ ਕਿ ਜੇਕਰ ਲਾਈਟ ਚਲੀ ਜਾਵੇ ਤਾਂ ਵੀ ਅਸੀਂ ਅੰਧੇਰ ਵਿਚ ਆਪਣੀ ਰੋਸ਼ਨੀ ਨਾਲ ਹੀ ਚੀਜ਼ ਲੱਭ ਲੈਂਦੇ ਹਾਂ, ਸਾਨੂੰ ਕੋਈ ਮੁਸ਼ਕਲ ਨਹੀਂ ਆਉਂਦੀ। ਭਜਨ ਬੰਦਗੀ ਤੇ ਨਾਮ ਦੀ ਕਮਾਈ ਸਦਕਾ ਮਹਾਂਪੁਰਸ਼ਾਂ ਦੇ ਅੰਦਰ ਤੇ ਬਾਹਰ ਵੀ ਨਾਮ ਦੀ energy ਹੋਇਆ ਕਰਦੀ ਹੈ, ਉਸ ਨੂੰ ਪ੍ਰਕਾਸ਼ ਰੂਪ ਕਰਕੇ ਉਹ ਇਹ ਕ੍ਰਿਆ ਕਰ ਸਕਿਆ ਕਰਦੇ ਹਨ। ਇਸ ਤਰ੍ਹਾਂ ਨਾਲ ਸਾਰੇ ਬੱਚਿਆਂ ਦਾ ਸੰਤ ਮਹਾਰਾਜ ਜੀ ਨਾਲ ਬਹੁਤ ਸਨੇਹ ਅਤੇ ਉਨ੍ਹਾਂ ਉਤੇ ਪੂਰਨ ਸ਼ਰਧਾ ਸੀ।

ਸੰਤ ਮਹਾਰਾਜ ਜੀ ਦੇ ਜਦੋਂ ਚੰਡੀਗੜ੍ਹ ਦੀਵਾਨ ਲੱਗਦੇ ਸਨ ਤਾਂ ਜਿਥੇ ਆਪ ਨੇ ਦੀਵਾਨਾਂ ਦਾ ਸਾਰਾ ਪ੍ਰਬੰਧ ਕਰਨਾ ਹੁੰਦਾ ਸੀ ਉਥੇ ਸੰਗਤਾਂ ਨੂੰ ਸੰਤ ਮਹਾਰਾਜ ਨਾਲ ਮਿਲਾਉਣ ਦੀ ਵੀ ਡਿਊਟੀ ਆਪ ਦੀ ਹੀ ਹੋਇਆ ਕਰਦੀ ਸੀ। ਆਪ ਜੀ ਸਭ ਨੂੰ ਨੰਬਰਵਾਰ ਖੜ੍ਹੇ ਕਰ ਦਿੰਦੇ, ਲਾਈਨ ਲਗਵਾ ਦਿਆ ਕਰਦੇ ਸਨ। ਜਿਨ੍ਹਾਂ ਨੇ ਘਰੇਲੂ ਸਮਸਿਆਵਾਂ ਦੀ ਗੱਲ ਕਰਨੀ ਹੁੰਦੀ ਉਹਨਾਂ ਨੂੰ ਵੱਖਰੇ ਕੱਢ ਲਿਆ ਕਰਦੇ ਸਨ। ਉਨ੍ਹਾਂ ਵਿਚੋਂ ਜਿਨ੍ਹਾਂ ਦੀ ਸਮੱਸਿਆ ਇਕੋ ਤਰ੍ਹਾਂ ਦੀ ਹੁੰਦੀ, ਉਨ੍ਹਾਂ ਦੇ ਗਰੁਪ ਬਣਾ ਕੇ ਇਕੱਠਿਆਂ ਨੂੰ ਲੈ ਜਾ ਕੇ ਸਮੱਸਿਆ ਦਾ ਸਮਾਧਾਨ ਸੰਤ ਮਹਾਰਾਜ ਜੀ ਪਾਸੋਂ ਕਰਵਾ ਦਿਆ ਕਰਦੇ ਸਨ। ਜਿਨ੍ਹਾਂ ਨੇ ਪ੍ਰਮਾਰਥ ਤੇ ਨਾਮ ਬਾਰੇ ਪ੍ਰਸ਼ਨ ਪੁਛਣੇ ਹੁੰਦੇ ਸਨ ਉਨ੍ਹਾਂ ਨੂੰ ਵੱਖਰੇ ਮਿਲਾ ਦਿਆ ਕਰਦੇ ਸਨ। ਇਸ ਤਰ੍ਹਾਂ ਨਾਲ ਘੱਟ ਸਮੇਂ ਵਿਚ ਵੱਧ ਤੋਂ ਵੱਧ ਸੰਗਤ ਨੂੰ ਸੰਤ ਮਹਾਰਾਜ ਨਾਲ ਮਿਲਾ ਦਿਆ ਕਰਦੇ ਸਨ। ਬਾਬਾ ਜੀ ਦੇ ਮਨ ਵਿਚ ਹਮੇਸ਼ਾ ਇਹੋ ਹੁੰਦਾ ਕਿ ਵੱਧ ਤੋਂ ਵੱਧ ਸੰਗਤ ਮਹਾਰਾਜ ਜੀ ਦੇ ਸਮੇਂ ਦਾ

ਲਾਭ ਉਠਾ ਸਕੇ। ਇਸ ਪੱਖੋਂ ਸਾਰੇ ਹੈਰਾਨ ਹੋ ਜਾਇਆ ਕਰਦੇ ਸਨ ਕਿਉਂਕਿ ਆਪ ਹਰ ਕੰਮ ਨੂੰ ਕਰਨ ਵਾਸਤੇ ਇਕ ਵਖਰੀ ਹੀ ਟੈਕਨੀਕ ਅਪਣਾਇਆ ਕਰਦੇ ਸਨ।

ਇਕ ਦਿਨ ਸੰਤ ਮਹਾਰਾਜ ਜੀ ਦੀ ਕੁਰਸੀ ਲੱਗੀ ਹੋਈ ਸੀ ਤਾਂ ਜਦੋਂ ਘਰੇਲੂ ਸਮੱਸਿਆਵਾਂ ਵਾਲੇ ਸਾਰੇ ਪ੍ਰੇਮੀ ਭੁਗਤ ਗਏ ਤਾਂ ਜਗਿਆਸੂ, ਜੋ ਨਾਮ ਅਭਿਆਸੀ ਸਨ, ਉਹ ਰਹਿ ਗਏ ਤੇ ਸੰਤ ਮਹਾਰਾਜ ਜੀ ਨੇ ਸਾਰਿਆਂ ਨੂੰ ਕਿਹਾ, ਭਾਈ ਬੈਠ ਜਾਵੋ, ਜਿਸ ਨੇ ਪ੍ਰਸ਼ਨ ਕਰਨਾ ਹੈ ਉਠ ਕੇ ਕਰੋ ਤੇ ਫੇਰ ਧਿਆਨ ਨਾਲ ਸੁਣਿਓ। ਇਕ ਪੰਡਤ ਸੀ ਜੋ ਕਾਫੀ ਉਮਰ ਦਾ ਸੀ ਉਠ ਕੇ ਖੜ੍ਹਾ ਹੋ ਗਿਆ ਤੇ ਉਸ ਨੇ ਕਿਹਾ ਕਿ ਮਹਾਰਾਜ! ਸੁਣਨ ਦੀ ਕੋਸ਼ਿਸ਼ ਕਰਦਾ ਹਾਂ ਪਰ ਸੁਣਦਾ ਨਹੀਂ, ਦੇਖਣ ਦੀ ਕੋਸ਼ਿਸ਼ ਕਰਦਾ ਹਾਂ ਪਰ ਦਿਸਦਾ ਨਹੀਂ, ਇਸ ਦਾ ਕੀ ਕਾਰਨ ਹੈ? ਇਹ ਪ੍ਰਸ਼ਨ ਸੁਣ ਕੇ ਜਿੰਨੇ ਪ੍ਰੇਮੀ ਬੈਠੇ ਸਨ ਹੈਰਾਨ ਹੋ ਰਹੇ ਸਨ। ਸੰਤ ਮਹਾਰਾਜ ਜੀ ਨੇ ਮੁਸਕਰਾ ਕੇ ਉਤਰ ਦਿਤਾ ਕਿ ਭਾਈ ਅਭਿਆਸ ਦੀ ਕਮੀ ਹੈ, ਅਭਿਆਸ ਕਰਿਆ ਕਰੋ, ਫੇਰ ਸੁਣ ਵੀ ਜਾਵੇਗਾ ਤੇ ਦਿਸ ਵੀ ਜਾਵੇਗਾ।

ਇਸ ਤੋਂ ਬਾਅਦ ਤਿੰਨ ਚਾਰ ਹੋਰ ਪ੍ਰੇਮੀ ਇਕੱਠੇ ਉਠ ਕੇ ਖੜ੍ਹੇ ਹੋਏ ਤੇ ਕਹਿਣ ਲੱਗੇ, ਮਹਾਰਾਜ ਜੀ! ਅਸੀਂ ਚਾਰੇ ਜਣੇ ਕਲ ਸ਼ਾਮ ਨੂੰ 19 ਸੈਕਟਰ ਵਿਚੋਂ ਦੀ ਲੰਘੇ ਜਾ ਰਹੇ ਸੀ ਕਿ ਅਸੀਂ ਆਪ ਜੀ ਦੇ ਕੀਰਤਨ ਦੀ ਆਵਾਜ਼ ਸੁਣੀ ਅਤੇ ਉਸ ਆਵਾਜ਼ ਦੀ ਸੇਧ ਵਿਚ ਅਸੀਂ ਗੁਰਦੁਆਰਾ ਸਾਹਿਬ ਪਹੁੰਚੇ ਤਾਂ ਦੇਖਿਆ ਕਿ ਸੰਗਤ ਤਾਂ ਗਰਾਊਂਡ ਭਰ ਕੇ ਸਕੂਲ ਦੇ ਗਰਾਊਂਡ ਵਿਚ ਬੈਠੀ ਹੋਈ ਹੈ, ਅਸੀਂ ਵੀ ਇਕ ਪਾਸੇ ਹੋ ਕੇ ਆਪ ਜੀ ਦੇ ਬਚਨ ਤੇ ਕੀਰਤਨ ਸੁਣਦੇ ਰਹੇ। ਆਪ ਦੀ ਆਵਾਜ਼ ਵਿਚ ਐਸੀ ਰੇਡੀਏਸ਼ਨ ਸੀ ਕਿ ਸਾਡੇ ਅੰਦਰੋਂ ਦੀ ਚੀਰਦੀ ਜਾ ਰਹੀ ਸੀ ਜਿਸ ਦਾ ਸਦਕਾ ਅਸੀਂ ਅੱਜ ਆਪ ਦੇ ਦਰਸ਼ਨ ਅਤੇ ਪ੍ਰਬਚਨ ਸੁਣਨ ਵਾਸਤੇ ਆਏ ਹਾਂ। ਕਿਰਪਾ ਕਰਕੇ ਇਹ ਦੱਸੋ ਕਿ ਕੇਵਲ ਆਪ ਦੀ ਆਵਾਜ਼ ਵਿਚ ਹੀ ਐਸੀ ਖਿਚ ਤੇ ਰੇਡੀਏਸ਼ਨ ਕਿਉਂ ਹੈ? ਸੰਤ ਮਹਾਰਾਜ ਮੁਸਕਰਾ ਕੇ ਕਹਿਣ ਲੱਗੇ, ਪ੍ਰੇਮੀਓ! ਐਸੀ ਗੱਲ ਨਹੀਂ, ਇਹ ਗੱਲ ਸਰੋਤੇ ਤੇ ਵਕਤੇ ਤੇ ਨਿਰਭਰ ਕਰਿਆ ਕਰਦੀ ਹੈ। ਜਦੋਂ ਸਰੋਤੇ ਦਾ ਮਨ ਇਕਾਗਰ ਹੋਵੇ, ਉਧਰ ਕਥਾ ਤੇ ਕੀਰਤਨ ਕਰਨ ਵਾਲਾ ਉਸ ਪ੍ਰਭੂ ਨਾਲ ਇਕ ਮਿਕ ਹੋ ਕੇ ਕੀਰਤਨ ਕਰ ਰਿਹਾ ਹੋਵੇ ਤਾਂ ਫੇਰ ਇਹ ਰੇਡੀਏਸ਼ਨ ਪੈਦਾ ਹੋ ਜਾਇਆ ਕਰਦੀ ਹੈ ਜੋ ਸਰੋਤੇ ਦੇ ਧੁਰ ਹਿਰਦੇ ਤਕ ਅਸਰ ਕਰਕੇ ਵੈਰਾਗ ਪੈਦਾ ਕਰ ਦਿਆ ਕਰਦੀ ਹੈ। ਇਸ ਤਰ੍ਹਾਂ ਕਰਕੇ ਦੀਵਾਨਾਂ ਦੌਰਾਨ ਚੰਡੀਗੜ੍ਹ ਵਿਚ ਹਲਚਲ ਮਚ ਜਾਇਆ ਕਰਦੀ ਸੀ ਕਿ ਕੋਈ ਮਹਾਤਮਾ ਰਾੜਾ ਸਾਹਿਬ ਤੋਂ ਆਏ ਹੋਏ ਹਨ ਤੇ ਸਾਰੇ ਵਹੀਰਾਂ ਘੱਤ ਕੇ ਸੰਤ ਮਹਾਰਾਜ ਜੀ ਦੇ ਕੁਰਸੀ ਦੇ ਬਚਨ ਸੁਣਨ ਵਾਸਤੇ ਅਤੇ ਦੀਵਾਨਾਂ ਵਿਚ ਹਾਜ਼ਰੀਆਂ ਭਰਨ ਵਾਸਤੇ ਪਹੁੰਚਿਆ ਕਰਦੇ ਸਨ।

ਬਾਬਾ ਜੀ, ਬੀਜੀ ਤੇ ਪਰਿਵਾਰ ਵਿਚ ਇੰਨੀ ਖੁਸ਼ੀ ਹੋਇਆ ਕਰਦੀ ਸੀ ਕਿ ਜਿਵੇਂ ਪਤਾ ਨਹੀਂ ਉਨ੍ਹਾਂ ਨੂੰ ਕੀ ਮਿਲ ਗਿਆ ਹੋਵੇ ਅਤੇ ਸਚਮੁਚੀ ਸਾਖਸ਼ਾਤ, ਪ੍ਰੇਮ ਦੀ ਮੂਰਤ, ਸੰਤ ਮਹਾਰਾਜ ਜੀ ਦੇ ਬਹੁਤ ਨੇੜੇ ਹੋ ਕੇ ਰਹਿਣ ਦਾ ਸਮਾਂ ਮਿਲ ਜਾਂਦਾ ਸੀ ਜੋ ਕਿ ਵੱਡੇ ਸੁਭਾਗ ਦੀ ਨਿਸ਼ਾਨੀ ਹੁੰਦੀ ਹੈ। ਇਡੇ ਵੱਡੇ ਮਹਾਂਪੁਰਸ਼ਾਂ ਦੀ ਨੇੜਤਾ ਤੇ ਉਨ੍ਹਾਂ ਦਾ ਪਿਆਰ ਕਿਸੇ ਵਿਰਲੇ ਦੇ ਹੀ ਹਿਸੇ ਆਇਆ ਕਰਦਾ ਹੈ।

## ਸਾਥੀਆਂ ਨਾਲ ਗੁਰਧਾਮਾਂ ਦੀ ਯਾਤਰਾ

ਬਾਬਾ ਜੀ ਨੇ ਇਕ ਵਾਰ ਦੱਸਿਆ ਸੀ ਕਿ ਅਸੀਂ ਸਾਰਾ ਪਰਿਵਾਰ ਅਕਸਰ ਰਾੜਾ ਸਾਹਿਬ ਸੰਤ ਮਹਾਰਾਜ ਦੇ ਦਰਸ਼ਨ ਕਰਨ ਜਾਇਆ ਕਰਦੇ ਸੀ। ਇਸੇ ਤਰ੍ਹਾਂ ਇਨ੍ਹਾਂ ਦੇ ਨਾਲ ਕਈ ਵੇਰਾਂ ਸੈਕਟਰੀਏਟ ਵਿਚ ਕੰਮ ਕਰਨ ਵਾਲੇ ਸਾਥੀ ਵੀ ਰਾੜਾ ਸਾਹਿਬ ਜਾਇਆ ਕਰਦੇ ਸੀ। ਇਕ ਬਾਰ ਬਾਬਾ ਜੀ ਦੇ ਨਾਲ ਦੇ ਕਈ ਪ੍ਰੇਮੀਆਂ ਨੇ ਮਿਲ ਕੇ ਸਲਾਹ ਬਣਾਈ ਕਿ ਆਪਾਂ ਨੂੰ ਅੱਗੇ ਦੋ ਛੁਟੀਆਂ ਆ ਰਹੀਆਂ ਹਨ, ਕਿਉਂ ਨਾ ਸਾਰੇ ਇਕੱਠੇ ਸਾਈਕਲਾਂ ਤੇ ਸਵਾਰ ਹੋ ਕੇ ਗੁਰਧਾਮਾਂ ਦੇ ਦਰਸ਼ਨ ਕਰੀਏ? ਇਨ੍ਹਾਂ ਪ੍ਰੇਮੀਆਂ ਵਿਚ ਵੱਖ ਵੱਖ ਸੰਪਰਦਾਵਾਂ ਦੇ ਪ੍ਰੇਮੀ ਸਨ, ਜਿੰਨ੍ਹਾਂ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਥੇ ਦੇ ਸਿੰਘ, ਸੰਤ ਬਾਬਾ ਜਵਾਲਾ ਸਿੰਘ ਹਰਖੋਵਾਲ ਵਾਲਿਆਂ ਦੇ ਸੇਵਕ, ਨਾਮਧਾਰੀ ਸਿੰਘ ਅਤੇ ਹੋਰ ਅੱਡ ਅੱਡ ਮਹਾਤਮਾਵਾਂ ਤੇ ਅਕੀਦਾ ਰੱਖਣ ਵਾਲੇ ਪ੍ਰੇਮੀ ਸਨ। ਅਸੀਂ ਚਮਕੌਰ ਸਾਹਿਬ, ਮਾਛੀਵਾੜਾ ਸਾਹਿਬ ਅਤੇ ਕਤਲਗੜ੍ਹ ਆਦਿ ਗੁਰਦੁਆਰਿਆਂ ਦੇ ਦਰਸ਼ਨ ਕਰਦੇ ਹੋਏ ਕਟਾਣਾ ਸਾਹਿਬ ਪਹੁੰਚ ਗਏ ਜੋ ਕਿ ਸਰਹੰਦ ਨਹਿਰ ਦੇ ਕੰਢੇ ਤੇ ਸਥਿਤ ਹੈ। ਅਸੀਂ ਸਾਰੇ ਥੱਕੇ ਹੋਏ ਸਾਂ, ਉਥੇ ਪੁਲ ਤੇ ਬੈਠ ਕੇ ਇਹ ਵਿਚਾਰਾਂ ਕਰਨ ਲੱਗੇ ਕਿ ਇਥੋਂ ਰੇਰੂ ਸਾਹਿਬ ਦੇ ਦਰਸ਼ਨ ਕਰਦੇ ਹੋਏ ਆਲਮਗੀਰ ਪਹੁੰਚੀਏ। ਸਵੇਰੇ ਨਾਰੰਗਵਾਲ ਤੋਂ ਹੁੰਦੇ ਹੋਏ ਰਾੜਾ ਸਾਹਿਬ ਵਿਚੀਂ ਫਤਹਿਗੜ੍ਹ ਸਾਹਿਬ ਦੇ ਦਰਸ਼ਨ ਕਰਦੇ ਹੋਏ ਵਾਪਸ ਚੰਡੀਗੜ੍ਹ ਪਹੁੰਚ ਜਾਈਏ। ਰਾਤ ਠਹਿਰਨ ਦਾ ਵਿਚਾਰ ਹੋ ਰਿਹਾ ਸੀ, ਮੈਂ ਸੁਝਾਅ ਦਿਤਾ ਕਿ ਅੱਜ ਰਾੜਾ ਸਾਹਿਬ ਪੂਰਨਮਾਸ਼ੀ ਹੈ, ਆਪਾਂ ਸਾਰੇ ਮਹਾਂਪੁਰਸ਼ਾਂ ਦੇ ਪ੍ਰਬਚਨ ਸਰਵਣ ਕਰਾਂਗੇ ਤੇ ਨਾਲੇ ਸਮਾਂ ਪੂਰੀ ਤਰ੍ਹਾਂ ਸਫਲ ਹੋ ਜਾਵੇਗਾ। ਸਾਰਿਆਂ ਨੇ ਮੇਰੀ ਬੇਨਤੀ ਮੰਨ ਲਈ ਪਰੰਤੂ ਉਨ੍ਹਾਂ ਸਾਰਿਆਂ ਨੇ ਇਕ ਜ਼ੁਬਾਨ ਹੋ ਕੇ ਕਿਹਾ ਕਿ ਸਾਨੂੰ ਜਾਂਦਿਆਂ ਸੰਤ ਮਹਾਰਾਜ ਦੇ ਦਰਸ਼ਨ ਹੋ ਜਾਣ ਤਾਂ ਚੰਗਾ ਹੈ। ਉਥੇ ਪਹੁੰਚਦਿਆਂ ਥਕੇਵਾਂ ਲਾਹੁਣ ਲਈ ਗਰਮ ਗਰਮ ਜਲ ਮਿਲ ਜਾਵੇ, ਨਾਲ ਸਰੋਂ ਦਾ ਤੇਲ ਵੀ ਮਿਲ ਜਾਵੇ, ਗਰਮ ਗਰਮ ਦੁਧ ਵੀ ਮਿਲ ਜਾਵੇ। ਅਸੀਂ ਥੱਕੇ ਹੋਏ ਹਾਂ, ਦੀਵਾਨ ਤਾਂ ਸਾਥੋਂ ਸੁਣਿਆ ਨਹੀਂ ਜਾਣਾ ਕਿਉਂਕਿ ਨੀਂਦ ਆਵੇਗੀ। ਥਕੇਵਾਂ ਲਾਹੁਣ ਲਈ ਜੇਕਰ ਇਕ ਵੱਖਰਾ ਕਮਰਾ ਮਿਲ ਜਾਵੇ, ਉਸ ਵਿਚ ਹੇਠਾਂ ਗਦੈਲੇ ਵਿਛੇ ਹੋਏ ਹੋਣ ਤੇ ਉਪਰ ਲੈਣ

ਲਈ ਰਜਾਈਆਂ ਮਿਲ ਜਾਣ। ਇਸ ਤਰ੍ਹਾਂ ਦੇ ਨਾਲ ਮੈਂ ਇਹ ਸਾਰੇ ਸਵਾਲ ਇਕ ਕਾਗਜ਼ ਤੇ ਨੋਟ ਕਰ ਲਏ ਅਤੇ ਸਭ ਨੇ ਕਿਹਾ ਕਿ ਇਨ੍ਹਾਂ ਸਾਰੇ ਸਵਾਲਾਂ ਦਾ ਸਮਾਧਾਨ ਕਰਾਉਣਾ ਹੈ। ਇਕ ਹੋਰ ਪ੍ਰੇਮੀ ਭਾਈ ਕੁਲਦੀਪ ਸਿੰਘ ਵੀ ਨਾਲ ਸੀ, ਉਸ ਦੀ ਪਤਨੀ ਨੇ ਆਪਣੇ ਹੱਥਾਂ ਨਾਲ ਸੰਤ ਮਹਾਰਾਜ ਜੀ ਵਾਸਤੇ ਇਹ ਚਾਦਰ ਕੱਢੀ ਸੀ। ਉਸ ਨੇ ਵੀ ਕਿਹਾ ਕਿ ਸੰਤ ਮਹਾਰਾਜ ਜੀ ਇਸ ਚਾਦਰ ਆਪਣੇ ਬਿਸਤਰੇ ਤੇ ਵਿਛਵਾ ਲੈਣ ਤਾਂ ਮੇਰੀ ਭਾਵਨਾ ਵੀ ਪੂਰੀ ਜਾਵੇਗੀ। ਰੇਰੂ ਸਾਹਿਬ ਤੋਂ ਦੁਰਾਹੇ ਤਕ ਪਹੁੰਚਦਿਆਂ ਹਨ੍ਹੇਰਾ ਪੈ ਚੁਕਿਆ ਸੀ ਪਰੰਤੂ ਚੰਦ ਦੀ ਚਾਨਣੀ ਰਾਤ ਸੀ। ਮੈਂ ਸਾਰੇ ਪ੍ਰੇਮੀਆਂ ਨੂੰ ਦੁਰਾਹੇ ਰੱਜ ਕੇ ਦੁਧ ਪਿਆਇਆ ਤੇ ਜਦੋਂ ਰਾੜਾ ਸਾਹਿਬ ਦੇ ਨੇੜੇ ਪਹੁੰਚੇ ਤਾਂ ਮੈਂ ਸਾਰਿਆਂ ਨੂੰ ਕਿਹਾ ਕਿ ਆਪਾਂ ਨੂੰ ਦੁਰਾਹੇ ਦੇਰ ਲਗ ਗਈ ਹੈ, ਕਿਤੇ ਸੰਤ ਮਹਾਰਾਜ ਜੀ ਦੀਵਾਨ ਤੇ ਨਾ ਚਲੇ ਗਏ ਹੋਣ ਕਿਉਂਕਿ ਉਨ੍ਹਾਂ ਦੇ ਦੀਵਾਨ ਦਾ ਸਮਾਂ ਹੋ ਚੁਕਿਆ ਹੈ ਅਤੇ ਸੰਤ ਮਹਾਰਾਜ ਦੀਵਾਨ ਤੇ ਹਮੇਸ਼ਾ ਪੂਰੇ ਟਾਈਮ ਤੇ ਚਲੇ ਜਾਇਆ ਕਰਦੇ ਹਨ। ਪਰੰਤੂ ਮੇਰੇ ਮਨ ਵਿਚ ਇਹ ਪੂਰਾ ਵਿਸ਼ਵਾਸ ਸੀ ਕਿ ਉਹ ਸਾਡੀ ਇੰਤਜ਼ਾਰ ਕਰਕੇ ਹੀ ਦੀਵਾਨ ਤੇ ਜਾਣਗੇ। ਅਸੀਂ ਸਾਰੇ ਹੀ ਜਦੋਂ ਭੋਰੇ ਵਲ ਗਏ ਤਾਂ ਉਸ ਵੇਲੇ ਰਾਤ ਦੇ ਨੌਂ ਵੱਜ ਚੁਕੇ ਸਨ। ਸੇਵਾਦਾਰ ਨੇ ਪਹਿਲਾਂ ਹੀ ਦਰਵਾਜ਼ਾ ਖੋਲ੍ਹ ਦਿਤਾ ਅਤੇ ਕਿਹਾ ਕਿ ਸੰਤ ਮਹਾਰਾਜ ਜੀ ਤੁਹਾਡਾ ਇੰਤਜ਼ਾਰ ਕਰ ਰਹੇ ਹਨ। ਇਹ ਸੁਣ ਕੇ ਸਾਰੇ ਹੱਕੇ ਬੱਕੇ ਰਹਿ ਗਏ ਕਿ ਕਮਾਲ ਹੈ, ਉਹ ਤਾਂ ਸਭ ਜਾਣੀ ਜਾਣ ਹਨ। ਉਹ ਸਾਨੂੰ ਪਹਿਲਾਂ ਬਾਥਰੂਮ ਵੱਲ ਲੈ ਗਿਆ ਅਤੇ ਨਾਲ ਦੀ ਨਾਲ ਹੀ ਗਰਮ ਪਾਣੀ ਦੀਆਂ ਬਾਲਟੀਆਂ ਆ ਗਈਆਂ ਤੇ ਨਾਲ ਹੀ ਸਰੋਂ ਦਾ ਤੇਲ ਵੀ ਦੇ ਦਿਤਾ ਤੇ ਉਸ ਸੇਵਾਦਾਰ ਨੇ ਕਿਹਾ ਕਿ ਲਓ ਪ੍ਰੇਮੀਓਂ! ਹੁਣ ਤੁਸੀਂ ਪੰਜ ਇਸ਼ਨਾਨਾ ਕਰੋ। ਉਸ ਵੇਲੇ ਗਰਮਾ-ਗਰਮ ਦੁੱਧ ਦੀ ਬਾਲਟੀ ਭਰੀ ਹੋਈ ਆ ਗਈ ਤੇ ਗਲਾਸਾਂ ਵਿਚ ਪਾ ਕੇ ਕਹਿਣ ਲੱਗਿਆ, ਲਓ ਗਰਮ ਦੁਧ ਪੀਓ, ਤੁਹਾਡਾ ਥਕੇਵਾਂ ਲਹਿ ਜਾਵੇਗਾ। ਸੰਤ ਮਹਾਰਾਜ ਨੇ ਸਭ ਦੇ ਹਿਰਦਿਆਂ ਦੀ ਬੁੱਝ ਕੇ ਪਹਿਲਾਂ ਹੀ ਸਾਰਾ ਇੰਤਜ਼ਾਮ ਕਰ ਦਿਤਾ ਸੀ। ਅਸੀਂ ਸਾਰੇ ਦੁਧ ਪੀ ਕੇ ਸੰਤ ਮਹਾਰਾਜ ਜੀ ਨੂੰ ਨਮਸ਼ਕਾਰ ਕਰਕੇ ਬੈਠ ਗਏ ਅਤੇ ਮੈਂ ਜੇਬ ਵਿਚੋਂ ਉਹ ਕਾਗਜ਼ ਕੱਢ ਲਿਆ ਜਿਸ ਵਿਚ ਉਹ ਸਵਾਲ ਲਿਖੇ ਹੋਏ ਸਨ। ਸੰਤ ਮਹਾਰਾਜ ਜੀ ਨੇ ਉਹ ਕਾਗਜ਼ ਮੇਰੇ ਕੋਲੋਂ ਫੜ ਲਿਆ ਅਤੇ ਕਹਿਣ ਲੱਗੇ ਕਿ ਇਨ੍ਹਾਂ ਸਵਾਲਾਂ ਦੇ ਤਾਂ ਜਵਾਬ ਅਸੀਂ ਦੇ ਚੁਕੇ ਹਾਂ, ਕਿਸੇ ਨੇ ਹੋਰ ਕੋਈ ਕਰਨਾ ਹੈ ਤਾਂ ਕਰੋ, ਨਹੀਂ ਤਾਂ ਆਪਾਂ ਦੀਵਾਨ ਤੇ ਚਲੀਏ, ਲੇਟ ਹੋ ਰਹੇ ਹਾਂ। ਉਸ ਵੇਲੇ ਸੇਵਾਦਾਰ ਨੂੰ ਇਸ਼ਾਰਾ ਕੀਤਾ ਤੇ ਕਿਹਾ ਕਿ ਝੋਲੇ ਵਿਚੋਂ ਚਾਦਰ ਕੱਢ ਕੇ ਸਾਡੇ ਪਲੰਘ ਤੇ ਵਿਛਾ ਦਿਓ। ਇਹ ਸਾਰੇ ਪ੍ਰੇਮੀ ਵੱਖ ਵੱਖ ਸੰਪਰਦਾਵਾਂ ਵਾਲੇ ਸਨ ਅਤੇ ਕਈ ਤਾਂ ਸੰਤਾਂ ਉਤੇ ਤਰਕ ਕਰਨ ਵਾਲੇ ਵੀ ਸਨ, ਪਰੰਤੂ ਸਾਰਿਆਂ ਨੇ ਸੰਤ ਮਹਾਰਾਜ ਜੀ ਨੂੰ ਸੀਸ ਝੁਕਾ ਕੇ ਮਾਫੀ ਮੰਗੀ ਤੇ ਕਿਹਾ ਕਿ ਮਹਾਰਾਜ

ਜੀ! ਅਸੀਂ ਆਪ ਦਾ ਬਹੁਤ ਸਮਾਂ ਲੈ ਲਿਆ ਹੈ, ਅਤੇ ਅਸੀਂ ਸਵੇਰੇ ਅੰਮ੍ਰਿਤ ਵੇਲੇ ਹੀ ਤੁਰ ਪੈਣਾ ਹੈ। ਸੰਤ ਮਹਾਰਾਜ ਜੀ ਨੇ ਸੇਵਾਦਾਰ ਨੂੰ ਕਿਹਾ ਕਿ ਇਨ੍ਹਾਂ ਨੂੰ ਕਮਰਾ ਦੇ ਦੇਵੋ ਅਤੇ ਹੇਠਾਂ ਗਦੈਲੇ ਵਿਛਾ ਦੇਣਾ ਅਤੇ ਉਪਰ ਵਾਸਤੇ ਰਜਾਈਆਂ ਦੇ ਦਿਓ। ਇਹ ਪ੍ਰੇਮੀ ਚੰਡੀਗੜ੍ਹ ਦੇ ਰਹਿਣ ਵਾਲੇ ਹਨ, ਬਹੁਤ ਸੋਹਲ ਹਨ, ਵਿਚਾਰੇ ਥੱਕੇ ਹੋਏ ਹਨ, ਇਨ੍ਹਾਂ ਨੂੰ ਚੰਗੀ ਤਰ੍ਹਾਂ ਨੀਂਦ ਆ ਜਾਵੇਗੀ। ਜਦੋਂ ਅਸੀਂ ਸੰਤ ਮਹਾਰਾਜ ਜੀ ਤੋਂ ਆਗਿਆ ਲੈ ਕੇ ਕਮਰੇ ਵਿਚ ਪਹੁੰਚੇ ਤਾਂ ਸਾਰੇ ਹੀ ਪ੍ਰੇਮੀ ਹੈਰਾਨ ਹੋ ਰਹੇ ਸਨ ਤੇ ਨਾਲ ਥੋੜੇ ਸ਼ਰਮਸ਼ਾਰ ਵੀ ਕਿ ਸਾਨੂੰ ਸੰਤਾਂ ਦਾ ਐਨਾ ਇਮਤਿਹਾਨ ਨਹੀਂ ਸੀ ਲੈਣਾ ਚਾਹੀਦਾ, ਸਾਥੋਂ ਭੁਲ ਹੋ ਗਈ। ਪਰ ਫੇਰ ਵੀ ਮਹਾਂਪੁਰਸ਼ ਕਿੰਨੇ ਦਿਆਲੂ ਹਨ, ਉਹਨਾਂ ਨੇ ਇਸ ਗੱਲ ਨੂੰ ਗੌਲਿਆ ਹੀ ਨਹੀਂ। ਸਾਡੇ ਔਗੁਣਾ ਨੂੰ ਚਿਤਾਰਿਆ ਹੀ ਨਹੀਂ, ਸਗੋਂ ਸਾਡੇ ਆਰਾਮ ਦਾ ਕਿੰਨਾ ਖਿਆਲ ਕੀਤਾ ਹੈ ਤੇ ਆਪ ਵੀ ਦੀਵਾਨ ਤੋਂ ਲੇਟ ਹੋ ਗਏ। ਸਾਰਿਆਂ ਦੇ ਨੇਤਰਾਂ ਵਿਚ ਪਛਤਾਵੇ ਦੇ ਅਥਰੂ ਸਨ ਕਿ ਹੈਰਾਨੀ ਦੀ ਗੱਲ ਹੈ ਕਿ ਐਨੀ ਵੱਡੀ ਪਦਵੀ ਦੇ ਮਾਲਕ ਆਪਣੇ ਆਪ ਨੂੰ ਬਿਲਕੁਲ ਹੀ ਨਹੀਂ ਦਰਸਾਉਂਦੇ ਅਤੇ ਗੁਪਤ ਹੀ ਵਰਤ ਰਹੇ ਹਨ।

***ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥***
***ਪੰਨਾ - 1385***

## ਧਾਰਮਿਕ ਸੇਵਾ ਤੇ ਸਮਾਜ ਸੁਧਾਰ

ਚੰਡੀਗੜ੍ਹ ਵਿਚ ਰਹਿੰਦਿਆਂ ਹੋਇਆਂ ਬਾਬਾ ਜੀ ਜਿਥੇ ਆਪਣੇ ਸੰਪਰਕ ਵਿਚ ਆਉਣ ਵਾਲੇ ਪ੍ਰੇਮੀਆਂ ਨੂੰ ਗੁਰਬਾਣੀ ਨਾਲ ਜੋੜਦੇ ਸਨ, ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੇ ਦਰਸ਼ਨ ਤੇ ਉਨ੍ਹਾਂ ਦੀ ਸੰਗਤ ਦਾ ਸੁਭਾਗ ਬਖਸ਼ਦੇ ਸਨ, ਉਥੇ ਉਹ ਧਾਰਮਿਕ ਅਦਾਰਿਆਂ ਨਾਲ ਵੀ ਜੁੜੇ ਹੋਏ ਸਨ। ਇਹ ਗੱਲ ਉਸ ਵੇਲੇ ਦੀ ਹੈ ਜਦੋਂ ਆਪ ਗੁਰਦੁਆਰਾ ਸਿੰਘ ਸਭਾ, ਸੈਕਟਰ 19 ਦੇ ਸੈਕਟਰੀ ਸਨ। ਆਪ ਜੀ ਦੱਸਿਆ ਕਰਦੇ ਸਨ ਕਿ ਉਹ ਜਿੰਨਾਂ ਚਿਰ ਇਥੇ ਸੈਕਟਰੀ ਰਹੇ, ਓਨਾਂ ਚਿਰ ਉਥੇ ਧੜੇਬੰਦੀ ਨਹੀਂ ਹੋਣ ਦਿਤੀ ਅਤੇ ਸਰਬ ਸੰਮਤੀ ਨਾਲ ਜਿਹੜਾ ਪ੍ਰਧਾਨ ਸੇਵਾ ਕਰਕੇ ਅੱਗੇ ਹੁੰਦਾ ਸੀ ਉਸ ਨੂੰ ਹੀ ਪ੍ਰਧਾਨ ਬਣਾ ਦਿਤਾ ਜਾਂਦਾ ਸੀ। ਇਸ ਕਰਕੇ ਕਮੇਟੀ ਵਿਚ ਜਦ ਕਦੀ ਵੀ ਕੋਈ ਆਪਸੀ ਅਣਬਣ ਜਾਂ ਖਿਆਲਾਂ ਦਾ ਟਕਰਾਅ ਹੁੰਦਾ ਤਾਂ ਆਪ ਨੂੰ ਇਸ ਦਾ ਸਮਾਧਾਨ ਕਰਨ ਬਾਰੇ ਬੁਲਾਇਆ ਜਾਂਦਾ ਸੀ। ਉਹਨਾਂ ਦਿਨਾਂ ਵਿਚ ਇਕ ਰਾਗੀ ਜਥਾ ਗੁਰਦੁਆਰਾ ਸਾਹਿਬ ਵਿਚ ਦੋਵੇਂ ਟਾਈਮ (ਸਵੇਰ ਸ਼ਾਮ) ਕੀਰਤਨ ਕਰਿਆ ਕਰਦਾ ਸੀ ਜਿਨ੍ਹਾਂ ਦਾ ਕੀਰਤਨ ਬਹੁਤ ਰਸ ਭਿੰਨਾ ਅਤੇ ਸਰੋਤਿਆਂ ਦੇ ਮਨਾਂ ਨੂੰ ਭਾਇਆ ਕਰਦਾ ਸੀ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਆਪਸ ਵਿਚ ਸਲਾਹ ਕੀਤੀ ਕਿ ਇਨ੍ਹਾਂ ਰਾਗੀਆਂ ਨੂੰ ਸੇਵਾ ਨਵਿਰਤ ਕੀਤਾ ਜਾਵੇ ਕਿਉਂਕਿ ਉਨ੍ਹਾਂ ਦੇ

ਖਿਲਾਫ ਇਕ ਅਜਿਹਾ ਅਪਰਾਧ ਕਰਨ ਦਾ ਸਬੂਤ ਸੀ ਜੋ ਕਿ ਉਨ੍ਹਾਂ ਦੀ ਇਮਾਨਦਾਰੀ ਤੇ ਪ੍ਰਸ਼ਨ ਚਿੰਨ੍ਹ ਬਣ ਗਿਆ ਸੀ। ਸਾਰਿਆਂ ਨੇ ਫੈਸਲਾ ਕੀਤਾ ਕਿ ਬੇਹਤਰ ਇਹ ਹੈ ਕਿ ਆਪਾਂ ਇਹ ਮਾਮਲਾ ਸੈਕਟਰੀ ਸਾਹਿਬ (ਸਰਦਾਰ ਵਰਿਆਮ ਸਿੰਘ ਜੀ) ਨੂੰ ਸੌਂਪੀਏ, ਉਹ ਇਸ ਮਾਮਲੇ ਦੀ ਜਾਂਚ ਪੜਤਾਲ ਕਰਕੇ ਜੋ ਫੈਸਲਾ ਲੈਣਗੇ, ਸਾਨੂੰ ਮਨਜ਼ੂਰ ਹੋਵੇਗਾ। ਬਾਬਾ ਜੀ ਨੂੰ ਬੁਲਾ ਕੇ ਰਾਗੀਆਂ ਦੀ ਉਸ ਹਰਕਤ ਬਾਰੇ ਦੱਸਿਆ ਗਿਆ ਕਿ ਉਹ ਰਾਤ ਨੂੰ ਗੁਰਦੁਆਰਾ ਸਾਹਿਬ ਦੇ ਪਿਛੇ ਹੀ ਕੁਆਟਰ ਵਿਚ ਰਹਿੰਦੇ ਹਨ ਅਤੇ ਗੁਰਦੁਆਰਾ ਸਾਹਿਬ ਦੀ ਚਾਬੀ ਉਨ੍ਹਾਂ ਕੋਲ ਹੀ ਹੁੰਦੀ ਹੈ ਅਤੇ ਰਾਤ ਨੂੰ ਮੌਕਾ ਪਾ ਕੇ ਉਹ ਗੋਲਕ ਵਿਚੋਂ ਮਾਇਆ ਕੱਢ ਲੈਂਦੇ ਹਨ। ਬਾਬਾ ਜੀ ਕਹਿਣ ਲੱਗੇ, ਗੋਲਕ ਨੂੰ ਤਾਂ ਤਾਲਾ ਲੱਗਿਆ ਹੁੰਦਾ ਹੈ ਤੇ ਨਾ ਹੀ ਇਸ ਵਿਚ ਹੱਥ ਪੈ ਸਕਦਾ ਹੈ, ਫੇਰ ਇਹ ਪ੍ਰੇਮੀ ਮਾਇਆ ਕਿਸ ਤਰ੍ਹਾਂ ਕੱਢ ਲੈਂਦੇ ਹਨ? ਕਮੇਟੀ ਦੇ ਮੈਂਬਰਾਂ ਨੇ ਦੱਸਿਆ ਕਿ ਸਾਨੂੰ ਪੂਰਾ ਸ਼ੱਕ ਹੈ ਕਿਉਂਕਿ ਜਦੋਂ ਅਸੀਂ ਗੋਲਕ ਗਿਣਦੇ ਹਾਂ, ਮਾਇਆ ਪਹਿਲਾਂ ਜਿੰਨੀ ਨਹੀਂ ਹੁੰਦੀ, ਜਦ ਕਿ ਸੰਗਤ ਦੀ ਹਾਜ਼ਰੀ ਪਹਿਲਾਂ ਨਾਲੋਂ ਵੀ ਵੱਧ ਹੁੰਦੀ ਹੈ। ਬਾਬਾ ਜੀ ਕਹਿਣ ਲੱਗੇ ਠੀਕ ਹੈ, ਇਹ ਕੰਮ ਤੁਸੀਂ ਮੇਰੇ ਤੇ ਛੱਡ ਦਿਓ, ਮੈਂ ਆਪ ਹੀ ਪੁਛ ਪੜਤਾਲ ਕਰਾਂਗਾ। ਬਾਬਾ ਜੀ ਨੇ ਉਹਨਾਂ ਰਾਗੀਆਂ ਨੂੰ ਇਕੱਲਿਆਂ ਹੀ ਬੁਲਾਇਆ, ਉਥੇ ਕਮੇਟੀ ਦਾ ਹੋਰ ਕੋਈ ਮੈਂਬਰ ਨਹੀਂ ਸੀ। ਪੁਛਿਆ ਕਿ ਪ੍ਰੇਮੀਓ! ਤੁਹਾਡੇ ਤੇ ਇਲਜ਼ਾਮ ਹੈ ਕਿ ਤੁਸੀਂ ਗੋਲਕ ਵਿਚੋਂ ਮਾਇਆ ਕੱਢਦੇ ਹੋ, ਕੀ ਇਹ ਸੱਚ ਹੈ? ਤਿੰਨਾਂ ਜਣਿਆਂ ਨੇ ਉਸ ਵੇਲੇ ਮੋਨ ਧਾਰ ਲਿਆ, ਕੋਈ ਜਵਾਬ ਨਾ ਦੇਣ। ਬਾਬਾ ਜੀ ਕਹਿਣ ਲੱਗੇ, ਪ੍ਰੇਮੀਓ! ਤੁਸੀਂ ਗੁਰੂ ਘਰ ਦੇ ਕੀਰਤਨੀਏ ਹੋ, ਧੁਰ ਕੀ ਬਾਣੀ ਜੋ ਗੁਰੂ ਸਾਹਿਬਾਨ ਰਾਹੀਂ ਉਚਾਰੀ ਗਈ ਹੈ, ਉਸ ਦਾ ਗਾਇਨ ਕਰਕੇ ਸੰਗਤਾਂ ਨੂੰ ਸਰਵਣ ਕਰਵਾਉਂਦੇ ਹੋ। ਇਹ ਬਾਣੀ ਸਤਿ ਹੈ ਤੇ ਇਸ ਦੇ ਗਾਇਨ ਕਰਨ ਵਾਲੇ ਵੀ ਸਤਿ ਦੇ ਧਾਰਨੀ ਹੋਣੇ ਚਾਹੀਦੇ ਹਨ। ਤੁਹਾਡੇ ਤੇ ਸ਼ੱਕ ਕਰਨ ਦਾ ਕਿਸੇ ਨੂੰ ਖਿਆਲ ਵੀ ਨਹੀਂ ਆਉਣਾ ਚਾਹੀਦਾ, ਪਰ ਤੁਹਾਡੇ ਤੇ ਇਹ ਇਲਜ਼ਾਮ ਲੱਗ ਰਿਹਾ ਹੈ ਕਿ ਤੁਸੀਂ ਗੋਲਕ ਦੀ ਮਾਇਆ ਚੋਰੀ ਕਰਦੇ ਹੋ। ਜੇਕਰ ਇਹ ਸੱਚ ਹੈ ਤਾਂ ਮੈਂ ਉਸ ਗੁਰੂ ਦਾ ਵਾਸਤਾ ਪਾ ਕੇ ਤੁਹਾਨੂੰ ਕਹਿੰਦਾ ਹਾਂ ਕਿ ਸੱਚ ਸੱਚ ਮੈਨੂੰ ਦੱਸ ਦਿਓ, ਨਹੀਂ ਤਾਂ ਤੁਸੀਂ ਗੁਰੂ ਦੇ ਕੀਰਤਨੀਏ ਕਹਿਲਾਉਣ ਦੇ ਹੱਕਦਾਰ ਨਹੀਂ ਹੋ। ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਤੁਹਾਡੇ ਨਾਲ ਬੇਇਨਸਾਫੀ ਨਹੀਂ ਹੋਵਗੀ ਜੇ ਤੁਸੀਂ ਸੱਚ ਸੱਚ ਸਾਰੀ ਗੱਲ ਮੈਨੂੰ ਦਸੋਗੇ, ਆਪਾਂ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠੇ ਹਾਂ। ਜਦੋਂ ਬਾਬਾ ਜੀ ਪਾਸੋਂ ਇਹੋ ਜਿਹੇ ਬਚਨ ਸੁਣੇ ਤਾਂ ਜੋ ਮੁਖੀ ਸੀ ਉਹ ਬੋਲ ਪਿਆ ਕਿ ਇਹ ਸੱਚ ਹੈ ਕਿ ਅਸੀਂ ਚੋਰੀ ਕਰਦੇ ਰਹੇ ਹਾਂ, ਗੋਲਕ ਵਿਚੋਂ ਮਾਇਆ ਕੱਢਦੇ ਰਹੇ ਹਾਂ। ਬਾਬਾ ਜੀ ਨੇ ਪੁਛਿਆ ਕਿ ਤੁਹਾਡੇ ਕੋਲ ਡੁਪਲੀਕੇਟ ਚਾਬੀ ਸੀ? ਕਹਿਣ ਲੱਗੇ, ਨਹੀਂ, ਅਸੀਂ ਤਾਂ ਸਲਾਈ ਨਾਲ ਕੱਢਿਆ ਕਰਦੇ ਸੀ। ਅਸੀਂ

ਸਿਲਾਈ ਨੂੰ ਫਿਕਸੋ ਜਾਂ ਗੂੰਦ ਲਗਾ ਕੇ ਅੰਦਰ ਪਾ ਦਿੰਦੇ ਸੀ ਅਤੇ ਉਸ ਨਾਲ ਨੋਟ ਚਿੰਬੜ ਜਾਂਦੇ ਸੀ ਅਤੇ ਜਿੰਨੀ ਸਾਡੀ ਜ਼ਰੂਰਤ ਹੁੰਦੀ ਸੀ, ਅਸੀਂ ਕੱਢ ਲੈਂਦੇ ਸੀ। ਹੁਣ ਐਸੀ ਜ਼ਰੂਰਤ ਵੇਲੇ ਹੋਰ ਕੋਈ ਦਿੰਦਾ ਨਹੀਂ ਸੀ, ਅਸੀਂ ਸੋਚਿਆ ਕਿ ਗੁਰੂ ਸਾਹਿਬ ਦੀ ਮਾਇਆ ਹੈ, ਗੁਰੂ ਪਾਸੋਂ ਹੀ ਲੈ ਲਈਏ। ਬਾਬਾ ਜੀ ਨੇ ਕਿਹਾ ਕਿ ਮੈਨੂੰ ਖੁਸ਼ੀ ਹੈ ਤੁਸੀਂ ਸੱਚ ਸੱਚ ਦੱਸ ਦਿਤਾ ਹੈ ਪਰ ਇਹ ਮਾੜੀ ਗੱਲ ਹੈ, ਇਹ ਧੋਖਾ ਹੈ। ਜੇਕਰ ਤੁਹਾਡੀ ਤਨਖਾਹ ਘੱਟ ਸੀ, ਤੁਹਾਨੂੰ ਕਮੇਟੀ ਦੇ ਕਿਸੇ ਮੈਂਬਰ ਜਾਂ ਪ੍ਰਧਾਨ ਨਾਲ ਗਲ ਕਰਨੀ ਚਾਹੀਦੀ ਸੀ। ਕਹਿਣ ਲੱਗੇ ਕਿ ਅਸੀਂ ਇਕ ਵੇਰਾਂ ਉਨ੍ਹਾਂ ਨੂੰ ਦੱਸਣ ਦੀ ਕੋਸ਼ਿਸ਼ ਕੀਤੀ ਸੀ ਕਿ ਪਰ ਕਿਸੇ ਨੇ ਸੁਣਵਾਈ ਨਹੀਂ ਕੀਤੀ। ਅਸੀਂ ਸੋਚਿਆ ਕਿ ਜੇ ਦੁਬਾਰਾ ਕਿਹਾ ਤਾਂ ਕਿਤੇ ਸਾਨੂੰ ਨੌਕਰੀ ਤੋਂ ਨਾ ਕਢ ਦੇਣ। ਬਾਬਾ ਜੀ ਕਹਿਣ ਲੱਗੇ ਕਿ ਇਸ ਦਾ ਮਤਲਬ ਇਹ ਹੋਇਆ ਕਿ ਤੁਹਾਡਾ ਗੁਜ਼ਾਰਾ ਠੀਕ ਨਹੀਂ ਚਲਦਾ ਜਿਸ ਕਰਕੇ ਤੁਹਾਨੂੰ ਇਹ ਕੰਮ ਕਰਨਾ ਪੈ ਰਿਹਾ ਸੀ? ਕਹਿਣ ਲੱਗੇ, ਬਿਲਕੁਲ ਠੀਕ ਹੈ ਜੀ, ਇਸ ਕਰਕੇ ਹੀ ਅਸੀਂ ਇਹ ਹਰਕਤ ਕਰਨ ਵਾਸਤੇ ਮਜ਼ਬੂਰ ਹੋਏ ਸੀ। ਬਾਬਾ ਜੀ ਕਹਿਣ ਲੱਗੇ, ਜੇਕਰ ਤੁਹਾਡੀ ਤਨਖਾਹ ਵਧਾ ਦਿਤੀ ਜਾਵੇ ਫੇਰ ਤਾਂ ਤੁਸੀਂ ਇਸ ਤਰ੍ਹਾਂ ਨਹੀਂ ਕਰੋਗੇ? ਉਨ੍ਹਾਂ ਨੇ ਉਤਰ ਦਿਤਾ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਨੂੰ ਸਾਖਸ਼ੀ ਮੰਨ ਕੇ ਆਪ ਨਾਲ ਇਹ ਵਾਅਦਾ ਕਰ ਰਹੇ ਹਾਂ ਕਿ ਫੇਰ ਕਦੀ ਇਸ ਤਰ੍ਹਾਂ ਨਹੀਂ ਕਰਾਂਗੇ। ਬਾਬਾ ਜੀ ਨੇ ਕਿਹਾ, ਬਹੁਤ ਚੰਗੀ ਗੱਲ ਹੈ ਤੁਹਾਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ। ਇਸ ਬਾਰੇ ਥੋੜ੍ਹਾ ਹੋਰ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਤੁਹਾਡਾ ਸਿਧਾ ਸੰਪਰਕ ਸੰਗਤ ਨਾਲ ਗੁਰੂ ਮਹਾਰਾਜ ਜੀ ਦੀ ਬਾਣੀ ਰਾਹੀਂ ਹੁੰਦਾ ਹੈ। ਸੰਗਤ ਤੇ ਅਸਰ ਤਾਂ ਹੁੰਦਾ ਹੈ ਜੇਕਰ ਤੁਹਾਡਾ ਹਿਰਦਾ ਸ਼ੁਧ ਹੋਵੇਗਾ। ਜੇਕਰ ਗੁਰਬਾਣੀ ਦਾ ਗਾਇਨ ਕਰਦਿਆਂ ਤੁਹਾਡੇ ਮਨ ਵਿਚ ਪੈਸੇ ਜਾਂ ਮਾਇਆ ਦਾ ਲਾਲਚ ਵਸਿਆ ਰਹੇਗਾ ਤਾਂ ਸਾਰਾ ਕੁਝ ਉਤੋਂ ਉਤੋਂ ਦੀ ਲੰਘ ਜਾਇਆ ਕਰਦਾ ਹੈ ਕਿਉਂਕਿ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ –

***ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ***
***ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥***
***ਪੰਨਾ – 669***

ਜਦੋਂ ਤੁਸੀਂ ਪ੍ਰਭੂ ਪ੍ਰੇਮ ਵਿਚ ਗਾਇਨ ਕਰੋਗੇ ਤਾਂ ਸੰਗਤ ਵਿਚ ਵੀ ਪ੍ਰੇਮ ਦੀਆਂ ਤਰੰਗਾਂ ਫੈਲਣਗੀਆਂ, ਸੁਣਨ ਦਾ ਅਨੰਦ ਪ੍ਰਾਪਤ ਹੋਵੇਗਾ। ਇਸ ਤਰ੍ਹਾਂ ਕਰਨ ਨਾਲ ਤੁਹਾਡਾ ਗਾਇਆ ਹੋਇਆ, ਤੁਹਾਡੀ ਸਿਫਤ ਕੀਤੀ ਹੋਈ ਅਤੇ ਸੰਗਤ ਦੀ ਸੁਣੀ ਹੋਈ, ਦੋਵਾਂ ਦਾ ਥਾਂ ਪੈ ਜਾਵੇਗਾ। ਇਸ ਤੋਂ ਵੀ ਹੋਰ ਉਪਰ ਦੀ ਗੱਲ ਹੈ ਕਿ ਜੋ ਗਾਇਨ ਕੀਤਾ ਜਾ ਰਿਹਾ ਹੈ ਤੇ ਸੁਣਿਆ ਜਾ ਰਿਹਾ ਹੈ, ਉਸ ਤੇ ਵਿਚਾਰ ਕਰਕੇ, ਸਤਿ ਕਰਕੇ ਮੰਨ ਲਿਆ ਜਾਵੇ ਤਾਂ ਸੋਨੇ ਉਤੇ ਸੁਹਾਗੇ ਵਾਲੀ ਗੱਲ ਹੋ ਜਾਇਆ ਕਰਦੀ ਹੈ। ਭਾਵੇਂ ਤੁਸੀਂ

ਇਹ ਸੇਵਾ ਤਨਖਾਹ ਲੈ ਕੇ ਕਰਦੇ ਹੋ, ਪਰੰਤੂ ਇਸ ਤਰ੍ਹਾਂ ਕਰਨ ਨਾਲ ਸੇਵਾ ਥਾਂ ਪੈ ਜਾਵੇਗੀ ਕਿਉਂਕਿ ਤੁਸੀਂ ਸੰਗਤ ਨੂੰ ਗੁਰ ਸ਼ਬਦ ਨਾਲ ਜੋੜਨ ਦਾ ਕੰਮ ਕਰਦੇ ਹੋ। ਰਾਗੀ ਵੀਰਾਂ ਨੂੰ ਬਾਬਾ ਜੀ ਦੀ ਗੱਲ ਪੂਰੀ ਤਰ੍ਹਾਂ ਸਮਝ ਆ ਗਈ। ਉਧਰ ਕਮੇਟੀ ਮੈਂਬਰ ਵੀ ਉਡੀਕ ਰਹੇ ਸਨ ਕਿ ਬਾਬਾ ਜੀ ਆਪਣਾ ਫੈਸਲਾ ਸੁਣਾਉਣ ਕਿ ਇਨ੍ਹਾਂ ਦੀਆਂ ਸੇਵਾਵਾਂ ਰੱਖੀਆਂ ਜਾਣ ਜਾਂ ਇਹਨਾਂ ਨੂੰ ਸੇਵਾ ਤੋਂ ਮੁਕਤ ਕਰ ਦਿਤਾ ਜਾਵੇ। ਬਾਬਾ ਜੀ ਨੇ ਸਾਰੇ ਕਮੇਟੀ ਮੈਂਬਰਾਂ ਨੂੰ ਸੰਬੋਧਨ ਕਰਕੇ ਕਿਹਾ ਕਿ ਇਹਨਾਂ ਨੇ ਆਪਣਾ ਕਸੂਰ ਮੰਨ ਲਿਆ ਹੈ ਪਰੰਤੂ ਇਨ੍ਹਾਂ ਦੇ ਬਾਲ ਬੱਚੇ ਵੀ ਹਨ, ਘਰ ਦਾ ਖਰਚਾ ਪੂਰਾ ਨਹੀਂ ਹੁੰਦਾ। ਗ੍ਰਹਿਸਤੀਆਂ ਨੂੰ ਅਨੇਕ ਤਰ੍ਹਾਂ ਦੇ ਪਰਿਵਾਰਕ ਖਰਚ ਤੇ ਜ਼ਿੰਮੇਵਾਰੀਆਂ ਹੁੰਦੀਆਂ ਹਨ ਜੋ ਪੈਸੇ ਤੋਂ ਬਿਨਾਂ ਪੂਰੀਆਂ ਨਹੀਂ ਕੀਤੀਆਂ ਜਾ ਸਕਦੀਆਂ। ਇਸ ਲਈ ਸਾਡਾ ਫਰਜ਼ ਹੈ ਕਿ ਇਨ੍ਹਾਂ ਦੀ ਲੋੜ ਪੂਰੀ ਕਰੀਏ ਤੇ ਇਨ੍ਹਾਂ ਦੀ ਤਨਖਾਹ ਦੋ-ਦੋ ਸੌ ਰੁਪਿਆ ਹੋਰ ਵਧਾ ਦਿਤੀ ਜਾਵੇ। ਮਾਇਆ ਸੰਗਤ ਦੀ ਹੈ, ਇਹ ਕੀਰਤਨ ਦੁਆਰਾ ਸੰਗਤ ਨੂੰ ਹੀ ਨਿਹਾਲ ਕਰਦੇ ਹਨ, ਇਸ ਕਰਕੇ ਅਗਰ ਇਹਨਾਂ ਦੀ ਮਾਇਆ ਦੀ ਪੂਰਤੀ ਹੋ ਜਾਵੇਗੀ ਤਾਂ ਹੋਰ ਵਧੇਰੇ ਪਿਆਰ ਤੇ ਸ਼ਰਧਾ ਨਾਲ ਇਹ ਕੀਰਤਨ ਦੀ ਸੇਵਾ ਨਿਭਾ ਸਕਣਗੇ। ਮੇਰੀ ਬੇਨਤੀ ਹੈ ਕਿ ਆਪ ਸਾਰੇ ਇਨ੍ਹਾਂ ਦੀ ਪਿਛਲੀ ਗਲਤੀ ਨੂੰ ਮਾਫ ਕਰ ਦਿਓ ਕਿਉਂਕਿ ਗੁਰੂ ਘਰ ਵਿਚ ਕਿਸੇ ਦੇ ਔਗੁਣਾਂ ਨੂੰ ਨਾ ਚਿਤਾਰਦੇ ਹੋਏ ਉਸ ਨੂੰ ਖਿਮਾ ਕਰ ਦੇਣਾ, ਬਹੁਤ ਵੱਡਾ ਪੁੰਨ ਹੁੰਦਾ ਹੈ। ਅੱਗੇ ਵਾਸਤੇ ਇਨ੍ਹਾਂ ਦੀ ਉਜਰਤ ਵਧਾ ਕੇ ਇਨ੍ਹਾਂ ਨੂੰ ਹੋਰ ਸੇਵਾ ਦਾ ਮੌਕਾ ਦੇ ਕੇ ਕ੍ਰਿਤਾਰਥ ਕਰੋ। ਸਾਰੀ ਕਮੇਟੀ ਤੇ ਪ੍ਰਧਾਨ ਸਾਹਿਬ ਨੇ ਬਾਬਾ ਜੀ ਦੇ ਇਸ ਫੈਸਲੇ ਨੂੰ ਪ੍ਰਵਾਨਗੀ ਦੇ ਦਿਤੀ ਤੇ ਉਨ੍ਹਾਂ ਨੂੰ ਮੁੜ ਕੇ ਫਿਰ ਕੀਰਤਨ ਦੀ ਸੇਵਾ ਤੇ ਬਹਾਲ ਕਰ ਦਿਤਾ।

19 ਸੈਕਟਰ ਗੁਰਦੁਆਰਾ ਸਾਹਿਬ ਵਲੋਂ ਗੁਰੂ ਨਾਨਕ ਖਾਲਸਾ ਹਾਈ ਸਕੂਲ ਨੂੰ ਬਣਵਾਉਣ ਅਤੇ ਸੰਚਾਲਨ ਕਰਨ ਵਿਚ ਆਪ ਜੀ ਦਾ ਵੱਡਾ ਯੋਗਦਾਨ ਸੀ। ਪਹਿਲਾਂ ਕਈ ਕਮੇਟੀਆਂ ਆਈਆਂ ਪਰ ਸਕੂਲ ਵਿਚ ਟੀਚਰਾਂ ਦੀ ਕਮੀ ਤੇ ਹੋਰ ਸਹੂਲਤਾਂ ਦੀ ਕਮੀ ਕਰਕੇ ਇਸ ਦੀ ਕਾਰਗੁਜ਼ਾਰੀ ਠੀਕ ਨਹੀਂ ਸੀ। ਬਾਬਾ ਜੀ ਨੇ ਆਪ ਦਿਲਚਸਪੀ ਲੈ ਕੇ ਇਹ ਸੇਵਾ ਬੜੀ ਕਾਰਜ ਕੁਸ਼ਲਤਾ ਨਾਲ ਨਿਭਾਈ ਅਤੇ ਸਕੂਲ ਨੂੰ ਸੁਚਜੇ ਢੰਗ ਨਾਲ ਚਲਾ ਕੇ ਉਸ ਵਿਚ ਹਰ ਪੱਖੋਂ ਸੁਧਾਰ ਲਿਆਂਦਾ। ਅਜ ਕਲ ਇਹ ਸਕੂਲ 30 ਸੈਕਟਰ ਵਿਚ ਚਲ ਰਿਹਾ ਹੈ, ਉਸ ਵੇਲੇ ਇਹ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਨਾਲ ਲਗਦੇ ਕਮਰਿਆਂ ਵਿਚ ਚਲਿਆ ਕਰਦਾ ਸੀ। ਇਸੇ ਤਰ੍ਹਾਂ ਆਪ ਨੇ ਕਮੇਟੀ ਨੂੰ ਸੁਝਾਅ ਦਿਤਾ ਕਿ ਚੰਡੀਗੜ੍ਹ ਵਿਚ ਇਕ ਸਿਖ ਸੰਸਥਾ ਦਾ ਕਾਲਜ ਵੀ ਹੋਣਾ ਚਾਹੀਦਾ ਹੈ। ਸੁਝਾਅ ਤਾਂ ਸਭ ਨੇ ਮੰਨ ਲਿਆ ਪਰੰਤੂ ਇਸ ਵਾਸਤੇ ਲੋੜੀਂਦੇ ਫੰਡ ਨਹੀਂ ਸਨ ਜੋ ਕਿ ਇਕ ਬਹੁਤ ਵੱਡਾ ਮਸਲਾ ਸੀ। ਕੁਝ ਹਜ਼ਾਰ ਰੁਪਏ ਨਾਲ ਜਗ੍ਹਾ ਤਾਂ ਅਲਾਟ ਕਰਵਾ ਲਈ ਪਰੰਤੂ ਪੂਰੀ

ਜਗ੍ਹਾ ਦੇ ਪੈਸੇ ਜੋ ਲੱਖਾਂ ਰੁਪਏ ਸਨ ਉਹ ਭਰਨੇ ਬਾਕੀ ਸਨ। ਉਸ ਤੋਂ ਬਾਅਦ ਬਿਲਡਿੰਗ ਵੀ ਬਣਨੀ ਸੀ ਜੋ ਇਕ ਬਹੁਤ ਕਠਿਨ ਸਮੱਸਿਆ ਸੀ। ਆਪ ਜੀ ਨੇ ਕਮੇਟੀ ਨੂੰ ਸੁਝਾਅ ਦਿਤਾ ਕਿ ਇਸ ਕਾਲਜ ਦਾ ਨਾਮ 'ਗੁਰੂ ਗੋਬਿੰਦ ਸਿੰਘ ਕਾਲਜ' ਰੱਖਿਆ ਜਾਵੇ, ਜੋ ਸਭ ਨੇ ਮਨਜ਼ੂਰ ਕੀਤਾ। ਆਪ ਜੀ ਨੇ ਕਿਹਾ ਕਿ ਇਸ ਵਿਚ ਆਪਾਂ ਸਾਰਿਆਂ ਨੂੰ ਇਕ ਜੁਟ ਹੋ ਕੇ ਸੇਵਾ ਕਰਨੀ ਪੈਣੀ ਹੈ। ਚੰਡੀਗੜ੍ਹ ਮੁਲਾਜ਼ਮਾਂ ਦਾ ਸ਼ਹਿਰ ਹੈ। ਆਪਾਂ ਸਾਰਿਆਂ ਨੇ ਪਰਉਕਾਰ ਦਾ ਕੰਮ ਕਰਨਾ ਹੈ ਜੋ ਕਿ ਬੱਚਿਆਂ ਦੀ ਪੜ੍ਹਾਈ ਦੇ ਨਮਿਤ ਹੈ, ਇਸ ਵਾਸਤੇ ਸਾਨੂੰ ਕਮਰ ਕੱਸੇ ਕਰਨੇ ਪੈਣਗੇ। ਗੁਰੂ ਦੀ ਸੇਵਾ ਲਈ ਘਰ ਘਰ ਜਾ ਕੇ ਦਸਤਕ ਦਿਆਂਗੇ, ਤਾਂ ਇਹ ਫੰਡ ਇਕੱਠਾ ਹੋ ਸਕੇਗਾ, ਕਿਉਂਕਿ ਸਭ ਤੋਂ ਪਹਿਲਾ ਮਸਲਾ ਤਾਂ ਸਟੇਟ ਆਫਿਸ ਵਿਚ ਜਗ੍ਹਾ ਵਾਸਤੇ ਕਈ ਲੱਖ ਰੁਪਿਆ ਜਮ੍ਹਾ ਕਰਵਾਉਣਾ ਹੈ। ਸਾਰੀ ਕਮੇਟੀ ਨੇ ਆਪ ਦੇ ਸੁਝਾਉ ਨੂੰ ਮੰਨ ਕੇ ਫੈਸਲਾ ਕੀਤਾ ਕਿ ਜੋ ਸੈਕਟਰੀ ਸਾਹਿਬ ਕਹਿ ਰਹੇ ਹਨ ਇਸੇ ਤਰ੍ਹਾਂ ਨਾਲ ਕਰਨਾ ਪਵੇਗਾ। ਆਪ ਜੀ ਦੱਸਿਆ ਕਰਦੇ ਸੀ ਕਿ ਅਸੀਂ ਪੰਜ ਦਸ ਬੰਦੇ ਗਰੁਪ ਬਣਾ ਕੇ ਘਰ-ਘਰ ਜਾਇਆ ਕਰਦੇ ਸੀ ਅਤੇ ਯਥਾਸ਼ਕਤ ਸਭ ਦੀ ਸੇਵਾ ਲੈ ਕੇ ਇਹ ਭਾਰੀ ਰਕਮ ਜੁਟਾਉਣ ਵਿਚ ਸਾਨੂੰ ਕਈ ਮਹੀਨੇ ਲੱਗ ਗਏ। ਰਕਮ ਜਮ੍ਹਾਂ ਕਰਵਾ ਦਿਤੀ, ਫੇਰ ਬਿਲਡਿੰਗ ਵੀ ਇਸੇ ਤਰ੍ਹਾਂ ਬਣਵਾਈ। ਆਖਰਕਾਰ ਮਹਾਰਾਜ ਦੀ ਕ੍ਰਿਪਾ ਨਾਲ, ਕਾਲਜ ਵਿਚ ਦਾਖਲਾ ਸ਼ੁਰੂ ਹੋਣਾ ਸੀ, ਜਿਸ ਵਾਸਤੇ ਪ੍ਰੋਫੈਸਰ, ਪ੍ਰਿੰਸੀਪਲ ਤੇ ਲੈਕਚਰਾਰ ਰੱਖਣੇ ਸਨ। ਉਸ ਵੇਲੇ ਸਿਫਾਰਸ਼ਾਂ ਆਉਣੀਆਂ ਸ਼ੁਰੂ ਹੋ ਗਈਆਂ। ਇਨ੍ਹਾਂ ਵਿਚ ਕਮੇਟੀ ਦੇ ਮੈਂਬਰਾਂ ਦੀਆਂ ਵੀ ਅਤੇ ਚੰਡੀਗੜ੍ਹ ਦੇ ਅਫਸਰਾਂ ਦੀਆਂ ਵੀ ਸਿਫਾਰਸ਼ਾਂ ਆਈਆਂ। ਮੈਂ ਸਾਰੀ ਕਮੇਟੀ ਦੀ ਮੀਟਿੰਗ ਬੁਲਾਈ ਅਤੇ ਸੁਝਾਅ ਦਿਤਾ ਕਿ ਦੇਖੋ ਪ੍ਰੇਮੀਓ! ਆਪਣਾ ਕੰਮ ਕਾਲਜ ਬਣਾਉਣ ਤੇ ਚਲਾਉਣ ਤਕ ਸੀ, ਹੁਣ ਆਪਾਂ ਇਹ ਕਾਲਜ ਪੜ੍ਹਿਆਂ ਲਿਖਿਆਂ ਦੀ ਕਮੇਟੀ ਬਣਾ ਕੇ, ਉਨ੍ਹਾਂ ਨੂੰ ਸੌਂਪ ਦੇਈਏ ਜਿਨ੍ਹਾਂ ਵਿਚ ਚੀਫ ਸੈਕਟਰੀ ਤੇ ਚੀਫ ਜਸਟਿਸ ਆਦਿ ਅਤੇ ਹੋਰ ਬੁਧੀਜੀਵੀ ਹਨ ਉਹ ਆਪਣੇ ਤਜਰਬੇ ਨਾਲ ਇਸ ਨੂੰ ਚਲਾਉਣਗੇ। ਦੂਜੀ ਗੱਲ ਇਹ ਹੈ ਕਿ ਸਿਫਾਰਸ਼ਾਂ ਆ ਰਹੀਆਂ ਹਨ, ਕੋਈ ਕਹਿੰਦਾ ਹੈ ਮੇਰਾ ਬੰਦਾ ਰੱਖੋ, ਕੋਈ ਕਹਿੰਦਾ ਮੇਰਾ ਬੰਦਾ ਰੱਖੋ ਅਤੇ ਸਿਫਾਰਸ਼ਾਂ ਵੀ ਸਾਡੇ ਆਪਣੇ ਵਿਚ ਵਾਲਿਆਂ ਦੀਆਂ ਹਨ। ਹੁਣ ਜੇ ਰੱਖਦੇ ਹਾਂ ਤਾਂ ਔਖਾ, ਜੇ ਨਹੀਂ ਰੱਖਦੇ ਤਾਂ ਵੀ ਔਖਾ ਮਸਲਾ ਹੈ। ਬੇਹਤਰ ਇਹ ਹੈ ਕਿ ਆਪਾਂ ਇਹ ਕੰਮ ਉਨ੍ਹਾਂ ਪੜ੍ਹਿਆਂ ਲਿਖਿਆਂ ਨੂੰ ਸੌਂਪ ਦੇਈਏ ਅਤੇ ਗੁਰੂ ਮਹਾਰਾਜ ਜੀ ਨੇ ਜੋ ਸਾਥੋਂ ਸੇਵਾ ਕਰਵਾਉਣੀ ਸੀ ਕਰਵਾ ਲਈ, ਹੁਣ ਉਹ ਜਾਨਣ ਤੇ ਉਨ੍ਹਾਂ ਦਾ ਕੰਮ ਜਾਣੇ। ਸਾਰੇ ਹੀ ਇਸ ਗੱਲ ਤੇ ਸਹਿਮਤ ਹੋ ਗਏ ਤੇ ਉਸ ਵੇਲੇ ਸਰਦਾਰ ਕਪੂਰ ਸਿੰਘ ਨੂੰ ਕਾਲਜ ਦਾ ਚੇਅਰਮੈਨ ਨਿਯੁਕਤ ਕਰਕੇ ਉਨ੍ਹਾਂ ਨੇ ਆਪਣੀ ਕਮੇਟੀ ਬਣਾ ਲਈ ਅਤੇ ਆਪਣੇ ਗਲੋਂ ਸਾਰਾ ਭਾਰ ਲਾਹ ਕੇ, ਸਭ ਕੁਝ ਬਣਵਾ ਕੇ ਉਨ੍ਹਾਂ ਨੂੰ ਸੌਂਪ

ਦਿਤਾ।

ਇਸ ਤਰ੍ਹਾਂ ਕਹਿਣਾ ਤਾਂ ਸੌਖਾ ਹੈ, ਪਰ ਇਸ ਤੇ ਅਮਲ ਕਰਨਾ ਔਖਾ ਹੈ। ਇਹ ਓਹੀ ਕਰ ਸਕਦਾ ਹੈ ਜਿਸ ਵਿਚ ਪਕੜ ਨਾ ਹੋਵੇ। ਬਾਬਾ ਜੀ ਵਿਚ ਕੋਈ ਪਕੜ ਨਹੀਂ ਸੀ, ਉਨ੍ਹਾਂ ਨੇ ਆਪਣੇ ਸਾਥੀਆਂ ਨੂੰ ਵੀ ਇਸ ਦੇ ਯੋਗ ਬਣਾ ਦਿਤਾ ਕਿ ਉਹ ਵੀ ਇਸ ਪਕੜ ਤੋਂ ਦੂਰ ਰਹਿ ਸਕਣ। ਆਮ ਕਰਕੇ ਆਦਮੀ ਇਸ ਨੂੰ ਛੱਡ ਨਹੀਂ ਸਕਿਆ ਕਰਦਾ। ਮਨ ਵਿਚ ਆ ਜਾਂਦਾ ਹੈ ਕਿ ਦੇਖੋ, ਸੇਵਾ ਅਸੀਂ ਕੀਤੀ, ਘਰ ਘਰ ਜਾ ਕੇ ਮੰਗ ਕੇ ਫੰਡ ਅਸੀਂ ਇਕੱਠਾ ਕੀਤਾ ਤੇ ਸਾਂਭਣ ਵਾਲਾ ਕੋਈ ਹੋਰ ਹੀ ਆ ਗਿਆ। ਇਸ ਨੂੰ ਕਹਿੰਦੇ ਹਨ ਕਿ ਸੇਵਾ ਕਰਕੇ ਵੀ ਆਪਣੇ ਆਪ ਉਸ ਤੋਂ ਪਰ੍ਹੇ ਹੋ ਜਾਣਾ ਤੇ ਕਹਿਣਾ ਕਿ ਮੈਂ ਤਾਂ ਇਹ ਕੰਮ ਕੀਤਾ ਹੀ ਨਹੀਂ, ਕਰਵਾਉਣ ਵਾਲਾ ਤਾਂ ਵਾਹਿਗੁਰੂ ਹੈ; ਬੰਦੇ ਦੀ ਕੀ ਮਜਾਲ ਹੈ ਕਿ ਉਹ ਸੇਵਾ ਕਰ ਸਕੇ।

***ਸੇਵਾ ਕਰਤ ਹੋਇ ਨਿਹਕਾਮੀ॥***
***ਤਿਸ ਕਉ ਹੋਤ ਪਰਾਪਤਿ ਸੁਆਮੀ॥*** ***ਪੰਨਾ - 286***

## ਕਾਲੇ ਮੂੰਹ ਵਾਲੇ ਸੰਤ

ਚੰਡੀਗੜ੍ਹ ਵਿਚ ਰਹਿੰਦਿਆਂ ਹੋਇਆਂ ਆਪ ਜੀ ਦਾ ਮੇਲ ਮਿਲਾਪ ਮਨਿਸਟਰਾਂ ਤੋਂ ਲੈ ਕੇ ਵੱਡੇ ਸਰਕਾਰੀ ਅਫਸਰਾਂ ਨਾਲ ਰਿਹਾ ਹੈ ਕਿਉਂਕਿ ਕਿਸੇ ਤਰੀਕੇ ਨਾਲ ਆਪ ਦੇ ਰੂਹਾਨੀ ਕਿਰਦਾਰ ਦੀ ਸੁਗੰਧੀ ਉਨ੍ਹਾਂ ਤਕ ਪਹੁੰਚਦੀ ਹੀ ਰਹਿੰਦੀ ਸੀ। ਜਿਵੇਂ ਗੁਲਾਬ ਦਾ ਫੁਲ ਭਾਵੇਂ ਕੰਡਿਆਲੀ ਵਾੜ ਦੇ ਅੰਦਰ ਵੀ ਖਿੜਿਆ ਹੋਵੇ, ਉਸ ਦੀ ਸੁਗੰਧੀ ਹਰ ਲੰਘਣ ਵਾਲੇ ਰਾਹੀ ਨੂੰ ਮੋਹਿਤ ਕਰਦੀ ਹੈ। ਇਸੇ ਤਰ੍ਹਾਂ ਦੇ ਨਾਲ ਉਸ ਵੇਲੇ ਦੇ ਪੰਜਾਬ ਦੇ ਐਡਵੋਕੇਟ ਜਨਰਲ ਸਰਦਾਰ ਹਰਬੰਸ ਸਿੰਘ ਜੀ ਦੁਆਬੀਆ ਜੋ ਕਿ ਇਕ ਹਿੰਦੂ ਪਰਿਵਾਰ ਨਾਲ ਸੰਬੰਧ ਰੱਖਦੇ ਸਨ, ਪਰੰਤੂ ਸੰਤਾਂ ਦੀ ਸੰਗਤ ਦੁਆਰਾ ਅਤੇ ਗੁਰੂ ਦੀ ਬਾਣੀ ਦਾ ਅਧਿਐਨ ਕਰਕੇ, ਉਨ੍ਹਾਂ ਦੇ ਮਨ ਤੇ ਇੰਨਾ ਅਸਰ ਹੋਇਆ ਕਿ ਉਨ੍ਹਾਂ ਨੇ ਗੁਰਸਿਖੀ ਰਹਿਤ ਬਹਿਤ ਅਪਣਾਅ ਲਈ ਹੋਈ ਸੀ। ਬਾਬਾ ਜੀ ਨਾਲ ਉਨ੍ਹਾਂ ਦਾ ਬਹੁਤ ਪਿਆਰ ਸੀ ਅਤੇ ਇਨ੍ਹਾਂ ਦੀ ਸੰਗਤ ਕਰਕੇ ਉਨ੍ਹਾਂ ਨੇ ਗੁਰਮਤਿ ਦੇ ਅਨੇਕਾਂ ਪਹਿਲੂਆਂ ਤੇ ਸਿਧਾਂਤਾਂ ਨੂੰ ਭਲੀ ਭਾਂਤ ਜਾਣ ਲਿਆ ਸੀ। ਸ. ਐਚ. ਐਸ. ਦੁਆਬੀਆ ਸੰਤਾਂ ਦੇ ਬਹੁਤ ਖੋਜੀ ਸਨ। ਜਿਥੇ ਕਿਤੇ ਵੀ ਕਿਸੇ ਭੇਖ ਦਾ ਕੋਈ ਸੰਤ ਮਿਲਦਾ, ਉਸ ਬਾਰੇ ਚੰਗੀ ਜਾਣਕਾਰੀ ਪ੍ਰਾਪਤ ਕਰਨ ਲਈ ਉਤਸੁਕ ਰਿਹਾ ਕਰਦੇ ਸਨ ਕਿ ਇਸ ਸੰਤ ਨੇ ਭੇਖ ਕਿਉਂ ਧਾਰਨ ਕੀਤਾ ਹੋਇਐ? ਇਸ ਨੇ ਪ੍ਰਾਪਤੀ ਕਿਸ ਤਰ੍ਹਾਂ ਕੀਤੀ ਹੈ ਇਤਿਆਦਿਕ। ਇਸ ਤਰ੍ਹਾਂ ਦੇ ਹੀ ਇਕ ਸੰਤ ਬਾਰੇ ਇਨ੍ਹਾਂ ਨੇ ਬਾਬਾ ਜੀ ਨੂੰ ਦਸਿਆ ਸੀ ਕਿ ਕਾਲਕਾ ਦੇ ਉਪਰਲੇ ਪਾਸੇ

ਪਹਾੜਾਂ ਦੇ ਵਿਚਕਾਰ ਜੰਗਲ ਵਿਚ ਇਕ ਸਾਧੂ ਰਿਹਾ ਕਰਦਾ ਸੀ, ਉਹ ਨਾ ਹੀ ਕਿਸੇ ਨੂੰ ਮਿਲਦਾ ਸੀ ਤੇ ਨਾ ਹੀ ਕਿਸੇ ਨਾਲ ਗਲ ਬਾਤ ਕਰਦਾ ਸੀ। ਬਸ ਆਉਂਦਿਆਂ ਜਾਂਦਿਆਂ, ਘੁੰਮਦੇ ਫਿਰਦੇ ਕਿਸੇ ਨੂੰ ਦਿਸ ਜਾਂਦਾ ਸੀ ਅਤੇ ਦੁਆਬੀਆ ਸਾਹਿਬ ਨੇ ਬਾਬਾ ਜੀ ਨੂੰ ਇਸੇ ਤਰ੍ਹਾਂ ਘੁੰਮਦੇ ਫਿਰਦੇ ਨੂੰ ਵਿਖਾਇਆ ਸੀ।

ਪਰੰਤੂ ਦੁਆਬੀਆ ਸਾਹਿਬ ਤਾਂ ਇਕ ਦਿਨ ਉਸ ਦੇ ਮਗਰ ਹੀ ਮਗਰ ਚਲਦੇ ਗਏ। ਉਹ ਆਪਣੀ ਕੁਟੀਆ ਵਿਚ ਚਲਾ ਗਿਆ ਤੇ ਇਹ ਵੀ ਬੈਠ ਗਏ ਤੇ ਗਲਬਾਤ ਕਰਨੀ ਸ਼ੁਰੂ ਕਰ ਦਿਤੀ। ਉਹ ਸੰਤ ਆਪਣਾ ਮੂੰਹ ਕਾਲਾ ਕਰਕੇ ਰੱਖਿਆ ਕਰਦਾ ਸੀ ਅਤੇ ਆਮ ਤੌਰ ਤੇ ਇਲਾਕੇ ਦੇ ਲੋਕ ਉਸ ਨੂੰ ਕਾਲੇ ਮੂੰਹ ਵਾਲਾ ਸੰਤ ਕਿਹਾ ਕਰਦੇ ਸਨ। ਉਹ ਹਰ ਵੇਲੇ ਇਹ ਤੁਕ ਮੂੰਹ ਵਿਚੋਂ ਬੋਲਦਾ ਰਹਿੰਦਾ ਸੀ ਕਿ 'ਜੈਸੇ ਕੋ ਤੈਸਾ' 'ਜੈਸੇ ਕੋ ਤੈਸਾ'। ਜਦੋਂ ਦੁਆਬੀਆ ਸਾਹਿਬ ਇਸ ਕੋਲ ਬੈਠੇ, ਉਸ ਵੇਲੇ ਉਹ ਇਹੀ ਤੁਕ ਗੁਨ-ਗੁਨਾ ਰਿਹਾ ਸੀ। ਉਨ੍ਹਾਂ ਨੇ ਗਲ ਤੋਰੀ ਕਿ ਸੰਤ ਜੀ ਤੁਸੀਂ ਇਹ ਤੁਕ ਹਰ ਵੇਲੇ ਕਿਉਂ ਬੋਲਦੇ ਰਹਿੰਦੇ ਹੋ, ਇਸ ਦਾ ਕੀ ਕਾਰਨ ਹੈ? ਸੰਤ ਕਹਿਣ ਲੱਗਿਆ, ਭਾਈ ਤੂੰ ਪੁਛ ਕੇ ਕੀ ਲੈਣਾ ਹੈ? ਤੂੰ ਜਾਹ, ਮੈਨੂੰ ਮੇਰੇ ਹਾਲ ਤੇ ਹੀ ਛੱਡ ਦੇਵੇਂ ਤਾਂ ਚੰਗਾ ਹੈ। ਦੁਆਬੀਆ ਸਾਹਿਬ ਕਹਿਣ ਲੱਗੇ ਨਹੀਂ ਮਹਾਰਾਜ! ਮੈਂ ਤਾਂ ਤੁਹਾਨੂੰ ਪੁਛੇ ਬਗੈਰ ਵਾਪਸ ਨਹੀਂ ਜਾਣਾ ਭਾਵੇਂ ਤੁਸੀਂ ਮੇਰੇ ਨਾਲ ਕਿੰਨਾ ਵੀ ਮਾੜਾ ਸਕੂਲ ਕਰੋ, ਮੈਂ ਤਾਂ ਇਸ ਦਾ ਮਤਲਬ ਜ਼ਰੂਰ ਪੁਛਣਾ ਹੈ। ਉਹ ਕਹਿਣ ਲੱਗਿਆ, ਸਰਦਾਰ ਜੀ! ਮੈਨੂੰ ਸੰਤ ਸ਼ਬਦ ਨਾਲ ਸੰਬੋਧਨ ਨਾ ਕਰ, ਮੈਂ ਕੋਈ ਸੰਤ ਨਹੀਂ ਹਾਂ ਮੈਂ ਤਾਂ ਪਾਪੀ ਹਾਂ, ਗੁਨਹਗਾਰ ਹਾਂ ਅਤੇ ਵਿਸ਼ਵਾਸਘਾਤੀ ਹਾਂ। ਦੁਆਬੀਆ ਸਾਹਿਬ ਕਹਿਣ ਲੱਗਿਆ ਕਿ ਮੈਂ ਲਿਖਾਰੀ ਹਾਂ, ਮੈਂ ਤੁਹਾਡੇ ਬਾਰੇ ਲੋਕਾਂ ਨੂੰ ਦੱਸਾਂਗਾ ਕਿ ਤੁਹਾਡੇ ਵਿਚ ਕੀ ਖੂਬੀਆਂ ਹਨ, ਕੀ ਚੰਗਿਆਈਆਂ ਹਨ ਤਾਂ ਕਿ ਸੰਸਾਰ ਨੂੰ ਸੇਧ ਮਿਲ ਸਕੇ। ਕਾਲੇ ਮੂੰਹ ਵਾਲਾ ਸੰਤ ਕਹਿਣ ਲੱਗਿਆ ਕਿ ਮੇਰੇ ਵਿਚ ਕੋਈ ਗੁਣ ਨਹੀਂ, ਕੋਈ ਚੰਗਿਆਈ ਨਹੀਂ, ਸਭ ਔਗੁਣ ਹੀ ਔਗੁਣ ਹਨ। ਪਰ ਜੇ ਤੁਸੀਂ ਲਿਖਣਾ ਹੈ ਤਾਂ ਮੈਂ ਦੱਸ ਦਿੰਦਾ ਹਾਂ ਕਿ ਕੋਈ ਮੇਰੇ ਵਰਗਾ ਵਿਸ਼ਵਾਸਘਾਤੀ ਨਾ ਬਣੇ, ਕਿਸੇ ਨੂੰ ਵਿਸ਼ਵਾਸ ਵਿਚ ਲਿਆ ਕੇ ਧੋਖਾ ਨਾ ਕਰੇ। ਜੇਕਰ ਕੋਈ ਇਸ ਤਰ੍ਹਾਂ ਕਰੇਗਾ ਤਾਂ ਮੇਰੇ ਵਰਗੀ ਸਜ਼ਾ ਮਿਲੇਗੀ। ਜਿਸ ਤਰ੍ਹਾਂ ਮੇਰੇ ਨਾਲ ਬੀਤ ਰਹੀ ਹੈ, ਉਸੇ ਤਰ੍ਹਾਂ ਉਹ ਦੁਖੀ ਹੋਵੇਗਾ ਜਿਹੜਾ ਵਿਸ਼ਵਾਸਘਾਤੀ ਹੈ। ਇਸ ਤਰ੍ਹਾਂ ਕਹਿੰਦਿਆਂ ਉਸ ਨੇ ਆਪਣੀ ਹੱਡ ਬੀਤੀ ਦੱਸਣੀ ਸ਼ੁਰੂ ਕਰ ਦਿਤੀ। ਕਹਿਣ ਲੱਗਿਆ ਕਿ ਮੈਂ ਇਕ ਸੇਠ ਦਾ ਮੁਨਸ਼ੀ ਸੀ ਜਿਸ ਦੀ ਇਕ ਬਹੁਤ ਵੱਡੀ ਸਰੀਆ ਵੇਲਣ ਵਾਲੀ (rolling mill) ਫੈਕਟਰੀ ਸੀ। ਮੈਂ ਉਸ ਦਾ ਵਿਸ਼ਵਾਸਪਾਤਰ ਸੀ, ਉਸ ਨੇ ਜਿਹੜਾ ਵੀ ਕੰਮ ਪੈਸੇ ਟਕੇ ਲੈਣ ਦੇਣ ਦਾ ਕਰਨਾ ਹੁੰਦਾ, ਜਾਂ ਪੈਸੇ ਬੈਂਕ ਵਿਚ ਜਮ੍ਹਾ ਕਰਵਾਉਣੇ ਹੁੰਦੇ ਜਾਂ ਕਢਵਾਉਣੇ ਹੁੰਦੇ, ਸਾਰਾ ਕੁਝ ਮੈਥੋਂ ਹੀ ਕਰਵਾਉਂਦਾ

ਸੀ। ਮੈਂ ਤੇ ਮੇਰੇ ਘਰਵਾਲੀ ਅਸੀਂ ਇਕ ਵੱਖਰੇ ਮਕਾਨ ਵਿਚ ਰਹਿੰਦੇ ਸੀ ਜੋ ਸੇਠ ਨੇ ਕੰਪਨੀ ਵਲੋਂ ਲੈ ਕੇ ਦਿਤਾ ਹੋਇਆ ਸੀ। ਮੈਂ ਜਦੋਂ ਵੀ ਕੋਈ ਕਾਗਜ਼ ਪੱਤਰ ਸੇਠ ਕੋਲ ਦਸਖਤ ਕਰਵਾਉਣ ਵਾਸਤੇ ਲਿਜਾਂਦਾ ਤਾਂ ਸੇਠ ਬਗੈਰ ਪੜ੍ਹਨ ਤੋਂ ਹੀ ਦਸਖਤ ਕਰ ਦਿੰਦਾ ਸੀ। ਉਸ ਨੂੰ ਮੇਰੇ ਤੇ ਵਿਸ਼ਵਾਸ ਸੀ ਕਿ ਮੈਂ ਕਦੀ ਵੀ ਕੋਈ ਗਲਤ ਕਾਗਜ਼ ਤੇ ਦਸਖਤ ਨਹੀਂ ਕਰਵਾ ਸਕਦਾ। ਜਦੋਂ ਇਸ ਤਰ੍ਹਾਂ ਕਰਦਿਆਂ ਕਈ ਸਾਲ ਬੀਤ ਗਏ ਤੇ ਸੇਠ ਨੂੰ ਐਨਾ ਵਿਸ਼ਵਾਸ ਹੋ ਗਿਆ ਸੀ ਕਿ ਜੇ ਸੇਠ ਨੇ ਕਦੀ ਹਫਤਾ ਦਸ ਦਿਨ ਵਾਸਤੇ ਬਾਹਰ ਜਾਣਾ ਤਾਂ ਮਿੱਲ ਦਾ ਸਾਰਾ ਕੰਮ ਮੈਂ ਖੁਦ ਹੀ ਦੇਖਦਾ ਸੀ ਅਤੇ ਉਸ ਦੇ ਵਾਂਗ ਹੀ ਸਭ ਤੇ ਹੁਕਮ ਚਲਾਉਂਦਾ ਸੀ। ਮੈਂ ਆਪਣੀ ਪਤਨੀ ਨਾਲ ਗਲ ਕੀਤੀ ਕਿ ਸੇਠ ਮੇਰੇ ਤੇ ਐਨਾ ਵਿਸ਼ਵਾਸ ਕਰਦਾ ਹੈ ਕਿ ਕਿਸੇ ਕਾਗਜ਼ ਤੇ ਵੀ ਦਸਖਤ ਕਰਵਾਵਾਂ ਤਾਂ ਪੜ੍ਹਦਾ ਹੀ ਨਹੀਂ, ਝੱਟ ਦਸਖਤ ਕਰ ਦਿੰਦਾ ਹੈ। ਕਹਿਣ ਲੱਗਿਆ ਕਿ ਜੇਕਰ ਇਸ ਮੌਕੇ ਦਾ ਫਾਇਦਾ ਉਠਾ ਲਈਏ ਤਾਂ ਮਿੱਲ ਦੇ ਮਾਲਕ ਆਪਾਂ ਖੁਦ ਬਣ ਸਕਦੇ ਹਾਂ। ਉਸ ਨੇ ਵੀ ਹਾਂ ਵਿਚ ਹਾਂ ਮਿਲਾ ਦਿਤੀ। ਮੈਂ ਇਸ ਪਲਾਨ ਦੇ ਤਹਿਤ ਵਕੀਲ ਤੋਂ ਸਾਰੇ ਕਾਗਜ਼ਾਤ ਸਟੈਂਪ ਪੇਪਰ ਤੇ ਬਣਵਾ ਲਏ ਜਿਸ ਵਿਚ ਸੇਠ ਵਲੋਂ ਇਹ ਲਿਖਵਾਇਆ ਗਿਆ ਸੀ ਕਿ ਮੈਂ ਹੁਣ ਇਹ ਮਿੱਲ ਸੰਭਾਲ ਨਹੀਂ ਸਕਦਾ ਤੇ ਇਸ ਦਾ ਮਾਲਕ ਇਹ ਮੁਨਸ਼ੀ ਹੈ, ਮੇਰਾ ਇਸ ਤੇ ਕੋਈ ਹੱਕ ਨਹੀਂ ਹੈ। ਇਹ ਸਾਰਾ ਕੁਝ ਕਰਵਾ ਕੇ ਮੈਂ ਇਹ ਸਾਰੇ ਕਾਗਜ਼ ਸੇਠ ਕੋਲ ਲੈ ਗਿਆ ਤੇ ਉਸ ਨੇ ਪੁਛਿਆ ਕਿ ਇਹ ਕਿਸ ਚੀਜ਼ ਦੇ ਕਾਗਜ਼ ਹਨ ਤਾਂ ਮੈਂ ਐਵੇਂ ਝੂਠ ਬੋਲ ਦਿਤਾ ਕਿ ਸੇਠ ਜੀ ਇਹ ਤਾਂ ਮਿੱਲ ਵਾਸਤੇ ਜਿਹੜੀ ਜ਼ਮੀਨ ਖਰੀਦੀ ਸੀ ਉਸ ਦੀ ਰਜਿਸਟਰੀ ਦੇ ਕਾਗਜ਼ ਹਨ। ਸੇਠ ਨੇ ਬਗੈਰ ਦੇਖੇ ਦਸਖਤ ਕਰ ਦਿਤੇ। ਬਸ ਹੋਰ ਮੈਨੂੰ ਕੀ ਚਾਹੀਦਾ ਸੀ, ਮੈਂ ਤੇ ਮੇਰੀ ਘਰਵਾਲੀ ਬਹੁਤ ਖੁਸ਼ ਹੋਏ। ਮੇਰੇ ਮਨ ਵਿਚ ਅਭਿਮਾਨ ਆ ਗਿਆ ਤੇ ਇਸ ਪੈਸੇ ਦੇ ਮੱਦ ਨੇ ਮੇਰੀ ਅਕਲ ਮਾਰ ਦਿਤੀ ਕਿ ਮੈਂ ਤਾਂ ਹੁਣ ਮਿੱਲ ਦਾ ਮਾਲਕ ਹਾਂ। ਮੈਂ ਹੁਣ ਨੌਕਰੀ ਤੇ ਟਾਈਮ ਸਿਰ ਨਹੀਂ ਸੀ ਜਾਂਦਾ ਅਤੇ ਜਿਹੜਾ ਕੰਮ ਸੇਠ ਨੇ ਮੈਨੂੰ ਕਰਨ ਲਈ ਕਹਿਣਾ, ਮੈਂ ਟਾਲ ਮਟੋਲ ਕਰ ਦਿੰਦਾ ਅਤੇ ਹੀਲ ਹੁਜਤ ਕਰਨ ਲਗ ਪਿਆ ਕਿਉਂਕਿ ਮੈਂ ਤਾਂ ਮਨ ਵਿਚ ਇਹੋ ਸਮਝਣ ਲਗ ਪਿਆ ਕਿ ਮੈਂ ਹੁਣ ਸੇਠ ਦਾ ਨੌਕਰ ਨਹੀਂ ਸਗੋਂ ਸੇਠ ਮੇਰਾ ਨੌਕਰ ਹੈ। ਇਸੇ ਤਰ੍ਹਾਂ ਨਾਲ ਇਕ ਦਿਨ ਇਹੋ ਜਿਹਾ ਆਇਆ ਕਿ ਸੇਠ ਨੂੰ ਮੇਰੀਆਂ ਇਹ ਹਰਕਤਾਂ ਚੰਗੀਆਂ ਨਾ ਲੱਗੀਆਂ ਤੇ ਮੈਨੂੰ ਤਾੜ ਕੇ ਪੁਛਣ ਲਗ ਪਿਆ ਕਿ ਭਾਈ ਤੂੰ ਦੋ ਮਹੀਨੇ ਤੋਂ ਕੰਮ ਤੇ ਠੀਕ ਸਮੇਂ ਸਿਰ ਨਹੀਂ ਆਉਂਦਾ, ਨਾ ਹੀ ਚੰਗੀ ਤਰ੍ਹਾਂ ਕੰਮ ਕਰਦਾ ਹੈਂ ਤੇ ਆਪਣੀ ਮਰਜ਼ੀ ਨਾਲ ਹੀ ਬਿਨਾਂ ਦੱਸੇ ਘਰ ਨੂੰ ਚਲਿਆ ਜਾਂਦਾ ਹੈਂ। ਕੀ ਗੱਲ ਹੈ, ਤੂੰ ਨੌਕਰੀ ਨਹੀਂ ਕਰਨੀ ਤੇ ਜੇ ਇਸੇ ਤਰ੍ਹਾਂ ਤੇਰੇ ਚਾਲੇ ਰਹੇ, ਫਿਰ ਤੈਨੂੰ ਨੌਕਰੀ ਤੋਂ ਹੱਥ ਧੋਣਾ ਪਵੇਗਾ। ਸੇਠ ਦੀ ਇੰਨੀ ਗਲ ਸੁਣ ਕੇ ਮੈਂ ਲੋਹਾ ਲਾਖਾ ਹੋ

ਗਿਆ ਤੇ ਕਿਹਾ, ਸੇਠ ਜੀ! ਨੌਕਰ ਮੈਂ ਨਹੀਂ, ਹੁਣ ਨੌਕਰ ਤੁਸੀਂ ਹੋ, ਮੇਰਾ ਜਦ ਜੀ ਚਾਹੇ ਮੈਂ ਕੱਢ ਸਕਦਾ ਹਾਂ। ਸੇਠ ਬੜਾ ਹੈਰਾਨ ਹੋਇਆ ਕਿ ਨੌਕਰ ਦੀ ਇਤਨੀ ਮਜ਼ਾਲ ਕਿ ਇਸ ਨੂੰ ਬੋਲਣ ਦੀ ਤਮੀਜ਼ ਵੀ ਨਹੀਂ ਰਹੀ। ਸੇਠ ਨੇ ਗੁਸੇ ਵਿਚ ਆ ਕੇ ਕਿਹਾ ਕਿ ਜਾਹ ਨਿਕਲ ਜਾ ਇਥੋਂ, ਮੈਂ ਤੈਨੂੰ ਹੁਣੇ ਨੌਕਰੀ ਤੋਂ ਬਰਖਾਸਤ ਕਰਦਾ ਹਾਂ। ਮੇਰੇ ਕੋਲ ਉਨ੍ਹਾਂ ਕਾਗਜ਼ਾਂ ਦੀ ਕਾਪੀ ਸੀ, ਮੈਂ ਸੇਠ ਨੂੰ ਦਿਖਾ ਕੇ ਕਿਹਾ ਕਿ ਸੇਠ ਜੀ, ਦੇਖੋ ਤੁਹਾਡੇ ਦਸਖਤ ਹੋਏ ਹੋਏ ਹਨ, ਇਸ ਵਿਚ ਲਿਖਿਆ ਹੈ ਕਿ ਇਸ ਮਿੱਲ ਦਾ ਮਾਲਕ ਮੈਂ ਹਾਂ, ਤੁਸੀਂ ਨਹੀਂ। ਹੁਣ ਤੁਸੀਂ ਸ਼ਰਾਫਤ ਨਾਲ ਬਾਹਰ ਨਿਕਲ ਜਾਵੋ ਨਹੀਂ ਤਾਂ ਮੈਂ ਧੱਕੇ ਮਰਵਾ ਕੇ ਬਾਹਰ ਕੱਢ ਦਿਆਂਗਾ। ਬਸ ਐਨਾ ਕਹਿਣ ਦੀ ਦੇਰ ਸੀ ਕਿ ਸੇਠ ਨੂੰ ਦਿਲ ਦਾ ਦੌਰਾ ਪਿਆ ਤੇ ਉਥੇ ਹੀ ਮਰ ਗਿਆ, ਉਸ ਨੇ ਪ੍ਰਾਣ ਤਿਆਗ ਦਿਤੇ ਤੇ ਇਸ ਸਦਮੇ ਨੂੰ ਸਹਿ ਨਹੀਂ ਸਕਿਆ। ਮੈਂ ਮਿਲ ਦਾ ਮਾਲਕ ਬਣ ਗਿਆ ਤੇ ਮੈਨੂੰ ਲੋਕੀ ਸੇਠ ਕਹਿ ਕੇ ਬੁਲਾਉਣ ਲੱਗ ਪਏ। ਮੇਰੇ ਕੋਈ ਔਲਾਦ ਨਹੀਂ ਸੀ ਅਤੇ ਸੇਠ ਦੇ ਮਰਨ ਤੋਂ ਇਕ ਸਾਲ ਬਾਅਦ ਸਾਡੇ ਘਰ ਇਕ ਲੜਕਾ ਪੈਦਾ ਹੋਇਆ। ਘਰ ਵਿਚ ਬਹੁਤ ਖੁਸ਼ੀ ਮਨਾਈ ਤੇ ਕਿਹਾ ਕਿ ਦੇਖੋ, ਔਲਾਦ ਵੀ ਹੋ ਗਈ ਤੇ ਮਿੱਲ ਦੇ ਮਾਲਕ ਵੀ ਅਸੀਂ ਬਣ ਗਏ। ਲੜਕਾ ਥੋੜ੍ਹਾ ਵੱਡਾ ਹੋਇਆ। ਜਦੋਂ ਸੱਤ-ਅੱਠ ਸਾਲ ਦਾ ਹੋਇਆ ਤਾਂ ਬਿਮਾਰ ਹੋ ਗਿਆ। ਬਥੇਰੇ ਇਲਾਜ ਕਰਵਾਏ, ਡਾਕਟਰਾਂ ਦੇ ਕੋਈ ਸਮਝ ਨਹੀਂ ਆਇਆ ਕਿ ਉਸ ਨੂੰ ਕੀ ਬੀਮਾਰੀ ਸੀ। ਉਸ ਦੀ ਬੀਮਾਰੀ ਤੇ ਪੈਸਾ ਪਾਣੀ ਵਾਂਗ ਵਹਾਇਆ ਪਰ ਇਲਾਜ਼ ਨਾ ਹੋ ਸਕਿਆ। ਫੇਰ ਵੱਡੇ ਡਾਕਟਰਾਂ ਨੇ ਸਲਾਹ ਦਿਤੀ ਕਿ ਇਸ ਨੂੰ ਇੰਗਲੈਂਡ ਲੈ ਕੇ ਜਾਵੋ, ਇਸ ਬੀਮਾਰੀ ਦਾ ਇਲਾਜ ਇਥੇ ਨਹੀਂ ਹੋ ਸਕਦਾ, ਬਾਹਰ ਹੀ ਹੋ ਸਕਦਾ ਹੈ। ਮੈਂ ਉਸ ਨੂੰ ਇੰਗਲੈਂਡ ਲੈ ਕੇ ਗਿਆ ਅਤੇ ਉਸ ਦੀ ਬੀਮਾਰੀ ਦਾ ਇਲਾਜ਼ ਕਰਵਾਉਣ ਵਾਸਤੇ ਮੈਨੂੰ ਮਿੱਲ ਵੇਚਣੀ ਪਈ। ਬਾਹਰ ਵੀ ਟੱਕਰਾਂ ਮਾਰ ਕੇ ਵਾਪਸ ਹਿੰਦੋਸਤਾਨ ਆ ਗਿਆ, ਉਥੇ ਦੇ ਡਾਕਟਰਾਂ ਨੇ ਵੀ ਜਵਾਬ ਦੇ ਦਿਤਾ। ਹੁਣ ਘਰ ਦੀ ਹਾਲਤ ਇਹ ਹੋ ਗਈ ਕਿ ਘਰ ਦਾ ਖਰਚਾ ਚਲਾਉਣਾ ਵੀ ਮੁਸ਼ਕਲ ਹੋ ਗਿਆ ਸਗੋਂ ਸਿਰ ਤੇ ਕਰਜ਼ਾ ਚੜ੍ਹ ਚੁਕਿਆ ਸੀ। ਲੜਕਾ ਜਦੋਂ ਦਾ ਬੀਮਾਰ ਹੋਇਆ ਸੀ, ਉਹ ਨਾ ਹੀ ਕਦੀ ਹੱਸਿਆ ਸੀ ਤੇ ਨਾ ਹੀ ਕਦੀ ਬੋਲਿਆ ਸੀ। ਇਕ ਦਿਨ ਦੀ ਗਲ ਕਿ ਅਸੀਂ ਦੋਵੇਂ ਜਣੇ ਉਸ ਦੇ ਮੰਜੇ ਕੋਲ ਬੈਠੇ ਸੀ, ਸਾਨੂੰ ਦੇਖ ਕੇ ਉਹ ਖਿੜਖਿੜਾ ਕੇ ਹੱਸਿਆ। ਅਸੀਂ ਥੋੜ੍ਹੇ ਖੁਸ਼ ਹੋਏ ਕਿ ਅੱਜ ਹੱਸਿਆ ਹੈ ਤੇ ਨਾਲ ਪਿਤਾ ਜੀ ਕਹਿ ਕੇ ਬੁਲਾਇਆ, ਕਹਿਣ ਲੱਗਿਆ, ਪਿਤਾ ਜੀ! ਮੈਂ ਤੁਹਾਥੋਂ ਇਕ ਗੱਲ ਪੁਛਣੀ ਹੈ, ਸੱਚ ਸੱਚ ਦੱਸਣਾ। ਮੈਂ ਕਿਹਾ, ਬੇਟਾ ਪੁਛੋ, ਮੈਂ ਸੱਚ ਸੱਚ ਦਸਾਂਗਾ। ਕਹਿਣ ਲੱਗਿਆ, ਪਿਤਾ ਜੀ! ਉਹ ਮਿੱਲ ਤੁਹਾਡੀ ਸੀ ਜਾਂ ਕਿਸੇ ਹੋਰ ਦੀ? ਮੈਂ ਚੁਪ ਕਰ ਗਿਆ। ਕਹਿਣ ਲੱਗਿਆ, ਸੱਚ ਸੱਚ ਦੱਸੋ, ਝੂਠ ਨਾ ਬੋਲਿਓ। ਠੀਕ ਠੀਕ ਦੱਸੋ ਤੁਹਾਨੂੰ ਉਹ ਮਿੱਲ ਕਿਵੇਂ ਪ੍ਰਾਪਤ ਹੋਈ ਸੀ

ਤੇ ਤੁਸੀਂ ਸੇਠ ਕਿਵੇਂ ਬਣੇ ਸੀ? ਬੱਚਾ ਸੁੱਕ ਕੇ ਤੀਲ੍ਹੇ ਵਰਗਾ ਹੋ ਚੁਕਿਆ ਸੀ ਤੇ ਮੇਰੀ ਜ਼ਮੀਰ ਨੇ ਕਿਹਾ ਕਿ ਇਸ ਦਾ ਕੋਈ ਪਤਾ ਨਹੀਂ ਕਿੰਨੇ ਚਿਰ ਦਾ ਮਹਿਮਾਨ ਹੈ, ਮੈਂ ਸਭ ਕੁਝ ਇਸ ਨੂੰ ਦੱਸ ਦਿਆਂ। ਮੈਂ ਸਾਰਾ ਕੁਝ ਦੱਸ ਦਿਤਾ ਤੇ ਕਹਿਣ ਲੱਗਿਆ, ਹੁਣ ਤੁਹਾਡੇ ਕੋਲ ਕਿੰਨਾ ਕੁ ਪੈਸਾ ਜਮ੍ਹਾਂ ਹੈ? ਮੈਂ ਕਿਹਾ ਹੁਣ ਤਾਂ ਮੈਂ ਲੱਖਾਂ ਰੁਪਏ ਦਾ ਕਰਜ਼ਾਈ ਹਾਂ। ਫੇਰ ਹੱਸ ਪਿਆ, ਕਹਿਣ ਲੱਗਿਆ, ਤੁਹਾਨੂੰ ਪਤਾ ਹੈ, ਉਹ ਸੇਠ ਕੌਣ ਸੀ? ਮੈਂ ਕਿਹਾ, ਤੈਨੂੰ ਪਤਾ ਹੈ? ਕਹਿੰਦਾ ਹਾਂ। ਮੈਂ ਆਖਿਆ ਦੱਸ। ਕਹਿਣ ਲੱਗਿਆ, ਪਿਤਾ ਜੀ! ਮੈਂ ਓਹੀ ਸੇਠ ਹਾਂ ਤੇ ਤੁਹਾਡਾ ਪੁਤਰ ਬਣ ਕੇ ਤੁਹਾਥੋਂ ਬਦਲਾ ਲੈਣ ਵਾਸਤੇ ਆਇਆ ਹਾਂ, ਜਿਸ ਵਾਸਤੇ ਮੈਂ ਤੁਹਾਡੇ ਘਰ ਜਨਮ ਲਿਆ ਹੈ। ਹੁਣ ਮੇਰਾ ਕੰਮ ਹੋ ਚੁਕਿਆ ਹੈ, ਅੱਗੇ ਤੋਂ ਕਿਸੇ ਨਾਲ ਇਸ ਤਰ੍ਹਾਂ ਧੋਖਾ ਤੇ ਵਿਸ਼ਵਾਸਘਾਤ ਨਾ ਕਰਨਾ। ਬੱਸ ਇੰਨੀ ਗੱਲ ਕਹਿ ਕੇ ਉਸ ਨੇ ਸੁਆਸ ਤਿਆਗ ਦਿਤੇ। ਉਸ ਦੀ ਮਰਗਦ ਤੇ ਸਾਰੇ ਰਿਸ਼ਤੇਦਾਰ ਆਏ, ਸਾਰੇ ਅਫਸੋਸ ਕਰ ਰਹੇ ਸਨ ਪਰ ਮੈਂ ਚੁਪ ਸੀ ਕਿਉਂਕਿ ਮੈਨੂੰ ਤਾਂ ਆਪਣੀ ਕਰਤੂਤ ਦਾ ਪਤਾ ਸੀ। ਜਦੋਂ ਸਾਰੇ ਵਿਦਾ ਹੋਣ ਲੱਗੇ, ਮੈਂ ਆਪਣੇ ਹੱਥ ਗਿੱਲੇ ਕਰਕੇ ਚੁਲ੍ਹੇ ਕੋਲ ਗਿਆ ਤੇ ਹੱਥਾਂ ਨੂੰ ਸੁਆਹ ਮਲ ਕੇ ਆਪਣੇ ਮੂੰਹ ਤੇ ਫੇਰ ਕੇ, ਮੂੰਹ ਕਾਲਾ ਕਰ ਲਿਆ ਤੇ ਸਾਰਿਆਂ ਨੂੰ ਉਚੀ ਆਵਾਜ਼ ਵਿਚ ਕਿਹਾ ਕਿ ਅਫਸੋਸ ਨਾ ਕਰੋ, ਇਹ ਮੇਰੇ ਕੀਤੇ ਦਾ ਹੀ ਫਲ ਹੈ। ਮੈਂ ਪਾਪੀ ਹਾਂ, ਮੈਂ ਜਿਸ ਤਰ੍ਹਾਂ ਦੀ ਕਰਨੀ ਕੀਤੀ, ਇਸੇ ਜਨਮ ਵਿਚ ਮੈਂ ਉਸ ਦਾ ਫਲ ਭੁਗਤ ਲਿਆ ਹੈ। ਤੁਸੀਂ ਵੀ ਕਿਸੇ ਨਾਲ ਵਿਸ਼ਵਾਸਘਾਤ ਤੇ ਧੋਖਾ ਨਾ ਕਰਿਓ। ਮੈਂ ਬੱਸ ਇਹੀ ਕਹਿਣ ਲੱਗ ਪਿਆ ਕਿ 'ਜੈਸੇ ਕੋ ਤੈਸਾ' ਭਾਵ ਜਿਹੋ ਜਿਹਾ ਕਰਮ ਮੈਂ ਬੀਜਿਆ, ਮੈਂ ਉਸੇ ਤਰ੍ਹਾਂ ਨਾਲ ਉਸ ਦਾ ਫਲ ਭੁਗਤਿਆ ਹੈ। ਮੈਨੂੰ ਸਾਰੇ ਪਾਗਲ ਪਾਗਲ ਕਹਿਣ ਲੱਗ ਪਏ ਪਰ ਮੈਂ ਸਾਰੇ ਪਰਿਵਾਰ ਵਿਚੋਂ ਉਸੇ ਤਰ੍ਹਾਂ ਕਾਲਾ ਮੂੰਹ ਕਰਕੇ ਜਿਧਰ ਨੂੰ ਮੇਰਾ ਮੂੰਹ ਸੀ ਉਧਰ ਨੂੰ ਹੀ ਭੱਜ ਪਿਆ ਤੇ ਕਾਲਕਾ ਦੇ ਇਨ੍ਹਾਂ ਪਹਾੜਾਂ ਵਿਚ ਆ ਕੇ ਲੁਕਿਆ ਹੋਇਆ ਹਾਂ, ਪਛਤਾਵਾ ਕਰ ਰਿਹਾ ਹਾਂ ਅਤੇ ਲੋਕ ਮੈਨੂੰ ਕਾਲੇ ਮੂੰਹ ਵਾਲਾ ਸੰਤ ਕਹਿੰਦੇ ਹਨ। ਲੋਕਾਂ ਤੋਂ ਤਾਂ ਮੈਂ ਦੂਰ ਹੀ ਰਹਿੰਦਾ ਹਾਂ। ਜਿਹੜਾ ਵੀ ਮੇਰੇ ਪਾਸ ਕਦੀ ਆ ਜਾਵੇ, ਉਸ ਨੂੰ ਕਹਿੰਦਾ ਹਾਂ ਕਿ ਕਿਸੇ ਨਾਲ ਮਾੜਾ ਕਰਮ ਨਾ ਕਰੀਂ ਭਾਈ, ਨਹੀਂ ਤਾਂ ਦਰਗਾਹ ਵਿਚ ਮੂੰਹ ਕਾਲਾ ਕੀਤਾ ਜਾਵੇਗਾ। ਮੈਨੂੰ ਪਤਾ ਹੈ ਕਿ ਦਰਗਾਹ ਵਿਚ ਮੇਰਾ ਮੂੰਹ ਕਾਲਾ ਹੋਵੇਗਾ ਪਰ ਮੈਂ ਪਸ਼ਚਾਤਾਪ ਕਰਨ ਲਈ ਜੀਉਂਦੇ ਜੀਅ ਆਪਣਾ ਮੂੰਹ ਆਪ ਹੀ ਕਾਲਾ ਕਰਕੇ ਰੱਖਦਾ ਹਾਂ ਤਾਂ ਕਿ ਲੋਕ ਸਮਝ ਲੈਣ ਕਿ ਮੈਂ ਪਾਪੀ ਹਾਂ, ਦੋਸ਼ੀ ਹਾਂ, ਗੁਨਹਗਾਰ ਹਾਂ। ਇਹ ਮੇਰੇ ਮਾੜੇ ਕਰਮਾਂ ਦਾ ਦੋਸ਼ ਹੈ।

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ ਪੰਨਾ - 134***

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***

*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥*

*ਪੰਨਾ - 433*

ਇਸ ਕਰਕੇ ਮਨੁਖ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਤੇ ਪਤਾ ਹੋਣਾ ਚਾਹੀਦਾ ਹੈ ਕਿ ਮੈਂ ਕਿਹੋ ਜਿਹੇ ਕਰਮ ਬੀਜ ਰਿਹਾ ਹਾਂ ਕਿਉਂਕਿ ਇਸ ਦਾ ਫਲ ਅਵਸ਼ਯ ਹੀ ਭੁਗਤਣਾ ਪੈਂਦਾ ਹੈ।

*ਭੋਗੇ ਬਿਨ ਭਾਗੈ ਨਹੀ ਕਰਮ ਗਤੀ ਬਲਵਾਨ॥*

ਸੋ ਇਹ ਬਾਬਾ ਜੀ ਦੀ ਅੱਖੀਂ ਦੇਖੀ ਜ਼ਿੰਦਾ ਮਿਸਾਲ ਹੈ ਕਿ ਕਿਵੇਂ ਪ੍ਰਭੂ ਦੀ ਦਰਗਾਹ ਵਿਚ ਕਰਮਾਂ ਦਾ ਲੇਖਾ ਜੋਖਾ ਹੁੰਦਾ ਹੈ। ਉਹ ਇਨਸਾਨ ਜੋ ਧੋਖੇ ਫਰੇਬ ਨਾਲ ਦੂਜੇ ਦੀ ਦੌਲਤ ਹੜੱਪ ਕਰਕੇ ਲੱਖਪਤੀ ਬਣਨਾ ਚਾਹੁੰਦਾ ਸੀ, ਉਹ ਕੁਝ ਸਾਲਾਂ ਵਿਚ ਕੰਗਾਲ ਬਣ ਗਿਆ ਅਤੇ ਉਹ ਦੌਲਤ ਉਸ ਨੂੰ ਵਫਾ ਨਹੀਂ ਕਰ ਸਕੀ। ਉਸ ਦੰਪਤੀ ਦੇ ਮਨਾਂ ਦੀ ਸ਼ਾਂਤੀ ਭੰਗ ਕਰਕੇ ਉਨ੍ਹਾਂ ਨੂੰ ਦਰ ਦਰ ਦੀਆਂ ਠੋਕਰਾਂ ਖਾਣ ਲਈ ਮਜ਼ਬੂਰ ਕਰ ਦਿਤਾ। ਮਨ ਦੀ ਸ਼ਾਂਤੀ ਲਈ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਆਪਣੀ ਨੇਕ ਕਮਾਈ ਵਿਚੋਂ ਦਾਨ ਦੇਣਾ ਚਾਹੀਦਾ ਹੈ ਤੇ ਹੱਥੋਂ ਦੇ ਕੇ ਭਲਾ ਮਨਾਉਣਾ ਚਾਹੀਦਾ ਹੈ।

*ਘਾਲਿ ਖਾਇ ਕਿਛੁ ਹਥਹੁ ਦੇਇ॥*
*ਨਾਨਕ ਰਾਹੁ ਪਛਾਣਹਿ ਸੇਇ॥* *ਪੰਨਾ - 1245*

## ਰਾਮਾ ਕ੍ਰਿਸ਼ਨਾ ਮਿਸ਼ਨ ਵਿਚ ਲੈਕਚਰ

ਜਦੋਂ ਬਾਬਾ ਜੀ ਇਥੇ ਚੰਡੀਗੜ੍ਹ ਨਿਵਾਸ ਰੱਖਦੇ ਸੀ ਤਾਂ ਰਾਮਾ ਕ੍ਰਿਸ਼ਨ ਮਿਸ਼ਨ ਦੇ ਮੁਖੀ ਸੁਆਮੀ ਜੀ ਨੇ ਚਾਹਿਆ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਉਤਸਵ ਮਨਾਇਆ ਜਾਵੇ ਅਤੇ ਇਸ ਸੰਬੰਧ ਵਿਚ ਉਨ੍ਹਾਂ ਨੇ ਬਹੁਤ ਪੜ੍ਹੇ ਲਿਖੇ ਵਿਦਵਾਨ ਪ੍ਰੋਫੈਸਰ ਤੇ ਬੁਧੀਜੀਵੀਆਂ ਨੂੰ ਬੁਲਾ ਕੇ ਲੈਕਚਰ ਕਰਵਾਏ ਜਾਣ ਦਾ ਪ੍ਰਬੰਧ ਕੀਤਾ ਤਾਂ ਕਿ ਉਨ੍ਹਾਂ ਦੇ ਅਨੁਆਈਆਂ ਨੂੰ ਵੀ ਗੁਰੂ ਮਹਾਰਾਜ ਜੀ ਦੇ ਪਰਮ ਪਵਿੱਤਰ ਮਹਾਨ ਜੀਵਨ ਬਾਰੇ ਹੋਰ ਵਧੇਰੇ ਜਾਣਕਾਰੀ ਮਿਲ ਸਕੇ। ਇਸ ਦਾ ਆਯੋਜਨ ਲਾਲਾ ਲਾਜਪਤ ਰਾਏ ਭਵਨ, ਸੈਕਟਰ 15 ਵਿਚ ਕੀਤਾ ਗਿਆ ਸੀ। ਇਸ ਵਿਚ ਹਰਬੰਸ ਸਿੰਘ ਦੁਆਬੀਆ ਜੀ ਨੇ ਵੀ ਲੈਕਚਰ ਦੇਣਾ ਸੀ। ਬਾਬਾ ਜੀ ਦਸਿਆ ਕਰਦੇ ਸਨ ਕਿ ਦੁਆਬੀਆ ਸਾਹਿਬ ਨੇ ਕਿਹਾ ਕਿ ਤੁਸੀਂ ਹੀ ਮੇਰਾ ਲੈਕਚਰ ਲਿਖ ਕੇ ਮੈਨੂੰ ਦੇ ਦਿਓ ਜੋ ਮੈਂ ਉਥੇ ਪੜ੍ਹ ਕੇ ਸੁਣਾ ਦਿਆਂਗਾ। ਇਸੇ ਤਰ੍ਹਾਂ ਹੋਇਆ, ਹੋਰ ਬਕਤਾਵਾਂ ਨੇ ਆਪਣੇ ਆਪਣੇ ਲੈਕਚਰ ਦਸ਼ਮੇਸ਼ ਪਿਤਾ ਜੀ ਬਾਰੇ ਦਿਤੇ ਤੇ ਫੇਰ ਦੁਆਬੀਆ ਸਾਹਿਬ ਦਾ ਨਾਮ ਸਟੇਜ਼ ਤੇ ਬੋਲਿਆ ਗਿਆ। ਉਸ ਵੇਲੇ ਉਸ ਨੂੰ ਪਤਾ ਨਹੀਂ ਕੀ ਹੋਇਆ, ਉਸ ਨੇ ਸਟੇਜ਼ ਤੇ ਜਾ ਕੇ ਮੇਰਾ ਹੀ ਨਾਮ ਲੈ ਦਿਤਾ ਤੇ ਕਿਹਾ ਕਿ ਮੈਂ ਵੀ ਉਨ੍ਹਾਂ

ਪਾਸੋਂ ਹੀ ਲਿਖਵਾਇਆ ਹੈ। ਬੇਹਤਰ ਤਾਂ ਇਹ ਹੀ ਹੈ ਕਿ ਉਹ ਖੁਦ ਹੀ ਇਹ ਲੈਕਚਰ ਦੇਣ। ਇਸ ਤਰ੍ਹਾਂ ਅਚਾਨਕ ਹੀ, ਬਗੈਰ ਕਿਸੇ ਤਿਆਰੀ ਤੇ ਬਾਬਾ ਜੀ ਨੂੰ ਸਟੇਜ਼ ਤੇ ਲੈਕਚਰ ਦੇਣ ਲਈ ਬੁਲਾ ਲਿਆ ਗਿਆ। ਬਾਬਾ ਜੀ ਨੇ ਸਟੇਜ਼ ਤੇ ਖੜ੍ਹੇ ਹੁੰਦੇ ਸਾਰ ਹੀ ਇਹ ਬੋਲ ਕੇ ਲੈਕਚਰ ਸ਼ੁਰੂ ਕੀਤਾ ਕਿ 'ਰਾਜ ਕਰੇਗਾ ਖਾਲਸਾ'। ਬੱਸ ਇੰਨਾਂ ਕਹਿਣ ਦੀ ਦੇਰ ਸੀ ਕਿ ਸਾਰਿਆਂ ਦੇ ਕੰਨ ਖੜ੍ਹੇ ਹੋ ਗਏ ਤੇ ਸਾਰੇ ਹੈਰਾਨ ਸਨ ਕਿ ਹੁਣ ਪਤਾ ਨਹੀਂ ਅੱਗੇ ਕਿਸ ਤਰ੍ਹਾਂ ਨਾਲ ਬੋਲਣਗੇ ਜੇ ਸ਼ੁਰੂਆਤ ਹੀ 'ਰਾਜ ਕਰੇਗਾ ਖਾਲਸਾ' ਨਾਲ ਕੀਤੀ ਹੈ। ਬਾਬਾ ਜੀ ਨੇ ਆਪਣਾ ਲੈਕਚਰ ਜਾਰੀ ਰੱਖਦਿਆਂ ਦੱਸਿਆ ਕਿ ਆਪ ਨੂੰ ਕਿਸੇ ਤੌਖਲੇ ਦੀ ਲੋੜ ਨਹੀਂ, ਇਹ 'ਸਤਿ' ਬਾਤ ਹੈ। ਖਾਲਸਾ ਆਦਿ ਕਾਲ ਤੋਂ ਰਾਜ ਕਰਦਾ ਆਇਆ ਹੈ ਤੇ ਰਾਜ ਕਰਦਾ ਰਹੇਗਾ। ਪਰੰਤੂ ਇਸ ਖਾਲਸੇ ਨੂੰ ਪੂਰਨ ਸਰੂਪ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹ ਜੀ ਨੇ ਦਿਤਾ ਜਿਨ੍ਹਾਂ ਦਾ ਪ੍ਰਕਾਸ਼ ਉਤਸਵ ਮਨਾਉਣ ਲਈ ਆਪਾਂ ਸਾਰੇ ਇਥੇ ਇਕੱਠੇ ਹੋਏ ਹਾਂ। ਦਸ਼ਮੇਸ਼ ਪਿਤਾ ਜੀ ਨੇ ਖਾਲਸੇ ਨੂੰ ਬਹੁਤ ਬਚਿਤਰ ਬਣਾਇਆ ਹੈ ਅਤੇ ਗੁਰੂ ਤੇ ਚੇਲੇ ਵਿਚ ਕੋਈ ਅੰਤਰ ਨਹੀਂ ਰਹਿਣ ਦਿਤਾ। ਦੇਸ਼ ਭਰ ਦੇ ਚਾਰੇ ਵਰਨਾਂ ਤੇ ਜਾਤੀਆਂ ਦੇ ਲੋਕਾਂ ਵਿਚੋਂ ਪੰਜ ਨੂੰ ਚੁਣਿਆਂ ਜੋ ਭਾਰਤਵਰਸ਼ ਦੇ ਵੱਖ-ਵੱਖ ਹਿੱਸਿਆਂ ਨਾਲ ਸੰਬੰਧ ਰੱਖਦੇ ਸਨ। ਉਨ੍ਹਾਂ ਦੇ ਸੀਸ, ਧੜ ਤੋਂ ਅਲੱਗ ਕਰਕੇ, ਫੇਰ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ। ਜਦੋਂ ਗੁਰੂ ਮਹਾਰਾਜ ਅੰਮ੍ਰਿਤ ਤਿਆਰ ਕਰ ਰਹੇ ਸੀ ਤਾਂ ਦੋ ਬੂੰਦਾਂ ਹੇਠਾਂ ਡਿਗ ਪਈਆਂ ਜੋ ਦੋ ਚਿੜੀਆਂ ਨੇ ਪੀ ਲਈਆਂ। ਦੋਵਾਂ ਨੇ ਇਤਨਾਂ ਯੁਧ ਕੀਤਾ ਕਿ ਵਿਚ ਲਹੂ ਲੁਹਾਨ ਹੋ ਗਈਆਂ। ਸਿੰਘਾਂ ਨੇ ਮਾਤਾ ਜੀ ਨੂੰ ਦੱਸਿਆ ਕਿ ਗੁਰੂ ਦਸ਼ਮੇਸ਼ ਪਿਤਾ ਜੀ ਬੜੇ ਕਰਾਰੇ ਤੇਜ ਵਾਲਾ ਅੰਮ੍ਰਿਤ ਤਿਆਰ ਕਰ ਰਹੇ ਹਨ ਤਾਂ ਮਾਤਾ ਜੀ ਨੇ ਇਸ ਅੰਮ੍ਰਿਤ ਵਿਚ ਪਤਾਸ਼ੇ ਪਾ ਕੇ ਇਸ ਨੂੰ ਮਿਠਾ ਬਣਾਇਆ ਤਾਂ ਕਿ ਸਿੰਘਾਂ ਵਿਚ ਮਿਠਾਸ ਵੀ ਬਣੀ ਰਹੇ। ਜਦੋਂ ਅੰਮ੍ਰਿਤ ਤਿਆਰ ਹੋ ਗਿਆ ਤਾਂ ਗੁਰੂ ਮਹਾਰਾਜ ਜੀ ਨੇ ਪੰਜਾਂ ਦੇ ਧੜਾਂ ਨਾਲ ਸਿਰ ਜੋੜ ਕੇ, ਅੰਮ੍ਰਿਤ ਦਾ ਛਿੱਟਾ ਮਾਰਿਆ ਤੇ ਸੁਰਜੀਤ ਕਰ ਦਿਤਾ। ਉਸ ਵੇਲੇ ਔਰੰਗਜ਼ੇਬ ਨੇ ਇਕ ਆਪਣਾ ਖਾਸ ਜਸੂਸ ਅਬਦੁਲ ਤੁਲਾਨੀ ਭੇਜਿਆ ਹੋਇਆ ਸੀ, ਉਸ ਨੇ ਲਿਖਿਆ ਹੈ ਕਿ ਉਸ ਨੂੰ ਇਹ ਪਤਾ ਨਹੀਂ ਲਗ ਸਕਿਆ ਕਿ ਜਿਸ ਦਾ ਧੜ ਸੀ, ਉਸੇ ਦਾ ਸਿਰ ਜੋੜਿਆ। ਪਰ ਮੈਨੂੰ ਲਗਦਾ ਹੈ, ਧੜ ਕਿਸੇ ਹੋਰ ਦਾ ਸੀ ਤੇ ਸਿਰ ਕਿਸੇ ਹੋਰ ਦਾ ਸੀ। ਪੰਜਾਂ ਨੂੰ ਗੁਰੂ ਮਹਾਰਾਜ ਜੀ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ, ਫੇਰ ਉਨ੍ਹਾਂ ਤੋਂ ਆਪ ਅੰਮ੍ਰਿਤ ਛਕਿਆ। ਸੋ ਇਸ ਤਰ੍ਹਾਂ ਨਾਲ ਇਹ ਖਾਲਸਾ ਪ੍ਰਗਟ ਕੀਤਾ ਤੇ ਇਸ ਨੂੰ ਇਹ ਨਾਅਰਾ ਤੇ ਜੈਕਾਰਾ ਦਿਤਾ – 'ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥' ਭਾਵ ਇਹ ਖਾਲਸਾ ਵਾਹਿਗੁਰੂ ਜੀ ਦਾ ਹੈ ਅਤੇ ਇਸ ਦੀ ਫਤਹਿ ਭਾਵ ਜਿਤ ਵੀ ਵਾਹਿਗੁਰੂ ਦੀ ਹੈ। ਇਸ ਨੇ ਆਤਮ ਰਸ ਦਾ ਅਨੰਦ ਮਾਣਦੇ ਹੋਏ, ਆਪਣੇ ਆਪ ਨੂੰ ਪੂਰਨ ਤੌਰ

ਤੇ ਪ੍ਰਭੂ ਵਿਚ ਲੀਨ ਕਰ ਦੇਣਾ ਹੈ। ਦੂਜੇ ਪਾਸੇ ਉਥੇ ਕਿਸੇ ਨਾਲ ਅਨਿਆਂ, ਧੱਕਾ ਜਾਂ ਜ਼ੁਲਮ ਨਹੀਂ ਹੋਣ ਦੇਣਾ, ਇਸ ਨੇ ਗਰੀਬਾਂ ਦੀ ਰੱਖਿਆ ਕਰਨੀ ਹੈ, ਨਿਤਾਨਿਆਂ ਦਾ ਤਾਣ ਬਣਨਾ ਹੈ, ਗੁਰੂ ਦੀ ਦੱਸੀ ਹੋਈ ਮਾਣ ਮਰਯਾਦਾ ਵਿਚ ਰਹਿ ਕੇ ਸਭ ਦੀ ਸਹਾਇਤਾ ਕਰਨੀ ਹੈ। ਇਸ ਨੇ ਆਪਣਾ ਕਰੈਕਟਰ ਬਹੁਤ ਉਚਾ ਰਖਣਾ ਹੈ ਕਿਉਂਕਿ ਇਹ ਅਕਾਲ ਪੁਰਖ ਦੀ ਫੌਜ ਹੈ।

***ਖਾਲਸਾ ਅਕਾਲ ਪੁਰਖ ਕੀ ਫੌਜ॥***
***ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥ (ਸਰਬ ਲੌਹ ਗ੍ਰੰਥ)***

ਜਦੋਂ ਤੱਕ ਇਸ ਦੇ ਅੰਦਰ ਨਾਮ ਸ਼ਕਤੀ ਸਮਾਈ ਰਹੇਗੀ ਤੇ ਇਹ ਆਤਮ ਰਸ ਮਾਣਦਾ ਹੋਇਆ ਪ੍ਰਭੂ ਵਿਚ ਅਭੇਦਤਾ ਵਤ ਰਹੇਗਾ ਤਾਂ ਇਸ ਦੀ ਹਰ ਮੈਦਾਨ ਵਿਚ ਜਿਤ ਹੋਵੇਗੀ, ਭਾਵੇਂ ਉਹ ਆਰਥਿਕ ਹੈ, ਰਾਜਸੀ ਹੈ, ਭਾਈਚਾਰਕ ਹੈ, ਰੂਹਾਨੀ ਹੈ। ਇਹ ਸਭ ਕੁਝ ਇਸ ਗੱਲ ਤੇ ਅਧਾਰਿਤ ਹੈ ਕਿ ਉਹ ਸਚਮੁਚ ਹੀ ਵਾਹਿਗੁਰੂ ਨਾਲ ਅਭੇਦ ਅਵਸਥਾ ਵਿਚ ਇਕ ਮਿਕ ਹੋ ਕੇ ਵਰਤਦਾ ਹੋਵੇ ਅਤੇ ਉਸ ਨੂੰ ਦਿਬਯ ਨੇਤਰਾਂ ਰਾਹੀਂ ਘਟ ਘਟ ਵਿਚ ਪ੍ਰਭੂ ਦੇ ਪ੍ਰਤੱਖ ਝਲਕਾਰੇ ਮਸਤ ਕਰਦੇ ਹੋਣ। ਅਜਿਹੇ ਖਾਲਸੇ ਨੂੰ ਕਦੀ ਵੀ ਹਾਰ ਦਾ ਮੂੰਹ ਨਹੀਂ ਵੇਖਣਾ ਪੈਂਦਾ ਕਿਉਂਕਿ ਸਰਬਤ ਦੇ ਭਲੇ ਲਈ ਫੈਲਿਆ ਹੋਇਆ ਓਰਾ ਹਰ ਕਿਸੇ ਨੂੰ ਆਪਣੇ ਪਿਆਰ ਦੇ ਕਲਾਵੇ ਵਿਚ ਲੈ ਕੇ, ਪ੍ਰੇਮ ਤੇ ਅਪਣੱਤ ਦੀਆਂ ਤਰੰਗਾਂ ਰਾਹੀਂ ਆਪਣਾ ਬਣਾ ਲੈਂਦਾ ਹੈ। ਐਸਾ ਖਾਲਸਾ ਸਰਬਤ ਦਾ ਸਾਂਝਾ ਹੋਣ ਕਰਕੇ, ਸਭ ਦਾ ਸੇਵਾਦਾਰ ਹੁੰਦਾ ਹੈ। ਇਸ ਲਈ ਅੰਮ੍ਰਿਤ ਦੀ ਸ਼ਕਤੀ ਦੇ ਨਾਲ ਨਾਲ ਇਸ ਵਿਚ ਭਗਤੀ ਦਾ ਅੰਸ ਵੀ ਗੁਰੂ ਮਹਾਰਾਜ ਨੇ ਕੁਟ ਕੁਟ ਕੇ ਭਰਿਆ ਹੋਇਆ ਹੈ।

***ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***
***(ਸਰਬ ਲੋਹ ਗ੍ਰੰਥ)***

ਖਾਲਸਾ ਪਦ ਦੇ ਪੰਜ ਪਿਆਰਿਆਂ ਰਾਹੀਂ ਬਾਣੀ ਦੀ ਸ਼ਕਤੀ ਦੇ ਨਾਲ ਤਿਆਰ ਕੀਤੀ ਪਾਹੁਲ, ਸ਼ਕਤੀ ਦਾ ਭੰਡਾਰ ਹੋਇਆ ਕਰਦਾ ਹੈ। ਜਿਸ ਨੇ ਪੰਜ ਪਿਆਰਿਆਂ ਦੀ ਪਵਿੱਤਰ ਰਸਨਾ ਤੋਂ ਗੁਰਮੰਤਰ ਦੀ ਗੁੰਜਾਰ ਸੁਣ ਕੇ ਅੰਦਰ ਵਸਾ ਲਈ, ਉਸ ਦੇ ਅੰਦਰੋਂ ਨਾਮ ਧੁਨ ਅਲੋਪ ਨਹੀਂ ਹੋਇਆ ਕਰਦੀ। ਗੁਰਮੰਤਰ ਦੀ ਸ਼ਕਤੀ ਉਸ ਦੇ ਰੋਮ ਰੋਮ ਵਿਚ ਸਮਾਅ ਜਾਇਆ ਕਰਦੀ ਹੈ ਅਤੇ ਮੰਤਰ ਬਲ ਕਰਕੇ, ਜਪ ਕਰਕੇ, ਸਾਧਨਾ ਕਰਕੇ ਉਹ ਉਸ ਅੰਮ੍ਰਿਤ ਕੁੰਡ ਤਕ ਪਹੁੰਚ ਜਾਂਦੀ ਹੈ ਤੇ ਫਿਰ ਉਹ ਪ੍ਰਭੂ ਦੇ ਰੰਗ ਵਿਚ ਮਸਤ ਹੋ ਕੇ ਜੀਉਂਦਾ ਹੈ ਤੇ ਵਡਭਾਗਾ ਬਣ ਜਾਂਦਾ ਹੈ। ਉਹ ਹਰ ਵਕਤ ਉਸ ਅੰਮ੍ਰਿਤ ਦਾ ਸਵਾਦ ਅੰਤਰ ਆਤਮੇ ਚਖਦਾ ਰਹਿੰਦਾ ਹੈ ਤੇ ਤ੍ਰਿਪਤ ਹੋ ਜਾਂਦਾ ਹੈ, ਜਿਸ ਬਾਰੇ ਫੁਰਮਾਨ ਹੈ –

***ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ॥***

*ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ॥*
*ਪ੍ਰਭ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ॥*
*ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ॥*
*ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ॥*
*ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ॥*
*ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ॥*
*ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ॥*
*ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ॥*
*ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ॥ ਪੰਨਾ - 809*

ਸੋ ਇਸ ਤਰ੍ਹਾਂ ਨਾਲ ਇਹ ਖਾਲਸਾ ਪਦਵੀ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਬਖਸ਼ੀ ਤੇ ਖਾਲਸੇ ਨੂੰ ਸੰਸਾਰ ਦੀ ਸੇਵਾ ਲਈ ਪੈਦਾ ਕੀਤਾ ਹੈ। ਇਸ ਕਰਕੇ ਜੋ pure man ਹੈ ਉਸ ਨੂੰ ਖਾਲਸਾ ਕਹਿੰਦੇ ਹਨ, ਉਹ ਹਮੇਸ਼ਾ ਹੀ ਰਾਜ ਕਰਦਾ ਆਇਆ ਹੈ। ਆਪ ਸਾਰੇ ਹੈਰਾਨ ਹੋ ਗਏ ਸੀ ਜਦੋਂ ਮੈਂ ਕਿਹਾ ਸੀ ਕਿ 'ਰਾਜ ਕਰੇਗਾ ਖਾਲਸਾ'। ਇਹ ਖਾਲਸਾ ਤਾਂ ਪਹਿਲਾਂ ਵੀ ਰਾਜ ਕਰਦਾ ਆਇਆ ਹੈ ਕਿਉਂਕਿ ਪੂਰਨ ਬ੍ਰਹਮਗਿਆਨੀ ਤੇ ਤੱਤਬੇਤੇ ਪੁਰਸ਼ ਨੂੰ ਹੀ ਖਾਲਸਾ ਆਖਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਮਿਸਾਲਾਂ ਐਸੇ ਭਗਤਾਂ ਦੀਆਂ ਹਨ ਜਿਨ੍ਹਾਂ ਦਾ ਰਾਜ ਸਾਰੀ ਸ੍ਰਿਸ਼ਟੀ ਤੇ ਚਲਦਾ ਸੀ ਕਿਉਂਕਿ ਉਹ ਆਤਮ ਪਦਵੀ ਦੇ ਮਾਲਕ ਸਨ। ਗੁਰੂ ਘਰ ਵਿਚ ਅਨੇਕਾਂ ਐਸੇ ਗੁਰਸਿਖ ਤੇ ਮਹਾਤਮਾ ਹੋਏ ਹਨ ਜਿਨ੍ਹਾਂ ਦਾ ਰਾਜ ਸ੍ਰਿਸ਼ਟੀ ਤੇ ਚਲਦਾ ਸੀ। ਉਸ ਵਿਚ ਭਗਤ ਨਾਮਦੇਵ ਜੀ ਨੇ 24 ਘੰਟੇ ਦੀ ਮਰੀ ਹੋਈ ਗਊ ਨੂੰ ਜ਼ਿੰਦਾ ਕਰਕੇ ਬਛਰੇ ਨੂੰ ਦੁਧ ਪਿਆਇਆ ਤੇ ਗਊ ਦਾ ਦੁਧ ਚੋਇਆ। ਬਾਬਾ ਅਟੱਲ ਰਾਇ ਜੀ ਨੇ ਪਿਤ ਲੈਣ ਦੇ ਬਦਲੇ ਮੋਹਨ ਨੂੰ ਜੀਵਤ ਕਰ ਦਿਤਾ। ਬਾਬਾ ਗੁਰਦਿਤਾ ਜੀ ਨੇ ਸ਼ੇਰ ਦੇ ਭੁਲੇਖੇ ਗਊ ਮਰੀ ਹੋਣ ਕਰਕੇ ਉਸ ਗਊ ਨੂੰ ਜ਼ਿੰਦਾ ਕਰ ਦਿਤਾ। ਗੁਰੂ ਸਤਵੇਂ ਪਾਤਸ਼ਾਹ ਜੀ ਨੇ ਇਕ ਪੰਡਤ ਦੇ ਮਰੇ ਹੋਏ ਲੜਕੇ ਨੂੰ ਜ਼ਿੰਦਾ ਕੀਤਾ ਪਰੰਤੂ ਉਸਦੇ ਬਦਲੇ ਭਾਈ ਜੀਵਨ ਨੂੰ ਆਪਣਾ ਸਰੀਰ ਛੱਡਣਾ ਪਿਆ। ਸੂਫੀ ਫਕੀਰ ਸ਼ਮਸ਼ਤਬਰੇਜ਼ ਨੇ ਨਵਾਬ ਦੇ ਮਰੇ ਹੋਏ ਲੜਕੇ ਨੂੰ ਇਹ ਕਹਿ ਕੇ ਜ਼ਿੰਦਾ ਕਰ ਦਿਤਾ ਕਿ 'ਐ ਲੜਕੇ! ਦਰਵੇਸ਼ ਕੇ ਹੁਕਮ ਸੇ ਖੜ੍ਹਾ ਹੋ ਜਾ'। ਗੁਰੂ ਨਾਨਕ ਪਾਤਸ਼ਾਹ ਜੀ ਨੇ ਦਿਲੀ ਵਿਚ ਜਮੁਨਾ ਦੇ ਕੰਢੇ ਜਿਥੇ ਗੁਰਦੁਆਰਾ ਮਜਨੂੰ ਟਿੱਲਾ ਹੈ, ਉਥੇ ਮਹਾਵਤ ਦੇ ਇਕ ਮਰੇ ਹੋਏ ਹਾਥੀ ਨੂੰ ਜ਼ਿੰਦਾ ਕਰ ਦਿਤਾ, ਪਰੰਤੂ ਨਵਾਬ ਦੇ ਜ਼ਿਦ ਕਰਨ ਤੇ ਜਦੋਂ ਮਹਾਰਾਜ ਨੇ ਕਿਹਾ, ਇਹ ਤਾਂ ਮਰਿਆ ਹੋਇਆ ਹੀ ਹੈ, ਹਾਥੀ ਫੇਰ ਧੜੰਮ ਕਰਕੇ ਡਿਗ ਪਿਆ ਤੇ ਸਰੀਰ ਛੱਡ ਗਿਆ। ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਨੇ ਅਟਕ ਦਰਿਆ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੇ ਲੰਘਣ ਵਾਸਤੇ ਰੋਕ

ਦਿਤਾ ਤੇ ਅਟਕ ਗਿਟੇ ਗਿਟੇ ਪਾਣੀ ਹੋ ਕੇ ਚੱਲਣ ਲੱਗ ਪਿਆ। ਦੂਸਰੀ ਪਾਤਸ਼ਾਹੀ ਦੇ ਇਕ ਸਿਖ ਭਾਈ ਪਾਰੋ ਪਰਮਹੰਸ ਜੀ ਵਿਚ ਇੰਨੀ ਸ਼ਕਤੀ ਸੀ ਕਿ ਉਹ ਇਕ ਦਫਾ ਜਾ ਰਹੇ ਸਨ ਤੇ ਦਰਿਆ ਬਿਆਸ ਚੜ੍ਹਿਆ ਹੋਇਆ ਸੀ ਅਤੇ ਕਿਨਾਰੇ ਤੇ ਬੈਠਾ ਲਹੌਰ ਦੇ ਨਵਾਬ ਦਾ ਫੌਜਦਾਰ ਉਡੀਕ ਰਿਹਾ ਸੀ ਕਿ ਪਾਣੀ ਉਤਰੇ ਪਰੰਤੂ ਉਹ ਹੈਰਾਨ ਹੋ ਗਿਆ ਕਿ ਭਾਈ ਪਾਰੋ, ਸਣੇ ਘੋੜੇ ਪਾਣੀ ਉਤੋਂ ਦੀ ਇਸ ਤਰ੍ਹਾਂ ਪਾਰ ਹੋ ਗਏ ਜਿਵੇਂ ਧਰਤੀ ਉਤੋਂ ਦੀ ਜਾਈਦਾ ਹੈ। ਗੁਰੂ ਤੀਸਰੇ ਪਾਤਸ਼ਾਹ ਜੀ ਗੁਰਿਆਈ ਮਿਲਣ ਤੋਂ ਪਹਿਲਾਂ ਗੁਰੂ ਅੰਗਦ ਸਾਹਿਬ ਵਾਸਤੇ ਹਰ ਰੋਜ਼ ਖਿਚੜੀ ਬਣਾ ਕੇ ਲਿਆਇਆ ਕਰਦੇ ਸਨ। ਇਕ ਦਿਨ ਹਨ੍ਹੇਰੀ ਆ ਗਈ, ਅੱਗ ਨਹੀਂ ਬਲਦੀ ਤੇ ਆਪ ਨੇ ਕਿਹਾ ਕਿ ਥੋੜ੍ਹੀ ਦੇਰ ਠਹਿਰ ਜਾ ਤਾਂ ਹਨ੍ਹੇਰੀ ਰੁਕ ਗਈ ਸੀ। ਬਾਦਸ਼ਾਹ ਇਬਰਾਹੀਮ ਆਦਮ ਨੇ ਕਬੀਰ ਸਾਹਿਬ ਕੋਲ ਰਹਿ ਕੇ ਸੇਵਾ ਕੀਤੀ ਤੇ ਪਰਮ ਪਦ ਦੀ ਪ੍ਰਾਪਤੀ ਕਰ ਲਈ ਤੇ ਵਾਪਸ ਬੁਖਾਰੇ ਆ ਗਿਆ ਤੇ ਰਾਜ ਭਾਗ ਛੱਡ ਜੰਗਲ ਵਿਚ ਦਰਿਆ ਦੇ ਕੰਢੇ ਕੁੱਲੀ ਪਾ ਲਈ ਤੇ ਨਾਮ ਜਪਣ ਲਗ ਪਿਆ। ਉਸ ਦਾ ਲੜਕਾ ਲੈਣ ਵਾਸਤੇ ਆਇਆ, ਉਸ ਨੇ ਕਿਹਾ, ਬੇਟਾ ਤੇਰਾ ਰਾਜ ਤਾਂ ਛੋਟਾ ਹੈ, ਮੇਰਾ ਰਾਜ ਸਾਰੀ ਸ੍ਰਿਸ਼ਟੀ ਤੇ ਹੈ। ਮੈਂ ਆਹ ਸੂਈ ਦਰਿਆ ਵਿਚ ਸੁਟਦਾ ਹਾਂ, ਕੱਢ ਕੇ ਲਿਆ। ਪਰ ਉਸ ਤੋਂ ਨਾ ਹੋ ਸਕਿਆ। ਇਬਰਾਹੀਮ ਆਦਮ ਨੇ ਪਾਣੀ ਨੂੰ ਕਿਹਾ ਤਾਂ ਕੰਢੇ ਤੇ ਲਿਆ ਕੇ ਸੁਟ ਦਿਤੀ ਤੇ ਚਿੜੀ ਨੂੰ ਕਿਹਾ ਕਿ ਚੁਕ ਲਿਆ। ਉਸ ਨੇ ਲੜਕੇ ਨੂੰ ਕਿਹਾ, ਦੇਖ ਮੇਰਾ ਹੁਕਮ ਪੰਛੀ ਵੀ ਮੰਨਦੇ ਹਨ–

***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥***
***ਪੰਨਾ - 707***

ਇਸ ਤਰ੍ਹਾਂ ਨਾਲ ਖਾਲਸੇ ਦਾ ਰਾਜ, ਬ੍ਰਹਮਗਿਆਨੀ ਦਾ ਰਾਜ ਤਾਂ ਹਮੇਸ਼ਾ ਤੋਂ ਹੀ ਚਲਿਆ ਆ ਰਿਹਾ ਹੈ ਕਿਉਂਕਿ ਉਹ ਆਪਣੇ ਹੁਕਮ ਨਾਲ ਮਾਇਆ ਨੂੰ ਵੀ ਫੇਰ ਦਿਆ ਕਰਦਾ ਹੈ, ਉਹ ਖੁਦ ਹੀ ਪ੍ਰਭੂ ਦਾ ਰੂਪ ਬਣਿਆ ਹੁੰਦਾ ਹੈ। ਉਸ ਵਿਚ ਤੇ ਪ੍ਰਭੂ ਵਿਚ ਕੋਈ ਭੇਦ ਨਹੀਂ ਹੁੰਦਾ। ਪਉਣ, ਪਾਣੀ, ਅਗਨੀ, ਚੰਦ, ਸੂਰਜ ਸਾਰੇ ਉਸ ਦਾ ਹੁਕਮ ਮੰਨਦੇ ਹਨ।

***ਗਿਰਿ ਤਰ ਜਲੁ ਜੁਆਲਾ ਭੈ ਰਾਖਿਓ ਰਾਜਾ ਰਾਮਿ ਮਾਇਆ ਫੇਰੀ॥***

***ਪੰਨਾ - 1165***

ਸੋ ਬਾਬਾ ਜੀ ਆਪਣਾ ਲੈਕਚਰ ਕਰ ਰਹੇ ਸਨ ਤੇ ਪੰਦਰਾਂ ਮਿੰਟ ਦਾ ਸਮਾਂ ਸੀ। ਜੋ ਰਾਮਾ ਕ੍ਰਿਸ਼ਨਾ ਮਿਸ਼ਨ ਦੇ ਮੁਖੀ ਸੁਆਮੀ ਜੀ ਸਨ, ਉਨ੍ਹਾਂ ਨੇ ਉਠ ਕੇ ਕਿਹਾ ਕਿ ਪੰਦਰਾਂ ਮਿੰਟ ਹੋਰ ਬੋਲੋ। ਜਦੋਂ ਫੇਰ ਖਤਮ ਕਰਨ ਲੱਗੇ, ਕਹਿਣ ਲੱਗੇ ਪੰਦਰਾਂ ਮਿੰਟ ਹੋਰ ਸਮਾਂ ਲਗਾਓ। ਸਾਰੇ ਹੈਰਾਨ ਸਨ ਕਿ ਸੁਆਮੀ ਬਾਰ ਬਾਰ ਇਕ ਬੁਲਾਰੇ ਨੂੰ continue ਕਰਨ ਵਾਸਤੇ ਕਿਉਂ ਕਹਿ ਰਹੇ ਹਨ। ਖੈਰ ਬਾਬਾ ਜੀ ਨੇ ਹੁਕਮ ਮੰਨਦਿਆਂ ਹੋਇਆਂ ਲੈਕਚਰ ਜਾਰੀ

ਰੱਖਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਭਾਰਤਵਰਸ਼ ਵਿਚ ਉਸ ਵੇਲੇ ਹੋਇਆ ਜਦੋਂ ਹਰ ਪਾਸੇ ਜ਼ੁਲਮ ਦੀ ਹਨ੍ਹੇਰੀ ਪੂਰੇ ਜ਼ੋਰ ਤੇ ਚਲ ਰਹੀ ਸੀ। ਵਿਦੇਸ਼ੀ ਹਾਕਮਾਂ ਨੇ, ਮੁਗਲ ਜਰਵਾਣਿਆਂ ਨੇ ਭਾਰਤ ਦੀ ਸੰਸਕ੍ਰਿਤੀ ਤੇ ਸਭਿਆਚਾਰ ਦੀਆਂ ਧੱਜੀਆਂ ਉਡਾ ਦਿਤੀਆਂ ਸਨ। ਹਰ ਪਾਸੇ ਝੂਠ ਤੇ ਪਾਪ ਦਾ ਹੀ ਵਰਤਾਰਾ ਸੀ। ਹਿੰਦੂਆਂ ਨੂੰ ਜ਼ਬਰਦਸਤੀ ਇਸਲਾਮ ਵਿਚ ਲਿਆਂਦਾ ਜਾ ਰਿਹਾ ਸੀ, ਮੰਦਰ ਢਾਹ ਕੇ ਮਸਜਿਦਾਂ ਉਸਾਰੀਆਂ ਜਾ ਰਹੀਆਂ ਸਨ। ਜਨਤਾ ਵਿਚ ਸਾਹ-ਸਤ ਬਾਕੀ ਨਹੀਂ ਸੀ ਰਿਹਾ। ਇਕ ਤਰ੍ਹਾਂ ਉਸ ਵੇਲੇ ਹਿੰਦੂ ਜਨਤਾ ਦੀ ਹਾਲਤ ਭੇਡਾਂ ਬਕਰੀਆਂ ਵਰਗੀ ਸੀ ਕਿ ਜਿਸ ਦਾ ਵੀ ਜੀ ਚਾਹੇ, ਉਧਰ ਨੂੰ ਹੀ ਹੱਕ ਲਵੇ। ਧੀਆਂ, ਬੇਟੀਆਂ ਦੀ ਇਜ਼ਤ ਲੁਟੀ ਜਾ ਰਹੀ ਸੀ, ਅਣਖ ਤੇ ਬਾਹੂਬਲ ਛਿਥੇ ਪੈ ਚੁਕੇ ਸਨ। ਇਹ ਇਹੋ ਜਿਹੀ ਅਧੋਗਤੀ ਦਾ ਸਮਾਂ ਸੀ ਕਿ ਹਿੰਦੂ ਸਮਾਜ ਵਿਚ ਜਾਤ ਪਾਤ, ਊਚ ਨੀਚ, ਛੂਤ ਅਛੂਤ ਦੇ ਬਹੁਤ ਸਾਰੇ ਵਖੇਵੇਂ ਸਨ ਜਿਸ ਕਰਕੇ ਆਪਸ ਵਿਚ ਵੀ ਅਡੋ ਪਾਟੀ ਹੋਏ ਪਏ ਸਨ। ਇਕ ਪ੍ਰਭੂ ਨੂੰ ਮੰਨਣ ਦੀ ਬਜਾਇ ਬਹੁ ਦੇਵ ਪੂਜਾ ਤੇ ਜਾਦੂ ਟੂਣਿਆਂ ਵਿਚ ਫਸੇ ਪਏ ਸਨ। ਐਸੇ ਸਮੇਂ ਵਿਚ ਗੁਰੂ ਮਹਾਰਾਜ ਜੀ ਦਾ ਪ੍ਰਕਾਸ਼ ਹੋਇਆ ਤੇ ਉਨ੍ਹਾਂ ਨੇ ਆਪਣੀ ਕਥਾ ਵਿਚ ਆਪ ਹੀ ਲਿਖਿਆ ਹੈ ਕਿ ਮੈਨੂੰ ਪ੍ਰਭੂ ਜੀ ਨੇ ਹੁਕਮ ਦਿਤਾ ਕਿ ਸੰਸਾਰ ਵਿਚ ਜਾ ਕੇ ਧਰਮ ਦੀ ਰੱਖਿਆ ਕਰੋ ਤੇ ਦੁਸ਼ਟਾਂ ਨੂੰ ਸਜ਼ਾ ਦਿਓ। ਪਰੰਤੂ ਮੇਰੀ ਪ੍ਰਭੂ ਚਰਨਾਂ ਵਿਚ ਸੁਰਤੀ ਲੀਨ ਹੋਈ ਹੋਈ ਸੀ ਤੇ ਮੇਰਾ ਸੰਸਾਰ ਤੇ ਆਉਣ ਨੂੰ ਜੀਅ ਨਹੀਂ ਸੀ ਕਰਦਾ।

***ਚਿਤ ਨ ਭਇਓ ਹਮਰਾ ਆਵਨ ਕੈ ਚੁਭੀ ਰਹੀ ਸੁਰਤ ਪ੍ਰਭ ਚਰਨਨ ਮਹਿ॥***

ਸੰਨ 1666 ਈਸਵੀ ਵਿਚ ਪਟਨਾ ਸਾਹਿਬ ਵਿਖੇ ਜਦੋਂ ਆਪ ਦਾ ਪ੍ਰਕਾਸ਼ ਹੋਇਆ ਤਾਂ ਉਚੀ ਉਡਾਰੀ ਵਾਲਿਆਂ ਨੇ ਇਸ ਅਲੌਕਿਕ ਪ੍ਰਕਾਸ਼ ਨੂੰ ਅਨੁਭਵ ਕੀਤਾ ਜਿਨ੍ਹਾਂ ਵਿਚ ਘੁੜਾਮ ਦੇ ਰਹਿਣ ਵਾਲਾ ਇਕ ਪੀਰ ਭੀਖਨਸ਼ਾਹ ਵੀ ਸੀ। ਉਸ ਨੇ ਇਕ ਇਲਹਾਮ ਸੁਣਿਆ ਕਿ ਸੰਸਾਰ ਨੂੰ ਸਹੀ ਰਾਹ ਦਿਖਾਉਣ ਵਾਲਾ ਅਕਾਲ ਪੁਰਖ ਦਾ ਭੇਜਿਆ ਹੋਇਆ ਪੈਗੰਬਰ ਆ ਗਿਆ ਹੈ। ਇਸ ਇਲਹਾਮ ਦੇ ਬਾਰੇ ਹਜ਼ਰਤ ਈਸਾ ਨੂੰ 1600 ਸਾਲ ਪਹਿਲਾਂ ਹੀ ਹੋ ਚੁਕਿਆ ਸੀ ਤੇ ਉਨ੍ਹਾਂ ਨੇ ਅੰਜੀਲ ਵਿਚ ਇਸ ਤਰ੍ਹਾਂ ਲਿਖਿਆ ਸੀ ਕਿ ਮੈਂ ਖੁਲ੍ਹੇ ਅਸਮਾਨ ਵਿਚ ਦੇਖਦਾ ਹਾਂ ਕਿ ਇਕ ਸਫੇਦ ਘੋੜੇ ਤੇ ਸਵਾਰ ਇਕ ਰੂਹਾਨੀ ਸ਼ਕਤੀ ਆ ਰਹੀ ਹੈ, ਉਸ ਦੇ ਸਿਰ ਤੇ ਤਾਜ ਹੈ, ਤੀਰ ਕਮਾਨ ਪਹਿਨਿਆਂ ਹੋਇਆ ਹੈ, ਸਿਰ ਤੇ ਕਲਗੀ ਹੈ ਅਤੇ ਫਤਿਹ ਕਰਦਾ ਹੋਇਆ ਜਾ ਰਿਹਾ ਹੈ। ਉਸ ਨੂੰ ਸੱਚਾ ਪਾਤਸ਼ਾਹ ਕਿਹਾ ਕਰਨਗੇ।

ਪੀਰ ਭੀਖਨ ਸ਼ਾਹ ਮੰਜ਼ਲੋ ਮੰਜ਼ਲ ਪਟਨੇ ਪਹੁੰਚ ਗਿਆ ਤੇ ਮਨ ਵਿਚ

ਇਹ ਫੁਰਨਾ ਸੀ ਕਿ ਮੈਂ ਵੇਖਾਂ ਕਿ ਇਹ ਪੀਰ ਹਿੰਦੂਆਂ ਦਾ ਹੈ ਜਾਂ ਇਸਲਾਮ ਵਾਲਿਆਂ ਦਾ ਹੋਵੇਗਾ। ਦੋ ਕੁੱਜੀਆਂ ਮਠਿਆਈ ਦੀਆਂ ਭਰ ਕੇ ਬਾਲ ਗੋਬਿੰਦ ਜੀ ਦੇ ਅੱਗੇ ਰੱਖ ਦਿਤੀਆਂ ਅਤੇ ਸਿਜਦਾ ਕੀਤਾ। ਮਹਾਰਾਜ ਜੀ ਨੇ ਆਪਣੇ ਦੋਵੇਂ ਕੋਮਲ ਹੱਥ ਦੋਵਾਂ ਕੁੱਜੀਆਂ ਤੇ ਰੱਖ ਦਿਤੇ ਤੇ ਨਾਲ ਹੀ ਮੁਸਕਰਾ ਪਏ। ਪੀਰ ਨੇ ਭੇਦ ਸਮਝ ਲਿਆ, ਕਹਿਣ ਲੱਗਾ ਕਿ ਇਹ ਤਾਂ ਦੋਵਾਂ ਦੀ ਹੀ ਰੱਖਿਆ ਕਰੇਗਾ, ਕਿਸੇ ਨਾਲ ਇਸ ਦਾ ਵਿਰੋਧ ਨਹੀਂ। ਵਿਸਮਾਦ ਵਿਚ ਆ ਕੇ ਉਸ ਦੇ ਨੇਤਰ ਸੇਜਲ ਹੋ ਗਏ। ਕਹਿਣ ਲੱਗੇ, "ਓ ਅੱਲਾ ਪਾਕ ਤੂੰ ਧੰਨ ਹੈਂ।" ਇਹ ਪੈਗੰਬਰ ਸਭ ਦਾ ਸਹਾਈ ਹੋਵੇਗਾ।

ਦਸ਼ਮੇਸ਼ ਪਿਤਾ ਜੀ ਦੇ ਬਚਪਨ ਦੇ ਕੌਤਕ ਨਿਰਾਲੇ ਹੀ ਸਨ। ਗੰਗਾ ਦੇ ਕੰਢੇ ਪੰਡਤ ਹਰਦਿਆਲ ਬੈਠਿਆ ਕਰਦਾ ਸੀ, ਪੂਜਾ ਕਰਿਆ ਕਰਦਾ ਸੀ। ਬਾਲ ਗੋਬਿੰਦ, ਬਾਲਕਾਂ ਨਾਲ ਖੇਡਣ ਜਾਇਆ ਕਰਦੇ ਸਨ। ਉਸ ਦੇ ਮਨ ਵਿਚ ਆਇਆ ਕਿ ਜੇਕਰ ਸੱਚਮੁਚ ਇਹ ਗੋਬਿੰਦ ਹਨ ਤਾਂ ਮੈਨੂੰ ਸ੍ਰੀ ਰਾਮ ਚੰਦਰ ਦੇ ਰੂਪ ਵਿਚ ਦਰਸ਼ਨ ਦੇਣ ਤਾਂ ਮੈਂ ਮੰਨਾਂਗਾ। ਇਕ ਦਿਨ ਪੰਡਤ ਜੀ ਅੱਖਾਂ ਮੀਟ ਕੇ ਬੈਠੇ ਸਨ, ਬਾਲ ਗੋਬਿੰਦ ਜੀ ਨੇ ਪਿਛੋਂ ਦੋਵਾਂ ਹੱਥਾਂ ਨਾਲ ਅੱਖਾਂ ਮੀਟ ਕੇ ਕਿਹਾ, ਝਾਤ ਦਾਦਾ ਜੀ! ਤੇ ਇਕ ਦਮ ਸਾਹਮਣੇ ਆ ਕੇ ਖਲੋ ਗਏ ਤੇ ਉਸ ਨੂੰ ਬਾਲ ਗੋਬਿੰਦ ਦੀ ਥਾਂ ਤੇ ਸ੍ਰੀ ਰਾਮ ਚੰਦਰ ਜੀ ਦੇ ਦਰਸ਼ਨ ਹੋਏ ਤੇ ਉਸਨੇ ਡੰਡਵਤ ਪ੍ਰਨਾਮ ਕੀਤੀ। ਥੋੜ੍ਹੀ ਦੇਰ ਬਾਅਦ ਦੇਖਿਆ ਕਿ ਬਾਲ ਗੋਬਿੰਦ ਹੀ ਹਨ।

ਆਪ ਜੀ ਨੌ ਸਾਲ ਦੇ ਸਨ ਕਿ ਕਸ਼ਮੀਰ ਦੇ ਬ੍ਰਾਹਮਣ ਪੰਡਤ ਕਿਰਪਾ ਰਾਮ ਦੀ ਅਗਵਾਈ ਹੇਠ ਆਪ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਪਹੁੰਚੇ ਤੇ ਆਪ ਨੇ ਸਤਿਗੁਰੂ ਜੀ ਨੂੰ ਪੁਛਿਆ ਕਿ ਇਹ ਉਦਾਸ ਕਿਉਂ ਹਨ। ਮਹਾਰਾਜ ਜੀ ਨੇ ਕਿਹਾ ਕਿ ਔਰੰਗਜ਼ੇਬ ਇਨ੍ਹਾਂ ਦਾ ਧਰਮ ਜ਼ਬਰਦਸਤੀ ਤਬਦੀਲ ਕਰਕੇ ਇਸਲਾਮੀਅਤ ਦੇ ਧਾਰਨੀ ਬਣਾ ਰਿਹਾ ਹੈ ਤੇ ਇਹ ਸਹਾਇਤਾ ਵਾਸਤੇ ਆਏ ਹਨ। ਇਨ੍ਹਾਂ ਦੇ ਦੁਖ ਨੂੰ ਤੇ ਜ਼ਾਲਮ ਦੇ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਇਕ ਮਹਾਨ ਪੁਰਸ਼ ਦੇ ਬਲੀਦਾਨ ਦੀ ਲੋੜ ਹੈ। ਬਾਲ ਗੋਬਿੰਦ ਜੀ ਨੇ ਕਿਹਾ ਕਿ ਪਿਤਾ ਜੀ! ਐਸ ਵੇਲੇ ਆਪ ਤੋਂ ਵੱਡਾ ਕਿਹੜਾ ਮਹਾਂਪੁਰਸ਼ ਹੈ? ਆਪ ਬਲੀਦਾਨ ਦੇ ਕੇ ਇਨ੍ਹਾਂ ਦੇ ਕਸ਼ਟ ਦੀ ਨਵਿਰਤੀ ਕਰੋ। ਬਾਲ ਗੋਬਿੰਦ ਦੇ ਮੁਖਾਰਬਿੰਦ ਤੋਂ ਇਹ ਬਚਨ ਸਰਵਣ ਕਰਕੇ ਗੁਰੂ ਮਹਾਰਾਜ ਪ੍ਰਸੰਨ ਹੋਏ ਤੇ ਸ਼ਹੀਦੀ ਲਈ ਚਾਲੇ ਪਾ ਦਿਤੇ ਤੇ ਦਿਲੀ ਵਿਚ ਚਾਂਦਨੀ ਚੌਕ ਵਿਖੇ ਆਪਣੇ ਸੀਸ ਦਾ ਬਲੀਦਾਨ ਦਿਤਾ।

***ਤਿਲਕ ਜੰਞੂ ਰਾਖਾ ਪ੍ਰਭ ਤਾਕਾ।***
***ਕੀਨੋ ਬਡੋ ਕਲੂ ਮਹਿ ਸਾਕਾ।*** ***(ਬਚਿਤ੍ਰ ਨਾਟਕ ਪਾ: ੧੦ ਚੋਂ)***

ਬਾਲ ਗੋਬਿੰਦ ਜੀ ਦਾ ਹਿਰਦਾ ਇੰਨਾਂ ਕੋਮਲ ਸੀ ਕਿ ਦੁਖੀਆਂ ਦੇ ਜਖਮਾਂ ਤੇ ਮਲ੍ਹਮ ਲਾਉਣ ਲਈ ਪਿਤਾ ਦੀ ਆਹੂਤੀ ਦੇ ਦਿਤੀ, ਆਪਣੇ ਯਤੀਮ ਹੋਣ ਦੀ ਕੋਈ ਪਰਵਾਹ ਨਹੀਂ ਕੀਤੀ। ਬਾਲ ਗੋਬਿੰਦ ਨਿਰੇ ਪਿਆਰ ਦੀ ਮੂਰਤ ਸਨ ਤੇ ਚੇਹਰੇ ਤੇ ਨੂਰ ਡੁੱਲ੍ਹ ਡੁੱਲ੍ਹ ਪੈਂਦਾ ਸੀ। ਆਪ ਜੀ ਨੇ ਜਿਤਨੇ ਵੀ ਯੁੱਧ ਜੰਗ ਕੀਤੇ, ਸਭ ਧਰਮ ਦੀ ਰੱਖਿਆ ਵਾਸਤੇ ਹੀ ਸਨ। ਆਪ ਨੇ ਕਦੇ ਵੀ ਕਿਸੇ ਤੇ ਆਕ੍ਰਮਣ ਨਹੀਂ ਕੀਤਾ ਤੇ ਨਾ ਹੀ ਕਿਸੇ ਦੀ ਇਕ ਇੰਚ ਜ਼ਮੀਨ ਤੇ ਕਬਜ਼ਾ ਕੀਤਾ ਸੀ। ਆਪ ਨੇ ਤਾਂ ਕੇਵਲ ਜਾਬਰਾਂ ਤੇ ਧਰਮਹੀਣ ਸ਼ਾਸ਼ਕਾਂ ਨੂੰ ਹੀ ਸਬਕ ਸਿਖਾਇਆ ਅਤੇ ਸਭ ਨੂੰ ਅਣਖ ਨਾਲ ਜਿਊਣ ਦਾ ਰਾਹ ਦਿਖਾਇਆ। ਜਿਥੇ ਹਿੰਦੂ ਆਪ ਨੂੰ ਆਪਣਾ ਗੁਰੂ ਮੰਨਦੇ ਸਨ ਤੇ ਆਦਰ ਕਰਦੇ ਸਨ, ਉਥੇ ਇਸਲਾਮ ਨੂੰ ਮੰਨਣ ਵਾਲੇ ਵੀ ਆਪ ਨੂੰ ਪੀਰ ਸਮਝਦੇ ਸਨ। ਇਸੇ ਕਰਕੇ ਆਪ ਦੇ ਮਨ ਅੰਦਰ ਕਿਸੇ ਮਜ਼੍ਹਬ ਲਈ ਵਿਤਕਰਾ ਨਹੀਂ ਸੀ। ਜਿਥੇ ਭਾਈ ਨੰਦ ਲਾਲ ਜੀ ਵਰਗੇ ਆਪ ਦੇ ਬਵੰਜਾ ਕਵੀਆਂ ਦੀ ਸ਼ਾਨ ਸਨ, ਉਥੇ ਪੀਰ ਬੁੱਧੂ ਸ਼ਾਹ ਵਰਗੇ ਆਪ ਨੂੰ ਪਿਆਰ ਕਰਨ ਤੇ ਆਪਾ ਵਾਰਨ ਵਾਲੇ ਵੀ ਸਨ ਜਿਨ੍ਹਾਂ ਨੇ ਭੰਗਾਣੀ ਦੇ ਯੁਧ ਵਿਚ ਆਪਣੇ ਦੋ ਪੁਤਰ ਤੇ 500 ਮੁਰੀਦ ਸ਼ਹੀਦ ਕਰਵਾ ਦਿਤੇ ਸੀ। ਇਕ ਦਿਨ ਦਸ਼ਮੇਸ਼ ਪਿਤਾ ਜੀ ਕੇਸਾਂ ਨੂੰ ਕੰਘਾ ਕਰ ਰਹੇ ਸੀ। ਪੀਰ ਜੀ ਹੱਥ ਜੋੜ ਕੇ ਕਹਿਣ ਲੱਗੇ, ਮਹਾਰਾਜ ਜੀ! ਜੇ ਤਰੁਠੇ ਹੋ ਤਾਂ ਇਹ ਆਪਣਾ ਕੰਘਾ ਸਣੇ ਕੇਸੀਂ ਬਖਸ਼ਸ਼ ਕਰ ਦਿਓ। ਜਦੋਂ ਅਨੰਦਪੁਰ ਸਾਹਿਬ ਨੂੰ ਔਰੰਗਜ਼ੇਬ ਦੀ ਕਈ ਲੱਖ ਫੌਜ ਨੇ ਘੇਰਾ ਪਾ ਲਿਆ ਤਾਂ ਸਿੰਘਾਂ ਨੇ ਡੱਟ ਕੇ ਮੁਕਾਬਲਾ ਕੀਤਾ ਤੇ ਸ਼ਾਹੀ ਫੌਜਾਂ ਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਸਿਠਿਆ ਗਈਆਂ। ਉਨ੍ਹਾਂ ਨੇ ਸੋਚਿਆ ਕਿ ਹੁਣ ਜ਼ੋਰ ਨਾਲ ਗੱਲ ਨਹੀਂ ਬਣਨੀ, ਸਗੋਂ ਗੁਰੂ ਸਾਹਿਬ ਨਾਲ ਫਰੇਬ ਕਰਦੇ ਹਾਂ। ਇਸਲਾਮ ਵਾਲੇ ਕੁਰਾਨ ਸ਼ਰੀਫ ਲੈ ਕੇ ਆਪ ਜੀ ਕੋਲ ਆਏ ਕਿ ਸਾਨੂੰ ਇਸ ਦੀ ਕਸਮ ਹੈ ਤੇ ਹਿੰਦੂ ਮੱਤ ਵਾਲੇ ਆਟੇ ਦੀ ਗਊ ਬਣਾ ਕੇ, ਲੈ ਕੇ ਆਏ ਕਿ ਬੇਨਤੀ ਹੈ ਕਿ ਆਪ ਕਿਲਾ ਖਾਲੀ ਕਰ ਦਿਓ। ਕੋਈ ਤੁਹਾਡਾ ਵਾਲ ਵਿੰਗਾ ਨਹੀਂ ਕਰੇਗਾ। ਗੁਰੂ ਮਹਾਰਾਜ ਸਭ ਜਾਣਦੇ ਸਨ ਕਿ ਇਹ ਇਹਨਾਂ ਦੀ ਚਾਲ ਹੈ ਪਰੰਤੂ ਉਸ ਵੇਲੇ ਆਪ ਨੇ ਇਸਲਾਮ ਦੀ ਧਾਰਮਿਕ ਪੁਸਤਕ ਦਾ ਆਦਰ ਕੀਤਾ ਕਿਉਂਕਿ ਇਸ ਦਾ ਵਾਸਤਾ ਪਾਇਆ ਜਾ ਰਿਹਾ ਸੀ। ਆਪ ਦਾ ਕਿਸੇ ਨਾਲ ਵੈਰ ਵਿਰੋਧ ਨਹੀਂ ਸੀ, ਆਪ ਦੇ ਲਈ ਮਸਜਿਦ ਤੇ ਮੰਦਰ ਵਿਚ ਕੋਈ ਫਰਕ ਨਹੀਂ ਸੀ।

***ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,***
***ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥***
***(ਅਕਾਲ ਉਸਤਤਿ)***

ਇਸ ਲਈ ਆਪ ਨੇ ਕਿਲਾ ਖਾਲੀ ਕਰ ਦਿਤਾ। ਅਜੇ ਥੋੜ੍ਹੀ ਦੂਰ ਹੀ ਫੌਜਾਂ ਗਈਆਂ ਸਨ ਕਿ ਦੁਸ਼ਮਨਾਂ ਨੇ ਵਿਸ਼ਵਾਸਘਾਤ ਕਰਕੇ ਹਮਲਾ ਕਰ ਦਿਤਾ।

ਸਰਸਾ ਨਦੀ ਦੇ ਕੰਢੇ ਪਰਿਵਾਰ ਦਾ ਵਿਛੋੜਾ ਪੈ ਗਿਆ। ਅਨੇਕਾਂ ਸਿੰਘ ਸ਼ਹੀਦ ਹੋ ਗਏ। ਬਹੁਤ ਸਾਰਾ ਲਿਟਰੇਚਰ ਜੋ ਆਪ ਨੇ 52 ਕਵੀਆਂ ਤੋਂ ਲਿਖਵਾਇਆ ਸੀ, ਸਾਰਾ ਸਰਸਾ ਦੀ ਭੇਟ ਹੋ ਗਿਆ। ਇਸ ਯੁਧ ਵਿਚ ਵੱਡੇ ਸਾਹਿਬਜ਼ਾਦੇ ਚਮਕੌਰ ਵਿਚ ਸ਼ਹੀਦ ਹੋਏ ਤੇ ਛੋਟੇ ਸਾਹਿਬਜ਼ਾਦੇ ਤੇ ਮਾਤਾ ਜੀ ਸਰਹੰਦ ਵਿਚ ਸ਼ਹੀਦ ਹੋ ਗਏ। ਚਮਕੌਰ ਦੀ ਗੜ੍ਹੀ ਵਿਚ ਆਪ ਨੇ ਪੰਜ ਸਿੰਘਾਂ ਦਾ ਹੁਕਮ ਮੰਨ ਕੇ ਉਥੋਂ ਕਾਲੀ ਬੋਲੀ ਹਨ੍ਹੇਰੀ ਰਾਤ ਵਿਚ ਤਾਲੀ ਵਜਾ ਕੇ ਕਿਹਾ ਕਿ 'ਪੀਰੇ ਹਿੰਦ ਰਾਫਤ' ਭਾਵ ਹਿੰਦ ਦਾ ਪੀਰ ਜਾ ਰਿਹਾ ਹੈ, ਜਿਸ ਦੀ ਤਾਕਤ ਹੈ ਰੋਕ ਲਵੇ। ਮਾਛੀਵਾੜੇ ਦੇ ਜੰਗਲਾਂ ਵਿਚ ਆਪ ਨੇ ਟਿੰਡ ਦਾ ਸਰ੍ਹਾਣਾ ਲੈ ਕੇ ਵਿਸਰਾਮ ਕੀਤਾ। ਆਪ ਦਾ ਜਾਮਾ ਲੀਰੋ ਲੀਰ ਸੀ ਤੇ ਪੈਰਾਂ ਵਿਚ ਕੰਡੇ ਚੁਭੇ ਹੋਣ ਕਰਕੇ ਜ਼ਖਮੀ ਸਨ ਪਰੰਤੂ ਉਥੇ ਵੀ ਆਪ ਨੇ ਵਾਹਿਗੁਰੂ ਦੀ ਰਜ਼ਾਅ ਵਿਚ ਰਹਿ ਕੇ ਪਿਆਰੇ ਦਾ ਸ਼ੁਕਰ ਕੀਤਾ ਕਿਉਂਕਿ ਆਪ ਤਾਂ ਸੰਸਾਰ ਉਤੇ ਬਚਿਤਰ ਨਾਟਕ ਕਰਨ ਆਏ ਸਨ। ਜੇ ਆਪ ਸ਼ਕਤੀ ਵਰਤਣੀ ਚਾਹੁੰਦੇ ਤਾਂ ਇਕ ਅੱਖ ਦੇ ਫੁਲਕਾਰੇ ਵਿਚ ਸਭ ਨੂੰ ਮਲੀਆਮੇਟ ਕਰ ਸਕਦੇ ਸਨ ਪਰੰਤੂ ਆਪ ਨੇ ਉਥੇ ਵੀ ਇਹੋ ਉਚਾਰਨ ਕੀਤਾ–

***ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥***

***(ਖਿਆਲ ਪਾਤਿਸ਼ਾਹੀ ੧੦, 640)***

ਇਥੇ ਇਸਲਾਮ ਨੂੰ ਮੰਨਣ ਵਾਲੇ ਦੋ ਭਰਾ ਗਨੀ ਖਾਂ ਤੇ ਨਬੀ ਖਾਂ ਨੇ ਆਪ ਦੀ ਸੇਵਾ ਕੀਤੀ ਤੇ ਉਸ ਇਲਾਕੇ ਦੇ ਮੰਨੇ ਪਰਮੰਨੇ ਇਸਲਾਮ ਦੇ ਪੀਰਾਂ ਨੇ ਆਪ ਨੂੰ ਮੁਗਲ ਫੌਜਾਂ ਦੇ ਘੇਰੇ ਵਿਚੋਂ ਉਚ ਦਾ ਪੀਰ ਕਹਿ ਕੇ ਕੱਢਿਆ ਅਤੇ ਆਪ ਰਾਏ ਕੱਲ੍ਹੇ ਕੋਲ ਹੁੰਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ। ਉਥੇ ਪਹੁੰਚ ਕੇ ਫੇਰ ਦੁਬਾਰਾ ਸਿੰਘਾਂ ਨੂੰ ਇਕੱਤਰ ਕੀਤਾ, ਸੰਗਠਤ ਕੀਤਾ। ਜਿਹੜੇ ਸਿੰਘ ਅਨੰਦਪੁਰ ਸਾਹਿਬ ਵਿਖੇ ਬੇਦਾਵਾ ਦੇ ਆਏ ਸਨ, ਉਨ੍ਹਾਂ ਨੇ ਮੁਕਤਸਰ ਵਿਖੇ ਯੁੱਧ ਵਿਚ ਸ਼ਹੀਦੀਆਂ ਪਾਈਆਂ ਤੇ ਆਪ ਨੇ ਬੇਦਾਵਾ ਪਾੜ ਕੇ ਮਾਲਵੇ ਦੀ ਟੁਟੀ ਗੰਢੀ। ਸੋ ਆਪ ਐਸੇ ਦਿਆਲੂ ਕ੍ਰਿਪਾਲੂ ਸਨ।

ਔਰੰਗਜ਼ੇਬ ਨੂੰ ਭਾਈ ਦਯਾ ਸਿੰਘ ਜੀ ਦੇ ਹੱਥ ਜਫਰਨਾਮਾ ਭਿਜਵਾਇਆ ਤੇ ਜਦੋਂ ਭਾਈ ਦਯਾ ਸਿੰਘ ਜੀ ਪਹੁੰਚੇ ਤਾਂ ਔਰੰਗਜ਼ੇਬ ਨੇ ਕਿਹਾ ਕਿ ਤੁਹਾਡੇ ਵਿਚ ਸ਼ਕਤੀ ਵੀ ਹੈ? ਉਹ ਕਹਿਣ ਲੱਗੇ ਕਿ ਗੁਰੂ ਘਰ ਦੇ ਤਾਂ ਕੁਤਿਆਂ ਵਿਚ ਵੀ ਸ਼ਕਤੀ ਹੁੰਦੀ ਹੈ। ਉਥੇ ਇਕ ਕੁੱਤਾ ਲਿਆਂਦਾ ਗਿਆ, ਉਹ ਬੋਲਣ ਲੱਗ ਪਿਆ ਤੇ ਔਰੰਗਜ਼ੇਬ ਨੂੰ ਬੰਦਿਆਂ ਵਾਂਗ ਬੋਲ ਕੇ ਕਹਿਣ ਲੱਗ ਪਿਆ ਕਿ ਤੂੰ ਵੀ ਸਾਡੇ ਵਰਗਾ ਹੀ ਹੈਂ, ਕੁੱਤਿਆਂ ਵਾਲੇ ਕੰਮ ਕਰਦਾ ਹੈਂ। ਉਹ ਬੜਾ ਸ਼ਰਮਿੰਦਾ ਹੋਇਆ। ਔਰੰਗਜ਼ੇਬ ਨੂੰ ਅਹਿਸਾਸ ਹੋਇਆ ਕਿ ਮੈਂ ਜੋ ਕੁਝ ਵੀ ਕੀਤਾ ਹੈ, ਗਲਤ ਕੀਤਾ ਹੈ ਪਰ ਹੁਣ ਉਹ ਬੁੱਢਾ ਹੋ ਚੁਕਿਆ ਸੀ। ਉਹ ਗੁਰੂ ਮਹਾਰਾਜ ਦੇ ਦਰਸ਼ਨ

ਕਰਨਾ ਚਾਹੁੰਦਾ ਸੀ। ਉਸ ਨੇ ਹੁਕਮਨਾਮੇ ਭਿਜਵਾ ਦਿਤੇ ਕਿ ਗੁਰੂ ਸਾਹਿਬ ਜਿਥੇ ਮਰਜ਼ੀ ਜਾਣ, ਉਨ੍ਹਾਂ ਨੂੰ ਕੋਈ ਨਾ ਰੋਕੇ ਤੇ ਹਰ ਕੋਈ ਸਤਿਕਾਰ ਕਰੇ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਿਰਵੈਰ ਤੇ ਨਿਰਾਲੇ ਸਤਿਗੁਰੂ ਜੀ ਸਨ। ਔਰੰਗਜ਼ੇਬ ਦੇ ਇੰਨਾਂ ਕੁਝ ਕਰਨ ਦੇ ਬਾਵਜੂਦ ਵੀ ਆਪ ਨੇ ਮਨ ਤੇ ਕੋਈ ਗੱਲ ਨਹੀਂ ਲਿਆਂਦੀ ਤੇ ਬਹਾਦਰ ਸ਼ਾਹ ਦੀ ਮੱਦਦ ਕਰਕੇ ਉਸ ਨੂੰ ਦਿੱਲੀ ਦਾ ਤਖਤ ਦਿਵਾ ਦਿਤਾ।

ਫੇਰ ਆਪ ਜੀ ਨੰਦੇੜ, ਦੱਖਣ ਵਿਚ ਪਹੁੰਚ ਗਏ। ਉਥੇ ਬੰਦਾ ਸਿੰਘ ਬਹਾਦਰ ਨੂੰ ਸਿੰਘ ਸਜਾ ਕੇ ਪੰਜਾਬ ਭੇਜਿਆ ਜਿਸ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਕੇ ਦੁਸ਼ਮਨਾਂ ਤੋਂ ਬਦਲੇ ਲਏ ਤੇ ਉਨ੍ਹਾਂ ਦੇ ਕੀਤੇ ਦੀ ਸਜ਼ਾ ਦਿਤੀ। ਇਥੇ ਹੀ ਆਪ ਜੀ ਨੇ ਆਪਣਾ ਅੰਤਮ ਕੌਤਕ ਰਚਾਇਆ। ਵਜ਼ੀਰ ਖਾਨ ਨੇ ਦੋ ਪਠਾਨ ਭਰਾਵਾਂ ਨੂੰ ਇਥੇ ਭੇਜਿਆ ਹੋਇਆ ਸੀ ਤੇ ਕਿਹਾ ਹੋਇਆ ਸੀ ਕਿ ਮੌਕਾ ਪਾ ਕੇ ਵਾਰ ਕਰ ਕੇ ਗੁਰੂ ਸਾਹਿਬ ਦਾ ਬੱਧ ਕਰ ਦੇਣਾ। ਇਕ ਦਿਨ ਗੁਰੂ ਸਾਹਿਬ ਆਪਣੇ ਤੰਬੂ ਵਿਚ ਇਕੱਲੇ ਸੀ, ਕੋਈ ਪਹਿਰੇਦਾਰ ਨੇੜੇ ਨਹੀਂ ਸੀ, ਇਨ੍ਹਾਂ ਨੇ ਮੌਕਾ ਪਾ ਕੇ ਸੁੱਤੇ ਪਏ ਸਤਿਗੁਰਾਂ ਤੇ ਵਾਰ ਕੀਤਾ ਪਰੰਤੂ ਗੁਰੂ ਮਹਾਰਾਜ ਜੀ ਨੇ ਦੋਵਾਂ ਦਾ ਕੰਮ ਤਮਾਮ ਕੀਤਾ। ਛੁਰੇ ਦਾ ਜਖਮ ਛਾਤੀ ਵਿਚ ਗਹਿਰਾ ਸੀ। ਇਲਾਜ ਕੀਤਾ ਗਿਆ, ਜਖਮ ਠੀਕ ਹੋ ਗਿਆ। ਇਕ ਦਿਨ ਕੋਈ ਕਾਰੀਗਰ ਗੁਰੂ ਮਹਾਰਾਜ ਜੀ ਨੂੰ ਤੀਰ ਕਮਾਨ ਭੇਟ ਕਰਨ ਆਇਆ ਤਾਂ ਉਥੇ ਬੈਠੇ ਹੋਏ ਕਿਸੇ ਰਾਜੇ ਨੇ ਕਿਹਾ ਜੋ ਦਰਸ਼ਨ ਕਰਨ ਆਇਆ ਸੀ ਕਿ ਇਸ ਦਾ ਚਿਲਾ ਤਾਂ ਹੁਣ ਕੋਈ ਚੜ੍ਹਾ ਨਹੀਂ ਸਕਦਾ। ਗੁਰੂ ਮਹਾਰਾਜ ਜੀ ਨੇ ਉਸੇ ਵੇਲੇ ਕਮਾਨ ਮੰਗਵਾਇਆ ਤੇ ਚਿਲਾ ਚਾੜ੍ਹ ਦਿੱਤਾ। ਜ਼ੋਰ ਲੱਗਣ ਨਾਲ ਛਾਤੀ ਦਾ ਜ਼ਖ਼ਮ ਫਟ ਗਿਆ ਤੇ ਮਹਾਰਾਜ ਜੀ ਨੇ ਸਿੰਘਾਂ ਨੂੰ ਕਿਹਾ ਕਿ ਹੁਣ ਅਸੀਂ ਜਾਣਾ ਹੈ। ਸਿੰਘਾਂ ਨੇ ਵੈਰਾਗ ਕੀਤਾ। ਮਹਾਰਾਜ ਜੀ ਤੰਬੂ ਤੋਂ ਬਾਹਰ ਆਏ। ਭਾਈ ਸੰਤੋਖ ਸਿੰਘ ਜੀ ਨੇ ਲੱਤਾਂ ਨੂੰ ਜੱਫਾ ਮਾਰਨਾ ਚਾਹਿਆ ਕਿ ਹੁਣ ਮਹਾਰਾਜ ਜੀ ਨੂੰ ਅੰਦਰ ਚਿਖਾ ਵਾਲੇ ਤੰਬੂ 'ਚ ਨਹੀਂ ਜਾਣ ਦੇਣਾ ਪਰ ਉਹ ਹੈਰਾਨ ਹੋ ਗਿਆ ਕਿ ਹੱਥ ਛਾਤੀ ਨਾਲ ਲੱਗ ਗਏ, ਗੁਰੂ ਮਹਾਰਾਜ ਜੀ ਨੂੰ ਫੜ ਨਹੀਂ ਸਕਿਆ। ਮਹਾਰਾਜ ਕਹਿਣ ਲੱਗੇ ਕਿ ਹੁਣ ਅਸੀਂ ਇਸ ਸਰੀਰ ਨਾਲ ਆਪਣੇ ਖਾਲਸੇ ਵਿਚ ਵਿਚਰਿਆ ਕਰਾਂਗੇ, ਮੈਂ ਹਰ ਵੇਲੇ ਤੁਹਾਡੇ ਕੋਲ ਹੀ ਹਾਂ; ਜਦੋਂ ਯਾਦ ਕਰੋਗੇ, ਤੁਹਾਡੀ ਸਹਾਇਤਾ ਕਰਾਂਗਾ ਕਿਉਂਕਿ –

***ਪੰਥ ਖਾਲਸਾ ਖੇਤੀ ਮੇਰੀ॥***
***ਕਰਹੂੰ ਸਭਾਲ ਮੈਂ ਤਿਸ ਕੇਰੀ॥***

ਤੁਸੀਂ ਆਪਣੀ ਰਹਿਤ ਵਿਚ ਪੂਰੇ ਰਹਿਣਾ। ਆਤਮ ਰਸ ਨੂੰ ਨਹੀਂ ਭੁਲਣਾ ਅਤੇ ਆਪਣਾ ਨਿਆਰਾਪਨ ਨਹੀਂ ਛੱਡਣਾ ਤੇ ਤੁਸੀਂ ਇਨ੍ਹਾਂ ਰਹਿਤਾਂ ਨੂੰ ਵਿਸਾਰਨਾ ਨਹੀਂ।

*ਜਬ ਲਗ ਖਾਲਸਾ ਰਹੇ ਨਿਆਰਾ॥*
*ਤਬ ਲਗ ਤੇਜ ਦੀਉ ਮੈਂ ਸਾਰਾ॥ (ਸਰਬ ਲੋਹ ਗ੍ਰੰਥ 'ਚੋਂ)*

ਇਸ ਤਰ੍ਹਾਂ ਦਾ ਉਪਦੇਸ਼ ਦਿੰਦੇ ਹੋਏ ਮਹਾਰਾਜ ਤੰਬੂ ਵਿਚ ਚਲੇ ਗਏ। ਮਨਮਾੜ ਦੇ ਕਿਲੇ ਵਿਚ ਦੋ ਰਾਜੇ ਬਾਲਾ ਰਾਉ ਤੇ ਉਸ ਦਾ ਭਰਾ ਕੈਦ ਸਨ। ਉਨ੍ਹਾਂ ਨੇ ਅਰਦਾਸ ਕੀਤੀ ਤਾਂ ਮਹਾਰਾਜ ਜੀ ਉਥੇ ਸਣੇ ਘੋੜੇ ਉਤਰੇ ਤੇ ਦੋਵਾਂ ਭਰਾਵਾਂ ਨੂੰ ਕਿਲੇ ਤੋਂ ਆਜ਼ਾਦ ਕਰਵਾਇਆ। ਉਹ ਦੋਵੇਂ ਭਰਾ ਨੰਦੇੜ ਪਹੁੰਚੇ ਤੇ ਸੰਗਤਾਂ ਨੂੰ ਦੱਸਿਆ ਕਿ ਗੁਰੂ ਸਾਹਿਬ ਨੇ ਤਾਂ ਸਾਨੂੰ ਕਿਲੇ ਵਿਚੋਂ ਆਜ਼ਾਦ ਕਰਾਇਆ ਹੈ। ਸੋ ਉਹ ਸਤਿਗੁਰੂ ਜੀ ਹਾਜ਼ਰ ਨਾਜ਼ਰ ਹਨ, ਕਿਤੇ ਗਏ ਨਹੀਂ, ਉਹ ਸਾਨੂੰ ਹਰ ਪਲ, ਹਰ ਛਿੰਨ ਦੇਖ ਰਹੇ ਹਨ।

ਜਦੋਂ ਆਪ ਦਾ ਲੈਕਚਰ ਖਤਮ ਹੋਇਆ ਤਾਂ ਰਾਮਾ ਕ੍ਰਿਸ਼ਨਾ ਮਿਸ਼ਨ ਦੇ ਮੁਖੀ ਸੁਆਮੀ ਨਿਤਾਨੰਦ ਜੀ ਸਟੇਜ ਤੇ ਆਏ ਤੇ ਬਾਬਾ ਜੀ ਨੂੰ ਜੱਫੀ ਵਿਚ ਲੈ ਲਿਆ ਤੇ ਕਿਹਾ ਕਿ ਮੈਂ ਗੁਰੂ ਗੋਬਿੰਦ ਸਿੰਘ ਜੀ ਦੀ ਫੋਟੋ ਰਾਮਾ ਕ੍ਰਿਸ਼ਨਾ ਮਿਸ਼ਨ ਵਿਚ ਲਾਉਣੀ ਹੈ ਤੇ ਅੱਜ ਤਕ ਉਹ ਫੋਟੋ ਉਥੇ ਲੱਗੀ ਹੋਈ ਹੈ। ਇਹ ਵੀ ਕਿਹਾ ਕਿ ਮੈਂ ਅਨੰਦਪੁਰ ਸਾਹਿਬ ਦੇ ਦਰਸ਼ਨ ਕਰਨੇ ਹਨ। ਬਾਬਾ ਜੀ ਦੱਸਿਆ ਕਰਦੇ ਸੀ ਕਿ ਜਦੋਂ ਉਹ ਅਨੰਦਪੁਰ ਸਾਹਿਬ ਗਿਆ, ਜਿਥੋਂ ਗੁਰਦੁਆਰਾ ਸਾਹਿਬ ਦਾ ਕਲਸ਼ ਦਿਖਾਈ ਦਿਤਾ, ਉਥੋਂ ਨੰਗੇ ਪੈਰੀਂ ਤੁਰ ਕੇ ਗਿਆ। ਡੰਡਵਤ ਕਰਦਾ ਸੀ ਤੇ ਉਥੋਂ ਦੀ ਮਿੱਟੀ ਵਿਚ ਲਿਟਦਾ, ਮੂੰਹ ਤੇ ਮਲਦਾ ਸੀ। ਕਹਿੰਦਾ ਸੀ ਕਿ ਇਸ ਮਿਟੀ ਵਿਚ ਗੁਰੂ ਗੋਬਿੰਦ ਸਿੰਘ ਦੇ ਘੋੜੇ ਦੀਆਂ ਟਾਪਾਂ ਦੀ ਆਵਾਜ਼ ਸੁਣਾਈ ਦਿੰਦੀ ਹੈ, ਇਸ ਵਿਚੋਂ ਸੁਗੰਧੀ ਆ ਰਹੀ ਹੈ। ਸੋ ਬਾਬਾ ਜੀ ਦੇ ਇਸ ਲੈਕਚਰ ਨੇ ਉਸ ਨੂੰ ਗੁਰੂ ਮਹਾਰਾਜ ਦਾ ਸ਼ਰਧਾਲੂ ਬਣਾ ਦਿਤਾ।